# ਪੰਜਾਬ ਪੰਜਾਬੀ ਪੰਜਾਬੀਅਤ



ਪ੍ਰੋ. ਪ੍ਰੀਤਮ ਸਿੰਘ

# ਪੰਜਾਬ, ਪੰਜਾਬੀ, ਪੰਜਾਬੀਅਤ

ਪ੍ਰੋ. ਪ੍ਰੀਤਮ ਸਿੰਘ

SIKHBOOKCLUB.COM

ਸਿੰਘ ਬ੍ਰਦਰਜ਼
ਅੰਮ੍ਰਿਤਸਰ

PANJAB, PANJABI, PANJABIAT

*(A case for Panjab, Panjabi language and Panjabi culture)*

*by*

PROF. PRITAM SINGH
2, Preet Nagar, Lower Mall,
Patiala - 147 001

© ਲੇਖਕ

ISBN 81-7205-200-6

SIKHBOOKCLUB.COM

ਪਹਿਲੀ ਵਾਰ : ਅਗਸਤ 1998

*ਪ੍ਰਕਾਸ਼ਕ :*
ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

*ਟਾਈਪਸੈੱਟਰ :*
ਕੇ.ਜੀ. ਗ੍ਰਾਫ਼ਿਕਸ, 98, ਸਿਟੀ ਸੈਂਟਰ, ਅੰਮ੍ਰਿਤਸਰ

*ਪ੍ਰਿੰਟਰ :*
ਪ੍ਰਿੰਟਵੈੱਲ, 146, ਇੰਡ. ਫ਼ੋਕਲ ਪੁਆਇੰਟ, ਅੰਮ੍ਰਿਤਸਰ

ਮੁੱਲ : 150-00

# ਸਮਰਪਣ

ਸੱਯਦ ਨਜਮ ਹੁਸੈਨ (ਲਾਹੌਰ)
ਤੇ
ਸਰਦਾਰ ਭਜਨ ਸਿੰਘ (ਸਿੰਗਾਪੁਰ)
ਦੇ ਨਾਂ

SIKHBOOKCLUB.COM

SIKHBOOKCLUB.COM

# ਸ਼ੁਕਰੀਆ

ਮੈਂ ਸ਼ੁਕਰਗੁਜ਼ਾਰ ਹਾਂ, ਉਨ੍ਹਾਂ ਸੰਸਥਾਵਾਂ ਦਾ, ਜਿਨ੍ਹਾਂ ਦੇ ਸੱਦੇ ਉੱਤੇ ਇਸ ਪੁਸਤਕ ਵਿਚਲੇ ਕਈ ਲੇਖ ਤਿਆਰ ਕੀਤੇ ਗਏ; ਉਨ੍ਹਾਂ ਅਖ਼ਬਾਰਾਂ ਤੇ ਰਿਸਾਲਿਆਂ ਦਾ ਵੀ ਸ਼ੁਕਰਗੁਜ਼ਾਰ ਹਾਂ, ਜਿਨ੍ਹਾਂ ਵਿਚ ਇਹ ਲੇਖ, ਸਮੇਂ ਸਮੇਂ, ਛਪਦੇ ਰਹੇ। ਡਾ. ਪਿਆਰ ਸਿੰਘ ਜਦ ਮਿਲਦੇ, ਹੱਸ ਕੇ ਕਹਿੰਦੇ, "ਪੀਰੋ-ਮੁਰਸ਼ਦ! ਆਪਣੇ ਜੀਉਂਦੇ-ਜੀ ਫੁਟਕਲ ਲੇਖਾਂ ਨੂੰ ਕਿਤਾਬੀ ਰੂਪ ਵਿਚ ਸਾਂਭ ਜਾਓਗੇ ਤਾਂ ਬਚ ਰਹਿਣਗੇ, ਨਹੀ ਤਾਂ ਰੁਲ ਜਾਣਗੇ। ਤੁਸੀਂ ਮੇਰੀ ਗੱਲ ਮੰਨਦੇ ਕਿਉਂ ਨਹੀਂ?" ਡਾਕਟਰ ਸਾਹਿਬ ਦਾ ਹੁਕਮ ਸਿਰ-ਮੱਥੇ ਉੱਤੇ। ਮੈਂ ਉਨ੍ਹਾਂ ਦੀ ਸਲਾਹ ਮੰਨ ਕੇ ਕਿਤਾਬ ਤਿਆਰ ਕਰ ਦਿੱਤੀ ਹੈ, ਪਰ ਅਫ਼ਸੋਸ! ਉਹ ਇਸ ਕਿਤਾਬ ਦੇ ਛਪਣ ਤੋਂ ਪਹਿਲਾਂ ਹੀ ਲੰਮੇ ਸਫ਼ਰ ਉੱਤੇ ਤੁਰ ਗਏ! ਇਹ ਲੇਖ ਤਿਆਰ ਕਰਨ ਵੇਲੇ ਜਿਨ੍ਹਾਂ ਵੀ ਵਿਦਵਾਨਾਂ ਪਾਸੋਂ ਲਿਖਤੀ ਜਾਂ ਜ਼ੁਬਾਨੀ ਮਦਦ ਲਈ ਗਈ ਸੀ, ਮੈਂ ਉਨ੍ਹਾਂ ਸਾਰਿਆਂ ਦਾ ਵੀ ਸ਼ੁਕਰੀਆ ਕਰਨਾ ਚਾਹੁੰਦਾ ਹਾਂ। ਆਪਣੀ ਸੁਪੁੱਤਰੀ ਡਾ. ਰੁਪਿੰਦਰ ਕੌਰ ਦਾ ਧੰਨਵਾਦ ਕਿਵੇਂ ਨਾ ਕਰਾਂ? ਉਸ ਨੇ ਆਪਣੇ ਰੁਝੇਵਿਆਂ ਵਿੱਚੋਂ ਇਸ ਕਿਤਾਬ ਦਾ ਅੰਤਲਾ ਲਾਭਦਾਇਕ ਕਾਂਡ 'ਨਾਂ-ਸੂਚੀ' ਤਿਆਰ ਕਰਨ ਲਈ ਸਮਾਂ ਕੱਢਿਆ ਹੈ। ਮੇਰੇ ਸਟੈਨੋ, ਸ. ਸਤਪਾਲ ਸਿੰਘ ਹੁਰੀਂ ਵੀ ਮੇਰੇ ਧੰਨਵਾਦ ਦੇ ਹੱਕਦਾਰ ਹਨ, ਕਿਉਂਕਿ ਪ੍ਰੈਸ ਲਈ ਇਨ੍ਹਾਂ ਸਾਰੇ ਲੇਖਾਂ ਦੀ ਟਾਈਪ-ਕਾਪੀ ਤਿਆਰ ਕਰਨ ਲਈ ਉਨ੍ਹਾਂ ਨੇ ਕਾਫ਼ੀ ਔਖੀ ਸੇਵਾ ਨਿਭਾਈ ਹੈ।

ਪ੍ਰਕਾਸ਼ਨ ਦੇ ਵਪਾਰ ਵਿਚ 'ਕੋਈ ਹਰਿਓ ਬੂਟ' ਹੈ ਸਿੰਘ ਬ੍ਰਦਰਜ਼। ਮੈਂ ਇਸ ਸੁੱਚੀ ਫ਼ਰਮ ਦੇ ਬਾਨੀ, ਆਪਣੇ ਮਿੱਤਰ ਭਾਈ ਸੇਵਾ ਸਿੰਘ ਜੀ ਤੇ ਉਨ੍ਹਾਂ ਦੇ ਸੁਲੱਗ ਸੁਪੁੱਤਰ ਸ. ਸਤਨਾਮ ਸਿੰਘ ਦਾ ਰਿਣੀ ਹਾਂ ਕਿ ਉਨ੍ਹਾਂ ਨੇ ਇਸ ਕਿਤਾਬ ਦੀ ਛਪਾਈ ਤੇ ਪ੍ਰਕਾਸ਼ਨ ਦੀ ਸੇਵਾ ਆਪਣਿਆਂ ਹੱਥਾਂ ਵਿਚ ਲੈਣੀ ਕਬੂਲ ਕੀਤੀ।

ਆਪਣੀ ਇਸ ਰਚਨਾ ਨੂੰ ਗੌਰਵਮਈ ਬਣਾਉਣ ਲਈ ਮੈਂ ਇਸ ਨੂੰ ਆਪਣੇ ਦੋ ਪਰਮ ਪੰਜਾਬੀ-ਸੇਵੀ ਮਿੱਤਰਾਂ ਨੂੰ ਸਮਰਪਿਤ ਕਰ ਦਿੱਤਾ ਹੈ। ਇਹ ਲਾਭ ਉਠਾਉਣ ਤੋਂ ਪਹਿਲਾਂ ਮੈਂ ਉਨ੍ਹਾਂ ਦੀ ਆਗਿਆ ਨਹੀਂ ਲਈ, ਪਰ ਮੈਨੂੰ ਪੱਕੀ ਆਸ ਹੈ, ਮੇਰੇ ਇਹ ਮਿੱਤਰ ਆਪਣੇ ਸ਼ੁਭ ਨਾਂ ਇਸ ਤਿਲ-ਫੁੱਲ ਨਾਲ ਜੋੜਨੇ ਖ਼ੁਸ਼ੀ ਖ਼ੁਸ਼ੀ ਪਰਵਾਨ ਕਰ ਲੈਣਗੇ—"ਬਰਗਿ ਸਬਜ਼ ਅਸਤ ਤੁਹਫ਼ਾਇ-ਦਰਵੇਸ਼"—ਦਰਵੇਸ਼ ਕੋਲ ਹੋਰ ਹੁੰਦਾ ਹੀ ਕੀ ਹੈ ਭੇਟ ਕਰਨ ਲਈ, ਸਿਵਾਏ ਸਾਵੇ ਪੱਤਰਾਂ ਦੇ!

25-4-1997 **ਪ੍ਰੀਤਮ ਸਿੰਘ**

SIKHBOOKCLUB.COM

# ਤਤਕਰਾ


- ਭੂਮਿਕਾ 9
- ਪੰਜਾਬ, ਪੰਜਾਬੀ, ਪੰਜਾਬੀਅਤ 29
- ਪੰਜਾਬੀ ਕਲਚਰ, ਬੋਲੀ ਤੇ ਸਾਹਿੱਤ 48
- ਨਵਾਂ ਪੰਜਾਬ 63
- ਪੰਜਾਬੀ ਭਾਸ਼ਾ, ਪੰਜਾਬ ਸਰਕਾਰ ਤੇ ਕੇਂਦਰੀ ਸਰਕਾਰ 70
- ਪੰਜਾਬ ਸਰਕਾਰ ਦਾ ਪੰਜਾਬੀ ਭਾਸ਼ਾ ਵੱਲ ਰਵੱਈਆ 82
- ਪ੍ਰਾਪਤੀਆਂ ਤੇ ਸੇਧਾਂ 93
- ਭਾਵੀ ਛਾਲਾਂ 106
- ਪੰਜਾਬੀ ਦਾ ਵਿਗਾਸ ਕਿਵੇਂ ਹੋਵੇ ? 114
- ਮੈਨੀਫ਼ੈਸਟੋ—ਇਕ ਪੰਜਾਬੀ ਲੇਖਕ ਦਾ 117
- ਅੰਗਰੇਜ਼ੀ ਭਾਸ਼ਾ ਪੜ੍ਹਾਓ, ਅੰਗਰੇਜ਼ੀ ਮਾਧਿਅਮ ਹਟਾਓ 130
- ਪੰਜਾਬੀ ਦਾ ਦੇਸਾਂਤਰ ਪ੍ਰਵੇਸ਼ 139
- ਦਸੌਰਾਂ ਵਿਚ ਪੰਜਾਬੀ ਬੋਲੀ ਤੇ ਸਭਿਆਚਾਰ 157
- ਵਿਦਵਾਨਾਂ ਦੀ ਥੁੜ 177
- ਬਾਲ-ਸਾਹਿੱਤ : ਕੀ ਤੇ ਕਿਵੇਂ ? 184
- ਬਾਲ-ਸਾਹਿਤ ਟ੍ਰਸਟ ਤੇ ਪੰਜਾਬੀ ਬਾਲ-ਸਾਹਿੱਤ 193
- ਪੰਜਾਬ ਵਿਚ ਹੱਥ-ਲਿਖਤਾਂ ਦੇ ਭੰਡਾਰ 199
- ਪੋਥੀਆਂ ਦੀ ਭਾਲ 207
- ਪੰਜਾਬੀ ਹੱਥ-ਲਿਖਤਾਂ ਦੀ ਭਾਲ ਤੇ ਸੰਭਾਲ 225
- ਰਾਜੀਵ-ਲੌਂਗੋਵਾਲ ਸਮਝੌਤੇ ਵਿਚ ਪੰਜਾਬੀ 240
- ਪੰਜਾਬ ਕੀ ਚਾਹੁੰਦੈ ? 246
- ਨਾਂ-ਸੂਚੀ 252


SIKHBOOKCLUB.COM

SIKHBOOKCLUB.COM

# *ਭੂਮਿਕਾ*

*ਪੰਜਾਬ, ਪੰਜਾਬੀ ਤੇ ਪੰਜਾਬੀਅਤ* ਮੇਰੇ ਸਮੇਂ ਸਮੇਂ ਛਪੇ ਲੇਖਾਂ ਨੂੰ ਵਿਸ਼ੇ-ਵਾਰ ਕਰ ਕੇ ਕਿਤਾਬੀ ਰੂਪ ਵਿਚ ਸਾਂਭਣ ਦਾ ਦੂਜਾ ਜਤਨ ਹੈ।

ਪਹਿਲਾ ਜਤਨ ਸੀ *ਮੂਰਤਾਂ*, ਜਿਸ ਨੂੰ ਭਾਪਾ ਪ੍ਰੀਤਮ ਸਿੰਘ ਜੀ ਨੇ ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ ਦੀ ਮੁਹਰ ਹੇਠ 1997 ਵਿਚ ਛਾਪਿਆ ਸੀ। *ਮੂਰਤਾਂ* ਵਿਚ ਛਪੇ ਸਾਰੇ ਲੇਖ ਸ਼ਖ਼ਸੀਅਤਾਂ ਬਾਰੇ ਸਨ।

ਉਂਜ ਤਾਂ ਇਸ ਕਿਤਾਬ ਵਿਚ ਸ਼ਾਮਿਲ ਕੀਤੇ ਗਏ ਸਾਰੇ ਲੇਖਾਂ ਦਾ ਮੂਲ ਮੁੱਦਾ ਇਸ ਦੇ ਸਿਰਨਾਵੇਂ ਤੋਂ ਹੀ ਜ਼ਾਹਿਰ ਹੈ, ਪਰ ਕਿਉਂਕਿ ਇਹ ਲੇਖ ਵੱਖ ਵੱਖ ਸਮਿਆਂ ਵਿਚ ਲਿਖੇ ਜਾਂਦੇ ਰਹੇ, ਜਦੋਂ ਨਾ ਇਸ ਕਿਤਾਬ ਦਾ ਢਾਂਚਾ ਮੇਰੇ ਸਾਹਮਣੇ ਸੀ ਤੇ ਨਾ ਇਸ ਦਾ ਸਿਰਨਾਵਾਂ, ਇਸ ਲਈ ਕਈ ਬੜੇ ਜ਼ਰੂਰੀ ਵਿਸ਼ੇ ਵਿਚਾਰ-ਅਧੀਨ ਆਉਣੋਂ ਰਹਿ ਗਏ ਹਨ। ਮਸਲਨ, ਮੇਰੇ ਕਲਪੇ ਪੰਜਾਬ ਦੇ ਦਹਿ-ਦਿਸ਼ਾਈ ਘੇਰੇ ਵਿਚ ਕਿਹੜੇ ਇਲਾਕੇ ਸ਼ਾਮਿਲ ਹਨ ਤੇ ਕਿਉਂ ? ਜਾਂ ਕੀ ਪੰਜਾਬ ਵਿਚ ਪੰਜਾਬੀ ਭਾਸ਼ਾ ਦੀ ਅਧੋਗਤੀ ਦੇ ਬੀਜ ਇਸ ਦੀ ਇਤਿਹਾਸਿਕ ਪਿਛੋਕੜ ਵਿੱਚੋਂ ਲੱਭੇ ਜਾ ਸਕਦੇ ਹਨ ? ਭਾਸ਼ਾ ਦੁਆਲੇ ਘੁੰਮਣ ਵਾਲੇ ਹੋਰ ਵੀ ਕਈ ਮੁੱਦੇ ਹਨ, ਜੋ ਘਮਸਾਨ ਦੀ ਬਹਿਸ ਦਾ ਵਿਸ਼ਾ ਬਣੇ ਹੋਏ ਹਨ। ਇਨ੍ਹਾਂ ਵਿੱਚੋਂ ਕਈਆਂ ਬਾਰੇ ਮੈਂ ਲਿਖ ਚੁੱਕਾ ਹਾਂ ਤੇ ਕਈਆਂ ਹੋਰਨਾਂ ਬਾਰੇ ਲਿਖਣ ਦੀ ਵਿਹਲ ਦੀ ਉਡੀਕ ਕਰ ਰਿਹਾ ਹਾਂ। ਜੇ ਉਮਰ ਨੇ ਸਾਥ ਦਿੱਤਾ ਤਾਂ ਇਹ ਸਾਰੇ ਮਜ਼ਮੂਨ ਮੇਰੀ ਅਗਲੀ ਕਿਤਾਬ *ਪੰਜਾਬ ਵਿਚ ਪੰਜਾਬੀ* ਵਿਚ ਸ਼ਾਮਿਲ ਹੋ ਜਾਣਗੇ। ਪਰ ਜਿਨ੍ਹਾਂ ਦੋ ਮਜ਼ਮੂਨਾਂ ਦਾ ਮੈਂ ਉੱਪਰ ਖ਼ਾਸ ਜ਼ਿਕਰ ਕਰ ਆਇਆ ਹਾਂ, ਉਨ੍ਹਾਂ ਬਾਰੇ ਮੈਂ ਆਪਣੇ ਕੁੱਝ ਵਿਚਾਰ ਇਸ ਕਿਤਾਬ ਦੀ ਭੂਮਿਕਾ ਵਿਚ ਹੀ ਦੇ ਦੇਣੇ ਚਾਹੁੰਦਾ ਹਾਂ। ਕੱਲ੍ਹ ਨਾਮ ਕਾਲ ਦਾ ਹੈ—"ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ"।

2

ਉੱਤੋਂ ਉੱਤੋਂ ਤਾਂ ਪੰਜਾਬ, ਪੰਜਾਬੀ ਤੇ ਪੰਜਾਬੀਅਤ ਵਾਲੇ ਵਿਸ਼ੇ ਸਾਧਾਰਨ ਹੀ ਲਗਦੇ ਹਨ, ਪਰ ਜਦੋਂ ਘੋਖਵੀਂ ਬਿਰਤੀ ਨੂੰ ਇਨ੍ਹਾਂ ਉੱਤੇ ਕੇਂਦਰਿਤ ਕੀਤਾ ਜਾਏ ਤਾਂ ਪਤਾ ਲਗਦਾ ਹੈ ਕਿ ਇਹ ਤਾਂ 'ਪਾਤ ਪਾਤ ਮੇਂ ਪਾਤ' ਵਾਲੀ ਗੱਲ ਹੈ। *ਪੰਜਾਬ, ਪੰਜਾਬੀ ਤੇ ਪੰਜਾਬੀਅਤ* ਵਾਲੇ ਸਿਰਨਾਵੇਂ ਦਾ ਇਕ ਇਕ ਪਦ ਕਈ ਕਈ ਸੁਤੰਤਰ ਖੋਜ-ਕਾਰਜਾਂ ਦਾ ਮੁਥਾਜ ਹੈ। ਮਿਸਾਲ ਵਜੋਂ, ਸਿਰਫ਼ ਇਕ ਵਿਸ਼ਾ ਹੀ ਲੈਣਾ ਹੋਵੇ ਤਾਂ ਲਹਿੰਦੇ ਤੇ ਚੜ੍ਹਦੇ ਦੂਹਾਂ ਪੰਜਾਬਾਂ ਦੇ ਭਾਸ਼ਾਈ ਦ੍ਰਿਸ਼ ਦਾ ਇਕ ਲੱਛਣ ਅਜਿਹਾ ਹੈ, ਜੋ ਦੁਨੀਆ ਭਰ ਦੇ ਸਿੱਖਿਆ ਵਿਗਿਆਨੀਆਂ, ਭਾਸ਼ਾ ਵਿਗਿਆਨੀਆਂ, ਸਮਾਜ ਸ਼ਾਸਤਰੀਆਂ ਤੇ ਬਾਲ-ਮਾਨਸਿਕਤਾ ਦੇ ਮਾਹਿਰਾਂ ਲਈ ਖੋਜ ਦਾ

ਇਕ ਨਵਾਂ ਦਰਵਾਜ਼ਾ ਖੋਲ੍ਹਦਾ ਹੈ, ਕਿਉਂਕਿ ਉਨ੍ਹਾਂ ਦੇ ਲੱਭੇ ਹੋਏ ਜਿਨ੍ਹਾਂ ਭਾਸ਼ਾਈ ਅਸੂਲਾਂ ਨੂੰ ਹੁਣ ਤਕ ਨਿਰਵਿਵਾਦ ਮੰਨਿਆ ਜਾਂਦਾ ਸੀ, ਪੰਜਾਬ ਦੀ ਧਰਤੀ ਉੱਤੇ ਪਹੁੰਚਦੇ ਸਾਰ ਉਹ ਆਪਣੀ ਮਾਨਤਾ ਗਵਾ ਬੈਠਦੇ ਹਨ। ਬੱਚੇ ਦੀ ਮੁੱਢਲੀ ਸਿੱਖਿਆ ਬਾਰੇ ਇਕ ਮੰਨਿਆ-ਪਰਮੰਨਿਆ ਅਸੂਲ ਇਹ ਹੈ ਕਿ ਉਸ ਦੀ ਮਾਂ-ਬੋਲੀ, ਸਭ ਤੋਂ ਸੌਖਾ, ਸਰਲ ਤੇ ਕੁਦਰਤੀ ਸੰਦ ਹੈ, ਪਰ ਦੋਵੇਂ ਪੰਜਾਬ ਇਹ ਮੰਨੀ ਬੈਠੇ ਹਨ ਕਿ ਕੱਚੀ ਪਹਿਲੀ ਤੋਂ ਹੀ, ਪੰਜਾਬੀ, ਜੋ ਬੱਚਿਆਂ ਦੀ ਮਾਂ-ਬੋਲੀ ਹੈ, ਕਾਫ਼ੀ ਅਸਰਦਾਰ ਭਾਸ਼ਾਈ ਮਾਧਿਅਮ ਨਹੀਂ, ਬਲਕਿ ਉਰਦੂ, ਹਿੰਦੀ ਜਾਂ ਅੰਗਰੇਜ਼ੀ ਪੜ੍ਹਾਵਾਂਗੇ ਤਾਂ ਹੀ ਸਾਡੇ ਬੱਚੇ ਅੱਜ ਦੇ ਗਿਆਨ ਦੇ ਹਾਣੀ ਤੇ ਸਿਖਰਲੀਆਂ ਕੁਰਸੀਆਂ ਉੱਤੇ ਸਜਣ ਦੇ ਯੋਗ ਹੋ ਸਕਣਗੇ। ਮੈਨੂੰ ਕੈਨੇਡਾ ਤੇ ਫ਼ਰਾਂਸ ਵਿਚ ਕੁੱਝ ਸਿੱਖਿਆ ਵਿਸ਼ੇਸ਼ੱਗਾਂ ਨਾਲ ਦੁਹਾਂ ਪੰਜਾਬਾਂ ਵਿਚ ਵਾਪਰ ਰਹੇ ਸਿੱਖਿਆ ਦੇ ਇਸ ਅਸਾਧਾਰਨ ਵਿਹਾਰ ਬਾਰੇ ਵਿਚਾਰ ਵਟਾਉਣ ਦਾ ਮੌਕਾ ਮਿਲਿਆ ਸੀ। ਉਨ੍ਹਾਂ ਨੇ ਗੱਲ-ਬਾਤ ਦੌਰਾਨ ਜਿਹੜੇ ਸ਼ਬਦ ਵਰਤੇ ਉਨ੍ਹਾਂ ਵਿੱਚੋਂ ਕੁੱਝ ਇਹ ਹਨ : not normal, psychiatric behaviour, bordering on lunacy and cruel on children. ਆਪਣੀ ਮਾਂ-ਬੋਲੀ ਨਾਲ ਪੰਜਾਬੀਆਂ ਵਰਗੀ ਗ਼ੈਰਸਾਲੀ, ਨਾ ਉਨ੍ਹਾਂ ਦੇ ਵਿਦਿਅਕ ਤਜਰਬਿਆਂ ਦੇ ਕਿਸੇ ਵੀ ਨਤੀਜੇ ਨਾਲ ਮੇਲ ਖਾਂਦਾ ਸੀ ਤੇ ਨਾ ਉਨ੍ਹਾਂ ਦੇ ਕੌਮੀ ਅਭਿਮਾਨ ਦਾ ਕਦੀ ਇਸ ਤਰ੍ਹਾਂ ਦੇ ਵਿਕਲਪ ਨਾਲ ਵਾਹ ਪਿਆ ਸੀ। ਵਾਘਿਓਂ ਉਰਾਰ ਤੇ ਪਾਰ ਦੇ ਮੇਰੇ ਹਮਖ਼ਿਆਲ ਪੰਜਾਬੀਆਂ ਨੂੰ ਵੀ ਇਸ ਗ਼ੈਰ ਮਾਮੂਲੀ ਵਿਹਾਰ ਵਿੱਚੋਂ ਦਿਮਾਗ਼ੀ ਸਿਹਤ ਦਾ ਪ੍ਰਭਾਵ ਨਹੀਂ ਪੈਂਦਾ। ਇਹ ਦੁਰਘਟਨਾ ਪੰਜਾਬੀ ਬੱਚਿਆਂ ਦੇ ਹੱਡਾਂ ਉੱਤੇ ਨਿੱਤ ਵਾਪਰਦੀ ਹੈ, ਪਰ ਜਿਨ੍ਹਾਂ ਦੇ ਹੱਥ ਵਿਚ ਕੁੱਝ ਕਰਨ-ਕਰਾਉਣ ਦੀ ਸਮਰੱਥਾ ਹੈ, ਉਹ ਕੁਰਾਹ ਨੂੰ ਸੁਰਾਹ ਸਮਝੀ ਬੈਠੇ ਹਨ। ਵੇਖੀਏ, ਭਲਾ ਇਸ ਵਿਲੱਛਣ ਦੀਆਂ ਜੜ੍ਹਾਂ ਕਿਤੇ ਪੰਜਾਬ ਦੇ ਇਤਿਹਾਸ ਵਿਚ ਤਾਂ ਨਹੀਂ ਲੁਕੀਆਂ ਪਈਆਂ ?

ਮੈਨੂੰ ਲਗਦਾ ਹੈ ਕਿ ਭਾਸ਼ਾ ਦੇ ਮਾਮਲੇ ਵਿਚ ਪੰਜਾਬੀ ਲੋਕਾਂ ਦਾ ਕੁਦਰਤੀ ਰੁਖ਼ (ਜੋ ਅਸਲ ਵਿਚ ਗ਼ੈਰ-ਕੁਦਰਤੀ ਹੈ) ਆਪਣੀ ਬੋਲੀ ਵੱਲ ਹੋਣ ਦੀ ਥਾਂ ਕੇਂਦਰ ਦੀ ਕਿਸੇ ਵੀ ਬੋਲੀ ਵੱਲ (ਜਿਵੇਂ ਉਰਦੂ, ਹਿੰਦੀ ਤੇ ਅੰਗਰੇਜ਼ੀ) ਹੋਣ ਦਾ ਕਾਰਨ, ਪੰਜਾਬੀਆਂ ਦੀ ਸੈਂਕੜੇ ਵਰ੍ਹਿਆਂ ਦੀ ਭਾਸ਼ਾਈ ਗ਼ੁਲਾਮੀ ਹੈ, ਵਰਨਾ ਆਪਣੀ ਬੋਲੀ ਨਾਲ ਹੋ ਰਹੇ ਅਨਿਆਂ ਤੇ ਦੁਰ-ਵਿਹਾਰ ਵੱਲ ਇਨ੍ਹਾਂ ਦਾ ਸਹਿਣਸ਼ੀਲ ਰਵਈਆ ਹੋਰ ਕਿਸੇ ਤਰ੍ਹਾਂ ਸਮਝ ਨਹੀਂ ਆਉਂਦਾ। ਇਤਿਹਾਸ ਗਵਾਹ ਹੈ ਕਿ ਧਰਤੀ ਦੇ ਜਿਸ ਖ਼ਿੱਤੇ ਨੂੰ ਅਸੀਂ ਅਣਵੰਡਿਆ ਪੰਜਾਬ ਕਹਿੰਦੇ ਸਾਂ, ਉਸ ਵਿਚ ਪਿਛਲੇ ਹਜ਼ਾਰ ਵਰ੍ਹੇ ਤੋਂ ਵੀ ਵੱਧ ਸਮੇਂ ਤੋਂ ਲੋਕਾਂ ਦੀ ਬੋਲੀ ਹੋਰ ਤੇ ਸਰਕਾਰ ਦੀ ਬੋਲੀ ਹੋਰ ਰਹੀ ਹੈ।

ਇਸਲਾਮ ਦੇ ਪ੍ਰਵੇਸ਼ ਤੋਂ ਪਹਿਲਾਂ ਵੀ, ਪ੍ਰਤੀਤ ਹੁੰਦਾ ਹੈ, ਏਥੋਂ ਦੇ ਹਾਕਮਾਂ ਤੇ ਆਮ ਲੋਕਾਂ ਦੀ ਬੋਲੀ ਵਿਚ ਵੱਡਾ ਖੱਪਾ ਮੌਜੂਦ ਸੀ। ਇਸ ਦੀ ਕੁੱਝ ਸੂਹ ਪੁਰਾਤਨ ਨਾਟਕਾਂ ਵਿਚ ਸੰਸਕ੍ਰਿਤ, ਪ੍ਰਾਕ੍ਰਿਤ ਤੇ ਅਪਭ੍ਰੰਸ਼ ਦੀ ਸ਼੍ਰੇਣੀ-ਆਧਾਰਿਤ ਵਰਤੋਂ ਤੋਂ ਲੱਗ ਜਾਂਦੀ ਹੈ, ਪਰ ਕਿਉਂਕਿ ਉਸ ਸਮੇਂ ਬਾਰੇ ਮੇਰੀ ਜਾਣਕਾਰੀ ਪ੍ਰਮਾਣਿਕ ਨਹੀਂ ਹੈ, ਇਸ ਲਈ ਮੈਂ ਓਦੋਂ ਦੀ ਗੱਲ ਜਾਣਕਾਰ ਵਿਦਵਾਨਾਂ ਉੱਤੇ ਛੱਡਦਾ ਹਾਂ, ਪਰ ਅੱਠਵੀਂ ਸਦੀ ਈਸਵੀ ਵਿਚ, ਪੰਜਾਬ ਦੇ ਮੌਜੂਦਾ ਸਰਾਇਕੀ-ਬੋਲਦੇ ਕੁੱਝ ਇਲਾਕੇ ਉੱਤੇ ਕਬਜ਼ਾ ਜਮਾ ਲੈਣ ਦੇ ਬਾਅਦ, ਉਤੋੜਿੱਤੀ ਪੰਜਾਬ ਉੱਤੇ ਜਿੰਨੀਆਂ ਵੀ ਇਸਲਾਮੀ ਹਕੂਮਤਾਂ ਕਾਇਮ ਹੁੰਦੀਆਂ ਰਹੀਆਂ, ਖ਼ਾਸ ਕਰਕੇ ਲਾਹੌਰ ਦੇ ਰਾਜਾ [illegible]ਕੂਮਤ ਨੇ, ਪੰਜਾਬ ਦੀ ਕਿਸੇ ਵੀ ਦੇ

WWW.SIKHBOOKCLUB.COM

ਲੋਕ-ਬੋਲੀ ਨੂੰ, ਹਕੂਮਤ ਦੀ ਬੋਲੀ ਵਜੋਂ ਨਾ ਅਪਣਾਇਆ। ਹਕੂਮਤ ਦੀ ਬੋਲੀ ਬਣੀ ਈਰਾਨ ਦੀ ਭਾਸ਼ਾ 'ਫ਼ਾਰਸੀ', ਜੋ ਪੰਜਾਬ ਦੇ ਲੋਕਾਂ ਲਈ ਬਦੇਸੀ ਤੇ ਓਪਰੀ ਭਾਸ਼ਾ ਸੀ। ਰਾਜ-ਪ੍ਰਬੰਧ ਦਾ ਸਾਰਾ ਕੰਮ ਫ਼ਾਰਸੀ ਵਿਚ ਹੋਣ ਲੱਗ ਪਿਆ ਤੇ ਮੁੱਢਲੀ ਸਿੱਖਿਆ ਤੋਂ ਲੈ ਕੇ ਉਚੇਰੀ ਸਿੱਖਿਆ ਤਕ ਦਾ ਮਾਧਿਅਮ ਵੀ ਫ਼ਾਰਸੀ ਬਣਾ ਦਿੱਤੀ ਗਈ। ਹਾਕਮਾਂ ਦੀ ਬੋਲੀ ਹੋਣ ਕਰ ਕੇ ਫ਼ਾਰਸੀ ਨਾਲ ਰਸੂਖ਼ ਜੁੜ ਗਿਆ। ਫ਼ਾਰਸੀ ਲਿਖਣ ਤੇ ਬੋਲਣ ਵਿਚ ਮੁਹਾਰਤ ਕਿਸੇ ਨੂੰ ਵੀ ਹਾਕਮਾਂ ਦੇ ਨੇੜੇ ਤੇ ਨੌਕਰੀਆਂ ਦੇ ਜੋਗ ਬਣਾ ਸਕਦੀ ਸੀ। ਅਜਿਹੇ ਮਾਹੌਲ ਵਿਚ ਉਚੇਰੇ ਸਾਹਿੱਤ ਦਾ ਫ਼ਾਰਸੀ ਵਿਚ ਹੋਣਾ ਕੁਦਰਤੀ ਸੀ। ਇਸਲਾਮ ਦੇ ਵਿਦਵਾਨਾਂ ਵਿਚ ਗੰਭੀਰ ਵਿਚਾਰਾਂ ਦਾ ਲੈਣ-ਦੇਣ, ਫ਼ਾਰਸੀ ਤੋਂ ਛੁੱਟ, ਅਰਬੀ ਜ਼ਬਾਨ ਵਿਚ ਵੀ ਹੁੰਦਾ ਸੀ, ਪਰ ਨਾ ਫ਼ਾਰਸੀ, ਪੰਜਾਬ ਦੀ ਆਪਣੀ ਉਪਜ ਸੀ, ਨਾ ਅਰਬੀ। ਸੈਂਕੜੇ ਸਾਲ ਦੇ ਰਾਜ ਦੇ ਬਾਵਜੂਦ, ਇਹ ਦੋਵੇਂ ਬੋਲੀਆਂ, ਪੰਜਾਬ ਵਿਚ ਦਸੌਰੀ ਬੋਲੀਆਂ ਹੀ ਰਹੀਆਂ, ਏਥੋਂ ਦੀਆਂ ਮਾਂ-ਬੋਲੀਆਂ ਨਾ ਬਣ ਸਕੀਆਂ। ਮਾਂ-ਬੋਲੀ ਲਹੌਰੀ (ਮਾਝੀ) ਸੀ ਕਿ ਬਾਗੜੀ, ਡੋਗਰੀ ਸੀ ਕਿ ਪੋਠੋਹਾਰੀ, ਸਰਾਇਕੀ ਸੀ ਕਿ ਹਿੰਦਕੋ ਕਿ ਹਿੰਦਵੀ, ਸਰਕਾਰ ਨੂੰ ਕੋਈ ਫ਼ਰਕ ਨਹੀਂ ਸੀ ਪੈਂਦਾ ਕਿਉਂਕਿ ਉਹ ਲੋਕਾਂ ਵਿਚ ਫ਼ਾਰਸੀ ਦੀ ਗੋਝ ਪਾਉਣ ਵਿਚ ਸਫਲ ਹੋ ਚੁੱਕੀ ਸੀ। ਦਿੱਲੀ ਦੇ ਤਖ਼ਤ ਉੱਤੇ ਘੱਟੋ ਘੱਟ ਇਕ ਹੁਕਮਰਾਨ ਅਜਿਹਾ ਵੀ ਬੈਠਾ, ਜਿਸ ਦੇ ਬਾਲ-ਕੰਨ ਪੰਜਾਬੀ ਲੋਰੀਆਂ ਤੋਂ ਅਨਜਾਣ ਨਹੀਂ ਸਨ। ਤੁਗ਼ਲਕ ਰਾਜ ਦੀ ਨੀਂਹ ਰੱਖਣ ਵਾਲੇ ਗ਼ਾਜ਼ੀ-ਉਲ-ਮੁਲਕ ਗਿਆਸੁਦ-ਦੀਨ ਤੁਗ਼ਲਕ ਦੀ ਮਾਂ ਪੰਜਾਬ ਦੀ ਜੱਟੀ ਸੀ।[1] ਇਸੇ ਤਰ੍ਹਾਂ ਸ਼ਹਿਨਸ਼ਾਹੀ ਮਹਿਲਾਂ ਵਿਚ, ਭਾਵੇਂ ਝੀਣੀ ਸੁਰ ਵਿਚ ਹੀ ਗਾਏ ਜਾਂਦੇ ਹੋਣਗੇ, 'ਬਾਬਲ' ਤੇ 'ਵੀਰ' ਦੇ ਪੰਜਾਬੀ ਲੋਕ-ਗੀਤ ਗਾਏ ਜ਼ਰੂਰ ਜਾਂਦੇ ਰਹੇ। ਪ੍ਰੋ. ਸੰਤ ਸਿੰਘ ਸੇਖੋਂ ਦੱਸਿਆ ਕਰਦੇ ਸਨ ਕਿ ਅਕਬਰ ਦੇ ਮਹਿਲਾਂ ਵਿਚ ਧਾਲੀਵਾਲਾਂ ਦਾ ਇਕ ਡੋਲਾ ਮੌਜੂਦ ਸੀ। ਓਦੋਂ ਘੱਗਰੇ ਦੇ ਸਾਕ, ਹੁਣ ਨਾਲੋਂ ਕਿਤੇ ਪੱਕੇ-ਪੀਡੇ ਹੋਇਆ ਕਰਦੇ ਸਨ, ਪਰ ਪੰਜਾਬ ਵਿਚ ਸਰਕਾਰੀ ਬੋਲੀ ਤੇ ਲੋਕ-ਬੋਲੀ ਦੀ ਵਿੱਥ ਨੂੰ ਪੂਰਨ ਵਿਚ ਇਹ ਰਿਸ਼ਤੇ ਵੀ ਨਿਸਫਲ ਰਹੇ ਤੇ ਰਾਜ ਵਿਚ ਫ਼ਾਰਸੀ ਦੀ ਸਰਦਾਰੀ, ਬਿਨਾਂ ਕਿਸੇ ਸ਼ਰੀਕ ਦੇ, ਕਾਇਮ ਰਹੀ। ਲੋਧੀਆਂ ਤਕ ਪਹੁੰਚਦਿਆਂ ਹਾਲ ਇਹ ਹੋ ਗਿਆ ਸੀ ਕਿ ਲੋਕ ਫ਼ਾਰਸੀ ਰਾਹੀਂ ਪੈ ਰਹੇ ਇਸਲਾਮੀ ਕਲਚਰ ਦੇ ਪ੍ਰਭਾਵ ਨੂੰ ਉੱਚਾ ਫ਼ੈਸ਼ਨ ਸਮਝ ਕੇ ਅਪਣਾਉਣ ਲੱਗ ਪਏ ਸਨ ਤੇ ਫ਼ਾਰਸੀ ਨੂੰ ਖ਼ੁਸ਼ੀ ਨਾਲ ਕਲਚਰ ਦੀ ਭਾਸ਼ਾ ਵਜੋਂ ਪਰਵਾਨ ਕਰ ਚੁੱਕੇ ਸਨ। ਪੰਜਾਬ ਦੇ ਸਾਰੇ ਇਤਿਹਾਸ ਵਿਚ ਤਾਂ ਯਕੀਨਨ, ਪਰ ਹੋ ਸਕਦਾ ਹੈ ਸਾਰੇ ਭਾਰਤ ਦੇ ਮੱਧ ਕਾਲ ਦੇ ਇਤਿਹਾਸ ਵਿਚ ਵੀ, ਇਕ ਮਰਦ ਦਾ ਬੱਚਾ ਅਜਿਹਾ ਹੋਇਆ, ਜਿਸ ਨੇ ਖੁੱਲ੍ਹ ਕੇ ਸਭਿਆਚਾਰਕ ਤੇ ਭਾਸ਼ਾਈ ਗ਼ੁਲਾਮੀ ਦੇ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ ਤੇ ਇਹ ਮਰਦ ਦਾ ਬੱਚਾ ਸੀ, ਗੁਰੂ ਨਾਨਕ ਦੇਵ। ਤਸੱਲੀ ਦੀ ਗੱਲ ਇਹ ਹੈ ਕਿ ਫ਼ਾਰਸੀ ਦੀ ਸਰਦਾਰੀ ਦੇ ਸਾਰੇ ਸਮੇਂ ਦੌਰਾਨ, ਨਿਕਦਰੀ ਦੇ ਬਾਵਜੂਦ, ਪੰਜਾਬ ਦੀ ਆਪਣੀ ਬੋਲੀ, ਆਪਣੇ ਦੂਰ-ਦੂਰ ਤਕ ਫੈਲੇ ਪਰਿਵਾਰ ਸਮੇਤ, ਨਵੇਂ ਨਵੇਂ ਪ੍ਰਭਾਵ ਕਬੂਲਦੀ, ਧਰਤੀ ਦੇ ਨੇੜਲੇ ਲੋਕਾਂ ਵਿਚ ਜੀਉਂਦੀ ਤੇ ਵਿਗਸਦੀ ਰਹੀ।

ਪੰਜਾਬ ਵਿਚ ਬਦੇਸੀ ਬੋਲੀ ਨੇ ਅੱਠਵੀਂ ਸਦੀ ਈਸਵੀ ਵਿਚ ਆਪਣਾ ਸਰਕਾਰੀ ਅਹੁਦਾ ਸੰਭਾਲਿਆ ਤੇ ਦਸਵੀਂ ਸਦੀ ਤਕ ਇਸ ਨੇ ਪੱਕੇ ਪੈਰ ਜਮਾ ਲਏ। ਇਸ ਬਦੇਸੀ ਬੋਲੀ ਦਾ

1. Quarterly Research Journal, Faculty of Islamic & Oriental Learning, University of the Punjab, Lahore ਜਿਲਦ 1, ਅੰਕ 3, 4 (ਸੰਨ ਨਹੀਂ ਦਿੱਤਾ ਹੋਇਆ) ਵਿਚ ਡਾ. ਗ਼ੁਲਾਮ ਹੁਸੈਨ ਜ਼ੁਲਫ਼ਿਕਾਰ ਦੇ ਲੇਖ 'ਪੰਜਾਬ ਕਾ ਸਿਆਸੀ, ਤਹਿਜ਼ੀਬੀ ਔਰ ਸਿਕਾਫ਼ਤੀ [illegible]

WWW.SIKHBOOKCLUB.COM

ਰਾਜ ਅਠਾਰ੍ਹਵੀਂ ਸਦੀ ਈਸਵੀ ਵਿਚ ਮੁਗਲ ਹਕੂਮਤ ਦੇ ਅੰਤ ਤਕ, ਬਲਕਿ 19ਵੀਂ ਸਦੀ ਦੇ ਅੱਧ ਵਿਚ ਸਿੱਖ ਹਕੂਮਤ ਦੇ ਅੰਤ ਤਕ, ਕਾਇਮ ਰਿਹਾ। ਸਾਰੇ ਸਰਕਾਰੀ ਨਿਜ਼ਾਮ ਦੀ ਅਤੇ ਸਿੱਖਿਆ ਤੇ ਨਿਆਂ, ਆਦਿ ਦੀ ਭਾਸ਼ਾ ਫ਼ਾਰਸੀ ਬਣੀ ਰਹੀ। ਮਹਾਰਾਜਾ ਰਣਜੀਤ ਸਿੰਘ ਫ਼ਾਰਸੀ ਨਹੀਂ ਸੀ ਜਾਣਦਾ, ਪਰ ਪਿੱਛੋਂ ਤੁਰਿਆ ਆਉਂਦਾ ਫ਼ਾਰਸੀ ਮਾਧਿਅਮ, ਸਰਕਾਰੀ ਪ੍ਰਬੰਧ ਦੇ ਰਗ-ਰੇਸ਼ੇ ਵਿਚ ਏਸ ਤਰ੍ਹਾਂ ਫੈਲ ਚੁੱਕਿਆ ਸੀ ਕਿ ਮਹਾਰਾਜੇ ਨੇ, ਇੱਕੋ ਝਟਕੇ ਨਾਲ, ਮਾਧਿਅਮ-ਬਦਲੀ ਦੀ ਯੋਜਨਾ ਨੂੰ (ਜੇ ਕੋਈ ਉਸ ਦੇ ਦਿਮਾਗ਼ ਵਿਚ ਹੈ ਸੀ), ਮੁਲਤਵੀ ਕਰਨ ਵਿਚ ਹੀ ਸਿਆਣਪ ਸਮਝੀ। ਇਸ ਫ਼ੈਸਲੇ ਨਾਲ ਰਣਜੀਤ ਸਿੰਘ ਨੇ ਰਾਜ-ਪ੍ਰਬੰਧ ਨੂੰ ਰਾਜ ਦੇ ਲੋਕਾਂ ਦੀ ਬੋਲੀ ਨਾਲ ਸਿੱਧਾ ਜੋੜਨ ਦਾ ਸੁਨਹਿਰੀ ਮੌਕਾ ਹੱਥੋਂ ਗਵਾ ਲਿਆ।

ਹਜ਼ਾਰ ਸਾਲ ਤੋਂ ਉੱਪਰ ਦੀ ਇਸ ਬੁੱਢ-ਪੁਰਾਣੀ ਰਾਜ-ਭਾਸ਼ਾ, ਫ਼ਾਰਸੀ ਦਾ ਪੰਜਾਬ ਵਿਚ ਅੰਤ ਹੋਇਆ ਅੰਗਰੇਜ਼ਾਂ ਦੀ ਆਮਦ ਨਾਲ, ਪਰ ਅਫ਼ਸੋਸ, ਪੰਜਾਬੀ ਭਾਸ਼ਾ ਦੇ ਭਾਗ ਫੇਰ ਵੀ ਨਾ ਜਾਗੇ। ਅੰਗਰੇਜ਼ ਹਕੂਮਤ ਦੇ ਇਕ ਐਲਾਨ ਅਨੁਸਾਰ 1851 ਵਿਚ ਸਿੰਧ ਦੀ ਲੋਕ-ਭਾਸ਼ਾ ਸਿੰਧੀ ਨੂੰ, ਸਿੰਧ ਵਿਚ ਰਾਜ-ਪ੍ਰਬੰਧ ਤੇ ਸਿੱਖਿਆ, ਆਦਿ ਦੇ ਮਾਧਿਅਮ ਦਾ ਦਰਜਾ ਦੇ ਦਿੱਤਾ ਗਿਆ ਪਰ ਅੰਗਰੇਜ਼ ਦੀ ਕੁਟਿਲ ਨੀਤੀ ਨੇ, ਪੰਜਾਬ ਦੀ ਹੇਠਲੀ ਰਾਜ-ਪ੍ਰਬੰਧਕ ਪੱਧਰ ਉੱਤੇ ਅਤੇ ਹੇਠਲੀ ਹੀ ਸਿੱਖਿਅਕ ਪੱਧਰ ਉੱਤੇ, ਉਰਦੂ ਭਾਸ਼ਾ ਠੋਸ ਦਿੱਤੀ ਤੇ ਉੱਪਰਲੀਆਂ ਪੱਧਰਾਂ ਉੱਤੇ ਅੰਗਰੇਜ਼ੀ ਭਾਸ਼ਾ ਨੂੰ ਮਾਧਿਅਮ ਬਣਾ ਦਿੱਤਾ। ਇਸ ਤਰ੍ਹਾਂ ਰਾਜ ਭਾਵੇਂ ਮੁਸਲਮਾਨਾਂ ਦਾ ਸੀ, ਭਾਵੇਂ ਸਿੱਖਾਂ ਦਾ ਤੇ ਭਾਵੇਂ ਅੰਗਰੇਜ਼ਾਂ ਦਾ, ਪੰਜਾਬੀ ਭਾਸ਼ਾ ਨੂੰ ਆਪਣੇ ਘਰ ਵਿਚ, ਰਾਜ-ਭਾਸ਼ਾ ਜਾਂ ਸਿੱਖਿਆ ਆਦਿ ਦੀ ਭਾਸ਼ਾ ਬਣਨ ਦਾ ਮਾਣ ਨਾ ਮਿਲ ਸਕਿਆ। ਇਸ ਪਿਛੋਕੜ ਵਿਚ ਜੇ ਪਾਕਿਸਤਾਨੀ ਪੰਜਾਬ ਤੇ ਹਿੰਦੁਸਤਾਨੀ ਪੰਜਾਬ ਦੇ ਲੋਕ, ਅੰਗਰੇਜ਼ ਦੇ ਚਲੇ ਜਾਣ ਦੇ ਪਿੱਛੋਂ ਵੀ, ਜੇ ਕ੍ਰਮਵਾਰ ਉਰਦੂ + ਅੰਗਰੇਜ਼ੀ ਤੇ ਅੰਗਰੇਜ਼ੀ ਦੀਆਂ ਵਿਸਾਖੀਆਂ ਤੋਂ ਬਿਨਾ, ਆਪਣੇ ਆਪ ਨੂੰ ਦਿਮਾਗ਼ੀ ਤੌਰ ਉੱਤੇ ਲੂਲ੍ਹੇ ਸਮਝਦੇ ਰਹਿਣ, ਤਾਂ ਉਨ੍ਹਾਂ ਦੇ ਮਨੋਰੋਗ ਦੀ ਸ਼ਨਾਖ਼ਤ ਔਖੀ ਨਹੀਂ ਹੋਣੀ ਚਾਹੀਦੀ।

ਅੰਗਰੇਜ਼ ਦਾ ਰਾਜ 1947 ਤਕ ਰਿਹਾ ਤੇ ਓਦੋਂ ਤਕ ਪੰਜਾਬ ਵਿਚ ਉਰਦੂ ਤੇ ਅੰਗਰੇਜ਼ੀ ਦਾ ਰਾਜ ਬਰਕਰਾਰ ਰਿਹਾ, ਪਰ ਜਿਹੜਾ ਪੰਜਾਬ ਮਹਾਰਾਜਾ ਰਣਜੀਤ ਸਿੰਘ ਵੇਲੇ ਸਾਰੇ ਪੰਜਾਬੀਆਂ ਦਾ ਤਕਰੀਬਨ ਸਾਂਝਾ ਪੰਜਾਬ ਹੀ ਬਣ ਗਿਆ ਸੀ, ਉਹ ਅੰਗਰੇਜ਼ੀ ਰਾਜ ਦੀ ਕਾਇਮੀ ਦੇ ਵੀਹਾਂ-ਪੰਝੀਆਂ ਸਾਲਾਂ ਦੇ ਅੰਦਰ ਅੰਦਰ, ਮੁਸਲਮਾਨ, ਹਿੰਦੂ ਤੇ ਸਿੱਖ ਪੰਜਾਬ ਵਿਚ ਵਟ ਗਿਆ ਤੇ ਜਿਵੇਂ ਇਹ ਫ਼ਿਰਕੂ ਤਿਫੇੜ ਕਾਫ਼ੀ ਨਾ ਹੋਵੇ, ਥੋੜੇ ਚਿਰ ਦੇ ਅੰਦਰ-ਅੰਦਰ ਹੀ, ਮੁਸਲਮਾਨ ਦਾ ਉਰਦੂ ਨਾਲ, ਹਿੰਦੂ ਦਾ ਹਿੰਦੀ ਨਾਲ ਤੇ ਸਿੱਖ ਦਾ ਪੰਜਾਬੀ ਨਾਲ ਧਾਰਮਿਕ, ਸਿਆਸੀ ਤੇ ਜਜ਼ਬਾਤੀ ਗੰਢ-ਚਿਤਰਾਵਾ ਵੀ ਹੋ ਗਿਆ। ਉਰਦੂ ਤੇ ਹਿੰਦੀ ਕਿਉਂਕਿ ਭਾਰਤ-ਵਿਆਪੀ ਭਾਸ਼ਾਵਾਂ ਸਨ, ਇਸ ਲਈ ਪੰਜਾਬ ਦੇ ਸਿਆਸੀ ਮੁਸਲਮਾਨਾਂ ਤੇ ਸਿਆਸੀ ਹਿੰਦੂਆਂ ਨੂੰ ਭਾਰਤੀ ਸਿਆਸਤ ਦੇ ਗਰਮਜੋਸ਼ ਮੁਹਰੇ ਬਣਦਿਆਂ ਦੇਰ ਨਾ ਲੱਗੀ। ਸਿੱਖਾਂ ਨੇ ਪੰਜਾਬੀ-ਗੁਰਮੁਖੀ ਨੂੰ, ਗੁਰਮਤ ਦੇ ਪ੍ਰਗਟਾਵੇ ਲਈ ਅਪਣਾ ਤਾਂ ਲਿਆ ਪਰ ਪੰਜਾਬ ਦੇ ਅੰਦਰ, ਬਹੁ-ਗਿਣਤੀ ਦੀ ਫ਼ਿਰਕੂ ਸੋਚ ਨੇ, ਸਿੱਖ-ਪੰਜਾਬੀ-ਗੁਰਮੁਖੀ ਵਾਲੇ ਜੋੜ ਨੂੰ ਏਨਾ ਧੁਮਾਇਆ, ਏਨਾ ਧੁਮਾਇਆ, ਕਿ ਉਨ੍ਹਾਂ ਦੇ ਆਖੇ ਲੱਗਣ ਵਾਲੇ ਭੋਲੇ ਮੁਸਲਮਾਨ ਤੇ ਹਿੰਦੂ ਸੱਚੀ-ਮੁੱਚੀ ਪੰਜਾਬੀ ਨੂੰ ਸਿੱਖਾਂ ਦੀ ਬੋਲੀ ਮੰਨ ਬੈਠੇ ਤੇ ਜਿਹੜੀ ਏਥੋਂ ਦੇ ਵਸਨੀਕਾਂ ਦੀ ਆਪਸੀ ਸਾਂਝ [illegible] ਰਹੀ ਸੀ, ਉਸ ਤੋਂ ਮੂੰਹ ਮੋੜ ਬੈਠੇ।

WWW.SIKHBOOKCLUB.COM

ਸਿੱਖ ਕਿਉਂਕਿ ਗਿਣਤੀ ਵਿਚ ਉਸ ਵੇਲੇ ਦੇ ਪੰਜਾਬ ਵਿਚ ਦਸਵੰਧ ਦੇ ਬਰਾਬਰ ਸਨ, ਏਸ ਲਈ ਪੰਜਾਬੀ ਦਾ ਕੱਦ-ਕਾਠ, ਸਮੁੱਚੇ ਪੰਜਾਬ ਦੇ ਹਾਣ ਜਿੱਡਾ ਬਣਨ ਦੀ ਥਾਂ, ਸਿੱਖਾਂ ਦੇ ਹਾਣ ਦਾ ਬਣ ਕੇ ਰਹਿ ਗਿਆ।

1947 ਦੀ ਦੇਸ-ਵੰਡ, ਅਸਲ ਵਿਚ, ਪੰਜਾਬ ਤੇ ਬੰਗਾਲ ਦੀ ਵੰਡ ਹੀ ਸੀ, ਬਾਕੀ ਸਾਰੇ ਸੂਬੇ ਆਪੋ-ਆਪਣੀ ਥਾਂ ਸਾਬਤ-ਸਬੂਤ ਕਾਇਮ ਰਹੇ। ਮੁਸਲਿਮ ਲੀਗ, ਜੋ ਵੱਖਰੇ ਇਸਲਾਮੀ ਮਜ਼ਹਬ, ਵੱਖਰੇ ਇਸਲਾਮੀ ਕਲਚਰ ਤੇ ਵੱਖਰੀ ਇਸਲਾਮੀ ਭਾਸ਼ਾ (ਉਰਦੂ) ਦੇ ਫਲਣ-ਫੁੱਲਣ ਲਈ ਇਕ ਵੱਖਰੇ ਦੇਸ ਦੀ ਮੰਗ ਲੈ ਕੇ ਤੁਰੀ ਸੀ, 'ਪਾਕਿਸਤਾਨ' ਬਣਵਾਉਣ ਵਿਚ ਸਫਲ ਹੋ ਗਈ ਸੀ। ਇਹ ਸੀ ਇਕ ਅਹਿਮ ਪੜਾਅ, ਜਿਸ ਉੱਤੇ ਅੱਪੜ ਕੇ, ਪੰਜਾਬ ਦੀ ਭੋਇੰ ਦੇ ਦੁਫਾੜ ਹੋ ਜਾਣ ਕਾਰਨ, ਪੰਜਾਬੀ ਭਾਸ਼ਾ ਨੂੰ ਆਪਣੇ ਅਗਲੇ ਸਫ਼ਰ ਲਈ, ਇੱਕੋ ਵੇਲੇ, ਦੋ ਵੱਖ ਵੱਖ ਰਸਤੇ ਫੜਨ ਉੱਤੇ ਮਜਬੂਰ ਹੋਣਾ ਪਿਆ।

## 3

ਪੰਜਾਬ ਨੂੰ ਵੱਢ ਕੇ ਦੋ ਟੋਟੇ ਕਰ ਦਿੱਤਾ ਗਿਆ ਤੇ ਵੱਢਿਆ ਵੀ ਗਿਆ ਮਜ਼ਹਬ ਦੀ ਛੁਰੀ ਨਾਲ। ਥੋੜਾ ਪੰਜਾਬ ਹਿੰਦੁਸਤਾਨ ਦੇ ਹਿੱਸੇ ਆਇਆ ਤੇ ਬਹੁਤਾ ਪਾਕਿਸਤਾਨ ਦੇ। ਸਰਹੱਦ ਉੱਤੇ ਸੰਗੀਨਾਂ ਵਾਲੇ ਖੜੇ ਹੋ ਗਏ, ਨਾ ਕੋਈ ਆਵੇ ਤੇ ਨਾ ਕੋਈ ਜਾਵੇ। ਪਾਕਿਸਤਾਨ ਵਾਲੇ ਹਾਕਮਾਂ ਦੀਆਂ ਨੀਤੀਆਂ ਦਾ ਅਖੌਤੀ ਆਧਾਰ ਇਸਲਾਮ ਤੇ ਦੂਜੇ ਪਾਸੇ ਦੇ ਹਾਕਮਾਂ ਦੀਆਂ ਨੀਤੀਆਂ ਦਾ ਅਖੌਤੀ ਆਧਾਰ ਧਰਮ-ਨਿਰਪੇਖਤਾ। ਨਤੀਜੇ ਵਜੋਂ ਪਿਛਲੇ ਪੰਜਾਹ ਸਾਲਾਂ ਵਿਚ ਪਾਕਿਸਤਾਨੀ ਪੰਜਾਬੀ ਤੇ ਹਿੰਦੁਸਤਾਨੀ ਪੰਜਾਬੀ ਨੂੰ ਵੱਖ ਵੱਖ ਸਿਆਸੀ ਤੇ ਸਭਿਆਚਾਰਕ ਮਾਹੌਲਾਂ ਵਿਚ ਰਹਿਣਾ ਪਿਆ ਹੈ। ਦੁਹਾਂ ਪਾਸਿਆਂ ਵਿਚ ਇਸ ਭਾਸ਼ਾ ਨਾਲ ਜੋ ਕੁੱਝ ਬੀਤਿਆ ਹੈ, ਉਹ ਭਾਵੇਂ ਹੋਇਆ-ਬੀਤਿਆ ਸਾਡੀਆਂ ਅੱਖਾਂ ਦੇ ਸਾਹਮਣੇ, ਫੇਰ ਵੀ ਇਸ ਉੱਤੇ ਇਕ ਬਿਹੰਗਮ ਝਾਤ ਮਾਰ ਲੈਣੀ ਪ੍ਰਸੰਗਿਕ ਹੋਵੇਗੀ।

ਲਹਿੰਦੇ ਪੰਜਾਬ ਵਿਚੋਂ ਹਿੰਦੂ ਤੇ ਸਿੱਖ ਆਬਾਦੀ ਦੇ ਥੋਕ ਨਿਕਾਲੇ ਨਾਲ ਵੰਡ ਤੋਂ ਪਹਿਲਾਂ ਵਾਲੇ ਗ਼ੈਰ-ਕੁਦਰਤੀ ਤਿਭਾਸ਼ੀ ਤਣਾਉ (ਮੁਸਲਮਾਨ-ਉਰਦੂ, ਹਿੰਦੂ-ਹਿੰਦੀ ਤੇ ਸਿਖ-ਪੰਜਾਬੀ) ਦੇ ਖ਼ਾਤਮੇ ਨਾਲ ਅਤੇ ਕੁੱਲ-ਹਿੰਦ ਪੱਧਰ ਉੱਤੇ ਹਿੰਦੀ ਦੇ ਮੁਕਾਬਲੇ ਉੱਤੇ ਉਰਦੂ ਨੂੰ ਖੜਾ ਕਰਨ ਦੀ ਹਾਲਤ ਦੇ ਲੋਪ ਹੋ ਜਾਣ ਉਪਰੰਤ, ਸੁਤੰਤਰ ਪਾਕਿਸਤਾਨ ਵਿਚ ਜਿਹੜਾ ਮੁਸਲਮਾਨ ਵਸਨੀਕਾਂ ਤੇ ਪੰਜਾਬੀ ਜ਼ਬਾਨ ਦਾ ਕੁਦਰਤੀ ਸੁਮੇਲ ਬਣ ਜਾਣ ਦੀ ਆਸ ਸੀ, ਬਦਕਿਸਮਤੀ ਨਾਲ ਉਹ ਬਣ ਨਹੀਂ ਸਕਿਆ, ਕਿਉਂਕਿ ਕੁੱਝ ਹੋਰ ਅਜਿਹੇ ਤਣਾਉ ਦਿੱਸ-ਹੱਦੇ ਉੱਤੇ ਉੱਭਰ ਆਏ, ਜਿਨ੍ਹਾਂ ਕਰਕੇ ਪਾਕਿਸਤਾਨੀ ਪੰਜਾਬ ਦੇ ਮੂਲ ਮੁਸਲਮਾਨ ਵਾਸੀ, ਆਪਣੀ ਨਵੀਂ ਪਛਾਣ ਪੰਜਾਬੀ ਨਾਲ ਜੋੜਨ ਦੀ ਥਾਂ, ਉਰਦੂ ਨਾਲ ਜੋੜੀ ਰੱਖਣ ਨੂੰ ਆਪਣੇ ਲਈ ਵਧੇਰੇ ਹਿਤਕਾਰੀ ਸਮਝਣ ਲੱਗ ਪਏ ਅਤੇ ਵੱਡੀ ਹੈਰਾਨੀ ਦੀ ਗੱਲ ਇਹ ਹੋਈ ਕਿ ਆਪਣੇ ਇਸ ਫ਼ੈਸਲੇ ਉੱਤੇ ਅਜਿਹੇ ਕਰੜੇ ਢੰਗ ਨਾਲ ਪਹਿਰਾ ਦੇਣਾ ਸ਼ੁਰੂ ਕਰ ਦਿੱਤਾ ਕਿ ਇਕ ਵਾਰੀ ਤਾਂ ਇਵੇਂ ਲੱਗਣ ਲੱਗ ਪਿਆ, ਜਿਵੇਂ ਪੰਜਾਬ ਦਾ ਮੁਸਲਮਾਨ ਆਪਣੀ ਮਾਂ-ਬੋਲੀ ਪੰਜਾਬੀ ਨਾਲ ਕੋਈ ਪੁਰਾਣੀ ਕਿੜ ਕੱਢ ਰਿਹਾ ਹੋਵੇ। ਪਾਕਿਸਤਾਨ ਦੇ ਵਿਧਾਨ ਵਿਚ ਇਕ ਸੁਖਾਵੀਂ ਮਦ ਦਾ ਲਾਭ ਉਠਾ ਕੇ ਸਿੰਧ ਵਿਚ ਸਿੰਧੀ, ਬਲੋਚਿਸਤਾਨ ਵਿਚ ਬਲੋਚੀ ਤੇ ਸੂਬਾ ਸਰਹੰਦ ਵਿਚ ਪਸ਼ਤੋ, ਪਹਿਲੀ ਜਮਾਤ ਤੋਂ ਪੜ੍ਹਾਈਆਂ ਜਾਣ ਲੱਗ ਪਈਆਂ ਹਨ ਤੇ ਸਕੂਲ [illegible]

WWW.SIKHBOOKCLUB.COM 

ਮਜ਼ਮੂਨ ਵੀ ਇਨ੍ਹਾਂ ਸੂਬਾਈ ਭਾਸ਼ਾਵਾਂ ਰਾਹੀਂ ਹੀ ਪੜ੍ਹਾਏ ਜਾਂਦੇ ਹਨ। ਇਨ੍ਹਾਂ ਭਾਸ਼ਾਵਾਂ ਦੇ ਵਾਧੇ ਲਈ ਇਨ੍ਹਾਂ ਦੀਆਂ ਸੂਬਾਈ ਸਰਕਾਰਾਂ ਵਧ-ਚੜ੍ਹ ਕੇ ਸਰਪ੍ਰਸਤੀ ਕਰ ਰਹੀਆਂ ਹਨ। ਸਿੰਧੀ ਲਈ ਤੇ ਸਿੰਧੀ ਵਿਚ ਹੋ ਰਿਹਾ ਕੰਮ ਤਾਂ ਸੱਚ-ਮੁੱਚ ਚਕਾਚੌਂਦ ਕਰਨ ਵਾਲਾ ਹੈ, ਪਰ ਲਹਿੰਦੇ ਪੰਜਾਬ ਵਿਚ ਪੰਜਾਬੀ ਦੀ ਹਾਲਤ ਕਿਸੇ ਹਾਰੀ ਹੋਈ ਕੌਮ ਦੀ ਭਾਸ਼ਾ ਵਰਗੀ ਬਣੀ ਹੋਈ ਹੈ। ਪੰਜਾਬ ਦੀ ਅਸੈਂਬਲੀ ਵਿਚ, ਪੰਜਾਬ ਦੇ ਹੀ ਕਿਸੇ ਮੈਂਬਰ ਨੇ, ਆਪਣੀ ਬੋਲੀ ਪੰਜਾਬੀ ਵਿਚ ਬੋਲਣਾ ਹੋਵੇ ਤਾਂ ਉਸ ਨੂੰ ਸਪੀਕਰ ਪਾਸੋਂ ਲਿਖ ਕੇ ਅਗਾਊਂ ਆਗਿਆ ਲੈਣੀ ਪੈਂਦੀ ਹੈ! ਪੰਜਾਬ ਸਰਕਾਰ ਦੇ ਸਾਲਾਨਾ ਬਜਟ ਵਿਚ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਕੋਈ ਰਕਮ ਰਾਖਵੀਂ ਨਹੀਂ ਰੱਖੀ ਜਾਂਦੀ। ਮਾਂ-ਬੋਲੀ ਦੀ ਥਾਂ, ਪਹਿਲੀ ਜਮਾਤ ਤੋਂ ਉਰਦੂ ਜ਼ਬਾਨ ਪੜ੍ਹਾਈ ਜਾਂਦੀ ਹੈ ਤੇ ਬਾਕੀ ਸਾਰੇ ਮਜ਼ਮੂਨ ਵੀ ਉਰਦੂ ਰਾਹੀਂ ਹੀ ਪੜ੍ਹਾਏ ਜਾਂਦੇ ਹਨ। ਉੱਪਰਲੀ ਪੱਧਰ ਉੱਤੇ ਤਾਂ ਖ਼ੈਰ ਅੰਗਰੇਜ਼ੀ ਦਾ ਰਾਜ ਹੈ ਹੀ।

ਜਿਸ ਮਨੋਬਿਰਤੀ ਨੇ ਇਸ ਵਰਤਾਰੇ ਨੂੰ ਜਨਮ ਦਿੱਤਾ ਹੈ, ਉਸ ਨੂੰ ਸੁਭਾਵਿਕ ਉੱਕਾ ਨਹੀਂ ਕਿਹਾ ਜਾ ਸਕਦਾ। ਜਿਵੇਂ ਪਹਿਲਾਂ ਇਸ਼ਾਰਾ ਹੋ ਚੁੱਕਾ ਹੈ, ਕਿਸੇ ਵੀ ਰਾਜ ਜਾਂ ਦੇਸ ਵਿਚ ਇਸ ਤਰ੍ਹਾਂ ਦਾ ਭਾਸ਼ਾਈ ਪ੍ਰਬੰਧ ਗ਼ੈਰ-ਕੁਦਰਤੀ ਤੇ ਗ਼ੈਰ-ਮਾਮੂਲੀ, ਬਲਕਿ ਕਿਸੇ ਵਿੰਗੀ ਤੇ ਰੋਗੀ ਸੋਚ ਦਾ ਨਤੀਜਾ ਹੀ ਮੰਨਿਆ ਜਾਵੇਗਾ। ਅਸਲ ਵਿਚ, ਜੇ ਇਹੀ ਭਾਸ਼ਾਈ ਵਿਹਾਰ ਕਿਸੇ ਹੋਰ ਆਜ਼ਾਦ ਦੇਸ ਉੱਤੇ ਲਾਗੂ ਕਰ ਕੇ ਵੇਖੀਏ ਤਾਂ ਹੀ ਇਸ ਦੇ ਘੋਰ ਪਾਗਲਪਨ ਦਾ ਠੀਕ ਪਤਾ ਲਗਦਾ ਹੈ। ਕੀ ਇੰਗਲੈਂਡ ਦੀ ਪਾਰਲੀਮੈਂਟ ਵਿਚ ਅੰਗਰੇਜ਼ੀ ਵਿਚ ਬੋਲਣ ਉੱਤੇ ਬੰਦਸ਼ ਲਾ ਕੇ ਫ਼ਰਾਂਸੀਸੀ ਵਿਚ ਬੋਲਣ ਦਾ ਹੁਕਮ ਕਦੀ ਸੋਚਿਆ ਜਾ ਸਕਦਾ ਹੈ? ਕੀ ਜਾਪਾਨ ਦੀ ਲੋਕ-ਸਭਾ ਵਿਚ ਜਾਪਾਨੀ ਬੋਲਣ ਦੀ ਮਨਾਹੀ ਹੋ ਸਕਦੀ ਹੈ? ਦੂਰ ਦੀ ਗੱਲ ਛੱਡੋ, ਕੀ ਤਮਿਲਨਾਡੂ ਦੀ ਵਿਧਾਨ ਸਭਾ ਅੰਦਰ ਤਮਿਲ ਵਿਚ ਬੋਲਣ ਲਈ ਅਗਾਊਂ ਆਗਿਆ ਲੈਣ ਦੀ ਗੱਲ ਕੋਈ ਝੱਲੇ ਤੋਂ ਝੱਲਾ ਮੈਂਬਰ ਵੀ ਪਰਵਾਨ ਕਰ ਸਕਦਾ ਹੈ? ਹੋਰ ਤਾਂ ਹੋਰ, ਕੀ ਸਿੰਧ ਅਸੈਂਬਲੀ, ਸਿੰਧੀ ਦੀ ਥਾਂ, ਉਰਦੂ ਬੋਲਣ ਦਾ ਮਤਾ ਪਾਸ ਕਰ ਸਕਦੀ ਹੈ? ਜਿਸ ਤਰ੍ਹਾਂ ਦੇ ਪਾਗਲਪਨ ਨੂੰ ਲਹਿੰਦੇ ਪੰਜਾਬ ਵਿਚ ਕਾਨੂੰਨੀ ਮੁਹਰਾਂ ਲਾ ਕੇ ਲੋਕਾਂ ਦੀ, ਮਜ਼ਹਬੀ, ਕੌਮੀ, ਆਰਥਿਕ ਤੇ ਸਭਿਆਚਾਰਕ ਸਿਹਤ ਲਈ ਗੁਣਕਾਰੀ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ, ਇਸ ਤਰ੍ਹਾਂ ਦੇ ਸ਼ੁਦਾ ਦਾ ਦੌਰਾ, ਸ਼ੁਕਰ ਹੈ, ਦੁਨੀਆ ਦੇ ਕਿਸੇ ਵਿਰਲੇ ਆਜ਼ਾਦ ਦੇਸ ਨੂੰ ਹੀ ਪਿਆ ਹੋਵੇਗਾ। ਇਹ ਭਾਸ਼ਾਈ ਤੇ ਸਭਿਆਚਾਰਕ ਖ਼ੁਦਕੁਸ਼ੀ ਨਹੀਂ ਤਾਂ ਹੋਰ ਕੀ ਹੈ? ਇਸ ਤਰ੍ਹਾਂ ਦਾ ਵਿਹਾਰ ਮੱਧ ਕਾਲ ਵਿਚ ਸਿਰਫ਼ ਜ਼ਰਖ਼ਰੀਦ ਗ਼ੁਲਾਮਾਂ ਉੱਤੇ ਹੀ ਠੋਸਿਆ ਜਾ ਸਕਦਾ ਸੀ! ਪਾਕਿਸਤਾਨੀ ਪੰਜਾਬ ਦੇ ਲੋਕ ਅਕਲ ਜਾਂ ਸਿਆਣਪ ਵਿਚ, ਏਧਰਲੇ ਪੰਜਾਬ ਤੋਂ ਕਿਸੇ ਸੂਰਤ ਵਿਚ ਘੱਟ ਨਹੀਂ ਹਨ, ਬਲਕਿ ਵੱਧ ਹਨ, ਫੇਰ ਪਤਾ ਨਹੀਂ ਕਿਵੇਂ, ਇੱਕੀਵੀਂ ਸਦੀ ਦੀਆਂ ਬਰੂਹਾਂ ਉੱਤੇ ਖੜੋ ਕੇ, ਉਹ ਭਾਸ਼ਾਈ ਤੇ ਸਭਿਆਚਾਰਕ ਗ਼ੁਲਾਮੀ ਦੀ ਪੰਜਾਲੀ ਆਪਣੇ ਗਲ ਵਿਚ ਬੜੀ ਖ਼ੁਸ਼ੀ ਨਾਲ ਪੁਆਈ ਬੈਠੇ ਹਨ!

ਇਹ ਵਿਹਾਰ ਭਾਵੇਂ ਆਪਣੇ ਲੋਕਾਂ ਨਾਲ ਨੰਗਾ-ਚਿੱਟਾ ਅਨਿਆਂ ਹੈ[2], ਫੇਰ ਵੀ ਇਸ ਨੂੰ ਲਾਗੂ ਕਰਨ ਵਾਲੀ ਕਾਬਜ਼ ਸ਼੍ਰੇਣੀ ਦੀ ਸੋਚ ਦੇ ਪਿੱਛੇ ਕੰਮ ਕਰ ਰਹੀ ਮਾਨਸਿਕਤਾ ਨੂੰ

2. ਸਿਬਤੁਲ ਹਸਨ ਜ਼ੈਗ਼ਮ ਆਪਣੇ ਲੇਖ 'ਭਾਵੇਂ ਲਗ ਜਾਣ ਹੱਥਕੜੀਆਂ' ਵਿਚ ਲਿਖਦੇ ਹਨ: "ਮੈਂ ਉਹਨੂੰ ਦੱਸਿਆ ਕਿ ਭਾਈ ਇੱਥੇ ਐਸਟੈਬਲਿਸ਼ਮੈਂਟ ਧਰਤੀ ਦੀ ਵਫ਼ਾਦਾਰ ਨਹੀਂ, ਨਾ ਹੀ ਖ਼ਾਰਜਾ [illegible] ...ਹਾਕਮ ਮੇਲ, ਫ਼ਿਊਡਲ ਲਾਰਡਾਂ ਤੇ

WWW.SIKHBOOKCLUB.COM

ਸਮਝਣ ਦੀ ਕੋਸ਼ਿਸ਼ ਕਰ ਵੇਖਣੀ ਚਾਹੀਦੀ ਹੈ। ਜਿੰਨੀ ਕੁ ਸਮਝ ਮੈਨੂੰ ਆ ਸਕੀ ਹੈ, ਉਸ ਅਨੁਸਾਰ ਜਿਸ ਉੱਪਰਲੀ ਸ਼੍ਰੇਣੀ ਦੇ ਹੱਥ ਵਿਚ ਪਾਕਿਸਤਾਨ ਦੀ ਵਾਗਡੋਰ, ਇਸ ਦੀ ਚੱਠ ਦੇ ਵੇਲੇ ਤੋਂ ਹੀ ਰਹੀ ਹੈ, ਉਸ ਵਿਚ ਪੰਜਾਬੀਆਂ ਦੀ ਬਹੁ-ਗਿਣਤੀ ਸੀ ਤੇ ਹੈ ਵੀ। ਫ਼ੌਜ ਵਿਚ ਵੀ, ਜੋ ਕਦੀ ਅਗਲੀ ਸੀਟ ਉੱਤੇ ਬੈਠ ਕੇ ਤੇ ਕਦੀ ਪਿਛਲੀ ਸੀਟ ਉੱਤੇ ਬੈਠ ਕੇ, ਪਾਕਿਸਤਾਨ ਦੀ ਸਿਆਸੀ ਗੱਡੀ ਦੀ ਅਸਲ ਡਰਾਈਵਰ ਬਣੀ ਰਹੀ ਹੈ, ਪੰਜਾਬੀਆਂ ਦੀ ਗਿਣਤੀ, ਬਾਕੀ ਸੂਬਿਆਂ ਦੀ ਨਫ਼ਰੀ ਨਾਲੋਂ ਵਧੀਕ ਰਹੀ ਹੈ। ਉਂਜ ਵੀ ਪਾਕਿਸਤਾਨ ਦੀ ਕੁੱਲ ਆਬਾਦੀ ਦੇ 65% ਲੋਕ ਪੰਜਾਬੀ ਹਨ। ਇਨ੍ਹਾਂ ਤੱਥਾਂ ਨਾਲ ਜੋੜ ਲਿਆ ਜਾਏ ਇਕ ਹੋਰ ਤੱਥ ਕਿ ਅੰਗਰੇਜ਼ੀ ਹਕੂਮਤ ਦੇ ਵੇਲੇ ਤੋਂ ਹੀ, ਲਹਿੰਦੇ ਪੰਜਾਬ ਦੇ ਪੰਜਾਬੀ, ਪੰਜਾਬ ਦੀਆਂ ਨੌਤੋੜ ਨਹਿਰੀ ਜ਼ਮੀਨਾਂ ਨੂੰ ਆਬਾਦ ਕਰਨ ਅਤੇ ਸਿੰਧ, ਬਲੋਚਿਸਤਾਨ ਤੇ ਸੂਬਾ ਸਰਹੱਦ, ਆਦਿ ਵਿਚ ਵਾਹੀ, ਵਪਾਰ, ਆਵਾਜਾਈ ਤੇ ਹੋਰ ਪੇਸ਼ਾਵਰਾਨਾ ਖੇਤਰਾਂ ਵਿਚ ਮਾਲਕਾਂ ਵਾਲੀਆਂ ਕਾਫ਼ੀ ਮੱਲਾਂ ਮਾਰੀ ਬੈਠੇ ਹਨ। ਪੰਜਾਬੀਆਂ ਦੀ ਇਸ ਕਮਾਈ ਦੇ ਪਿੱਛੇ ਇਨ੍ਹਾਂ ਦੀ ਹਿੰਮਤ ਤੇ ਕਰੜੀ ਮਿਹਨਤ ਦਾ ਹੱਥ ਤਾਂ ਜ਼ਰੂਰ ਹੋਵੇਗਾ, ਪਰ ਅੱਜ ਦੂਜੇ ਸੂਬਿਆਂ ਦੇ ਸਥਾਨਕ ਲੋਕਾਂ ਨੂੰ ਪੰਜਾਬੀਆਂ ਦੇ ਕਬਜ਼ੇ ਚੁਭਣ ਲੱਗ ਪਏ ਹਨ। ਥਾਂ-ਥਾਂ ਪੰਜਾਬੀ-ਵਿਰੋਧੀ ਵਤੀਰਾ ਸਾਹਮਣੇ ਆਉਣ ਲੱਗ ਪਿਆ ਹੈ। ਇਸ ਹਾਲਤ ਵਿਚ ਪੰਜਾਬ, ਜੋ ਬਹੁ-ਗਿਣਤੀ ਵਿਚ ਹੈ ਤੇ ਮੁਲਕ ਦੀ ਸਿਆਸੀ ਤਾਕਤ ਵੀ ਹਥਿਆਈ ਬੈਠਾ ਹੈ, ਕੀ ਕਰੇ ? ਉਸ ਨੂੰ ਪਤਾ ਹੈ ਕਿ ਪਾਕਿਸਤਾਨ ਦੀ ਵੱਖਰੀ ਹੋਂਦ ਦਾ ਸਾਰਾ ਢਾਂਚਾ ਇਸਲਾਮ ਦੀ ਬੁਨਿਆਦ ਉੱਤੇ ਖੜਾ ਕੀਤਾ ਗਿਆ ਸੀ। ਪਾਕਿਸਤਾਨ ਬਣਨ ਤੋਂ ਪਹਿਲਾਂ ਭਾਰਤ ਦੇ ਸੂਬਿਆਂ ਦੀਆਂ ਵੱਖ ਵੱਖ ਭਾਸ਼ਾਈ, ਸਭਿਆਚਾਰਕ ਤੇ ਆਰਥਿਕ ਇਕਾਈਆਂ, ਇਸਲਾਮ ਦੇ ਨਾਂ ਉੱਤੇ ਇਕਮੁੱਠ ਕੀਤੀਆਂ ਗਈਆਂ ਸਨ। ਏਥੋਂ ਤਕ ਕਿ ਪੰਜਾਬ, ਸਿੰਧ ਤੇ ਬਲੋਚਿਸਤਾਨ ਆਦਿ ਵਾਲੇ ਪਾਸੇ ਦੇ ਇਸਲਾਮੀ ਇਲਾਕਿਆਂ ਤੋਂ ਸੈਂਕੜੇ ਮੀਲ ਦੂਰ ਵੱਸਦੇ ਬੰਗਲਾ-ਭਾਸ਼ੀ ਇਲਾਕੇ ਨੂੰ ਵੀ, ਇਸੇ ਧਾਗੇ ਵਿਚ ਪਰੋ ਕੇ ਨਾਲ ਰਲਾਇਆ ਗਿਆ ਸੀ। ਦੂਜੇ, ਮਜ਼ਹਬ ਦੇ ਨਾਂ ਉੱਤੇ ਇਕ ਸੁਤੰਤਰ ਦੇਸ ਕਾਇਮ ਕਰਨ ਲਈ ਸੰਘਰਸ਼ ਕਰਨ ਵਾਲੀ ਮੁਸਲਿਮ ਲੀਗ ਨੇ ਉਰਦੂ ਨੂੰ ਆਪਣੀ ਕੌਮੀ ਜ਼ਬਾਨ ਦਾ ਦਰਜਾ ਦਿੱਤਾ ਹੋਇਆ ਸੀ। ਤੀਜੇ, ਪੰਜਾਬ ਵਿਚ, ਪਾਕਿਸਤਾਨ ਬਣਨ ਤੋਂ ਪਹਿਲਾਂ ਹੀ ਉਰਦੂ ਨੂੰ ਮਾਂ-ਬੋਲੀ ਵਾਲਾ ਦਰਜਾ ਸਰਕਾਰੀ ਤੌਰ ਉੱਤੇ ਮਿਲਿਆ ਹੋਇਆ ਸੀ। ਅਜਿਹੇ ਹਾਲਾਤ ਦੀ ਰੌਸ਼ਨੀ ਵਿਚ, ਪੰਜਾਬ ਦੀ ਸਿਆਸਤ ਉੱਤੇ ਛਾਏ ਹੋਏ ਜਗੀਰੂ ਕਿਸਮ ਦੇ ਪੰਜਾਬੀ ਆਗੂਆਂ ਦੀ ਸਾਂਝੀ ਸੋਚ ਇਸ ਸਮੂਹਿਕ ਨਤੀਜੇ ਉੱਤੇ ਪਹੁੰਚੀ ਕਿ :

(i) ਇਸਲਾਮ ਦਾ ਛਤਰ ਸਾਡੇ ਨਵੇਂ ਮੁਲਕ ਉੱਤੇ ਤਣਿਆ ਰਹਿਣਾ ਜ਼ਰੂਰੀ ਹੈ ਤਾਂ ਜੋ ਮੁਲਕ ਇਕਮੁੱਠ ਰਹੇ।

---

→ ਤਾਜਰਾਨ ਵਿੱਚੋਂ ਬਣ ਗਿਆ ਏ, ਜਿਨ੍ਹਾਂ ਦਾ ਆਪਣੀ ਗ਼ਰਜ਼ ਨਾਲ, ਮਫ਼ਾਦ ਨਾਲ ਰਿਸ਼ਤਾ ਏ। ਉਹ ਆਪਣੀ ਸਲਾਮਤੀ ਤੇ ਤਰੱਕੀ ਚਾਹੁੰਦੇ ਨੇ, ਬਾਕੀ ਕੁੱਝ ਹੋਵੇ ਜਾਂ ਨਾ ਹੋਵੇ। ਪੰਜਾਬੀ ਦੇ ਬਾਰੇ ਵੀ ਉਹਨਾਂ ਦੀ ਸੋਚ ਏਹ ਏ ਕਿ ਜੇ ਪੰਜਾਬੀਆਂ ਨੂੰ ਪੰਜਾਬੀ ਵਿਚ ਪੜ੍ਹਨ, ਲਿਖਣ ਤੇ ਸੋਚਣ ਦਾ ਹੱਕ ਮਿਲ ਗਿਆ ਤੇ ਇਹ ਭਲੇ-ਬੁਰੇ ਬਾਰੇ ਸੋਚਣ ਲੱਗ ਪੈਣਗੇ ਤੇ ਫਿਰ ਅਜਿਹੇ ਅੱਥਰੇ ਘੋੜੇ ਬਣ ਜਾਣਗੇ ਕਿ ਇਹਨਾਂ ਉੱਪਰ ਕਾਠੀ ਨਹੀਂ ਘੱਤੀ ਜਾ ਸਕੇਗੀ, ਨਾ ਈ ਲਗਾਮ ਪਾਈ ਜਾ ਸਕੇਗੀ.....ਉਹਨਾਂ ਦੀ ਹਯਾਤੀ ਏਸ ਰਾਜ਼ ਵਿਚ ਹੀ ਹੈ ਕਿ ਪੰਜਾਬੀ ਨੂੰ ਪੰਜਾਬੀ ਤੋਂ ਦੂਰ ਨਾ ਰੱਖਿਆ ਗਿਆ ਤੇ ਉਹਨਾਂ ਦਾ ਰਾਜ-ਪਾਟ, ਤਖ਼ਤ-ਤਾਜ ਸਭ ਕੁੱਝ ਜਨਤਾ ਦੀ ਮਲਕੀਅਤ ਬਣ ਜਾਵੇਗੀ..... *(ਰਿਸਾਲਾ 'ਲਹਿਰਾਂ' ਲਾਹੌਰ, ਮਈ 1998, ਸਫ਼ਾ 12)*

WWW.SIKHBOOKCLUB.COM 

(ii) ਪਾਕਿਸਤਾਨ ਬਣਨ ਤੋਂ ਪਹਿਲਾਂ ਦੀ ਫ਼ਿਰਕੂ ਸਿਆਸਤ ਵੇਲੇ ਉਰਦੂ ਦਾ ਜੋੜ, ਪਹਿਲਾਂ ਕੇਵਲ ਪੰਜਾਬੀ ਮੁਸਲਮਾਨਾਂ ਨਾਲ ਜੁੜਿਆ ਹੋਇਆ ਸੀ, ਪਰ ਜਦ ਪੰਜਾਬ ਦੀ ਮੁਸਲਮਾਨ ਸਿਆਸਤ ਨੇ, ਸਾਰੇ ਭਾਰਤ ਦੀ ਮੁਸਲਮਾਨ ਸਿਆਸਤ ਨਾਲ ਕਦਮ ਮਿਲਾ ਕੇ ਤੁਰਨਾ ਸ਼ੁਰੂ ਕੀਤਾ, ਓਦੋਂ ਤੋਂ ਉਰਦੂ ਜ਼ਬਾਨ ਨੂੰ ਵੀ ਮੁਸਲਮਾਨਾਂ ਵਿਚ ਇਕਮੁੱਠਤਾ ਵਾਲੀ ਅੰਤਰ-ਰਾਜੀ, ਪਰਾ-ਸੂਬਾਈ ਕੌਮੀ ਜ਼ਬਾਨ ਦਾ ਦਰਜਾ ਮਿਲ ਗਿਆ ਸੀ। ਇਸ ਜਿੱਤ ਦੇ ਮੌਕੇ ਉੱਤੇ, ਜੇ ਕਿਤੇ ਪੰਜਾਬ ਵੀ, ਜੋ ਰਾਜ-ਪੱਧਰ ਤੇ ਕੌਮੀ ਪੱਧਰ ਉੱਤੇ ਉਰਦੂ ਦਾ ਸਭ ਤੋਂ ਵੱਡਾ ਮੁਹਾਫ਼ਿਜ਼ ਬਣਿਆ ਹੋਇਆ ਹੈ, ਹੋਰਨਾਂ ਪਾਕਿਸਤਾਨੀ ਸੂਬਿਆਂ ਵਾਂਗ, ਆਪਣੇ ਇਲਾਕੇ ਵਿਚ ਉਰਦੂ ਦੀ ਥਾਂ ਪੰਜਾਬੀ ਲਾਗੂ ਕਰ ਦੇਵੇ, ਤਾਂ ਸਾਰੇ ਪਾਕਿਸਤਾਨ ਦੇ ਸੂਬਿਆਂ ਵਿਚ, ਘੱਟੋ-ਘੱਟ ਸੂਬਾਈ ਪੱਧਰ ਉੱਤੇ, ਉਰਦੂ ਦੀ ਭੱਲ ਖ਼ਤਮ ਹੋ ਜਾਵੇਗੀ ਤੇ ਇਉਂ ਹੋਣ ਨਾਲ ਇਸ ਦੇ ਪਾਕਿਸਤਾਨ-ਵਿਆਪੀ ਕੌਮੀ ਵਕਾਰ ਵਿਚ ਵੀ ਕੁੱਝ ਕਮਜ਼ੋਰੀ ਵਾਪਰਨ ਦਾ ਖ਼ਤਰਾ ਵਧ ਜਾਏਗਾ। ਇਸ ਦੇ ਬਾਅਦ ਐਸਾ ਨਾ ਹੋਵੇ ਕਿ ਉਰਦੂ ਦੀ ਕਮਜ਼ੋਰੀ, ਇਸਲਾਮ ਦੀ ਕਮਜ਼ੋਰੀ ਬਣ ਜਾਏ ਤੇ ਬੜੀ ਮੁਸ਼ਕਲ ਨਾਲ ਖੜਾ ਕੀਤਾ ਇਹ ਢਾਂਚਾ, ਜਿਸ ਦਾ ਸਭ ਤੋਂ ਵੱਧ ਆਰਥਿਕ ਲਾਭ ਇਸ ਵੇਲੇ ਪੰਜਾਬ ਦੀ ਜਾਗੀਰਦਾਰ ਜਮਾਤ ਨੂੰ ਮਿਲ ਰਿਹਾ ਹੈ, ਖੇਰੂੰ ਖੇਰੂੰ ਨਾ ਹੋ ਜਾਏ। ਇਸ ਲਈ ਚੰਗੀ ਗੱਲ ਇਹ ਹੈ ਕਿ ਉਰਦੂ ਦੀ ਪਿਛਲੀ ਪੁਜ਼ੀਸ਼ਨ ਨੂੰ ਨਾ ਛੇੜਿਆ ਜਾਏ।

ਇਸਲਾਮ ਤੇ ਉਰਦੂ ਦੀ ਸਰਦਾਰੀ ਪੰਜਾਬ ਦੇ ਉੱਪਰਲੇ ਤਬਕੇ ਦੀ ਆਰਥਿਕ ਸਰਦਾਰੀ ਦੀ ਰੱਖਿਆ ਕਰਦੀ ਹੈ, ਇਸ ਲਈ ਇਸਲਾਮ ਜਾਂ ਉਰਦੂ ਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਪਹੁੰਚਾਉਣ ਵਾਲੇ ਲੋਕ, ਪੰਜਾਬ ਦੇ ਵੈਰੀ ਮੰਨੇ ਜਾਣਗੇ। ਜਦੋਂ ਪਾਕਿਸਤਾਨੀ ਅਖ਼ਬਾਰ ਭਾਰਤੀ ਪੰਜਾਬ ਦੇ ਸਾਹਿੱਤ ਤੇ ਸਾਹਿੱਤਕਾਰਾਂ ਨਾਲ ਸਾਂਝ ਪਾਉਣ ਵਾਲੇ ਪਾਕਿਸਤਾਨੀ ਸਾਹਿੱਤਕਾਰਾਂ ਨੂੰ 'ਸਿਖ' ਕਹਿ ਕੇ ਜਾਂ 'ਭਾਰਤ ਦੇ ਏਜੰਟ' ਕਹਿ ਕੇ ਭੰਡਦੇ ਹਨ ਜਾਂ ਪਾਕਿਸਤਾਨੀ ਪੰਜਾਬ ਦੀ 'ਮੁਸਲਮਾਨ' ਪੰਜਾਬੀ ਨੂੰ, ਭਾਰਤੀ ਪੰਜਾਬ ਦੀ 'ਸਿਖ' ਪੰਜਾਬੀ ਤੋਂ ਵੱਖਰਾ ਦੱਸਣ ਲਈ ਕਿੱਲ੍ਹਦੇ ਰਹਿੰਦੇ ਹਨ ਤਾਂ ਉਪਰੋਕਤ ਸੋਚ-ਲੜੀ ਹੀ, ਇਨ੍ਹਾਂ ਲੋਕਾਂ ਦੀ ਮਾਨਸਿਕਤਾ ਨੂੰ ਸਮਝਣ ਵਿਚ ਸਹਾਈ ਹੋ ਸਕਦੀ ਹੈ।

ਮੇਰੇ ਨਜ਼ਰੀਏ ਤੋਂ ਲਹਿੰਦੇ ਪੰਜਾਬ ਦੇ ਸਿਆਸੀ ਚੌਧਰੀਆਂ ਦੀ ਪੰਜਾਬੀ ਬਾਰੇ ਉਪਰੋਕਤ ਸੋਚ ਇਕ ਸਿਰੇ ਤੋਂ ਹੀ ਗ਼ਲਤ ਹੈ। ਮੈਂ ਇਹ ਵੀ ਜਾਣਦਾ ਹਾਂ ਕਿ ਪਾਕਿਸਤਾਨੀ ਪੰਜਾਬ ਵਿਚ ਬਥੇਰੇ ਅਜਿਹੇ ਸਿਆਣੇ ਸੱਜਣ ਮੌਜੂਦ ਹਨ, ਜੋ ਪੰਜਾਬ ਵਿਚ ਪੰਜਾਬੀ ਦੀ ਸਰਦਾਰੀ ਨੂੰ ਪੰਜਾਬ ਤੇ ਪਾਕਿਸਤਾਨ ਦੀ ਤਰੱਕੀ ਲਈ ਜ਼ਰੂਰੀ ਸਮਝਦੇ ਹਨ ਤੇ ਪੰਜਾਬੀ ਦੀ 'ਪੈਰ ਦੀ ਜੁੱਤੀ' ਵਾਲੀ ਮੌਜੂਦਾ ਹਾਲਤ ਨੂੰ ਪੰਜਾਬ ਤੇ ਪੰਜਾਬੀਆਂ ਦੀ ਹੱਤਕ ਸਮਝਦੇ ਹਨ, ਪਰ ਜਦ ਵੀ ਇਸ ਧਿਰ ਵੱਲੋਂ ਪੰਜਾਬੀ ਦੀ ਮੌਜੂਦਾ ਹਾਲਤ ਨੂੰ ਬਿਹਤਰ ਬਣਾਉਣ ਲਈ ਕੋਈ ਹੰਭਲਾ ਮਾਰਿਆ ਜਾਂਦਾ ਰਿਹਾ ਹੈ, ਕੋਈ ਗੁੱਝੀ ਸ਼ਕਤੀ ਉਸ ਨੂੰ ਨਕਾਰਾ ਕਰਦੀ ਆਈ ਹੈ। ਇਸ ਦਾ ਜ਼ਿਕਰ ਲਾਹੌਰ ਤੋਂ ਨਿਕਲਦੇ ਸਭ ਤੋਂ ਪੁਰਾਣੇ ਪੰਜਾਬੀ ਰਿਸਾਲੇ *ਲਹਿਰਾਂ* ਦੇ ਸੰਪਾਦਕ ਡਾ. ਅਖ਼ਤਰ ਹੁਸੈਨ ਅਖ਼ਤਰ ਨੇ ਆਪਣੇ ਪਰਚੇ ਦੇ ਅਪ੍ਰੈਲ 1998 ਦੇ ਅੰਕ ਦੇ ਸੰਪਾਦਕੀ ਵਿਚ ਇਉਂ ਕੀਤਾ ਹੈ:

WWW.SIKHBOOKCLUB.COM

".....ਪੰਜਾਬੀ ਜ਼ਬਾਨ ਦੇ ਖੁੱਡੇ ਲਾਈਨ ਲੱਗੇ ਮਸਲਿਆਂ ਦਾ ਹੱਲ ਏਹੀ ਹੈ, ਪਈ ਇਹਦੇ ਬਾਰੇ ਭਰਵੀਂ ਤਹਿਰੀਕ ਚਲਾਈ ਜਾਵੇ ਅਤੇ ਇਹਨੂੰ ਸਿਆਸਤ ਨਾਲ ਜੋੜਿਆ ਜਾਵੇ ਪਰ ਅਫ਼ਸੋਸ ਏ ਜੇ ਅਸੀਂ ਅਜੇ ਤਾਈਂ ਏਸ ਮਕਸਦ ਵਿਚ ਕਾਮਯਾਬ ਨਾ ਹੋ ਸਕੇ। ਇਸ ਸਿਲਸਿਲੇ ਵਿਚ ਮਸਊਦ ਖੱਦਰਪੋਸ਼ ਹੁਰਾਂ ਦੀਆਂ ਕੋਸ਼ਿਸ਼ਾਂ ਨਾਲ ਇਕ ਲਹਿਰ ਤੁਰ ਪਈ ਸੀ, ਪਰ ਉਨ੍ਹਾਂ ਦੇ ਮਰਨ ਮਗਰੋਂ ਰੁਕ ਗਈ.....ਇਨਾਇਤ ਹੁਸੈਨ ਭੱਟੀ ਹੁਰਾਂ ਇਸ ਮਸਲੇ ਨੂੰ ਅਮਲੀ ਸਿਆਸਤ ਨਾਲ ਜੋੜਨ ਦੀ ਭਰਵੀਂ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਨੂੰ ਭਰਵਾਂ ਸਾਥ ਪੰਜਾਬੀਆਂ ਵੱਲੋਂ ਨਾ ਮਿਲਣ ਸਿਉਂ ਉਹ ਵੀ ਥੱਕ-ਹਾਰ ਕੇ ਬਹਿ ਗਏ। ਫ਼ਖ਼ਰ ਜ਼ਮਾਨ ਹੁਰਾਂ ਦੀਆਂ ਆਲਮੀ ਕਾਨਫ਼ਰੰਸਾਂ ਦਾ ਤਸਲਸੁਲ ਜੇਕਰ ਨਾ ਟੁੱਟਦਾ ਤੇ ਖੌਰੇ ਕੁੱਝ ਗੱਲ ਬਣ ਹੀ ਜਾਂਦੀ। ਅੱਜ ਤੋਂ ਤਿੰਨ-ਚਾਰ ਵਰ੍ਹੇ ਪਹਿਲਾਂ ਮੁਹਤਰਮ ਹਨੀਫ਼ ਰਾਮੇ ਦੀ ਅਗਵਾਈ ਹੇਠ ਅਸਾਂ ਕੁੱਝ ਸੰਗੀਆਂ ਨੇ ਰਲ ਕੇ 'ਪੰਜਾਬੀ ਏਕਾ' ਨਾਂ ਦੀ ਤਨਜ਼ੀਮ ਕਾਇਮੀ ਕੀਤੀ.....ਉਹਦਾ ਮੁੱਢਲਾ ਜਲਸਾ (ਜਿਹੜਾ ਜਲਸਾ ਨਹੀਂ ਸੀ, ਸਗੋਂ ਸੱਯਦ ਸਿਬਤੁਲ ਹਸਨ ਜ਼ੈਗ਼ਮ ਹੁਰਾਂ ਦੇ ਸੁਝਾਅ ਉੱਤੇ ਹਜ਼ਰਤ ਬਾਵਾ ਫ਼ਰੀਦ ਸ਼ਕਰਗੰਜ ਦੇ ਮਜ਼ਾਰ ਉੱਤੇ ਦੁਆ ਨਾਲ ਏਸ ਤਨਜ਼ੀਮ ਦਾ ਮੁੱਢ ਬੰਨ੍ਹਣਾ ਸੀ), ਰੱਥੋਂ ਹੀ ਏਨਾ ਖ਼ੌਫ਼ਨਾਕ ਹੋ ਗਿਆ, ਜੇ ਉਹਦੀ ਖ਼ਬਰ ਅਖ਼ਬਾਰਾਂ ਵਿਚ ਆਉਂਦਿਆਂ ਹੀ 'ਏਕਾ' ਠੱਪ ਹੋ ਗਿਆ ਯਾ 'ਠੱਪ' ਦਿੱਤਾ ਗਿਆ। ਫੇਰ ਅਬਦੁੱਰ-ਰਸ਼ੀਦ ਭੱਟੀ ਹੁਰਾਂ ਨੇ ਆਪਣੇ ਤੌਰ ਉੱਤੇ ਪੰਜਾਬ ਅਸੈਂਬਲੀ ਵਿਚ ਪੰਜਾਬੀ ਜ਼ਬਾਨ ਦੇ ਵਾਧੇ ਲਈ ਅਤੇ ਇਹਨੂੰ ਮੁੱਢਲੀ ਪੱਧਰ ਉੱਤੇ ਤਾਲੀਮ ਦਾ ਜ਼ਰੀਆ ਬਣਾਉਣ ਲਈ ਮੁਹਿੰਮ ਚਲਾਈ। ਉਨ੍ਹਾਂ ਦਾ ਤਰੀਕਾ ਬੜਾ ਸਾਇੰਸੀ ਤੇ ਮੁਨੱਜ਼ਮ ਸੀ। ਏਸ ਮਕਸਦ ਲਈ ਉਨ੍ਹਾਂ ਸਰਕਾਰ ਦੇ ਨਾਂ ਇਕ ਅਰਜ਼ਦਾਸ਼ਤ ਲਿਖ ਕੇ ਉਸ ਉੱਤੇ ਅਸੈਂਬਲੀ ਦੇ ਮੈਂਬਰਾਂ ਦੇ ਦਸਖ਼ਤ ਕਰਾਣੇ ਸ਼ੁਰੂ ਕੀਤੇ। ਇਹ ਮੁਹਿੰਮ ਏਨੀ ਕਾਮਯਾਬ ਹੋਈ, ਜੋ ਏਸ ਅਰਜ਼ੀ ਉੱਤੇ ਅਪੋਜ਼ੀਸ਼ਨ ਦੇ ਕਈ ਮੈਂਬਰਾਂ ਵੀ ਦਸਖ਼ਤ ਕਰ ਦਿੱਤੇ.....ਪਰ ਜਦੋਂ ਅਬਦੁੱਰ-ਰਸ਼ੀਦ ਭੱਟੀ ਹੁਰਾਂ ਪ੍ਰੈਸ ਕਲੱਬ ਵਿਚ ਹੋ ਰਹੇ ਇਕ ਪੰਜਾਬੀ ਇਕੱਠ ਵਿਚ ਇਹ ਏਲਾਨ ਕਰ ਦਿੱਤਾ ਕਿ ਏਨੇ ਮੈਂਬਰਾਂ ਦੇ ਦਸਖ਼ਤ ਹੋ ਗਏ ਨੇ ਤੇ ਮੁਹਿੰਮ ਜ਼ੋਰ-ਸ਼ੋਰ ਨਾਲ ਜਾਰੀ ਏ, ਤੇ ਇਕ ਵਾਰ ਕਿਸੇ ਗ਼ੈਬੀ ਤਾਕਤ ਨੇ ਏਸ ਉੱਭਰਦੀ ਹੋਈ ਤਹਿਰੀਕ ਦੀ ਗਿੱਚੀ ਘੁੱਟ ਦਿੱਤੀ....." *(ਸਫ਼ਾ 11-12)*

ਮੈਂ ਦੱਸ ਚੁੱਕਾ ਹਾਂ ਕਿ ਪੰਜਾਬੀ ਬਾਰੇ ਪੱਛਮੀ ਪੰਜਾਬ ਦੇ ਸਿਆਸੀ ਚੌਧਰੀਆਂ ਦੀ ਸੋਚ-ਲੜੀ ਕਿਵੇਂ ਤੁਰਦੀ ਹੈ, ਪਰ ਜੇ ਉਹ ਕਿਸੇ ਹੋਰ ਦਲੀਲ ਦੀ ਕੰਨੀ ਫੜ ਕੇ ਆਪਣੇ ਵਤੀਰੇ ਨੂੰ ਸਹੀ ਸਾਬਤ ਕਰਦੇ ਹਨ, ਤਾਂ ਵੀ ਮੇਰੀ ਰਾਏ ਉਹੀ ਹੋਵੇਗੀ, ਉਹ ਕੁਰਾਹੇ ਪਏ ਹੋਏ ਹਨ। ਜੇ ਆਪਣੇ ਆਰਥਿਕ ਤੇ ਸਿਆਸੀ ਹਿਤਾਂ ਦੀ ਰਾਖੀ ਲਈ, ਇਸਲਾਮ ਤੇ ਉਰਦੂ ਦੀ ਕੌਮੀ [illegible] ਹੈ ਤਾਂ ਸਿੰਧ, ਬਲੋਚਿਸਤਾਨ ਤੇ ਸੂਬਾ WWW.SIKHBOOKCLUB.COM Page 18 ਸਰਹੱਦ, ਇਸ ਉਹਲੇ ਦਾ ਭਰਮ ਕਾਇਮ ਰੱਖ ਕੇ ਵੀ, ਆਪਣੇ ਭਾਸ਼ਾਈ ਤੇ ਸਭਿਆਚਾਰਕ

ਹੱਕ ਲੈ ਚੁੱਕੇ ਹਨ ਤੇ ਜਿੰਨੇ ਕੁ ਉਨ੍ਹਾਂ ਨੂੰ ਬਾਕੀ ਰਹਿੰਦੇ ਦਿੱਸਣਗੇ, ਉਹ ਫ਼ੈਡਰਲ ਢਾਂਚੇ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਦਾ ਸ਼ੋਰ ਮਚਾ ਕੇ ਅੱਜ ਨਹੀਂ ਤਾਂ ਕੱਲ੍ਹ ਲੈ ਲੈਣਗੇ। ਮੇਰਾ ਅੰਦਰਲਾ ਕਹਿੰਦਾ ਹੈ ਕਿ ਪੰਜਾਬ ਦੇ ਲੋਕ ਵੀ, ਹੌਲੀ ਹੌਲੀ, ਉਰਦੂ ਤੇ ਇਸਲਾਮ ਦੇ ਜੋੜ ਤੋਂ ਹਾਸਲ ਹੋਣ ਵਾਲੀ ਕੌਮੀ ਇਕਮੁੱਠਤਾ ਦੇ ਉਹਲੇ ਨੂੰ ਕਾਇਮ ਰੱਖਦਿਆਂ ਹੋਇਆਂ ਆਪਣੀ ਜ਼ਬਾਨ-ਵਿਹੂਣੀ ਪੰਜਾਬੀ ਸ਼ਨਾਖ਼ਤ ਦੀ ਥਾਂ, ਜ਼ਬਾਨ ਵਾਲੀ ਸ਼ਨਾਖ਼ਤ ਦੇ ਮਾਲਕ ਬਣਨ ਵਾਲੇ ਪਾਸੇ ਤੁਰਨ ਵਿਚ ਹੁਣ ਅਸਾਧਾਰਨ ਦੇਰ ਨਹੀਂ ਲਾਉਣਗੇ। ਪੰਜਾਬੀਆਂ ਦਿਆਂ ਮਨਾਂ ਵਿਚ ਵੀ ਸਵਾਲ ਪੈਦਾ ਹੋਣੇ ਸ਼ੁਰੂ ਹੋ ਜਾਣਗੇ ਕਿ ਜੇ ਕੱਲ੍ਹ ਨੂੰ ਸਿੰਧੀ, ਬਲੋਚੀ ਤੇ ਪਸ਼ਤੋ ਵਾਂਗ, ਸਰਾਇਕੀ ਵੀ, ਭਾਸ਼ਾ ਨਾਲ ਸਿਆਸਤ ਜੋੜ ਕੇ ਆਪਣੀ ਵੱਖਰੀ ਸ਼ਨਾਖ਼ਤ ਮੰਨਵਾਉਣ ਲਈ ਤਿਆਰ ਬੈਠੀ ਹੈ, ਤਾਂ ਅਸੀਂ ਹੀ ਕਿਉਂ ਆਪਣੀ ਮਾਂ-ਬੋਲੀ ਵੱਲ ਪਿੱਠ ਕਰ ਕੇ ਬੈਠੇ ਰਹੀਏ ?

ਪਰ ਜਦੋਂ ਇਸ ਤਰ੍ਹਾਂ ਦੀ ਸਿਆਸੀ ਭਾਸ਼ਾ-ਚੇਤਨਾ ਤਿੱਖੀ ਹੋਣੀ ਸ਼ੁਰੂ ਹੋਵੇਗੀ, ਉਸ ਤੋਂ ਪਹਿਲਾਂ ਹੀ, ਜੇ ਪ੍ਰੋ. ਮੁਹੰਮਦ ਆਸਿਫ਼, ਸੱਯਦ ਨਜਮ ਹੁਸੈਨ, ਸੱਯਦ ਸਿਬਤੁਲ ਹਸਨ ਜ਼ੈਗ਼ਮ, ਇਲਿਆਸ ਘੁੰਮਣ ਤੇ ਇਹਸਾਨ ਬਾਜਵਾ ਵਰਗੇ ਲੇਖਕਾਂ ਦੇ ਠੇਠ ਪੰਜਾਬੀ ਲਈ ਕੀਤੇ ਜਤਨ, ਕਿਸੇ ਪੰਜਾਬ-ਵਿਆਪੀ ਲਹਿਰ ਦਾ ਰੂਪ ਨਾ ਧਾਰ ਸਕੇ, ਤਾਂ ਡਾ. ਸ਼ਾਹਬਾਜ਼ ਮਲਿਕ ਤੇ ਜਨਾਬ ਮੁਸ਼ਤਾਕ ਬਾਸਿਤ ਵਰਗੇ ਵਿਦਵਾਨ, ਪਾਕਿਸਤਾਨ ਦੀ ਪੰਜਾਬੀ ਨੂੰ, ਉਰਦੂ ਵਾਂਗ, ਇਸਲਾਮ ਨਾਲ ਨੱਥੀ ਕਰ ਕੇ, ਇਸਲਾਮ ਨੂੰ ਕੁਫ਼ਰ ਤੋਂ ਬਚਾਉਣ ਦਾ ਨਾਅਰਾ ਮਾਰ ਕੇ, ਚੜ੍ਹਦੇ ਪੰਜਾਬ ਦੀ ਪੰਜਾਬੀ ਦੀ ਭਿੱਟ ਤੋਂ ਬਚਾਈ ਰੱਖਣ ਦਾ ਵਿਹੁਲਾ ਬੀਜ ਪਤਾ ਨਹੀਂ ਕਿੰਨੇ ਮਾਸੂਮ ਹਮਵਤਨੀਆਂ ਦਿਆਂ ਦਿਮਾਗ਼ਾਂ ਵਿਚ ਖਿਲਾਰ ਚੁੱਕੇ ਹੋਣਗੇ !

ਪਾਕਿਸਤਾਨ ਵਿਚ ਠੇਠ ਪੰਜਾਬੀ ਦੇ ਮੁਦਈ ਤੇ 'ਪਾਕ' ਜਾਂ 'ਮੁਸਲਮਾਨ' ਪੰਜਾਬੀ ਦੇ ਮੁਦਈ, ਆਪੋ-ਵਿੱਚੀ ਉਲਝ ਕੇ ਵੀ, ਪੰਜਾਬ ਵਿਚ ਆਪੋ-ਆਪਣੀ ਪੰਜਾਬੀ ਨੂੰ ਫਲਿਆ-ਫੁਲਿਆ ਵੇਖਣਾ ਚਾਹੁੰਦੇ ਹਨ, ਪਰ ਬਦਕਿਸਮਤੀ ਨਾਲ, ਉਨ੍ਹਾਂ ਨੂੰ ਹਾਲੇ ਇਹ ਪਤਾ ਨਹੀਂ ਲੱਗਿਆ ਕਿ ਉਨ੍ਹਾਂ ਦੀ ਬੁੱਕਲ ਦੇ ਵਿਚ ਹੀ ਇਕ ਹੋਰ ਚੋਰ ਬੈਠਾ ਹੈ, ਜਿਸ ਨੇ ਆਉਣ ਵਾਲੇ ਥੋੜੇ ਦਿਨਾਂ ਦੇ ਅੰਦਰ ਅੰਦਰ ਹੀ ਲਹਿੰਦੇ ਪੰਜਾਬ ਵਿੱਚੋਂ ਉਰਦੂ ਤੇ ਪੰਜਾਬੀ ਦੁਹਾਂ ਦਾ ਪੂਰੀ ਤਰ੍ਹਾਂ ਸਫ਼ਾਇਆ ਕਰ ਦੇਣਾ ਹੈ। ਇਹ ਚੋਰ ਹੈ ਅੰਗਰੇਜ਼ੀ, ਜੋ ਉਨ੍ਹਾਂ ਦੇ ਪੰਜਾਬ ਦੀਆਂ ਗਲੀਆਂ-ਬਜ਼ਾਰਾਂ ਵਿਚ ਖੁੱਲ੍ਹੇ ਨਰਸਰੀ ਸਕੂਲਾਂ ਤੇ ਪਬਲਿਕ ਸਕੂਲਾਂ ਤੇ ਹੋਰ ਸਾਧਨਾਂ ਰਾਹੀਂ ਸੂਬਾਈ ਬੋਲੀਆਂ ਨੂੰ ਹੂੰਝ ਕੇ ਆਪਣਾ ਪੱਕਾ ਟਿਕਾਣਾ ਬਣਾ ਰਹੀ ਹੈ।

ਇਹ ਹੈ ਪਾਕਿਸਤਾਨ ਵਾਲੇ ਪਾਸੇ ਦੀ ਪੰਜਾਬੀ ਦਾ ਹਾਲ। ਹੁਣ ਵੇਖਦੇ ਹਾਂ ਹਿੰਦੁਸਤਾਨ ਵਾਲੇ ਪਾਸੇ ਦੇ ਪੰਜਾਬ ਵਿਚ ਪੰਜਾਬੀ ਦੀ ਹਾਲਤ।

## 4

ਲਹਿੰਦੇ ਪੰਜਾਬ ਵੱਲੋਂ ਚੜ੍ਹਦੇ ਪੰਜਾਬ ਵਿਚ ਵੜਦਿਆਂ ਹੀ ਇਕ ਵਾਰੀ ਤਾਂ ਅੱਖਾਂ ਚੁੰਧਿਆ ਜਾਂਦੀਆਂ ਹਨ। ਸੰਨ 1968 ਦੀ ਵਿਸਾਖੀ ਵਾਲੇ ਦਿਨ ਤੋਂ ਗੁਰਮੁਖੀ ਅੱਖਰਾਂ ਵਿਚ ਪੰਜਾਬੀ, ਪੰਜਾਬ ਰਾਜ ਦੀ ਰਾਜ-ਭਾਸ਼ਾ ਬਣੀ ਹੋਈ ਹੈ। ਹੇਠੋਂ ਲੈ ਕੇ ਸਕੱਤਰੇਤ ਤਕ ਦਾ ਸਾਰਾ ਸਰਕਾਰੀ ਕੰਮ ਪੰਜਾਬੀ ਵਿਚ ਕਰਨ ਦਾ ਹੁਕਮ ਹੈ। ਸਿੱਖਿਆ ਦੀ ਭਾਸ਼ਾ ਵੀ ਪੰਜਾਬੀ ਹੈ। ਹਰ ਸਰਕਾਰੀ ਸਕੂਲ ਵਿਚ ਪਹਿਲੀ ਜਮਾਤ ਤੋਂ ਹਾਇਰ ਸੈਕੰਡਰੀ ਤਕ ਤੇ ਅੱਗੋਂ ਵੀ ਬੀ.ਏ. ਤਕ ਪੰਜਾਬੀ ਲਾਜ਼ਮੀ ਹੈ ਤੇ ਪੰਜਾਬੀ ਵਿੱਚੋਂ ਫ਼ੇਲ੍ਹ ਹੋਣ ਵਾਲਾ ਉਮੀਦਵਾਰ ਸਾਰੇ

WWW.SIKHBOOKCLUB.COM 

ਇਮਤਿਹਾਨ ਵਿੱਚੋਂ ਫ਼ੇਲ੍ਹ ਮੰਨਿਆ ਜਾਂਦਾ ਹੈ। ਭਾਸ਼ਾਵਾਂ ਨੂੰ ਛੱਡ ਕੇ, ਸਾਇੰਸ ਸਮੇਤ, ਕਿਸੇ ਵੀ ਮਜ਼ਮੂਨ ਨੂੰ ਪੀ-ਐਚ.ਡੀ./ਡੀ.ਲਿਟ. ਦੀ ਪੱਧਰ ਤਕ ਪੰਜਾਬੀ ਮਾਧਿਅਮ ਰਾਹੀਂ ਪਾਸ ਕੀਤਾ ਜਾ ਸਕਦਾ ਹੈ। ਸਰਕਾਰ ਦਾ ਇਕ ਵੱਖਰਾ ਮਹਿਕਮਾ ਭਾਸ਼ਾਵਾ ਦੇ ਵਾਧੇ ਲਈ ਬਣਿਆ ਹੋਇਆ ਹੈ, ਜਿਸ ਦਾ ਸਾਲਾਨਾ ਬਜਟ ਇਕ ਕਰੋੜ ਤੋਂ ਟੱਪ ਚੁੱਕਿਆ ਹੈ। ਪੰਜਾਬੀ ਦੇ ਨਾਂ ਉੱਤੇ ਇਕ ਪੂਰੀ ਯੂਨੀਵਰਸਿਟੀ ਕਾਇਮ ਹੋ ਚੁੱਕੀ ਹੈ। ਦਰਜਨ ਦੇ ਕਰੀਬ ਵੱਡੇ ਕਾਮਯਾਬ ਰੋਜ਼ਾਨਾ ਅਖ਼ਬਾਰ ਨਿਕਲਦੇ ਹਨ ਤੇ ਇਕ ਅਖ਼ਬਾਰ *ਅਜੀਤ* ਦੀ, ਰੋਜ਼ਾਨਾ ਛਾਪ ਦੋ ਲੱਖ ਦੇ ਨੇੜੇ ਪਹੁੰਚ ਚੁੱਕੀ ਦੱਸੀਦੀ ਹੈ। ਕਈ ਲੱਖ ਰੁਪੈ ਦੇ ਇਨਾਮ ਹਰ ਸਾਲ ਪੰਜਾਬੀ ਲੇਖਕਾਂ ਨੂੰ ਦਿੱਤੇ ਜਾਂਦੇ ਹਨ।

ਪੰਜਾਬੀ ਨੂੰ ਇਸ ਪਦਵੀ ਉੱਤੇ ਪਹੁੰਚਾਉਣ ਲਈ ਏਧਰਲੇ ਪੰਜਾਬੀਆਂ ਨੂੰ ਖ਼ਾਸੇ ਤਗੜੇ ਸਿਆਸੀ ਸੰਘਰਸ਼ ਕਰਨੇ ਪਏ ਹਨ। ਸੰਨ ਸੰਤਾਲੀ ਵਿਚ ਜਦੋਂ ਲਾਹੌਰ ਤੋਂ ਉੱਜੜੇ ਅਖ਼ਬਾਰਾਂ ਨੇ ਜਲੰਧਰ ਤੇ ਦਿੱਲੀ ਵਿਚ ਆ ਡੇਰੇ ਲਾਏ ਤੇ ਸਿਆਸੀ ਲੋਕਾਂ ਨੇ ਆਰਜ਼ੀ ਤੌਰ ਉੱਤੇ ਮਾਰੀਆਂ ਝੁੰਬਾਂ ਵਿੱਚੋਂ ਆਪਣੀਆਂ ਸਿਰੀਆਂ ਕੱਢਣੀਆਂ ਸ਼ੁਰੂ ਕੀਤੀਆਂ ਤਾਂ, ਤਾਕਤ ਹਥਿਆਉਣ ਲਈ, ਉਨ੍ਹਾਂ ਨੂੰ ਬੋਲੀ, ਸਭ ਤੋਂ ਨੇੜਲਾ, ਅਸਰਦਾਰ ਤੇ ਅਜ਼ਮਾਇਆ ਹੋਇਆ ਜਜ਼ਬੇ-ਉਭਾਰੂ ਹਥਿਆਰ ਲੱਭਾ। ਮੁਸਲਮਾਨ-ਉਰਦੂ ਵਾਲਾ ਜੁੱਟ ਪਾਕਿਸਤਾਨ ਵਿਚ ਰਹਿ ਗਿਆ ਸੀ, ਪਰ ਹਿੰਦੂ-ਹਿੰਦੀ ਤੇ ਸਿੱਖ-ਪੰਜਾਬੀ ਵਾਲੇ ਜੁੱਟ ਲਾਹੌਰੋਂ ਨਾਲ ਹੀ ਆ ਗਏ ਸਨ। ਸੋ, ਭਾਰਤੀ ਪੰਜਾਬ ਦੇ ਹਰ ਮੰਚ ਉੱਤੇ ਪੰਜਾਬੀ ਤੇ ਹਿੰਦੀ ਦੀ ਖਹਿ ਖਹਿ ਸ਼ੁਰੂ ਹੋ ਗਈ। ਆਬਾਦੀ ਦੀ ਗਿਣਤੀ ਵੇਲੇ ਹਿੰਦੂ ਅਖ਼ਬਾਰਾਂ ਨੇ ਖੁੱਲ੍ਹਮ-ਖੁੱਲ੍ਹਾ ਪ੍ਰਚਾਰ ਕੀਤਾ ਕਿ ਹਿੰਦੂ ਆਪਣੀ ਮਾਂ-ਬੋਲੀ ਹਿੰਦੀ ਲਿਖਵਾਉਣ। ਹਿੰਦੂਆਂ ਵੱਲੋਂ ਹਿੰਦੀ ਦੀ ਪਕੜ ਨੂੰ ਢਿੱਲਿਆਂ ਕਰਨ ਤੇ ਪੰਜਾਬੀ ਨੂੰ ਅਪਣਾਉਣ ਲਈ ਇਕ ਸ਼ਰਤ ਇਹ ਰੱਖੀ ਗਈ ਕਿ ਪੰਜਾਬੀ ਦੀ ਲਿਪੀ ਦੇਵਨਾਗਰੀ ਮੰਨ ਲਈ ਜਾਏ। ਇਹ ਚਾਲ ਸਫਲ ਨਾ ਹੋਈ ਤਾਂ ਪੰਜਾਬ ਨੂੰ ਹਿੰਦੀ ਤੇ ਪੰਜਾਬੀ ਦੇ ਵੱਖ ਵੱਖ ਹਲਕਿਆਂ ਵਿਚ ਵੰਡ ਕੇ ਹਿੰਦੀ ਹਲਕੇ ਵਿਚ ਪਹਿਲੀ ਭਾਸ਼ਾ ਹਿੰਦੀ ਤੇ ਪੰਜਾਬੀ ਹਲਕੇ ਵਿਚ ਦੂਜੀ ਭਾਸ਼ਾ ਹਿੰਦੀ ਚਲਾਉਣ ਦਾ ਤਜਰਬਾ ਕੀਤਾ ਗਿਆ, ਪਰ ਵੰਡ ਤੋਂ ਪਹਿਲਾਂ ਦੇ ਪੰਜਾਬ ਵਿਚ, ਭਾਸ਼ਾਵਾਂ ਉੱਤੇ ਫ਼ਿਰਕੂ ਜ਼ਹਿਰ ਦੀ ਪਾਣ ਚਾੜ੍ਹਨ ਦਾ ਕੰਮ ਏਨਾ ਚਿਰ ਤੇ ਏਨਾ ਖੁੱਲ੍ਹ ਕੇ ਹੁੰਦਾ ਰਿਹਾ ਸੀ ਕਿ ਏਧਰ ਆ ਕੇ ਕੋਈ ਕੰਮ-ਟਪਾਊ ਤਜਰਬਾ ਕਾਮਯਾਬ ਨਾ ਹੋਇਆ। ਪੰਜਾਬੀ-ਹਿਤੈਸ਼ੀ ਪਾਰਟੀਆਂ ਨੇ ਮੋਰਚਾ ਲਾ ਕੇ ਹਜ਼ਾਰਾਂ ਬੰਦੇ ਜੇਲ੍ਹਾਂ ਵਿਚ ਭੇਜੇ। ਅਖ਼ੀਰ ਭਾਰਤੀ ਪੰਜਾਬ ਨੂੰ ਕੱਟ ਵੱਢ ਕੇ ਤਿੰਨ ਵੱਖ ਵੱਖ ਰਾਜਾਂ—ਪੰਜਾਬ, ਹਰਿਆਣੇ ਤੇ ਹਿਮਾਚਲ ਵਿਚ ਵੰਡ ਦਿੱਤਾ ਗਿਆ। ਹਰਿਆਣਾ ਤੇ ਹਿਮਾਚਲ ਨੇ ਆਪਣੇ ਇਲਾਕਿਆਂ ਵਿਚ ਦੂਜੀ ਭਾਸ਼ਾ ਵਜੋਂ ਪੜ੍ਹਾਈ ਜਾ ਰਹੀ ਪੰਜਾਬੀ ਵਾਲੀ ਸਹੂਲਤ ਬੰਦ ਕਰ ਦਿੱਤੀ। ਰਾਤੋ-ਰਾਤ, ਨਵੇਂ ਰਾਜਾਂ ਦਾ ਰਵਈਆ, ਪੰਜਾਬ, ਪੰਜਾਬੀ ਤੇ ਪੰਜਾਬੀਅਤ ਤੇ ਖ਼ਾਸ ਕਰ ਕੇ ਸਿੱਖਾਂ ਵੱਲ, ਵੈਰ-ਭਾਵ ਵਿਚ ਬਦਲ ਗਿਆ। ਪਰ ਪੰਜਾਬ ਦੇ ਅੰਦਰ ਸ. ਲਛਮਣ ਸਿੰਘ ਗਿੱਲ ਨੇ, ਆਪਣੀ ਥੁੜ-ਚਿਰੀ ਤੇ ਘੱਟ ਮੈਂਬਰੀ ਚੀਫ਼ ਮਿਨਿਸਟਰੀ ਦੇ ਦੌਰਾਨ, ਪੰਜਾਬ ਦੀ ਆਪਣੀ ਦੇਸੀ ਲੋਕ-ਬੋਲੀ ਪੰਜਾਬੀ ਨੂੰ, ਪੰਜਾਬ ਦੇ ਲੰਮੇ ਇਤਿਹਾਸ ਵਿਚ ਪਹਿਲੀ ਵਾਰੀ, ਪੰਜਾਬ ਦੀ ਸਰਕਾਰੀ ਭਾਸ਼ਾ ਬਣਾ ਕੇ ਇਕ ਅਜਿਹਾ ਦੈਂਤ-ਧੱਕਾ ਦਿੱਤਾ ਕਿ ਸਰਕਾਰ ਦਾ ਕੰਮ-ਕਾਜ ਇਕਦਮ ਪੰਜਾਬੀ ਵਿਚ ਹੋਣ ਲੱਗ ਪਿਆ। ਇਕ ਨਾਢੂ ਖ਼ਾਨ ਸਕੱਤਰ ਵੱਲੋਂ [illegible] ਫ਼ਾਈਲ ਜਦੋਂ ਉਸ ਦੇ ਮੂੰਹ ਉੱਤੇ ਵੱਜੀ [illegible]

WWW.SIKHBOOKCLUB.COM 

ਅਗਲੇ ਦਿਨ ਸੌ ਫ਼ੀ ਸਦੀ ਫ਼ਾਈਲਾਂ ਪੰਜਾਬੀ ਵਿਚ ਆਉਣੀਆਂ ਸ਼ੁਰੂ ਹੋ ਗਈਆਂ। ਛੋਟੇ-ਵੱਡੇ ਸਾਰੇ ਸਰਕਾਰੀ ਕਰਮਚਾਰੀ ਸਿੱਧੀ ਲੀਕ ਵਿਚ ਖੜੇ ਹੋ ਗਏ।

ਇਸੇ ਤੇਜ਼ੀ ਨਾਲ ਬੱਚਿਆਂ ਦੀ ਸਿੱਖਿਆ ਸ਼ੁਰੂ ਤੋਂ ਪੰਜਾਬੀ ਵਿਚ ਹੋਣ ਲੱਗ ਪਈ ਤੇ ਸਿੱਖਿਆ ਦੇ ਮਾਧਿਅਮ ਵਜੋਂ ਵੀ ਪੰਜਾਬੀ ਦੀ ਵਰਤੋਂ ਸ਼ੁਰੂ ਹੋ ਗਈ। ਸਰਕਾਰੀ ਮਾਹੌਲ ਵਿਚ 'ਪੰਜਾਬੀ', 'ਪੰਜਾਬੀ' ਦੀ ਦੋਹੀ ਫਿਰ ਗਈ। ਵੱਡੇ ਵੱਡੇ ਅਫ਼ਸਰ ਅੰਗਰੇਜ਼ੀ ਤੇ ਹਿੰਦੀ ਦੀ ਵਰਤੋਂ ਨਾਲ ਜੁੜੇ ਰਸੂਖ਼ ਨੂੰ ਭੁੱਲ-ਭੁਲਾ ਗਏ। ਗੱਲ ਕੀ, ਲੱਗਣ ਲੱਗ ਪਿਆ ਕਿ ਪੰਜਾਬੀ ਦੇ ਦਿਨ ਫਿਰ ਚੱਲੇ ਹਨ, ਪਰ ਸ. ਲਛਮਣ ਸਿੰਘ ਗਿੱਲ ਦੇ ਗੱਦੀਓਂ ਲੱਥਣ ਦੀ ਦੇਰ ਸੀ ਕਿ ਅੰਗਰੇਜ਼ੀ ਮਾਧਿਅਮ ਦੀ ਵਰਤੋਂ ਵਿਚ ਕੁਸ਼ਲ ਨੌਕਰਸ਼ਾਹੀ, ਅਵੇਸਲੀ ਹੋਣ ਲੱਗ ਪਈ ਤੇ ਪੰਜਾਬੀ ਨਾਲ ਲਛਮਣ ਸਿੰਘੀ ਪਕੜ ਨਾ ਰੱਖਣ ਵਾਲੇ ਵਜ਼ੀਰਾਂ ਦੀ ਵੇਖ-ਕੇ-ਅਣਡਿੱਠ-ਕਰਨ ਦੀ ਰੁੱਚੀ ਦਾ ਲਾਭ ਉਠਾ ਕੇ ਅਤੇ ਕੁੱਝ ਹੋਰ ਵਜ਼ੀਰਾਂ ਦੀ ਮੂਕ ਸ਼ਹਿ ਨਾਲ, ਸਕੱਤਰੇਤੀ ਪੱਧਰ ਉੱਤੇ ਅੰਗਰੇਜ਼ੀ ਦਾ ਚੁਧਰੰਮਾ ਫੇਰ ਜ਼ੋਰ ਫੜਨ ਲੱਗ ਪਿਆ।

ਉਧਰ, ਕੇਂਦਰੀ ਸਰਕਾਰ ਦੇ ਆਗੂਆਂ ਨੇ, ਕਾਗ਼ਜ਼ਾਂ ਵਿਚ, ਹਿੰਦੀ ਭਾਸ਼ਾ ਨੂੰ ਅੰਗਰੇਜ਼ੀ ਦੇ ਬਰਾਬਰ ਦਾ ਦਰਜਾ ਦੇਣ ਤੇ ਮਿੱਥੇ ਸਮੇਂ ਦੇ ਅੰਦਰ ਅੰਦਰ ਅੰਗਰੇਜ਼ੀ ਦੀ ਥਾਂ ਹਿੰਦੀ ਨੂੰ ਸਥਾਪਿਤ ਕਰਨ ਦੇ ਛਣਕਣੇ ਫੜਾ ਕੇ, ਜਨਤਾ ਨੂੰ ਕਈ ਚੋਣਾਂ ਵਿਚ ਬੁੱਧੂ ਬਣਾਈ ਰੱਖਿਆ। ਹਿੰਦੀ ਦੇ ਮੁਦਈ ਰੋ-ਧੋ ਕੇ ਏਨੀ ਗੱਲ ਉੱਤੇ ਹੀ ਖ਼ੁਸ਼ ਹੋ ਗਏ ਕਿ ਚਲੋ, ਦੇਸ ਦੇ ਰਾਜ-ਭਾਗ ਦੀ ਵਾਗਡੋਰ ਤਾਂ ਹਿੰਦੀ-ਭਾਸ਼ੀ ਲੋਕਾਂ ਦੇ ਹੱਥ ਵਿਚ ਹੈ। ਕੇਂਦਰ ਵਿਚ ਅੰਗਰੇਜ਼ੀ ਦਾ ਛੱਪਾ ਕਾਇਮ ਰਿਹਾ। ਅਮਲੀ ਤੌਰ ਉੱਤੇ, ਅੰਤਰ-ਰਾਸ਼ਟਰੀ, ਅੰਤਰ-ਰਾਜੀ, ਰਾਜ-ਪ੍ਰਬੰਧਕ, ਉਚੇਰੀ ਸਿੱਖਿਆ ਨਾਲ ਸੰਬੰਧਿਤ ਖੇਤਰਾਂ ਵਿਚ ਅਤੇ ਸਾਇੰਸ, ਤਕਨਾਲੋਜੀ, ਪੇਸ਼ਾਵਰਾਨਾ ਕੋਰਸਾਂ, ਮੁਕਾਬਲੇ ਦੇ ਉਚੇਰੇ ਇਮਤਿਹਾਨਾਂ ਤੇ ਫ਼ੌਜੀ ਅਫ਼ਸਰਾਂ ਦੀ ਭਰਤੀ ਆਦਿ ਵਰਗੇ ਖੇਤਰਾਂ ਵਿਚ ਜਾਂ ਤਾਂ ਨਿਰੋਲ ਅੰਗਰੇਜ਼ੀ ਚਾਲੂ ਰਹੀ ਤੇ ਜਾਂ ਹਿੰਦੀ ਤੇ ਹੋਰ ਦੇਸੀ ਬੋਲੀਆਂ ਦੇ ਮੁਕਾਬਲੇ ਉੱਤੇ ਇਸ ਨੂੰ ਅਣਲਿਖੀ ਤਰਜੀਹ ਦਿੱਤੀ ਜਾਂਦੀ ਰਹੀ।

ਇਸ ਵਰਤਾਰੇ ਦਾ, ਭਾਸ਼ਾਵਾਂ ਦੇ ਆਧਾਰ ਉੱਤੇ ਬਣੇ ਕਈ ਰਾਜਾਂ ਉੱਤੇ, ਬੜਾ ਮਾਰੂ ਅਸਰ ਹੋਇਆ। ਮਸਲਨ, ਜਿਨ੍ਹਾਂ ਰਾਜਾਂ ਨੇ ਮੈਡੀਕਲ ਤੇ ਇੰਜੀਨੀਅਰਿੰਗ ਦੀ ਸਿੱਖਿਆ ਆਪਣੀਆਂ ਭਾਸ਼ਾਵਾਂ ਵਿਚ ਸ਼ੁਰੂ ਕਰ ਲਈ ਸੀ, ਉਨ੍ਹਾਂ ਵਿੱਚੋਂ ਕੁੱਝ ਨੂੰ ਮੁੜ ਅੰਗਰੇਜ਼ੀ ਮਾਧਿਅਮ ਵੱਲ ਪਰਤਣਾ ਪਿਆ। ਪ੍ਰਚਾਰ ਕੀਤਾ ਗਿਆ ਕਿ ਸਿਵਾਏ ਰਾਜਾਂ ਦੀਆਂ ਭਾਸ਼ਾਵਾਂ ਦੇ, ਬਾਕੀ ਸਾਰੇ ਮਜ਼ਮੂਨਾਂ ਦਾ ਖਪਤ-ਖੇਤਰ ਸਾਰਾ ਭਾਰਤ, ਬਲਕਿ ਸਾਰਾ ਸੰਸਾਰ ਹੈ, ਇਸ ਲਈ ਜੇ ਮਾਧਿਅਮ ਅੰਗਰੇਜ਼ੀ ਹੋਵੇ ਤਾਂ ਨੌਕਰੀਆਂ ਵਾਲਾ ਪਿੜ ਮੋਕਲਾ ਹੋਵੇਗਾ ਪਰ ਜੇ ਰਾਜ ਦੀ ਭਾਸ਼ਾ ਵਿਦਿਆਰਥੀ ਦੀ ਸਿੱਖਿਆ ਦਾ ਮਾਧਿਅਮ ਹੋਵੇ ਤਾਂ ਖਪਤ-ਖੇਤਰ ਬਹੁਤ ਸੁੰਗੜਿਆ ਹੋਇਆ ਰਹਿ ਜਾਵੇਗਾ। ਮਹਾਤਮਾ ਗਾਂਧੀ ਤੇ ਡਾ. ਜ਼ਾਕਿਰ ਹੁਸੈਨ ਤੋਂ ਲੈ ਕੇ ਡਾ. ਕੋਠਾਰੀ ਦੀ ਅਗਵਾਈ ਵਿਚ ਕਾਇਮ ਹੋਏ ਪਹਿਲੇ ਸਿੱਖਿਆ ਕਮਿਸ਼ਨ ਤੇ ਬਾਅਦ ਦੇ ਕਈ ਹੋਰ ਕਮਿਸ਼ਨਾਂ ਨੇ ਸਿੱਖਿਆ ਲਈ, ਜਿਹੜੇ ਫ਼ਤਵੇ ਮਾਂ-ਬੋਲੀਆਂ ਦੀ ਵਰਤੋਂ ਦੇ ਹੱਕ ਵਿਚ ਦਿੱਤੇ ਸਨ, ਉਨ੍ਹਾਂ ਨੂੰ ਅੰਗਰੇਜ਼ੀ ਮਾਧਿਅਮ ਰਾਹੀਂ ਪੜ੍ਹ ਕੇ ਆਈ ਨੌਕਰਸ਼ਾਹੀ ਤੇ ਦੋਗਲੇ ਸਿਆਸੀ ਆਗੂਆਂ ਨੇ ਛਿੱਕੇ ਉੱਤੇ ਟੰਗ ਛੱਡਿਆ। ਸਿੱਟੇ ਵਜੋਂ ਕੇਂਦਰ ਵਿਚ ਤਾਂ ਅੰਗਰੇਜ਼ੀ ਹੋਣੀ ਹੀ ਸੀ, ਰਾਜ-ਭਾਸ਼ਾਵਾਂ ਦੀ ਠੀਕ ਉੱਨਤੀ ਦੇ ਰਾਹ ਵਿਚ ਵੀ ਕਿਤੇ ਹਿੰਦੀ ਤੇ ਕਿਤੇ ਅੰਗਰੇਜ਼ੀ [illegible] ਹੋਣ ਲੱਗ ਪਈਆਂ।

WWW.SIKHBOOKCLUB.COM

ਕੋਈ ਸਮਾਂ ਸੀ, ਜਦੋਂ ਪੰਜਾਬ ਵਿਚ ਹਿੰਦੀ, ਪੰਜਾਬੀ ਦੀ ਸ਼ਰੀਕ ਬਣਨਾ ਚਾਹੁੰਦੀ ਸੀ (ਚੰਡੀਗੜ੍ਹ ਕੇਂਦਰੀ ਹਕੂਮਤ ਦੇ ਥੱਲੇ ਹੈ, ਇਸ ਲਈ ਪੰਜਾਬੀ-ਭਾਸ਼ੀ ਇਲਾਕਾ ਹੋਣ ਦੇ ਬਾਵਜੂਦ ਸਿੱਖਿਆ ਦੇ ਖੇਤਰ ਵਿਚ ਪੰਜਾਬੀ ਨੂੰ ਕਰੀਬ-ਕਰੀਬ ਕੱਢਿਆ ਹੀ ਜਾ ਚੁੱਕਾ ਹੈ)। ਪੰਜਾਬੀ-ਹਿਤੈਸ਼ੀ ਲੋਕ, ਹਿੰਦੀ ਦੇ ਹੱਲੇ ਤੋਂ ਬਚਣ ਲਈ ਪੰਜਾਬੀ ਦੀ ਵਾੜਬੰਦੀ ਲਈ ਵੱਡੀਆਂ ਵੱਡੀਆਂ ਕਾਨਫ਼ਰੰਸਾਂ ਕਰਿਆ ਕਰਦੇ ਸਨ, ਪਰ ਬਹੁਤ ਘੱਟ ਪੰਜਾਬੀ ਵਿਦਵਾਨਾਂ ਨੂੰ ਵੇਲੇ ਸਿਰ ਇਹ ਸਮਝ ਆਈ ਕਿ ਜਿਹੜੀ ਅੰਗਰੇਜ਼ੀ ਉਚੇਰੀ ਤੇ ਪੇਸ਼ਾਵਰਾਨਾ ਵਿਦਿਆ ਤੇ ਉਚੇਰੇ ਮੁਕਾਬਲੇ ਦੇ ਇਮਤਿਹਾਨਾਂ ਵਿਚ ਮਾਧਿਅਮ ਵਜੋਂ ਪਥੱਲਾ ਮਾਰ ਕੇ ਡਟੀ ਬੈਠੀ ਹੈ, ਉਹ ਕਿਸੇ ਦਿਨ ਸਕੂਲ ਦੀਆਂ ਹੇਠਲੀਆਂ ਸ਼੍ਰੇਣੀਆਂ ਉੱਤੇ ਵੀ ਆਪਣਾ ਹੱਕ-ਸ਼ੁਫ਼ਾ ਜਮਾ ਲਏਗੀ।

ਹੁਣ ਪੰਜਾਬ ਵਿਚ ਪੰਜਾਬੀ ਦੀ ਹਾਲਤ ਇਹ ਹੈ ਕਿ ਉੱਪਰੋਂ ਪੰਜਾਬੀ ਦਾ ਲਛਮਣ ਸਿੰਘੀ ਢਾਂਚਾ ਕਾਇਮ ਹੈ, ਹਰ ਪੱਧਰ ਉੱਤੇ ਸਰਕਾਰ ਦੀ ਐਲਾਨੀ ਹੋਈ ਭਾਸ਼ਾ ਪੰਜਾਬੀ ਹੈ, ਪਰ ਪਿਛਲੇ ਵੀਹ-ਪੰਝੀ ਸਾਲਾਂ ਤੋਂ ਕੇਂਦਰੀ ਪੰਜਾਬੀ ਲੇਖਕ ਸਭਾ ਤੇ ਹੋਰ ਪੰਜਾਬੀ ਦੀਆਂ ਸਭਾਵਾਂ ਲਗਾਤਾਰ ਮਤੇ ਪਾਸ ਕਰਦੀਆਂ ਆਈਆਂ ਹਨ ਕਿ ਉਚੇਰੀ ਸਕੱਤਰੇਤੀ ਤੇ ਵਜ਼ਾਰਤੀ ਪੱਧਰ ਉੱਤੇ ਪੰਜਾਬੀ ਦੀ ਪੂਰੀ ਵਰਤੋਂ ਨਹੀਂ ਹੋ ਰਹੀ, ਇਸ ਲਈ ਉਲੰਘਣਾ ਕਰਨ ਵਾਲਿਆਂ ਨੂੰ ਸਜ਼ਾ ਦੇਣ ਦਾ ਪ੍ਰਬੰਧ ਕੀਤਾ ਜਾਏ। ਸਰਕਾਰੀ ਸਕੂਲਾਂ ਵਿਚ ਪ੍ਰਾਇਮਰੀ ਤੋਂ ਹਾਇਰ ਸੈਕੰਡਰੀ ਤਕ ਪੰਜਾਬੀ ਵਿਸ਼ੇ ਵਜੋਂ ਵੀ ਪੜ੍ਹਾਈ ਜਾਂਦੀ ਹੈ ਤੇ ਮਾਧਿਅਮ ਵਜੋਂ ਵੀ ਵਰਤੀ ਜਾਂਦੀ ਹੈ, ਪਰ 1981 ਵਿਚ ਪੰਜਾਬ ਸਕੂਲ ਐਜੂਕੇਸ਼ਨ ਬੋਰਡ, ਮੁਹਾਲੀ ਨੇ ਪੰਜਾਬੀ ਦੇ ਪੰਜਵੀਂ ਜਮਾਤ ਦੇ ਕੋਈ ਸਾਢੇ ਚਾਰ ਹਜ਼ਾਰ ਬੱਚਿਆਂ ਦਾ ਇਮਤਿਹਾਨ ਲਿਆ ਤਾਂ ਤਕਰੀਬਨ 82% ਬੱਚੇ ਪੰਜਾਬੀ ਵਿਚ ਫ਼ੇਲ੍ਹ ਨਿਕਲੇ! ਅੱਜ ਦੀ ਹਾਲਤ ਸ਼ਾਇਦ ਹੀ 1980 ਤੋਂ ਬਿਹਤਰ ਹੋਵੇ। ਇਸੇ ਸਾਲ 1998 ਵਿਚ, ਪੰਜਾਬ ਸਰਕਾਰ ਨੇ ਇਕ ਨਵਾਂ ਫ਼ੈਸਲਾ ਲਿਆ ਹੈ ਕਿ ਪਹਿਲੀ ਜਮਾਤ ਤੋਂ ਅੰਗਰੇਜ਼ੀ ਵੀ ਚਾਲੂ ਕੀਤੀ ਜਾਵੇਗੀ। ਕੇਂਦਰੀ ਪੰਜਾਬੀ ਲੇਖਕ ਸਭਾ ਤੇ ਪੰਜਾਬੀ ਸਾਹਿੱਤ ਅਕਾਡਮੀ ਨੇ ਇਸ ਦੇ ਵਿਰੋਧ ਵਿਚ ਮਤੇ ਪਾਸ ਕੀਤੇ ਹਨ। ਮੈਨੂੰ ਯਕੀਨ ਹੈ ਕਿ ਇਹ ਫ਼ੈਸਲਾ ਪ੍ਰਾਇਮਰੀ ਵਿਚ ਅੱਗੇ ਹੀ ਰੋਲੀ ਜਾ ਰਹੀ ਪੰਜਾਬੀ ਨੂੰ ਹੋਰ ਨੁਕਸਾਨ ਪੁਚਾਵੇਗਾ।

ਪੰਜਾਬ ਵਿਚ ਪੰਜਾਬੀ ਕਿਤਾਬਾਂ ਅੱਗੇ ਨਾਲੋਂ ਵੱਧ ਛਪਦੀਆਂ ਤੇ ਘੱਟ ਵਿਕਦੀਆਂ ਹਨ। ਨਵਯੁਗ ਪਬਲਿਸ਼ਰਜ਼ ਨੇ ਨਾਨਕ ਸਿੰਘ ਨਾਵਲਿਸਟ ਦੀ ਸਾਰੀ ਰਚਨਾ ਦਸ ਖ਼ੂਬਸੂਰਤ ਜਿਲਦਾਂ ਵਿਚ ਛਾਪੀ ਹੈ। ਬਹੁਤ ਗੰਭੀਰ ਵਿਸ਼ਿਆਂ ਉੱਤੇ ਵੀ ਕਿਤਾਬਾਂ ਛਪਣ ਲੱਗ ਪਈਆਂ ਹਨ। ਬੜੇ ਖ਼ੂਬਸੂਰਤ ਉੱਚ ਪਾਏ ਦੇ ਰਿਸਾਲੇ ਛਪਦੇ ਤੇ ਵਿਕਦੇ ਹਨ। ਲੇਖਕਾਂ ਦੀ ਗਿਣਤੀ ਤੇ ਕੁਆਲਿਟੀ ਵਿਚ ਢੇਰ ਵਾਧਾ ਹੋਇਆ ਹੈ। ਖ਼ੈਰ, ਜਿਵੇਂ ਵੀ ਹੈ, ਭਾਰਤੀ ਪੰਜਾਬ ਵਿਚ ਪੰਜਾਬੀ ਦੀ ਹਾਲਤ, ਪਾਕਿਸਤਾਨੀ ਪੰਜਾਬ ਵਿਚ ਇਸ ਦੀ ਹਾਲਤ ਨਾਲੋਂ ਬੇਹੱਦ ਅੱਛੀ ਹੈ ਤੇ ਜੇ ਹਾਲਾਤ ਜ਼ਰਾ ਜਿੰਨੇ ਵੀ ਸਾਜ਼ਗਾਰ ਹੋਏ ਤਾਂ ਇਸ ਨੇ ਛਾਲਾਂ ਮਾਰ ਕੇ ਅੱਗੇ ਵਧਣਾ ਹੈ, ਪਿੱਛੇ ਕਿਸੇ ਹਾਲਤ ਵਿਚ ਨਹੀਂ ਜਾਏਗੀ।

## 5

ਪੰਜਾਬ ਵਿਚ ਗ਼ੈਰ-ਪੰਜਾਬੀ ਭਾਸ਼ਾਵਾਂ, ਜਿਵੇਂ ਅੰਗਰੇਜ਼ੀ, ਉਰਦੂ ਜਾਂ ਹਿੰਦੀ ਦੇ ਮੁਕਾਬਲੇ ਉੱਤੇ ਆਪਣੀ ਭਾਸ਼ਾ ਪੰਜਾਬੀ ਨਾਲ ਖ਼ੁਦ ਪੰਜਾਬੀਆਂ ਵੱਲੋਂ ਕੀਤੇ ਜਾ ਰਹੇ ਚੌਥੇ ਪੌੜੇ ਵਾਲੇ ਸਲੂਕ ਨੂੰ ਮੈਂ ਹਜ਼ਾਰ ਵਰ੍ਹੇ ਤੋਂ ਉੱਪਰ ਦੀ ਪੱਕ ਚੁਕੀ ਗ਼ੁਲਾਮਾਨਾ ਜ਼ਿਹਨੀਅਤ ਦਾ ਨਤੀਜਾ

WWW.SIKHBOOKCLUB.COM

ਦੱਸਿਆ ਹੈ ਤੇ ਲੱਗਦੇ ਹੱਥ, ਪੰਜਾਬ ਸਰਕਾਰ ਵੱਲੋਂ ਪ੍ਰਾਇਮਰੀ ਸਕੂਲਾਂ ਤੋਂ ਲਾਗੂ ਕੀਤੇ ਜਾ ਰਹੇ ਅੰਗਰੇਜ਼ੀ-ਨਵਾਜ਼ ਤੋਤਾ-ਫ਼ਾਰਮੂਲੇ ਨੂੰ ਵੀ ਇਸੇ ਦਾਸ-ਬਿਰਤੀ ਦਾ ਹੀ ਇਕ ਵਾਧਰਾ ਮੰਨਿਆ ਹੈ। ਇਉਂ ਕਰ ਕੇ, ਮੈਂ ਆਰੰਭ ਵਿਚ ਜਿਨ੍ਹਾ ਦੋ ਮਜ਼ਮੂਨਾਂ ਨੂੰ, ਇਸ ਭੂਮਿਕਾ ਵਿਚ ਉਚੇਚੇ ਤੌਰ ਉੱਤੇ, ਵਿਚਾਰ-ਅਧੀਨ ਲਿਆਉਣ ਦਾ ਬਚਨ ਦਿੱਤਾ ਸੀ, ਉਨ੍ਹਾ ਵਿੱਚੋਂ ਇਕ ਪੂਰਾ ਕਰ ਦਿੱਤਾ ਹੈ। ਦੂਜਾ ਮਜ਼ਮੂਨ ਹੈ—ਮੇਰਾ ਪੰਜਾਬ ਦਾ ਸੰਕਲਪ। ਉਂਜ ਤਾਂ ਇਸ ਕਿਤਾਬ ਦਾ ਸਿਰਨਾਵਾਂ ਹੀ 'ਪੰਜਾਬ' ਸ਼ਬਦ ਨਾਲ ਸ਼ੁਰੂ ਹੁੰਦਾ ਹੈ, ਪਰ ਕਿਤਾਬ ਦੇ ਅੰਦਰਵਾਰ ਮੇਰੇ ਅੰਦਰ ਵੱਸਦੇ ਪੰਜਾਬ ਦੀ ਨਿਸਚਿਤ ਰੇਖਾਬੰਦੀ ਕਿਤੇ ਨਹੀਂ ਹੋਈ। ਭੂਮਿਕਾ ਦੇ ਇਸ ਭਾਗ ਵਿਚ ਮੈਂ ਇਹ ਉਕਾਈ ਦੂਰ ਕਰਨੀ ਹੈ, ਪਰ ਇਕ ਗੱਲ, ਜੋ ਉਂਜ ਤਾਂ ਸਪਸ਼ਟ ਹੀ ਹੈ, ਫੇਰ ਵੀ ਖੋਲ੍ਹ ਕੇ ਦੱਸ ਦੇਣੀ ਚਾਹੁੰਦਾ ਹਾਂ ਕਿ ਮੇਰਾ ਪੱਕਾ ਟਿਕਾਣਾ ਕਿਉਂਕਿ ਭਾਰਤੀ ਪੰਜਾਬ ਵਿਚ ਹੈ, ਇਸ ਲਈ ਇਸ ਸੰਕਲਨ ਵਿਚ ਇਸੇ ਪੰਜਾਬ ਤੇ ਇਸੇ ਦੀ ਪੰਜਾਬੀ ਦੀ ਜ਼ਿਆਦਾ ਚਰਚਾ ਕੀਤੀ ਮਿਲੇਗੀ। ਆਸ ਹੈ, ਭਾਰਤੀ ਪੰਜਾਬ ਨਾਲ ਮੇਰੇ ਇਸ ਸਰੋਕਾਰ ਨੂੰ ਮੇਰੀ ਮਜਬੂਰੀ ਸਮਝਿਆ ਜਾਏਗਾ ਨਾ ਕਿ ਮੇਰੇ ਕਲਪੇ ਪੰਜਾਬ ਦੇ ਚੌਖਟੇ ਨੂੰ ਨਿਸਚਿਤ ਕਰਨ ਵਾਲੀ ਦਸਤਾਵੇਜ਼ੀ ਸਾਮਗਰੀ। ਮੇਰਾ ਪੰਜਾਬ, ਸਰਕਾਰੀ ਪੰਜਾਬਾਂ ਦੀ ਤਰ੍ਹਾਂ, ਭੂਗੋਲਿਕ ਇਕਾਈ ਤਾਂ ਬੇਸ਼ਕ ਹੈ, ਪਰ ਮੈਂ ਆਪਣੇ ਇਸ ਪੰਜਾਬ ਦੀਆਂ ਸਰਹੱਦਾਂ ਦਾ ਨਿਰਣਾ ਇਕ ਜਾਂ ਦੂਜੇ ਰਾਸ਼ਟਰ ਦੇ ਨਕਸ਼ਿਆਂ ਪਾਸੋਂ ਨਹੀਂ ਕਰਾਉਂਦਾ, ਕਿਉਂਕਿ ਉਨ੍ਹਾਂ ਦੀਆਂ ਸਰਹੱਦਾਂ ਸਿਆਸਤ ਦੀਆਂ ਵਾਹੀਆਂ ਹੋਈਆਂ ਹੁੰਦੀਆਂ ਹਨ। ਸਿਆਸੀ ਸੌਦੇਬਾਜ਼ਾਂ ਦੀ ਥਾਂ ਮੈਂ ਆਪਣੀ ਕਲਮ ਭਾਸ਼ਾ-ਵਿਗਿਆਨੀਆਂ ਦੇ ਹੱਥ ਫੜਾਉਣ ਲੱਗਾ ਹਾਂ ਤੇ ਜਿੱਥੇ ਕੋਈ ਭਾਸ਼ਾ-ਵਿਗਿਆਨੀ ਨਹੀਂ ਲੱਭਾ, ਓਥੇ ਜਾਣਕਾਰ ਵਿਦਵਾਨਾਂ ਵੱਲੋਂ ਜੁਟਾਈ ਸੂਚਨਾ ਪਰਵਾਨ ਕਰ ਲਈ ਹੈ। ਹੁਣ ਤਕ ਮੇਰੀ ਆਦਤ ਰਹੀ ਹੈ, ਪੰਜਾਬੀ ਤੇ ਉਸ ਦੀਆਂ ਉਪ-ਭਾਸ਼ਾਵਾਂ ਦੀ ਗੱਲ ਕਰਨ ਦੀ ਪਰ ਮੇਰੇ ਮਿੱਤਰ ਪ੍ਰੋ. ਉੱਜਲ ਸਿੰਘ ਬਾਹਰੀ ਦਾ ਸੁਝਾ ਹੈ ਕਿ ਮੈਂ ਉਪ-ਭਾਸ਼ਾਵਾਂ ਵਾਲੇ ਜਿੱਲ੍ਹਣ ਵਿੱਚੋਂ ਨਿਕਲ ਕੇ 'ਭਾਸ਼ਾਵਾਂ ਦੇ ਪੰਜਾਬੀ ਪਰਿਵਾਰ ਜਾਂ ਸਮੂਹ' ਦੀ ਗੱਲ ਕਰਨੀ ਸ਼ੁਰੂ ਕਰ ਲਵਾਂ। ਮੈਨੂੰ ਉਨ੍ਹਾਂ ਦੀ ਰਾਏ ਵਿਚ ਵਜ਼ਨ ਦਿੱਸਿਆ ਹੈ, ਇਸ ਲਈ ਮੈਂ ਇਹ ਰਾਏ ਪਰਵਾਨ ਕਰ ਲਈ ਹੈ। ਮੈਂ ਭਾਸ਼ਾਵਾ ਦੇ ਪੰਜਾਬੀ ਪਰਿਵਾਰ ਵਾਲੇ ਇਲਾਕੇ ਤੋਂ ਬਾਹਰਲੇ ਕਿਸੇ ਇਲਾਕੇ ਦੀ ਇਕ ਇੰਚ ਧਰਤੀ ਵੀ ਆਪਣੇ ਪੰਜਾਬ ਵਿਚ ਸ਼ਾਮਿਲ ਨਹੀਂ ਕਰਨਾ ਚਾਹੁੰਦਾ, ਪਰ ਨਾਲ ਹੀ ਇਹ ਵੀ ਨਹੀਂ ਚਾਹੁੰਦਾ ਕਿ ਇਸ ਪੰਜਾਬੀ ਭਾਸ਼ਾ-ਸਮੂਹ ਦੇ ਇਲਾਕੇ ਦਾ ਇਕ ਵੀ ਇੰਚ ਕਿਸੇ ਹੋਰ ਭਾਸ਼ਾ ਦੇ ਬੋਲਕਾਂ ਦੇ ਇਲਾਕੇ ਵਿਚ ਰਹੇ।

ਇਸ ਗੰਭੀਰ ਮਾਮਲੇ ਵਿਚ ਆਪਣੀ ਅਗਵਾਈ ਲਈ ਅਸੀਂ ਪਹਿਲਾਂ ਖੇਚਲ ਦੇਂਦੇ ਹਾਂ ਭਾਸ਼ਾ-ਵਿਗਿਆਨੀ ਡਾ. ਹਰਕੀਰਤ ਸਿੰਘ ਜੀ ਨੂੰ, ਜੋ ਆਪਣਾ ਕੰਮ ਸ਼ੁਰੂ ਕਰਨਾ ਚਾਹੁੰਦੇ ਹਨ, ਚੜ੍ਹਦੇ ਪੰਜਾਬ ਦੇ ਨਾਲ-ਲਗਦੇ ਸੂਬੇ ਹਰਿਆਣੇ ਤੋਂ :

> "....ਫ਼ਾਜ਼ਿਲਕਾ ਤੋਂ ਸਿਰਸਾ ਜਾਣ ਵਾਲੀ ਇਕ ਸੜਕ ਲੋਹਗੜ੍ਹ, ਗੁਰੂ ਸਰ, ਬਿੱਜੂਵਾਲੀ ਵਿੱਚੋਂ ਦੀ ਲੰਘਦੀ ਹੈ। ਜੇ ਇਸ ਸੜਕ ਉੱਤੇ ਡੱਬਵਾਲੀ ਤੋਂ ਚੱਲ ਕੇ ਸਿਰਸਾ, ਫ਼ਤਿਹਆਬਾਦ, ਭੂਨਾ, ਟੁਹਾਣਾ ਜਾਈਏ ਤਾਂ ਖੱਬੇ ਹੱਥ ਵੱਲ ਦਾ ਪੂਰਾ ਇਲਾਕਾ ਪੰਜਾਬੀ ਬੋਲਦਾ ਹੈ।" *(ਸਫ਼ਾ 7-8)*

> "....ਕਰਨਾਲ ਜ਼ਿਲ੍ਹੇ ਵਿਚ ਪੰਜਾਬੀ ਦੀ ਹੱਦ ਕੈਥਲ-ਪਹੇਵਾ ਦੇ ਨਾਲ ਨਾਲ ਹੀ ਇਸ ਤੋਂ ਅੱਗੇ ਜੇ ਪਹੇਵਾ ਨੂੰ ਸ਼ਾਹਬਾਦ ਮਾਰਕੰਡਾ ਨਾਲ ਮਿਲਾਉਣ

WWW.SIKHBOOKCLUB.COM

ਵਾਲੀ ਲਕੀਰ ਖਿੱਚੀ ਜਾਵੇ ਤਾਂ ਇਸ ਦੇ ਉੱਤਰ ਵੱਲ ਦਾ ਇਲਾਕਾ ਪੰਜਾਬੀ ਬੋਲਣ ਵਾਲਾ ਹੈ।" *(ਸਫ਼ਾ 9)*

"....ਜ਼ਿਲਾ ਅੰਬਾਲਾ ਦੇ ਪੰਜਾਬ ਨਾਲ ਲਗਦੇ ਕਾਫ਼ੀ ਇਲਾਕੇ ਵਿਚ ਪੰਜਾਬੀ ਦੀ ਉਪਬੋਲੀ ਪੁਆਧੀ ਬੋਲੀ ਜਾਂਦੀ ਹੈ। ਥਾਣਾ ਸਦਰ ਅੰਬਾਲਾ ਪੂਰਾ, ਸਬ-ਤਹਿਸੀਲ ਕਾਲਕਾ ਤੇ ਤਹਿਸੀਲ ਨਰਾਇਣਗੜ੍ਹ ਦਾ ਕੋਈ ਤੀਜਾ ਹਿੱਸਾ ਪੁਆਧੀ ਬੋਲਣ ਵਾਲਾ ਹੈ।"[3] *(ਸਫ਼ਾ 9)*

ਇਸ ਤੋਂ ਅੱਗੇ ਡਾ. ਹਰਕੀਰਤ ਸਿੰਘ ਆਪਣਾ ਰੁਖ ਚੰਡੀਗੜ੍ਹ ਵੱਲ ਮੋੜਦਿਆਂ ਲਿਖਦੇ ਹਨ :

"....(ਚੰਡੀਗੜ੍ਹ ਤੇ) ਇਸ ਦੇ ਚੁਫੇਰੇ ਵੱਸਦੇ ਪਿੰਡ ਭਾਵੇਂ ਉਹ ਅੱਜ ਪੰਜਾਬ ਵਿਚ ਹਨ ਜਾਂ ਹਰਿਆਣੇ ਜਾਂ ਹਿਮਾਚਲ ਵਿਚ, ਸਪਸ਼ਟ ਪੰਜਾਬੀ ਬੋਲਦੇ ਹਨ।"[4]

ਸਵਰਗਵਾਸੀ ਡਾ. ਵਿਸਵਾਨਾਥ ਤਿਵਾੜੀ, ਚੰਡੀਗੜ੍ਹ ਦੇ ਬੱਸ-ਅੱਡੇ ਤੇ ਸਿਨੇਮਾ-ਘਰਾਂ ਦੀਆਂ ਭੀੜਾਂ ਵਿੱਚੋਂ ਬਹੁਤ ਸਾਰੇ ਲੋਕਾਂ ਦੀ ਗੱਲ-ਬਾਤ ਟੇਪ ਰਿਕਾਰਡਰ ਵਿਚ ਭਰ ਕੇ, ਵਿਸ਼ਲੇਸ਼ਣ ਉਪਰੰਤ ਜਿਸ ਨਤੀਜੇ ਉੱਤੇ ਪਹੁੰਚੇ ਸਨ, ਉਹ ਵੀ ਡਾ. ਹਰਕੀਰਤ ਸਿੰਘ ਵਾਲਾ ਹੀ ਸੀ। *(ਵੇਖੋ, Language of Chandigarh, 1967)*

ਇਹ ਨਿਰਣਾ ਕਰ ਲੈਣ ਦੇ ਬਾਅਦ ਡਾ. ਹਰਕੀਰਤ ਸਿੰਘ ਚੜ੍ਹਦੇ ਹਨ, 'ਹਿਮਾਚਲ ਪ੍ਰਦੇਸ਼' ਦੇ ਪਹਾੜਾਂ ਉੱਤੇ ਤੇ ਫ਼ਰਮਾਉਂਦੇ ਹਨ :

"....ਇਸ ਦੇ ਪੂਰੇ ਜ਼ਿਲਾ ਕਾਂਗੜਾ ਤੇ ਕੋਈ ਤੀਜਾ ਹਿੱਸਾ ਜ਼ਿਲਾ ਚੰਬਾ ਦੀ ਬੋਲੀ ਪੰਜਾਬੀ ਹੈ।" *(ਸਫ਼ਾ 11)*

"....ਮੰਡੀ ਦੀ ਭਾਸ਼ਾ ਦਾ ਕਾਂਗੜੀ ਨਾਲੋਂ ਕੋਈ ਵਜ਼ਨੀ ਫ਼ਰਕ ਨਹੀਂ। ਕਾਂਗੜੀ ਵਾਂਗ ਇਹ ਵੀ ਪੰਜਾਬੀ ਹੀ ਹੈ। ਕਹਿਲੂਰ, ਬਿਲਾਸਪੁਰ, ਨਾਲਾਗੜ੍ਹ ਦੇ ਇਲਾਕਿਆਂ ਦੀ ਭਾਸ਼ਾ ਵੀ ਨਿਰਸੰਦੇਹ ਪੰਜਾਬੀ ਹੈ। ਸ਼ਿਮਲੇ ਨੂੰ ਪੰਜਾਬੀ ਖੇਤਰ 'ਚੋਂ ਬਾਹਰ ਕੱਢਣਾ ਵਿਗਿਆਨਿਕ ਪੱਖ ਤੋਂ ਸੰਭਵ ਨਹੀਂ।"[5]

'ਹਿਮਾਚਲ' ਤੋਂ ਬਾਅਦ ਵਾਰੀ ਆਉਂਦੀ ਹੈ 'ਜੰਮੂ-ਕਸ਼ਮੀਰ' ਦੀ। ਏਥੇ ਸਾਡੀ ਉਂਗਲ ਫੜਦੇ ਹਨ ਇਕ ਹੋਰ ਭਾਸ਼ਾ-ਵਿਗਿਆਨੀ ਪ੍ਰੋ. ਉੱਜਲ ਸਿੰਘ ਬਾਹਰੀ। ਇਨ੍ਹਾਂ ਨੇ ਪੁਣਛੀ ਤੇ ਡੋਗਰੀ ਉੱਤੇ ਡੂੰਘੀ ਖੋਜ ਕੀਤੀ ਹੋਈ ਹੈ। ਉਹ ਕਹਿੰਦੇ ਹਨ :

"ਪੁਣਛੀ ਅਤੇ ਡੋਗਰੀ, ਜੰਮੂ ਕਸ਼ਮੀਰ ਦੇ ਜੰਮੂ ਪ੍ਰਾਂਤ ਦੀਆਂ ਪ੍ਰਮੁਖ ਪਹਾੜੀ ਬੋਲੀਆਂ ਹਨ, ਜਿਨ੍ਹਾਂ ਦਾ ਸਾਂਝਾ ਸੰਬੰਧ ਪੰਜਾਬੀ ਭਾਸ਼ਾ ਨਾਲ, ਭਾਸ਼ਾ ਅਤੇ

---

3. ਵੇਖੋ, *ਪੰਜਾਬੀ ਦੀਆਂ ਹੱਦਾਂ* (ਪੈਂਫਲਿਟ), 1971, ਅੰਮ੍ਰਿਤਸਰ, ਪੰਜਾਬੀ ਭਾਸ਼ਾ ਕਨਵੈਨਸ਼ਨ (ਇਹ ਪੇਪਰ 24-1-1971 ਨੂੰ ਸੱਤਵੀਂ ਭਾਸ਼ਾ ਕਨਵੈਨਸ਼ਨ, ਅੰਮ੍ਰਿਤਸਰ ਵਿਚ ਵਿਚਾਰਿਆ ਗਿਆ ਸੀ)।
4. ਉਹੀ, ਸਫ਼ਾ 10.
5. ਉਹੀ

WWW.SIKHBOOKCLUB.COM

ਉਪਭਾਸ਼ਾ ਵਾਲਾ ਹੈ।"[6]

ਤੇ ਇਹ ਕਹਿ ਕੇ ਪਹਿਲਾਂ ਪੁਣਛੀ ਦੇ ਖੇਤਰ-ਖਿਲਾਰ ਬਾਰੇ ਇਉਂ ਦੱਸਣਾ ਸ਼ੁਰੂ ਕਰਦੇ ਹਨ :

> "ਪੁਣਛੀ ਬੋਲੀ, ਝਨਾਂ ਅਤੇ ਜਿਹਲਮ ਦਰਿਆ ਵਿਚਕਾਰਲੇ ਪਹਾੜੀ ਇਲਾਕੇ ਵਿਚ ਬੋਲੀ ਜਾਂਦੀ 'ਚਿਭਾਲੀ' ਬੋਲੀ ਦਾ ਪਹਾੜੀ ਉਪ-ਰੂਪ ਹੈ। 'ਚਿਭਾਲੀ' ਦੀਆਂ ਦੋ ਪ੍ਰਚਲਿਤ ਸ਼ੈਲੀਆਂ ਹਨ; ਇਨ੍ਹਾਂ ਵਿੱਚੋਂ ਇਕ ਨੂੰ ਅਸੀਂ 'ਪੁਣਛੀ' ਕਹਿੰਦੇ ਹਾਂ ਅਤੇ ਇਕ ਨੂੰ 'ਪਹਾੜੀ' ...'ਚਿਭਾਲੀ' ਦਾ ਖੇਤਰ, ਅਖਨੂਰ ਤੋਂ ਉੱਤਰ-ਪੱਛਮ ਵੱਲ ਸਿੱਧੇ ਚਲਦਿਆਂ ਨੌਸ਼ਹਿਰਾ, ਰਾਜੌਰੀ (ਭਿੰਬਰ, ਮੀਰਪੁਰ ਅਤੇ ਮੁਜ਼ੱਫ਼ਰਾਬਾਦ ਪਾਕਿਸਤਾਨ ਅਧਿਕ੍ਰਿਤ ਇਲਾਕਾ), ਉੜੀ ਅਤੇ ਪੁਣਛ ਜ਼ਿਲੇ ਦੇ (ਸਮੇਤ ਆਪਣੀਆਂ ਦੋ ਪਾਕਿਸਤਾਨ ਅਧਿਕ੍ਰਿਤ ਤਹਿਸੀਲਾਂ ਬਾਗ ਅਤੇ ਸੁਧਨੋਤੀ) ਪਹਾੜੀ ਇਲਾਕੇ ਤੀਕ ਹੈ। ਪੁਣਛੀ ਜਾਂ ਪਹਾੜੀ ਦਾ ਪ੍ਰਸਾਰ ਖੇਤਰ, ਪੁਣਛ ਦੇ ਨਿਕਟਵਰਤੀ ਉੱਤਰ-ਪੱਛਮੀ ਅਤੇ ਦੱਖਣ-ਪੂਰਬੀ ਇਲਾਕੇ ਦਾ ਸਮੂਹ ਭਾਗ ਹੈ।"[7]

ਡੋਗਰੀ ਦੇ ਸੰਬੰਧ ਵਿਚ ਉਨ੍ਹਾਂ ਦਾ ਬਿਆਨ ਇਉਂ ਹੈ :

> "ਡੋਗਰੀ ਦਾ ਪ੍ਰਸਾਰ ਖੇਤਰ ਜੰਮੂ ਪ੍ਰਾਂਤ ਦੇ ਡੁੱਗਰ ਇਲਾਕੇ ਵਿਚ ਹੈ। ਪੂਰਬ ਵਿਚ ਰਾਵੀ ਦਰਿਆ ਤੋਂ ਲੈ ਕੇ ਪੱਛਮ ਵਿਚ ਚਨਾਬ ਤੀਕ ਹੈ। ਜੰਮੂ ਦੇ ਉੱਤਰ-ਪੱਛਮੀ ਇਲਾਕੇ ਵਿਚ ਇਸ ਦੀ ਸੀਮਾ 'ਰਿਆਸੀ' ਤਹਿਸੀਲ ਊਧਮਪੁਰ (ਚਨਹਿਣੀ ਸਮੇਤ), ਰਾਮ ਨਗਰ ਦੀਆਂ ਤਹਿਸੀਲਾਂ ਤੀਕ ਚਲੀ ਜਾਂਦੀ ਹੈ ਅਤੇ ਦੱਖਣ-ਪੂਰਬ ਵਿਚ ਬਸੋਹਲੀ, ਕਠੂਹਾ, ਸਾਂਬਾ, ਹੀਰਾ ਨਗਰ ਅਤੇ ਸਿਆਲਕੋਟ ਨਾਲ ਲਗਦੇ ਪੱਛਮੀ ਉੱਤਰੀ ਭਾਗ ਵਿਚ ਧੁਰ 'ਅਖਨੂਰ' ਤੇ 'ਸੁੰਦਰਬੰਨ੍ਹੀ' (ਸਮੇਤ ਕਾਲੀਧਾਰ, ਪੌਣੀ ਅਤੇ ਕਾਲਾਕੋਟ ਦਾ ਵਿਸ਼ਾਲ ਇਲਾਕਾ) ਤੀਕ ਚਲੀ ਜਾਂਦੀ ਹੈ। ਡੋਗਰੀ ਦੇ ਉੱਤਰੀ ਭਾਗ ਵਿਚ ਰਾਮਬਨੀ ਭਦਰਵਾਹੀ ਅਤੇ ਕਸ਼ਮੀਰੀ, ਕਿਸ਼ਤਵਾੜੀ ਆਦਿ ਬੋਲੀਆਂ ਹਨ; ਦੱਖਣ-ਪੂਰਬੀ ਭਾਗ ਵਿਚ, ਕਾਂਗੜੀ ਅਤੇ ਦੱਖਣ ਤੇ ਪੱਛਮ ਵੱਲ ਪਠਾਨਕੋਟ, ਗੁਰਦਾਸਪੁਰ; ਸਿਆਲਕੋਟ ਅਤੇ ਗੁਜਰਾਤ ਤੀਕ ਦਾ ਸਾਰਾ ਪੰਜਾਬੀ-ਬੋਲਦਾ ਇਲਾਕਾ ਡੋਗਰੀ-ਬੋਲਦੇ ਇਲਾਕੇ ਨਾਲ ਲਗਦਾ ਹੈ। ਧੁਰ ਪੱਛਮ-ਉੱਤਰੀ ਭਾਗ ਵਿਚ ਪੁਣਛੀ, ਚਿਭਾਲੀ ਆਦਿ ਪਹਾੜੀ ਬੋਲੀਆਂ ਹਨ। ਜੰਮੂ ਦੇ ਪੂਰਬੀ ਭਾਗ ਵੱਲ ਚੰਮਿਆਲੀ ਬੋਲੀ ਵਰਤੀ ਜਾਂਦੀ ਹੈ, ਜੋ ਪੰਜਾਬੀ ਦੇ ਠੇਠ ਰੂਪ ਅਤੇ ਕਾਂਗੜੀ ਦਾ ਮਿਲਗੋਭਾ ਜਿਹਾ ਹੈ। ਡੋਗਰੀ ਦਾ ਕੇਂਦਰੀ ਇਲਾਕਾ ਜੰਮੂ, ਅਖਨੂਰ, ਰਿਆਸੀ, ਊਧਮਪੁਰ, ਸਾਂਬਾ ਅਤੇ ਕਠੂਹਾ, ਆਦਿ ਦੀਆਂ ਤਹਿਸੀਲਾਂ ਹਨ।"[8]

---

6. ਉੱਜਲ ਸਿੰਘ ਬਾਹਰੀ ਤੇ ਡਾ. ਹਰਕੀਰਤ ਸਿੰਘ, *ਭਾਸ਼ਾ ਵਿਗਿਆਨ ਤੇ ਪੰਜਾਬੀ ਭਾਸ਼ਾ*, 1995, ਲੁਧਿਆਣਾ, ਲਾਹੌਰ ਬੁੱਕ ਸ਼ਾਪ, ਸਫ਼ਾ 183.
7. ਉਹੀ, ਸਫ਼ੇ 183-184.
8. ਉਹੀ, ਸਫ਼ੇ 184-185.

WWW.SIKHBOOKCLUB.COM 

ਵਾਘਿਓਂ ਪਾਰਲੇ ਇਲਾਕੇ ਦੀ ਜਿੰਨੀ ਕੁ ਸਾਰ ਉਪਰੋਕਤ ਬਿਆਨਾਂ ਵਿਚ ਲੈ ਲਈ ਗਈ ਹੈ, ਉਸ ਨੂੰ ਚਿੱਤ ਵਿਚ ਰੱਖ ਕੇ ਪਾਰ ਕਰਦੇ ਹਾਂ ਅੰਮ੍ਰਿਤਸਰ ਵਾਲੀ ਸਰਕਾਰੀ ਸਰਹੱਦ। ਟੱਪਦੇ ਸਾਰ ਪਾਕਿਸਤਾਨ ਦੇ ਲਾਹੌਰ ਜ਼ਿਲੇ ਦੇ ਇਲਾਕੇ ਵਿਚ ਦਾਖ਼ਲ ਹੋ ਜਾਈਦਾ ਹੈ। ਏਥੇ ਮੇਰੇ ਪਹਿਲੇ ਰਾਹ-ਦਸੇਰੇ ਹਨ ਪਾਕਿਸਤਾਨ ਦੇ ਪ੍ਰਸਿੱਧ ਅਦੀਬ ਜਨਾਬ ਅਹਿਮਦ ਨਦੀਮ ਕਾਸਿਮੀ। ਉਹ ਫ਼ਰਮਾਉਂਦੇ ਹਨ ਕਿ ਪਾਕਿਸਤਾਨ ਦਾ ਸਾਰਾ ਪੰਜਾਬ ਕਿਉਂਕਿ ਪੰਜਾਬੀ ਬੋਲਦਾ ਹੈ, ਇਸ ਲਈ ਬੇਧੜਕ ਤੁਰੇ ਆਓ ਮੀਆਂਵਾਲੀ ਤਕ। ਏਸ ਜ਼ਿਲੇ ਦੇ ਪੱਛਮ ਦੇ ਥੋੜੇ ਜਿਹੇ ਇਲਾਕੇ ਵਿਚ ਪਸ਼ਤੋ ਬੋਲਣ ਵਾਲੇ ਮੌਜੂਦ ਹਨ। ਅੱਗੋਂ ਸ਼ੁਰੂ ਹੋ ਜਾਂਦਾ ਹੈ ਸੂਬਾ ਸਰਹੱਦ। ਇਸ ਦਾ 'ਹਜ਼ਾਰਾ' ਨਾਂ ਵਾਲਾ ਸਾਰਾ ਇਲਾਕਾ ਪੰਜਾਬੀ ਬੋਲਣ ਵਾਲਾ ਹੈ। ਸਿੰਧ ਦੇ ਉੱਤਰ ਵਿਚ ਸਰਾਇਕੀ ਦੀ ਇਕ ਵੰਨਗੀ ਬੋਲੀ ਜਾਂਦੀ ਹੈ।[9]

ਇਲਿਆਸ ਘੁੰਮਣ ਦਾ ਨਾਂ ਪੰਜਾਬੀ ਕਹਾਣੀ ਤੇ ਪੱਤਰਕਾਰੀ ਦੇ ਖੇਤਰ ਵਿਚ ਦੂਹਾਂ ਪੰਜਾਬਾਂ ਵਿਚ ਕਾਫ਼ੀ ਉੱਘਾ ਹੈ। ਉਹ ਮੇਰੇ ਵੱਲ ਲਿਖੇ ਆਪਣੇ 2 ਅਪ੍ਰੈਲ, 1998 ਦੇ ਇਕ ਪੱਤਰ ਵਿਚ ਕੁੱਝ ਵਧੇਰੇ ਵੇਰਵਾ ਦੇਂਦੇ ਹਨ। ਭਾਵੇਂ ਪੁਣਛੀ ਬਾਰੇ ਪ੍ਰੋ. ਬਾਹਰੀ ਆਪਣੀ ਰਾਏ ਦੇ ਚੁੱਕੇ ਹਨ, ਫੇਰ ਵੀ ਇਕ ਪਾਕਿਸਤਾਨੀ ਦਾ ਬਿਆਨ, ਹੋਰ ਕੁੱਝ ਨਹੀਂ ਤਾਂ ਪ੍ਰੋੜ੍ਹਤਾ ਵਜੋਂ ਹੀ, ਏਥੇ ਦੇ ਦੇਣ ਦੇ ਜੋਗ ਸਮਝਦਾ ਹਾਂ। ਘੁੰਮਣ ਜੀ ਦੀ ਨਿਸ਼ਾਨਦੇਹੀ ਇਉਂ ਹੈ:

"ਸਾਰਾ ਪਾਕਿਸਤਾਨੀ ਪੰਜਾਬ ਪੰਜਾਬੀ ਬੋਲਦਾ ਹੈ। ਇਸ ਦੀਆਂ ਮੌਜੂਦਾ ਸਰਹੱਦਾਂ ਦੇ ਵਿਚ ਕੋਈ ਸਿੰਧੀ ਜਾਂ ਬਲੋਚੀ ਬੋਲਣ ਵਾਲਾ ਇਲਾਕਾ ਸ਼ਾਮਿਲ ਨਹੀਂ ਹੈ। ਹਾਂ, ਮੀਆਂਵਾਲੀ ਜ਼ਿਲੇ ਦੇ ਮੂਸਾ ਖ਼ੇਲ, ਦਾਊਦ ਖ਼ੇਲ ਤੇ ਈਸਾ ਖ਼ੇਲ ਕਸਬੇ ਤੇ ਉਨ੍ਹਾਂ ਦੇ ਨਾਲ ਲਗਦੇ ਕੁੱਝ ਪਿੰਡ ਪਸ਼ਤੋ ਬੋਲਣ ਵਾਲੇ ਹਨ ਤੇ ਜਾਂ ਫੇਰ ਜ਼ਿਲਾ 'ਅਟਕ' ਦੇ ਕਸਬਿਆਂ ਹਜ਼ਰੋ ਤੇ ਗੁਰਸ਼ਤੀਆਂ ਤੇ ਨਾਲ ਲਗਦੇ ਕੁੱਝ ਪਿੰਡਾਂ ਵਿਚ ਵੀ ਪਸ਼ਤੋ ਬੋਲੀ ਜਾਂਦੀ ਹੈ। ਇਸ ਦੇ ਉਲਟ ਪਾਕਿਸਤਾਨ ਦੇ ਦੂਜੇ ਸੂਬਿਆਂ ਵਿਚ ਪੰਜਾਬੀ ਬੋਲਣ ਵਾਲੇ ਇਲਾਕੇ ਸ਼ਾਮਿਲ ਹਨ, ਜਿਵੇਂ:

**ਸਿੰਧ**: ਜ਼ਿਲਾ ਜੈਕਬਾਬਾਦ, ਜ਼ਿਲਾ ਸੱਖਰ, ਜ਼ਿਲਾ ਖ਼ੈਰਪੁਰ, ਜ਼ਿਲਾ ਲਾੜਕਾਣਾ ਵਿਚ ਪੰਜਾਬੀ ਦੀ ਉਪ-ਬੋਲੀ ਮੁਲਤਾਨੀ ਜਾਂ ਸਰਾਇਕੀ ਬੋਲੀ ਜਾਂਦੀ ਹੈ।

**ਬਲੋਚਿਸਤਾਨ**: ਇਸ ਪ੍ਰਾਂਤ ਦੇ ਪੰਜ ਜ਼ਿਲਿਆਂ ਦੇ ਵਸਨੀਕ ਇੱਕੋ ਵੇਲੇ ਪੰਜਾਬੀ ਦੀ ਉਪ-ਬੋਲੀ ਮੁਲਤਾਨੀ ਜਾਂ ਸਰਾਇਕੀ ਤੇ ਬਲੋਚੀ ਭਾਸ਼ਾ ਬੋਲਦੇ ਹਨ: (1) ਨਸੀਰਾਬਾਦ, (2) ਕੱਛੀ, (3) ਸਿੱਬੀ, (4) ਡੇਰ ਬੁਗਟੀ, (5) ਕੋਹਲੂ।

**ਸੂਬਾ ਸਰਹੱਦ**: ਪੰਜਾਬੀਆਂ ਦੇ ਜੱਦੀ ਸ਼ਹਿਰ ਇਹ ਹਨ: (1) ਪਿਸ਼ਾਵਰ, (2) ਐਬਟਾਬਾਦ, (3) ਹਵੇਲੀਆਂ, (4) ਮਾਨਸਹਿਰਾ, (5) ਬਾਲਾਕੋਟ।

'ਹਿੰਦਕੋ' ਨਾਲ ਰਲਦੀ-ਮਿਲਦੀ ਪੰਜਾਬੀ ਉਪ-ਬੋਲੀ 'ਹਿੰਕੋ' ਪਹਾੜੀ ਵਾਦੀ 'ਕਾਗ਼ਾਨ' ਵਿਚ ਬੋਲੀ ਜਾਂਦੀ ਹੈ। ਇਹ ਬੋਲੀ ਬੋਲਣ ਵਾਲੇ ਕਾਗ਼ਾਨ, ਨਾਰਾਨ, ਬੱਟਰਸੀ, ਗੜ੍ਹੀ ਅਬਦੁੱਲਾ, ਜਰੇਦ ਜਿਹੇ ਕਸਬਿਆਂ ਅਤੇ ਨਾਲ ਦੇ ਪਹਾੜੀ ਗਰਾਵਾਂ ਵਿਚ ਰਹਿੰਦੇ ਹਨ।

ਪੰਜਾਬ ਦੇ ਪ੍ਰਸਿੱਧ ਪਹਾੜੀ ਸ਼ਹਿਰ ਮਰੀ ਤੋਂ ਨੇੜੇ ਦੇ ਕਸਬਿਆਂ ਨਥੀਆ ਗਲੀ,

9. ਵੇਖੋ ਰੋਜ਼ਨਾਮਾ *ਜੰਗ*, ਲਾਹੌਰ ਦੇ 13 ਨਵੰਬਰ, 1963 ਦੇ ਪਰਚੇ ਵਿਚ ਅਹਿਮਦ ਨਸੀਮ ਕਾਸਿਮੀ ਦਾ ਲੇਖ 'ਕੁਛ ਸ਼ੁਮਾਲੀ ਮਗ਼ਰਿਬੀ ਸੂਬੇ ਕੇ ਬਾਰੇ ਮੇਂ' ਜਿਸ ਦਾ ਉਤਾਰਾ ਮਾਹਵਾਰੀ *ਲਹਿਰਾਂ*, ਲਾਹੌਰ ਦੇ [illegible] ਦੇ ਅੰਕ ਵਿਚ ਛਪਿਆ ਮਿਲਦਾ ਹੈ।

WWW.SIKHBOOKCLUB.COM

ਅਜੁਬੀਆ ਆਦਿ ਸੂਬਾ ਸਰਹੱਦ ਵਿਚ ਸ਼ਾਮਿਲ ਹਨ, ਪਰ ਉੱਥੇ ਦੇ ਵਸਨੀਕ ਪੋਠੋਹਾਰੀ ਨਾਲ ਰਲਦੇ ਲਹਿਜੇ ਵਿਚ ਪੰਜਾਬੀ ਬੋਲਦੇ ਹਨ।

ਪੂਰੇ ਜਿਲਾ ਹਜ਼ਾਰਾ ਵਿਚ ਹਜ਼ਾਰਵੀ ਲਹਿਜੇ ਵਿਚ ਪੰਜਾਬੀ ਬੋਲੀ ਜਾਂਦੀ ਹੈ।

ਪੂਰੇ ਜਿਲਾ ਡੇਰਾ ਇਸਮਾਈਲ ਖ਼ਾਂ ਵਿਚ ਪੰਜਾਬੀ ਉਪ-ਬੋਲੀ ਜਾਂ ਸਰਾਇਕੀ ਬੋਲੀ ਜਾਂਦੀ ਹੈ।"

ਜਨਾਬ ਇਲਿਆਸ ਘੁੰਮਣ ਜੀ ਦੇ ਦੱਸੇ ਉਪਰੋਕਤ ਇਲਾਕਿਆਂ ਵਿੱਚੋਂ ਕੋਈ ਇਲਾਕਾ ਭਾਸਾ-ਵਿਗਿਆਨੀਆਂ ਅਨੁਸਾਰ ਪੰਜਾਬੀ-ਭਾਸ਼ੀ ਸਾਬਤ ਨਾ ਹੋਵੇ ਤਾਂ ਜਿਵੇਂ ਮੈਂ ਪਹਿਲਾਂ ਕਿਹਾ ਹੈ, ਮੈਂ ਧੱਕੇ ਨਾਲ ਉਸ ਨੂੰ ਆਪਣੇ ਵਿਸ਼ਾਲ ਪੰਜਾਬ ਦੀ ਬੁੱਕਲ ਵਿਚ ਰੱਖਣਾ ਪਸੰਦ ਨਹੀਂ ਕਰਾਂਗਾ।

'ਸਰਾਇਕੀ' ਦਾ ਜ਼ਿਕਰ ਇਸ ਭਾਗ ਵਿਚ ਕਈ ਵਾਰ ਹੋਇਆ ਹੈ। ਖ਼ੁਸ਼ਕਿਸਮਤੀ ਨਾਲ ਲੰਡਨ ਦੇ ਸਕੂਲ ਆਫ਼ ਏਸ਼ੀਅਨ ਐਂਡ ਐਫ਼ਰੀਕਨ ਸਟਡੀਜ਼ ਦੇ ਵਰਤਮਾਨ ਡੀਨ, ਡਾ. ਕ੍ਰਿਸਟੋਫ਼ਰ ਸ਼ੈਕਲ ਨੇ ਇਸ ਭਾਸ਼ਾ ਨੂੰ ਆਪਣੇ ਵਿਸ਼ੇਸ਼ ਅਧਿਐਨ ਦਾ ਵਿਸ਼ਾ ਬਣਾਇਆ ਹੈ, ਇਸ ਲਈ ਇਸ ਬੋਲੀ ਬਾਰੇ ਵੇਖਦੇ ਹਾਂ ਇਸ ਵਿਦਵਾਨ ਦੀ ਰਾਏ :

> "The Siraiki - speaking area lies in the central part of Pakistan, on either side of the Indus from approximately 28 N to 33 N and including the lower reaches of the Chenab and Sutlej : this corresponds to the south - western part of Panjab province and the adjacent areas... It will be seen that Siraiki lies on the western edge of the Indo - Aryan Language - area, the boundary with the Iranian, Pashto and Baluchistan being well - defined by the Suleiman range. To the south - east the natural boundary of the Thar desert, now reinforced by the political frontier between Pakistan and India, separates Siraiki from the Marwari dialects of Rajasthan... Somewhat less clearly worked are the boundaries with Sindhi at the narrowing of the Indus Valley between mountain and desert near the present provincial frontier between Panjab and Sind, and with the Northern Lahnda dialects, along the southern edge of the Salt range : while to the east there is no boundary whatsoever between Siraiki and Panjabi. From the viewpoint of historical comparison, Northern Lahnda and Panjabi are the Languages most closely related to Siraiki, which also shares other features exclusively with Sindhi..."[10]

10. C. Shackle, *The Siraiki Language of Central Pakistan : A Reference* ... pages 1-2.

WWW.SIKHBOOKCLUB.COM

ਹੁਣ ਸਾਰੇ ਤੱਥ ਸਾਡੇ ਸਾਹਮਣੇ ਹਨ ਤੇ ਇਨ੍ਹਾਂ ਦੇ ਆਧਾਰ ਉੱਤੇ ਹੀ ਨਤੀਜਾ ਕੱਢਿਆ ਜਾਣਾ ਹੈ। ਮੇਰੇ ਲਈ ਤਾਂ ਵਿਦਵਾਨਾਂ ਦਾ ਕਿਹਾ ਪੱਥਰ ਉੱਤੇ ਲੀਕ ਹੈ, ਉਸ ਨੂੰ ਮੰਨਣ ਤੋਂ ਬਿਨਾਂ ਕੋਈ ਚਾਰਾ ਨਹੀਂ ਤੇ ਜਿਥੋਂ ਤਕ ਮੈਂ ਸਮਝ ਸਕਿਆ ਹਾਂ, ਵਿਦਵਾਨਾਂ ਅਨੁਸਾਰ ਮੋਟੇ ਤੌਰ ਉੱਤੇ ਸਿੰਧ ਦਰਿਆ ਦੇ ਪਾਰਲੇ ਕੰਢੇ ਤੋਂ ਲੈ ਕੇ ਘੱਗਰ ਦਰਿਆ ਦੇ ਪਾਰਲੇ ਕੰਢੇ ਤਕ ਦਾ, ਦੇਸਾਂ ਤੇ ਸੂਬਿਆਂ ਦੀਆਂ ਵਰਤਮਾਨ ਸਰਹੱਦਾਂ ਤੋੜਦਾ ਤੇ ਲਗਾਤਾਰ ਚੱਲਦਾ ਧਰਤੀ ਦਾ ਇਹ ਵਿਸ਼ਾਲ ਟੋਟਾ, ਪੰਜਾਬੀ ਸਮੂਹ ਦੀਆਂ ਭਾਸ਼ਾਵਾਂ ਬੋਲਦਾ ਹੈ। ਬੱਸ, ਇਹੀ ਹੈ ਮੇਰਾ ਪੰਜਾਬ, ਭਾਵੇਂ ਇਸ ਦੇ 'ਆਬ' ਹੋਣ ਪੰਜ, ਭਾਵੇਂ ਹੋ ਜਾਣ ਸੱਤ ਤੇ ਭਾਵੇਂ ਘਟ ਕੇ ਰਹਿ ਜਾਣ ਦੋ!

## 6

ਮੈਨੂੰ ਪਤਾ ਹੈ ਕਿ ਜੇ ਸਰਹੱਦਾਂ ਦੇ ਮਾਮਲੇ ਵਿਚ ਭਾਸ਼ਾ-ਵਿਗਿਆਨੀਆਂ ਤੇ ਵਿਦਵਾਨਾਂ ਦੇ ਆਖੇ ਲੱਗਣਾ ਹੋਵੇ, ਤਾਂ ਬਲਵਾਨ ਸਿਆਸੀ ਰੇਲਿਆਂ ਦੇ ਮੁਕਾਬਲੇ ਲਈ ਤਿਆਰ ਰਹਿਣਾ ਚਾਹੀਦਾ ਹੈ। ਇਕ ਪਾਸੇ ਭਾਰਤ ਸਰਕਾਰ ਤੇ ਦੂਜੇ ਪਾਸੇ ਪਾਕਿਸਤਾਨੀ ਸਰਕਾਰ ਦੀਆਂ ਅੱਖਾਂ ਲਾਲ-ਪੀਲੀਆਂ ਹੋਣਗੀਆਂ ਕਿ ਇਕ ਖ਼ਤਰਨਾਕ ਬੰਦੇ ਵੱਲੋਂ ਪੰਜਾਬੀ-ਭਾਸ਼ੀ ਇਲਾਕੇ ਦੀ ਭਾਲ ਕਰਨ ਦੇ ਬਹਾਨੇ, ਦੂਹਾਂ ਦੇਸਾਂ ਦੀਆਂ ਸਰਹੱਦਾਂ ਤੇ ਅੱਗੋਂ ਉਨ੍ਹਾਂ ਦੇ ਸੂਬਿਆਂ ਦੀਆਂ ਸਰਹੱਦਾਂ ਤੋੜ-ਤਾੜ ਕੇ ਇਕ ਨਵੀਂ ਪੰਜਾਬੀ ਸਲਤਨਤ ਦਾ ਬੀਜ ਬੀਜਿਆ ਜਾ ਰਿਹਾ ਹੈ; ਹਰਿਆਣਾ, ਹਿਮਾਚਲ, ਜੰਮੂ-ਕਸ਼ਮੀਰ ਅਤੇ ਸਿੰਧ ਤੇ ਸੂਬਾ ਸਰਹੱਦ ਵਰਗੇ ਸੂਬਿਆਂ ਦੀਆਂ ਸਰਕਾਰਾਂ ਦੁਹੱਥੜ ਪਿੱਟਣਗੀਆਂ ਕਿ ਸਾਨੂੰ ਚੰਗਿਆਂ-ਭਲਿਆਂ ਨੂੰ ਲੀਰੋ-ਲੀਰ ਕਰਨ ਵਾਲਾ ਇਕ ਨਵਾਂ ਫ਼ਿਤਨਾ ਸਿਰ ਚੁੱਕਣ ਲੱਗਾ ਹੈ; ਡੋਗਰੇ ਧੌਣੋਂ ਆ ਫੜਨਗੇ ਕਿ ਡੋਗਰੀ ਵੱਖਰੀ ਭਾਸ਼ਾ ਹੈ, ਇਸ ਨੂੰ ਪੰਜਾਬ ਦੇ ਆਪ-ਹੁਦਰੇ ਨਵੇਂ ਭਾਸ਼ਾਈ ਨਕਸ਼ੇ ਵਿਚ ਸ਼ਾਮਿਲ ਕਰਨ ਵਾਲੇ ਤੁਸੀਂ ਕੌਣ ਹੁੰਦੇ ਹੋ? ਸਰਾਇਕੀ ਵਾਲੇ ਪਾਕਿਸਤਾਨੀ ਸ਼ੇਰ ਕੁੱਦ ਕੁੱਦ ਪੈਣਗੇ ਕਿ ਅਸੀਂ ਲਹਿੰਦੇ ਪੰਜਾਬ ਤੋਂ ਵੱਖਰੇ ਸਰਾਇਕੀ ਸੂਬੇ ਦੀ ਮੰਗ ਸਰਗਰਮੀ ਨਾਲ ਕਰ ਰਹੇ ਹਾਂ, ਤੁਸੀਂ ਸਾਡੀ ਚੱਲਦੀ ਗੱਡੀ ਵਿਚ ਫਾਨੇ ਫਸਾਉਣ ਵਾਲੇ 'ਖ਼ਾਹ-ਮ-ਖ਼ਾਹ' ਕਿੱਧਰੋਂ ਆ ਟਪਕੇ ਹੋ? ਸਰਾਇਕੀ ਕਿਉਂਕਿ ਸਿੰਧ ਦੇ ਕੁੱਝ ਇਲਾਕੇ ਵਿਚ ਵੀ ਬੋਲੀ ਜਾਂਦੀ ਹੈ, ਇਸ ਲਈ ਸਿੰਧੀ ਆਪਣੀਆਂ ਸਰਹੱਦਾਂ ਦੀ ਰਾਖੀ ਲਈ ਮੋਰਚਾਬੰਦੀ ਕਰਨੋਂ ਕਦੀ ਨਹੀਂ ਟਲਣ ਲੱਗੇ।

ਸਰਹੱਦਾਂ ਨਾਲ ਸਰਕਾਰਾਂ ਨੇ ਆਪਣਿਆਂ ਲੋਕਾਂ ਦਿਆਂ ਦਿਮਾਗ਼ਾਂ ਵਿਚ ਕਿੰਨਾ ਜਜ਼ਬਾਤੀ ਬਰੂਦ ਭਰਿਆ ਹੁੰਦਾ ਹੈ! ਹਾਲਾਂਕਿ ਇਤਿਹਾਸ ਦੇ ਹਰ ਵਿਦਿਆਰਥੀ ਨੂੰ ਸਰਹੱਦਾਂ ਦੀ ਅਦਲਾ-ਬਦਲੀ ਦਾ ਪਤਾ ਹੁੰਦਾ ਹੈ! ਪੂਰਾ ਵੇਰਵਾ ਤਾਂ ਕੋਈ ਇਤਿਹਾਸਕਾਰ ਹੀ ਦੇ ਸਕਦਾ ਹੈ, ਪਰ 'ਦੇਸ ਪੰਜਾਬ' ਬਾਰੇ ਮੇਰਾ ਅਲਪ ਗਿਆਨ ਇਹ ਕਹਿੰਦਾ ਹੈ ਕਿ ਪੰਜਾਬੀ-ਭਾਸ਼ੀ ਇਲਾਕਾ, ਕਦੀ ਥੋੜ੍ਹਾ, ਕਦੀ ਬਹੁਤਾ, ਕਦੀ ਥੋੜ੍ਹੇ ਸਮੇਂ ਲਈ ਤੇ ਕਦੀ ਲੰਮੇ ਸਮੇਂ ਲਈ, ਵੱਖ ਵੱਖ ਹਕੂਮਤਾਂ ਦਾ ਹਿੱਸਾ ਬਣਿਆ ਰਿਹਾ ਹੈ, ਜਿਸ ਕਰ ਕੇ ਇਸ ਦੀਆਂ ਸਿਆਸੀ ਸਰਹੱਦਾਂ ਕਦੀ ਥਿਰ ਨਹੀਂ ਰਹੀਆਂ; ਕਦੀ ਈਰਾਨ ਦੀ ਸਲਤਨਤ ਦਾ ਹਿੱਸਾ, ਕਦੀ ਯੂਨਾਨ ਦੀ ਹਕੂਮਤ ਦਾ, ਕਦੀ ਬਗ਼ਦਾਦ (ਇਰਾਕ) ਦਾ (ਮੁਹੰਮਦ ਬਿਨ ਕਾਸਿਮ ਵੇਲੇ), ਕਦੀ ਗ਼ਜ਼ਨੀ (ਅਫ਼ਗਾਨਿਸਤਾਨ) ਦਾ ਤੇ ਕਦੀ ਲੰਡਨ ਦਾ। ਹੋਰ ਤਾਂ ਹੋਰ, ਮਰਹੱਟਿਆਂ ਨੇ ਵੀ ਕੁੱਝ ਇਲਾਕੇ

WWW.SIKHBOOKCLUB.COM Page 28

ਉੱਤੇ ਰਾਜ ਦਾ ਝੂਟਾ ਲਿਆ, ਪਰ ਗ਼ਜ਼ਬ ਦੀ ਗੱਲ ਇਹ ਹੈ ਕਿ ਜਿਹੜਾ ਭਾਸ਼ਾਈ ਚੁਹੱਦਾ ਸਾਡੇ ਵਿਸ਼ੇਸ਼ੱਗਾਂ ਨੇ ਕਾਇਮ ਕੀਤਾ ਹੈ, ਉਹ ਪਿਛਲੇ ਹਜ਼ਾਰ ਵਰ੍ਹੇ ਤੋਂ ਕਰੀਬ ਕਰੀਬ ਥਿਰ ਹੀ ਰਿਹਾ ਹੈ। ਪੰਜਾਬੀ ਤੇ ਇਸ ਦੇ ਪਰਿਵਾਰ ਦੀਆਂ ਭਾਸ਼ਾਵਾਂ ਦੇ ਪੁਰਾਣੇ ਸਾਹਿੱਤ ਦੀ ਭਾਸ਼ਾ ਦਾ ਤੁਲਨਾਤਮਕ ਨਕਸ਼ਾ ਤਿਆਰ ਕੀਤਾ ਜਾਏ ਤਾਂ ਇਹੀ ਸਾਬਤ ਹੁੰਦਾ ਹੈ।

ਇਹ ਪੰਜਾਬ, ਜੋ ਭਾਸ਼ਾ ਦੀ ਤੰਦ ਨਾਲ ਜੁੜਿਆ ਹੋਇਆ ਹੈ, ਇਸ ਵੇਲੇ ਖੰਡ ਖੰਡ ਹੈ। ਇਸ ਸਾਰੇ ਇਲਾਕੇ ਨੂੰ ਇਕ ਰਾਜ ਦੇ ਅਧੀਨ ਇਕਮੁੱਠ ਕਰਨਾ ਨਾ ਮੇਰਾ ਸੁਫ਼ਨਾ ਹੈ ਤੇ ਨਾ ਇਹ ਸ਼ਾਇਦ ਸੰਭਵ ਹੀ ਹੋਵੇ, ਪਰ ਇਸ ਖੇਤਰ ਵਿਚ ਵੱਸਦੇ ਲੋਕਾਂ ਵਿਚ ਪੰਜਾਬੀ ਭਾਸ਼ਾ ਦੀ ਸਾਂਝ ਦੀ ਚੇਤਨਾ ਨੂੰ ਤਿਖੇਰਾ ਕਰਨ, ਭਾਸ਼ਾ ਨੂੰ ਕੁਦਰਤ ਵੱਲੋਂ ਵਿਰਸੇ ਵਿਚ ਮਿਲਿਆ ਵਰਦਾਨ ਸਮਝ ਕੇ ਇਸ ਉੱਤੇ ਮਾਣ ਦੀ ਭਾਵਨਾ ਪੈਦਾ ਕਰਨ, ਇੱਕੋ ਭਾਸ਼ਾ ਸਮੂਹ ਵਾਲੇ ਕਈ ਕਰੋੜੀ ਟੱਬਰ ਦੇ ਮੈਂਬਰ ਹੋਣ ਦੇ ਗੌਰਵ ਨੂੰ ਪਛਾਣਨ ਤੇ ਮਾਣਨ, ਆਪਸੀ ਭਾਈਚਾਰੇ, ਮੇਲ-ਜੋਲ ਵਿਚ ਵਾਧੇ ਦੇ ਸਾਧਨਾਂ ਨੂੰ ਭਾਲਣ ਤੇ ਵਰਤਣ ਅਤੇ ਇਸ ਭਾਸ਼ਾ ਨੂੰ, ਆਤਮ-ਪ੍ਰਗਟਾਵੇ ਤੋਂ ਛੁੱਟ ਅੱਜ ਦੀ ਦੁਨੀਆ ਦੇ ਹਰ ਗਿਆਨ, ਵਿਗਿਆਨ ਤੇ ਸੁਗਿਆਨ ਦੇ ਪ੍ਰਗਟਾਵੇ ਦਾ ਹਾਣੀ ਬਣਦਾ ਵੇਖਣ—ਕੁੱਝ ਇਹੋ ਜਿਹੇ ਹਨ ਸੁਫ਼ਨੇ, ਜਿਨ੍ਹਾਂ ਨੂੰ ਮੈਂ ਆਪਣੇ ਵਿਸ਼ਾਲ ਮਹਾ ਪੰਜਾਬ ਵਿਚ ਸਾਕਾਰ ਹੋਇਆ ਵੇਖਣਾ ਚਾਹੁੰਦਾ ਹਾਂ। ਪੰਜਾਬ ਦੇ ਨਿਰਣੇ ਨਾਲ ਭੂਮਿਕਾ ਦੇ ਸ਼ੁਰੂ ਵਿਚ ਕੀਤਾ ਦੂਜਾ ਵਾਇਦਾ ਵੀ ਪੂਰਾ ਹੋ ਗਿਆ ਹੈ।

ਇਸ ਭੂਮਿਕਾ ਦੀ ਤਿਆਰੀ ਵਿਚ ਮੈਂ ਡਾ. ਹਰਕੀਰਤ ਸਿੰਘ, ਪ੍ਰੋ. ਉੱਜਲ ਸਿੰਘ ਬਾਹਰੀ, ਜਨਾਬ ਅਹਿਮਦ ਨਦੀਮ ਕਾਸਿਮੀ, ਜਨਾਬ ਸਿਬਤੁਲ ਹਸਨ ਜ਼ੈਗ਼ਮ, ਜਨਾਬ ਅਖ਼ਤਰ ਹੁਸੈਨ ਅਖ਼ਤਰ (ਲਾਹੌਰ), ਜਨਾਬ ਇਲਿਆਸ ਘੁੰਮਣ (ਲਾਹੌਰ), ਜਨਾਬ ਇਹਸਾਨ ਬਾਜਵਾ (ਗੱਖੜਵਾਲੀ, ਸਿਆਲਕੋਟ), ਜਨਾਬ ਖ਼ਾਲਿਦ ਸ਼ੈਖ਼ (ਬਹਾਵਲ ਨਗਰ), ਡਾ. ਕ੍ਰਿਸਟੋਫ਼ਰ ਸ਼ੈਕਲ (ਲੰਡਨ), ਆਦਿ ਦੀ ਵਿਦਵਤਾ ਤੋਂ ਭਰਪੂਰ ਲਾਭ ਉਠਾਇਆ ਹੈ, ਇਸ ਲਈ ਮੈਂ ਇਨ੍ਹਾਂ ਦਾ ਹਿਤੋਂ-ਚਿਤੋਂ ਸ਼ੁਕਰਗੁਜ਼ਾਰ ਹਾਂ।

ਮੇਰੇ ਮਨ ਉੱਤੇ ਇਹਸਾਨ ਦਾ ਸਭ ਤੋਂ ਵੱਧ ਭਾਰ, ਸਿੰਘ ਬ੍ਰਦਰਜ਼, ਅੰਮ੍ਰਿਤਸਰ ਦੇ ਨੌਜਵਾਨ ਪ੍ਰਕਾਸ਼ਕ ਗੁਰਸਾਗਰ ਸਿੰਘ ਦੀ ਸਦਬਿਰਤੀ ਦਾ ਹੈ, ਜੋ ਬਿਨਾਂ ਮੱਥੇ ਉੱਤੇ ਵੱਟ ਪਾਏ, ਇਸ ਭੂਮਿਕਾ ਦੀ ਪ੍ਰਾਪਤੀ ਦੀ ਆਸ ਵਿਚ, ਕਰੀਬ ਕਰੀਬ ਪੌਣੇ ਵਰ੍ਹੇ ਤੋਂ, ਇਸ ਦੀ ਛਪੀ ਪਈ ਕਿਤਾਬ ਦੇ ਫ਼ਰਮੇ ਸਟੋਰ ਵਿਚ ਕਾਠ ਮਾਰ ਕੇ, ਸਬਰ ਦੇ ਘੁੱਟ ਭਰਦਾ ਰਿਹਾ ਹੈ। ਮੈਂ ਉਸ ਦੇ ਦੇਣੇ ਨਹੀਂ ਦੇ ਸਕਦਾ।

2, ਪ੍ਰੀਤ ਨਗਰ, ਲੋਅਰ ਮਾਲ, **ਪ੍ਰੀਤਮ ਸਿੰਘ**
ਪਟਿਆਲਾ
ਮਿਤੀ 29-5-1998

# *ਪੰਜਾਬ, ਪੰਜਾਬੀ, ਪੰਜਾਬੀਅਤ**

ਮੈਂ ਚੌਥੀ ਵਿਸ਼ਵ ਪੰਜਾਬੀ ਕਾਨਫ਼ਰੰਸ ਦੇ ਪ੍ਰਬੰਧਕਾਂ ਦਾ ਸ਼ੁਕਰਗੁਜ਼ਾਰ ਹਾਂ ਕਿ ਉਨ੍ਹਾਂ ਨੇ, ਦੁਨੀਆਂ ਦੇ ਸਭ ਤੋਂ ਵੱਡੇ ਪੰਜਾਬੀ-ਬੋਲਦੇ ਸ਼ਹਿਰ, ਦਿੱਲੀ ਵਿਚ, ਸਮੂਹ ਪੰਜਾਬੀਆਂ ਦੀ ਬੁਲਾਰੀ ਹੋਣ ਦਾ ਦਾਅਵਾ ਕਰਨ ਵਾਲੀ ਇਸ ਕਾਨਫ਼ਰੰਸ ਦਾ ਸੂਤਰੀ ਪੇਪਰ ਤਿਆਰ ਕਰਨ ਦੀ ਸੇਵਾ ਮੈਨੂੰ ਬਖ਼ਸ਼ੀ ਹੈ।

ਜਿਵੇਂ ਪੰਜਾਬੀਆਂ ਨੂੰ ਜੱਥੇਦਾਰੀ ਬਹੁਤ ਭਾਉਂਦੀ ਹੈ, ਜੱਥਾ ਭਾਵੇਂ ਹੋਵੇ ਭਾਵੇਂ ਨਾ, ਤਿਵੇਂ ਹੀ ਇਨ੍ਹਾਂ ਨੂੰ ਵੱਡੇ ਮੇਲੇ ਰਚਾਉਣ ਦਾ ਵੀ ਬੜਾ ਸ਼ੌਕ ਹੈ, ਭਾਵੇਂ ਇਨ੍ਹਾਂ ਵਿੱਚੋਂ ਕੁੱਝ ਨਿਕਲੇ, ਭਾਵੇਂ ਨਾ।

ਮੇਰੇ ਹਾਣ ਦੇ ਦੋਸਤਾਂ ਨੂੰ ਤਾਂ ਜ਼ਰੂਰ ਯਾਦ ਹੋਵੇਗਾ ਕਿ ਦੇਸ ਦੀ ਵੰਡ ਤੋਂ ਪਹਿਲਾਂ, ਪੰਜਾਬ ਵਿਚ ਧਰਮ ਦੇ ਆਧਾਰ ਉੱਤੇ ਸਿਆਸਤ ਖੇਡਣ ਵਾਲੀਆਂ ਜੱਥੇਬੰਦੀਆਂ ਦੀ ਤਰ੍ਹਾਂ, ਲੇਖਕਾਂ ਦੀਆਂ ਸਭਾਵਾਂ ਵਿਚ ਵੀ, ਥੋੜ੍ਹੇ ਥੋੜ੍ਹੇ ਚਿਰ ਪਿੱਛੋਂ, ਕੋਈ ਨਾ ਕੋਈ 'ਸਰਬ-ਪੰਜਾਬ' 'ਸਰਬ-ਹਿੰਦ' ਜਾਂ 'ਕੁਲ ਹਿੰਦ' ਮੇਲਾ ਰਚਾਉਣ ਦੀ ਉਲੇਲ ਉੱਠਿਆ ਕਰਦੀ ਸੀ, ਜਿਸ ਨੂੰ ਸ਼ਾਂਤ ਕਰਨ ਲਈ ਅੰਮ੍ਰਿਤਸਰ, ਲਾਹੌਰ, ਗੁਜਰਾਂਵਾਲੇ ਤੇ ਰਾਵਲਪਿੰਡੀ ਦੀਆਂ ਸਭਾਵਾਂ ਦੇ ਸਰਗਰਮ ਕਾਮੇ, ਕਦੀ ਇਕ ਸ਼ਹਿਰ ਵਿਚ ਤੇ ਕਦੀ ਦੂਜੇ ਸ਼ਹਿਰ ਵਿਚ, ਆਪਣਾ ਛੋਟਾ ਜਾਂ ਵੱਡਾ 'ਸਰਬ-ਹਿੰਦ' ਦਮਦਮਾ ਰਚਾਈ ਰੱਖਿਆ ਕਰਦੇ ਸਨ।

1947 ਵਿਚ ਜਦੋਂ ਦੇਸ ਦੀ ਵੰਡ ਹੋਈ ਤਾਂ ਭਾਰਤ ਦੇ ਹਿੱਸੇ, ਸਾਬਤ ਪੰਜਾਬ ਦਾ ਅੱਧ ਵੀ ਨਾ ਆਇਆ, ਪਰ ਇਸ ਅੱਧੇ ਤੋਂ ਛੋਟੇ ਪੰਜਾਬ ਦੇ ਪੰਜਾਬੀ ਸਾਹਿੱਤਕਾਰਾਂ ਦੀਆਂ ਸਭਾਵਾਂ ਨੂੰ ਆਪਣੇ ਮੇਲਿਆਂ ਲਈ 'ਸਰਬ-ਹਿੰਦ' ਨਾਂ ਬੜਾ ਛੋਟਾ ਛੋਟਾ ਲੱਗਣ ਲਗ ਪਿਆ, ਇਸ ਲਈ ਉਨ੍ਹਾਂ ਨੇ ਨਵਾਂ ਨਾਂ ਰੱਖਿਆ : 'ਅੰਤਰ-ਰਾਸ਼ਟਰੀ ਪੰਜਾਬੀ ਕਾਨਫ਼ਰੰਸ'।

ਓਦੋਂ, ਜੇ ਕੋਈ ਘੁਣਤਰੀ, ਪ੍ਰਬੰਧਕਾਂ ਨੂੰ ਪੁੱਛ ਬੈਠਦਾ ਕਿ ਤੁਸੀਂ 'ਪੰਜਾਬ' ਨੂੰ ਭਾਰਤ ਦਾ ਇਕ 'ਸੂਬਾ' ਜਾਂ 'ਰਾਜ' ਮੰਨਦੇ ਜੇ ਕਿ ਸੁਤੰਤਰ 'ਰਾਸ਼ਟਰ' ? ਤਾਂ, ਯਕੀਨ ਜਾਣਿਓ, ਉਸ ਨੂੰ ਅੱਗੋਂ ਬੜਾ ਕਰਾਰਾ ਜਵਾਬ ਮਿਲਣਾ ਸੀ : "ਤੁਸੀਂ ਢੋਕੇ ਲਗਦੇ ਜੇ, ਸਾਥੋਂ ਇਹ ਪੁੱਛਣ ਵਾਲੇ ? 'ਖੀਰ' ਨੂੰ 'ਤਸਮਈ' ਕਹਿਣ ਨਾਲ ਜੇ ਸਾਡਾ ਸੁਆਦ ਦੂਣ-ਸਵਾਇਆ ਹੁੰਦੈ ਤਾਂ ਕਿਸੇ ਦੇ ਢਿੱਡ ਵਿਚ ਸੂਲ ਕਿਉਂ ਉੱਠੇ ?"

1966 ਵਿਚ ਪੂਰਬੀ ਪੰਜਾਬ ਦੀਆਂ ਵੱਖੀਆਂ ਛਾਂਗ ਕੇ ਇਸ ਨੂੰ ਆਕਾਰ ਵਿਚ ਹੋਰ ਛੋਟਾ ਕਰ ਦਿੱਤਾ ਗਿਆ। ਖ਼ਬਰੇ ਸੂਬੇ ਦੀ 'ਸੂਬੀ' ਬਣਾਉਣ ਦੇ ਜਵਾਬ ਵਿਚ ਜਾਂ ਖ਼ਬਰੇ ਕਿਸ ਕਰਕੇ, ਪੰਜਾਬੀ ਬੁੱਧੀਜੀਵੀਆਂ ਨੇ ਸਰਕਾਰੀ ਨਹਿਲੇ ਉੱਤੇ ਆਪਣਾ ਦਹਿਲਾ ਮਾਰਿਆ ਤੇ

---

* 9 ਅਪ੍ਰੈਲ, 1993 ਨੂੰ ਨਵੀਂ ਦਿੱਲੀ ਵਿਚ ਚੌਥੀ ਵਿਸ਼ਵ ਪੰਜਾਬੀ ਕਾਨਫ਼ਰੰਸ ਦੇ ਪਹਿਲੇ ਸਮਾਗਮ ਸਮੇਂ ਪੇਸ਼ ਕੀਤਾ ਗਿਆ ਬੀਜ-ਭਾਸ਼ਣ।

WWW.SIKHBOOKCLUB.COM

ਜਿਸ ਅਗਲੇ ਸਾਹਿੱਤਿਕ ਮੇਲੇ ਦਾ ਏਲਾਨ ਕੀਤਾ ਗਿਆ, ਉਸ ਦਾ ਨਾਂ ਸੀ : 'ਵਿਸ਼ਵ ਪੰਜਾਬੀ ਕਾਨਫ਼ਰੰਸ'।

ਦਿੱਲੀ ਦੀ ਸਿਆਸਤ ਨੂੰ ਅੰਦਰੋਂ-ਬਾਹਰੋਂ ਚੰਗੀ ਤਰ੍ਹਾਂ ਜਾਣਨ ਵਾਲੇ ਸੂਤਰਾਂ ਨੇ ਮੈਨੂੰ ਯਕੀਨ ਦਿਵਾਇਆ ਹੈ ਕਿ ਉੱਚਤਮ ਸਿਆਸੀ ਹਲਕਿਆਂ ਕੋਲ ਪੰਜਾਬ ਨੂੰ ਹੋਰ ਛਾਂਗਣ ਦੀ ਵਿਹਲ ਅਜੇ ਬਿਲਕੁਲ ਨਹੀਂ ਹੈ, ਪਰ ਜੇ ਕਦੀ ਇਸ ਤਰ੍ਹਾਂ ਦਾ ਕੋਈ ਚੱਕਰ ਚੱਲ ਹੀ ਪਿਆ ਤਾਂ, ਨਿਰਸੰਦੇਹ, ਪੰਜਾਬੀਆਂ ਦੇ ਅਗਲੇ ਸਾਹਿੱਤਿਕ ਮੇਲੇ ਦਾ ਨਾਂ ਹੋਵੇਗਾ : 'ਕੁੱਲ ਬ੍ਰਹਿਮੰਡ ਪੰਜਾਬੀ ਕਾਨਫ਼ਰੰਸ'। ਨਾਲੇ, ਕੋਈ ਵੱਡੀ ਗੱਲ ਨਹੀਂ ਹੋਵੇਗੀ ਜੇ, ਓਦੋਂ ਤਕ, ਦੋ ਚਾਰ ਮਨਚਲੇ ਪੰਜਾਬੀ, ਚੰਨ ਉੱਤੇ ਆਪਣੇ ਘਰ ਉਸਾਰ ਕੇ 'ਬ੍ਰਹਮੰਡ' ਵਾਲਾ ਲੇਬਲ ਉਸ ਕਾਨਫ਼ਰੰਸ ਉੱਤੇ ਢੁਕਾ ਹੀ ਦੇਣ।

ਪਰ ਅੱਜ ਵਾਲੀ 'ਵਿਸ਼ਵ ਕਾਨਫ਼ਰੰਸ' ਦੇ ਮੁਕਾਬਲੇ ਵਿਚ, ਭਾਵੇਂ 'ਅੰਤਰ-ਰਾਸ਼ਟਰੀ' ਮੇਲਾ ਹੋਵੇ, ਭਾਵੇਂ 'ਬ੍ਰਹਿਮੰਡੀ' ਮੇਲਾ, ਪ੍ਰਬੰਧਕਾਂ ਨੂੰ ਵਿਸ਼ਵਾਸ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਕਾਨਫ਼ਰੰਸ ਦੀ ਹੋਂਦ ਨੂੰ ਕੋਈ ਵੱਡਾ ਖ਼ਤਰਾ ਨਹੀਂ ਹੈ, ਕਿਉਂਕਿ ਇਸ ਦੇ ਜਿਨ੍ਹਾਂ ਕੁੱਝ ਮੁਖੀਆਂ ਨੂੰ ਮੈਂ ਨਿਜੀ ਤੌਰ ਉੱਤੇ ਜਾਣਦਾ ਹਾਂ, ਉਨ੍ਹਾਂ ਵਿਚ, ਪੰਜਾਬੀ ਭਾਸ਼ਾ ਤੇ ਪੰਜਾਬੀ ਸਾਹਿੱਤ ਦੇ ਨਾਲ ਨਾਲ, ਪੰਜਾਬੀ ਸਮਾਜ ਲਈ ਵੀ ਕੁੱਝ ਨਿੱਗਰ ਕੰਮ ਕਰਨ ਦਾ ਸਿਦਕ ਮੌਜੂਦ ਹੈ। ਮੇਰਾ ਅੰਦਰਲਾ ਕਹਿੰਦਾ ਹੈ ਕਿ ਜੇ ਇਸ ਕਾਨਫ਼ਰੰਸ ਦੇ ਵੱਖ ਵੱਖ ਸਮਾਗਮਾਂ ਨੂੰ ਭਾਗ ਲਾਉਣ ਵਾਲੇ ਪੰਜਾਬੀ ਪਿਆਰੇ, ਇਸ ਦੇ ਮੁਖੀਆਂ ਦੀ ਕੁੱਝ-ਕਰ-ਵਿਖਾਉਣ ਦੀ ਚਾਹ ਨੂੰ ਉਤਸਾਹ ਦੇਂਦੇ ਰਹਿਣ ਤਾਂ ਇਨ੍ਹਾਂ ਦੀ ਇੱਛਾ ਛੇਤੀ ਹੀ ਅਮਲੀ ਰੂਪ ਧਾਰਨ ਵਾਲੇ ਪਾਸੇ ਤੁਰ ਪਵੇਗੀ। ਅਜਿਹੀ ਹਾਲਤ ਵਿਚ ਇਸ 'ਵਿਸ਼ਵ ਕਾਨਫ਼ਰੰਸ' ਦੀ ਹੋਂਦ ਨੂੰ ਖ਼ਤਰਾ ਤਾਂ ਕੀ ਹੋਣਾ ਹੋਇਆ, ਇਹ ਆਪਣੇ ਕੰਮ ਦੇ ਸਿਰ ਉੱਤੇ, ਛੋਟੇ-ਵੱਡੇ ਖਿਲਾਰ ਵਾਲੀਆਂ ਹੋਰ ਪੰਜਾਬੀ ਸੰਸਥਾਵਾਂ ਲਈ, ਰਸ਼ਕ ਦਾ ਸੋਮਾ ਬਣ ਜਾਵੇਗੀ।

## 2

ਕਾਨਫ਼ਰੰਸ ਦੇ ਅਧਿਕਾਰੀਆਂ ਦੀਆਂ ਜਿਨ੍ਹਾਂ ਇੱਛਾਵਾਂ ਦੇ ਪੁੱਗਣ ਵਾਲੇ ਪਾਸੇ ਤੁਰ ਪੈਣ ਦੀ ਗੱਲ ਮੈਂ ਹੁਣੇ ਕੀਤੀ ਹੈ, ਉਹ ਕੀ ਹਨ ਤੇ ਉਨ੍ਹਾਂ ਨੂੰ ਕਿਵੇਂ, ਕਦੋਂ ਤੇ ਕਿੰਨਾ ਨਿੱਗਰ ਰੂਪ ਦਿੱਤਾ ਜਾਣਾ ਹੈ, ਇਸ ਦਾ ਸਾਰਾ ਵੇਰਵਾ ਤਾਂ ਇਹ ਤਜਰਬੇਕਾਰ ਆਗੂ, ਸਮੇਂ ਸਮੇਂ, ਆਪ ਨਾਲ ਸਾਂਝਾ ਕਰਦੇ ਹੀ ਰਹਿਣਗੇ, ਪਰ ਮੈਂ ਇਸ ਮੌਕੇ ਦਾ ਫ਼ਾਇਦਾ ਉਠਾ ਕੇ, ਇਨ੍ਹਾਂ ਸਤਕਾਰਜੋਗ ਆਗੂਆਂ ਤੇ ਏਥੇ ਸਜੇ ਸਾਰੇ ਸਰੋਤਿਆਂ ਦੀ ਇੱਛਣ-ਸ਼ਕਤੀ ਦਾ ਰੁਖ਼ ਕੁੱਝ ਅਜਿਹੇ ਨੁਕਤਿਆਂ ਵੱਲ ਮੋੜਨਾ ਚਾਹੁੰਦਾ ਹਾਂ, ਜਿਨ੍ਹਾਂ ਨੂੰ, ਮੇਰੇ ਖ਼ਿਆਲ ਵਿਚ, ਇਨ੍ਹਾਂ ਦੀ ਕਾਰਜ-ਸੂਚੀ ਵਿਚ ਕਾਫ਼ੀ ਉੱਪਰਲੀ ਥਾਂ ਮਿਲਣੀ ਚਾਹੀਦੀ ਹੈ। ਮੈਨੂੰ ਇਹ ਵੀ ਖ਼ਿਆਲ ਹੈ ਕਿ ਇਨ੍ਹਾਂ ਸੁਝਾਵਾਂ ਨੂੰ ਪਰਵਾਨ ਕਰਨ ਨਾਲ ਇਹ ਕਾਨਫ਼ਰੰਸ ਵਿਸ਼ਵ ਭਰ ਦੇ ਪੰਜਾਬੀ ਵੀਰਾਂ ਪਾਸੋਂ ਜਸ ਖੱਟ ਸਕੇਗੀ, ਕਿਉਂਕਿ ਆਮ ਸਭਾਵਾਂ ਤੇ ਕਾਨਫ਼ਰੰਸਾਂ ਦੇ ਦਾਅਵਿਆਂ ਤੇ ਪ੍ਰਾਪਤੀਆਂ ਵਿਚਲੇ ਖੱਪਿਆਂ ਨੂੰ ਵੇਖ ਵੇਖ ਕੇ ਇਹ ਲੋਕ ਕੁੱਝ ਸਨਕੀ ਜਿਹਾ ਵਤੀਰਾ ਅਪਣਾਉਣ ਲਗ ਪਏ ਹਨ। ਬਹੁਤੇ ਪ੍ਰਬੰਧਕ ਆਪ ਹੀ ਕਹਿੰਦੇ ਸੁਣੀਂਦੇ ਹਨ ਕਿ ਸਾਹਿੱਤਿਕ ਮੇਲੇ ਰਚਾਉਣਾ ਵੀ ਕੋਈ ਔਖੀ ਗੱਲ ਹੈ ? ਪਿਛਲੇ ਦਹਾਕੇ ਵਿਚ ਪੰਜਾਬੀ ਸਿਰਜਕਾਂ ਦੀਆਂ ਮਾਰੀਆਂ 'ਸਾਹਿੱਤਿਕ ਮੇਲਿਆਂ ਦੇ [illegible] ਕਰਵਾਓ, ਕਾਨਫ਼ਰੰਸਾਂ ਦੀ ਅਪੂਰਬ ਸ[illegible]

WWW.SIKHBOOKCLUB.COM

ਦੀ ਲੰਮੀ-ਚੌੜੀ ਰਪੋਟ ਅਖ਼ਬਾਰਾਂ ਵਿਚ ਛਪਵਾਓ ਤੇ ਆਰਾਮ ਨਾਲ ਬੈਠ ਕੇ ਅਗਲੇ ਸਾਲ ਤਕ ਆਪਣੀ ਇਸ਼ਤਿਹਾਰਬਾਜ਼ੀ ਦਾ ਨਿੱਘ ਮਾਣੋ। ਇਸ ਵਿਸ਼ਵ ਕਾਨਫ਼ਰੰਸ ਦਾ ਹਰ ਹਿਤੈਸ਼ੀ ਚਾਹੇਗਾ ਕਿ ਇਹ ਕਾਨਫ਼ਰੰਸ ਪੰਜਾਬੀ ਸਾਹਿੱਤ ਤੇ ਸਮਾਜ ਦੀ ਖ਼ਾਤਰ ਕੁੱਝ ਅਜਿਹੇ ਠੋਸ, ਅਣਛੋਹੇ, ਚਿਰਜੀਵੀ ਤੇ ਲਾਭਕਾਰੀ ਕਾਰਜ-ਕ੍ਰਮ ਵਿੱਢੇ, ਜੋ ਨਿਸ਼ਕਾਮ ਭਾਵਨਾ ਨਾਲ ਕੰਮ ਸਿਰੇ ਚਾੜ੍ਹਨ ਦੀ ਪਿਰਤ ਨੂੰ ਅੱਗੇ ਤੋਰੇ ਅਤੇ ਗੋਂਗਲੂਆਂ ਤੋਂ ਮਿੱਟੀ ਝਾੜ ਕੇ ਆਪਣੇ ਆਪ ਨੂੰ ਨਿੱਸਲ ਮਹਿਸੂਸ ਕਰਨ ਵਾਲੀ ਸੇਵਾ ਹੋਰਨਾਂ ਲਈ ਛੱਡ ਛੱਡੇ।

ਕਾਨਫ਼ਰੰਸ ਨੂੰ ਮੇਰੀ ਪਹਿਲੀ ਬੇਨਤੀ ਇਹ ਹੈ ਕਿ ਉਹ ਆਪਣੀ ਹੋਂਦ ਨੂੰ ਜਤਾਉਣ ਲਈ ਦਿੱਲੀ ਵਿਚ ਇਕ ਪੱਕਾ 'ਸੂਚਨਾ ਤੇ ਸਭਿਆਚਾਰ ਕੇਂਦਰ' ਕਾਇਮ ਕਰੇ। ਬਾਅਦ ਵਿਚ, ਜਦੋਂ ਇਹ ਤਜਰਬਾ ਕਾਮਯਾਬ ਹੋ ਜਾਵੇ ਤੇ ਕਾਨਫ਼ਰੰਸ ਦੀ ਮਾਲੀ ਸਮਰੱਥਾ ਆਗਿਆ ਦੇਵੇ, ਓਦੋਂ ਆਪਣੇ ਦੇਸ ਵਿਚ ਤੇ ਬਦੇਸ ਵਿਚ ਵੀ, ਵੱਡੀ ਪੰਜਾਬੀ ਵੱਸੋਂ ਵਾਲੇ ਟਿਕਾਣਿਆਂ ਵਿਚ, ਇਸ ਕੇਂਦਰ ਦੀਆਂ ਸ਼ਾਖ਼ਾਂ ਖੋਲ੍ਹੀਆਂ ਜਾ ਸਕਦੀਆਂ ਹਨ।

ਇਹ ਗ਼ੈਰ-ਸਰਕਾਰੀ 'ਸੂਚਨਾ ਕੇਂਦਰ', ਪੰਜਾਬ ਦੇ ਸਾਹਿੱਤ, ਸਭਿਆਚਾਰ ਤੇ ਵੇਖਣਜੋਗ ਅਸਥਾਨਾਂ, ਆਦਿ ਬਾਰੇ ਜ਼ਬਾਨੀ ਤੇ ਲਿਖਤੀ ਪੁੱਛਾਂ ਦੇ ਜ਼ਬਾਨੀ ਤੇ ਲਿਖਤੀ ਉੱਤਰ ਦੇਣ ਦੇ ਸਮਰੱਥ ਹੋਣਾ ਚਾਹੀਦਾ ਹੈ। ਇਸ ਨੂੰ ਹਿਦਾਇਤ ਹੋਵੇਗੀ ਕਿ ਲੋੜਵੰਦ ਪੰਜਾਬੀਆਂ ਤੇ ਪੰਜਾਬੀ-ਮੁਖੀ ਸੈਲਾਨੀਆਂ ਦੀਆਂ ਨਿੱਕੀਆਂ-ਮੋਟੀਆਂ ਤਕਲੀਫ਼ਾਂ ਦੂਰ ਕਰਨ ਤੇ ਲੋੜਾਂ ਪੂਰੀਆਂ ਕਰਨ ਲਈ ਹਮਦਰਦ ਤੇ ਸਹਾਇਕ ਵਤੀਰਾ ਅਪਨਾਵੇ।

ਘਰੋਂ ਨਿਕਲੇ ਆਮ ਪੰਜਾਬੀ ਸੈਲਾਨੀਆਂ ਜਾਂ ਮੁਸਾਫ਼ਰਾਂ ਦੀਆਂ ਲੋੜਾਂ ਬਹੁਤ ਲੰਮੀਆਂ-ਚੌੜੀਆਂ ਨਹੀਂ ਹੁੰਦੀਆਂ। ਇਨ੍ਹਾਂ ਦੀਆਂ ਬਹੁਤੀਆਂ ਪੁੱਛਾਂ ਟੈਲੀਫ਼ੋਨ ਨੰਬਰਾਂ, ਵੀਜ਼ਿਆਂ, ਪਾਸਪੋਰਟਾਂ, ਨਵੇਂ ਜਾਂ ਪੁਰਾਣੇ ਵਪਾਰਕ ਸੰਪਰਕਾਂ, ਨਵੀਆਂ ਫ਼ਿਲਮਾਂ, ਨਵੇਂ ਵੀਡੀਓ ਕੈਸਟਾਂ, ਮਨ-ਪਰਚਾਵੇ ਦੇ ਸਾਧਨਾਂ, ਖੇਡ-ਪ੍ਰੋਗਰਾਮਾਂ, ਹਵਾਈ ਸੇਵਾਵਾਂ, ਰੇਲਾਂ ਤੇ ਬੱਸਾਂ ਦੇ ਆਉਣ-ਜਾਣ ਦੇ ਸਮਿਆਂ, ਵਧੀਆ ਪੰਜਾਬੀ ਢਾਬਿਆਂ ਤੇ ਰੈਣ-ਬਸੇਰਿਆਂ ਬਾਰੇ ਅਤੇ ਜਾਂ ਪੰਜਾਬ ਦੀ ਵਰਤਮਾਨ ਸਿਆਸਤ ਜਾਂ ਅਮਨ-ਚੈਨ ਦੀ ਹਾਲਤ ਬਾਰੇ ਹੀ ਹੋਣਗੀਆਂ; ਪੁਲਸ ਤੇ ਕਸਟਮ ਮਹਿਕਮਿਆਂ ਦਿਆਂ ਕਰਮਚਾਰੀਆਂ ਤੇ ਟੈਕਸ-ਅਧਿਕਾਰੀਆਂ ਦੇ ਕਠੋਰ ਰਵੱਈਏ ਬਾਰੇ ਸ਼ਿਕਾਇਤਾਂ ਹੋਣਗੀਆਂ ਜਾਂ ਬਟੂਏਮਾਰਾਂ, ਟੈਕਸੀ-ਚਾਲਕਾਂ, ਹਟਵਾਣੀਆਂ ਤੇ ਵਪਾਰੀਆਂ ਦੀਆਂ ਹੱਥ-ਸਫ਼ਾਈਆਂ ਵਿਰੁੱਧ ਚਾਰਾਜੋਈ ਦੀ ਮੰਗ ਹੋਵੇਗੀ ਅਤੇ ਜਾਂ ਫੇਰ ਸਿੱਕੇ ਦੇ ਤਬਾਦਲੇ, ਨਿਕ-ਸੁਕ ਦੀ ਖ਼ਰੀਦਾਰੀ ਜਾਂ ਫ਼ਿਲਮੀ ਸਿਤਾਰਿਆਂ, ਖਿਡਾਰੀਆਂ, ਸਿਆਸੀ ਤੇ ਧਾਰਮਿਕ ਆਗੂਆਂ ਨਾਲ ਮੁਲਾਕਾਤਾਂ ਦੇ ਪ੍ਰਬੰਧ, ਆਦਿ ਵਿਚ ਸਹਾਇਤਾ ਦੀਆਂ ਬੇਨਤੀਆਂ ਹੋਣਗੀਆਂ ਤੇ ਸੈਲ-ਸਪਾਟੇ ਤੇ ਧਾਰਮਿਕ/ਇਤਿਹਾਸਿਕ ਮਹੱਤਾ ਵਾਲੀਆਂ ਥਾਵਾਂ ਦੇ ਨਕਸ਼ਿਆਂ ਦੀ ਮੰਗ ਹੋਵੇਗੀ। ਪੰਜਾਬੀਆਂ ਦੀ ਪੁੱਛ-ਪਟਾਰੀ ਵਿਚ, ਆਮ ਤੌਰ ਉੱਤੇ, ਬੱਸ ਇਹੋ ਜਿਹਾ ਹੀ ਕੁੱਝ ਹੋਵੇਗਾ—ਕਿਤਾਬਾਂ ਬਾਰੇ, ਲੇਖਕਾਂ, ਚਿੱਤਰਕਾਰਾਂ, ਸੰਗੀਤਕਾਰਾਂ ਤੇ ਹੋਰ ਕਲਾਕਾਰਾਂ ਬਾਰੇ, ਨਾਟਕਾਂ ਜਾਂ ਲਾਇਬ੍ਰੇਰੀਆਂ ਬਾਰੇ, ਸ਼ੁਰੂ ਸ਼ੁਰੂ ਵਿਚ ਪੁੱਛਾਂ ਦੀ ਬਹੁਤ ਘਾਟ ਹੋਵੇਗੀ, ਭਾਵੇਂ ਇਸ ਕਾਨਫ਼ਰੰਸ ਦੇ ਕਾਰਜ-ਕ੍ਰਮ ਵਿਚ ਇਕ ਮਦ ਇਹ ਵੀ ਚਾਹੀਦੀ ਹੈ ਕਿ ਪੰਜਾਬੀਆਂ ਵੱਲੋਂ ਇਹੋ ਜਿਹੀਆਂ ਪੁੱਛਾਂ ਵਿਚ ਵਾਧਾ ਕਿਵੇਂ ਹੋਵੇ।

ਇਹੋ ਜਿਹੀਆਂ ਪੁੱਛਾਂ, ਆਪੋ-ਆਪਣੇ ਘਰੀਂ ਘੁੱਗ-ਵੱਸਦਿਆਂ ਪੰਜਾਬੀਆਂ ਨੂੰ ਤਾਂ ਭਾਵੇਂ ਨਿਗੁਣੀਆਂ ਜਿਹੀਆਂ ਹੀ ਲੱਗਣ ਪਰ ਘਰੋਂ ਨਿਕਲੇ ਜਾਂ ਨਿਕਲਣ ਵਾਲਿਆਂ ਨੂੰ ਜਾਂ ਬਦੇਸ਼ ਵਿਚ ਕਿਸੇ ਛੋਟੇ-ਵੱਡੇ ਸੰਕਟ ਵਿਚ ਫਸੇ ਬੰਦੇ ਨੂੰ ਪੁੱਛ ਵੇਖੋ, ਫੇਰ ਆਪੇ ਚਾਨਣ

WWW.SIKHBOOKCLUB.COM Page 32

ਹੋ ਜਾਵੇਗਾ ਕਿ ਜਿੱਥੇ ਕੋਈ ਵਾਲੀ-ਵਾਰਿਸ ਨਹੀਂ ਹੁੰਦਾ, ਓਥੇ ਜੇ ਅਚਾਨਕ ਕੋਈ ਬਾਂਹ ਫੜਨ ਵਾਲੀ ਇਤਬਾਰੀ ਧਿਰ ਮਿਲ ਜਾਵੇ ਤਾਂ ਉਸ ਦਾ ਰੱਬ ਵਰਗਾ ਆਸਰਾ ਹੁੰਦਾ ਹੈ ਕਿ ਨਹੀਂ?

ਇਨ੍ਹਾਂ ਕੇਂਦਰਾਂ ਵਿਚ ਕਿਸ ਤਰ੍ਹਾਂ ਦੀਆਂ ਲਾਇਬ੍ਰੇਰੀਆਂ ਹੋਣ, ਕਿਸ ਤਰ੍ਹਾਂ ਦੇ ਸਭਿਆਚਾਰਕ ਪ੍ਰੋਗਰਾਮਾਂ ਦਾ ਪ੍ਰਬੰਧ ਹੋਵੇ, ਸਮੇਂ ਸਮੇਂ ਕਿਸ ਤਰ੍ਹਾਂ ਦੀਆਂ ਨੁਮਾਇਸ਼ਾਂ ਲਾਈਆਂ ਜਾਣ ਤੇ ਕਿਸ ਤਰ੍ਹਾਂ ਦਾ ਸਚਿੱਤਰ ਸੂਚਨਾ-ਸਾਹਿੱਤ ਛਾਪਿਆ ਤੇ ਵੰਡਿਆ ਜਾਏ, ਇਨ੍ਹਾਂ ਵਿਚ ਰਿਹਾਇਸ਼, ਆਦਿ ਲਈ ਆਰਜ਼ੀ ਪ੍ਰਬੰਧ ਹੋਵੇ ਜਾਂ ਨਾ ਅਤੇ ਇਸ ਯੋਜਨਾ ਨੂੰ ਸਿਰੇ ਚਾੜ੍ਹਨ ਲਈ ਪੰਜਾਬੀ ਕਾਰਖ਼ਾਨੇਦਾਰਾਂ, ਵਪਾਰੀਆਂ, ਸੇਠਾਂ, ਐਕਟਰਾਂ, ਪੱਤਰਕਾਰਾਂ ਤੇ ਹੋਰ ਬੁੱਧੀਜੀਵੀਆਂ ਤੇ ਉਨ੍ਹਾਂ ਦੀਆਂ ਸੰਸਥਾਵਾਂ ਨੂੰ ਆਪਣੇ ਨਾਲ ਕਿਵੇਂ ਜੋੜਨਾ ਹੈ—ਇਹੋ ਜਿਹੇ ਸਾਰੇ ਵੇਰਵਿਆਂ ਬਾਰੇ ਕਾਨਫ਼ਰੰਸ, ਆਪਣੀਆਂ ਉਪ-ਕਮੇਟੀਆਂ ਦੀ ਸਹਾਇਤਾ ਨਾਲ ਫ਼ੈਸਲੇ ਕਰ ਸਕਦੀ ਹੈ।

ਇਸ ਕੇਂਦਰ ਰਾਹੀਂ 'ਵਿਸ਼ਵ ਕਾਨਫ਼ਰੰਸ' ਵਿਸ਼ਵ ਭਰ ਦੇ ਪੰਜਾਬੀਆਂ ਨੂੰ, ਬਿਨਾਂ ਕਿਸੇ ਲੰਮੀ-ਚੌੜੀ ਇਸ਼ਤਿਹਾਰਬਾਜ਼ੀ ਦੇ, ਸਨੇਹਾ ਦੇ ਸਕੇਗੀ ਕਿ ਮੈਂ ਕੋਈ ਸਥਾਨਕ ਜਾਂ ਮੌਸਮੀ ਤਮਾਸ਼ਾ ਨਹੀਂ, ਜਿਸ ਦੀ ਆਤਿਸ਼ਬਾਜ਼ੀ, ਸਾਲ ਦੀ ਜਾਂ ਦੁਸਾਲੀ ਨੀਂਦਰ ਪਿੱਛੋਂ ਇਕਦਮ ਜਾਗਦੀ, ਠੂਹ-ਠਾਹ ਕਰਦੀ ਤੇ ਫੇਰ ਘੁਰਾੜੇ ਮਾਰਨ ਲਗ ਪੈਂਦੀ ਹੈ, ਬਲਕਿ ਇਕ ਜੀਉਂਦੀ-ਜਾਗਦੀ, ਸਦ-ਸੇਵੀ ਸੰਸਥਾ ਹਾਂ, ਜਿਸ ਨੇ ਹਰ ਪੰਜਾਬੀ ਪ੍ਰਾਣੀ ਨਾਲ ਸਿੱਧਾ ਨਾਤਾ ਜੋੜਨਾ ਆਪਣਾ ਮੁਖ ਫ਼ਰਜ਼ ਬਣਾਇਆ ਹੋਇਆ ਹੈ।

ਮੈਂ ਇਹ ਸੁਝਾਉ ਇਸ ਮੰਚ ਉੱਤੋਂ ਦੇਣਾ ਇਸ ਕਰਕੇ ਵੀ ਉਚਿਤ ਸਮਝਿਆ ਹੈ ਕਿ ਇਹ 'ਵਿਸ਼ਵ ਪੰਜਾਬੀ ਕਾਨਫ਼ਰੰਸ' ਦਾ ਮੰਚ ਹੈ, 'ਪੰਜਾਬੀ ਭਾਸ਼ਾ' ਜਾਂ 'ਪੰਜਾਬੀ ਸਾਹਿੱਤ' ਦੀ ਕਿਸੇ ਵਿਸ਼ਵ ਕਾਨਫ਼ਰੰਸ ਦਾ ਥੜ੍ਹਾ ਨਹੀਂ ਹੈ।

## 3

ਇਕ ਬੜਾ ਜ਼ਰੂਰੀ ਕੰਮ ਜਿਹੜਾ ਮੈਂ ਇਸ ਕਾਨਫ਼ਰੰਸ ਦੇ ਜ਼ਿੰਮੇ ਲਾਉਣਾ ਚਾਹੁੰਦਾ ਹਾਂ, ਇਹ ਹੈ ਕਿ ਕੁੱਝ ਸ਼ਬਦ ਜੋ ਇਸ ਦੇ ਆਪਣੇ ਮੰਚ ਤੋਂ ਕਾਫ਼ੀ ਵਰਤੇ ਜਾਣਗੇ ਤੇ ਜਿਨ੍ਹਾਂ ਦੀ ਵਰਤੋਂ ਪੰਜਾਬੀ ਜਗਤ ਵਿਚ ਬਹੁਤ ਆਮ ਹੋਣ ਲਗ ਪਈ ਹੈ, ਅਜੇ ਤਕ, ਆਪਣੇ ਅਰਥਾਂ ਦੇ ਮਾਮਲੇ ਵਿਚ ਅਨਿਸਚਿਤ ਫਿਰ ਰਹੇ ਹਨ। ਲੋੜ ਹੈ ਕਿ ਇਨ੍ਹਾਂ ਸ਼ਬਦਾਂ ਦੀ ਆਵਾਰਗੀ ਖ਼ਤਮ ਕੀਤੀ ਜਾਵੇ ਤੇ ਇਨ੍ਹਾਂ ਦੇ ਅਰਥ-ਘੇਰਿਆਂ ਬਾਰੇ ਪੂਰੀ ਤਰ੍ਹਾਂ ਨਿਸਚਿਤ ਹੋਇਆ ਜਾਵੇ ਤਾਂ ਜੋ ਹਰ ਕਿਸੇ ਨੂੰ ਪਤਾ ਹੋਵੇ ਕਿ ਇਹ ਕਾਨਫ਼ਰੰਸ ਆਪਣੇ ਕੁੱਝ ਬੁਨਿਆਦੀ ਸੰਕਲਪਾਂ ਦੇ ਪ੍ਰਸੰਗ ਵਿਚ ਕਿੱਥੇ ਖੜੀ ਹੈ। ਅਰਥ-ਘੇਰਿਆਂ ਦੀ ਨਿਸਚਿਤਤਾ ਦੀ ਲੋੜ ਤਾਂ ਹੋਰ ਵੀ ਅਨੇਕ ਪੰਜਾਬੀ ਸ਼ਬਦਾਂ ਨੂੰ ਹੈ ਪਰ ਅੱਜ ਮੈਂ ਕੇਵਲ ਤਿੰਨ ਸ਼ਬਦ ਹੀ ਲੈਣੇ ਚਾਹੁੰਦਾ ਹਾਂ; ਇਹ ਹਨ: ਪੰਜਾਬ, ਪੰਜਾਬੀ ਤੇ ਪੰਜਾਬੀਅਤ। ਮੇਰਾ ਸੁਝਾਉ ਹੈ ਕਿ ਇਨ੍ਹਾਂ ਸ਼ਬਦਾਂ ਦੇ ਅਰਥ-ਘੇਰੇ ਨਿਸਚਿਤ ਕਰਨ ਲਈ ਚੋਟੀ ਦੇ ਵਿਦਵਾਨਾਂ ਦੀ ਸਹਾਇਤਾ ਲਈ ਜਾਵੇ। ਇਹ ਸੁਝਾਉ ਸੁਣ ਕੇ ਤੁਹਾਡੇ ਵਿੱਚੋਂ ਕੋਈ ਵੀ ਮੈਨੂੰ ਟੋਕ ਕੇ ਕਹਿ ਸਕਦਾ ਹੈ, "ਪ੍ਰੋਫ਼ੈਸਰ ਸਾਹਿਬ! ਕੀ ਪੰਜਾਬ ਦੇ ਚੋਟੀ ਦੇ ਵਿਦਵਾਨਾਂ ਨੂੰ, ਸੌ ਕੰਮ ਛਡਾ ਕੇ, ਇਨ੍ਹਾਂ ਨਿੱਤ ਸੈਂਕੜੇ ਵਾਰੀ ਵਰਤੇ ਜਾਂਦੇ ਸ਼ਬਦਾਂ ਦੇ ਅਰਥ ਕਰਨ ਵੱਲ ਲਾ ਕੇ, ਉਨ੍ਹਾਂ ਦੀ ਲਿਆਕਤ ਨਾਲ

WWW.SIKHBOOKCLUB.COM

ਝੇੜ ਕਰਨ ਤੋਂ ਵੱਧ ਸਾਰਥਕ ਕੰਮ ਇਸ ਕਾਨਫ਼ਰੰਸ ਕੋਲ ਹੋਰ ਕੋਈ ਨਹੀਂ ਰਹਿ ਗਿਆ ? ਇਸ ਨਾਲੋਂ ਤਾਂ ਚੰਗਾ ਸੀ ਜੇ ਤੁਸੀਂ ਸਾਨੂੰ ਕਹਿੰਦੇ :

'ਬੇਕਾਰ ਨਾ ਬੈਠ, ਕੁਛ ਕੀਆ ਕਰ,
ਕੱਪੜੇ ਹੀ ਉਧੇੜ ਕੇ ਸੀਆ ਕਰ।' "

ਮੈਂ ਅਜਿਹੇ ਕਾਹਲੇ ਪ੍ਰਤਿਕਰਮਾਂ ਵਾਲੇ ਦੋਸਤਾਂ ਨੂੰ ਕੁੱਝ ਚਿਰ ਹੋਰ ਸਮਾਈ ਕਰਨ ਦੀ ਬੇਨਤੀ ਕਰਾਂਗਾ। ਮੇਰੀ ਗੱਲ ਪੂਰੀ ਹੋ ਜਾਣ ਦਿਓ, ਜੇ ਤੁਹਾਡੀ ਤਸੱਲੀ ਨਾ ਹੋਈ ਤਾਂ ਮੈਨੂੰ ਜਿੰਨਾ ਮਰਜ਼ੀ ਟੋਕ ਲਿਓ, ਮੈਂ ਜਵਾਬ ਦੇਣ ਦਾ ਜਤਨ ਕਰਾਂਗਾ।

ਮੈਂ ਇਸ ਕੰਮ ਨੂੰ ਇਸ ਲਈ ਪਹਿਲ ਦੇ ਰਿਹਾ ਹਾਂ ਕਿ, ਅੱਗੇ ਚੱਲ ਕੇ, ਇਨ੍ਹਾਂ ਸ਼ਬਦਾਂ ਦੇ ਅਰਥ-ਘੇਰਿਆਂ ਨੇ, ਕਾਨਫ਼ਰੰਸ ਦੇ ਕਾਰਜ-ਘੇਰਿਆਂ ਨੂੰ ਨਿਸਚਿਤ ਕਰਨਾ ਹੈ।

ਮਸਲਨ, ਆਓ, ਪਹਿਲਾਂ 'ਪੰਜਾਬ' ਸ਼ਬਦ ਹੀ ਲੈ ਲਈਏ। ਮੈਨੂੰ 1989 ਵਿਚ ਦਸ-ਯਾਰ੍ਹਾਂ ਦਿਨ ਪਾਕਿਸਤਾਨ ਵਿਚ ਬਿਤਾਉਣ ਦਾ ਮੌਕਾ ਮਿਲਿਆ ਸੀ। ਇਕ ਦਿਨ ਮੈਂ ਲਾਹੌਰ ਦੇ ਇਕ ਮਿੱਤਰ ਦੇ ਘਰ ਚਾਹ-ਪਾਣੀ ਪੀਂਦਿਆਂ ਉਸ ਦੀ ਬੇਟੀ ਨੂੰ, ਜੋ ਛੇਵੀਂ ਜਮਾਤ ਵਿਚ ਪੜ੍ਹਦੀ ਸੀ, ਪੁੱਛਿਆ, "ਬੇਟੀ, ਤੁਸੀਂ ਸਿੰਧੀ ਜੇ ਕਿ ਬਲੋਚੀ ?"

ਉਹ ਹੱਸ ਕੇ ਬੋਲੀ, "ਨਹੀਂ ਅੰਕਲ, ਅਸੀਂ ਤਾਂ ਪੰਜਾਬੀ ਆਂ।"

ਮੈਂ ਫੇਰ ਪੁੱਛਿਆ, "ਤੁਸੀਂ ਪੰਜਾਬ ਦਾ ਜੁਗਰਾਫ਼ੀਆ (ਭੂਗੋਲ) ਪੜ੍ਹਿਆ ਹੋਇਐ ?"

ਕਹਿਣ ਲੱਗੀ, "ਹਾਂ ਜੀ, ਪੜ੍ਹਿਆ ਹੋਇਐ।"

ਮੈਂ ਕਿਹਾ, "ਬੇਟੀ, ਕੀ ਮੈਨੂੰ ਦੱਸ ਸਕੇਂਗੀ ਕਿ ਪੰਜਾਬ ਕਿੱਥੋਂ ਤੋਂ ਲੈ ਕੇ ਕਿੱਥੋਂ ਤਕ ਫੈਲਿਆ ਹੋਇਐ ?"

ਕੁੜੀ ਨੇ ਬੜੀ ਖ਼ੁਸ਼ੀ ਨਾਲ ਦੱਸਿਆ, "ਜੀ, ਪੰਜਾਬ ਤਾਂ ਸੂਬਾ ਸਿੰਧ ਤੇ ਸੂਬਾ ਸਰਹੱਦ ਤੋਂ ਲੈ ਕੇ ਲਾਹੌਰ ਵਾਲੇ ਬਾਰਡਰ ਤਕ ਫੈਲਿਆ ਹੋਇਐ। ਮੈਂ ਇਹ ਬਾਰਡਰ ਵੇਖਿਆ ਵੀ ਹੋਇਐ।"

ਵਾਪਸੀ ਉੱਤੇ ਇਹੀ ਸਵਾਲ ਮੈਂ ਆਪਣੇ ਛੋਟੇ ਪੋਤਰੇ ਨੂੰ ਕੀਤਾ, ਜੋ ਅੰਮ੍ਰਿਤਸਰ ਵਿਚ ਪੜ੍ਹਦਾ ਸੀ ਤੇ ਸਬੱਬ ਨਾਲ ਸੀ ਵੀ ਛੇਵੀਂ ਦਾ ਵਿਦਿਆਰਥੀ। ਉਸ ਦਾ ਜਵਾਬ ਸੀ, "ਵਾਘੇ ਬੈਰੀਅਰ ਤੋਂ ਸ਼ੰਭੂ ਬੈਰੀਅਰ ਤਕ ਪੰਜਾਬ ਹੀ ਪੰਜਾਬ ਹੈ।" ਜਿਵੇਂ ਕਿ ਆਪ ਨੂੰ ਪਤਾ ਹੀ ਹੈ, ਰਾਜਪੁਰੇ ਵੱਲੋਂ ਹਰਿਆਣੇ ਵਿਚ ਦਾਖ਼ਲ ਹੋਣ ਤੋਂ ਪਹਿਲਾਂ 'ਸ਼ੰਭੂ' ਪੰਜਾਬ ਦਾ ਆਖ਼ਰੀ ਸਰਹੱਦੀ ਪਿੰਡ ਹੈ।

ਬੱਚਿਆਂ ਦੇ ਉੱਤਰ ਸਪਸ਼ਟ ਕਰਦੇ ਹਨ ਕਿ ਲਾਹੌਰ ਤੇ ਅੰਮ੍ਰਿਤਸਰ ਦੇ ਬੱਚਿਆਂ ਦੀਆਂ ਅੱਖਾਂ ਦੇ ਸਾਹਮਣੇ, 'ਪੰਜਾਬ' ਦਾ ਜ਼ਿਕਰ ਛਿੜਦਿਆਂ ਹੀ, ਦੋ ਅਸਲੋਂ ਵੱਖਰੇ ਵੱਖਰੇ ਨਕਸ਼ੇ ਉੱਭਰ ਖਲੋਂਦੇ ਹਨ। ਆਪਾਂ ਸਾਰੇ ਜਾਣਦੇ ਹਾਂ ਕਿ ਇਹ ਨਿਰੇ ਲਾਹੌਰ ਦੇ ਜਾਂ ਨਿਰੇ ਅੰਮ੍ਰਿਤਸਰ ਦੇ ਬੱਚਿਆਂ ਦੀ ਗੱਲ ਨਹੀਂ, ਪਾਕਿਸਤਾਨ ਦੇ ਕਰੋੜਾਂ ਲੋਕਾਂ ਲਈ 'ਪੰਜਾਬ' ਦੇ ਉਹੀ ਅਰਥ ਹਨ, ਜੋ ਲਾਹੌਰੀ ਬੱਚੀ ਨੂੰ ਆਉਂਦੇ ਸਨ ਤੇ ਭਾਰਤ ਦੇ ਲੋਕਾਂ ਲਈ 'ਪੰਜਾਬ' ਦੇ ਬਿਲਕੁਲ ਉਹੀ ਅਰਥ ਹਨ ਜੋ ਅੰਮ੍ਰਿਤਸਰੀ ਬੱਚੇ ਨੇ ਦੱਸੇ ਸਨ।

1986 ਵਿਚ ਪਹਿਲੀ ਤੇ 1992 ਵਿਚ ਦੂਜੀ 'ਆਲਮੀ ਪੰਜਾਬੀ ਕਾਨਫ਼ਰੰਸ', ਲਾਹੌਰ (ਪਾਕਿਸਤਾਨ) ਵਿਚ ਹੋਈ ਸੀ। 'ਆਲਮੀ' ਦਾ ਮਤਲਬ ਹੈ 'ਵਿਸ਼ਵ ਦੀ'। ਸਵਾਲ ਪੈਦਾ ਹੁੰਦਾ ਹੈ ਕਿ ਪਾਕਿਸਤਾਨ ਦੀਆਂ ਇਹ ਆਲਮੀ ਕਾਨਫ਼ਰੰਸਾਂ, 'ਪੰਜਾਬ' ਦੇ ਨਕਸ਼ੇ ਲਈ [illegible] ਨੂੰ, ਜਿਉਂ ਦਾ ਤਿਉਂ, ਅਪਣਾ ਲ[illegible]

WWW.SIKHBOOKCLUB.COM

ਨਾ ? ਤੇ ਸਾਡੀ 'ਵਿਸ਼ਵ ਪੰਜਾਬੀ ਕਾਨਫ਼ਰੰਸ', ਭਾਰਤ ਸਰਕਾਰ ਵੱਲੋਂ ਛਾਪਿਆ ਗਿਆ 'ਪੰਜਾਬ' ਦਾ ਨਕਸ਼ਾ, ਬਿਨਾਂ ਕਿਸੇ ਹੀਲ-ਹੁੱਜਤ ਦੇ, ਜਿਉਂ ਦਾ ਤਿਉਂ, ਅਪਣਾ ਲਵੇ ਜਾਂ ਨਾ ?

ਇਸ ਸਵਾਲ ਦਾ ਜੋ ਜਵਾਬ ਇਹ ਜਾਂ ਉਹ ਕਾਨਫ਼ਰੰਸ ਦੇਵੇਗੀ, ਉਸੇ ਤੋਂ ਨਿਸਚਿਤ ਹੋਵੇਗਾ ਕਿ ਕਿਸ ਕਾਨਫ਼ਰੰਸ ਨੇ ਕਿਸ ਲਈ, ਕਿੰਨਾ ਤੇ ਕਿਹੋ ਜਿਹਾ ਕੰਮ ਕਰਨਾ ਹੈ।

ਪਰ ਇਹ ਗੱਲ ਇਨ੍ਹਾਂ ਦੋ ਨਕਸ਼ਿਆਂ ਨੇ ਹੀ ਨਹੀਂ ਨਬੇੜਨੀ, ਕਿਉਂਕਿ ਜਦੋਂ ਵੀ ਵਿਸ਼ਵ ਕਾਨਫ਼ਰੰਸ ਵੱਲੋਂ ਥਾਪੇ ਗਏ ਵਿਦਵਾਨ, ਅਰਥ-ਘੇਰੇ ਨਿਸਚਿਤ ਕਰਨ ਲਈ ਜੁੜ ਬੈਠਣਗੇ, ਜਿਵੇਂ ਕਿ ਮੈਂ ਸਿਫ਼ਾਰਸ਼ ਕੀਤੀ ਹੈ, ਤਾਂ ਉਨ੍ਹਾਂ ਦਾ ਵਾਹ ਪੰਜਾਬ ਦੇ ਹੋਰ ਵੀ ਕਈ ਨਕਸ਼ਿਆਂ ਨਾਲ ਪਵੇਗਾ। ਆਪ ਜਾਣਦੇ ਹੀ ਹੋ ਕਿ ਪੰਜਾਬ ਦੀਆਂ ਸਿਆਸੀ ਜਾਂ ਇੰਤਜ਼ਾਮੀ ਸਰਹੱਦਾਂ ਵਿਚ, ਸਮੇਂ ਸਮੇਂ, ਕਾਫ਼ੀ ਫੇਰ-ਬਦਲ ਹੁੰਦਾ ਰਿਹਾ ਹੈ। ਆਪਾਂ ਪੰਜਾਬ ਦੇ ਪੱਛਮੋਤਰੀ ਭਾਗ ਉੱਤੇ ਪੁਰਾਣੇ ਈਰਾਨੀ ਜਾਂ ਯੂਨਾਨੀ ਕਬਜ਼ੇ ਦੀ ਗੱਲ ਨਾ ਵੀ ਕਰੀਏ ਤੇ, ਇਸ ਤਰ੍ਹਾਂ ਮਹਿਮੂਦ ਗ਼ਜ਼ਨਵੀ ਤੋਂ ਅਹਿਮਦ ਸ਼ਾਹ ਅਬਦਾਲੀ ਤਕ ਦੀਆਂ ਬਦਲੀਆਂ ਸਰਹੱਦਾਂ ਨੂੰ ਵੀ ਨਜ਼ਰ-ਅੰਦਾਜ਼ ਕਰ ਦੇਈਏ ਤੇ ਸ਼ੁਰੂ ਕਰ ਲਈਏ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਤੋਂ, ਤਾਂ ਵੀ ਨਕਸ਼ਿਆਂ ਦੀ ਗਿਣਤੀ ਕਾਫ਼ੀ ਹੋ ਜਾਣ ਦਾ ਡਰ ਹੈ। ਮਹਾਰਾਜੇ ਦੇ ਸਮੇਂ ਵਿਚ ਜੰਮੂ-ਕਸ਼ਮੀਰ, ਹਿਮਾਚਲ ਤੇ ਸੂਬਾ ਸਰਹੱਦ (ਹੁਣ ਪਾਕਿਸਤਾਨ) ਪੰਜਾਬ ਦੀ ਬੁੱਕਲ ਵਿਚ ਆ ਚੁੱਕੇ ਸਨ। ਇਸ ਤੋਂ ਬਾਅਦ, ਅੰਗਰੇਜ਼ੀ ਹਕੂਮਤ ਦੇ ਆਰੰਭਿਕ ਸਮੇਂ ਵਿਚ, ਪੰਜਾਬ ਆਗਰੇ ਤਕ ਦੇ ਇਕ ਵਿਸ਼ਾਲ ਉੱਤਰ-ਪੱਛਮੀ ਇੰਤਜ਼ਾਮੀ ਇਕਾਈ ਦਾ ਭਾਗ ਵੀ ਬਣਿਆ ਰਿਹਾ। ਕੀ ਵਿਸ਼ਵ ਪੰਜਾਬੀ ਕਾਨਫ਼ਰੰਸ ਜਾਂ ਆਲਮੀ ਪੰਜਾਬੀ ਕਾਨਫ਼ਰੰਸ ਵਿੱਚੋਂ ਕੋਈ ਰਣਜੀਤ ਸਿੰਘ ਜਾਂ ਮੁੱਢਲੇ ਅੰਗਰੇਜ਼ੀ ਕਾਲ ਵਾਲੇ ਬਹੁ-ਭਾਸ਼ੀ, ਬਹੁ-ਕੌਮੀਅਤੀ ਪੰਜਾਬ ਵਾਲੇ ਕਿਸੇ ਨਕਸ਼ੇ ਨੂੰ ਅਪਣਾਉਣ ਲਈ ਤਿਆਰ ਹੋਵੇਗੀ ?

ਅੰਤਿਮ ਫ਼ੈਸਲਾ, ਮੈਂ ਤੁਹਾਡੇ ਵਿਸ਼ੇਸ਼ੱਗਾਂ ਉੱਤੇ ਛੱਡਣਾ ਚਾਹੁੰਦਾ ਹਾਂ, ਪਰ ਆਪ ਨੂੰ ਆਪਣੀ ਰਾਏ ਤੋਂ ਵਾਂਝਾ ਨਹੀਂ ਰੱਖਾਂਗਾ। ਤੁਹਾਡੇ ਵਿਦਵਾਨ ਚਾਹੁਣ ਤਾਂ ਇਸ ਰਾਏ ਨੂੰ ਵੀ ਵਿਚਾਰ ਲੈਣ, ਵਰਨਾ ਉਨ੍ਹਾਂ ਦੀ ਤੇ ਤੁਹਾਡੀ ਮਰਜ਼ੀ।

ਮੇਰਾ ਮਤ ਇਹ ਹੈ ਕਿ 'ਵਿਸ਼ਵ ਪੰਜਾਬੀ ਕਾਨਫ਼ਰੰਸ' ਨੂੰ, ਜੋ ਆਪਣੇ ਐਲਾਨ ਅਨੁਸਾਰ, ਕੋਈ ਸਿਆਸੀ ਸੰਸਥਾ ਨਹੀਂ ਹੈ, 'ਪੰਜਾਬ' ਦਾ ਠੀਕ ਚੁਹੱਦਾ ਨਿਸਚਿਤ ਕਰਨ ਵੇਲੇ, ਇਸ ਦੀਆਂ ਵਰਤਮਾਨ ਜਾਂ ਪਿਛਲੀਆਂ ਸਿਆਸੀ ਜਾਂ ਇੰਤਜ਼ਾਮੀ ਸਰਹੱਦਾਂ ਵਾਲੀ ਵਲਗਣ ਤੋਂ ਬਾਹਰ ਨਿਕਲ ਕੇ, ਭਾਸ਼ਾ ਤੇ ਸਭਿਆਚਾਰ ਦੀਆਂ ਸੋਧਾਂ ਅਨੁਸਾਰ ਆਪਣਾ ਨਵਾਂ ਨਕਸ਼ਾ ਤਿਆਰ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਦੀਆਂ ਸੋਧਾਂ ਨਾਲ ਬਣੇ ਪੰਜਾਬ ਦੇ ਨਕਸ਼ੇ ਦੀਆਂ ਰੇਖਾਵਾਂ ਘੱਟੋ-ਘੱਟ ਦੋ ਮੁਲਕਾਂ ਤੇ ਕਈ ਮੌਜੂਦਾ ਸੂਬਿਆਂ ਦੀਆਂ ਸਰਹੱਦਾਂ ਦੇ ਆਰ-ਪਾਰ ਲੰਘਣਗੀਆਂ। 'ਪੰਜਾਬ' ਦੇ ਇਸ ਨਵੇਂ ਸੰਕਲਪ ਨੂੰ ਕੋਈ ਦੇਸ, ਸੂਬਾ ਜਾਂ ਸਿਆਸੀ ਦਲ ਪਰਵਾਨ ਕਰਦਾ ਹੈ ਕਿ ਰੱਦ ਕਰਦਾ ਹੈ, ਮੇਰੇ ਵਿਸ਼ਵਾਸ ਨੂੰ ਕੋਈ ਫ਼ਰਕ ਨਹੀਂ ਪੈਣਾ ਤੇ ਨਾ ਕਾਨਫ਼ਰੰਸ ਦੇ ਵਿਸ਼ਵਾਸ ਨੂੰ ਹੀ ਪੈਣਾ ਚਾਹੀਦਾ ਹੈ, ਕਿਉਂਕਿ ਇਸ ਦੇ ਪਿੱਛੇ ਕੰਮ ਕਰ ਰਹੀ ਨੀਤੀ ਭਾਸ਼ਾ-ਵਿਗਿਆਨੀਆਂ ਤੇ ਸਭਿਆਚਾਰ-ਵਿਸ਼ੇਸ਼ੱਗਾਂ ਦੀ ਈਮਾਨਦਾਰ ਪੜਤਾਲ ਨੂੰ ਪਰਵਾਨ ਕਰਨ ਦੀ ਹੈ ਨਾ ਕਿ ਪੰਜਾਬੀ-ਭਾਸ਼ੀ ਇਲਾਕੇ ਦੀਆਂ ਸਰਹੱਦਾਂ ਵਿਚ ਧੱਕੇ, ਧੌਂਸ ਜਾਂ ਚਤਰਾਈ ਨਾਲ ਕੋਈ ਵਾਧਾ ਕਰਨ ਦੀ ਤੇ ਇਹੀ ਨੀਤੀ ਦੁਹਾਂ ਪਾਸਿਆਂ ਦੀਆਂ ਕਾਨਫ਼ਰੰਸਾਂ ... ਕੁੱਝ ਪਈਆਂ ਹੋਣ, ਇਸ ਨਵੇਂ ...

WWW.SIKHBOOKCLUB.COM 

ਵਿਚ ਪੰਜਾਬੀ-ਬੋਲਦੇ ਲੋਕਾਂ ਦੇ ਆਪਣੇ ਅਸਲੀ ਘਰ—ਪੰਜਾਬ—ਦੀਆਂ ਸਰਹੱਦਾਂ ਪਹਿਲੀ ਵਾਂਗੀ ਠੀਕ ਉਲੀਕੀਆਂ ਜਾਣਗੀਆਂ।

## 4

'ਪੰਜਾਬ' ਦੀ ਤਰ੍ਹਾਂ 'ਪੰਜਾਬੀ' ਸ਼ਬਦ ਦੇ ਅਰਥ ਵੀ ਝਗੜੇ ਤੋਂ ਖ਼ਾਲੀ ਨਹੀਂ ਹਨ। ਜੇ 'ਪੰਜਾਬ' ਦਾ ਨਕਸ਼ਾ, ਭਾਸ਼ਾ ਤੇ ਸਭਿਆਚਾਰ ਦੀ ਥਾਂ ਨਿਰੋਲ ਸਿਆਸੀ ਤੇ ਮਜ਼ਹਬੀ ਹਿਤਾਂ ਦੇ ਪ੍ਰਭਾਵ ਹੇਠ ਹੀ ਉਲੀਕਿਆ ਜਾਣਾ ਹੋਵੇ, ਫੇਰ ਤਾਂ ਪੱਕ ਜਾਣੋ ਕਿ ਭਾਸ਼ਾ-ਸੂਚਕ ਸ਼ਬਦ 'ਪੰਜਾਬੀ' ਦਾ ਅਰਥ-ਘੇਰਾ ਨਿਸਚਿਤ ਕਰਨ ਵੇਲੇ ਵੀ ਸਿਆਸੀ ਤੇ ਮਜ਼ਹਬੀ ਹਿਤ ਆਪਣਾ ਰੰਗ ਜ਼ਰੂਰ ਵਿਖਾਉਣਗੇ। ਜੇ ਮੇਰੇ ਕਥਨ ਉੱਤੇ ਇਤਬਾਰ ਨਾ ਹੋਵੇ ਤਾਂ ਸੁਣੋ, ਪਾਕਿਸਤਾਨ ਦੇ ਲੇਖਕ ਜਨਾਬ ਮੁਸ਼ਤਾਕ ਬਾਸਿਤ ਹੁਰੀਂ ਆਪਣੀ ਬਹੁ-ਚਰਚਿਤ ਕਿਤਾਬ *ਪਾਕ ਪੰਜਾਬੀ* ਵਿਚ ਕੀ ਫ਼ਰਮਾਉਂਦੇ ਹਨ।

'ਮੁੱਢਲੀ ਗੱਲ' ਵਾਲੇ ਸਿਰਨਾਵੇਂ ਹੇਠ ਲਿਖਦਿਆਂ ਉਹ ਆਪਣੀ ਗੱਲ ਵਲ੍ਹੇਟਦਿਆਂ ਲਿਖਦੇ ਹਨ:

> "ਮੇਰੇ ਸਾਹਮਣੇ ਪਾਕ ਪੰਜਾਬੀ ਦੀ ਉਹ ਸੂਰਤ ਏ, ਜਿਸ 'ਤੇ ਮੈਨੂੰ ਪਾਕਿਸਤਾਨੀ ਤੇ ਮੁਸਲਮਾਨ ਹੋਣ ਪਾਰੋਂ ਫ਼ਖ਼ਰ ਵੀ ਏ, ਉਹ ਪਾਕ ਪੰਜਾਬੀ, ਜਿਸ ਦੀ ਬਣਤਰ ਵਿਚ ਪਾਕਿਸਤਾਨੀ ਸਕਾਫ਼ਤ ਨਾਲ ਪਾਕ ਪੰਜਾਬੀ ਦਿਆਂ ਮਜ਼ਬੂਤ ਤੇ ਨਾ ਟੁੱਟਣ ਵਾਲਿਆਂ ਰਿਸ਼ਤਿਆਂ ਦੀ ਵਜ਼ਾਰਤ ਵੀ ਏ ਤੇ ਰੂਹਾਨੀਅਤ ਬਾਰੇ ਜ਼ਬਾਨ ਤੇ ਇਸ ਦੇ ਅਸਰਾਤ ਵੀ..."
>
> *(ਸਫ਼ਾ 15)*

ਕਿਤਾਬ ਦਾ ਦੂਜਾ ਸਿਰਨਾਵਾਂ ਹੈ 'ਪਾਕ ਪੰਜਾਬੀ ਦਾ ਤਸੱਵੁਰ'। ਇਸ ਕਾਂਡ ਦੇ ਸ਼ੁਰੂ ਵਿਚ ਹੀ ਉਹ ਦੱਸਦੇ ਹਨ ਕਿ:

> "ਪੰਜ ਦਰਿਆਵਾਂ ਦਾ ਇਹ ਇਲਾਕਾ, ਜਿਹੜਾ ਹੁਣ ਪਾਕਿਸਤਾਨੀ ਪੰਜਾਬ ਏ, ਵਾਘੇ ਪਾਰ ਦੇ ਪੰਜਾਬੀ ਤੋਂ ਉਤਨਾ ਵੱਖ ਏ ਜਿਤਨੀ ਇਸਲਾਮੀ ਤਹਿਜ਼ੀਬ ਤੇ ਸਕਾਫ਼ਤ, ਸਿੱਖਾਂ ਤੇ ਹਿੰਦੂਆਂ ਦੀ ਤਹਿਜ਼ੀਬ ਤੇ ਸਕਾਫ਼ਤ ਤੋਂ..." *(ਸਫ਼ਾ 16)*

ਸਫ਼ਾ 20 ਉੱਤੇ ਉਨ੍ਹਾਂ ਨਤੀਜਾ ਕੱਢਿਆ ਹੈ ਕਿ:

> "ਸਿੱਖਾਂ ਦੀ ਪੰਜਾਬੀ, ਮੁਸਲਮਾਨਾਂ ਦੀ ਪੰਜਾਬੀ ਤੋਂ ਬਿਲਕੁਲ ਵੱਖ ਏ..."

ਅਗਲੇ ਸਫ਼ੇ ਉੱਤੇ ਆਪਣੇ ਵਿਚਾਰ ਨੂੰ ਵਧੇਰੇ ਖੋਲ੍ਹ ਕੇ ਇਉਂ ਪੇਸ਼ ਕੀਤਾ ਹੈ:

> "ਪਾਕਿਸਤਾਨ ਬਣਨ ਤੋਂ ਬਾਅਦ ਸਾਡੀ ਪੰਜਾਬੀ ਨੇ...ਆਪਣੇ ਸਕਾਫ਼ਤੀ, ਮਜ਼ਹਬੀ ਤੇ ਤਹਿਜ਼ੀਬੀ ਰਿਸ਼ਤਿਆਂ ਨਾਲ ਆਪਣਾ ਸੀਰ ਜੋੜ ਲਿਆ ਤੇ ਪੰਜਾਬੀ ਸਕਾਫ਼ਤ ਅਜ਼ੀਮਤਰ ਪਾਕਿਸਤਾਨੀ ਸਕਾਫ਼ਤ ਦਾ ਇਕ ਅੰਗ ਬਣ ਗਈ ਏ...ਅਸਾਂ ਆਪਣੀ ਪੰਜਾਬੀ, ਫ਼ਾਰਸੀ ਰਸਮੁਲਖ਼ਤ ਨਾਲ ਜੋੜ ਕੇ ਅਰਬ ਤੇ ਫ਼ਾਰਸ ਨਾਲ ਇਸ ਦੇ ਰਿਸ਼ਤੇ ਹੋਰ ਮਜ਼ਬੂਤ ਕਰ ਦਿੱਤੇ ਹੈਨ ਤੇ [illegible] ਉਰਦੂ ਰਸਮੁਲਖ਼ਤ ਵੀ ਏ, ਸਾਨੂੰ ਉਰਦੂ ਦੇ ਨੇੜੇ ਲਿਆਂਦਾ ਗਿਆ ਤੇ ਵਾਘੇ ਪਾਰ ਦੀ ਪੰਜਾਬੀ ਤੋਂ ਏਨਾ

WWW.SIKHBOOKCLUB.COM

> ਦੂਰ ਲੈ ਗਿਆ ਏ। ਮੁਲਕੀ ਹੱਦ ਦੇ ਨਾਲ ਸੋਚ ਦੀ ਹੱਦ ਵੀ ਏਨੀ ਕੁ ਮਜ਼ਬੂਤ ਹੋ ਗਈ ਏ, ਜਿੰਨਾ ਪਾਕਿਸਤਾਨ ਦੇ ਵੱਖ ਵਜੂਦ ਹੋਣ ਦਾ ਤਸੱਵੁਰ ਏ।"

ਮਤੇ ਕੋਈ ਪਾਕਿਸਤਾਨ ਤੋਂ ਪਹਿਲਾਂ ਦੀ ਸਾਂਝ ਦੀ ਦਲੀਲ ਨਾਲ ਉਨ੍ਹਾਂ ਦੀ ਦਲੀਲ ਨੂੰ ਕੱਟਣ ਦਾ ਜਤਨ ਕਰੇ, ਉਹ ਇਹ ਕਹਿ ਕੇ ਉਸ ਦਾ ਮੱਕੂ ਠੱਪਦੇ ਹਨ:

> "ਵੇਖਣ ਨੂੰ ਹਿੰਦੁਸਤਾਨੀ ਪੰਜਾਬੀ ਤੇ ਪਾਕਿਸਤਾਨੀ ਪੰਜਾਬੀ ਇਕ ਮੁਆਸ਼ਿਰਤੀ ਰਿਸ਼ਤੇ ਵਿਚ ਪਰੋਈਆਂ ਹੋਈਆਂ ਜ਼ਰੂਰ ਸਨ। ਏਸੇ ਲਈ ਪਾਕਿਸਤਾਨ ਬਣਨ ਤੋਂ ਪਹਿਲਾਂ ਇਨ੍ਹਾਂ ਦੀ ਵੱਖ ਵੱਖ ਇਤਨੀ ਵਾਜ਼ਿਹ ਪਹਿਚਾਨ ਨਹੀਂ ਸੀ ਕੀਤੀ ਜਾ ਸਕਦੀ ਪਰ ਹੁਣ ਜਦ ਕਿ ਉਹ ਰਿਸ਼ਤੇ, ਨਜ਼ਰੀਆਤੀ ਤੇ ਸੋਚ ਦੀਆਂ ਹੱਦਾਂ (ਜੋ) ਪਹਿਲੇ ਵੀ ਸਨ, ਆਪਣੀ ਪੱਕੀ ਹੱਦ-ਬੰਦੀ ਕਰ ਚੁੱਕੀਆਂ ਨੇ, ਕਿਉਂ ਜੇ ਉਹ ਮੁਆਸ਼ਿਰਤੀ ਰਿਸ਼ਤਾ ਖ਼ਤਮ ਹੋ ਗਿਆ ਏ ਤੇ ਕਈ ਵਾਜ਼ਿਹ ਰਿਸ਼ਤੇ ਦੋਹਾਂ ਇਲਾਕਿਆਂ ਦੇ ਕਾਇਮ ਹੋ ਗਏ ਹਨ ਤੇ ਇਹ ਰਿਸ਼ਤੇ ਇਕ ਦੂਜੇ ਨਾਲ ਇਕੱਠੇ ਨਹੀਂ, ਵੱਖ ਵੱਖ ਨੇ, ਇਨ੍ਹਾਂ ਦੇ ਵੱਖ ਵੱਖ ਜ਼ਬਾਨਾਂ ਹੋਣ ਬਾਰੇ ਕੋਈ ਸ਼ੱਕ ਵ ਸ਼ੁਬਹ ਨ ਰਹਿਆ, ਕਿਉਂ ਜੇ ਪਾਕਿਸਤਾਨੀ ਪੰਜਾਬ ਦਾ ਸਕਾਫ਼ਤੀ ਤੇ ਤਹਿਜ਼ੀਬੀ ਸਰਚਸ਼ਮਾ ਅਰਬ ਤੇ ਫ਼ਾਰਸ ਏ। ਪਾਕਿਸਤਾਨੀ ਪੰਜਾਬ ਦਾ ਅਦਬੀ ਵਿਰਸਾ ਵਾਰਿਸ ਸ਼ਾਹ, ਬੁੱਲ੍ਹੇ ਸ਼ਾਹ, ਮੀਆਂ ਮੁਹੰਮਦ, ਸੁਲਤਾਨ ਬਾਹੂ ਤੇ ਦੂਜਿਆਂ ਸੂਫ਼ੀਆਂ ਦੇ ਕਲਾਮ ਤੋਂ ਸ਼ੁਰੂ ਹੁੰਦਾ ਏ। ਸਾਡੀ ਪੰਜਾਬੀ ਵਿਚ ਸ਼ਲੋਕ ਯਾ ਭਜਨ ਨਾ ਪੜ੍ਹੇ ਜਾਂਦੇ ਨੇ ਨਾ ਸੁਣੇ ਜਾਂਦੇ ਨੇ..." *(ਸਫ਼ਾ 25)*[1]

ਇਸ ਟੂਕ ਦੀ ਲੰਬਾਈ ਲਈ ਮੈਂ ਆਪ ਸਾਰਿਆਂ ਤੋਂ ਖਿਮਾ ਚਾਹੁੰਦਾ ਹਾਂ, ਪਰ ਅੱਜ ਮੈਂ ਜਿਹੜਾ ਮਜ਼ਮੂਨ ਛੋਹ ਲਿਆ ਹੈ, ਉਸ ਨੂੰ ਸਿੱਧ ਕਰਨ ਲਈ ਇਸ ਨੂੰ ਆਪ ਦੇ ਸਾਹਮਣੇ ਲਿਆਉਣਾ ਮੈਨੂੰ ਜ਼ਰੂਰੀ ਭਾਸਿਆ ਹੈ।

ਅਦਬੀ ਹਲਕਿਆਂ ਵਿਚ ਮੁਸ਼ਤਾਕ ਬਾਸਿਤ ਹੁਰਾਂ ਨਾਲੋਂ ਵਧੇਰੇ ਜਾਣਿਆ ਜਾਂਦਾ ਨਾਂ ਹੈ ਡਾ. ਸ਼ਾਹਬਾਜ਼ ਮਲਿਕ ਦਾ। ਉਹ ਪੰਜਾਬ ਯੂਨੀਵਰਸਿਟੀ, ਲਾਹੌਰ ਦੇ ਪੰਜਾਬੀ ਮਹਿਕਮੇ ਦੇ ਮੁਖੀ ਹਨ।[2] ਇਨ੍ਹਾਂ ਨੇ ਬਾਸਿਤ ਸਾਹਿਬ ਦੀ ਕਿਤਾਬ ਤੋਂ ਪਹਿਲਾਂ, 1976 ਵਿਚ ਇਕ ਕਿਤਾਬੜੀ ਛਪਵਾਈ ਸੀ, ਜਿਸ ਦਾ ਨਾਂ ਸੀ *ਮੂੰਹ ਆਈ ਗੱਲ*[3] (*ਇਕ ਜਾਇਜ਼ਹ*)। ਇਸ ਵਿਚ ਵੀ ਵਿਦਵਾਨ ਲੇਖਕ ਦੀ ਸੋਚ ਦਾ ਰੁਖ ਬਾਸਿਤ ਸਾਹਿਬ ਦੀ ਅਗਵਾਈ ਕਰਨ ਵਾਲਾ ਸੀ।

ਬਾਸਿਤ ਸਾਹਿਬ ਦੀ ਟੂਕ ਕੁੱਝ ਲੰਮੀ ਜ਼ਰੂਰ ਹੈ, ਪਰ ਇਸ ਨੂੰ ਏਥੇ ਦੇਣਾ ਮੈਂ ਇਹ ਸਿੱਧ ਕਰਨ ਲਈ ਜ਼ਰੂਰੀ ਸਮਝਿਆ ਹੈ ਕਿ 'ਪੰਜਾਬੀ' ਦਾ ਸੰਕਲਪ ਵੀ ਸਾਰੇ ਬੁਲਾਰਿਆਂ ਵਿਚ ਇੱਕੋ ਜਿਹਾ ਨਹੀਂ ਹੈ। ਡਾ. ਸ਼ਾਹਬਾਜ਼ ਮਲਿਕ ਤੇ ਬਾਸਿਤ ਸਾਹਿਬ ਪੰਜਾਬ ਤੇ ਪੰਜਾਬੀ ਦੇ ਹਿਤੈਸ਼ੀ ਹਨ, ਇਸ ਦੇ ਵਾਧੇ ਦੇ ਚਾਹਵਾਨ ਹਨ, ਪਰ ਜਿਨ੍ਹਾਂ ਪ੍ਰੇਰਕ ਜਜ਼ਬਿਆਂ ਦੇ ਅਧੀਨ ਉਨ੍ਹਾਂ ਦੇ

---

1. *ਪਾਕ ਪੰਜਾਬੀ*, ਮੁਸ਼ਤਾਕ ਬਾਸਿਤ, 1978, ਚਜ ਅਕੈਡਮੀ, ਸਰਗੋਧਾ।
2. ਉਹ 1997 ਵਿਚ ਯੂਨੀਵਰਸਿਟੀ ਦੀ ਸੇਵਾ ਤੋਂ ਮੁਕਤ ਹੋ ਚੁੱਕੇ ਹਨ।
3. ਅਕਦਸ ਪਬਲੀਕੇਸ਼ਨਜ਼, ਲਾਹੌਰ।

WWW.SIKHBOOKCLUB.COM

'ਪੰਜਾਬ' ਤੇ 'ਪੰਜਾਬੀ' ਦੇ ਸੰਕਲਪ ਪਲ ਰਹੇ ਹਨ, ਉਨ੍ਹਾਂ ਦੀ ਮਿਹਰਬਾਨੀ ਕਰ ਕੇ ਜੇ ਉਨ੍ਹਾਂ ਦੀ ਪਾਕਿਸਤਾਨੀ ਪੰਜਾਬੀ, ਕਿਤੇ ਭੁੱਲ-ਭੁਲੇਖੇ ਨਾਲ ਵੀ, ਭਾਰਤੀ ਪੰਜਾਬੀ ਨੂੰ ਛੁਹ ਜਾਵੇ ਤਾਂ ਉਨ੍ਹਾਂ ਭਾਣੇ ਸਾਰੀ ਦੀ ਸਾਰੀ 'ਪਾਕ' ਪੰਜਾਬੀ 'ਨਾਪਾਕ' ਪੰਜਾਬੀ ਬਣ ਕੇ ਰਹਿ ਜਾਵੇਗੀ! ਆਪਣੇ ਵਾਲੇ ਪਾਸੇ ਦੀ ਪੰਜਾਬੀ ਨੂੰ, ਭਾਰਤੀ ਪੰਜਾਬੀ ਤੋਂ ਬੇਲਾਗ, ਇਕ ਵੱਖਰੀ ਪਾਕਿਸਤਾਨੀ-ਇਸਲਾਮੀ ਬੋਲੀ ਮੰਨਣ ਵਾਲੀ ਇਸ ਰੁਚੀ ਦੀ ਉਪਜ, ਬਿਨਾਂ ਸ਼ੱਕ, ਠੋਸ ਲਿਸਾਨੀ ਜਾਂ ਭਾਸ਼ਾਈ ਸਬੂਤਾਂ ਦੀ ਥਾਂ ਗਾੜ੍ਹੇ ਮਜ਼ਹਬੀ ਤੇ ਸਿਆਸੀ ਰੰਗ ਵਿਚ ਰੰਗੇ ਵਤਨ-ਪਿਆਰ ਦੇ ਪ੍ਰਭਾਵ ਹੇਠ ਹੋਈ ਹੈ।

ਪਾਕਿਸਤਾਨ ਦੇ ਅੰਦਰ ਵੀ, ਕੇਂਦਰੀ ਸਿਆਸੀ ਦਾਬੇ ਤੋਂ ਖ਼ਲਾਸੀ ਪਾਉਣ ਦਾ ਨਾਅਰਾ ਲਾਉਣ ਵਾਲੀ ਇਕ ਅੱਧ-ਸਿਆਸੀ ਤੇ ਅੱਧ-ਸਭਿਆਚਾਰਕ ਲਹਿਰ 'ਸਰਾਇਕੀ ਭਾਸ਼ਾ' ਦੇ ਨਾਂ ਹੇਠ ਚੱਲੀ ਹੋਈ ਹੈ। ਸਰਾਇਕੀ ਵਾਲੇ ਪੰਜਾਬੀ ਬੋਲੀ ਦੀ ਮੁਲਤਾਨ-ਬਹਾਵਲਪੁਰ ਵਾਲੀ ਲਹਿੰਦੀ ਸ਼ਾਖ਼ ਨੂੰ ਇਕ ਅਸਲੋਂ ਵੱਖਰੀ ਭਾਸ਼ਾ ਦੱਸ ਕੇ[4] ਪੰਜਾਬ ਤੋਂ ਵੱਖ, ਇਕ ਨਵੇਂ ਸਰਾਇਕੀ ਸੂਬੇ ਦੀ ਮੰਗ ਕਰ ਰਹੇ ਹਨ। ਮਜ਼ੇ ਦੀ ਗੱਲ ਇਹ ਹੈ ਕਿ ਸਿੰਧੀਆਂ ਵਾਂਗ, ਸਰਾਇਕੀ ਵਾਲਿਆਂ ਦਾ ਗੁੱਸਾ ਵੀ, ਉਰਦੂ ਵਿਰੁੱਧ ਘੱਟ ਤੇ ਪੰਜਾਬੀ ਵਿਰੁੱਧ ਵੱਧ ਹੈ। ਪਾਕਿਸਤਾਨ ਦੇ ਪੰਜਾਬੀ ਵਿਦਵਾਨ ਸਰਾਇਕੀ ਨੂੰ, ਪੰਜਾਬੀ ਦੀ ਉਪ-ਭਾਸ਼ਾ ਮੰਨ ਕੇ, ਇਸ ਨੂੰ ਸੁਤੰਤਰ ਪਦਵੀ ਦੇਣ ਦਾ ਵਿਰੋਧ ਕਰ ਰਹੇ ਹਨ।

ਏਧਰਲੇ ਪੰਜਾਬ ਵਿਚ ਵੀ ਤਕਰੀਬਨ ਇਹੀ ਗੱਲ ਵਾਪਰੀ ਹੋਈ ਹੈ। ਪੰਜਾਬੀ ਵਿਦਵਾਨ ਕਾਂਗੜੇ ਤੇ ਜੰਮੂ ਨੂੰ ਪੰਜਾਬੀ-ਭਾਸ਼ੀ ਮੰਨਦੇ ਹਨ, ਪਰ ਇਨ੍ਹਾਂ ਇਲਾਕਿਆਂ ਦੇ ਕੁੱਝ ਸਿਆਸੀ ਆਗੂ ਡੋਗਰੀ ਬੋਲੀ ਤੇ ਪਹਾੜੀ ਸਭਿਆਚਾਰ ਨੂੰ ਪੰਜਾਬੀ ਬੋਲੀ ਤੇ ਸਭਿਆਚਾਰ ਤੋਂ ਅਸਲੋਂ ਵੱਖਰੀਆਂ ਇਕਾਈਆਂ ਮੰਨਣ ਦੀ ਜ਼ਿੱਦ ਕਰਦੇ ਹਨ। ਉਹ ਹਿੰਦੀ ਨੂੰ ਤਾਂ ਛਾਤੀ ਨਾਲ ਲਾਈ ਬੈਠੇ ਹਨ ਪਰ ਪੰਜਾਬੀ ਨੂੰ ਬੈਠਕ ਤੋਂ ਬਾਹਰਵਾਰ, ਜੁੱਤੀਆਂ ਵਾਲੀ ਥਾਂ ਉੱਤੇ ਖੜੀ ਨੂੰ ਵੀ, ਨਹੀਂ ਪਏ ਸਹਾਰਦੇ, ਭਾਸ਼ਾ-ਵਿਗਿਆਨ ਭਾਵੇਂ ਕੁੱਝ ਪਿਆ ਕਹੇ।

ਮਜ਼ਹਬੀ-ਸਿਆਸੀ ਰੰਗ ਤੋਂ ਮੁਕਤ, ਨਿਰੋਲ ਭਾਸ਼ਾ ਦੇ ਨੁਕਤੇ ਤੋਂ ਵੀ, 'ਪੰਜਾਬੀ' ਬਾਰੇ ਵੱਖ ਵੱਖ ਰਾਵਾਂ ਮੌਜੂਦ ਹਨ। ਇਸ ਦੀਆਂ ਮਿਸਾਲਾਂ ਡਾ. ਮੋਹਨ ਸਿੰਘ ਦੀਵਾਨਾ ਤੇ ਡਾ. ਈਗਰ ਦਮਿਤਰੀਏਵਿਚ ਸੇਰੇਬ੍ਰਿਆਕੋਵ ਦੇ ਪੰਜਾਬੀ ਸਾਹਿੱਤ ਦੇ ਇਤਿਹਾਸਾ ਵਿੱਚੋਂ ਮਿਲ ਜਾਂਦੀਆਂ ਹਨ। ਦੋਵੇਂ ਡਾਕਟਰ, ਪੰਜਾਬ ਵਿਚ ਪੈਦਾ ਹੋਏ ਸਾਰੇ ਭਾਖਾ-ਸਾਹਿੱਤ ਜਾਂ ਸਧੁਕੜੀ ਸਾਹਿੱਤ ਨੂੰ, ਪੰਜਾਬੀ ਦਾ ਸਾਹਿੱਤ ਮੰਨਦੇ ਹਨ ਤੇ ਡਾ. ਸੇਰੇਬ੍ਰਿਆਕੋਵ ਤਾਂ ਪੰਜਾਬੀਆਂ ਦੇ ਰਚੇ ਹਿੰਦੀ ਤੇ ਉਰਦੂ, ਬਲਕਿ ਅੰਗਰੇਜ਼ੀ ਵਿਚ ਰਚੇ ਸਾਹਿੱਤ ਨੂੰ ਵੀ 'ਪੰਜਾਬੀ' ਦੱਸਦੇ ਹਨ। ਸ਼ਾਇਦ, 'ਪੰਜਾਬੀ' ਤੋਂ ਉਨ੍ਹਾਂ ਦਾ ਭਾਵ 'ਪੰਜਾਬ ਦੇਸ ਦਾ' ਜਾਂ 'ਪੰਜਾਬ ਵਿਚ ਪੈਦਾ ਹੋਇਆ ਸਾਹਿੱਤ' ਹੈ। ਡਾ. ਹਰਿਭਜਨ ਸਿੰਘ ਨੇ ਦਿੱਲੀ ਯੂਨੀਵਰਸਿਟੀ ਵਿਚ ਪੰਜਾਬੀ ਦੇ ਪ੍ਰੋਫ਼ੈਸਰ ਦੀ ਪਦਵੀ ਸਾਂਭਣ ਉਪਰੰਤ ਜਿਹੜਾ ਪਹਿਲਾ ਭਾਸ਼ਣ ਦਿੱਤਾ ਸੀ, ਉਸ ਵਿਚ ਵੀ ਡਾ. ਮੋਹਨ ਸਿੰਘ ਦੀਵਾਨਾ ਵਾਂਗ, ਪੰਜਾਬੀ ਦਾ ਘੇਰਾ ਵਧਾਉਣ ਦੀ ਲੋਚਾ ਕੀਤੀ ਸੀ ਤੇ ਮੈਂ ਆਪ ਵੀ, ਪੰਜਾਬ

---

4. "ਜੈਸਾ ਕਿ ਆਪ ਕੋ ਮਾਅਲੂਮ ਹੈ, ਸਰਾਇਕੀ ਇਕ ਕਦੀਮ ਜ਼ਬਾਨ ਹੈ ਔਰ ਏਕ ਵਸੀਅ ਇਲਾਕੇ ਕੀ ਜ਼ਬਾਨ ਹੈ।"
*ਉਰਦੂ-ਸਰਾਇਕੀ ਲੁ.ਗਾਤਿ-ਦਿਲਸ਼ਾਦੀਅਹ*, ਦਿਲਸ਼ਾਦ ਕਲਾਂਚਵੀ, ਹਿੱਸਾ ਅੱਵਲ, ਸਰਾਇਕੀ [illegible] 14, 1979, ਸਫ਼ਾ 6

ਯੂਨੀਵਰਸਿਟੀ, ਚੰਡੀਗੜ੍ਹ ਲਈ 1990 ਵਿਚ ਸੰਪਾਦਿਤ ਕੀਤੀ ਪੁਸਤਕ *ਮੱਧ ਕਾਲ ਦੀ ਚੋਣਵੀਂ ਪੰਜਾਬੀ ਕਵਿਤਾ* ਦੀ ਭੂਮਿਕਾ ਵਿਚ ਇਸ ਮਤ ਦੇ ਨੇੜੇ ਢੁੱਕ ਖਲੋਤਾ ਹਾਂ। ਇਸ ਦੇ ਮੁਕਾਬਲੇ ਉੱਤੇ, ਸੁਰਗਵਾਸੀ ਪ੍ਰੋ. ਤੇਜਾ ਸਿੰਘ ਤੋਂ ਸ਼ੁਰੂ ਹੋ ਕੇ, ਅਨੇਕ ਲੇਖਕ, ਲਾਹੌਰ-ਅੰਮ੍ਰਿਤਸਰ ਦੀ ਮਿਆਰੀ ਭਾਸ਼ਾ ਤੇ ਪੰਜਾਬ ਦੀਆਂ ਉਪਬਾਸ਼ਾਵਾਂ ਨੂੰ ਤਾਂ 'ਪੰਜਾਬੀ' ਮੰਨਦੇ ਹਨ, ਪਰ ਪੰਜਾਬ ਦੇ ਹਿੰਦਵੀ, ਭਾਖਾ, ਬਾਗੜੀ, ਸਧੁਕੜੀ ਜਾਂ ਹਿੰਦੀ, ਉਰਦੂ, ਆਦਿ ਭਾਸ਼ਾਵਾਂ ਵਿਚ ਰਚੇ ਗਏ ਸਾਹਿੱਤ ਨੂੰ, 'ਪੰਜਾਬੀ' ਨਹੀਂ ਮੰਨਦੇ।

ਆਪ ਸਭ ਜਾਣਦੇ ਹੀ ਹੋ ਕਿ ਹਿੰਦੀ ਤੇ ਉਰਦੂ ਦੀ ਬੁਨਿਆਦੀ ਵਿਆਕਰਣਿਕ ਬਣਤਰ ਇੱਕੋ ਹੈ, ਪਰ ਕਿਉਂਕਿ ਹਿੰਦੀ, ਨਵੇਂ ਸ਼ਬਦਾਂ ਦੀ ਘਾੜਤ ਵੇਲੇ, ਸਵਾਲੀ ਬਣ ਕੇ, ਸੰਸਕ੍ਰਿਤ ਦੇ ਦੁਆਰ ਉੱਤੇ ਜਾ ਅਲਖ ਜਗਾਉਂਦੀ ਹੈ ਤੇ ਉਰਦੂ ਵਾਲੇ, ਕਿਉਂਕਿ ਆਪਣੇ ਸ਼ਬਦ, ਆਮ ਤੌਰ ਉੱਤੇ, ਫ਼ਾਰਸੀ ਤੇ ਅਰਬੀ ਦੀਆਂ ਘੜਸਾਲਾਂ ਤੋਂ ਲੈਂਦੇ ਹਨ, ਇਸ ਲਈ ਹੌਲੀ ਹੌਲੀ, ਦੋ ਵੱਖ ਵੱਖ ਲਿਖਣ-ਸ਼ੈਲੀਆਂ, ਦੋ ਵੱਖ ਵੱਖ ਸੁਤੰਤਰ ਭਾਸ਼ਾਵਾਂ ਦਾ ਰੂਪ ਧਾਰਨ ਕਰ ਗਈਆਂ ਹਨ, ਖ਼ਾਸ ਕਰਕੇ ਇਸ ਲਈ ਕਿ ਇਨ੍ਹਾਂ ਦੋਹਾਂ ਦੀਆਂ ਲਿਪੀਆਂ ਅੱਡ ਅੱਡ ਸਨ। ਮਲਿਕ ਸਾਹਿਬ ਤੇ ਬਾਸਿਤ ਸਾਹਿਬ ਹੁਰਾਂ ਦੀ ਵੰਨਗੀ ਦੇ ਕੁੱਝ ਪਾਕਿਸਤਾਨੀ ਵਿਦਵਾਨ, ਹਿੰਦੀ ਤੇ ਉਰਦੂ ਵਿਚ ਪਈ ਵਿੱਥ ਨੂੰ ਨਮੂਨਾ ਬਣਾ ਕੇ, ਪਾਕਿਸਤਾਨੀ ਪੰਜਾਬੀ ਤੇ ਹਿੰਦੁਸਤਾਨੀ ਪੰਜਾਬੀ ਦੀ ਸਾਂਝ ਵਿਚ, ਫਾਨੇ ਠੋਕ ਕੇ, ਇਨ੍ਹਾਂ ਨੂੰ ਵੱਖ ਵੱਖ ਭਾਸ਼ਾਵਾਂ ਬਣਾਉਣ ਉੱਤੇ ਤੁਲੇ ਹੋਏ ਹਨ; ਪਰ ਸਰਹੱਦ ਦੇ ਦੁਪਾਸੀਂ, ਕੁੱਝ ਲੋਕ ਮੌਜੂਦ ਹਨ, ਜੋ ਦੂਹਾਂ ਦੇ ਵਿਚਕਾਰ ਪੈਂਦੀ ਹਰ ਦਰਾੜ ਦੀ ਝਟਪਟ ਮੁਰੰਮਤ ਕਰ ਕੇ ਇਨ੍ਹਾਂ ਦੀਆਂ ਦੋ ਸੁਤੰਤਰ ਬੋਲੀਆਂ ਬਣਦੀਆਂ ਨਹੀਂ ਵੇਖਣਾ ਚਾਹੁੰਦੇ। ਮੈਂ ਵੀ ਇਸ ਜੱਥੇ ਵਿਚ ਸ਼ਾਮਿਲ ਹਾਂ।

ਅਜਿਹੇ ਭਾਸ਼ਾਈ ਨਜ਼ਾਰੇ ਦੀ ਮੌਜੂਦਗੀ ਵਿਚ ਵਿਸ਼ਵ ਕਾਨਫ਼ਰੰਸ ਅੱਖਾਂ ਮੀਟ ਕੇ, ਇਹ ਫ਼ਰਜ਼ ਕਰ ਕੇ ਨਹੀਂ ਚੱਲ ਸਕਦੀ ਕਿ 'ਪੰਜਾਬੀ' ਦੇ ਅਰਥਾਂ ਦਾ ਤਾਂ ਸਭ ਨੂੰ ਪਤਾ ਹੀ ਹੈ। ਸੋ ਕਾਨਫ਼ਰੰਸ ਨੂੰ ਇਹ ਫ਼ੈਸਲਾ ਵੀ ਕਰਨਾ ਹੀ ਪੈਣਾ ਹੈ ਕਿ ਜਦੋਂ ਉਹ 'ਪੰਜਾਬੀ' ਸ਼ਬਦ ਦੀ ਵਰਤੋਂ ਕਰਦੀ ਹੈ ਤਾਂ ਉਸ ਦਾ ਇਸ ਤੋਂ ਕੀ ਮਤਲਬ ਹੁੰਦਾ ਹੈ।

ਫ਼ੈਸਲਾ ਕਰਨ ਵੇਲੇ ਯਾਦ ਰੱਖਣ ਦੀ ਲੋੜ ਹੋਵੇਗੀ ਕਿ ਕਿਸੇ ਵੀ ਵੱਡੀ ਭਾਸ਼ਾ ਦਾ ਵੱਡ-ਪਰਿਵਾਰੀ ਹੋਣਾ ਅਸਲੋਂ ਕੁਦਰਤੀ ਗੱਲ ਹੁੰਦੀ ਹੈ। ਪੰਜਾਬੀ ਬੋਲੀ, ਦੁਨੀਆ ਦੀਆਂ ਵੱਡੀਆਂ ਭਾਸ਼ਾਵਾਂ ਵਿਚੋਂ ਇਕ ਹੈ। ਦੱਸਿਆ ਜਾਂਦਾ ਹੈ ਕਿ ਇਸ ਦੇ ਬੋਲਣ ਵਾਲਿਆਂ ਦੀ ਗਿਣਤੀ 6 ਕਰੋੜ ਤੋਂ ਟੱਪ ਚੱਲੀ ਹੈ। ਆਪਣੀ ਗਿਣਤੀ ਦੇ ਸਿਰ ਉੱਤੇ ਇਹ ਭਾਸ਼ਾ ਦੁਨੀਆ ਵਿਚ ਯਾਰ੍ਹਵੇਂ, ਕਿ ਖ਼ਬਰੇ ਬਾਰ੍ਹਵੇਂ ਨੰਬਰ ਉੱਤੇ ਆਉਂਦੀ ਹੈ। ਇਸ ਲਈ ਇਸ ਦੀਆਂ ਉਪ-ਭਾਸ਼ਾਵਾਂ ਦੀ ਗਿਣਤੀ ਦਾ ਕਾਫ਼ੀ ਹੋਣਾ, ਪੰਜਾਬੀ ਲਈ ਕੋਈ ਮਿਹਣਾ ਨਹੀਂ ਬਣਦਾ। ਜੇ ਇਸ ਸੇਧ ਨੂੰ ਪਰਵਾਨ ਕਰ ਲਿਆ ਜਾਏ ਤਾਂ ਪੰਜਾਬੀ ਦੀ ਨਿਰੰਤਰ ਸਲਤਨਤ ਦੀਆਂ ਸਰਹੱਦਾਂ ਦੱਸਣ ਲਈ ਹਰਿਆਣੇ, ਰਾਜਸਥਾਨ, ਸਿੰਧ, ਬਲੋਚਿਸਤਾਨ, ਸੂਬਾ ਸਰਹੱਦ, ਜੰਮੂ-ਕਸ਼ਮੀਰ ਤੇ ਹਿਮਾਚਲ ਦੀਆਂ ਸਰਹੱਦਾਂ ਵਿਚ ਕੁੱਝ ਨਾ ਕੁੱਝ ਅਗਾੜੀ-ਪਿਛਾੜੀ ਕਰਨ ਦੀ ਲੋੜ ਪੈ ਜਾਣੀ ਹੈ। ਪੰਜਾਬੀ ਦੀਆਂ ਉਪ-ਭਾਸ਼ਾਵਾਂ ਬੋਲਣ ਵਾਲੇ ਲੋਕਾਂ ਦੇ ਆਪਸੀ ਮੇਲ-ਜੋਲ ਦੇ ਸਾਧਨਾਂ ਤੇ ਲਿਖਤੀ ਸਾਹਿੱਤ ਦੀ ਵਧਦੀ ਵਰਤੋਂ ਨਾਲ, ਇਕ ਕੇਂਦਰੀ ਜਾਂ ਮਿਆਰੀ ਪੰਜਾਬੀ ਤਾਂ ਅੱਗੇ ਹੀ ਬਣ ਚੁੱਕੀ ਹੈ ਤੇ ਅੱਗੋਂ ਨਿੱਤ-ਦਿਹਾੜੀ ਪਕੇਰੀ ਹੁੰਦੀ ਜਾ ਰਹੀ ਹੈ।

WWW.SIKHBOOKCLUB.COM ...ਤ ਹੁਰਾਂ ਦੇ 'ਪੰਜਾਬ' ਦੇ ਸੁੰਗੜੇ ਹੋ...

ਉਲਾਰ ਸੰਕਲਪ ਨੇ 'ਪੰਜਾਬੀ' ਦੇ ਜਿਹੋ ਜਿਹੇ ਸੁੰਗੜੇ ਹੋਏ ਤੇ ਉਲਾਰ ਸੰਕਲਪਾਂ ਨੂੰ ਜਨਮ ਦਿੱਤਾ ਹੈ, ਸ਼ੁਕਰ ਹੈ, ਭਾਰਤੀ ਪੰਜਾਬ ਦੇ ਇਕ ਵੀ ਲੇਖਕ ਨੇ, ਉਹੋ ਜਿਹੇ ਸੁੰਗੜੇ ਤੇ ਉਲਾਰ ਸੰਕਲਪ ਦੀ ਗੱਲ ਕਦੀ ਨਹੀਂ ਕੀਤੀ, ਪਰ ਅਮਲੀ ਤੌਰ ਉੱਤੇ, ਜੋ ਕੁਝ ਹੋ ਰਿਹਾ ਹੈ, ਉਸ ਦਾ ਤਾਤਪਰਜ ਇਹ ਹੈ ਕਿ:

(ੳ) ਏਧਰਲੇ ਬਹੁਤੇ ਲੇਖਕਾਂ ਨੇ ਅਰਬੀ-ਫ਼ਾਰਸੀ ਸ਼ਬਦਾਂ ਦਾ ਮੋਹ ਛੱਡ ਕੇ ਹਿੰਦੀ-ਸੰਸਕ੍ਰਿਤ ਦੀ ਸ਼ਰਨ ਵਿਚ ਜਾਣਾ ਕਰੀਬ-ਕਰੀਬ ਮਨਜ਼ੂਰ ਕਰ ਲਿਆ ਹੋਇਆ ਹੈ। ਲੇਖਕਾਂ ਦੀ ਪੁਰਾਣੀ ਪੀੜ੍ਹੀ ਦੀ ਬਹੁ-ਗਿਣਤੀ ਇਸ ਰੁਚੀ ਨੂੰ ਪੰਜਾਬੀ ਲੇਖਕਾਂ ਵੱਲੋਂ ਭਾਰਤ ਦੇ ਵਿਆਪਕ ਭਾਸ਼ਾਈ ਮਾਹੌਲ ਅਨੁਸਾਰ ਪੂਛ ਹਿਲਾਉਣ ਦੀ ਗ਼ੁਲਾਮਾਨਾ ਹਰਕਤ ਤੇ ਨਿਰੇ ਦਿਮਾਗ਼ੀ ਆਲਸ ਦਾ ਨਤੀਜਾ ਮੰਨਦੀ ਹੈ, ਪਰ ਨਵੀਂ ਪੀੜ੍ਹੀ ਨੂੰ ਇਹੋ ਜਿਹੀ ਕੋਈ ਚੇਤਨਾ ਅਵਾਜ਼ਾਰ ਕਰਦੀ ਨਹੀਂ ਦਿੱਸਦੀ।

(ਅ) ਜਿਵੇਂ ਪੱਛਮੀ ਪੰਜਾਬ ਦੇ ਕਈ ਲੇਖਕ, ਜਾਣ-ਬੁੱਝ ਕੇ ਆਪਣੇ ਸਾਹਿੱਤ-ਇਤਿਹਾਸਾਂ ਵਿਚ ਭਾਰਤੀ ਪੰਜਾਬੀ ਲੇਖਕਾਂ ਦਾ ਬਾਈਕਾਟ ਕਰਦੇ ਹਨ, ਏਧਰਲੇ ਪੰਜਾਬੀ ਸਾਹਿੱਤ ਦੇ ਇਤਿਹਾਸਕਾਰ, ਭਾਵੇਂ ਉਵੇਂ ਤਾਂ ਨਹੀਂ ਕਰਦੇ, ਪਰ ਆਮ ਤੌਰ ਉੱਤੇ, ਪੂਰਬੀ ਪੰਜਾਬ ਦੇ ਲੇਖਕਾਂ ਦਾ ਹੀ ਜ਼ਿਕਰ ਹੁੰਦਾ ਹੈ, ਪੱਛਮੀ ਪੰਜਾਬ ਦੇ ਨਵੇਂ ਪੰਜਾਬੀ ਲੇਖਕਾਂ ਦੀਆਂ ਲਿਖਤਾਂ ਤਕ ਰਸਾਈ ਹਾਸਿਲ ਕਰਨ ਦਾ ਜਤਨ ਘੱਟ ਹੀ ਕੀਤਾ ਜਾਂਦਾ ਹੈ।

(ੲ) ਪੰਜਾਬੀ ਉੱਤੇ ਜਿਸ ਤਰ੍ਹਾਂ ਦਾ ਇਸਲਾਮੀ ਰੰਗ ਡਾ. ਮਲਿਕ ਤੇ ਮੁਸ਼ਤਾਕ ਬਾਸਿਤ ਹੁਰਾਂ ਨੇ ਚਾੜ੍ਹਿਆ ਹੈ, ਪੂਰਬੀ ਪੰਜਾਬ ਦੇ ਕਈ ਲੇਖਕਾਂ ਦੀ ਪੰਜਾਬੀ, ਆਦਤ-ਵੱਸ, ਸਿੱਖ ਰੰਗ ਵਿਚ ਰੰਗੀ ਹੁੰਦੀ ਹੈ।

ਉਪਰੋਕਤ ਹਾਲਾਤ ਦੀ ਰੌਸ਼ਨੀ ਵਿਚ ਮੈਨੂੰ ਇਉਂ ਮਹਿਸੂਸ ਹੁੰਦਾ ਹੈ ਕਿ ਪੱਛਮੀ ਪੰਜਾਬ ਤੇ ਪੂਰਬੀ ਪੰਜਾਬ ਦੇ ਲੇਖਕਾਂ ਦੀ ਬਹੁ-ਗਿਣਤੀ ਦੇ ਅਚੇਤ ਤੇ ਘੱਟ-ਗਿਣਤੀ ਦੇ ਸਚੇਤ ਚਾਲੇ, ਇਕ ਨੂੰ ਦੂਜੇ ਤੋਂ ਪਰੇਡੇ ਲਿਜਾਣ ਵਾਲੇ ਹਨ, ਤੇ ਕਿਉਂਕਿ ਲਿਪੀ, ਧਰਮ ਤੇ ਸਿਆਸਤ ਦੇ ਵਖਰੇਵੇਂ ਇਸ ਦੂਰੀ ਨੂੰ ਤੋੜ-ਵਿਛੋੜੇ ਤਕ ਪਹੁੰਚਾਉਣ ਉੱਤੇ ਤਿਆਰ ਲਗਦੇ ਹਨ, ਇਸ ਲਈ ਮੈਂ ਚਾਹੁੰਦਾ ਹਾਂ ਕਿ ਹਾਲਾਤ ਦੀ ਇਸ ਘਾਤਕ ਜਾਂ ਮੁਹਲਕ ਸਾਜ਼ਿਸ਼ ਦੀ ਸਫਲਤਾ ਤੋਂ ਪਹਿਲਾਂ ਪਹਿਲਾਂ, 'ਵਿਸ਼ਵ ਪੰਜਾਬੀ ਕਾਨਫ਼ਰੰਸ', 'ਪੰਜਾਬ' ਤੇ 'ਪੰਜਾਬੀ' ਦੇ ਅਰਥ-ਘੇਰਿਆਂ ਬਾਰੇ ਆਪ ਸਪਸ਼ਟ ਹੋ ਜਾਵੇ ਤੇ ਸਾਰੀ ਦੁਨੀਆ ਦੇ ਪੰਜਾਬੀਆਂ ਨੂੰ ਵੀ ਸਪਸ਼ਟ ਕਰ ਦੇਵੇ ਕਿ ਮੈਂ ਕਿਨ੍ਹਾਂ ਸੰਕਲਪਾਂ ਨੂੰ ਲੈ ਕੇ ਮੈਦਾਨ ਵਿਚ ਉਤਰੀ ਹਾਂ।

## 5

ਜੋ ਕੁੱਝ ਮੈਂ ਹੁਣ ਤਕ ਕਹਿ ਆਇਆ ਹਾਂ, ਉਸ ਤੋਂ ਇਹ ਤਾਂ ਪਤਾ ਲਗ ਹੀ ਗਿਆ ਹੋਵੇਗਾ ਕਿ ਜ਼ਰੂਰੀ ਨਹੀਂ, ਥਾਓਂ-ਥਾਈਂ, 'ਪੰਜਾਬੀਅਤ' ਦੇ ਵੱਡੇ ਵੱਡੇ ਹੱਟ ਖੋਲ੍ਹ ਕੇ ਬੈਠੇ ਹੋਏ ਹਰ ਹਟਵਾਣੀਏ ਪਾਸੋਂ ਇੱਕੋ ਤਰ੍ਹਾਂ ਦੀ ਵੱਥ ਹੀ ਮਿਲੇ। ਫੱਟਾ ਭਾਵੇਂ ਉਹੀ ਹੋਵੇ ਤੇ ਹੋਕਾ ਵੀ ਭਾਵੇਂ ਉਸੇ ਸ਼ੈ ਦਾ ਹੀ ਲਗਦਾ ਹੋਵੇ, ਪਰ ਵਰਤ-ਵਿਹਾਰ ਪਿੱਛੋਂ ਛੇਤੀ ਹੀ ਪਾਜ ਉਘੜ ਜਾਂਦਾ ਹੈ ਕਿ ਏਥੇ ਤਾਂ ਵੱਖਰੀ ਤਰ੍ਹਾਂ ਦੇ ਸਮਿਆਨ ਦਾ ਵਪਾਰ ਹੁੰਦਾ ਹੈ। ਚੇਤੇ ਰੱਖਣ ਵਾਲੀ ਗੱਲ ਇਹ ਹੈ ਕਿ ਜਿਹੋ ਜਿਹਾ ਕਿਸੇ ਦਾ 'ਪੰਜਾਬ' ਤੇ 'ਪੰਜਾਬੀ' ਦਾ ਸੰਕਲਪ ਹੋਵੇਗਾ, ਉਸ ਦਾ 'ਪੰਜਾਬੀਅਤ' ਦਾ ਸੰਕਲਪ ਵੀ ਉਹ ਜਿਹਾ ਹੀ ਹੋਵੇਗਾ। 'ਪੰਜਾਬੀਅਤ', ਜਾਣੀ 'ਠੇਠ

WWW.SIKHBOOKCLUB.COM Page 40

ਪੰਜਾਬੀਪੁਣੇ' ਦਾ ਸਿੱਧਾ ਤਅੱਲੁਕ ਪੰਜਾਬੀ ਲੋਕਾਂ ਦੇ ਗੁਣਾਂ, ਲੱਛਣਾਂ, ਵਿਸ਼ੇਸ਼ਤਾਈਆਂ, ਰੁਚੀਆਂ, ਪ੍ਰਵਿਰਤੀਆਂ, ਸ਼ੌਕਾਂ, ਝੁਕਾਵਾਂ, ਬਿਰਤੀਆਂ, ਪਸੰਦਾਂ, ਸੁਆਦਾਂ, ਸੁਭਾਵਾਂ, ਸੋਚਾਂ, ਭਾਵਾਂ, ਉਡਾਰੀਆਂ, ਸੁਫ਼ਨਿਆਂ, ਹਮਦਰਦੀਆਂ ਤੇ ਨਫ਼ਰਤਾਂ ਵਿਚਲੇ ਸਾਂਝੇ ਸੂਤਰ ਨਾਲ ਹੈ। ਜਿਸ ਨੂੰ ਇਹ ਸਾਂਝੇ ਸੂਤਰ ਪਛਾਣਨ ਤੇ ਨਿਖੇੜਨ ਦਾ ਵੱਲ ਆ ਗਿਆ, ਸਮਝ ਲਵੋ, ਉਸ ਨੇ 'ਪੰਜਾਬੀਅਤ' ਦਾ ਹਾਥ ਪਾ ਲਿਆ। ਪਰ ਮੁਸ਼ਕਲ ਓਦੋਂ ਆ ਬਣਦੀ ਹੈ ਜਦੋਂ ਮਲਿਕ ਸਾਹਿਬ ਤੇ ਬਾਸਿਤ ਸਾਹਿਬ ਵਰਗੇ ਵਿਦਵਾਨ 'ਪੰਜਾਬੀਅਤ' ਦਾ ਚਿਤਰ, ਇੰਨ-ਬਿੰਨ ਉਲੀਕਣ ਦੀ ਥਾਂ, ਉਸ ਨੂੰ ਆਪਣੇ ਤਅੱਸੁਬ ਦੇ ਸੱਚੇ ਵਿਚ ਢਾਲ ਕੇ ਪੇਸ਼ ਕਰਨ ਲਗ ਪੈਂਦੇ ਹਨ। ਮਸਲਨ, ਮਲਿਕ-ਬਾਸਿਤ ਸੋਚ ਦੀ 'ਪੰਜਾਬੀਅਤ' ਦਾ ਸਾਰ ਇਹ ਬਣਦਾ ਹੈ ਕਿ ਜੋ ਬੰਦਾ ਪਾਕਿਸਤਾਨੀ ਹੋਵੇ ਪੱਕਾ, ਮੁਸਲਮਾਨ ਹੋਵੇ ਪੱਕਾ ਤੇ ਪੰਜਾਬੀ ਵੀ ਪੱਕਾ ਹੀ ਹੋਵੇ, ਤਾਂ ਉਸ ਦੀ 'ਪੰਜਾਬੀਅਤ' ਅਸਲੀ, ਵਰਨਾ ਬਿਲਕੁਲ ਨਕਲੀ।

'ਪੰਜਾਬੀਅਤ' ਬਾਰੇ ਮੇਰਾ ਵੀ ਇਕ ਸੰਕਲਪ ਹੈ, ਪਰ ਉਸ ਦੀ ਨੁਹਾਰ ਮਲਿਕ-ਬਾਸਿਤ ਛਾਪ ਦੀ 'ਪੰਜਾਬੀਅਤ' ਤੋਂ ਕਾਫ਼ੀ ਫ਼ਰਕ ਵਾਲੀ ਹੈ। ਮੇਰਾ ਸੰਕਲਪ ਨਾ ਇਸਲਾਮ ਨਾਲ ਸੀਤਾ ਹੋਇਆ ਹੈ, ਨਾ ਹਿੰਦੁਤ੍ਵ ਨਾਲ ਤੇ ਨਾ ਸਿੱਖੀ ਨਾਲ, ਭਾਵੇਂ ਇਨ੍ਹਾਂ ਨਾਲ ਉਸ ਦਾ ਕੋਈ ਜਮਾਂਦਰੂ ਅਨਜੋੜ ਜਾਂ ਵੈਰ ਉੱਕਾ ਨਹੀਂ ਹੈ—ਸਿੱਖੀ ਨਾਲ ਤਾਂ ਬਿਲਕੁਲ ਵੀ ਨਹੀਂ, ਕਿਉਂਕਿ ਇਹ ਪੰਜਾਬ ਦੀ ਆਪਣੀ ਦੇਸੀ ਉਪਜ ਹੈ। ਮੇਰੀ ਤਲਾਸ਼ ਦਾ ਰੁਖ਼ ਉਨ੍ਹਾਂ ਸਾਂਝੀਆਂ ਤੰਦਾਂ ਵੱਲ ਹੈ ਜੋ ਸਾਰੇ ਪੰਜਾਬੀਆਂ ਦੇ ਦਿਲਾਂ ਤੇ ਦਿਮਾਗ਼ਾਂ ਦੁਆਲੇ ਵਲੀਆਂ ਹੋਈਆਂ ਹਨ, ਭਾਵੇਂ ਉਹ ਕਿਸੇ ਵੀ ਧਰਮ ਦੇ ਧਾਰਨੀ ਹੋਣ, ਕਿਸੇ ਵੀ ਦੇਸ ਦੇ ਵਾਸੀ ਹੋ ਗਏ ਹੋਣ ਤੇ ਆਪਣੇ ਦੇਸ ਦੇ ਕਿਸੇ ਵੀ ਇਲਾਕੇ ਵਿਚ ਰਹਿ ਰਹੇ ਹੋਣ। ਇਹੋ ਹਨ ਉਹ ਅਸਲ ਤੰਦਾਂ, ਜਿਨ੍ਹਾਂ ਨਾਲ 'ਪੰਜਾਬੀਅਤ' ਦੀ ਉਣਾਈ ਹੋਈ ਹੋਈ ਹੈ। ਮੇਰਾ ਯਕੀਨ ਹੈ ਕਿ ਇਹ ਤੰਦਾਂ ਜਿੰਨੀਆਂ ਬਲਵੰਤ ਹੋਣਗੀਆਂ, ਪੰਜਾਬੀਆਂ ਦੀ ਇਕਮੁੱਠਤਾ ਓਨੀ ਹੀ ਗੜ੍ਹ ਤੇ ਹੰਢਣਸਾਰ ਹੋਵੇਗੀ। ਪਰ ਡੁੱਬੀ ਤਾਂ ਜੇ ਸਾਹ ਨਾ ਆਇਆ। ਸਾਂਝ ਦੇ ਸੂਤਰ ਹੀ ਤਾਂ ਲੱਭ ਨਹੀਂ ਰਹੇ। ਡਾ. ਮਲਿਕ ਤੇ ਬਾਸਿਤ ਸਾਹਿਬ ਇਕ ਤਰ੍ਹਾਂ ਦੇ ਸੂਤਰ ਲੱਭੀ ਫਿਰਦੇ ਹਨ ਤੇ ਮੈਂ ਦੂਜੀ ਤਰ੍ਹਾਂ ਦੇ ਲੱਭੀ ਫਿਰਦਾ ਹਾਂ। ਅਜਿਹੀ ਕਿਹੜੀ ਜੁਗਤ ਵਰਤੀਏ ਕਿ ਸਾਰੇ ਪੰਜਾਬੀ-ਬੋਲਦੇ ਲੋਕਾਂ ਵਿਚ ਵਿਆਪ ਰਹੀ ਸਾਂਝ ਦੀਆਂ ਤੰਦਾਂ ਦੇ ਸਿਰੇ ਸਾਡਿਆਂ ਹੱਥਾਂ ਵਿਚ ਆ ਜਾਣ? ਦੁਨੀਆ ਦੇ ਜਿਹੜੇ ਵਿਦਵਾਨਾਂ ਨੇ ਸਮਾਜ ਦੇ ਇਸ ਗਹਿਰ-ਗੰਭੀਰ ਮਸਲੇ ਉੱਤੇ ਖੋਜ ਕੀਤੀ ਹੈ, ਉਨ੍ਹਾਂ ਦਾ ਨਿਰਣਾ ਹੈ ਕਿ ਇਹੋ ਜਿਹੇ ਸਾਰੇ ਸੂਤਰ ਲੋਕਾਂ ਦੇ ਇਤਿਹਾਸ ਤੇ ਸਭਿਆਚਾਰ ਜਾਂ ਸਕਾਫ਼ਤ ਵਿਚ ਮਿਲ ਜਾਂਦੇ ਹਨ ਤੇ ਸਭਿਆਚਾਰ ਵਿਚ ਉਹ ਸਭ ਕੁੱਝ ਆ ਜਾਂਦਾ ਹੈ ਜੋ ਲੋਕ-ਵਿਸ਼ਵਾਸਾਂ, ਲੋਕ-ਮਨੌਤਾਂ, ਵਹਿਮਾਂ-ਭਰਮਾਂ, ਲੋਕ-ਨਿਸ਼ੇਧਾਂ, ਗੀਤਾਂ-ਰਸਮਾਂ, ਲੋਕ-ਨਾਚਾਂ, ਲੋਕ-ਧੁਨਾਂ, ਲੋਕ-ਖੇਡਾਂ, ਲੋਕ-ਪਹਿਰਾਵਿਆਂ ਤੇ ਖਾਧ-ਖ਼ੁਰਾਕ ਦੀਆਂ ਆਦਤਾਂ, ਆਦਿ ਵਿਚ ਮੌਜੂਦ ਹੁੰਦਾ ਹੈ। ਇਹ ਕਥਨ ਪੰਜਾਬੀ ਸਭਿਆਚਾਰ ਉੱਤੇ ਵੀ ਪੂਰੀ ਤਰ੍ਹਾਂ ਲਾਗੂ ਹੁੰਦਾ ਹੈ।

'ਪੰਜਾਬੀਅਤ' ਬਾਰੇ ਲਿਖਣ ਵਾਲੇ ਬਹੁਤ ਬੁੱਧੀਮਾਨ, ਮੇਰੇ ਵਾਂਗ, ਸਾਂਝ ਦਾ ਨਾਅਰਾ ਤਾਂ ਬੜੀ ਉੱਚੀ ਲਾਉਂਦੇ ਹਨ, ਪਰ ਇਹ ਖੇਚਲ ਕੋਈ ਵਿਰਲਾ ਕਰਦਾ ਹੈ ਕਿ ਨਿੱਠ ਕੇ ਸਭਿਆਚਾਰ ਦੀਆਂ ਉਪਰੋਕਤ ਸੈਂਚੀਆਂ ਦਾ, ਇਕ ਇਕ ਕਰ ਕੇ ਨਿਖੇੜ ਕਰੇ। ਇਸ ਘੋਲ ਦਾ ਨਤੀਜਾ ਇਹ ਨਿਕਲਦਾ ਰਿਹਾ ਹੈ ਕਿ ਜਿਸ ਥਰ ਉੱਤੇ ਪੰਜਾਬੀਅਤ ਦੇ ਹੱਕ ਵਿਚ ਗਰਮਾ-ਗਰਮ ਨਾਅਰੇਬਾਜ਼ੀ ਚੱਲ ਰਹੀ ਹੁੰਦੀ ਹੈ, ਉਸੇ ਦੇ ਥੱਲਵੇਂ ਥਰ ਉੱਤੇ ਪੰਜਾਬੀਅਤ ਦੀ ਇਕਤਾ ਤੇ ਇਕਮੁੱਠਤਾ ਦੀਆਂ ਨੀਹਾਂ ਨੂੰ ਖੋਰ ਲਾਉਣ ਵਾਲਾ ਵਹਿਣ ਵੀ ਨਿਰੰਤਰ

WWW.SIKHBOOKCLUB.COM 

ਚੱਲ ਰਿਹਾ ਹੁੰਦਾ ਹੈ। ਆਓ ਵੇਖੀਏ, ਕਿਵੇਂ ?

ਬੱਚੇ ਦੇ ਜੰਮਣ ਤੋਂ ਲੈ ਕੇ ਉਸ ਦੇ ਮਰਨ ਤਕ ਜਿੰਨੀਆਂ ਰਸਮਾਂ ਕੀਤੀਆਂ ਜਾਂਦੀਆਂ ਹਨ, ਉਨ੍ਹਾਂ ਵਿਚ, ਮੌਕੇ ਅਨੁਸਾਰ, ਹੱਸਣ-ਖੇਡਣ, ਕੁੱਦਣ-ਟੱਪਣ, ਨਸ਼ਾ-ਪਾਣੀ ਕਰਨ ਜਾਂ ਰੋਣ-ਪਿੱਟਣ ਦੀ ਸਾਂਝ ਤਾਂ ਭਾਵੇਂ ਹੋਵੇ, ਪਰ ਅਸਲ ਰੀਤਾਂ, ਮਾਪਿਆਂ ਦਿਆਂ ਧਰਮਾਂ ਅਨੁਸਾਰ, ਬਿਲਕੁਲ ਵੱਖ ਵੱਖ ਹੁੰਦੀਆਂ ਹਨ। ਇਹੀ ਨਹੀਂ, ਹਿੰਦੂ, ਮੁਸਲਮਾਨ ਤੇ ਸਿੱਖ, ਆਮ ਤੌਰ ਉੱਤੇ, ਇਕ ਦੂਜੇ ਦੀਆਂ ਰੀਤਾਂ ਤੋਂ ਬਿਲਕੁਲ ਅੰਞਾਣ ਹੁੰਦੇ ਹਨ। ਇਸੇ ਤਰ੍ਹਾਂ, ਜਿਸ ਦੇਵ-ਮਾਲਾ ਨੂੰ ਹਿੰਦੂ ਮੰਨਦੇ ਹਨ ਤੇ ਪੂਜਦੇ ਹਨ, ਉਸ ਨੂੰ ਮੁਸਲਮਾਨ ਤੇ ਸਿੱਖ ਨਾ ਕੋਈ ਮਾਨਤਾ ਦੇਂਦੇ ਹਨ ਤੇ ਨਾ ਪੂਜਦੇ ਹਨ; ਇਹੀ ਗੱਲ, ਇਸਲਾਮੀ ਦੇਵ-ਮਾਲਾ ਦੇ ਸੰਬੰਧ ਵਿਚ, ਹਿੰਦੂਆਂ ਤੇ ਸਿੱਖਾਂ ਬਾਰੇ ਕਹੀ ਜਾ ਸਕਦੀ ਹੈ; ਇਨ੍ਹਾਂ ਦੇ ਯਾਤਰਾ-ਅਸਥਾਨ ਵੀ ਵੱਖਰੇ ਵੱਖਰੇ ਹਨ—ਇਕ ਦਾ ਮੂੰਹ ਮੱਕੇ-ਮਦੀਨੇ ਵੱਲ ਹੁੰਦਾ ਹੈ ਤੇ ਦੂਜੇ ਦਾ ਕਾਸ਼ੀ ਤੇ ਪ੍ਰਯਾਗ ਵੱਲ; ਸਿੱਖਾਂ ਨੇ 'ਸ੍ਰੀ ਅਮ੍ਰਿਤਸਰ ਜੀ ਦੇ ਦਰਸ਼ਨ-ਇਸ਼ਨਾਨ' ਨੂੰ ਆਪਣੀ ਅਰਦਾਸ ਦਾ ਹਿੱਸਾ ਬਣਾਇਆ ਹੋਇਆ ਹੈ; ਇਨ੍ਹਾਂ ਦੇ ਨਿੱਤ ਦੇ ਪੂਜਾ-ਅਸਥਾਨ ਵੀ ਵੱਖ ਵੱਖ ਹੁੰਦੇ ਹਨ—ਇਕ ਦੇ ਪੈਰ ਉਸ ਨੂੰ ਮਸੀਤ ਵੱਲ ਲੈ ਜਾਂਦੇ ਹਨ, ਦੂਜੇ ਦੇ ਮੰਦਰ ਵੱਲ ਤੇ ਤੀਜੇ ਦੇ ਗੁਰਦੁਆਰੇ ਵੱਲ; ਮੁਸਲਮਾਨ ਲਈ ਮੁਰਦੇ ਨੂੰ ਫੂਕਣਾ ਵਰਜਿਤ ਹੈ ਤੇ ਹਿੰਦੂਆਂ ਲਈ ਉਸ ਨੂੰ ਦੱਬਣਾ; ਹਿੰਦੂ ਕੁੰਭ ਦੇ ਮੇਲੇ ਉੱਤੇ ਹਰਦੁਆਰ ਪਹੁੰਚਦੇ ਹਨ ਤੇ ਮੁਸਲਮਾਨ ਪੀਰਾਂ-ਫ਼ਕੀਰਾਂ ਦੇ ਉਰਸਾਂ ਉੱਤੇ ਉਨ੍ਹਾਂ ਦੇ ਮਜ਼ਾਰਾਂ ਦੀ ਜ਼ਿਆਰਤ ਕਰਦੇ ਹਨ; ਹਿੰਦੂ ਹੋਲੀ ਖੇਡਦੇ ਹਨ, ਮੁਸਲਮਾਨ ਨਹੀਂ ਖੇਡਦੇ; ਹਿੰਦੂ ਦਸਹਿਰਾ ਮਨਾਉਂਦੇ ਹਨ, ਮੁਸਲਮਾਨ ਨਹੀਂ ਮਨਾਉਂਦੇ; ਹਿੰਦੂ ਦੀਵਾਲੀ ਮਨਾਉਂਦੇ ਹਨ, ਮੁਸਲਮਾਨ ਨਹੀਂ ਮਨਾਉਂਦੇ; ਮੁਸਲਮਾਨ ਈਦਾਂ ਮਨਾਉਂਦੇ ਹਨ, ਹਿੰਦੂ-ਸਿੱਖ ਨਹੀਂ ਮਨਾਉਂਦੇ ਅਤੇ ਇਤਿਹਾਸ ਗਵਾਹ ਹੈ ਕਿ ਕਿਸੇ ਨਾ ਕਿਸੇ ਮੌਕੇ ਮੁਸਲਮਾਨ, ਹਿੰਦੂਆਂ ਤੇ ਸਿੱਖਾਂ ਨਾਲ, ਹਿੰਦੂ, ਮੁਸਲਮਾਨ ਤੇ ਸਿੱਖਾਂ ਨਾਲ ਅਤੇ ਸਿੱਖ, ਮੁਸਲਮਾਨਾਂ ਤੇ ਹਿੰਦੂਆਂ ਨਾਲ, ਸਹਿਵਾਸ ਤੋਂ ਭੱਜਦੇ ਵੀ ਰਹੇ ਹਨ। ਅਜਿਹੀ ਹਾਲਤ ਵਿਚ ਸਾਂਝ ਦੇ ਨਾਅਰੇ ਲਾ ਲਾ ਕੇ ਆਪਣੇ ਸੰਘ ਪਾੜੀ ਜਾਣੇ, ਕੀ ਠੋਸ ਅਸਲੀਅਤ ਤੋਂ ਫ਼ਰਾਰ ਹੋਣ ਵਾਲੀ ਗੱਲ ਨਹੀਂ ? ਕੀ ਸਾਨੂੰ ਡਾ. ਸ਼ਾਹਬਾਜ਼ ਤੇ ਜਨਾਬ ਬਾਸਿਤ ਸਾਹਿਬ ਦੀ ਸੁਰ ਵਿਚ ਸੁਰ ਮਿਲਾ ਕੇ ਕਹਿਣਾ ਪਵੇਗਾ ਕਿ ਪੰਜਾਬੀਆਂ ਦੀ ਕੋਈ ਅਖੰਡ 'ਪੰਜਾਬੀਅਤ' ਨਹੀਂ ਹੈ ? ਕੀ ਕੋਈ ਐਸਾ ਸਾਂਝਾ ਸਭਿਆਚਾਰਕ ਥੜ੍ਹ ਹੈ ਵੀ ਸਹੀ, ਜਿਸ ਉੱਤੇ ਪੰਜਾਬੀਆਂ ਦੇ ਇਕੱਠੇ ਵਿਚਰ ਸਕਣ ਦੀ ਸੰਭਾਵਨਾ ਨਜ਼ਰ ਆਉਂਦੀ ਹੋਵੇ ?

ਇਸ ਸਵਾਲ ਤੋਂ 'ਵਿਸ਼ਵ ਪੰਜਾਬੀ ਕਾਨਫ਼ਰੰਸ' ਦੇ ਅਧਿਕਾਰੀ ਭੱਜਣਾ ਚਾਹੁਣ ਤਾਂ ਵੀ ਲੋਕਾਂ ਨੇ ਉਨ੍ਹਾਂ ਨੂੰ ਭੱਜਣ ਨਹੀਂ ਦੇਣਾ। ਇਸ ਦਾ ਜਵਾਬ ਤਾਂ ਦੇਣਾ ਹੀ ਪੈਣਾ ਹੈ। ਕਾਨਫ਼ਰੰਸ ਪਾਸ ਪੰਜਾਬੀਅਤ ਦਾ ਕੋਈ ਇਕਾਗਰ ਸੰਕਲਪ ਮੌਜੂਦ ਹੈ ਤਾਂ ਇਸ ਬਾਰੇ ਇਕਦਮ ਸਪਸ਼ਟ ਸੇਧ ਦੇਣ ਦੀ ਲੋੜ ਹੈ, ਵਰਨਾ ਡਾ. ਮਲਿਕ ਤੇ ਬਾਸਿਤ ਸਾਹਿਬ ਦਾ ਦੋ ਪੰਜਾਬਾਂ, ਦੋ ਪੰਜਾਬੀਆਂ ਤੇ ਦੋ ਪੰਜਾਬੀਅਤਾਂ ਵਾਲਾ ਥੀਸਿਸ ਤਾਂ ਮੈਦਾਨ ਵਿਚ ਉਤਰਿਆ ਹੀ ਹੋਇਆ ਹੈ।

ਪੰਜਾਬ ਤੇ ਪੰਜਾਬੀ ਬਾਰੇ ਮੈਂ ਆਪਣੀਆਂ ਰਾਵਾਂ ਦੇ ਆਇਆ ਹਾਂ। 'ਪੰਜਾਬੀਅਤ' ਦੇ ਸੰਕਲਪ ਬਾਰੇ ਵੀ ਮੇਰੇ ਅੰਦਰ ਕੋਈ ਦੁਚਿੱਤੀ ਨਹੀਂ ਹੈ। ਮੈਨੂੰ ਇਹ ਇਕ ਸਾਲਮ ਇਕਾਈ ਲਗਦੀ ਹੈ, ਇਸ ਦੀ ਦੁਫੇੜ ਜਾਂ ਤਿਫੇੜ ਉੱਪਰਲੀ ਸਤਹ ਉੱਤੇ ਦਿੱਸਦੀ ਹੈ, ਬੁਨਿਆਦੀ ਇਕਾਗਰਤਾ, ਸੁਰ ਲੈਅ, ਅਜੇ ਕਾਇਮ ਹੈ।

WWW.SIKHBOOKCLUB.COM 

ਪੰਜਾਬੀਅਤ ਨੂੰ ਇਕ ਸਾਲਮ ਇਕਾਈ ਮੈਂ ਇਸ ਕਰਕੇ ਨਹੀਂ ਮੰਨਦਾ ਕਿ ਇਉਂ ਮੰਨਣ ਨਾਲ ਮੈਨੂੰ ਕੋਈ ਜ਼ਾਤੀ, ਜਮਾਤੀ, ਮਜ਼ਹਬੀ, ਇਲਾਕਾਈ, ਕੌਮੀ ਜਾਂ ਰਾਸ਼ਟਰੀ ਲਾਭ ਪਹੁੰਚੇਗਾ ਜਾਂ ਇਸ ਨਾਲ ਮੇਰੀ ਜਾਂ ਮੇਰੇ ਹਮ-ਮਜ਼ਹਬਾਂ ਜਾਂ ਦੇਸ-ਵਾਸੀਆਂ ਦੀ ਕੋਈ ਮਸਲਿਹਤ ਬੱਝੀ ਹੋਈ ਹੈ। ਮੈਂ ਇਉਂ ਮੰਨਦਾ ਹਾਂ ਕਿਉਂਕਿ ਇਹ ਇਕ ਨੰਗੀ-ਚਿੱਟੀ ਸੱਚਾਈ ਹੈ, ਜਿਸ ਨੂੰ ਹਰ ਖੁੱਲ੍ਹੀਆਂ ਅੱਖਾਂ ਵਾਲਾ ਬੰਦਾ ਪ੍ਰਤੱਖ ਵੇਖ ਸਕਦਾ ਹੈ। ਮਸਲਨ, ਕੋਈ ਦੱਸੇ ਕਿ ਭੰਗੜੇ, ਗਿੱਧੇ ਤੇ ਸੰਮੀ ਵਰਗੇ ਲੋਕ-ਨਾਚ ਪੰਜਾਬ ਦੇ ਆਮ ਲੋਕਾਂ ਦੀ ਸਾਂਝੀ ਤਾਲ-ਸੂਝ ਦੀ ਉਪਜ ਹਨ ਕਿ ਹਿੰਦੂਆਂ, ਮੁਸਲਮਾਨਾਂ ਜਾਂ ਸਿੱਖਾਂ ਵਿੱਚੋਂ ਕਿਸੇ ਇਕੱਲੇ ਦੀ ਕਾਢ ਹਨ ? ਘੋੜੀਆਂ, ਅਲਾਹਣੀਆਂ, ਬੋਲੀਆਂ, ਟੱਪੇ, ਮਾਹੀਏ ਤੇ ਢੋਲੇ ਪੰਜਾਬੀ ਮੁਟਿਆਰਾਂ ਤੇ ਗੱਭਰੂਆਂ ਅਤੇ ਸਾਊਆਂ ਤੇ ਸਵਾਣੀਆਂ ਦੇ ਦਿਲ-ਸਾਗਰਾਂ ਵਿੱਚੋਂ ਨਿਕਲੇ ਸਾਂਝੇ ਮੋਤੀ ਹਨ ਕਿ ਮਸੀਤਾਂ, ਮੰਦਰਾਂ ਜਾਂ ਗੁਰਦੁਆਰਿਆਂ ਵਿਚ ਤਿਆਰ ਕੀਤੇ ਗਏ ਮਾਣਕ ਹਨ ? ਵਾਰਾਂ, ਕਾਫ਼ੀਆਂ, ਸੀਹਰਫ਼ੀਆਂ, ਬਾਰਾਂਮਾਹੇ, ਸਤਵਾਰੇ, ਕਿੱਸੇ ਤੇ ਗ਼ਜ਼ਲਾਂ ਦੋਹਾਂ ਪੰਜਾਬਾਂ ਦਾ ਸਾਂਝਾ ਤੇ ਪਿਆਰਾ ਵਿਰਸਾ ਹਨ ਕਿ ਨਹੀਂ ? ਰਾਜਾ ਸਲਵਾਨ, ਪੂਰਨ, ਇੱਛਰਾਂ, ਲੂਣਾਂ, ਗੋਰਖ, ਰਸਾਲੂ ਤੇ ਹੋਡੀ, ਗੁੱਗੇ ਤੇ ਸਖੀ ਸਰਵਰ ਦੇ ਨਾਂ ਸਾਡੇ ਪੰਜਾਬੀ ਕੰਨਾਂ ਵਿਚ ਇਕ ਜਾਣੀ-ਪਛਾਣੀ ਸੋਝੀ ਜਗਾਉਂਦੇ ਹਨ ਕਿ ਨਹੀਂ ? ਰਾਜਾ 'ਪੁਰੂ' (ਪੋਰਸ) ਤੋਂ ਦੁੱਲੇ ਭੱਟੀ ਤਕ ਤੇ ਦੁੱਲੇ ਭੱਟੀ ਤੋਂ ਭਗਤ ਸਿੰਘ ਤਕ, ਖੜੀਆਂ ਮੁੱਛਾਂ ਵਾਲੇ ਪੰਜਾਬੀਆਂ ਦੀ ਯਾਦ, ਦੁਹਾਂ ਪਾਸਿਆਂ ਦੇ ਪੰਜਾਬੀਆਂ ਦਾ ਖ਼ੂਨ ਇਕਸਾਰ ਗਰਮਾਉਂਦੀ ਹੈ ਕਿ ਨਹੀਂ ? ਚੜ੍ਹਦੇ ਤੇ ਛਿਪਦੇ, ਦੁਹਾਂ ਪੰਜਾਬਾਂ ਦੇ ਪੰਜਾਬੀਆਂ ਨੂੰ ਪੁੱਛ ਵੇਖੋ, ਇਨ੍ਹਾਂ ਵਿੱਚੋਂ ਕੋਈ ਹੈ ਜੋ ਸੱਸੀ-ਪੁੰਨੂੰ, ਹੀਰ-ਰਾਂਝੇ, ਸੋਹਣੀ-ਮਹੀਂਵਾਲ, ਮਿਰਜ਼ਾ-ਸਾਹਿਬਾਂ ਜਾਂ ਰੋਡੇ-ਜਲਾਲੀ ਨੂੰ ਜਾਂ ਹੀਰ, ਮਿਰਜ਼ੇ, ਵਾਰਾਂ ਤੇ ਕੱਵਾਲੀਆਂ ਦੇ ਗਾਉਣ ਦੀਆਂ ਤਰਜ਼ਾਂ ਨੂੰ ਆਪਣੇ ਪਾਸਿਓਂ ਦੇਸ-ਨਿਕਾਲਾ ਦੇ ਕੇ ਰਾਵੀਓਂ ਪਾਰ ਜਾਂ ਉਰਾਰ ਧੱਕਣ ਨੂੰ ਤਿਆਰ ਹੋਵੇਗਾ ? ਨਾਨੀ ਹੋਵੇ ਜਾਂ ਦਾਦੀ, ਭੂਆ ਹੋਵੇ ਜਾਂ ਮਾਮੀ ਤੇ ਮਾਂ ਹੋਵੇ ਜਾਂ ਮਾਸੀ, ਜੇ ਉਹ ਪੰਜਾਬਣ ਹੈ ਤਾਂ ਬੱਚਿਆਂ ਨੂੰ ਪਹਿਲੀ ਕਹਾਣੀ ਚਿੜੀ ਤੇ ਕਾਂ ਦੀ ਸੁਣਾਉਂਦੀ ਹੈ, ਜਿਨ੍ਹਾਂ ਦੀ ਖਿਚੜੀ ਬਣਾਉਣ ਦੀ ਤਕਰੀਬਨ-ਸਿਰੇ-ਚੜ੍ਹ-ਚੁੱਕੀ ਸਾਂਝੀ ਖੇਡ ਨੂੰ, ਇਕ ਧਿਰ ਦੀ ਬੇਈਮਾਨੀ, ਪੂਰੀ ਤਰ੍ਹਾਂ ਬਰਬਾਦ ਕਰ ਕੇ ਰੱਖ ਦੇਂਦੀ ਹੈ। ਕੀ ਪੱਛਮੀ ਪੰਜਾਬ ਦੀਆਂ ਚਿੜੀਆਂ ਤੇ ਕਾਂ, ਮੁਸਲਮਾਨ ਬੱਚਿਆਂ ਦੇ ਦਿਲ-ਪਰਚਾਵੇ ਲਈ, ਖਿਚੜੀ ਦੀ ਥਾਂ, ਵੱਡੇ ਮਾਸ ਦੀ ਹਾਂਡੀ ਚਾੜ੍ਹਦੇ ਹਨ ? ਕੀ ਧਨਾਢ ਪੰਜਾਬੀਆਂ ਦੇ ਬੱਚਿਆਂ ਲਈ ਇਸ ਬੁੱਢ-ਪੁਰਾਣੀ ਬਾਲ-ਕਹਾਣੀ ਦੇ ਗਰੀਬੜੇ ਜਿਹੇ ਪੰਛੀਆਂ ਦੀ ਥਾਂ ਮੋਰਾਂ ਤੇ ਬੁਲਬੁਲਾਂ ਨੇ ਲੈ ਲਈ ਹੈ ਤੇ ਖਿਚੜੀ ਦੀ ਥਾਂ ਮੁਗ਼ਲਈ ਪੁਲਾਉ ਤੇ ਸ਼ਾਮੀ ਕਬਾਬ ਜਾਂ ਕੇਕ-ਪੇਸਟਰੀਆਂ ਨੇ ਲੈ ਲਈ ਹੈ ?

ਵੰਝਲੀ, ਲਗੋਜੇ, ਤੂੰਬੀ, ਇਕਤਾਰੇ, ਡਫਲੀ, ਢੱਡ ਤੇ ਢੋਲ ਵਰਗੇ ਸਾਜ਼ਾਂ ਦੀ ਸਾਂਝ ਵੱਲ ਕਦੀ ਧਿਆਨ ਦਿੱਤਾ ਜੇ ? ਜਿਨ੍ਹਾਂ ਨੂੰ ਅਸੀਂ 'ਲੋਕ' ਕਹਿੰਦੇ ਹਾਂ, ਰੱਬ ਝੂਠ ਨਾ ਬੁਲਾਵੇ, ਉਹ ਤਾਂ ਮੈਂ ਸਰਹੱਦ ਦੇ ਦੁਹੀਂ ਪਾਸੀਂ, ਇਨ੍ਹਾਂ ਸਾਜ਼ਾਂ ਦੀਆਂ ਧੁਨਾਂ ਉੱਤੇ ਇਕਸਾਰ ਝੂਮਦੇ ਤੇ ਮੇਲ੍ਹਦੇ ਡਿੱਠੇ ਹਨ।

ਆਪਣੀਆਂ ਪੇਂਡੂ ਖੇਡਾਂ ਵੱਲ ਕਦੀ ਉੱਡਦੀ ਉੱਡਦੀ ਨਿਗਾਹ ਹੀ ਮਾਰ ਵੇਖੋ। ਥਾਲ, ਕਿੱਕਲੀ, ਲੁੱਕਣ-ਮੀਟੀ, ਕੋਟਲਾ-ਛਪਾਕੀ, ਗੁੱਲੀ-ਡੰਡਾ, ਖਿੱਦੋ-ਖੂੰਡੀ, ਕਬੱਡੀ, ਸੌਂਚੀ, ਕੁਸ਼ਤੀ, ਬਾਰਾਂ-ਟੈਣੀ, ਵਗ਼ੈਰਾ ਲਈ, ਦੋਹਾਂ ਪੰਜਾਬਾਂ ਵਿਚ ਇੱਕੋ ਜਿੰਨੀ ਚਾਹਤ ਹੈ।

ਹੁਣ ਵੇਖੀਏ ਇਕ ਹੋਰ ਤਰ੍ਹਾਂ ਦੀ ਸਾਂਝ। ਸਿਰ ਤੋਂ ਪੈਰਾਂ ਤਕ ਆਪਣੇ ਪਿੰਡੇ ਦੇ ਇਕ [illegible] ਖੋਪਰੀ, ਮੱਥਾ, ਭਰਵੱਟੇ, ਝਿੰਮਣੀਆਂ,

WWW.SIKHIBOOKCLUB.COM Page 43

ਨੱਕ, ਨਾਸ, ਮੂੰਹ, ਹੋਠ ਜਾਂ ਬੁੱਲ੍ਹ, ਦੰਦ, ਦਾੜ੍ਹ, ਮਸੂੜ੍ਹੇ, ਜੀਭ, ਤਾਲੂ, ਸੰਘ, ਗਲਾ, ਧੌਣ, ਗਿੱਚੀ, ਛਾਤੀ, ਕੱਛ, ਬਾਂਹ, ਵੀਣੀ, ਗੁੱਟ, ਹੱਥ, ਅੰਗੂਠਾ, ਉਂਗਲ, ਚੀਚੀ, ਵੱਖੀ, ਲੱਕ, ਪੱਟ, ਜੰਘ, ਟੰਗ, ਲੱਤ, ਗੋਡਾ, ਗਿੱਟਾ, ਖੁੱਚ, ਖੁਰੀ ਤੇ ਤਲੀ, ਵਗ਼ੈਰਾ। ਇਨ੍ਹਾਂ ਵਿੱਚੋਂ ਬਹੁ-ਗਿਣਤੀ ਉਨ੍ਹਾਂ ਲਫ਼ਜ਼ਾਂ ਦੀ ਹੈ, ਜੋ ਸਾਰੇ ਪੰਜਾਬੀਆਂ ਦੇ ਸਾਂਝੇ ਹਨ। ਸੱਚ ਦੱਸਿਓ, ਹਨ ਕਿ ਨਹੀਂ?

ਹੁਣ ਆਪਾਂ ਆਪਣੇ ਰਿਸ਼ਤਿਆਂ ਦੀ ਸਾਰ ਲਈਏ: ਪਹਿਲਾਂ ਨਾਨਕਿਆਂ ਦੇ—ਮਾਂ, ਨਾਨੀ, ਨਾਨਾ, ਮਾਸੀ, ਮਾਸੜ, ਮਾਮੀ, ਮਾਮਾ ਤੇ ਫੇਰ ਦਾਦਕਿਆਂ ਦੇ—ਪਿਉ, ਦਾਦਾ, ਦਾਦੀ, ਤਾਇਆ, ਤਾਈ, ਚਾਚਾ, ਚਾਚੀ, ਭੂਆ ਤੇ ਫੁੱਫੜ। ਏਸੇ ਤਰ੍ਹਾਂ ਔਤਰੀ, ਮਤਰੇਈ, ਸੱਸ, ਸਹੁਰਾ, ਸਾਲਾ, ਸਾਲੀ, ਸਾਂਢੂ, ਨਨ੍ਹੇਸ, ਦਦ੍ਹੇਸ, ਫੁਫ੍ਹੇਸ, ਮਲਿਅਹੁਰਾ, ਵਗ਼ੈਰਾ ਤੇ ਖ਼ਬਰੇ ਹੋਰ ਕਿੰਨੇ ਨੇੜੇ ਤੇ ਦੂਰ ਦੇ ਰਿਸ਼ਤੇ ਹਨ, ਜਿਨ੍ਹਾਂ ਨੂੰ ਦੁਹਾਂ ਪਾਸਿਆਂ ਦੇ ਪੰਜਾਬੀ ਇੱਕੋ ਜਿਹੀ ਸੌਖ ਨਾਲ ਵਰਤਦੇ ਹਨ।

ਰੁੱਖਾਂ, ਸਬਜ਼ੀਆਂ-ਭਾਜੀਆਂ, ਜ਼ਮੀਨਾਂ, ਖੇਤੀ-ਬਾੜੀ, ਮਾਲ-ਡੰਗਰ, ਕੱਪੜੇ-ਲੱਤੇ, ਹੱਟੀ ਜਾਂ ਵਪਾਰ ਨਾਲ ਸੰਬੰਧ ਰੱਖਣ ਵਾਲੇ ਸਾਂਝੇ ਲਫ਼ਜ਼ ਗਿਣਨ ਲੱਗੀਏ ਤਾਂ ਅੱਜ ਦੀ ਦਿਹਾੜੀ ਭਾਵੇਂ ਸਾਰੀ ਲਗ ਜਾਏ, ਸਾਂਝੇ ਲਫ਼ਜ਼ ਨਹੀਂ ਮੁੱਕਣ ਲੱਗੇ ਤੇ ਇਨ੍ਹਾਂ ਵਿਚੋਂ ਬਹੁ-ਗਿਣਤੀ ਉਨ੍ਹਾਂ ਲਫ਼ਜ਼ਾਂ ਦੀ ਹੋਵੇਗੀ ਜੋ ਦੁਹਾਂ ਪੰਜਾਬਾਂ ਵਿਚ ਇਕਸਾਰ ਵਰਤੇ ਜਾਂਦੇ ਹਨ, ਪਰ ਹੋਰ ਕਿਸੇ ਗੁਆਂਢੀ ਸੂਬੇ ਵਿਚ ਜਾਂ ਤਾਂ ਮਿਲਦੇ ਹੀ ਨਹੀਂ ਤੇ ਜਾਂ ਬਦਲੇ ਹੋਏ ਭੇਸ ਵਿਚ ਮਿਲਦੇ ਹਨ।

ਵੱਖ ਵੱਖ ਖੇਤਰਾਂ ਨਾਲ ਸੰਬੰਧ ਰੱਖਣ ਵਾਲੇ ਇਹੋ ਜਿਹੇ ਸਾਂਝੇ ਸ਼ਬਦ ਲੱਭਣ ਦੀ ਖੇਡ ਆਪਣੇ ਬੱਚਿਆਂ ਵਿਚ ਚਲਾਉਣੀ ਚਾਹੀਦੀ ਹੈ। ਵੱਡਿਆਂ ਨੂੰ ਨਿਰਾਸ਼ ਹੋਣ ਦੀ ਲੋੜ ਨਹੀਂ। ਮੈਂ ਉਨ੍ਹਾਂ ਲਈ ਵੀ ਇਕ ਖੇਡ ਰੱਖੀ ਹੋਈ ਹੈ ਤੇ ਉਹ ਹੈ ਗਾਲ੍ਹਾਂ ਇਕੱਠੀਆਂ ਕਰਨ ਦੀ। ਜਿਹੜਾ ਵੀ ਪਾਕਿਸਤਾਨੀ ਖੋਜੀ ਇਸ ਪਾਸੇ ਪੈਣ ਦੀ ਪਹਿਲ ਕਰੇਗਾ, ਜੇ ਉਸ ਨੂੰ ਆਪਣੇ ਵਾਲੇ ਪਾਸੇ ਦੀਆਂ ਸਾਰੀਆਂ ਚੋਂਦੀਆਂ ਚੋਂਦੀਆਂ ਗਾਲ੍ਹਾਂ ਜਿਉਂ ਦੀਆਂ ਤਿਉਂ, ਬਲਕਿ ਕੁੱਝ ਸਵਾਏ ਫੱਕੜਾਂ ਸਮੇਤ, ਭਾਰਤੀ ਪੰਜਾਬ ਦੀਆਂ ਗਲੀਆਂ ਵਿਚ ਰੁਲਦੀਆਂ ਮਿਲ ਜਾਣ ਤਾਂ ਉਸ ਨੂੰ ਹੈਰਾਨ ਨਹੀਂ ਹੋਣਾ ਚਾਹੀਦਾ। ਹਰ ਤਰ੍ਹਾਂ ਦੇ ਨਿਸ਼ੇਧਾਂ ਨੂੰ ਤੋੜਨ ਵਾਲੀਆਂ, ਨਵੇਂ ਤੋਂ ਨਵੇਂ ਨਾਜਾਇਜ਼ ਰਿਸ਼ਤੇ ਲੱਭਣ ਵਾਲੀਆਂ, ਮੌਲਿਕਤਾ ਤੇ ਸਿਰਜਨਾ ਦੇ ਅਦਭੁਤ ਨਮੂਨੇ ਉਪਜਾਉਂਦੀਆਂ ਇਹ ਲੱਛੇਦਾਰ ਨਿਆਮਤਾਂ, ਏਨੀ ਭਰਪੂਰਤਾ ਵਿਚ, ਭਲਾ ਹੋਰ ਕਿਸੇ ਪਾਕਿਸਤਾਨੀ ਜਾਂ ਹਿੰਦੁਸਾਤਨੀ ਸੂਬੇ ਵਿਚ ਕਿਵੇਂ ਮਿਲ ਸਕਦੀਆਂ ਹਨ!

ਮੁੱਕਦੀ ਗੱਲ ਇਹ ਹੈ ਕਿ ਆਮ ਲੋਕਾਂ ਦੀ ਪੱਧਰ ਉੱਤੇ ਸਾਂਝੇ ਵਿਰਸੇ ਦੇ ਅਨਗਿਣਤ ਸਬੂਤ ਕਿਸੇ ਵੀ ਸੁਜਾਖੇ ਘੋਖੀ ਨੂੰ ਆਪਣੇ ਸਾਹਮਣੇ ਖਿੱਲਰੇ ਪਏ ਮਿਲ ਸਕਦੇ ਹਨ। ਇਸੇ ਲਈ ਮੈਂ ਪੰਜਾਬੀਆਂ ਦੀਆਂ ਮਨ-ਪਸੰਦ ਲੋਕ-ਕਹਾਣੀਆਂ, ਟੋਟਕਿਆਂ, ਲਤੀਫ਼ਿਆਂ, ਕਹਾਵਤਾਂ, ਅਖਾਣਾਂ, ਮੁਹਾਵਰਿਆਂ ਤੇ ਮੇਲਿਆਂ-ਮੁਸਾਹਬਿਆਂ, ਆਦਿ ਦੀ ਸਾਂਝ ਵਾਲੀ ਕਹਾਣੀ ਛੋਹ ਕੇ ਗੱਲ ਦੀ ਗਲ੍ਹੇੜ ਬਣਾਉਣ ਤੋਂ ਸੰਕੋਚ ਕੀਤਾ ਹੈ। ਜੇ ਕੋਈ ਪਹਿਲਾਂ ਹੀ 'ਮੈਂ ਨਾ ਮਾਨੂੰ' ਦੀ ਕਸਮ ਖਾ ਕੇ ਨਾ ਬੈਠਾ ਹੋਵੇ ਤਾਂ ਮੁਲਕਾਂ ਤੇ ਮਜ਼ਹਬਾਂ ਦੇ ਥੱਲੇ, ਧੁਰ ਬੁਨਿਆਦੀ ਧਰਾਤਲ ਉੱਤੇ ਪੱਸਰੀ ਸਭਿਆਚਾਰਕ ਤੇ ਭਾਈਚਾਰਕ ਸਾਂਝ ਕਿਸੇ ਤਰ੍ਹਾਂ ਲੁਕਾਇਆਂ ਨਹੀਂ ਲੁਕ ਸਕਦੀ।

ਰਹੀ, ਮਜ਼ਹਬੀ ਤੇ ਸਿਆਸੀ ਆਗੂਆਂ ਦੀ ਫ਼ਰਕ-ਪਾਊ ਭੂਮਿਕਾ ਦੀ ਗੱਲ। ਇਸ [illegible] ਹੈ ਕਿ ਸਭਿਆਚਾਰਕ ਸਾਂਝ ਵਾਲੀ

WWW.SIKHBOOKCLUB.COM 

ਜਿੰਨੀ ਦ੍ਰਿੜ੍ਹ ਤੇ ਤਗੜੀ ਹੋਵੇਗੀ, ਓਨੀਆਂ ਹੀ ਦੁਫੇੜੂ ਧਿਰਾਂ ਲਿੱਸੀਆਂ ਤੇ ਨਿਤਾਣੀਆਂ ਹੁੰਦੀਆਂ ਜਾਣਗੀਆਂ। ਮਜ਼ਹਬ ਦੇ ਸ਼ੈਦਾਈਆਂ ਨੂੰ ਮੈਂ ਦੋਵੇਂ ਹੱਥ ਜੋੜ ਕੇ ਇਹ ਅਰਜ਼ ਕਰਨੀ ਹੈ ਕਿ ਜਿਸ ਇਦਾਰੇ ਨੇ ਭਰੱਪਣ ਦੀਆਂ ਗਲਵੱਕੜੀਆਂ ਪਾਉਣ ਦਾ ਵੱਲ ਸਿਖਾਉਣਾ ਹੁੰਦਾ ਹੈ, ਉਸ ਨੂੰ ਵੰਡੀਆਂ ਪਾਉਣ, ਪਾੜਨ ਤੇ ਇਕ ਦੂਜੇ ਨੂੰ ਨਫ਼ਰਤ ਕਰਨ ਵਾਲੇ ਪਾਸੇ ਹੋਰ ਨਾ ਪਾਓ, ਅੱਗੇ ਹੀ ਇਸ ਦੀ ਬਥੇਰੀ ਖੁਨਾਮੀ ਹੋ ਚੁੱਕੀ ਹੈ।

## 6

ਪੰਜਾਬ, ਪੰਜਾਬੀ ਤੇ ਪੰਜਾਬੀਅਤ ਬਾਰੇ ਵਿਸ਼ਵ ਪੰਜਾਬੀ ਕਾਨਫ਼ਰੰਸ ਨੂੰ ਆਪ ਸਪਸ਼ਟ ਹੋਣ ਤੇ ਦੂਜਿਆਂ ਨੂੰ ਸਪਸ਼ਟ ਕਰਨ ਦੀ ਪ੍ਰੇਰਨਾ ਲਈ ਮੈਂ ਇਹ ਮੌਕਾ ਕਿਉਂ ਚੁਣਿਆ ? ਆਸ ਹੈ, ਜੋ ਕੁੱਝ ਮੈਂ ਕਹਿ ਆਇਆ ਹਾਂ, ਉਸ ਦੇ ਚਾਨਣ ਵਿਚ ਮੈਨੂੰ ਇਸ ਸਵਾਲ ਦਾ ਜਵਾਬ ਦੇਣ ਦੀ ਲੋੜ ਨਹੀਂ। ਮਸਲੇ ਤਾਂ ਅਨੇਕ ਹਨ, ਪੰਜਾਬੀ ਭਾਸ਼ਾ, ਸਾਹਿੱਤ ਤੇ ਸਭਿਆਚਾਰ ਦੇ, ਦੁਹਾਂ ਪਾਸਿਆਂ ਦੇ ਪੰਜਾਬੀ ਲੋਕਾਂ ਦੀ ਸਿਆਸਤ ਤੇ ਆਰਥਿਕਤਾ ਦੇ, ਪੰਜਾਬ ਤੋਂ ਬਾਹਰ ਜਾ ਵੱਸੇ ਪੰਜਾਬੀਆਂ ਤੇ ਪੰਜਾਬ ਦੇ ਅੰਦਰ ਆ ਵੱਸੇ ਗ਼ੈਰ-ਪੰਜਾਬੀਆਂ ਦੇ ਤੇ ਹਰ ਪੱਧਰ ਉੱਤੇ ਆਪਣੀ ਮਾਂ-ਬੋਲੀ ਨੂੰ ਆਦਰ ਵਾਲੀ ਥਾਂ ਦਿਵਾਉਣ ਦੇ ਅਤੇ ਇਹ ਸਾਰੇ ਮਸਲੇ ਪੰਜਾਬੀ ਸਿਆਣਿਆਂ ਦੀ ਮਸਲੇ-ਹੱਲ-ਕਰਨ-ਦੀ-ਸ਼ਕਤੀ ਅਜ਼ਮਾਉਣ ਦੀ ਉਡੀਕ ਵਿਚ ਬੈਠੇ ਹਨ, ਪਰ ਮੈਂ ਆਪਣੇ ਅੱਜ ਦੇ ਸੂਤਰੀ ਭਾਸ਼ਣ ਵਿਚ ਇਨ੍ਹਾਂ ਮਸਲਿਆਂ ਵਿੱਚੋਂ ਕਿਸੇ ਇਕ ਨੂੰ ਵੀ ਨਹੀਂ ਛੋਹਿਆ, ਕਿਉਂਕਿ ਮੇਰੇ ਖ਼ਿਆਲ ਵਿਚ ਪਹਿਲਾਂ ਬੁਨਿਆਦੀ ਸੰਕਲਪਾਂ ਬਾਰੇ ਸਾਫ਼ ਹੋਣਾ ਜ਼ਰੂਰੀ ਹੈ। ਪਰ ਇਕ ਮਸਲਾ ਅਜਿਹਾ ਹੈ, ਜਿਸ ਨੂੰ ਇਸ ਕਾਨਫ਼ਰੰਸ ਦੇ ਅਧਿਕਾਰੀਆਂ ਨੇ ਇਸ ਵਰ੍ਹੇ ਦਾ ਮੁਖ ਮਜ਼ਮੂਨ ਬਣਾਇਆ ਹੋਇਆ ਹੈ। ਇਹ ਮਜ਼ਮੂਨ ਹੈ : 'ਪੰਜਾਬ, ਪੰਜਾਬੀ ਤੇ ਪੰਜਾਬੀਅਤ ਨਵੇਂ ਸਮੇਂ ਦੀਆਂ ਵੰਗਾਰਾਂ ਦਾ ਸਾਹਮਣਾ ਕਿਵੇਂ ਕਰਨ ?'

ਇਸ ਵਿਚ ਸ਼ੱਕ ਨਹੀਂ ਕਿ ਮਸਲਾ ਬੜਾ ਅਹਿਮ ਹੈ, ਪਰ ਹੈ ਏਨਾ ਵੱਡਾ ਕਿ ਇਹ ਸਿਰਫ਼ ਪੰਜਾਬੀਆਂ ਦਾ ਨਾ ਰਹਿ ਕੇ, ਸਾਰੀ ਦੁਨੀਆ ਦੀਆਂ ਸੰਗਠਿਤ ਤਹਿਜ਼ੀਬਾਂ ਦਾ ਸਾਂਝਾ ਮਸਲਾ ਬਣ ਗਿਆ ਹੈ—ਖ਼ਾਸ ਕਰ ਕੇ ਏਸ਼ੀਆ ਤੇ ਅਫ਼ਰੀਕਾ ਵਰਗੇ ਮਹਾਂ ਭੂ-ਖੰਡਾਂ ਉੱਤੇ ਘੁੱਗ ਵੱਸਦੀਆਂ ਪ੍ਰਾਚੀਨ ਤਹਿਜ਼ੀਬਾਂ ਦਾ, ਕਿਉਂਕਿ ਉਨ੍ਹਾਂ ਨੂੰ ਆਪਣੀ ਹੋਂਦ ਬਰਕਰਾਰ ਰੱਖਣ ਲਈ, ਆਪਣੀਆਂ ਸਦਾਚਾਰਕ ਕਦਰਾਂ-ਕੀਮਤਾਂ ਅਤੇ ਆਪਣੀਆਂ ਸਭਿਆਚਾਰਕ ਸ਼ਨਾਖ਼ਤਾਂ ਦੀ ਕੁਰਬਾਨੀ ਦੇਣੀ ਪੈ ਰਹੀ ਹੈ। ਇਹੋ ਜਿਹੀ ਮਜਬੂਰੀ ਵਿਚ ਕੀਤੀ ਚੋਣ ਕਿ ਜੀਉਣਾ ਜੇ ਤਾਂ ਆਪਣਾ ਕਲਚਰ ਛੱਡ ਕੇ ਸਾਡਾ ਕਲਚਰ ਅਪਣਾਓ, ਹੱਸਾਸ ਬੰਦਿਆਂ ਲਈ ਕਿੰਨੇ ਆਤਮ-ਸੰਤਾਪ ਤੇ ਆਤਮ-ਗਿਲਾਨੀ ਦਾ ਕਾਰਨ ਬਣਦੀ ਹੈ, ਇਸ ਦਾ ਅਨੁਮਾਨ ਲਾਉਣਾ ਔਖਾ ਨਹੀਂ।

ਅੱਜ ਦੀ ਦੁਨੀਆ ਵਿਚ, ਬਹੁਤ ਕਰਕੇ, ਇਹ ਗੰਭੀਰ ਵਿਕਲਪ ਪੇਸ਼ ਕਰ ਰਿਹਾ ਹੈ ਅਮਰੀਕਾ ਤੇ ਇਸ ਦੇ ਪਿੱਛੇ ਲੁਕਿਆ ਹੋਇਆ ਹੈ ਉਸ ਦਾ ਆਰਥਿਕ ਹਿਤ, ਤੇ ਇਸ ਦਾ ਹੱਥਕੰਡਾ ਬਣਾਇਆ ਜਾ ਰਿਹਾ ਹੈ ਟੈਲੀਵਿਯਨ ਨੂੰ, ਜੋ ਪਦਾਰਥਵਾਦੀ-ਸਰੀਰਵਾਦੀ, ਚਿੰਤਾ-ਤੇ-ਅਸ਼ਾਂਤੀ-ਉਪਜਾਊ ਪ੍ਰਚਾਰ ਦੀ ਬੁਛਾੜ ਦਿਨ-ਰਾਤ ਜਾਰੀ ਰੱਖ ਰਹੀ ਹੈ। ਇਸ਼ਤਿਹਾਰਾਂ, ਫ਼ਿਲਮਾਂ ਤੇ ਧਾਰਾਵਾਹਕ ਪ੍ਰੋਗਰਾਮਾਂ ਰਾਹੀਂ ਨੰਗੇਜ, ਕਾਮ, ਹਿੰਸਾ ਤੇ ਸਵਾਰਥ ਦੀ ਖੁੱਲ੍ਹੀ ਤੇ ਨਿਰਵਿਘਨ ਨੁਮਾਇਸ਼ ਹੁੰਦੀ ਰਹਿੰਦੀ ਹੈ। ਜਿਸ ਦ੍ਰਿਸ਼ ਜਾਂ ਕਾਰਜ ਨੂੰ ਸਾਡੇ ਸਮਾਜ

WWW.SIKHBOOKCLUB.COM 

ਵਿਚ ਨਿਲੱਜ ਸਮਝਿਆ ਜਾਂਦਾ ਸੀ, ਉਸ ਤੋਂ ਲਾਜ ਦਾ ਉਛਾੜ ਤਕਰੀਬਨ ਲਹਿ ਚੁੱਕਾ ਹੈ। ਜਿਸ ਤਰ੍ਹਾਂ ਦੀ ਦਿਨ ਤੇ ਰਾਤ ਦੇ ਸਮੇਂ ਨਾਲ ਅਨੁਕੂਲਤਾ ਜਾਂ ਪ੍ਰਤੀਕੂਲਤਾ ਦਾ ਲਿਹਾਜ਼ ਸਾਡੇ ਸ਼ਾਸਤ੍ਰੀ ਸੰਗੀਤ ਵਿਚ ਸਖ਼ਤੀ ਨਾਲ ਨਿਭਾਇਆ ਜਾਂਦਾ ਸੀ, ਉਹ ਹੁਣ ਹਰ ਪਲ ਅਮਰੀਕੀ ਤੇ ਯੂਰਪੀ ਟੀ.ਵੀ. ਤੋਂ ਪ੍ਰਸਾਰਿਤ ਹੋਣ ਵਾਲੇ 'ਰੌਕ-'ਨ-ਰੋਲ' ਦੇ ਪੈਰਾਂ ਹੇਠ ਲਿਤੜੀਂਦਾ ਜਾਂ ਮਾਈਕਲ ਜੈਕਸਨ ਵਾਲੀ ਵੰਨਗੀ ਦੇ ਤੂਫ਼ਾਨੀ ਸੁਰ-ਰੇੜਕੇ ਵਿਚ ਮਿਧੀਂਦਾ ਦਿੱਸ ਪੈਂਦਾ ਹੈ। ਅਰਬੀ-ਭਾਸ਼ੀ ਮੁਸਲਮਾਨ ਦੇਸਾਂ ਵਿਚ ਵੀ, ਜਿੱਥੇ ਪੁਰਸ਼-ਇਸਤਰੀ ਦਾ ਵਰਜਿਤ ਸੰਜੋਗ ਜਾਨ-ਲੇਵਾ ਸਾਬਤ ਹੋ ਸਕਦਾ ਹੈ, ਢੇਰ ਰਾਤ ਗਈ ਵੇਲੇ ਵਿਖਾਈਆਂ ਜਾਣ ਵਾਲੀਆਂ ਬਸਤਰ-ਰਹਿਤ, ਕਾਮ-ਵਾਸ਼ਨਾ ਭੜਕਾਊ ਤੇ ਅੱਤ ਦਰਜੇ ਦੀਆਂ ਮਲੀਨ ਫ਼ਿਲਮਾਂ ਦਾ ਚੋਖਾ ਪ੍ਰਗਟ ਤੇ ਗੁਪਤ ਵਪਾਰ ਹੁੰਦਾ ਦੱਸੀਦਾ ਹੈ। ਦੁਨੀਆ ਵਿਚ ਸਮਾਨਤਾ ਜ਼ੋਰਾਂ ਉੱਤੇ ਹੈ—ਵਾਲਾਂ ਦੇ ਫ਼ੈਸ਼ਨ ਸਮਾਨ, ਕੱਪੜਿਆਂ ਦੇ ਫ਼ੈਸ਼ਨ ਸਮਾਨ, ਕਰੀਮ ਪਾਊਡਰ, ਲੋਸ਼ਨ ਤੇ ਸਾਬਣ ਸਮਾਨ, ਦੰਦ-ਬੁਰਸ਼ ਤੇ ਪੇਸਟਾਂ ਸਮਾਨ, ਫ਼ਰਨੀਚਰ ਤਕਰੀਬਨ ਸਮਾਨ, ਖਾਣ-ਪੀਣ ਦੀਆਂ ਚੀਜ਼ਾਂ, ਬਹੁਤ ਹੱਦ ਤਕ ਸਮਾਨ, ਆਵਾਜਾਈ ਦੇ ਸਾਧਨ ਸਮਾਨ—ਗੱਲ ਕੀ ਮੋਟਰਾਂ, ਰੇਲਾਂ ਤੇ ਜਹਾਜ਼ਾਂ, ਤਾਰਾਂ, ਟੈਲੀਫ਼ੋਨਾਂ, ਵਾਇਰਲੈੱਸ, ਫ਼ੈਕਸਾਂ, ਛਾਪੇਖਾਨਿਆਂ ਤੇ ਕੰਪਿਊਟਰਾਂ ਨੇ ਦੁਨੀਆ ਏਨੀ ਛੋਟੀ ਬਣਾ ਦਿੱਤੀ ਹੈ ਅਤੇ ਅਖ਼ਬਾਰਾਂ, ਰੇਡੀਓ, ਟੀ.ਵੀ. ਤੇ ਇਸ਼ਤਿਹਾਰਾਂ, ਆਦਿ ਨੇ ਦੁਨੀਆ ਵਿਚ ਏਨੀ ਇਕਸਾਰਤਾ ਵਰਤਾ ਦਿੱਤੀ ਹੈ ਅਤੇ ਅੰਗਰੇਜ਼ੀ ਭਾਸ਼ਾ ਦੀ ਵਿਆਪਕਤਾ ਨੇ ਦੁਨੀਆ ਦੀ ਸੋਚ ਦੇ ਭਾਂਡਿਆਂ ਵਿਚ ਵੀ ਏਨੀ ਤਦਰੂਪਤਾ ਲੈ ਆਂਦੀ ਹੈ ਕਿ ਵੱਡੇ ਵੱਡੇ ਜਨ-ਸਮੂਹਾਂ ਲਈ ਵੀ ਆਪਣੇ ਵੱਖਰੇ ਸਭਿਆਚਾਰਾਂ ਨੂੰ ਇਨ੍ਹਾਂ ਦੇ ਇਕਰੂਪਤਾ ਵਰਤਾਉਣ ਵਾਲੇ ਪ੍ਰਭਾਵਾਂ ਤੋਂ ਬਚਾਈ ਰੱਖਣਾ, ਇਕ ਬਹੁਤ ਵੱਡੀ ਸਿਰਦਰਦੀ ਬਣ ਚੁੱਕੀ ਹੈ। ਸਾਰੇ ਸੂਝਵਾਨ ਪੰਜਾਬੀ ਜਾਣਦੇ ਹਨ ਕਿ ਸਾਨੂੰ, ਪੰਜਾਬੀਆਂ ਨੂੰ ਵੀ, ਇਸ ਸਮੱਸਿਆ ਦਾ ਸਾਹਮਣਾ ਬੜੀ ਸ਼ਿੱਦਤ ਨਾਲ ਕਰਨਾ ਪੈ ਰਿਹਾ ਹੈ।

ਮੈਨੂੰ ਇਹ ਤਾਂ ਪਤਾ ਨਹੀਂ ਕਿ ਪੰਜਾਬ, ਪੰਜਾਬੀ ਤੇ ਪੰਜਾਬੀਅਤ ਬਾਰੇ ਮੈਂ 'ਵਿਸ਼ਵ ਪੰਜਾਬੀ ਕਾਨਫ਼ਰੰਸ' ਨੂੰ ਆਪਣਾ ਹਮ-ਖ਼ਿਆਲ ਬਣਾਉਣ ਵਿਚ ਸਫਲ ਹੋ ਸਕਿਆ ਹਾਂ ਕਿ ਨਹੀਂ, ਪਰ ਫ਼ਰਜ਼ ਕਰੋ ਇਹ ਕਾਨਫ਼ਰੰਸ ਮੇਰੇ ਵਿਚਾਰਾਂ ਦੀ ਤਾਈਦ ਕਰ ਹੀ ਦੇਵੇ ਤਾਂ ਇਸ ਤੋਂ ਕਿਹੋ ਜਿਹੇ ਨਤੀਜਿਆਂ ਦੇ ਨਿਕਲਣ ਦੀ ਆਸ ਹੋਵੇਗੀ ? ਸ਼ਾਇਦ ਕੁੱਝ ਪੱਧਰਾਂ ਉੱਤੇ ਪੰਜਾਬੀਆਂ ਦਾ ਆਪੋ-ਵਿਚੀ ਨੇੜ ਜਾਂ ਮੇਲ-ਜੋਲ ਵਧ ਜਾਵੇਗਾ; ਸ਼ਾਇਦ ਇਕ ਦੂਜੇ ਦੇ ਵਿਚਕਾਰ ਪਏ ਪਾਟਕ ਕੁੱਝ ਘਟ ਜਾਣਗੇ ਤੇ ਜਿਹੜੀ ਕੁਦਰਤੀ ਸਾਂਝ ਬਣਨੀ ਚਾਹੀਦੀ ਸੀ, ਉਸ ਵੱਲ ਦਾ ਰਸਤਾ ਵਧੇਰੇ ਪੱਧਰਾ ਹੋ ਜਾਏਗਾ। ਮੈਂ ਭੁੱਲਿਆ ਹੋਇਆ ਨਹੀਂ ਕਿ ਇਹੋ ਜਿਹੀਆਂ ਸਭਿਆਚਾਰਕ ਸਾਂਝਾਂ ਲਈ, ਕੱਟੜ ਤੇ ਤਅੱਸਬੀ ਸੋਚਾਂ ਤੇ ਜਜ਼ਬਿਆਂ ਵਾਲੇ ਸਮਾਜਾਂ ਵਿਚ ਫਲਣਾ-ਫੁੱਲਣਾ ਸੌਖਾ ਨਹੀਂ ਹੁੰਦਾ, ਪਰ ਕੌਣ ਹੈ ਜੋ ਇਸ ਵਿੱਥਾਂ ਤੇ ਵਿਰੋਧਾਂ, ਸਾੜਿਆਂ ਤੇ ਕੁੜੱਤਣਾਂ, ਥੁੜਾਂ ਤੇ ਅਪੂਰਤੀਆਂ, ਅਰਮਾਨਾਂ ਤੇ ਹੇਰਵਿਆਂ ਨਾਲ ਭਰੀ ਦੁਨੀਆ ਵਿਚ ਕਦੀ ਨਾ ਕਦੀ, ਕਿਸੇ ਬੇਗਮਪੁਰੇ ਦਾ ਖ਼ਾਕਾ ਆਪਣੇ ਮਨ ਵਿਚ ਨਹੀਂ ਉਲੀਕਦਾ ? ਸਾਰੀਆਂ ਔਕੜਾਂ ਤੇ ਰੁਕਾਵਟਾਂ ਦੇ ਹੁੰਦਿਆਂ, ਮੇਰਾ ਵੀ ਇਕ ਸੁਫ਼ਨਾ ਹੈ ਕਿ ਪੰਜਾਬੀ ਲੋਕ, ਪੰਜਾਬੀ ਭਾਸ਼ਾ ਤੇ ਸਭਿਆਚਾਰ ਦੇ ਆਧਾਰ ਉੱਤੇ ਇੱਕਮੁੱਠ ਹੋਣਗੇ ਅਤੇ ਮੈਨੂੰ ਇਹ ਵੀ ਲਗਦਾ ਹੈ ਕਿ ਇਹ ਸੁਫ਼ਨਾ ਮੇਰਾ ਹੀ ਨਹੀਂ, ਢੇਰ ਸਾਰੇ ਪੰਜਾਬੀਆਂ ਦਾ ਹੈ, ਪਰ ਇੱਕਮੁੱਠ ਹੋਏ ਪੰਜਾਬੀਆਂ ਨੂੰ ਵੀ ਆਖ਼ਰ ਸੋਚਣਾ ਹੀ ਪੈਣਾ ਹੈ ਕਿ ਉਸ ਜੜ੍ਹ-ਪੁੱਟ ਤਹਿਜ਼ੀਬੀ ਝੱਖੜ ਦਾ ਸਾਹਮਣਾ [illegible] ਨੂੰ ਸਾਰਿਆਂ ਨੂੰ ਬੌਂਦਲਾ ਰਿਹਾ ਹੈ।

WWW.SIKHBOOKCLUB.COM

ਇਸ ਬੜੇ ਹੀ ਅਹਿਮ ਸਵਾਲ ਦਾ ਠੀਕ ਜਵਾਬ ਤਾਂ ਭਵਿੱਖ ਦੇ ਗਰਭ ਵਿਚ ਸਾਂਭਿਆ ਪਿਆ ਹੈ, ਮੈਨੂੰ ਲਗਦਾ ਹੈ ਕਿ ਨਿਰਾਸ ਹੋਣ ਦੀ ਲੋੜ ਨਹੀਂ। ਮੈਨੂੰ ਬਰਤਾਨੀਆ, ਅਮਰੀਕਾ, ਕਨੇਡਾ, ਜਰਮਨੀ, ਥਾਈਲੈਂਡ, ਮਲੇਸ਼ੀਆ ਤੇ ਸਿੰਗਾਪੁਰ, ਆਦਿ ਦੇਸਾਂ ਵਿਚ ਵੱਸਦੇ ਪੰਜਾਬੀਆਂ ਨੂੰ ਨੇੜਿਓਂ ਵੇਖਣ ਤੇ ਉਨ੍ਹਾਂ ਦੇ ਨਾਲ ਵਿਚਰਨ ਦੇ ਕਈ ਮੌਕੇ ਮਿਲੇ ਹਨ। ਮੈਂ ਉਨ੍ਹਾਂ ਨਾਲ ਮੇਲ-ਜੋਲ ਦੇ ਨਿਜੀ ਤਜਰਬਿਆਂ ਦੇ ਆਧਾਰ ਉੱਤੇ ਇਹ ਕਹਿ ਸਕਦਾ ਹਾਂ ਕਿ ਪੰਜਾਬੀ ਪਰਵਾਸੀ, ਜੋ ਇਕਰੂਪਤਾ ਵਰਤਾਉਣ ਵਾਲੇ ਆਧੁਨਿਕ ਜੰਤਰਾਂ, ਸਾਧਨਾਂ ਤੇ ਪ੍ਰਵਿਰਤੀਆਂ ਦੇ ਵਿਚ-ਵਿਚਾਲੇ ਵੱਸਦੇ ਤੇ ਪੇਤਰੀ ਕਲਚਰਾਂ ਦੇ ਵਿਰੋਧੀ ਪ੍ਰਭਾਵਾਂ ਨੂੰ ਆਪਣਿਆਂ ਤਨਾਂ ਤੇ ਮਨਾ ਉੱਤੇ ਹੰਢਾਉਂਦੇ ਹਨ, ਇਨ੍ਹਾਂ ਦੇ ਘਾਤਕ ਵਾਰਾਂ ਤੋਂ ਘਬਰਾਏ ਤਾਂ ਜ਼ਰੂਰ ਹਨ, ਪਰ ਹਾਰੇ ਨਹੀਂ। ਉਨ੍ਹਾਂ ਨੇ ਅਮਲੀ ਤੌਰ ਉੱਤੇ ਹਾਲਾਤ ਨਾਲ ਇਕ ਕੰਮ-ਤੋਰੂ ਸਮਝੌਤਾ ਕੀਤਾ ਹੋਇਆ ਹੈ। ਸਾਇੰਸ ਤੇ ਤਕਨਾਲੋਜੀ ਅਤੇ ਹੋਰ ਆਧੁਨਿਕ ਸੰਦਾਂ ਤੇ ਸਾਧਨਾਂ ਦੀ ਵਰਤੋਂ ਉਹ ਨਿਸੰਗ ਹੋ ਕੇ ਕਰਦੇ ਹਨ, ਉਨ੍ਹਾਂ ਦੇ ਮਨ-ਪਰਚਾਵਿਆਂ ਨਾਲ ਆਪਣਾ ਮਨ ਵੀ ਪਰਚਾਉਂਦੇ ਹਨ; ਉਨ੍ਹਾਂ ਦੀ ਭਾਸ਼ਾ ਖ਼ੁਸ਼ੀ ਨਾਲ ਸਿੱਖਦੇ ਤੇ ਵਰਤਦੇ ਹਨ, ਪਰ ਪੰਜਾਬੀ ਤੇ ਪੰਜਾਬੀਅਤ ਦੇ ਸੋਮੇ ਅਤੇ ਗੜ੍ਹ ਅਰਥਾਤ ਪੰਜਾਬ ਦੇਸ਼ ਨੂੰ ਨਹੀਂ ਭੁਲਾਉਂਦੇ ਤੇ ਪੰਜਾਬੀ ਰਹਿਤ-ਬਹਿਤ ਦੇ ਹਰ ਪੱਖ ਨੂੰ ਬੜੇ ਦੁਲਾਰ ਨਾਲ ਚੇਤੇ ਕਰਦੇ ਤੇ ਇਸ ਉਪਜਾਊ ਧਰਤੀ ਦੇ ਗੁਣ ਗਾਉਂਦੇ ਹੋਏ ਆਪਣੇ ਬੱਚਿਆਂ ਨੂੰ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨਾਲ ਜੋੜੀ ਰੱਖਣ ਦਾ ਜਤਨ ਕਰਦੇ ਹਨ। ਉਨ੍ਹਾਂ ਦੀ ਚਿੰਤਾ ਹੁੰਦੀ ਹੈ ਤਾਂ ਇੱਕੋ ਕਿ ਆਪਣੀ ਸੰਤਾਨ ਨੂੰ ਪੰਜਾਬ ਨਾਲ ਕਿਵੇਂ ਜੋੜੀ ਰੱਖਿਆ ਜਾਵੇ ? ਜਿਸ ਨਿੱਕੇ ਜਿਹੇ ਮੁਲਕ ਨੇ ਅੰਗਰੇਜ਼ੀ ਤੇ ਅੰਗਰੇਜ਼ੀਅਤ ਨੂੰ ਦਸੌਰਾਂ ਵਿਚ ਖਪਤ ਦਾ ਜ਼ਰੂਰੀ ਮਾਲ ਬਣਾ ਦਿੱਤਾ ਹੈ, ਉਹ ਅੱਜ ਵੀ, ਆਪਣੇ ਦੂਤ-ਘਰਾਂ ਦੇ ਨਾਲ ਨਾਲ, 'ਬ੍ਰਿਟਿਸ਼ ਕਾਊਂਸਿਲ' ਵਰਗੀ ਸਾਹਿੱਤ ਤੇ ਕਲਚਰ ਨਾਲ ਸੰਬੰਧਿਤ ਸੰਸਥਾ ਦਸੌਰਾਂ ਵਿਚ ਸਥਾਪਿਤ ਕਰੀ ਰੱਖਦਾ ਹੈ। ਜਿੰਨਾ ਚਿਰ ਦੂਹਾਂ ਪੰਜਾਬਾਂ ਵਿਚ, ਪੰਜਾਬ-ਪੰਜਾਬੀ ਤੇ ਪੰਜਾਬੀਅਤ-ਮੁਖੀ ਸਰਕਾਰਾਂ ਇਹ ਕੰਮ ਆਪਣਾ ਫ਼ਰਜ਼ ਸਮਝ ਕੇ ਆਪਣਿਆਂ ਹੱਥਾਂ ਵਿਚ ਨਹੀਂ ਲੈਂਦੀਆਂ, ਓਨਾ ਚਿਰ 'ਵਿਸ਼ਵ ਪੰਜਾਬੀ ਕਾਨਫ਼ਰੰਸ' ਤੇ ਹੋਰ ਸਭਿਆਚਾਰਕ ਸੰਸਥਾਵਾਂ ਨੂੰ ਇਹ ਸੇਵਾ ਆਪਣੇ ਆਪ ਓਟ ਲੈਣੀ ਚਾਹੀਦੀ ਹੈ। ਪੰਜਾਬੀਆਂ ਵਿਚ ਇੱਕਮੁੱਠਤਾ ਲਿਆਉਣ ਤੇ ਉਨ੍ਹਾਂ ਵਿਚ ਪੰਜਾਬੀ ਹੋਣ ਉੱਤੇ ਮਾਣ ਦੀ ਭਾਵਨਾ ਪੈਦਾ ਕਰਨਾ ਕਾਨਫ਼ਰੰਸ ਦਾ ਮੁੱਢਲਾ ਫ਼ਰਜ਼ ਹੋਣਾ ਚਾਹੀਦਾ ਹੈ।

ਜਦੋਂ ਤੀਕ ਇਹ ਸੁੰਦਰ ਤੇ ਮਨਮੋਹਣੀ ਧਰਤੀ ਕਾਇਮ ਹੈ, ਓਨੀ ਦੇਰ ਲੋਕਾਈ ਨੂੰ ਆਪਣੀ ਜੰਮਣ-ਭੋਂ ਤੋਂ ਸੁਗੰਧੀ ਆਉਂਦੀ ਹੀ ਰਹਿਣੀ ਹੈ—ਭਾਵੇਂ ਦੁਨੀਆ ਕਿੰਨੀ ਛੋਟੀ ਹੋ ਜਾਏ। ਇਸੇ ਤਰ੍ਹਾਂ ਮਾਤ-ਬੋਲੀ ਦੇ ਸਰਲ, ਰਸੀਲ ਤੇ ਰੂਹ ਨੂੰ ਟੁੰਬਣ ਵਾਲੇ ਸੁਭਾ ਵਿਚ ਵੀ ਕੋਈ ਤਬਦੀਲੀ ਨਹੀਂ ਆਉਣੀ। ਇਸ ਲਈ 'ਵਿਸ਼ਵ ਪੰਜਾਬੀ ਕਾਨਫ਼ਰੰਸ' ਤੇ ਇਸ ਵਰਗੀਆਂ ਹੋਰ ਸੰਸਥਾਵਾਂ ਦਾ ਫ਼ਰਜ਼ ਬਣਦਾ ਹੈ ਕਿ ਪੰਜਾਬ ਲਈ ਤੇ ਪੰਜਾਬ ਤੋਂ ਬਾਹਰ ਵੱਸਦੇ ਪੰਜਾਬੀਆਂ, ਖ਼ਾਸ ਕਰ ਕੇ ਉਨ੍ਹਾਂ ਦੀ ਸੰਤਾਨ ਲਈ, ਸਾਹਿੱਤ, ਸੰਗੀਤ, ਫ਼ਿਲਮ ਤੇ ਇਲੈਕਟ੍ਰੌਨਿਕ ਸਾਧਨੋਂ ਰਾਹੀਂ ਪੰਜਾਬ, ਪੰਜਾਬੀ ਤੇ ਪੰਜਾਬੀਅਤ ਲਈ ਮੋਹ ਜਗਾਉਣ ਵਾਲੀਆਂ ਚੀਜ਼ਾਂ ਪੈਦਾ ਕਰ/ਕਰਵਾ ਕੇ ਦੁਨੀਆ ਭਰ ਵਿਚ ਪਹੁੰਚਦੀਆਂ ਕਰ ਦੇਣ ਤੇ ਇਸ ਤਰ੍ਹਾਂ ਆਪਣੇ ਪੰਜਾਬੀ ਵੀਰਾਂ ਨੂੰ ਇਕ ਦੂਜੇ ਦੇ ਵੱਧ ਤੋਂ ਵੱਧ ਨੇੜੇ ਹੋਣ ਦੀਆਂ ਸਹੂਲਤਾਂ ਮੁਹੱਈਆ ਕਰਨ। ਇਨ੍ਹਾਂ ਸਾਧਨਾਂ ਦੇ ਵਿਚਕਾਰ ਵਿਚਰਦਿਆਂ ਸਾਡੇ ਪੰਜਾਬੀ ਵੀਰਾਂ ਨੇ, ਚਾਹੇ ਉਹ ਪਾਕਿਸਤਾਨੀ ਹਨ, ਚਾਹੇ ਹਿੰਦੁਸਤਾਨੀ, ਨਾ ਆਧੁਨਿਕਤਾ ਤੋਂ ਮੂੰਹ ਮੋੜਿਆ ਹੈ, ਨਾ ਵਿਗਿਆਨਕ ਤੇ ਤਕਨੀਕੀ

WWW.SIKHBOOKCLUB.COM

ਸਾਧਨਾਂ ਵੱਲ ਹੀ ਪਿੱਠ ਕੀਤੀ ਹੈ; ਪਰ ਜਿਵੇਂ ਉਨ੍ਹਾਂ ਵਿੱਚੋਂ ਬਹੁ-ਗਿਣਤੀ ਨੇ ਆਪਣਾ ਪੰਜਾਬੀਪੁਣਾ ਜੀਉਂਦਾ ਰੱਖਿਆ ਹੋਇਆ ਹੈ, ਉਸੇ ਤਰ੍ਹਾਂ ਸਾਨੂੰ ਸਾਰਿਆਂ ਨੂੰ, ਸਚੇਤ ਹੋ ਕੇ, ਆਧੁਨਿਕਤਾ ਦੇ ਨਾਲ ਕਦਮ ਮਿਲਾਉਂਦਿਆਂ, ਆਪਣੀ ਭਾਸ਼ਾ ਤੇ ਇਸ ਦੇ ਕਲਚਰ ਦੀ ਸਾਲਮੀਅਤ ਉੱਤੇ ਪਹਿਰਾ ਦੇਣਾ ਬਣਦਾ ਹੈ।

ਸ਼ਾਲਾ! ਬਾਹੂ-ਬਲ ਵਿਚ ਸਮਰੱਥ ਪੰਜਾਬੀਆਂ ਵਿਚ ਇਹ ਕੁੱਝ ਕਰ ਸਕਣ ਦਾ ਬੁੱਧੀ-ਬਲ ਵੀ ਬੜੀ ਛੇਤੀ ਉਪਜ ਪਵੇ।

ਮੈਂ ਇਸ ਕਾਨਫ਼ਰੰਸ ਦੀ ਸਫਲਤਾ ਲਈ ਅਰਦਾਸ ਕਰਦਾ ਹਾਂ ਅਤੇ, ਇਕ ਵਾਰੀ ਫੇਰ, ਆਪ ਸਭ ਦਾ ਧੰਨਵਾਦ ਕਰਦਾ ਹਾਂ।

SIKHBOOKCLUB.COM

# ਪੰਜਾਬੀ ਕਲਚਰ, ਬੋਲੀ ਤੇ ਸਾਹਿੱਤ*

ਮੈਂ ਸਿੰਗਾਪੁਰ ਦੀ ਪੰਜਾਬੀ ਸੰਗਤ ਦਾ ਸ਼ੁਕਰਗੁਜ਼ਾਰ ਹਾਂ ਕਿ ਉਸ ਵੱਲੋਂ ਇਸ ਬੜੀ ਅਹਿਮ ਅੰਤਰ-ਰਾਸ਼ਟਰੀ 'ਪੰਜਾਬੀ ਵਿਰਸਾ ਕਾਨਫ਼ਰੰਸ' ਵਿਚ ਮੈਨੂੰ ਕੁੱਝ ਆਰੰਭਿਕ ਸ਼ਬਦ ਕਹਿਣ ਦਾ ਮੌਕਾ ਮੁਹੱਈਆ ਕੀਤਾ ਗਿਆ ਹੈ।

ਸਿੰਗਾਪੁਰ ਦੀ ਦੂਰ-ਅੰਦੇਸ਼ ਤੇ ਉਸਾਰੂ ਰੁਚੀਆਂ ਵਾਲੀ ਪੰਜਾਬੀ ਸੰਗਤ ਤੇ ਉਸ ਦੇ ਮੁਖ ਸੇਵਾਦਾਰ, ਇਸ ਵੱਡੀ ਕਾਨਫ਼ਰੰਸ ਦਾ ਪ੍ਰਬੰਧ ਕਰਨ ਤੇ ਆਪਣੇ ਪੰਜਾਬੀ ਵਿਰਸੇ ਦੀ ਸੰਭਾਲ ਲਈ ਕਿਸੇ ਪੱਕੇ ਘਰ ਦੀ ਲੋੜ ਮਹਿਸੂਸ ਕਰਨ ਲਈ ਸਾਰੇ ਪੰਜਾਬੀ-ਪਿਆਰਿਆਂ ਵੱਲੋਂ ਭਰਪੂਰ ਵਧਾਈ ਦੇ ਹੱਕਦਾਰ ਹਨ।

ਜਿੱਥੋਂ ਤਕ ਮੈਨੂੰ ਪਤਾ ਹੈ, ਅਜੇ ਤਕ, ਪੰਜਾਬ ਦੇ ਅੰਦਰ ਵੱਸਦੇ ਪੰਜਾਬੀਆਂ ਜਾਂ ਪੰਜਾਬ ਤੋਂ ਬਾਹਰ ਦੇ ਪੰਜਾਬੀਆਂ ਵੱਲੋਂ ਆਪਣਿਆਂ ਤੇ ਪਰਾਇਆਂ ਨੂੰ ਪੰਜਾਬੀ ਵਿਰਸੇ ਨਾਲ ਜਾਣੂ ਕਰਾਉਣ ਲਈ, ਕਿਸੇ ਪੱਕੇ ਘਰ ਦੀ ਉਸਾਰੀ ਦੇ ਇਰਾਦੇ ਨਾਲ, ਇਹੋ ਜਿਹੇ ਵੱਡੇ ਪੈਮਾਨੇ ਉੱਤੇ, ਕਿਸੇ ਕਾਨਫ਼ਰੰਸ ਤੇ ਨੁਮਾਇਸ਼ ਦਾ ਪ੍ਰਬੰਧ ਨਹੀਂ ਕੀਤਾ ਗਿਆ।

ਸਿੰਗਾਪੁਰ ਦੇ ਪੰਜਾਬੀਆਂ ਦਾ ਇਹ ਉੱਦਮ ਏਨਾ ਉਤਸਾਹਜਨਕ ਤੇ ਪ੍ਰੇਰਨਾਦਾਇਕ ਹੈ ਕਿ ਜਿਸ ਪੰਜਾਬੀ ਨੂੰ ਵੀ ਇਸ ਕਾਨਫ਼ਰੰਸ ਦੇ ਟੀਚਿਆਂ ਦਾ ਪਤਾ ਲੱਗੇਗਾ, ਬਿਨਾਂ ਸ਼ੱਕ ਉਹ ਸਾਡੀ ਸਾਰਿਆਂ ਦੀ ਅਰਦਾਸ ਵਿਚ ਆਪਣੀ ਅਰਦਾਸ ਸ਼ਾਮਿਲ ਕਰ ਕੇ ਕਹੇਗਾ, "ਹੇ ਵਾਹਿਗੁਰੂ ! ਸਿੰਗਾਪੁਰ ਦੀ ਪੰਜਾਬੀ ਸੰਗਤ ਦੇ ਇਸ ਪਰਉਪਕਾਰੀ ਸੁਫ਼ਨੇ ਨੂੰ ਛੇਤੀ ਸਫਲ ਕਰੀਂ।"

ਮੈਨੂੰ ਇਹ ਵੀ ਯਕੀਨ ਹੈ ਕਿ ਜਦ ਵੀ ਵਿਰਸਾ-ਘਰ ਦੇ ਸੁਫ਼ਨੇ ਨੇ ਅਮਲੀ ਜਾਮਾ ਪਹਿਨਿਆ, ਇਹ ਸੁੰਦਰ ਸ਼ਹਿਰ ਸਾਰੀ ਦੁਨੀਆ ਦੇ ਪੰਜਾਬੀਆਂ ਲਈ ਇਕ ਤੀਰਥ ਬਣ ਜਾਵੇਗਾ।

ਵੇਖਿਆ ਜਾਵੇ ਤਾਂ ਸਿੰਗਾਪੁਰ ਪਹਿਲਾਂ ਹੀ ਇਕ ਤੀਰਥ ਹੈ—ਹੋਰ ਕਿਸੇ ਲਈ ਹੋਵੇ ਜਾਂ ਨਾ, ਪੰਜਾਬੀਆਂ ਲਈ ਜ਼ਰੂਰ ਹੈ, ਕਿਉਂਕਿ ਸੁਤੰਤਰ ਪੰਜਾਬ ਦੀ ਟਿਮਟਿਮਾਉਂਦੀ ਸ਼ਮ੍ਹਾ ਦੇ ਆਖ਼ਰੀ ਪਰਵਾਨੇ, ਸੰਤ-ਜੋਧੇ ਭਾਈ ਮਹਾਰਾਜ ਸਿੰਘ ਦੇ ਆਖ਼ਰੀ ਸਾਹ, ਇਸੇ ਧਰਤੀ ਦੀ ਫ਼ਿਜ਼ਾ ਵਿਚ ਘੁਲੇ ਹੋਏ ਹਨ।

ਮੇਰੇ ਸਿੰਗਾਪੁਰੀ ਵੀਰੋ! ਤੁਸੀਂ ਆਜ਼ਾਦ ਦੇਸ ਦੇ ਵਾਸੀ ਹੋ ਤੇ ਆਪਣੀ ਖ਼ੁਸ਼ੀ ਨਾਲ ਏਥੇ ਵੱਸ ਰਹੇ ਹੋ, ਫੇਰ ਵੀ ਪਿਛਲੇ ਵਤਨ ਦੀ ਸਿੱਕ ਤੁਹਾਨੂੰ ਤਣੁੱਕੇ ਪਈ ਮਾਰਦੀ ਹੈ, ਪਰ ਜਿਸ ਦੂਲੇ ਸ਼ੇਰ ਨੂੰ ਪੰਜਾਬ ਦੇ ਖੁੱਲ੍ਹੇ ਜੰਗਲਾਂ-ਬੇਲਿਆਂ ਵਿੱਚੋਂ ਚੁੱਕ ਕੇ, ਉੱਚੀਆਂ ਕੰਧਾਂ ਤੇ

* ਅੰਤਰ-ਰਾਸ਼ਟਰੀ ਪੰਜਾਬੀ ਵਿਰਸਾ ਕਾਨਫ਼ਰੰਸ, ਸਿੰਗਾਪੁਰ, 1992, ਵਿਚ ਪੜ੍ਹਿਆ ਗਿਆ

WWW.SIKHBOOKCLUB.COM

ਕਰੜੇ ਪਹਿਰਿਆਂ ਵਾਲੇ ਤੰਗ ਜਿਹੇ ਬੰਦੀਖ਼ਾਨੇ ਵਿਚ ਲਿਆ ਡੱਕਿਆ ਹੋਵੇ, ਉਸ ਦੇ ਜਜ਼ਬੇ ਪੰਜਾਬ ਦੇ ਨਿੱਕੇ ਤੋਂ ਨਿੱਕੇ ਹਵਾਲੇ ਉੱਤੇ ਕਿਵੇਂ ਪਿਘਲ ਤੁਰਦੇ ਹੋਣਗੇ, ਇਸ ਦਾ ਅਨੁਮਾਨ ਲਾਉਣਾ ਔਖਾ ਨਹੀਂ।

ਇਸ ਮੌਕੇ ਉੱਤੇ ਮੇਰੀ ਯਾਦ ਵਿਚ ਉੱਭਰ ਰਹੀ ਹੈ, ਪ੍ਰਸਿੱਧ ਇਤਿਹਾਸਕਾਰ ਪੰਡਿਤ ਸਿਰੀ ਰਾਮ ਸ਼ਰਮਾ ਦੇ ਮੂੰਹੋਂ ਨਿਕਲੀ ਹੋਈ ਇਕ ਗੱਲ। ਓਦੋਂ ਉਹ ਪੰਜਾਬ ਤੋਂ ਦੂਰ, ਡੀ.ਏ.ਵੀ. ਕਾਲਜ, ਸ਼ੋਲਾਪੁਰ (ਮਹਾਰਾਸ਼ਟ੍ਰ) ਦੇ ਪ੍ਰਿੰਸੀਪਲ ਲੱਗੇ ਹੋਏ ਸਨ। ਅਸੀਂ ਦੋਵੇਂ ਲਖਨਊ ਵਿਚ ਇਤਿਹਾਸਕਾਰਾਂ ਦੀ ਇਕ ਵੱਡੀ ਸੱਥ ਵਿਚ ਹਾਜ਼ਰੀ ਭਰਨ ਗਏ ਹੋਏ ਸਾਂ ਪਰ ਇਕ ਦੂਜੇ ਨੂੰ ਪਹਿਲਾਂ ਕਦੀ ਨਹੀਂ ਸਾਂ ਮਿਲੇ। ਚਿੱਟੀ ਧੋਤੀ ਦੀ ਲਾਂਗੜ ਲਾਈ ਉਹ ਮੇਰੇ ਕੋਲੋਂ ਲੰਘੇ ਤਾਂ ਮੈਂ ਉਨ੍ਹਾਂ ਨੂੰ ਯੂ.ਪੀ. ਦਾ ਵਸਨੀਕ ਸਮਝ ਕੇ, ਹਿੰਦੀ ਵਿਚ ਕੁੱਝ ਪੁੱਛਣਾ ਚਾਹਿਆ। ਅੱਗੋਂ ਉਹ ਹੱਸ ਕੇ ਬੋਲੇ, "ਸਰਦਾਰ ਜੀ! ਵਤਨੋਂ ਦੂਰ ਰਹਿੰਦਿਆਂ ਹਿੰਦੀ ਸੁਣ ਸੁਣ ਕੇ ਮੇਰੇ ਤਾਂ ਕੰਨ ਪੱਕੇ ਪਏ ਨੇ, ਤੁਸੀਂ ਮੇਰੇ ਉੱਤੇ ਰਹਿਮ ਕਰੋ ਤੇ ਦੋ-ਚਾਰ ਬੋਲ, ਅਮ੍ਰਿਤ ਵਰਗੀ ਮਿੱਠੀ ਆਪਣੀ ਮਾਂ-ਬੋਲੀ ਦੇ, ਮੇਰੇ ਕੰਨਾਂ ਵਿਚ ਪੈ ਲੈਣ ਦਿਓ।"

ਅੱਜ ਸਿੰਗਾਪੁਰ ਦਾ ਮਾਹੌਲ ਮੈਨੂੰ ਅਜਿਹਾ ਲੱਗ ਰਿਹਾ ਹੈ ਜਿਵੇਂ ਏਥੋਂ ਦਾ ਹਰ ਪੰਜਾਬੀ ਆਪਣੇ ਵਿਹੜੇ ਵਿਚ ਪੰਜਾਬੀ ਬੋਲੀ ਦੀ ਅਮ੍ਰਿਤ ਵਰਖਾ ਲਈ ਤਰਲੋ-ਮੱਛੀ ਹੋ ਰਿਹਾ ਹੋਵੇ ਤੇ ਬੜੀ ਸ਼ਿੱਦਤ ਨਾਲ ਚਾਹ ਰਿਹਾ ਹੋਵੇ ਕਿ ਉਸ ਦੇ ਬੱਚੇ ਕਿਸੇ ਹਾਲਤ ਵਿਚ ਵੀ ਉਸ ਦੇ ਪੰਜਾਬੀ ਪਿੱਛੇ ਨਾਲੋਂ ਨਾ ਟੁੱਟਣ।

ਸਿੰਗਾਪੁਰੀ ਪੰਜਾਬੀਆਂ ਦੀ ਇਹ ਸਿੱਕ ਹੈ ਤਾਂ ਬਿਲਕੁਲ ਕੁਦਰਤੀ, ਪਰ ਇਸ ਕਾਨਫ਼ਰੰਸ ਤੋਂ ਪਤਾ ਪਿਆ ਲਗਦਾ ਹੈ ਕਿ ਦਸੌਰਾਂ ਵਿਚ ਵੱਸਦੇ ਹੋਰ ਪੰਜਾਬੀਆਂ ਨਾਲੋਂ ਜ਼ਰਾ ਤਿਖੇਰੀ ਕਿਸਮ ਦੀ ਹੈ। ਹੋਵੇ ਵੀ ਕਿਉਂ ਨਾ? ਇਸ ਉੱਤੇ ਭਾਈ ਮਹਾਰਾਜ ਸਿੰਘ ਦੀ ਆਪਣੇ ਵਤਨ ਦੀ ਮਿੱਟੀ ਲਈ ਤੜਪ ਵਾਲੀ ਪਾਣ ਜੋ ਚੜ੍ਹੀ ਹੋਈ ਹੈ।

ਆਪ ਦੀ ਆਗਿਆ ਨਾਲ, ਮੈਂ ਆਪਣੀ ਅੱਜ ਦੀ ਗੱਲ-ਬਾਤ, ਸਿੰਗਾਪੁਰ ਦੇ ਪਹਿਲੇ ਪੰਜਾਬੀ, ਸੁਤੰਤਰਤਾ ਦੇ ਪੁਜਾਰੀ ਤੇ ਅਣਖ ਦੇ ਪੁਤਲੇ, ਭਾਈ ਮਹਾਰਾਜ ਸਿੰਘ ਨੂੰ ਨਮਸਕਾਰ ਕਰ ਕੇ ਸ਼ੁਰੂ ਕਰਨੀ ਚਾਹੁੰਦਾ ਹਾਂ ਅਤੇ ਸ਼ੁਰੂ ਵਿਚ ਹੀ ਸੁਝਾ ਦੇ ਦੇਣਾ ਚਾਹੁੰਦਾ ਹਾਂ ਕਿ ਬਣਨ ਵਾਲੇ ਵਿਰਸਾ-ਘਰ ਦਾ ਨਾਂ 'ਭਾਈ ਮਹਾਰਾਜ ਸਿੰਘ ਯਾਦਗਾਰੀ ਪੰਜਾਬੀ ਵਿਰਸਾ-ਘਰ' ਰੱਖ ਲਿਆ ਜਾਵੇ।

## 2

ਵਿਰਸਾ ਕਾਨਫ਼ਰੰਸ ਦਾ ਅੱਜ ਦਾ ਦਿਨ, ਪ੍ਰਬੰਧਕਾਂ ਨੇ, ਪੰਜਾਬੀ ਭਾਸ਼ਾ ਤੇ ਉਸ ਦਾ ਸਾਹਿੱਤਿਕ ਵਿਰਸਾ ਚਿਤਾਰਨ ਲਈ ਰਾਖਵਾਂ ਰੱਖਿਆ ਹੋਇਆ ਹੈ, ਇਸੇ ਲਈ ਮੈਂ ਸੋਚਿਆ ਹੈ ਕਿ ਆਪਣੀ ਗੱਲ-ਬਾਤ ਦਾ ਢੁੱਕਵਾ ਪਿਛੋਕੜ ਤਿਆਰ ਕਰਨ ਲਈ ਪਹਿਲਾਂ ਥੋੜੀ ਜਿਹੀ ਪੂਣੀ ਪੰਜਾਬ ਦੇ ਕਲਚਰੀ ਵਿਰਸੇ ਦੀ ਛੋਹ ਤੇ ਉਸ ਤੋਂ ਪਿੱਛੋਂ ਪੰਜਾਬੀ ਭਾਸ਼ਾ ਤੇ ਸਾਹਿੱਤ ਦੇ ਵਿਰਸੇ ਦੀ ਛੋਹਾਂ ਤੇ ਉਸ ਤੋਂ ਪਿੱਛੋਂ ਪੰਜਾਬੀ ਭਾਸ਼ਾ ਤੇ ਸਾਹਿੱਤ ਦੇ ਵਿਰਸੇ ਨਾਲ ਜੁੜੇ ਕੁੱਝ ਪੱਖਾਂ ਬਾਰੇ ਆਪਣੇ ਵਿਚਾਰ ਤੁਹਾਡੇ ਨਾਲ ਸਾਂਝੇ ਕਰਾਂ। ਆਸ ਹੈ, ਆਪ ਆਪਣੇ ਧਿਆਨ ਦਾ ਪ੍ਰਸਾਦ ਬਖ਼ਸ਼ ਕੇ ਨਿਵਾਜੋਗੇ।

WWW.SIKHBOOKCLUB.COM 

## 3

ਮੈਨੂੰ ਜਦੋਂ ਕੋਈ ਮਿੱਤਰ ਕਿਸੇ ਚੀਜ਼ ਦੀ ਪਰਿਭਾਸ਼ਾ ਪੁੱਛੇ ਤਾਂ ਮੈਂ ਉਸ ਨੂੰ ਬੜੇ ਆਦਰ ਨਾਲ ਕਹਿੰਦਾ ਹਾਂ, "ਪਹਿਲਾਂ ਮੇਰੀ ਇਕ ਗੱਲ ਸੁਣ ਲਓ, ਜੋ ਮੈਨੂੰ ਮੇਰੇ ਸੁਵਰਗਵਾਸੀ ਉਸਤਾਦ ਤੇ ਮਿੱਤਰ, ਪ੍ਰੋ. ਗੁਰਬਚਨ ਸਿੰਘ ਤਾਲਿਬ, ਬੜੇ ਚਟਖ਼ਾਰੇ ਨਾਲ ਸੁਣਾਇਆ ਕਰਦੇ ਸਨ।"

ਤੇ ਫੇਰ ਮੈਂ ਗੱਲ ਸੁਣਾਉਣ ਲੱਗ ਪੈਂਦਾ ਹਾਂ : ਪੰਜਾਬੀ ਦੇ ਇਕ ਬੜਬੋਲੇ ਵਿਦਵਾਨ ਦਾ ਕਿਸੇ ਅਸਾਮੀ ਲਈ ਇੰਟਰਵਿਊ ਹੋ ਰਿਹਾ ਸੀ। ਤਾਲਿਬ ਸਾਹਿਬ ਨੇ ਪੁੱਛਿਆ, "'ਪਬਲੀਸਿਟੀ' ਤੇ 'ਪ੍ਰਾਪੇਗੰਡੇ' ਵਿਚ ਕੀ ਫ਼ਰਕ ਹੈ?"

ਵਿਦਵਾਨ ਨੇ ਆਪਣੀ ਸੋਚ ਨਾਲ ਕੁੱਝ ਪਲ ਗੰਭੀਰ ਸਲਾਹ-ਮਸ਼ਵਰਾ ਕਰ ਕੇ ਉੱਤਰ ਦਿੱਤਾ, "ਸਮਝ ਤਾਂ ਸਕਨਾਂ, ਪਰ ਦੱਸ ਨਾ ਸਕਨਾ।"

ਮੈਂ ਵੀ ਅੱਜ ਆਪ ਨੂੰ 'ਕਲਚਰ' ਬਾਰੇ ਇਹੀ ਜਵਾਬ ਦੇ ਕੇ ਵਿਲਾ ਲੈਂਦਾ, ਪਰ ਪ੍ਰਬੰਧਕਾਂ ਨੇ ਸਿੰਗਾਪੁਰ ਦੇ ਤੇ ਪੰਜਾਬ ਦੇ ਧੁਰੰਧਰ ਵਿਦਵਾਨਾਂ ਦਾ ਏਡਾ ਵੱਡਾ ਦਲ ਮੇਰੇ ਸਾਹਮਣੇ ਲਿਆ ਬਿਠਾਇਆ ਹੈ ਕਿ ਕੁੱਝ ਕਹੇ ਬਿਨਾਂ ਸਰਨਾ ਨਹੀਂ।

ਮੇਰੀ ਜਾਚੇ ਕਲਚਰ ਤਿੰਨ ਵੱਖ ਵੱਖ ਇਕਾਈਆਂ ਦੇ ਸੰਜੋਗ ਦਾ ਨਤੀਜਾ ਹੁੰਦਾ ਹੈ।

—ਪਹਿਲੀ ਇਕਾਈ ਹੈ ਭੂਗੋਲ ਜਾਂ ਧਰਤੀ ਦਾ ਇਕ ਖ਼ਾਸ ਟੋਟਾ, ਜਿਸ ਦੇ ਜਲ-ਵਾਯੂ ਤੇ ਪ੍ਰਕਿਰਤਿਕ ਲੱਛਣਾਂ ਨੇ, ਪੈਦਾ ਹੋਣ ਵਾਲੇ ਕਲਚਰ ਦੀ ਨੁਹਾਰ ਨਿਸਚਿਤ ਕਰਨੀ ਹੁੰਦੀ ਹੈ।

—ਦੂਜੀ ਇਕਾਈ ਹੈ ਇਤਿਹਾਸ। ਧਰਤੀ ਦੇ ਇਕ ਖ਼ਾਸ ਟੋਟੇ ਉੱਤੇ ਜੋ ਕੁੱਝ ਵੀ ਵਾਪਰਦਾ ਰਿਹਾ, ਉਸ ਦਾ ਵੀ ਕਲਚਰ ਦੀ ਬਣਤਰ ਵਿਚ ਹੱਥ ਹੁੰਦਾ ਹੈ।

—ਤੇ ਸਭ ਤੋਂ ਅਹਿਮ ਇਕਾਈ ਹੁੰਦੀ ਹੈ ਮਨੁੱਖ, ਜਿਸ ਨੇ ਕਲਚਰ ਦੀ ਉਪਜ ਵਿਚ ਹਿੱਸਾ ਵੀ ਪਾਉਣਾ ਹੁੰਦਾ ਹੈ ਤੇ ਇਸ ਨੂੰ ਹੰਢਾਉਣਾ ਵੀ ਹੁੰਦਾ ਹੈ।

ਮਨੁੱਖਾਂ ਦੇ ਕਿਸੇ ਸਮੂਹ ਨੂੰ ਜਦੋਂ ਖ਼ਾਸ ਤਰ੍ਹਾਂ ਦੇ ਭੂਗੋਲਿਕ ਹਾਲਾਤ ਵਿਚ ਕਾਫ਼ੀ ਦੇਰ ਵੱਸਣਾ ਪੈਂਦਾ ਹੈ ਤਾਂ ਉਹ ਆਪਣੇ ਰਹਿਣ-ਸਹਿਣ ਨੂੰ ਸੁਖਾਵਾਂ ਬਣਾਉਣ ਲਈ ਕੁੱਝ ਤਾਂ ਹਾਲਾਤ ਨੂੰ ਆਪਣੇ ਅਨੁਕੂਲ ਬਣਾਉਂਦਾ ਹੈ ਤੇ ਕੁੱਝ ਆਪ ਹਾਲਾਤ ਦੇ ਅਨੁਕੂਲ ਬਣਦਾ ਹੈ।

ਜਿਵੇਂ ਅਸਕੀਮੋਆਂ ਨੂੰ ਬਾਰ੍ਹਾਂ ਦੇ ਬਾਰ੍ਹਾਂ ਮਹੀਨੇ ਬਰਫ਼ ਵਿਚ ਵੱਸਣਾ ਪੈਂਦਾ ਹੈ। ਉਨ੍ਹਾਂ ਲਈ ਸੰਭਵ ਨਹੀਂ ਹੁੰਦਾ ਕਿ ਦੱਖਣੀ ਭਾਰਤ ਦੇ ਕੁੱਝ ਲੋਕਾਂ ਵਾਂਗ, ਨੰਗ-ਧੜੰਗ ਤੁਰੇ ਫਿਰਨ। ਓਥੇ ਬਨਸਪਤੀ ਨਹੀਂ ਹੁੰਦੀ, ਇਸ ਲਈ ਉਹ ਕਿਸੇ ਨੂੰ ਘਾਸਾਹਾਰੀ ਬਣਨ ਦਾ ਮਸ਼ਵਰਾ ਕਿਵੇਂ ਦੇਣ? ਉਨ੍ਹਾਂ ਦੇ ਕੱਪੜਿਆਂ ਦਾ ਮੁਕਾਬਲਾ ਰਾਜਸਥਾਨ ਦੇ ਥਲਾਂ ਵਿਚ ਰਹਿਣ ਵਾਲੇ ਲੋਕਾਂ ਦੇ ਕੱਪੜਿਆਂ ਨਾਲ ਕੀਤਾ ਜਾਏ ਤਾਂ ਆਪਣੇ ਆਪ ਸਪਸ਼ਟ ਹੋ ਜਾਂਦਾ ਹੈ ਕਿ ਜਲ-ਵਾਯੂ ਲੋਕਾਂ ਦੇ ਰਹਿਣ-ਸਹਿਣ ਨੂੰ ਕਿਵੇਂ ਆਪਣੇ ਅਨੁਸਾਰ ਢਾਲਦਾ ਹੈ ਤੇ ਜਦੋਂ ਉਨ੍ਹਾਂ ਨੂੰ ਬਰਫ਼ ਦੀਆਂ ਇੱਟਾਂ ਦੇ 'ਇਗਲੂ' ਬਣਾ ਕੇ ਬਰਫ਼ ਦੀ ਮਾਰ ਤੋਂ ਬਚਣ ਦੀ ਜੁਗਤ ਵਰਤਦਿਆਂ ਵੇਖਦੇ ਹਾਂ ਤਾਂ ਸਮਝ ਆ ਜਾਂਦੀ ਹੈ ਕਿ ਲੋਕ ਆਪਣੇ ਆਲੇ-ਦੁਆਲੇ ਨੂੰ ਆਪਣੇ ਸੁਖ ਲਈ ਕਿਵੇਂ ਢਾਲ ਲੈਂਦੇ ਹਨ।

ਇਤਿਹਾਸ ਦਾ ਵੀ ਲੋਕਾਂ ਉੱਤੇ ਬੜਾ ਬਲਵਾਨ ਪ੍ਰਭਾਵ ਪੈਂਦਾ ਹੈ। ਕੈਲੀਫ਼ੋਰਨੀਆ ਦਾ ਜਲ-ਵਾਯੂ, ਕਾਫ਼ੀ ਹੱਦ ਤਕ ਪੰਜਾਬ ਨਾਲ ਮਿਲਦਾ-ਜੁਲਦਾ ਹੈ, ਪਰ ਕਿਉਂਕਿ ਓਥੋਂ [illegible]ਹਾਂ ਭੂ-ਖੰਡਾਂ ਦੇ ਲੋਕਾਂ ਦੀਆਂ ਸੁਭ[illegible]

WWW.SIKHBOOKCLUB.COM

ਤੇ ਰਹਿਣ-ਸਹਿਣ ਦੇ ਢੰਗਾਂ ਵਿਚ ਫ਼ਰਕ ਹੋਣਾ ਕੁਦਰਤੀ ਹੈ।

ਇਹ ਵੀ ਹੋ ਸਕਦਾ ਹੈ ਕਿ ਭੂਗੋਲ ਤੇ ਇਤਿਹਾਸ ਤੋਂ ਛੁੱਟ, ਖ਼ੁਦ ਵਾਸੀਆਂ ਵਿਚ ਵੀ ਨਸਲੀ ਜਾਂ ਹੋਰ ਫ਼ਰਕ ਹੋਣ। ਮਸਲਨ, ਪੰਜਾਬ ਵਿਚ ਵੱਸਦੇ ਸਾਰੇ ਲੋਕ, ਸਾਡੇ ਲਈ ਵੀ ਤੇ ਹੋਰਨਾਂ ਲਈ ਵੀ, ਪੰਜਾਬੀ ਹਨ, ਪਰ ਜਦੋਂ ਇਬਟਸਨ ਜਾਂ ਐਚ.ਏ. ਰੋਜ਼ ਵਰਗੇ ਅੰਗਰੇਜ਼ੀ ਵਿਦਵਾਨਾਂ ਨੇ ਪੰਜਾਬ ਦੀ ਵੱਸੋਂ ਨੂੰ ਕੁੱਝ ਵਧੇਰੇ ਧਿਆਨ ਨਾਲ ਵੇਖਣਾ ਸ਼ੁਰੂ ਕੀਤਾ ਤਾਂ ਉਨ੍ਹਾਂ ਨੇ ਇਹ ਦੱਸਣਾ ਸ਼ੁਰੂ ਕੀਤਾ ਕਿ ਪੰਜਾਬੀ ਲੋਕ ਤਾਂ ਕਈ ਨਸਲਾਂ, ਵਰਣਾਂ, ਦੇਸਾਂ, ਧਰਮਾਂ, ਸ਼੍ਰੇਣੀਆਂ, ਗੋਤਾਂ ਤੇ ਭਾਸ਼ਾ-ਭਾਸ਼ੀਆਂ ਦਾ ਮਿਲਗੋਭਾ ਹਨ।

ਹੁਣ ਅਸੀਂ ਅੱਛੀ ਤਰ੍ਹਾਂ ਜਾਣਦੇ ਹਾਂ ਕਿ ਪੰਜਾਬ ਵਿਚ ਪਹਿਲਾਂ ਕਈ ਅਨਾਰੀਆ ਜਾਤੀਆਂ ਵੇਖੀਦੀਆਂ ਸਨ। ਫੇਰ ਆ ਪਹੁੰਚੇ ਆਰੀਆ ਲੋਕ। ਜਿਨ੍ਹਾਂ ਰਾਹਾਂ ਉੱਤੋਂ ਦੀ ਇਹ ਆਏ, ਉਹ ਹੋਰਨਾਂ ਨੇ ਵੀ ਵੇਖ ਲਏ, ਸੋ ਪੱਛਮ-ਉੱਤਰ ਦੇ ਦੱਰਿਆਂ ਦੇ ਪਰਲੇ-ਪਾਰ, ਜਦੋਂ ਕੋਈ ਫ਼ੌਜੀ ਸਰਦਾਰ ਲਸ਼ਕਰ ਇਕੱਠਾ ਕਰਨ ਵਿਚ ਸਫਲ ਹੋ ਜਾਂਦਾ, ਉਹ ਪੰਜਾਬ ਵੱਲ ਮੂੰਹ ਕਰ ਲੈਂਦਾ।

ਵਾਰੀ ਨਾਲ, ਪਹਿਲਾਂ ਈਰਾਨੀ ਆਏ, ਫੇਰ ਯੂਨਾਨੀ, ਸ਼ੱਕ, ਯੂਈ ਚੀ (ਕੁਸ਼ਾਣ), ਹੂਣ, ਅਰਬ, ਤੁਰਕ, ਪਠਾਣ, ਮੁਗ਼ਲ ਤੇ ਅਫ਼ਗਾਨ ਆਏ ਤੇ ਅੰਤ ਵਿਚ ਆਏ ਅੰਗਰੇਜ਼।

ਇਨ੍ਹਾਂ ਤੋਂ ਇਲਾਵਾ ਹੇਠਲੇ ਪਾਸਿਓਂ ਆਏ ਵੱਖ ਵੱਖ ਭਾਸ਼ਾਵਾਂ ਬੋਲਣ ਵਾਲੇ ਲੋਕ—ਉੱਤਰ ਪ੍ਰਦੇਸ਼, ਰਾਜਸਥਾਨ, ਉੜੀਸਾ, ਬੰਗਾਲ, ਬਿਹਾਰ ਤੇ ਧੁਰ ਦੱਖਣ ਤੋਂ। ਇਨ੍ਹਾਂ ਦਾ ਦਾਖ਼ਲਾ ਅੱਜ ਵੀ ਜਾਰੀ ਹੈ।

SIKHBOOKCLUB.COM

ਨਾ ਏਨੀਆਂ ਵੱਖ ਵੱਖ ਤਰ੍ਹਾਂ ਦੀਆਂ ਧਾਰਾਵਾਂ ਕਿਸੇ ਥਾਂ ਦੀ ਵੱਸੋਂ ਵਿਚ ਆ ਆ ਕੇ ਜਜ਼ਬ ਹੋਈਆਂ ਤੇ ਨਾ ਉਨ੍ਹਾਂ ਦੇ ਸੁਭਾ ਤੇ ਰਹਿਣ-ਸਹਿਣ ਵਿਚ ਪੰਜਾਬ ਵਾਲੇ ਸਾਰੇ ਗੁਣ-ਲੱਛਣ ਉਪਜਣ ਦੀ ਸੰਭਾਵਨਾ ਬਣੀ।

ਜੇ ਪੰਜਾਬੀਆਂ ਦਾ ਏਨੇ ਜਰਵਾਣਿਆਂ ਨਾਲ ਵਾਹ ਨਾ ਪੈਂਦਾ ਤਾਂ ਇਨ੍ਹਾਂ ਨੂੰ ਖ਼ਾਨਾ-ਬਦੋਸ਼ੀ ਸਿੱਖਣ ਦੀ ਲੋੜ ਕਿਉਂ ਪੈਂਦੀ ? ਫ਼ਾਰਸੀ ਵਿਚ 'ਖ਼ਾਨਾ-ਬ-ਦੋਸ਼' ਦਾ ਮਤਲਬ ਹੈ 'ਘਰ ਮੋਢਿਆਂ ਉੱਤੇ'। ਪੰਜਾਬੀਆਂ ਨੇ ਜਦੋਂ ਵੀ ਸੁਣਨਾ ਕਿ ਕੋਈ ਆ ਪਿਆ ਹੈ, ਤਾਂ ਚੁੱਕਣਾ ਆਪਣਾ ਟੀਆ-ਟੱਬਾ ਆਪਣੇ ਮੋਢਿਆਂ ਉੱਤੇ, ਜਾ ਟਿਕਾਉਣਾ ਟੱਬਰ-ਟੀਰ ਕਿਸੇ ਨਾਲ-ਲੱਗਦੇ ਜੰਗਲ ਵਿਚ ਤੇ ਆਪ ਜਾ ਵੜਨਾ ਰਣ-ਤੱਤੇ ਵਿਚ। ਜਦੋਂ ਵਾ-ਵਰੋਲਾ ਲੰਘ ਜਾਣਾ, ਆਪਣਾ ਆਲ੍ਹਣਾ ਫੇਰ ਆ ਵਸਾਉਣਾ।

ਜੇ ਅੱਜ ਵੀ ਲੜਨ-ਭਿੜਨ ਲਈ ਪੰਜਾਬੀਆਂ ਨੂੰ ਕਿਸੇ ਬਹਾਨੇ ਦੀ ਲੋੜ ਨਹੀਂ ਪੈਂਦੀ ਤਾਂ ਕੀ ਇਸ ਦੇ ਕਾਰਨਾਂ ਨੂੰ ਵਿਆਖਿਆਉਣ ਦੀ ਲੋੜ ਹੈ ? ਬਹੁਤੇ ਬੰਦੇ ਤਾਂ ਗੱਲ ਪਿੱਛੋਂ ਕਰਦੇ ਹਨ ਤੇ ਬਾਹਵਾਂ ਪਹਿਲਾਂ ਟੁੰਗਣ ਲੱਗ ਪੈਂਦੇ ਹਨ!

ਪੂਰੀ ਤਰ੍ਹਾਂ ਉੱਜੜ ਕੇ ਛੇਤੀ ਹੀ ਮੁੜ ਵੱਸ ਜਾਣ ਦਾ ਸਾਨੂੰ ਕਾਫ਼ੀ ਅੱਭਿਆਸ ਹੋ ਗਿਆ ਹੈ। ਇਹੋ ਜਿਹੇ ਮੌਕਿਆਂ ਉੱਤੇ ਮੰਗਤੇ ਬਣ ਕੇ ਦਰ ਦਰ ਰੁਲਣ ਵਾਲੇ ਪਾਸੇ ਸਾਡੇ ਲੋਕ ਨਹੀਂ ਪੈਂਦੇ। ਵਿਰਸੇ ਨੇ ਵਲ ਸਿਖਾ ਦਿੱਤਾ ਹੈ ਟੱਕਰ ਲੈਣ ਦਾ ਤੇ ਉੱਜੜ ਕੇ ਮੁੜ ਆਪਣੇ ਪੈਰਾਂ ਉੱਤੇ ਖੜੇ ਹੋਣ ਦਾ।

ਏਨੇ ਵੱਖ ਵੱਖ ਰੰਗਾਂ, ਵੱਖ ਵੱਖ ਪੁਸ਼ਾਕਾਂ, ਵੱਖ ਵੱਖ ਬੋਲੀਆਂ ਤੇ ਵੱਖ ਵੱਖ ਰਹਿਤਲਾਂ ਵਾਲੇ ਲੋਕਾਂ ਨਾਲ ਵਾਹ ਪੈਣ ਦਾ ਸਾਨੂੰ ਇਕ ਫ਼ਾਇਦਾ ਇਹ ਹੋਇਆ ਹੈ ਕਿ ਅਸੀਂ ਓਪਰੇ ਬੰਦਿਆਂ ਨਾਲ ਭਿੱਟ ਵਰਤਣ ਦੀ ਥਾਂ, ਉਨ੍ਹਾਂ ਨਾਲ ਭਾਈਬੰਦਾਂ ਵਾਲਾ ਸਲੂਕ ਕਰਦੇ ਹਾਂ

WWW.SIKHBOOKCLUB.COM Page 52

ਭਿੰਨ ਭਿੰਨ ਲੋਕਾਂ ਨਾਲ ਸਹਿਵਾਸ ਤੇ ਸੁਮੇਲ ਵਾਲੇ ਤਜਰਬੇ ਦਾ ਹੀ ਨਤੀਜਾ ਹੈ ਕਿ ਪੰਜਾਬੀ ਬੜੀ ਆਸਾਨੀ ਨਾਲ ਘਰੋਂ ਬਾਹਰ ਨਿਕਲ ਤੁਰਦੇ ਹਨ ਤੇ ਓਪਰੇ ਲੋਕਾਂ ਤੇ ਅਨਜਾਣੇ ਦੇਸਾਂ ਵਿਚ ਜਾ ਕੇ ਘੁੱਗ ਵੱਸਦੇ ਹਨ।

## 4

ਮੈਂ ਜਿਨ੍ਹਾਂ ਤਿੰਨ ਬਲਵਾਨ ਇਕਾਈਆਂ ਦੀ ਗੱਲ ਛੇੜੀ ਹੈ, ਉਨ੍ਹਾਂ ਵਿੱਚੋਂ ਪੰਜਾਬ ਦਾ ਭੂਗੋਲ ਤਾਂ ਆਪਣੀ ਥਾਂ ਤੋਂ ਹਿੱਲ ਨਹੀਂ ਸਕਦਾ, ਇਸ ਲਈ ਉਸ ਦਾ ਪ੍ਰਭਾਵ ਤਾਂ ਸਦੀਵੀ ਸਮਝ ਲਈਏ। ਹਾਂ, ਇਹ ਹੋ ਸਕਦਾ ਹੈ ਕਿ ਜੰਗਲ ਕੱਟਣ ਨਾਲ ਹੜ੍ਹ ਆ ਕੇ ਉਜਾੜਾ ਪਾ ਦੇਣ ਜਾਂ ਬੰਦ ਲਾ ਕੇ ਤੇ ਨਹਿਰਾਂ ਕੱਢ ਕੇ ਕੁੱਝ ਜ਼ਰਖ਼ੇਜ਼ ਇਲਾਕਿਆਂ ਨੂੰ ਸੇਮ ਨਾਲ ਤਬਾਹ ਕਰ ਲਈਏ ਤੇ ਕੁੱਝ ਬੇਆਬਾਦ ਇਲਾਕਿਆਂ ਨੂੰ ਨਵਾਂ ਪਾਣੀ ਲਿਜਾ ਕੇ ਆਬਾਦ ਕਰ ਲਈਏ।

ਇਨ੍ਹਾਂ ਤਬਦੀਲੀਆਂ ਦਾ ਵੀ ਸਾਡੇ ਰਹਿਣ-ਸਹਿਣ, ਸੋਚਣ-ਮਹਿਸੂਸਣ ਉੱਤੇ ਅਸਰ ਪੈਂਦਾ ਹੈ। ਭਾਖੜਾ ਡੈਮ ਨੇ ਹੀ ਕਈ ਨਾਟਕਾਂ ਤੇ ਨਜ਼ਮਾਂ ਨੂੰ ਜਨਮ ਦੇ ਦਿੱਤਾ ਹੈ। ਏਥੋਂ ਤਕ ਕਿ ਲਤੀਫ਼ੇ ਵੀ ਪੈਦਾ ਹੋਏ ਹਨ।

ਮਸਲਨ, ਜਦੋਂ ਭਾਖੜੇ ਤੋਂ ਰਾਜਸਥਾਨ ਵੱਲ ਨਹਿਰ ਕੱਢੀ ਜਾ ਰਹੀ ਸੀ ਤਾਂ ਜ਼ਮੀਨ ਦੇ ਭੁੱਖੇ ਪੰਜਾਬੀ ਜੱਟਾਂ ਨੇ ਆਪਣੀਆਂ ਪੰਜਾਬ ਦੀਆਂ ਜ਼ਮੀਨਾਂ ਵੇਚ ਵੇਚ ਕੇ ਰਾਜਸਥਾਨ ਜਾ ਫ਼ਾਰਮ ਬਣਾਏ। ਓਥੇ ਉਹ ਵੱਧ ਪੈਸੇ ਮੰਗਣ ਵਾਲੇ ਮਾਲਕਾਂ ਨੂੰ ਕਿਹਾ ਕਰਦੇ ਸਨ ਕਿ ਪੰਜਾਬ ਸਰਕਾਰ ਜਿਹੜਾ ਪਾਣੀ ਭਾਖੜੇ ਤੋਂ ਰਾਜਸਥਾਨ ਵੱਲ ਭੇਜ ਰਹੀ ਹੈ, ਉਸ ਵਿੱਚੋਂ ਉਸ ਨੇ ਬਿਜਲੀ ਤਾਂ ਸਾਰੀ ਦੀ ਸਾਰੀ ਕੱਢ ਲਈ ਹੈ; ਹੁਣ ਜੇ ਉਹ ਫੋਕਾ ਪਾਣੀ ਰਾਜਸਥਾਨ ਵਿਚ ਪਹੁੰਚ ਵੀ ਜਾਏ ਤਾਂ ਕਿਹੜਾ ਸੋਨਾ ਪੈਦਾ ਕਰ ਦੇਵੇਗਾ ?

ਮੈਂ ਬੇਨਤੀ ਕਰਨ ਲੱਗਾ ਸਾਂ ਕਿ ਜਦੋਂ ਭੂਗੋਲ ਤੇ ਇਤਿਹਾਸ ਕਿਸੇ ਥਾਂ ਉੱਤੇ ਕਾਫ਼ੀ ਚਿਰ ਤੋਂ ਵੱਸਦੇ, ਇੱਕੋ ਭਾਸ਼ਾ ਬੋਲਣ ਵਾਲੇ ਲੋਕਾਂ ਉੱਤੇ, ਆਪਣਾ ਕੀਮੀਆਈ ਅਸਰ ਪਾ ਲੈਂਦੇ ਹਨ ਤਾਂ ਉਨ੍ਹਾਂ ਦੇ ਰਹਿਣ-ਸਹਿਣ, ਬੋਲ-ਚਾਲ, ਖਾਣ-ਪੀਣ, ਪਹਿਨਣ-ਹੰਢਾਉਣ, ਜੀ ਪਰਚਾਉਣ ਤੇ ਸੋਚਣ-ਵਿਚਾਰਨ—ਗੱਲ ਕੀ, ਜੀਵਨ ਦੀ ਹਰ ਸਰਗਰਮੀ ਉੱਤੇ, ਜਿਸ ਵਿਚ ਧਾਰਮਿਕ ਵਿਸ਼ਵਾਸ ਤੇ ਪੂਜਾ ਦੀਆਂ ਵਿਧੀਆਂ, ਭਾਸ਼ਾ, ਸਾਹਿੱਤ ਤੇ ਕਲਾਵਾਂ ਸ਼ਾਮਿਲ ਹਨ, ਉਨ੍ਹਾਂ ਦੀ ਇਕ ਠੇਠ ਮੁਹਰ ਲੱਗ ਜਾਂਦੀ ਹੈ, ਜੋ ਪਛਾਣੀ ਜਾਣ ਵਾਲੀ ਹੁੰਦੀ ਹੈ। ਇਹੀ ਵੱਖਰੀ ਪਛਾਣ ਵਾਲੀ ਜੀਵਨ-ਜਾਚ, ਰਹਿਤ-ਬਹਿਤ, ਸੋਚਣ-ਮਹਿਸੂਸਣ ਤੇ ਆਪਾ ਪ੍ਰਗਟਾਉਣ ਦੀ ਜੁਗਤ ਹੁੰਦੀ ਹੈ, ਜਿਸ ਨੂੰ ਮੈਂ ਕਿਸੇ ਦੇਸ, ਕੌਮ, ਜਾਤੀ ਆਦਿ ਦਾ ਕਲਚਰ ਮੰਨਦਾ ਹਾਂ।

ਸਿੱਪੀ ਵਿਚ ਬੈਠਾ ਕੀੜਾ, ਆਪਣੇ ਘਰ ਵਿਚ ਪਹੁੰਚੇ ਰੇਤ ਦੇ ਕਿਣਕੇ ਉੱਤੇ ਆਪਣਾ ਰੇਸ਼ਮੀ ਅਮਲ ਲਗਾਤਾਰ ਜਾਰੀ ਰੱਖਦਾ ਹੈ, ਉਸ ਦੇ ਅਮਲ ਦੀ ਮੁਹਰ, ਮੋਤੀ ਦੀ ਝਾਲ ਦੇ ਰੂਪ ਵਿਚ ਹਰ ਕਿਣਕੇ ਉੱਤੇ ਲੱਗੀ ਹੋਈ ਆਪਣੇ ਆਪ ਦਿੱਸਣ ਲੱਗ ਪੈਂਦੀ ਹੈ।

ਬਿਲਕੁਲ ਇਸੇ ਤਰ੍ਹਾਂ, ਪੰਜਾਬ ਦੇ ਵਾਸੀਆਂ ਉੱਤੇ, ਪੰਜਾਬੀਪੁਣੇ ਦੀ ਕਹਿ ਲਵੋ, ਪੰਜਾਬੀਅਤ ਦੀ ਕਹਿ ਲਵੋ ਜਾਂ ਪੰਜਾਬੀ ਕਲਚਰ ਦੀ ਕਹਿ ਲਵੋ, ਇਕ ਵੱਖਰੀ ਤਰ੍ਹਾਂ ਦੀ ਮੁਹਰ ਲੱਗੀ ਹੁੰਦੀ ਹੈ, ਜੋ ਉਨ੍ਹਾਂ ਦੀ ਪਛਾਣ ਵਿਚ ਮਦਦ ਕਰਦੀ ਹੈ।

[illegible] ਬੀਆਂ ਉੱਤੇ ਤਾਂ ਲੱਗੀ ਹੀ ਹੁੰ[illegible]

WWW.SIKHBOOKCLUB.COM

ਪਰਵਾਸੀਆਂ ਉੱਤੇ ਵੀ ਜਿਉਂ ਦੀ ਤਿਉਂ ਲੱਗੀ ਰਹਿੰਦੀ ਹੈ, ਸਗੋਂ ਕਈ ਵਾਰੀ ਵਧੇਰੇ ਉੱਘੜ ਖਲੋਂਦੀ ਹੈ।

ਸਿੰਗਾਪੁਰ ਲਈ ਰਵਾਨਾ ਹੋਣ ਤੋਂ ਪਹਿਲਾਂ ਮੈਂ ਪਟਿਆਲੇ ਵਿਚ ਆਪਣੇ ਇਕ ਸੁਗਲੀ ਦੋਸਤ ਨੂੰ ਪੁੱਛ ਬੈਠਾ, "ਪੰਜਾਬੀ ਬੰਦੇ ਦੀ ਕੀ ਪਛਾਣ ਹੈ ?" ਉਹ ਫ਼ਟਾਫ਼ਟ ਬੋਲਿਆ, "ਪਾਕਿਸਤਾਨ ਵਿਚ ਮੀਆਂ ਮੁਹੰਮਦ ਤੁਫ਼ੈਲ, ਸਾਬਕਾ ਅਮੀਰ (ਮੁਖੀ), ਜਮਾਅਤਿ-ਇਸਲਾਮੀ ਨੇ ਏਲਾਨ ਕੀਤਾ ਹੈ ਕਿ ਜਿਹੜਾ ਬੰਦਾ, ਕਿਸੇ ਲੜਾਈ-ਝਗੜੇ ਤੋਂ ਬਿਨਾਂ, ਸਾਧਾਰਨ ਗੱਲ-ਬਾਤ ਕਰਦਿਆਂ, ਪੰਜਾਂ ਫ਼ਿਕਰਿਆਂ ਵਿਚ ਦਸ ਗਾਲ੍ਹਾਂ ਮਾਵਾਂ-ਭੈਣਾਂ ਦੀਆਂ ਕੱਢ ਦੇਵੇ, ਉਹ ਸਮਝੋ ਠੇਠ ਪੰਜਾਬੀ ਹੈ।"

ਮੈਂ ਹੱਸ ਪਿਆ। ਕਹਿਣ ਲੱਗਾ, "ਤੁਫ਼ੈਲ ਸਾਹਿਬ ਦੀ ਗੱਲ ਉੱਤੇ ਵਿਸ਼ਵਾਸ ਨਹੀਂ ਤਾਂ ਮੈਂ ਹੋਰ ਪਛਾਣ ਦੱਸ ਦੇਨਾਂ।"

ਮੈਂ ਕਿਹਾ, "ਦੱਸੋ।"

ਕਹਿਣ ਲੱਗਾ, "ਰਾਹ ਜਾਂਦੇ ਕੋਈ ਦਸ ਬੰਦੇ ਖੜੇ ਕਰ ਲਓ, ਜਿਨ੍ਹਾਂ ਦੀਆਂ ਡੱਬਾਂ ਵਿਚੋਂ ਸ਼ਰਾਬ ਦੀਆਂ ਬੋਤਲਾਂ ਨਿਕਲ ਆਉਣ, ਉਹ ਪੰਜਾਬੀ, ਬਾਕੀ ਨਿਰਾ ਮਲਬਾ।"

ਮੈਨੂੰ ਪਤਾ ਨਹੀਂ, ਤੁਸੀਂ ਕਿਸੇ ਪੰਜਾਬੀ ਨੂੰ ਗ਼ੈਰ ਪੰਜਾਬੀ ਤੋਂ ਕਿਵੇਂ ਵੱਖ ਕਰਦੇ ਹੋ, ਪਰ ਮੈਂ ਵੀ ਕੁੱਝ ਲੱਛਣ ਨੋਟ ਕੀਤੇ ਹੋਏ ਹਨ, ਜਿਨ੍ਹਾਂ ਦੀ ਮਦਦ ਨਾਲ ਪਤਾ ਲਾ ਲੈਂਦਾ ਹਾਂ ਕਿ ਫਲਾਣੇ ਨੇ ਪੰਜਾਬ ਦਾ ਪਾਣੀ ਪੀਤਾ ਹੋਇਆ ਹੈ।

ਵਾਰਿਸ ਸ਼ਾਹ, ਹੀਰ ਦੀ ਸੋਭਾ ਕਰਦਿਆਂ, ਉਸ ਦੀ ਇਕ ਵੱਡੀ ਖ਼ੂਬੀ ਇਹ ਦੱਸਦਾ ਹੈ ਕਿ ਉਹ ਭੀੜ ਵਿਚ ਖੜੀ ਕਰ ਦਿੱਤੀ ਜਾਂਦੀ ਤਾਂ ਹੋ ਨਹੀਂ ਸੀ ਸਕਦਾ ਕਿ ਉਹ ਉੱਘੜ ਕੇ ਹੋਰਨਾਂ ਤੋਂ ਵੱਖ ਨਾ ਦਿੱਸਦੀ—ਗੁੱਝੀ ਰਹੇ ਨਾ ਹੀਰ ਹਜ਼ਾਰ ਵਿੱਚੋਂ!

ਕਿਸੇ ਮੇਰੇ ਵਰਗੇ ਟੁੱਟੇ ਜਿਹੇ ਪੰਜਾਬੀ ਨੂੰ ਵੀ ਭੀੜ ਵਿਚ ਖੜਾ ਕਰ ਦਿੱਤਾ ਜਾਏ ਤਾਂ ਉਸ ਨੂੰ ਆਪਣੀ ਹੋਂਦ ਜਤਾਉਣ ਵਿਚ ਬਹੁਤੀ ਦੇਰ ਨਹੀਂ ਲੱਗੇਗੀ। ਉਹ ਸਿੱਖ ਹੈ ਕਿ ਹਿੰਦੂ ਕਿ ਮੁਸਲਮਾਨ, ਕਿਰਸਾਣ ਹੈ ਕਿ ਤਰਖਾਣ, ਖੱਤਰੀ ਹੈ ਕਿ ਜੱਟ—ਬਹੁਤਾ ਫ਼ਰਕ ਨਹੀਂ ਪੈਂਦਾ। ਉਹ ਬੋਲ-ਵਿਗਾੜ ਹੈ ਕਿ ਮਿੱਠ-ਬੋਲੜਾ, ਧੌਂਸ ਵਰਤਦਾ ਹੈ ਕਿ ਹੱਥ ਜੋੜਦਾ ਹੈ, ਹੁੱਝ ਮਾਰਦਾ ਹੈ ਕਿ ਨਮਸਕਾਰ ਕਰਦਾ ਹੈ, ਪਾਸਾ ਮਰੋੜ ਕੇ ਲੰਘਦਾ ਹੈ ਕਿ ਛਾਤੀ ਤਾਣ ਕੇ ਲੰਘਦਾ ਹੈ, ਮਿੰਨਤ ਕਰਦਾ ਹੈ ਕਿ ਚਲਿੱਤਰ ਵਰਤਦਾ ਹੈ, ਕਾਨੂੰਨ ਦੀ ਪੈਰਵੀ ਕਰਦਾ ਹੈ ਕਿ ਉਸ ਨੂੰ ਪੈਰਾਂ ਹੇਠ ਲਿਤਾੜਦਾ ਹੈ, ਉਸ ਨੇ ਤਾਂ ਹਰ ਹੀਲੇ ਤੇ ਹਰ ਹਾਲਤ ਵਿਚ, ਪਿੱਛੇ ਤੋਂ ਅੱਗੇ ਵਧਣਾ ਹੀ ਵਧਣਾ ਹੁੰਦਾ ਹੈ।

ਉਹ, ਬਹੁਤੀ ਦੇਰ, ਨਾ ਇੱਕੋ ਥਾਂ ਟਿਕ ਕੇ ਬੈਠ ਸਕਦਾ ਹੈ, ਨਾ ਖੜਾ ਰਹਿ ਸਕਦਾ ਹੈ। ਉਸ ਦਾ ਇਹ ਲੱਛਣ ਦੁਨੀਆ ਦੇ ਹਰ ਮੁਲਕ ਵਿਚ, ਜਿੱਥੇ ਮੁੱਠੀ ਭਰ ਪੰਜਾਬੀ ਵੀ ਪਹੁੰਚ ਸਕੇ ਹਨ, ਵੇਖਿਆ ਜਾ ਸਕਦਾ ਹੈ। ਮੈਂ ਸਿੰਗਾਪੁਰ ਦੇ ਉੱਦਮੀ ਪੰਜਾਬੀਆਂ ਨੂੰ ਇਸ ਸੂਚੀ ਵਿਚ ਸ਼ਾਮਿਲ ਕਰਦਾ ਹਾਂ।

ਪੰਜਾਬੀ ਭੀਖ ਨਹੀਂ ਮੰਗਦਾ, ਕੰਮ ਕਰਦਾ ਹੈ, ਜਿਸ ਵਿਚ ਉਹ ਚੰਗੀ ਜਾਨ ਮਾਰਦਾ ਹੈ। ਉਹ ਡਿੱਗ ਕੇ ਦਿਲ ਨਹੀਂ ਢਾਹੁੰਦਾ, ਖੜਾ ਹੋ ਕੇ ਮੁੜ ਹੰਭਲਾ ਮਾਰਦਾ ਹੈ।

ਪੰਜਾਬੀ ਦਾ ਧਰਮ ਈਮਾਨ ਕੁੱਝ ਪਿਆ ਹੋਵੇ, ਉਹ ਖਾਣ-ਪੀਣ ਤੇ ਪਹਿਨਣ ਦਾ ਸ਼ੁਕੀਨ ਦਿੱਸੇਗਾ। ਉਸ ਨੂੰ ਗੰਢੇ ਤੇ ਲਸਣ ਦੇ ਤੁੜਕੇ ਤੇ ਮਿਰਚ-ਮਸਾਲੇ ਵਿਚ ਭੁੰਨ-ਭੁੰਨ ਲਾਲ ਕੀਤੇ ਹੋਏ ਮਾਸ ਨਾਲ ਰੜ੍ਹੀਆਂ ਹੋਈਆਂ ਤੰਦੂਰੀ ਰੋਟੀਆਂ ਖਾਣ ਨੂੰ ਮਿਲ ਜਾਣ ਤਾਂ ਖਿੜ ਜਾਂਦਾ

WWW.SIKHBOOKCLUB.COM 

ਹੈ। ਪੱਛਮੀ ਪੰਜਾਬ ਤੋਂ ਉੱਜੜ ਕੇ ਆਏ ਪੰਜਾਬੀਆਂ ਨੇ ਦਿੱਲੀ ਦੇ ਪਹਾੜ ਗੰਜ ਤੇ ਕਰੋਲ ਬਾਗ ਵਿਚ ਜਦੋਂ ਕਬਾਬ ਤੇ ਤੰਦੂਰੀ ਮੁਰਗਿਆਂ ਦੀਆਂ ਰੇੜ੍ਹੀਆਂ ਲਾਈਆਂ ਤਾਂ ਉਨ੍ਹਾਂ ਦੀ ਖ਼ੁਸ਼ਬੂ ਨੇ ਬਿਰਲਾ ਹਾਊਸ ਵਿਚ ਲੇਟੇ ਮਹਾਤਮਾ ਗਾਂਧੀ ਜੀ ਦੀ ਨੀਂਦਰ ਹਰਾਮ ਕਰ ਦਿੱਤੀ ਸੀ ਤੇ ਉਨ੍ਹਾਂ ਆਪਣੇ ਰੋਜ਼ ਦੇ ਭਾਸ਼ਣਾਂ ਰਾਹੀਂ 'ਸੀਖ' ਭਾਈਆਂ ਨੂੰ ਦੱਸਣਾ ਸ਼ੁਰੂ ਕਰ ਦਿੱਤਾ ਸੀ ਕਿ ਤੜਕਿਆਂ ਤੇ ਮਾਸਾਂ ਦੀ ਗੰਧ ਕਰਕੇ ਦਿੱਲੀ ਦੀਆਂ ਗਲੀਆਂ ਤੇ ਮਹੱਲਿਆਂ ਵਿੱਚੋਂ ਲੰਘਣਾ ਔਖਾ ਹੋਇਆ ਪਿਆ ਹੈ।

ਪੰਜਾਬੀ ਰੱਜ ਕੇ ਖਾਂਦਾ ਤੇ ਰੱਜ ਕੇ ਹੀ ਪੀਂਦਾ ਹੈ। ਉਹ ਚੰਗੀ ਪ੍ਰਾਹੁਣਾਚਾਰੀ ਕਰਦਾ ਹੈ ਤੇ ਸਮਝਦਾ ਹੈ ਕਿ ਦਾਰੂ ਬਿਨਾਂ ਕੋਈ ਪ੍ਰਾਹੁਣਾਚਾਰੀ ਨਹੀਂ ਹੋ ਸਕਦੀ। ਉਹ ਚੁੱਪ ਨਹੀਂ ਬੈਠ ਸਕਦਾ। ਉਹ ਉੱਚੀ ਬੋਲਦਾ, ਉੱਚੀ ਹੱਸਦਾ ਤੇ ਉੱਚੀ ਰੋਂਦਾ ਹੈ। ਉਸ ਦੇ ਯਰਾਨੇ ਪੱਕੇ ਤੇ ਵੈਰ ਡੂੰਘੇ ਹੁੰਦੇ ਹਨ। ਉਹ ਹਿੰਸਾ ਵਿਚ ਮੋਹਰੀ ਦਿੱਸੇ ਤਾਂ ਅਹਿੰਸਾ ਵਿਚ ਵੀ ਕਿਸੇ ਤੋਂ ਪਿੱਛੇ ਨਹੀਂ ਰਹਿੰਦਾ। ਉਸ ਨੂੰ ਹੱਸਣਾ-ਖੇਡਣਾ ਚੰਗਾ ਲਗਦਾ ਹੈ। ਉਹ ਜਿੱਥੇ ਵੀ ਜਾ ਕੇ ਟਿਕਦਾ ਹੈ, ਆਪਣੇ ਆਲੇ-ਦੁਆਲੇ ਨੂੰ ਵਧੀਆ ਤੇ ਸੁਖਾਵਾਂ ਬਣਾਉਣ ਦਾ ਜਤਨ ਕਰਦਾ ਹੈ।

ਬਹੁਤ ਸਾਰੀਆਂ ਹੋਣੀਆਂ ਨੂੰ ਉਹ ਹੱਸ ਕੇ ਟਾਲ ਦੇਂਦਾ ਹੈ, ਪਰ ਲੋੜ ਪੈਣ ਉੱਤੇ ਬੜਾ ਵਧੀਆ ਲੜਾਕ ਸਾਬਤ ਹੁੰਦਾ ਹੈ। ਉਹ ਰੂਪ ਦਾ ਰਸੀਆ ਤੇ ਅੱਖ-ਮਟੱਕੇ ਲਈ ਸਦਾ ਤਿਆਰ ਹੁੰਦਾ ਹੈ। ਅਨਿਆਂ ਇਕ ਖ਼ਾਸ ਹੱਦ ਤੋਂ ਟੱਪ ਜਾਏ ਤਾਂ ਉਹ ਸਹਿਣ ਤੋਂ ਇਨਕਾਰੀ ਹੋ ਜਾਂਦਾ ਹੈ। ਉਹ ਗੰਢ ਦਾ ਬਹੁਤ ਪੱਕਾ ਨਹੀਂ ਹੁੰਦਾ, ਆਪਣੇ ਪੱਲਿਓਂ ਕੁੱਝ ਦੇ ਕੇ ਖ਼ੁਸ਼ ਹੁੰਦਾ ਹੈ। "ਪਰਲੋਕ ਦੀਆਂ ਗੱਲਾਂ ਕਰਦਿਆਂ ਉਹ ਮਾਤ-ਲੋਕ ਨੂੰ ਨਹੀਂ ਵਿਸਾਰਦਾ ਤੇ ਵਰਤਮਾਨ ਦੇ ਪਲ ਪਲ ਵਿੱਚੋਂ ਜ਼ਿੰਦਗੀ ਦਾ ਇਕ ਇਕ ਤੁਪਕਾ ਨਿਚੋੜ ਲੈਣ ਦਾ ਇੱਛੁਕ ਹੁੰਦਾ ਹੈ। ਉਹ ਐਸੀ ਮੁਕਤੀ ਦਾ ਗਾਹਕ ਹੁੰਦਾ ਹੈ, ਜੋ ਹੱਸਦਿਆਂ-ਖੇਡਦਿਆਂ, ਖਾਂਦਿਆਂ-ਪੀਂਦਿਆਂ ਤੇ ਪਹਿਨਦਿਆਂ ਮਿਲਦੀ ਹੈ...।"[1]

ਇਹੋ ਜਿਹਾ ਹੈ ਪੰਜਾਬੀਆਂ ਦਾ ਪੰਜਾਬੀਪੁਣਾ। ਇਹ ਨਕਸ਼ਾ ਰਸਮੀ ਤੇ ਹੱਦ-ਬੰਦ ਕਿਸਮ ਦੇ ਲੋਕਾਂ ਦੀ ਪਸੰਦ ਦੀ ਕਸਵੱਟੀ ਉੱਤੇ ਪੂਰਾ ਉਤਰੇ ਜਾਂ ਨਾ, ਪਰ ਮੈਨੂੰ ਤਾਂ ਇਸ ਦੁਨੀਆ ਦੇ ਤਖ਼ਤੇ ਉੱਤੇ, ਜਿੱਥੇ ਕਿਤੇ ਵੀ ਪੰਜਾਬੀਆਂ ਵਿਚ ਰਹਿਣ-ਵਿਚਰਨ ਦਾ ਮੌਕਾ ਮਿਲਿਆ ਹੈ—ਯੂ.ਐਸ.ਏ. ਵਿਚ, ਕਨੇਡਾ ਵਿਚ, ਯੂ.ਕੇ. ਵਿਚ ਜਾਂ ਪਾਕਿਸਤਾਨ ਵਿਚ—ਉਨ੍ਹਾਂ ਦਾ ਸੁਭਾ ਓਹੀ ਵੇਖਿਆ ਜੋ ਅੰਮ੍ਰਿਤਸਰ, ਜਲੰਧਰ, ਪਟਿਆਲੇ, ਦਿੱਲੀ, ਕਾਨਪੁਰ, ਕਲਕੱਤੇ, ਬੰਬਈ ਜਾਂ ਮਦਰਾਸ ਵਿਚ ਵੱਸਦੇ ਪੰਜਾਬੀਆਂ ਦਾ ਵੇਖਿਆ ਹੋਇਆ ਸੀ।

ਸਿੰਗਾਪੁਰ ਦੇ ਪੰਜਾਬੀਆਂ ਉੱਤੇ ਇਨ੍ਹਾਂ ਵਿੱਚੋਂ ਕਿਹੜੇ ਲੱਛਣ ਪੂਰੀ ਤਰ੍ਹਾਂ ਲਾਗੂ ਹੁੰਦੇ ਹਨ ਤੇ ਕਿਹੜੇ ਨਹੀਂ ਹੁੰਦੇ, ਇਹ ਤੁਸੀਂ ਮੇਰੇ ਨਾਲੋਂ ਵੱਧ ਜਾਣਦੇ ਹੋ, ਪਰ ਇਕ ਗੱਲ, ਜੋ ਮੈਂ ਹਰ ਦੇਸ ਦੇ ਪੰਜਾਬੀਆਂ ਨੂੰ ਕਹਿੰਦਾ ਆਇਆ ਹਾਂ, ਏਥੇ ਵੀ ਕਹਿ ਦੇਣੀ ਚਾਹੁੰਦਾ ਹਾਂ, ਭਾਵੇਂ ਲਾਗੂ ਨਾ ਹੀ ਹੁੰਦੀ ਹੋਵੇ। ਪੰਜਾਬੀਓ, ਤੁਹਾਡੇ ਵਰਗੇ ਦੂਲੇ ਇਨਸਾਨ ਇਸ ਦੁਨੀਆ ਦੇ ਤਖ਼ਤੇ ਉੱਤੇ ਵਿਰਲੇ ਹੋਣਗੇ, ਜੇ ਤੁਸੀਂ ਸ਼ਰਾਬ ਦੀ ਦਲਦਲ ਵਿਚ ਨਾ ਫਸੇ ਹੋਵੋ। ਤੁਸੀਂ ਜਾਨਾਂ ਬੜੇ ਸਸਤੇ ਭਾ ਵਾਰ ਦੇਂਦੇ ਹੋ, ਕਰੜੇ ਤੋਂ ਕਰੜੇ ਤਸੀਹੇ ਖਿੜੇ ਮੱਥੇ ਝੱਲ ਲੈਂਦੇ ਹੋ, ਪਰ ਦਾਰੂ ਨਾਲ ਆਪਣੀ ਮੱਤ ਮਾਰਨੋਂ ਨਹੀਂ ਹਟਦੇ, ਇਸੇ ਲਈ ਹਮੇਸ਼ਾ ਜਿੱਤੀਆਂ ਬਾਜ਼ੀਆਂ ਹਾਰਦੇ ਆਏ ਹੋ।

---

1. ਪ੍ਰੀਤਮ ਸਿੰਘ, *ਪੰਜਾਬ ਤੇ ਪੰਜਾਬੀ ਉੱਤੇ ਪਏ ਬਦੇਸੀ ਪ੍ਰਭਾਵ*, 1978, ਅੰਮ੍ਰਿਤਸਰ, ਰਵੀ ਸਾਹਿੱਤ ਪ੍ਰਕਾਸ਼ਨ, ਸਫ਼ਾ 66.

WWW.SIKHBOOKCLUB.COM

# 5

ਇਹੋ ਜਿਹਾ ਸੁਭਾ, ਇਹੋ ਜਿਹੀ ਰਹਿਤ-ਬਹਿਤ ਤੇ ਇਹੋ ਜਿਹੀ ਸੋਚ ਤੇ ਇਹਸਾਸ ਦੇ ਮਾਲਕ ਹੁੰਦੇ ਹਨ ਇਹ ਮੌਜੀ ਠਾਕਰ, ਜਿਨ੍ਹਾਂ ਦੀ ਭਾਸ਼ਾ ਤੇ ਸਾਹਿੱਤ ਬਾਰੇ ਅੱਜ ਚਰਚਾ ਹੋਣੀ ਹੈ।

ਇਕ ਗੱਲ ਤਾਂ ਸਿੱਧੀ ਹੈ ਕਿ ਜਿਨ੍ਹਾਂ ਲੋਕਾਂ ਦਾ ਸਾਰਾ ਕਲਚਰ ਹੀ ਮਿੱਸਾ ਹੈ, ਉਹ ਇਹ ਦਾਅਵਾ ਕਿਵੇਂ ਕਰ ਸਕਦੇ ਹਨ ਕਿ ਉਨ੍ਹਾਂ ਦੀ ਬੋਲੀ ਸੁੱਚਮ ਦਾ ਨਮੂਨਾ ਹੈ ? ਇਨ੍ਹਾਂ ਦੀ ਭਾਸ਼ਾ ਵੀ ਮਿੱਸੀ ਹੈ ਤੇ ਭਾਸ਼ਾ ਦਾ ਮਿੱਸਾ ਹੋਣਾ ਕੋਈ ਸਰਾਪ ਨਹੀਂ ਹੁੰਦਾ, ਬਲਕਿ ਇਕ ਵੱਡਾ ਵਰ ਹੁੰਦਾ ਹੈ।

ਅੰਗਰੇਜ਼ੀ, ਜੋ ਇਸ ਵੇਲੇ ਸਾਰੀ ਦੁਨੀਆ ਦੀਆਂ ਬੋਲੀਆਂ ਦੀ ਪਟਰਾਣੀ ਬਣੀ ਬੈਠੀ ਹੈ, ਸਭ ਤੋਂ ਵੱਧ ਮਿੱਸੀ ਭਾਸ਼ਾ ਹੈ।

ਪੰਜਾਬੀ ਰਹਿਤ-ਬਹਿਤ ਵਾਂਗ, ਪੰਜਾਬੀ ਭਾਸ਼ਾ ਨੇ ਵੀ, ਆਪਣੀਆਂ ਲੋੜਾਂ ਪੂਰੀਆਂ ਕਰਨ ਲਈ, ਆਪਣੇ ਨਾਲ ਸੰਪਰਕ ਵਿਚ ਆਈਆਂ ਤਕਰੀਬਨ ਸਾਰੀਆਂ ਭਾਸ਼ਾਵਾਂ ਵਿੱਚੋਂ ਸ਼ਬਦ, ਮੁਹਾਵਰੇ, ਵਾਕ-ਵਿਉਂਤਣ ਦੀਆਂ ਜੁਗਤਾਂ ਤੇ ਉਪਮਾਵਾਂ, ਆਦਿ ਉਧਾਰੀਆਂ ਲਈਆਂ ਹੋਈਆਂ ਹਨ।

ਸਾਡੇ ਕੰਮ ਦਾ ਨੁਕਤਾ ਇਸ ਵਿਚ ਇਹ ਹੈ ਕਿ ਜਦੋਂ ਵੀ ਇਹ ਬੋਲੀ ਹੋਰ ਵਧਣ-ਫੁੱਲਣ ਦਾ ਫ਼ੈਸਲਾ ਕਰੇਗੀ, ਇਸ ਦਾ ਆਪਣਾ ਪਹਿਲਾ ਵਰਤਿਆ ਹੋਇਆ ਪਹਿਆ ਇਸ ਦੇ ਸਾਹਮਣੇ ਮੌਜੂਦ ਹੋਵੇਗਾ, ਸਿਰਫ਼ ਉਸ ਨੂੰ ਕੁੱਝ ਵੱਡਾ ਹੀ ਕਰਨਾ ਪਵੇਗਾ। ਜਿਨ੍ਹਾਂ ਜੁਗਤਾਂ ਨਾਲ ਸਾਡੇ ਵੱਡੇ-ਵਡੇਰੇ, ਨਵੇਂ ਨਵੇਂ ਮਜ਼ਮੂਨਾਂ ਦੇ ਗਿਆਨ ਨੂੰ ਹਜ਼ਮ ਕਰਨ ਲਈ, ਆਪਣੀ ਨਿੱਤ ਦੀ ਬੋਲੀ ਨੂੰ ਸੇਵਾ ਜੋਗ ਬਣਾਉਂਦੇ ਆਏ ਹਨ, ਅਸੀਂ ਵੀ ਉਹੀ ਜੁਗਤਾਂ ਵਰਤਣੀਆਂ ਸ਼ੁਰੂ ਕਰ ਲਈਏ ਤਾਂ ਇਹ ਬੋਲੀ ਕਾਫ਼ੀ ਹੱਦ ਤਕ ਤਿਆਰ-ਬਰ-ਤਿਆਰ ਹੋ ਜਾਵੇਗੀ।

ਇਸ ਮਿੱਸੀ ਬੋਲੀ ਨੂੰ ਬੋਲਣ ਵਾਲਿਆਂ ਦੀ ਗਿਣਤੀ 6 ਕਰੋੜ ਤੋਂ ਟੱਪ ਗਈ ਦੱਸੀ ਜਾਂਦੀ ਹੈ। ਇਹ ਵੀ ਦੱਸਿਆ ਗਿਆ ਹੈ ਕਿ ਬੁਲਾਰਿਆਂ ਦੇ ਹਿਸਾਬ ਨਾਲ ਇਹ ਬੋਲੀ ਦੁਨੀਆ ਵਿਚ ਤੇਰ੍ਹਵੇਂ ਨੰਬਰ ਤੇ ਉੱਤੇ ਆਉਂਦੀ ਹੈ। ਜਿਸ ਨਿਰੰਤਰ ਤੇ ਵਿਸ਼ਾਲ ਇਲਾਕੇ ਵਿਚ ਇਹ ਭਾਸ਼ਾ ਬੋਲੀ ਜਾਂਦੀ ਹੈ, ਉਹ ਸਿੰਧ-ਬਲੋਚਿਸਤਾਨ, ਕਸ਼ਮੀਰ, ਹਿਮਾਚਲ, ਅੱਧੇ ਹਰਿਆਣੇ ਤੇ ਰਾਜਸਥਾਨ ਦੇ ਵਿਚਕਾਰ ਫੈਲਿਆ ਹੋਇਆ ਹੈ। ਇਹ ਗਿਣਤੀ-ਮਿਣਤੀ ਵਾਲਾ ਨਕਸ਼ਾ ਜਿਸ ਕਿਸੇ ਦੇ ਸਾਹਮਣੇ ਰੱਖ ਦਿੱਤਾ ਜਾਵੇ, ਉਸ ਦੇ ਮੂੰਹੋਂ ਆਪਣੇ ਆਪ ਨਿਕਲੇਗਾ : "ਤੁਸੀਂ ਲੋਕ ਬਹੁਤ ਵੱਡੇ ਗੌਰਵਮਈ ਵਿਰਸੇ ਦੇ ਮਾਲਕ ਹੋ।"

ਤੇ ਇਹ ਗੱਲ ਹੈ ਵੀ ਸੋਲ੍ਹਾਂ ਆਨੇ ਸੱਚ। ਕੁਦਰਤ ਵੱਲੋਂ ਪੰਜਾਬੀ ਲੋਕਾਂ ਉੱਤੇ ਜ਼ਬਾਨ ਦੇ ਮਾਮਲੇ ਵਿਚ ਬੇਮਿਸਾਲ ਬਖ਼ਸ਼ਿਸ਼ ਹੋਈ ਹੋਈ ਹੈ, ਪਰ ਸਾਫ਼ ਦਿੱਸ ਰਿਹਾ ਹੈ ਬਖ਼ਸ਼ਿਸ਼ ਵੱਡੀ ਹੈ ਤੇ ਅਸੀਂ ਛੋਟੇ। ਅਸੀਂ ਆਪਣੇ ਬੁੱਕ ਨੂੰ ਇਸ ਬਖ਼ਸ਼ਿਸ਼ ਜਿੱਡਾ ਬਣਾਉਣ ਤੋਂ ਅਸਮਰਥ ਰਹੇ ਹਾਂ।

ਏਥੇ ਮੈਂ ਚਾਹੁੰਦਾ ਹਾਂ ਕਿ ਤੁਸੀਂ ਮੈਨੂੰ ਆਪਣੇ ਭਾਈਚਾਰੇ ਦੀ ਕਮ-ਨਜ਼ਰੀ ਦੀ ਇਕ ਵੱਡੀ ਮਿਸਾਲ ਦਾ ਹਵਾਲਾ ਦੇਣ ਦੀ ਆਗਿਆ ਦਿਓ।

ਇਸ ਵੇਲੇ ਪੰਜਾਬੀ-ਬੋਲਦੇ ਇਲਾਕੇ ਦਾ ਵੱਡਾ ਭਾਗ, ਜਾਣੀ ਪੱਛਮੀ ਪੰਜਾਬ ਪਾਕਿਸਤਾਨ ਵਿਚ ਹੈ ਤੇ ਛੋਟਾ ਭਾਗ, ਜਾਣੀ ਪੂਰਬੀ ਪੰਜਾਬ, ਭਾਰਤ ਵਿਚ ਹੈ। ਪੂਰਬੀ ਪੰਜਾਬ

WWW.SIKHBOOKCLUB.COM 

ਦੀ ਸਰਕਾਰ ਪੰਜਾਬੀ ਦੇ ਵਾਧੇ ਲਈ ਹਰ ਸਾਲ ਲੱਖਾਂ ਰੁਪੈ ਖ਼ਰਚ ਕਰ ਰਹੀ ਹੈ; ਪੰਜਾਬੀ ਨੂੰ ਪੰਜਾਬ ਦੀ ਸਰਕਾਰੀ ਭਾਸ਼ਾ ਬਣਿਆਂ ਇਕ ਚੁਥਾਈ ਸਦੀ ਹੋ ਗਈ ਹੈ।[2] ਸਰਕਾਰੀ ਸਕੂਲਾਂ ਵਿਚ ਪਹਿਲੇ ਦਿਨ ਤੋਂ ਪੰਜਾਬੀ ਜ਼ਰੂਰੀ ਪੜ੍ਹਨੀ ਪੈਂਦੀ ਹੈ ਤੇ ਹੋਰ ਮਜ਼ਮੂਨਾਂ ਦੀ ਪੜ੍ਹਾਈ ਤੇ ਇਮਤਿਹਾਨਾਂ ਦਾ ਮਾਧਿਅਮ ਵੀ ਪੰਜਾਬੀ ਹੀ ਹੈ। ਯੂਨੀਵਰਸਿਟੀ ਦੀ ਪੱਧਰ ਉੱਤੇ ਵੀ ਬਹੁਤ ਸਾਰੇ ਮਜ਼ਮੂਨਾਂ ਦਾ ਇਮਤਿਹਾਨ ਪੰਜਾਬੀ ਮਾਧਿਅਮ ਰਾਹੀਂ ਹੁੰਦਾ ਹੈ। ਦਰਜਨ ਤੋਂ ਵੱਧ ਰੋਜ਼ਾਨਾ ਅਖ਼ਬਾਰ ਪੰਜਾਬੀ ਵਿਚ ਨਿਕਲਦੇ ਹਨ, ਜਿਨ੍ਹਾਂ ਵਿੱਚੋਂ 'ਅਜੀਤ' ਦੀ ਰੋਜ਼ਾਨਾ ਛਾਬ ਇਕ ਲੱਖ ਦੀ ਹੁੰਦੀ ਹੈ ਤੇ ਐਤਵਾਰ ਦੀ ਸਵਾ ਲੱਖ ਦੀ।[3]

ਇਸ ਦੇ ਉਲਟ, ਪਾਕਿਸਤਾਨ ਦੇ ਸਿਆਸੀ ਆਗੂ, ਪੰਜਾਬ ਦੇ ਲੋਕਾਂ ਵਿਚ ਪੰਜਾਬੀ ਬੋਲੀ, ਪੰਜਾਬੀਪੁਣੇ ਤੇ ਪੰਜਾਬੀ ਵਿਰਸੇ ਦੇ ਨਾਂ ਉੱਤੇ ਪੈਦਾ ਹੋਣ ਵਾਲੀ ਇੱਕਮੁੱਠਤਾ ਨੂੰ, ਆਪਣੇ ਸ਼ਰੀਅਤ ਦੇ ਕਾਨੂੰਨ ਹੇਠ ਚੱਲ ਰਹੇ ਦੇਸ ਦੀ ਏਕਤਾ ਲਈ, ਖ਼ਤਰਨਾਕ ਸਮਝਦੇ ਹਨ, ਜਿਸ ਕਰਕੇ ਪੰਜਾਬ ਦੀ ਕਾਨੂੰਨ-ਘੜਨੀ ਸਭਾ ਵਿਚ, ਪੰਜਾਬੀ ਮੈਂਬਰਾਂ ਉੱਤੇ, ਪੰਜਾਬੀ ਵਿਚ ਬੋਲਣ ਦੀ ਮਨਾਹੀ ਹੈ; ਪੰਜਾਬ ਦੀ ਸਰਕਾਰੀ ਬੋਲੀ ਉਰਦੂ ਹੈ; ਪਹਿਲੀ ਜਮਾਤ ਤੋਂ ਲੈ ਕੇ ਉੱਪਰ ਤਕ ਸਾਰੀ ਸਿੱਖਿਆ ਦਾ ਮਾਧਿਅਮ ਉਰਦੂ ਹੈ ਜਾਂ ਅੰਗਰੇਜ਼ੀ; ਮਾਧਿਅਮ ਤਾਂ ਕਿਤੇ ਰਿਹਾ, ਪਹਿਲੇ ਪੰਜ ਸਾਲ ਬੱਚਿਆਂ ਨੂੰ ਸਕੂਲ ਵਿਚ ਪੰਜਾਬੀ ਦੇ ਨੇੜਿਓਂ ਵੀ ਨਹੀਂ ਲੰਘਣ ਦਿੱਤਾ ਜਾਂਦਾ, ਕੁੱਝ ਪੰਜਾਬੀ ਪਿਆਰਿਆਂ ਨੇ 'ਸੱਜਨ' ਨਾਂ ਦਾ ਇਕ ਰੋਜ਼ਾਨਾ ਅਖ਼ਬਾਰ ਲਾਹੌਰੋਂ ਕੱਢਿਆ ਸੀ, ਪਰ ਬੜੀ ਛੇਤੀ ਸਿਸਕ-ਸਿਸਕ ਕੇ ਮਰ ਗਿਆ, ਹਾਲਾਂਕਿ ਉਸ ਵਿਚ ਕੰਮ ਕਰਨ ਵਾਲੇ ਨੌਜਵਾਨ ਆਪਣੀ ਸੇਵਾ ਦਾ ਕੋਈ ਮੁੱਲ ਨਹੀਂ ਸਨ ਲੈਂਦੇ।

ਅੰਗਰੇਜ਼ੀ ਕਈ ਮੁਲਕਾਂ ਵਿਚ ਬੋਲੀ ਜਾਂਦੀ ਹੈ, ਪਰ ਇਕ ਵੀ ਮੁਲਕ, ਜਿਸ ਦੀ ਮਾਂ-ਬੋਲੀ ਅੰਗਰੇਜ਼ੀ ਹੈ, ਆਪਣੀ ਭਾਸ਼ਾ ਦਾ ਉਹੋ ਜਿਹਾ ਵਿਰੋਧ ਨਹੀਂ ਕਰਦਾ, ਜਿਹੋ ਜਿਹਾ ਸਰਕਾਰੀ ਤੇ ਸਿਆਸੀ ਪੱਧਰ ਉੱਤੇ, ਪੱਛਮੀ ਪੰਜਾਬ ਆਪਣੀ ਮਾਂ-ਬੋਲੀ, ਪੰਜਾਬੀ ਦਾ ਕਰ ਰਿਹਾ ਹੈ। ਪੰਜਾਬ ਦੇ ਨਾਲ ਬੰਗਾਲ ਦੀ ਵੀ ਵੰਡ ਹੋਈ ਸੀ, ਪਰ ਬੰਗਾਲੀਆਂ ਨੇ ਬੰਗਾਲੀ ਭਾਸ਼ਾ ਦੀ ਵੰਡ ਨਹੀਂ ਹੋਣ ਦਿੱਤੀ, ਹਾਲਾਂਕਿ ਇਕ ਪਾਸਾ ਹਿੰਦੂ ਸੀ ਤੇ ਦੂਜਾ ਪਾਸਾ ਮੁਸਲਮਾਨ। ਖ਼ੈਰ, ਇਹ ਮਸਲਾ ਪਾਕਿਸਤਾਨੀ ਪੰਜਾਬੀਆਂ ਦਾ ਹੈ ਤੇ ਉਹ ਆਪ ਹੀ ਇਸ ਨੂੰ ਨਜਿੱਠਣਗੇ।

ਮੈਂ ਤਾਂ ਪੰਜਾਬੀ ਦਾ ਹਿਤੈਸ਼ੀ ਹੋਣ ਦੇ ਨਾਤੇ ਇਹੀ ਅਰਦਾਸ ਕਰ ਸਕਦਾ ਹਾਂ ਕਿ ਜਿਵੇਂ ਓਥੋਂ ਦੇ ਸਿਆਣੇ ਲੋਕ ਬੜੀ ਤੀਬਰਤਾ ਨਾਲ ਚਾਹ ਰਹੇ ਹਨ, ਸਰਕਾਰ ਵੱਲੋਂ ਵੀ ਪੰਜਾਬੀ ਦੇ ਰਸਤੇ ਦੀਆਂ ਰੁਕਾਵਟਾਂ ਛੇਤੀ ਹਟਾ ਲਈਆਂ ਜਾਣ।

ਜੋ ਕੁੱਝ 1947 ਤੋਂ ਪਹਿਲਾਂ ਦੀਆਂ ਸਰਕਾਰਾਂ ਪੰਜਾਬੀ ਨਾਲ ਕਰਦੀਆਂ ਰਹੀਆਂ, ਉਹ ਕਿਸੇ ਤੋਂ ਗੁੱਝਾ ਨਹੀਂ—ਏਥੋਂ ਤਕ ਕਿ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਵੀ ਉਸ ਦੇ ਰਾਜ ਦੀ ਸਰਕਾਰੀ ਭਾਸ਼ਾ ਫ਼ਾਰਸੀ ਹੀ ਰਹੀ, ਹਾਲਾਂਕਿ ਮਹਾਰਾਜਾ ਆਪ ਫ਼ਾਰਸੀ ਤੋਂ ਅਣਜਾਣ ਸੀ। ਪਰ ਚੇਤੇ ਰੱਖਣ ਵਾਲੀ ਗੱਲ ਇਹ ਹੈ ਕਿ ਪੰਜਾਬੀ ਜਨਤਾ ਨੇ ਪੰਜਾਬੀ ਭਾਸ਼ਾ ਦਾ ਸਾਥ ਕਦੀ ਨਹੀਂ ਛੱਡਿਆ, ਸੋ ਉਹ ਜੀਉਂਦੀ ਰਹੀ ਤੇ ਜੀਉਂਦੀ ਰਹੇਗੀ ਵੀ, ਪਰ ਸਾਂਝੀ ਪੰਜਾਬੀ ਉੱਤੇ ਮਾਰੂ ਹੱਲੇ ਦਾ ਖ਼ਤਰਾ ਇਕ ਪਾਸਿਓਂ ਹੋਰ ਹੈ, ਜਿਸ ਵੱਲ ਦੂਹਾਂ ਪਾਸਿਆਂ

---

2. ਹੁਣ ਵੱਧ ਸਮਾਂ ਹੋ ਗਿਆ ਹੈ। ਸਰਕਾਰੀ ਬੋਲੀ ਹੋਣ ਦਾ ਐਲਾਨ 29 ਦਸੰਬਰ, 1967 ਨੂੰ ਹੋਇਆ ਸੀ।

WWW.SIKHBOOKCLUB.COM

3. ਹੁਣ ਦੋ ਲੱਖ ਤੋਂ ਟੱਪ ਗਈ ਦੱਸੀਦੀ ਹੈ।

ਦੇ ਸਿਆਣਿਆਂ ਦਾ ਧਿਆਨ ਇਕਦਮ ਜਾਣਾ ਚਾਹੀਦਾ ਹੈ।

ਪਾਕਿਸਤਾਨ ਵਿਚ ਪੰਜਾਬੀ ਲਿਖਣ ਲਈ ਉਰਦੂ ਅੱਖਰ ਵਰਤੇ ਜਾਂਦੇ ਹਨ ਤੇ ਜਦ ਵੀ ਕੋਈ ਸ਼ਬਦ ਘੜਨ ਦੀ ਲੋੜ ਪੈਂਦੀ ਹੈ, ਫ਼ਾਰਸੀ ਤੇ ਅਰਬੀ ਭਾਸ਼ਾਵਾਂ ਦੀਆਂ ਭੜੋਲੀਆਂ ਫਰੋਲੀਆਂ ਜਾਂਦੀਆਂ ਹਨ। ਇਸ ਦੇ ਨਤੀਜੇ ਵਜੋਂ, ਕਈ ਆਲਸੀ ਪਾਕਿਸਤਾਨੀ ਲੇਖਕਾਂ ਦੀਆਂ ਲਿਖਤਾਂ ਵਿਚ, ਅਰਬੀ ਤੇ ਫ਼ਾਰਸੀ ਸ਼ਬਦਾਂ ਦੀ ਏਨੀ ਭਰਮਾਰ ਹੁੰਦੀ ਹੈ ਕਿ ਉਸ ਵਿਚੋਂ ਪੰਜਾਬੀ ਲੱਭਣੀ ਔਖੀ, ਬਲਕਿ ਅਸੰਭਵ ਹੋ ਜਾਂਦੀ ਹੈ।

ਇਸ ਵਰਤਾਰੇ ਦੇ ਉਲਟ, ਭਾਰਤੀ ਪੰਜਾਬ ਵਿਚ ਪੰਜਾਬੀ ਦੀ ਲਿਪੀ ਗੁਰਮੁਖੀ ਹੈ ਤੇ ਲੇਖਕਾਂ ਦਾ ਆਮ ਝੁਕਾ, ਸੰਸਕ੍ਰਿਤ ਮੂਲ ਦੇ ਸ਼ਬਦ ਵਰਤਣ ਵੱਲ ਹੈ। ਸਾਡੇ ਵੀ ਕਈ ਲੇਖਕ, ਹਿੰਦੀ ਤੇ ਸੰਸਕ੍ਰਿਤ ਦੇ ਏਨੇ ਦਬੇਲ ਬਣੇ ਹੋਏ ਹਨ ਕਿ ਕਈ ਵਾਰੀ, ਇਨ੍ਹਾਂ ਦੇ ਲਫ਼ਜ਼ੀ ਬੁਹਲਾਂ ਵਿਚੋਂ ਪੰਜਾਬੀ ਦਾ ਇਕ ਦਾਣਾ ਲੱਭਣਾ ਵੀ ਔਖਾ ਹੋ ਜਾਂਦਾ ਹੈ।

ਮੈਂ ਭੁੱਲਿਆ ਹੋਇਆ ਨਹੀਂ ਕਿ ਪਾਕਿਸਤਾਨ ਤੇ ਭਾਰਤ ਦੀਆਂ ਲਿਖਣ-ਜੁਗਤਾਂ ਤੇ ਲਿਖਣ-ਸ਼ੈਲੀਆਂ ਵਿਚ ਪਏ ਹੋਏ ਫ਼ਰਕਾਂ ਦੇ ਬਾਵਜੂਦ, ਪੰਜਾਬੀਅਤ ਦੀ ਸਾਂਝ ਅਜੇ ਬਣੀ ਹੋਈ ਹੈ, ਪਰ ਜੇ ਕੋਈ ਇਹ ਦਾਅਵਾ ਕਰੇ ਕਿ ਦੋਹਾਂ ਦੇਸਾਂ ਦੇ ਰਾਜਸੀ ਤੇ ਸਿਆਸੀ ਫ਼ਰਕਾਂ ਅਤੇ ਮਜ਼ਹਬੀ ਤਅੱਸੁਬਾਂ ਦੇ ਬਾਵਜੂਦ, ਅਤੇ ਸ਼ਬਦ-ਭੰਡਾਰਾਂ ਦੇ ਸੋਮਿਆਂ ਤੇ ਲਿਪੀਆਂ ਦੇ ਵਖਰੇਵੇਂ ਦੇ ਲਗਾਤਾਰ ਜਾਰੀ ਰਹਿਣ ਉੱਤੇ ਵੀ, ਸਾਂਝੇ ਪੰਜਾਬੀ ਕਲਚਰ ਦੇ ਮੂੰਹ-ਮੁਹਾਂਦਰੇ ਜਾਂ ਉਸ ਦੀ ਇਕਾਗਰਤਾ ਨੂੰ ਕੋਈ ਠੇਸ ਨਹੀਂ ਪਹੁੰਚਣ ਲੱਗੀ, ਤਾਂ ਮੈਂ ਝਟਪਟ ਉਸ ਦੀ 'ਹਾਂ' ਵਿਚ 'ਹਾਂ' ਮਿਲਾਉਣ ਨੂੰ ਤਿਆਰ ਨਹੀਂ ਹੋਵਾਂਗਾ।

ਅਸੀਂ ਪੂਰਬੀ ਪੰਜਾਬ ਵਿਚ ਪੰਜਾਬੀ ਲਈ ਜੋ ਕੁੱਝ ਹਾਸਿਲ ਕਰ ਚੁੱਕੇ ਹਾਂ, ਉਸ ਨੇ ਸਗੋਂ ਸਾਡੀ ਭੁੱਖ ਨੂੰ ਹੋਰ ਚਮਕਾ ਦਿੱਤਾ ਹੈ। ਅਸੀਂ ਤਾਂ ਨਿੱਤ, ਇਸ ਦੇ ਹਰ ਪੱਖ ਵਿਚ, ਅੱਗੇ ਤੋਂ ਅਗੇਰੇ ਵਧਣ ਦੀ ਝਾਕ ਰੱਖਣੀ ਹੈ ਤੇ ਵਧਣਾ ਵੀ ਹੈ। ਕਿਤੇ ਐਸਾ ਨਾ ਹੋਵੇ ਕਿ ਇਸ ਦੌੜ ਵਿਚ, ਸਾਡੀ ਪੰਜਾਬੀ ਨਾਲ ਕਦਮ ਨਾ ਮਿਲਾ ਸਕਣ ਦੇ ਕਾਰਨ, ਸਾਡੇ ਪਾਕਿਸਤਾਨੀ ਵੀਰਾਂ ਦੀ ਪੰਜਾਬੀ ਫਾਡੀ ਬਣ ਜਾਏ।

ਮੈਨੂੰ ਸੱਚੀ ਮੁੱਚੀ ਦਾ ਡਰ ਹੈ ਕਿ ਜੇ ਇਕ ਧਿਰ ਵੱਲੋਂ ਪਾੜੇ ਨੂੰ ਹਰ ਤਰੀਕੇ ਨਾਲ ਵਧਾਉਣ ਵਾਲੀ ਨੀਤੀ ਬਹੁਤੀ ਦੇਰ ਚਾਲੂ ਰਹਿ ਗਈ ਤਾਂ ਦੋ ਪੰਜਾਬਾਂ ਦੀ ਤਰ੍ਹਾਂ ਕਿਤੇ ਦੋ ਪੰਜਾਬੀਆਂ ਵੀ ਨਾ ਬਣ ਜਾਣ ਤੇ ਆਮ ਲੋਕ, ਇਕ ਦੂਜੇ ਨੂੰ ਪੂਰੀ ਤਰ੍ਹਾਂ ਸਮਝਣ-ਸਮਝਾਉਣ ਦੀ ਖਮਤਾ ਵੀ ਨਾ ਗਵਾ ਬੈਠਣ।

ਰੱਬ ਨਾ ਕਰੇ, ਜੇ ਭਲਾ ਇਸ ਤਰ੍ਹਾਂ ਦੀ ਕਿਸੇ ਦੁਰਘਟਨਾ ਦੇ ਵਾਪਰਨ ਦੀ ਸੰਭਾਵਨਾ ਉੱਘੜ ਹੀ ਖਲੋਵੇ ਤਾਂ ਇਸ ਨਾਲ ਪੰਜਾਬੀ ਲੋਕਾਂ, ਪੰਜਾਬੀ ਕਲਚਰ ਤੇ ਪੰਜਾਬੀਪੁਣੇ ਦੇ ਜਥੇ ਵਿਚ ਭਾਰੀ ਊਣ ਵਾਪਰ ਜਾਵੇਗੀ।

ਪੱਛਮੀ ਪੰਜਾਬ ਹੁਣ ਆਪਣੀ ਰਹਿਤਲ ਦੀ ਉਮਰ ਦਾ ਲੇਖਾ ਮੋਇਓਂ-ਜੋ-ਦੜੋ ਤੇ ਹੜੱਪਾ ਤੇ ਰਿਗਵੇਦ ਤੋਂ ਚੁੱਕਦਾ ਹੈ, ਜੋ ਉਸ ਦਾ ਹੱਕ ਹੈ ਤੇ ਸਾਡਾ ਵੀ, ਪਰ ਜੇ ਸਾਂਝੇ ਪੰਜਾਬੀ ਰਹਿਤਲ ਦੀ ਥਾਂ ਦੋ ਵੱਖ ਵੱਖ ਪੰਜਾਬੀ ਰਹਿਤਲਾਂ ਬਣ ਗਈਆਂ ਤਾਂ ਵਾਘਿਓਂ ਪਾਰ ਵਾਲੇ ਪੰਜਾਬ ਨੂੰ ਜਿਸ ਵਿਰਸੇ ਉੱਤੇ ਨਾਜ਼ ਹੋਇਆ ਕਰੇਗਾ, ਉਸ ਦਾ ਆਰੰਭ ਮੁਹੰਮਦ ਬਿਨ ਕਾਸਿਮ ਦੀ ਜਿੱਤ (712 ਈ.) ਤੋਂ ਹੋਵੇਗਾ, ਜਦ ਕਿ ਪੂਰਬੀ ਪੰਜਾਬ ਦੇ ਵਿਰਸੇ ਦਾ ਆਰੰਭ, ਪਾਕਿਸਤਾਨੀ ਪੰਜਾਬ ਦੇ ਜਵਾਬ ਵਿਚ, ਗੁਰੂ ਨਾਨਕ ਦੇਵ ਜੀ ਦੇ ਸ਼ੁਭ ਆਗਮਨ (1469 ਈ.) ਤੋਂ।

WWW.SIKHBOOKCLUB.COM

ਇਹ ਦੁਰਘਟਨਾ ਨਹੀਂ ਵਾਪਰਨੀ ਚਾਹੀਦੀ, ਵਰਨਾ ਪੰਜਾਬ ਤੋਂ ਬਾਹਰ ਦੇ ਪੰਜਾਬੀ, ਜੋ ਇਸ ਵੇਲੇ ਭਾਰਤੀ ਜਾਂ ਪਾਕਿਸਤਾਨੀ ਹੋਣ ਦੇ ਬਾਵਜੂਦ, ਪੰਜਾਬੀ ਦੇ ਨਾਂ ਉੱਤੇ ਜੁੜ ਬੈਠਦੇ ਹਨ, ਫਾੜੀ ਫਾੜੀ ਹੋ ਜਾਣਗੇ ਤੇ ਜਿਹੜਾ ਪਾਰ ਦਾ ਗਾਮਾ, ਹੁਣ, ਸਰਹੱਦ ਦੇ ਉੱਪਰ ਬੈਠ ਕੇ ਉਰਾਰ ਦੇ ਸੰਤੂ ਪਾਸੋਂ ਲਤੀਫ਼ੇ ਸੁਣ ਸੁਣ ਲੋਟਪੋਟ ਹੁੰਦਾ ਹੈ ਤੇ ਸੁਣਾ ਸੁਣਾ ਢਿੱਡੀਂ ਪੀੜਾਂ ਪਾਉਂਦਾ ਹੈ, ਉਸ ਨੂੰ ਪਾਸਾ ਮਰੋੜ ਕੇ ਓਪਰਿਆਂ ਦੀ ਤਰ੍ਹਾਂ ਕੋਲੋਂ ਲੰਘ ਜਾਣਾ ਪਿਆ ਕਰੇਗਾ।

ਭਲੇ ਨੂੰ, ਦੁਹਾਂ ਪਾਸਿਆਂ ਦੇ ਕਾਫ਼ੀ ਸਿਆਣੇ ਇਸ ਖ਼ਤਰੇ ਤੋਂ ਜਾਣੂ ਹਨ ਤੇ ਇਸ ਤੋਂ ਪਹਿਲਾਂ ਕਿ ਪੰਜਾਬ ਦੇ ਸਾਂਝੇ ਕਲਚਰ ਵਿਚ ਵੰਡੀ ਪਾਉਣ ਵਾਲਿਆਂ ਦੀ ਚਾਲ ਕਾਮਯਾਬ ਹੋ ਜਾਏ, ਚਾਹੁੰਦੇ ਹਨ ਕਿ ਪੰਜਾਬੀ ਲੇਖਕਾਂ ਵਿਚ ਇਕ 'ਸਾਂਝੀ ਬੁਨਿਆਦੀ ਪੰਜਾਬੀ' ਬੋਲੀ ਦੀ ਲਹਿਰ ਜ਼ੋਰ ਫੜ ਜਾਵੇ ਤੇ ਜਿੰਨਾ ਚਿਰ ਦੋਵੇਂ ਧਿਰਾਂ ਇਕ ਲਿਪੀ ਉੱਤੇ ਸਹਿਮਤ ਨਹੀਂ ਹੋ ਜਾਂਦੀਆਂ, ਦੁਹਾਂ ਪਾਸਿਆਂ ਦੇ ਲੇਖਕ ਦੋਵੇਂ ਲਿਪੀਆਂ ਸਿੱਖਣ ਦੀ ਹਿੰਮਤ ਕਰਨ ਤਾਂ ਜੋ ਗਾਮੇ ਤੇ ਸੰਤੇ ਦੀ ਗਲਵਕੜੀ ਹਮੇਸ਼ਾ ਲਈ ਕਾਇਮ ਰਹਿ ਸਕੇ।

'ਸਾਂਝੀ ਬੁਨਿਆਦੀ ਪੰਜਾਬੀ' ਦਾ ਕੰਮ, ਜੇ ਦੁਹਾਂ ਪੰਜਾਬਾਂ ਦੀਆਂ ਅਦਬੀ ਸਭਾਵਾਂ ਰਲ ਕੇ ਸਾਂਭ ਲੈਣ ਤਾਂ ਕਿਆ ਕਹਿਣੇ, ਵਰਨਾ ਪੰਜਾਬੀ ਯੂਨੀਵਰਸਿਟੀ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚੋਂ ਕੋਈ ਇਕ, ਜਾਂ ਦੋਵੇਂ ਰਲ ਕੇ, ਸਾਂਝੇ ਤੌਰ ਉੱਤੇ ਹੱਥ ਵਿਚ ਲੈ ਸਕਦੀਆਂ ਹਨ। ਪੂਰਬੀ ਪੰਜਾਬ ਵਿਚ ਪ੍ਰਿੰਸੀਪਲ ਐਸ.ਐਸ. ਅਮੋਲ ਨੇ ਆਪਣੀ ਪੁਸਤਕ *ਬੇਸਿਕ ਪੰਜਾਬੀ* (ਧਨਪਤ ਰਾਏ, ਦਿੱਲੀ; 1963) ਰਾਹੀਂ ਤੇ ਪੱਛਮੀ ਪੰਜਾਬ ਵਿਚ ਮੁਹੰਮਦ ਆਸਿਫ਼ ਖ਼ਾਂ, ਸ਼ਰੀਫ਼ ਸਾਬਿਰ ਤੇ ਸਿਬਤੁਲ-ਹਸਨ ਜ਼ੈਗ਼ਮ ਦੀ ਸਾਂਝੀ ਰਚਨਾ *ਮੁੱਢਲੀ ਲਫ਼ਜ਼ਾਲੀ* (ਪਾਕਿਸਤਾਨ ਪੰਜਾਬੀ ਅਦਬੀ ਬੋਰਡ, ਲਾਹੌਰ; 1976) ਰਾਹੀਂ ਅੱਗੇ ਹੀ ਇਹ ਕੰਮ ਸ਼ੁਰੂ ਕੀਤਾ ਜਾ ਚੁੱਕਾ ਹੈ।

ਇਕ ਹੋਰ ਵੱਡਾ ਮਸਲਾ, ਜਿਹੜਾ ਕਈ ਲੋਕਾਂ ਨੂੰ ਪੰਜਾਬੀ ਦੀ ਵਰਤੋਂ ਦੇ ਰਾਹ ਵਿਚ ਵੱਡਾ ਅੜਿੱਕਾ ਬਣਿਆ ਦਿੱਸਦਾ ਰਹਿੰਦਾ ਹੈ, ਇਸ ਭਾਸ਼ਾ ਵਿਚ ਅੱਜ ਦੇ ਸਾਰੇ ਨਵੇਂ ਗਿਆਨ ਲਈ ਤਕਨੀਕੀ ਸ਼ਬਦਾਂ ਦੀ ਅਣਹੋਂਦ ਜਾਂ ਘਾਟ ਦਾ ਹੈ।

ਅਸਲ ਵਿਚ ਘਾਟ ਏਨੀ ਸ਼ਬਦਾਂ ਦੀ ਨਹੀਂ ਜਿੰਨੀ ਪੰਜਾਬੀ ਵਿਚ ਸੋਚ ਸਕਣ ਵਾਲੇ, ਵੱਖ ਵੱਖ ਮਜ਼ਮੂਨਾਂ ਦੀ ਮੁਹਾਰਤ ਰੱਖਣ ਵਾਲੇ ਵਿਦਵਾਨਾਂ ਦੀ ਹੈ। ਜੇ ਝੰਗ ਦਾ ਜੰਮ-ਪਲ, ਜਿਸ ਨੂੰ ਫ਼ਿਜ਼ਿਕਸ ਦੀ ਖੋਜ ਉੱਤੇ ਨੋਬੇਲ ਇਨਾਮ ਮਿਲ ਚੁੱਕਾ ਹੈ (ਡਾ. ਅਬਦੁੱਸ-ਸਲਾਮ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਚ ਆਪਣੀ ਨਵੀਂ ਖੋਜ ਬਾਰੇ ਪੰਜਾਬੀ ਵਿਚ ਬੋਲ ਗਿਆ ਤੇ ਆਪਣੀ ਸਾਰੀ ਗੱਲ ਪੰਡਾਲ ਵਿਚ ਬੈਠੇ ਸਾਰੇ ਸਰੋਤਿਆਂ ਨੂੰ ਸਮਝਾ ਵੀ ਗਿਆ ਤੇ ਇਸ ਦਾ ਇਕ ਕਾਰਨ ਤਾਂ ਇਹ ਸੀ ਕਿ ਉਸ ਨੂੰ ਆਪਣਾ ਮਜ਼ਮੂਨ ਚੰਗੀ ਤਰ੍ਹਾਂ ਆਉਂਦਾ ਸੀ ਤੇ ਦੂਜਾ ਕਾਰਨ ਇਹ ਕਿ ਜੋ ਬੋਲੀ ਉਸ ਨੇ ਮਾਂ ਦੀ ਕੁੱਛੜ ਵਿਚ ਬੈਠ ਕੇ ਸਿੱਖੀ ਸੀ, ਉਸ ਨੂੰ ਉਸ ਨੇ ਬੇਦਾਵਾ ਨਹੀਂ ਸੀ ਦਿੱਤਾ ਹੋਇਆ।

ਮੇਰਾ ਨਿਸਚਾ ਹੈ ਕਿ ਜਿੰਨਾ ਚਿਰ ਅੰਗਰੇਜ਼ੀ ਜਾਂ ਕਿਸੇ ਹੋਰ ਬੋਲੀ ਵਿਚ ਸੋਚ ਕੇ ਤੇ ਪੰਜਾਬੀ ਵਿਚ ਉਲਥਾ ਕੇ ਲਿਖਣ ਦੀ ਆਦਤ ਨਹੀਂ ਜਾਂਦੀ, ਓਨਾ ਚਿਰ ਪੰਜਾਬੀ ਦੇ ਲੇਖਕ ਸਾਨੂੰ ਜੂਠ ਹੀ ਖਵਾਉਂਦੇ ਰਹਿਣਗੇ; ਉਨ੍ਹਾਂ ਪਾਸੋਂ ਕਿਸੇ ਉੱਚੇ ਪੱਧਰ ਦੀ ਮੌਲਿਕ ਰਚਨਾ ਦੀ ਆਸ ਰੱਖਣੀ ਫ਼ਜ਼ੂਲ ਹੈ। ਅਸਲ ਮੁੱਲਵਾਨ ਕੰਮ ਓਦੋਂ ਹੀ ਸ਼ੁਰੂ ਹੋਵੇਗਾ, ਜਦੋਂ ਵੱਖ ਵੱਖ ਮਜ਼ਮੂਨਾਂ ਨੂੰ ਅੰਦਰੋਂ-ਬਾਹਰੋਂ ਜਾਣਨ ਵਾਲੇ ਵਿਦਵਾਨ, ਆਪੋ-ਆਪਣੇ ਮਜ਼ਮੂਨ, ਸਿੱਧੇ ਪੰਜਾਬੀ ਵਿਚ ਲਿਖਣੇ ਸ਼ੁਰੂ ਕਰਨਗੇ। ਮਜ਼ਮੂਨ ਆਉਂਦਾ ਹੋਵੇ ਤਾਂ ਲਫ਼ਜ਼ ਆਪੇ ਲੱਭ ਪੈਂਦੇ ਹਨ, ਇਹ ਕੋਈ

WWW.SIKHBOOKCLUB.COM 

ਹੋਰ ਚੋਟੀ ਦੇ ਭਾਰਤੀ ਵਿਗਿਆਨੀ ਡਾ. ਮੇਘ ਨਾਥ ਸਹਾ ਦਾ ਕਥਨ ਹੈ।

ਜਿਨ੍ਹਾਂ ਸਮਿਆਂ ਵਿਚ ਸਰਕਾਰਾਂ ਪੰਜਾਬੀ ਵੱਲ ਪਿੱਠ ਕਰ ਕੇ ਖੜੀਆਂ ਹੁੰਦੀਆਂ ਸਨ, ਉਨ੍ਹਾਂ ਸਮਿਆਂ ਵਿਚ ਜਿਸ ਪੰਜਾਬੀ ਜਨਤਾ ਨੇ ਪੰਜਾਬੀ ਨੂੰ ਜੀਉਂਦੀ ਰੱਖਿਆ ਹੈ, ਹੋਰ ਕਿਸੇ ਤੋਂ ਨਹੀਂ ਤਾਂ ਉਸ ਤੋਂ ਹੀ ਸਬਕ ਸਿੱਖ ਲਈਏ, ਅਗਲੇ ਸਾਰੇ ਰਾਹ ਆਪੇ ਮੋਕਲੇ ਹੁੰਦੇ ਜਾਣਗੇ। ਹੋਰ ਤਾਂ ਹੋਰ, ਅੱਜ ਵੀ, ਪੰਜਾਬੀ ਲੋਕ ਸਾਡੇ ਵਿਦਵਾਨਾਂ ਤੋਂ ਪਹਿਲਾਂ, ਪੰਜਾਬੀ ਨੂੰ ਨਵੇਂ ਜ਼ਮਾਨੇ ਦੇ ਹਾਣ ਦਾ ਬਣਾਉਣ ਵਿਚ ਹਿੱਸਾ ਲਗਾਤਾਰ ਪਾਈ ਜਾ ਰਹੇ ਹਨ, ਕਿਉਂਕਿ ਉਹ ਨਿੱਤ-ਨਵੀਆਂ ਕਾਢਾਂ ਤੇ ਸਿਆਸੀ ਕਾਰਗੁਜ਼ਾਰੀਆਂ ਬਾਰੇ ਗੁੰਗ ਤਾਂ ਵੱਟ ਨਹੀਂ ਸਕਦੇ, ਆਪਸ ਵਿਚ ਖੁੱਲ੍ਹ ਕੇ ਗੱਲਾਂ ਕਰਦੇ ਤੇ ਇਕ ਦੂਜੇ ਨੂੰ ਸਭ ਕੁੱਝ ਸਮਝਾ ਲੈਂਦੇ ਹਨ।

ਅੱਜ ਜੇ ਪੰਜਾਬੀ ਬੋਲਣ ਵਾਲਿਆਂ ਨੂੰ ਪਤਾ ਲਗ ਵੀ ਜਾਏ ਕਿ 'ਸੁਰੰਗ' ਯੂਨਾਨੀ ਮੂਲ ਦਾ ਸ਼ਬਦ ਹੈ, 'ਲਾਮ' ਫ਼ਰਾਂਸ ਤੋਂ ਲਿਆਂਦਾ ਗਿਆ ਹੈ, 'ਪਜਾਮਾ' ਈਰਾਨ ਤੋਂ ਆਇਆ ਹੈ ਤੇ 'ਜ਼ਿਲੇ' ਜਾਂ 'ਤਸੀਲ' ਦੀ ਜੜ੍ਹ ਅਰਬ ਵਿਚ ਜਾ ਨਿਕਲਦੀ ਹੈ, ਤਾਂ ਉਨ੍ਹਾਂ ਨੂੰ ਕੀ ਫ਼ਰਕ ਪੈਂਦਾ ਹੈ? ਇਹੋ ਜਿਹੇ ਹਜ਼ਾਰਾਂ ਸ਼ਬਦ ਉਸ ਦਾ ਕੰਮ ਵਧੀਆ ਸਾਰਦੇ ਰਹੇ ਹਨ, ਸਾਰ ਰਹੇ ਹਨ ਤੇ ਸਾਰਦੇ ਵੀ ਰਹਿਣਗੇ।

ਇਸੇ ਤਰ੍ਹਾਂ, ਰੇਡੀਓ ਹੈ ਕਿ ਟੀ.ਵੀ., ਫ਼ਿਲਮ ਹੈ ਕਿ ਸਿਨੇਮਾ, ਕੰਪਿਊਟਰ ਹੈ ਕਿ ਰੌਕਿਟ, ਲੋਕ ਹਰ ਨਵੀਂ ਚੀਜ਼ ਨੂੰ, ਉਸ ਦੇ ਨਾਂ ਸਮੇਤ ਅਪਣਾਈ ਜਾ ਰਹੇ ਹਨ, ਭਾਵੇਂ ਉਹ ਸ਼ਬਦ ਕਿਸੇ ਦੇਸ ਤੇ ਕਿਸੇ ਭਾਸ਼ਾ ਦਾ ਹੋਵੇ।

ਆਮ ਲੋਕਾਂ ਨੇ ਅਸੂਲ ਇਹ ਘੜਿਆ ਹੋਇਆ ਹੈ ਕਿ ਸ਼ਬਦ ਲੈਣ ਵਿਚ ਸੰਕੋਚ ਨਾ ਵਰਤੋ। ਪੰਜਾਬੀ ਮਿੱਸੀ ਭਾਸ਼ਾ ਹੈ, ਇਸ ਦਾ ਹਾਜ਼ਮਾ ਤਗੜਾ ਹੈ, ਸਿਰਫ਼ ਖ਼ਿਆਲ ਇਸ ਗੱਲ ਦਾ ਰੱਖੋ ਕਿ ਸ਼ਬਦ ਨੂੰ ਬੋਲਣ ਲੱਗਿਆਂ ਪੰਜਾਬੀ ਉੱਚਾਰਣ ਦੇ ਕੁਦਰਤੀ ਅਸੂਲ ਭੰਗ ਨਾ ਹੋਣ। ਜੇ ਲੋੜ ਪਵੇ ਤਾਂ ਉਸ ਦਾ ਉੱਚਾਰਣ ਆਪਣੇ ਗਲੇ ਦੇ ਧੁਨੀ-ਜੰਤਰ ਦੀ ਲੋੜ ਅਨੁਸਾਰ ਢਾਲਿਆ ਵੀ ਜਾ ਸਕਦਾ ਹੈ। ਇਉਂ ਨਾ ਹੁੰਦਾ ਤਾਂ ਪੰਜਾਬੀ ਲੋਕ ਸੰਸਕ੍ਰਿਤ ਦੀ 'ਲਕਸ਼ਮੀ' ਨੂੰ ਪਹਿਲਾਂ 'ਲੱਛਮੀ' ਤੇ ਫੇਰ 'ਲੱਛੋ-ਬਾਂਦਰੀ' ਕਿਵੇਂ ਬਣਾ ਸਕਦੇ ਸਨ?

ਇਸ ਨੁਕਤੇ ਨੂੰ ਆਪਣਾ ਆਰੰਭਿਕ ਅਸੂਲ ਮੰਨ ਕੇ ਵਿਦਵਾਨ ਤਕਨੀਕੀ ਸ਼ਬਦਾਂ ਦੇ ਮਸਲੇ ਨੂੰ ਇਕੱਠੇ ਬੈਠ ਕੇ ਨਜਿੱਠ ਸਕਦੇ ਹਨ, ਪਰ ਇਨ੍ਹਾਂ ਸ਼ਬਦਾਂ ਦੀ ਕਥਿਤ ਥੁੜ ਨੂੰ ਬਹਾਨਾ ਬਣਾ ਕੇ ਆਪਣੇ ਲੋਕਾਂ ਨੂੰ ਨਵੇਂ ਗਿਆਨ ਤੋਂ ਵਾਂਝਾ ਰੱਖਣਾ, ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਹੈ।

ਮੇਰੇ ਅਗਲੇ ਨੁਕਤੇ ਦਾ ਸਬੰਧ ਪਰਵਾਸੀਆਂ ਦੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਨਾਲ ਜੋੜੀ ਰੱਖਣ ਨਾਲ ਹੈ। ਮੈਂ ਆਪਣਾ ਸਾਰਾ ਜ਼ੋਰ ਉਸ ਪਾਸੇ ਵੱਲ ਲਾਉਣਾ ਚਾਹੁੰਦਾ ਹਾਂ ਜਿਸ ਪਾਸੇ ਤੁਰਨ ਨਾਲ ਪਰਵਾਸੀ ਬੱਚੇ ਸੌਖ ਨਾਲ ਪੰਜਾਬੀ ਪੜ੍ਹ ਸਕਣ, ਸਮਝ ਸਕਣ ਤੇ ਬੋਲ ਸਕਣ। ਜੇ ਲਿਖਣ ਜੋਗੇ ਹੋ ਜਾਣ ਤਾਂ ਘਿਉ ਦੇ ਦੀਵੇ ਜਗਾਉਣ ਵਾਲੀ ਗੱਲ ਹੋਵੇਗੀ, ਪਰ ਜੇ ਲਿਖਣ ਜੋਗੇ ਨਾ ਵੀ ਹੋਣ ਤਾਂ ਕੋਈ ਗੱਲ ਨਹੀਂ।

ਕਿਸੇ ਬਦੇਸੀ ਨੂੰ ਪੰਜਾਬੀ ਪੜ੍ਹਾਉਣ ਨਾਲੋਂ ਪਰਵਾਸੀ ਪੰਜਾਬੀ ਮਾਪਿਆਂ ਦੇ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਦਾ ਕੰਮ ਕੁੱਝ ਸੌਖਾ ਹੋਣਾ ਚਾਹੀਦਾ ਹੈ, ਕਿਉਂਕਿ ਉਨ੍ਹਾਂ ਦੇ ਕੰਨ, ਕੁੱਝ ਨਾ ਕੁੱਝ, ਪੰਜਾਬੀ ਧੁਨੀਆਂ ਤੇ ਸ਼ਬਦਾਂ ਦੇ ਤੇ ਉਨ੍ਹਾਂ ਦੇ ਦਿਮਾਗ਼, ਕੁੱਝ ਨਾ ਕੁੱਝ, ਅਰਥਾਂ ਦੇ ਜਾਣੂ ਹੋ ਹੀ ਜਾਂਦੇ ਹਨ। ਇਸ ਗੱਲ ਨੂੰ ਸਾਹਮਣੇ ਰੱਖ ਕੇ ਇਕ ਵੱਡਾ ਪ੍ਰੋਗਰਾਮ ਤਿਆਰ ਹੋਣਾ ਚਾਹੀਦਾ ਹੈ, ਜਿਸ ਵਿਚ ਸ਼ਾਮਿਲ ਹੋਵੇ:

WWW.SIKHBOOKCLUB.COM

(1) ਪਾਠ-ਪੁਸਤਕਾਂ ਦੀ ਤਿਆਰੀ;
(2) ਜੇਬੀ ਤੇ ਸਚਿੱਤਰ ਸ਼ਬਦ-ਕੋਸ਼ਾਂ ਦੀ ਤਿਆਰੀ;
(3) ਸਹਾਇਕ ਪੁਸਤਕਾਂ ਦੀ ਤਿਆਰੀ;
(4) ਕੰਪਿਊਟਰਾਂ ਦੀ ਸੌਫ਼ਟਵੇਅਰ ਦੀ ਤਿਆਰੀ; ਅਤੇ
(5) ਫ਼ਿਲਮਾਂ ਤੇ ਵੀਡੀਓ ਕੈਸਟਾਂ, ਆਦਿ ਦੀ ਤਿਆਰੀ।

ਸਲਾਈਡਾਂ, ਤਸਵੀਰਾਂ, ਨਕਸ਼ੇ ਤੇ ਸਚਿੱਤਰ ਰਿਸਾਲੇ ਇਨ੍ਹਾਂ ਤੋਂ ਵੱਖਰੇ ਹਨ।

ਇਹ ਕੋਈ ਘਾਟੇਵੰਦਾ ਸੌਦਾ ਨਹੀਂ ਹੋਣ ਲੱਗਾ ਕਿਉਂਕਿ ਇਸ ਸਾਮਗ੍ਰੀ ਦੀ ਖਪਤ ਪੰਜਾਬ ਵਿਚ ਹੀ ਕਾਫ਼ੀ ਹੋ ਜਾਇਆ ਕਰੇਗੀ।

ਪੰਜਾਬ ਸਕੂਲ ਐਜੂਕੇਸ਼ਨ ਬੋਰਡ, ਚੰਡੀਗੜ੍ਹ ਦੇ ਮੌਜੂਦਾ ਚੇਅਰਮੈਨ ਨਾਲ ਮੇਰੀ ਗੱਲ ਹੋਈ ਹੈ, ਉਹ ਇਸ ਕੰਮ ਵਿਚ ਹੱਥ ਵਟਾਉਣ ਨੂੰ ਤਿਆਰ ਹਨ।

ਮੇਰਾ ਸੁਝਾਉ ਹੈ ਕਿ ਸਿੰਗਾਪੁਰ ਦੇ ਆਗੂ, ਖ਼ਾਸ ਕਰਕੇ ਸ. ਭਜਨ ਸਿੰਘ, ਜੋ ਇਸ ਕੰਮ ਵਿਚ ਅੱਗੇ ਹੀ ਬੜੇ ਸਚੇਤ ਤੇ ਸਰਗਰਮ ਹਨ, ਭਾਰਤ ਤੋਂ ਛੁੱਟ, ਅਮਰੀਕਾ, ਕਨੇਡਾ, ਇੰਗਲੈਂਡ, ਥਾਈਲੈਂਡ, ਮਲੇਸ਼ੀਆ ਤੇ ਕੀਨੀਆ ਦੇ ਕੁੱਝ ਜਾਣਕਾਰ ਨੁਮਾਇੰਦਿਆਂ ਨੂੰ ਨਾਲ ਲੈ ਕੇ, ਇਕ 'ਪੰਜਾਬੀ ਐਜੂਕੇਸ਼ਨ ਫ਼ਾਊਂਡੇਸ਼ਨ' ਕਾਇਮ ਕਰਨ, ਜੋ ਇਹ ਸਾਰਾ ਕੰਮ ਹੱਥ ਵਿਚ ਲਵੇ, ਜਿੱਥੇ ਜਿੱਥੇ ਪੰਜਾਬੀ ਵੱਸਦੇ ਹਨ, ਓਥੇ ਓਥੇ ਲਾਇਬ੍ਰੇਰੀਆਂ ਖੜੀਆਂ ਕਰਵਾ ਕੇ ਸਾਰਾ ਤਿਆਰ ਕੀਤਾ ਸਾਮਾਨ ਉਨ੍ਹਾਂ ਤਕ ਪਹੁੰਚਾਉਣ ਦਾ ਸਾਧਨ ਬਣੇ ਤੇ ਸਾਰੇ ਪਰਵਾਸੀ ਮਾਪਿਆਂ ਤੇ ਬੱਚਿਆਂ ਦੇ ਸ਼ੁਕਰਾਨੇ ਦੀ ਹੀ ਨਹੀਂ, ਸਾਰੇ ਪੰਜਾਬੀ ਜਗਤ ਦੇ ਸ਼ੁਕਰਾਨੇ ਦੀ ਪਾਤਰ ਬਣੇ।

## 6

ਹੁਣ ਥੋੜੀ ਜਿਹੀ ਗੱਲ ਪੰਜਾਬੀ ਸਾਹਿੱਤ ਬਾਰੇ।

ਜਿਨ੍ਹਾਂ ਲੋਕਾਂ ਦੇ ਵੱਡੇ-ਵਡੇਰੇ, ਦੁਨੀਆ ਵਿਚ ਸਭ ਤੋਂ ਪਹਿਲਾਂ, ਅੱਖਾਂ ਨਾਲ ਦਿੱਸਦੀਆਂ ਸਥੂਲ ਵਸਤਾਂ ਦੇ ਧੁਰ ਅੰਦਰੋਂ, ਪਰਮ-ਅਰਥ ਭਾਲਣ ਲਈ ਜੂਝਦੇ ਰਹੇ, ਉਨ੍ਹਾਂ ਦੀ ਮੁਹਰਲੀ ਕਤਾਰ ਵਿਚ ਪੰਜਾਬੀ ਲੋਕ, ਬੜੇ ਫ਼ਖ਼ਰ ਨਾਲ, ਖੜੇ ਹੋ ਸਕਦੇ ਹਨ।

ਰਿਗਵੇਦ ਦੀਆਂ ਰਿਚਾਵਾਂ ਵਿੱਚੋਂ ਬਹੁਤੀਆਂ, ਪੁਰਾਣੇ ਪੰਜਾਬ ਦੀਆਂ ਨਦੀਆਂ ਦੇ ਕੰਢਿਆਂ ਉੱਤੇ ਬਣੇ ਆਸ਼ਰਮਾਂ ਵਿਚ ਬੈਠੇ ਪੰਜਾਬੀ ਰਿਸ਼ੀਆਂ ਦੀਆਂ ਰਚੀਆਂ ਹੋਈਆਂ ਹਨ।

ਦੁਨੀਆ ਦੇ ਸਾਹਿੱਤ ਤੇ ਫ਼ਲਸਫ਼ੇ ਦੀ ਇਕ ਸ਼ਾਨਦਾਰ ਰਚਨਾ 'ਗੀਤਾ', ਪੰਜਾਬ ਦੀ ਧਰਤੀ ਉੱਤੇ ਪੈਦਾ ਹੋਈ।

ਦੁਨੀਆ ਦੇ ਇੱਕੋ-ਇੱਕ 'ਗ੍ਰੰਥ-ਗੁਰੂ' ਨੇ ਵੀ, ਪੰਜਾਬ ਦੀ ਧਰਤੀ ਉੱਤੇ ਹੀ ਅਵਤਾਰ ਧਾਰਿਆ ਤੇ ਬਾਬਾ ਫ਼ਰੀਦ, ਗੁਰੂ ਨਾਨਕ, ਹੋਰ ਗੁਰੂ ਸਾਹਿਬਾਨ ਤੇ ਬਹੁਤ ਸਾਰੇ ਭਗਤ-ਕਵੀਆਂ ਦੀਆਂ ਰਚਨਾਵਾਂ, ਆਪਣਾ ਸਾਂਝਾ ਵਿਰਸਾ ਸਮਝ ਕੇ, ਆਉਂਦੀਆਂ ਨਸਲਾਂ ਲਈ ਸਾਂਭ ਲਈਆਂ।

ਜੇ ਰਿਗਵੇਦ, ਗੀਤਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਗੀਆਂ ਜਗ-ਤਾਰਕ ਪੁਸਤਕਾਂ ਦੇ ਵਿਚਕਾਰ ਥਾਓਂ-ਥਾਈਂ ਟਿਕਾਉਂਦੇ ਜਾਈਏ, ਦੁਨੀਆ ਦੇ ਮਹਾਨ ਵਿਆਕਰਣਕਾਰ ਪਾਣਿਨੀ ਦੀ ਅਮਰ ਰਚਨਾ 'ਅਸ਼ਟਾਧਯਾਯੀ' ਤੇ ਰਿਸ਼ੀ ਪਾਤੰਜਲਿ ਵੱਲੋਂ ਤਿਆਰ ਕੀਤਾ ਇਸ

WWW.SIKHBOOKCLUB.COM

ਦਾ 'ਮਹਾਭਾਸ਼ਯ' ਤੇ ਆਯੁਰਵੇਦ ਦੇ ਮਹਾ ਆਚਾਰੀਆ ਚਰਕ ਦੀ 'ਸੰਘਿਤਾ', ਤਾਂ ਦੁਨੀਆ ਦੇ ਗਿਆਨ ਵਿਚ ਪੰਜਾਬੀ ਪ੍ਰਤਿਭਾ ਵੱਲੋਂ ਦਿੱਤੀ ਗਈ ਦੇਣ ਦਾ ਕੁੱਝ ਨਾ ਕੁੱਝ ਅੰਦਾਜ਼ਾ ਲਗ ਜਾਂਦਾ ਹੈ।

ਇਸ ਸੂਚੀ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣਾ ਹੋਵੇ ਤਾਂ ਸ਼ਾਮਿਲ ਕਰ ਲਓ—ਅੱਦਹਮਾਨ (ਅਬਦੁੱਰ-ਰਹਿਮਾਨ), ਭਾਈ ਗੁਰਦਾਸ, ਬੁੱਲ੍ਹੇ ਸ਼ਾਹ, ਵਾਰਿਸ ਸ਼ਾਹ, ਹਾਸ਼ਮ ਸ਼ਾਹ, ਸ਼ਾਹ ਮੁਹੰਮਦ, ਭਾਈ ਸੰਤੋਖ ਸਿੰਘ, ਮੁਹੰਮਦ ਬਖ਼ਸ਼, ਗ਼ੁਲਾਮ ਫ਼ਰੀਦ, ਭਾਈ ਕਾਨ੍ਹ ਸਿੰਘ, ਭਾਈ ਵੀਰ ਸਿੰਘ, ਸਰ ਮੁਹੰਮਦ ਇਕਬਾਲ, ਪੂਰਨ ਸਿੰਘ, ਧਨੀ ਰਾਮ ਚਾਤ੍ਰਿਕ, ਕਿਰਪਾ ਸਾਗਰ, ਗੁਰਬਖਸ਼ ਸਿੰਘ (ਪ੍ਰੀਤ ਲੜੀ), ਨਾਨਕ ਸਿੰਘ, ਮੋਹਨ ਸਿੰਘ, ਸੰਤ ਸਿੰਘ ਸੇਖੋਂ, ਦੇਵਿੰਦਰ ਸਤਿਆਰਥੀ, ਪ੍ਰੀਤਮ ਸਿੰਘ ਸਫ਼ੀਰ, ਬਲਵੰਤ ਗਾਰਗੀ, ਕਰਤਾਰ ਸਿੰਘ ਦੁੱਗਲ, ਜਸਵੰਤ ਸਿੰਘ ਕੰਵਲ, ਅੰਮ੍ਰਿਤਾ ਪ੍ਰੀਤਮ, ਹਰਿਭਜਨ ਸਿੰਘ, ਸੰਤੋਖ ਸਿੰਘ ਧੀਰ, ਕੁਲਵੰਤ ਸਿੰਘ ਵਿਰਕ, ਨਰਿੰਦਰਪਾਲ ਸਿੰਘ, ਜਸਵੰਤ ਸਿੰਘ ਨੇਕੀ, ਮੁਨੀਰ ਨਿਆਜ਼ੀ, ਪ੍ਰੇਮ ਪ੍ਰਕਾਸ਼, ਅਜੀਤ ਕੌਰ, ਦਲੀਪ ਕੌਰ ਟਿਵਾਣਾ, ਸ਼ਿਵ ਕੁਮਾਰ, ਫ਼ਖ਼ਰ ਜ਼ਮਾਨ ਤੇ ਹੋਰ ਢੇਰਾਂ ਦੇ ਢੇਰ ਲੇਖਕ।

ਪੰਜਾਬ ਦੇ ਜਿਨ੍ਹਾਂ ਲੇਖਕਾਂ ਨੇ ਪੰਜਾਬੀ ਦੀ ਥਾਂ ਜਾਂ ਪੰਜਾਬੀ ਦੇ ਨਾਲ ਸੰਸਕ੍ਰਿਤ, ਅਰਬੀ, ਫ਼ਾਰਸੀ, ਉਰਦੂ, ਹਿੰਦੀ ਜਾਂ ਅੰਗਰੇਜ਼ੀ ਨੂੰ ਆਪਣੇ ਸਾਹਿੱਤ ਦਾ ਮਾਧਿਅਮ ਬਣਾਇਆ ਹੈ, ਉਨ੍ਹਾਂ ਦੀ ਸੂਚੀ ਵੀ, ਪੰਜਾਬੀ ਵਿਚ ਲਿਖਣ ਵਾਲੇ ਲੇਖਕਾਂ ਦੀ ਸੂਚੀ ਵਾਂਗ, ਕਾਫ਼ੀ ਲੰਮੀ ਹੈ ਤੇ ਇਸ ਵਿਚ ਸ਼ਾਮਿਲ ਹਨ—ਸਆਦਤ ਹਸਨ ਮੰਟੋ, ਕ੍ਰਿਸ਼ਨ ਚੰਦਰ, ਰਾਜਿੰਦਰ ਸਿੰਘ ਬੇਦੀ, ਯਸ਼ਪਾਲ, ਉਪੇਂਦ੍ਰ ਨਾਥ ਅਸ਼ਕ, ਭੀਸ਼ਮ ਸਾਹਨੀ, ਕ੍ਰਿਸ਼ਨਾ ਸੋਬਤੀ, ਮੁਲਖ ਰਾਜ ਆਨੰਦ ਤੇ ਖ਼ੁਸ਼ਵੰਤ ਸਿੰਘ ਵਰਗੇ ਕੁੱਝ ਚੋਟੀ ਦੇ ਨਾਂ।

SIKHBOOKCLUB.COM

ਪੰਜਾਬੀ ਲੇਖਕਾਂ ਦੀਆਂ ਕਲਮਾਂ ਵਿਚ ਕਿੰਨੀ ਤਾਕਤ ਹੁੰਦੀ ਹੈ, ਇਸ ਦਾ ਅੰਦਾਜ਼ਾ ਉਰਦੂ ਦੇ ਮਸ਼ਹੂਰ ਸ਼ਾਇਰ ਨਜ਼ੀਰ ਅਕਬਰਾਬਾਦੀ ਦੇ ਇਕ ਸ਼ੇਅਰ ਤੋਂ ਲਗ ਜਾਂਦਾ ਹੈ, ਜਿਸ ਵਿਚ ਉਹ ਦੱਸਦਾ ਹੈ:

> ਸੁਨਾਇਆ ਰਾਤ ਕੋ ਕਿੱਸਾ ਜੋ ਹੀਰ ਰਾਂਝੇ ਕਾ
> ਤੋ ਅਹਿਲਿ ਦਰਦ ਕੋ ਪੰਜਾਬੀਓਂ ਨੇ ਲੂਟ ਲੀਆ!

ਪੰਜਾਬੀ ਕੱਵਾਲਾਂ ਤੋਂ 'ਕਾਫ਼ੀਆਂ' ਸੁਣੀਆਂ ਤਾਂ ਗੁਜਰਾਤ (ਕਾਠੀਆਵਾੜ) ਦੇ ਰੰਗੀਲੇ ਸ਼ਾਇਰ ਦਯਾ ਰਾਮ ਨੇ ਵੀ ਪੰਜਾਬੀ ਵਿਚ ਕਾਫ਼ੀਆਂ ਰਚਣੀਆਂ ਸ਼ੁਰੂ ਕਰ ਦਿੱਤੀਆਂ।

ਰਾਗ ਮਲਾਰ ਦੀ 'ਵਾਰ' ਵਿਚ ਗੁਰੂ ਨਾਨੇਕ ਸਾਹਿਬ ਦਾ ਇਕ ਸਲੋਕ ਹੈ:

> ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ॥
> ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ॥ (ਪੰਨਾ 1286)

ਔਰੰਗਜ਼ੇਬ ਦੇ ਇਕ ਖ਼ਤ ਵਿਚ ਤਕਰੀਬਨ ਇਨ੍ਹਾਂ ਹੀ ਸ਼ਬਦਾਂ ਵਾਲਾ ਸਲੋਕ ਵਰਤਿਆ ਮਿਲਦਾ ਹੈ। ਕਹਿੰਦੇ ਨੇ ਜਾਦੂ ਉਹ ਹੁੰਦਾ ਹੈ ਜੋ ਸਿਰ ਉੱਤੇ ਚੜ੍ਹ ਕੇ ਬੋਲੇ!

ਖੋਜੀਆਂ ਨੇ ਸ਼ਹਿਨਸ਼ਾਹ ਬਹਾਦਰ ਸ਼ਾਹ 'ਜ਼ਫ਼ਰ', ਪ੍ਰਸਿੱਧ ਉਰਦੂ ਸ਼ਾਇਰ 'ਸੌਦਾ' ਤੇ ਹੋਰ ਕਈ ਗ਼ੈਰ ਪੰਜਾਬੀ ਸ਼ਾਇਰਾਂ ਦੀ ਪੰਜਾਬੀ ਰਚਨਾ ਵੀ ਲੱਭੀ ਹੋਈ ਹੈ।

ਖ਼ੁਦ ਭਗਤ ਕਬੀਰ ਜੀ ਉੱਤੇ ਪੰਜਾਬੀ ਦੇ ਪ੍ਰਭਾਵ ਨੇ ਉਸ ਦੇ ਤਕਰੀਬਨ ਹਰ ਆਲੋਚਕ ਦਾ ਧਿਆਨ ਖਿੱਚਿਆ ਹੈ।

ਜਿਸ ਤਰ੍ਹਾਂ ਪੰਜਾਬ ਦੇ ਲੋਕ-ਨਾਚਾਂ, ਭੰਗੜੇ ਤੇ ਗਿੱਧੇ ਨੂੰ ਫ਼ਿਲਮਕਾਰਾਂ ਨੇ [illegible] ਤਰ੍ਹਾਂ ਪੰਜਾਬ ਦੀਆਂ ਪ੍ਰੀਤ-ਕਹਾਣੀਆਂ

WWW.SIKHBOOKCLUB.COM

ਲੋਕ-ਗੀਤਾਂ ਤੇ ਇਨ੍ਹਾਂ ਦੀਆਂ ਧੁਨਾਂ ਨੂੰ ਵੀ ਫ਼ਿਲਮਾਂ ਨੇ ਅੰਤਰ-ਰਾਸ਼ਟਰੀ ਥੜ੍ਹਿਆਂ ਉੱਤੇ ਖੜ੍ਹਾ ਕਰ ਦਿੱਤਾ ਹੈ।

ਸਾਡੇ ਸਾਹਿੱਤ ਵਿਚ, ਜਿੱਥੇ ਮਨੁੱਖੀ ਸਰੀਰਾਂ ਵਿਚੋਂ ਉੱਠਦੀਆਂ ਕੂਲੀਆਂ ਤੇ ਤਿੱਖੀਆਂ ਮਹਿਕਾਂ ਤੇ ਇਨ੍ਹਾਂ ਦੇ ਸੰਜੋਗ-ਵਿਜੋਗ ਵਿੱਚੋਂ ਪੈਦਾ ਹੋਣ ਵਾਲੀਆਂ ਕੋਮਲ ਤੇ ਝੀਣੀਆਂ ਸੁਰਾਂ ਵੱਡੀ ਮਾਤਰਾ ਵਿਚ ਮੌਜੂਦ ਹਨ, ਓਥੇ ਅਗਮ ਤੇ ਅਗਾਧ ਦੇ ਅਨਹਦ ਨਾਦ ਦੀਆਂ ਰਹੱਸਮਈ ਤੇ ਅਲੌਕਿਕ ਤਰੰਗਾਂ, ਰਣ-ਤੱਤੇ ਦੇ ਖੜਗ-ਨਾਦ ਅਤੇ ਮਨੁੱਖ ਦੇ ਹਿਤ ਦੀਆਂ ਪਰਉਪਕਾਰੀ ਭਾਵਨਾਵਾਂ ਦੀ ਵੀ ਘਾਟ ਨਹੀਂ; ਉਹ ਵੀ ਸਾਹਿੱਤ ਦੇ ਹਰ ਤਰ੍ਹਾਂ ਦੇ ਰੂਪਾਂ ਵਿਚ। ਘਾਟ ਹੈ ਕੇਵਲ ਵਿਸ਼ੇਸ਼ ਗਿਆਨ ਵਾਲੇ ਸਾਹਿੱਤ ਦੀ।

ਜਿਸ ਤਰ੍ਹਾਂ ਧਰਮ ਤੇ ਸਾਹਿੱਤ ਦੇ ਖੇਤਰ ਵਿਚ ਸਾਡੀ ਪ੍ਰਾਪਤੀ ਆਦਰ-ਜੋਗ ਰਹੀ ਹੈ, ਉਸੇ ਤਰ੍ਹਾਂ ਸੰਗੀਤ, ਚਿੱਤਰਕਾਰੀ, ਸ਼ਿਲਪ, ਦਸਤਕਾਰੀ, ਖੁਣਾਈ, ਉਣਾਈ, ਕਢਾਈ, ਆਦਿ ਦੇ ਖੇਤਰਾਂ ਵਿਚ ਵੀ ਪੰਜਾਬ ਦੀ ਦੇਣ ਸੁੱਟ ਪਾਉਣ ਵਾਲੀ ਨਹੀਂ ਰਹੀ।

ਤੇ ਕਿਉਂਕਿ ਇਹ ਸੁੱਟ ਪਾਉਣ ਵਾਲੀ ਨਹੀਂ, ਇਸ ਲਈ ਸਾਹਿੱਤ ਦੇ ਨਾਲ ਹੋਰ ਸਾਰੀਆਂ ਸੂਖਮ ਕਲਾਵਾਂ ਦੇ ਨਮੂਨੇ ਵੀ ਵਿਰਸਾ-ਘਰ ਵਿਚ ਸੰਭਾਲੇ ਜਾਣੇ ਚਾਹੀਦੇ ਹਨ।

ਸਮੇਂ ਦੀ ਬਦਲੀ, ਅਨੇਕ ਨਿੱਤ-ਵਰਤੋਂ ਦੀਆਂ ਚੀਜ਼ਾਂ ਨੂੰ ਵਰਤੋਂ ਵਾਲੇ ਚੌਕੇ ਤੋਂ ਬਾਹਰ ਸੁੱਟਦੀ ਰਹਿੰਦੀ ਹੈ। ਜਿਵੇਂ ਰਬਾਬ ਗੁਰੂ ਨਾਨਕ ਸਾਹਿਬ ਦੇ ਨਾਲ ਅਨਿੱਖੜ ਤੌਰ ਉੱਤੇ ਜੁੜੀ ਹੋਈ ਹੈ, ਪਰ ਹੁਣ ਇਸ ਨੂੰ ਸਾਜ਼ਾਂ ਵਿਚ ਪਈ ਨੂੰ ਪਛਾਣਨਾ ਵੀ ਔਖਾ ਹੋਇਆ ਪਿਆ ਹੈ। ਅੱਗੇ ਫੁਲਕਾਰੀ ਤੇ ਬਾਗ਼ ਦੀ ਕਢਾਈ ਘਰ ਘਰ ਹੁੰਦੀ ਸੀ, ਹੁਣ ਨਹੀਂ ਹੁੰਦੀ; ਦਰੀਆਂ ਤੇ ਖੇਸਾਂ ਲਈ ਘਰਾਂ ਵਿਚ ਹੀ ਅੱਡੇ ਬਣੇ ਹੁੰਦੇ ਸਨ, ਹੁਣ ਉਹ ਅੱਡੇ, ਜਿੱਥੇ ਬਾਲਣ ਵਿਚ ਨਹੀਂ ਵਰਤੇ ਜਾ ਚੁੱਕੇ, ਓਥੇ ਅਣਵਰਤੇ ਪਏ ਹੋਏ ਹਨ; ਅੱਗੇ ਘਰਾਂ ਵਿਚ ਤ੍ਰਿੰਞਣ ਕਿਵੇਂ ਲਗਦੇ ਸਨ, ਹੁਣ ਚਰਖਾ ਹੀ ਨਹੀਂ ਰਿਹਾ, ਤ੍ਰਿੰਞਣ ਕਿਵੇਂ ਲੱਗਣ ? ਕਾਂਗੜਾ ਸ਼ੈਲੀ ਦੇ ਚਿਤਰਾਂ ਉੱਤੇ ਜਿੰਨੀ ਮਿਹਨਤ ਕਰਨੀ ਪੈਂਦੀ ਸੀ, ਉਹ ਹੁਣ ਕਿਸੇ ਚਿਤਰਕਾਰ ਨੂੰ ਵਾਰਾ ਨਹੀਂ ਖਾ ਸਕਦੀ।

ਇਸ ਲਈ ਜਿੰਨੀ ਛੇਤੀ ਹੋ ਸਕੇ, ਲੋਪ ਹੋ ਰਹੀਆਂ ਵਸਤਾਂ ਤੇ ਇਨ੍ਹਾਂ ਨਾਲ ਸੰਬੰਧਿਤ ਵੇਰਵੇ, ਵਿਰਸਾ-ਘਰਾਂ ਵਿਚ ਸਾਂਭ ਲੈਣੇ ਜ਼ਰੂਰੀ ਹਨ।

ਇਹ ਚੀਜ਼ਾਂ ਤਾਂ ਬੜੀਆਂ ਸੰਭਾਲ ਕੇ ਰੱਖਣ ਜੋਗੀਆਂ ਹਨ, ਪਰ ਕੋਈ ਅਜਿਹਾ ਪ੍ਰਬੰਧ ਸੋਚਣ ਦੀ ਵੀ ਲੋੜ ਹੈ, ਜਿਸ ਨਾਲ ਸਾਡੇ ਲੇਖਕਾਂ ਦੀਆਂ ਰਚਨਾਵਾਂ, ਜਿਨ੍ਹਾਂ ਨੂੰ ਉਹ ਕਾਫ਼ੀ ਮੁਸ਼ਕਲਾਂ ਝਾਗ ਕੇ ਛਪਵਾਉਂਦੇ ਹਨ, ਵਿਰਸਾ-ਘਰਾਂ ਵਿਚ ਸਾਂਭੀਆਂ ਹੋਈਆਂ ਵਸਤਾਂ ਵਾਂਗ ਹੀ ਪ੍ਰਕਾਸ਼ਕ ਜਾਂ ਲੇਖਕ ਦੀਆਂ ਅਲਮਾਰੀਆਂ ਵਿਚ ਨਾ ਸੱਜੀਆਂ ਰਹਿਣ, ਬਲਕਿ ਵਧ ਤੋਂ ਵਧ ਹੱਥਾਂ ਵਿਚ ਪਹੁੰਚਣ।

ਪੰਜਾਬੀ, ਕਿਤਾਬ ਦੀ ਪੂਜਾ ਤਾਂ ਕਰ ਲੈਂਦਾ ਹੈ ਪਰ ਕਿਤਾਬ ਪੜ੍ਹਨ ਦੀ ਖੇਚਲ ਘੱਟ-ਵਧ ਹੀ ਕਰਦਾ ਹੈ। ਉਸ ਨੂੰ ਕਿਤਾਬ-ਮੁਖੀ ਬਣਾਉਣ ਲਈ ਜ਼ਰੂਰੀ ਹੈ ਕਿ ਇਕ ਤਾਂ ਉਸ ਪਾਸੋਂ ਕਿਤਾਬ ਕੋਲ ਜਾਣ ਦੀ ਆਸ ਰੱਖਣ ਦੀ ਥਾਂ ਕਿਤਾਬ ਉਸ ਦੇ ਬੂਹੇ ਉੱਤੇ ਪਹੁੰਚਾਉਣ ਦਾ ਪ੍ਰਬੰਧ ਹੋਵੇ, ਦੂਜੇ ਕਿਤਾਬਾਂ ਅਜਿਹੀਆਂ ਪੈਦਾ ਹੋਣ, ਜਿਨ੍ਹਾਂ ਵੱਲ ਉਹ ਬਦੋ-ਬਦੀ ਖਿੱਚਿਆ ਜਾਵੇ। ਜੇ ਇਹ ਹੱਲਾ ਬੱਚਿਆਂ ਦੀਆਂ ਕਿਤਾਬਾਂ ਤੋਂ ਸ਼ੁਰੂ ਕੀਤਾ ਜਾਵੇ ਤਾਂ ਅੱਗੋਂ ਬਣੇ-ਬਣਾਏ ਪਾਠਕਾਂ ਦਾ ਮਿਲਣਾ ਯਕੀਨੀ ਹੋਵੇਗਾ।

# ਨਵਾਂ ਪੰਜਾਬ*

ਵਰਤਮਾਨ ਪੰਜਾਬ ਵਿੱਚੋਂ ਪੰਜਾਬੀ-ਬੋਲਦੇ ਇਲਾਕੇ ਵੱਖ ਕਰ ਕੇ ਉਨ੍ਹਾਂ ਨੂੰ ਇਕ ਅੱਡ ਪ੍ਰਾਂਤ ਬਣਾ ਦੇਣ ਦਾ ਫ਼ੈਸਲਾ ਸਰਕਾਰੀ ਪੱਧਰ ਉੱਤੇ ਹੋ ਚੁੱਕਾ ਹੈ। ਅਕਤੂਬਰ, 1966 ਵਿਚ ਇਸ ਉੱਤੇ ਪੱਕਾ ਅਮਲ ਹੋ ਜਾਣ ਦਾ ਵਿਸ਼ਵਾਸ ਦਿਵਾਇਆ ਗਿਆ ਹੈ। ਨਵੇਂ ਪ੍ਰਾਂਤ ਦੀ ਕਾਇਮੀ ਦਾ ਫ਼ੈਸਲਾ ਸਿਆਸੀ ਪੱਧਰ ਉੱਤੇ ਹੋਇਆ ਹੈ ਤੇ ਇਸ ਦੇ ਲੜਾਕੇ ਮੁਦਈ ਤੇ ਲੜਾਕੇ ਵਿਰੋਧੀ, ਆਮ ਤੌਰ ਉੱਤੇ, ਸਿਆਸੀ ਬੰਦੇ ਹੀ ਸਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬੀ ਲੇਖਕਾਂ ਦੀ ਬਹੁ-ਗਿਣਤੀ ਪੰਜਾਬੀ ਭਾਸ਼ਾ ਦੇ ਆਧਾਰ ਉੱਤੇ ਸੂਬੇ ਦੇ ਗਠਨ ਦੀ ਮੰਗ ਦੀ ਹਮਾਇਤੀ ਸੀ ਪਰ ਹਾਲਾਤ ਐਸੇ ਬਣੇ ਤੇ ਸਿਆਸੀ ਲੋਕ ਮਿਹਣੇ ਵੀ ਮਾਰਦੇ ਹਨ ਕਿ ਨਾ ਕੋਈ ਲੇਖਕਾਂ ਦੀ ਸੰਗਠਿਤ ਪੰਜਾਬੀ ਸਭਾ ਤੇ ਨਾ ਕੋਈ ਕਹਿੰਦਾ-ਕਹਾਉਂਦਾ ਲੇਖਕ, ਇਸ ਮੰਗ ਲਈ ਹੋਏ ਲੰਮੇ ਸੰਘਰਸ਼ ਵਿਚ ਮੁਜਾਹਿਦ ਜਾਂ ਆਗੂ ਬਣ ਕੇ ਨਿੱਤਰ ਸਕਿਆ। ਵੈਸੇ, ਇਹ ਕੋਈ ਮਿਹਣਾ ਨਹੀਂ, ਕਿਉਂਕਿ ਮੋਹਰੀ ਭਾਵੇਂ ਕੋਈ ਬਣਿਆ, ਇਸ ਮੰਗ ਨੂੰ ਪੰਜਾਬ ਤੇ ਭਾਰਤ ਦੇ ਅਨੇਕ ਅਫ਼ਿਰਕੂ ਤੇ ਜਮਹੂਰੀਅਤ-ਪਸੰਦ ਲੋਕਾਂ ਦੀ ਤਾਈਦ ਹਾਸਲ ਸੀ। ਸਪਸ਼ਟ ਹੈ, ਕਿ ਇਸ ਤਰ੍ਹਾਂ ਦੇ ਸਮਰਥਨ ਤੋਂ ਬਿਨਾਂ ਨਵੇਂ ਭਾਸ਼ਾ-ਆਧਾਰਿਤ ਪੰਜਾਬ ਦਾ ਹੋਂਦ ਵਿਚ ਆਉਣਾ, ਹੁਣ ਨਾਲੋਂ ਕਾਫ਼ੀ ਔਖਾ ਹੋਣਾ ਸੀ। ਭਾਸ਼ਾ ਦੇ ਆਧਾਰ ਉੱਤੇ ਸਾਰੇ ਭਾਰਤ ਦੇ ਸੂਬਿਆਂ ਦੇ ਪੁਨਰ-ਗਠਨ ਦੇ ਉਪਰੰਤ, ਪੰਜਾਬ ਹੀ ਇਕ ਅਜਿਹਾ ਸੂਬਾ ਰਹਿ ਗਿਆ ਸੀ ਜਿਸ ਦੀਆਂ ਸੀਮਾਵਾਂ ਨਿਯਤ ਕਰਨ ਲਈ ਭਾਸ਼ਾ ਵਾਲਾ ਗਜ਼ ਵਰਤਣ ਵਿਚ ਢਿੱਲ-ਮੱਠ ਹੋ ਰਹੀ ਸੀ। ਨਵੇਂ ਏਲਾਨ ਨਾਲ ਇਸ ਚੁਭਦੇ ਵਿਤਕਰੇ ਦੇ ਮੁੱਕ ਜਾਣ ਦੀ ਆਸ ਹੈ। ਭਾਰਤ ਸਰਕਾਰ ਇਸ ਠੀਕ ਜਮਹੂਰੀ ਫ਼ੈਸਲੇ ਲਈ ਧੰਨਵਾਦ ਤੇ ਵਧਾਈ ਦੀ ਹੱਕਦਾਰ ਹੈ, ਭਾਵੇਂ ਇਸ ਫ਼ੈਸਲੇ ਉੱਤੇ ਪਹੁੰਚਣ ਲਈ ਉਸ ਨੇ ਢੇਰ ਦੁਖਦਾਈ ਦੇਰ ਲਾਈ ਹੈ। ਹੁਣ ਅਸੀਂ ਵਿਚਾਰਨਾ ਹੈ ਕਿ ਇਸ ਵੰਡ ਦਾ ਸਾਡੀ ਬੋਲੀ ਤੇ ਸਾਹਿੱਤ ਦੇ ਪ੍ਰਸਾਰ ਉੱਤੇ ਕੀ ਅਸਰ ਪਵੇਗਾ ? ਨਵੀਂ ਰੂਪ-ਰੇਖਾ ਸਾਡੇ ਲਈ ਹਿਤਕਾਰੀ ਹੋਵੇਗੀ ਕਿ ਅਹਿਤਕਾਰੀ ? ਇਸ ਦੇ ਲਾਭ ਆਪਣੇ ਆਪ ਪਹੁੰਚਣਗੇ ਕਿ ਇਨ੍ਹਾਂ ਦੀ ਪ੍ਰਾਪਤੀ ਲਈ ਵੀ ਉਚੇਚਾ ਉੱਦਮ ਜਾਂ ਸੰਘਰਸ਼ ਕਰਨਾ ਪਵੇਗਾ ? ਨਵੇਂ ਮਾਹੌਲ ਵਿਚ ਲੇਖਕਾਂ ਦਾ ਕੀ ਫ਼ਰਜ਼ ਬਣੇਗਾ ? ਸਾਡੇ ਖ਼ਿਆਲ ਵਿਚ ਹੁਣ ਵੇਲਾ ਹੈ ਇਨ੍ਹਾਂ ਪ੍ਰਸ਼ਨਾਂ ਨੂੰ ਵਿਚਾਰ ਦੇ ਤਿੱਖੇ ਰੇੜਕੇ ਵਿਚ ਪਾਉਣ ਦਾ ਤਾਂ ਜੋ ਸਾਡੀ ਭਾਸ਼ਾ ਕੇਵਲ ਸਿਆਸੀ ਚੌਧਰ ਦੇ ਬੁੱਤੇ ਸਾਰਨ ਜਾਂ ਅੰਦੋਲਨਾਂ ਦੀ ਧੂੜ ਉਡਾਉਣ ਲਈ ਨਾ ਵਰਤੀ ਜਾਂਦੀ ਰਹੇ, ਬਲਕਿ ਪ੍ਰਬੁੱਧ ਪੰਜਾਬੀ ਲੋਕਾਂ ਦੇ ਰਚਨਾਤਮਕ ਪ੍ਰਗਟਾਉ ਨੂੰ ਵਧਾਉਣ ਤੇ ਤਿਖੇਰਾ ਕਰਨ ਦੇ ਕੰਮ ਆਵੇ।

---

* [illegible] ਵਾਲੇ ਅੰਕ ਦਾ ਸੰਪਾਦਕੀ।

WWW.SIKHBOOKCLUB.COM

ਇਸ ਤੋਂ ਪਹਿਲਾਂ ਕਿ ਅਸੀਂ ਇਸ ਅਹਿਮ ਸਿਆਸੀ ਫ਼ੈਸਲੇ ਨਾਲ ਪੰਜਾਬੀ ਲਿਖਤ ਤੇ ਲੇਖਕਾਂ ਨੂੰ ਪਹੁੰਚਣ ਵਾਲੇ ਲਾਭਾਂ ਤੇ ਕੁਲਾਭਾਂ ਦਾ ਅਨੁਮਾਨ ਲਾਈਏ, ਪੰਜਾਬੀ ਲੇਖਕਾਂ ਦੇ ਇਕ ਆਮ ਪ੍ਰਤਿਕਰਮ ਬਾਰੇ ਕੁੱਝ ਚਰਚਾ ਦੀ ਲੋੜ ਹੈ। ਇਹ ਕਿਹਾ ਜਾਂਦਾ ਹੈ ਕਿ ਪੰਜਾਬੀ-ਭਾਸ਼ੀ ਇਲਾਕੇ ਦੇ ਨਿਸਚੇ ਲਈ ਨਿਯੁਕਤ ਹੋਏ ਕਮਿਸ਼ਨ ਦੇ ਪੜਤਾਲ-ਖੇਤਰ ਨੂੰ, ਜਿਸ ਤਰ੍ਹਾਂ ਨਾਜਾਇਜ਼ ਤੌਰ ਉੱਤੇ, ਸਰਕਾਰ ਵੱਲੋਂ ਜਾਰੀ ਹੋਏ ਹੁਕਮ ਨਾਲ ਸੀਮਾ-ਜਕੜ ਕੀਤਾ ਗਿਆ ਸੀ, ਉਸ ਨਾਲ ਭਾਰਤ ਦੇ ਪੰਜਾਬੀ-ਭਾਸ਼ੀ ਇਲਾਕਿਆਂ ਦੇ ਇਕੱਠੇ ਹੋਣ ਦੀ ਕੋਈ ਸੰਭਾਵਨਾ ਨਹੀਂ ਸੀ। ਮਸਲਨ, ਜਾਣਕਾਰ ਭਾਸ਼ਾ-ਵਿਗਿਆਨੀਆਂ ਦਾ ਦਾਅਵਾ ਹੈ ਕਿ ਭਾਸ਼ਾ ਦਾ ਕੋਈ ਵੀ ਮਿਆਰ, ਜੰਮੂ ਦੇ ਡੋਗਰੀ-ਭਾਸ਼ੀ ਦੇਸ ਨੂੰ, ਗ਼ੈਰ-ਪੰਜਾਬੀ ਸਿੱਧ ਨਹੀਂ ਕਰ ਸਕਦਾ, ਕਾਂਗੜਾ, ਸੌ ਫ਼ੀਸਦੀ ਪੰਜਾਬੀ ਬੋਲਦਾ ਇਲਾਕਾ ਹੈ; ਵਰਤਮਾਨ ਹਿਮਾਚਲ ਦਾ ਕਾਫ਼ੀ ਵੱਡਾ ਭਾਗ ਪੰਜਾਬੀ ਦੀ ਹੀ ਕੋਈ ਨਾ ਕੋਈ ਉਪ-ਭਾਸ਼ਾ ਬੋਲਦਾ ਹੈ। ਪਰ ਕਮਿਸ਼ਨ ਚਾਹੁੰਦਾ ਹੋਇਆ ਵੀ, ਇਨ੍ਹਾਂ ਨੂੰ ਪੰਜਾਬੀ ਇਲਾਕੇ ਵਿਚ ਸ਼ਾਮਿਲ ਨਹੀਂ ਸੀ ਕਰ ਸਕਦਾ, ਕਿਉਂਕਿ ਇਹ ਸਾਰੇ ਇਲਾਕੇ ਕਮਿਸ਼ਨ ਦੇ ਅਧਿਕਾਰ ਖੇਤਰ ਤੋਂ ਬਾਹਰ ਰੱਖੇ ਗਏ ਸਨ। ਇਹ ਵੀ ਕਿਹਾ ਜਾਂਦਾ ਹੈ ਕਿ ਕਮਿਸ਼ਨ ਨੇ, ਜਿਸ ਤਰ੍ਹਾਂ ਆਪਣੀ ਬੈਠਕ ਦੇ ਅੰਤਿਮ ਦਿਨਾਂ ਵਿਚ, ਸਿੰਚਾਈ ਤੇ ਬਿਜਲੀ ਦੇ ਪ੍ਰਮੁੱਖ ਇੰਜੀਨੀਅਰਾਂ ਨੂੰ ਆਪ ਬੁਲਾ ਕੇ, ਉਨ੍ਹਾਂ ਪਾਸੋਂ ਹਾਲਾਤ ਸਮਝਣ ਦੀ ਕੋਸ਼ਿਸ਼ ਕੀਤੀ, ਉਸੇ ਤਰ੍ਹਾਂ ਜੇ ਨਿਰਪੱਖ ਭਾਸ਼ਾ-ਵਿਗਿਆਨੀਆਂ ਨੂੰ ਵੀ ਬੁਲਾਇਆ ਹੁੰਦਾ ਤਾਂ ਪੱਛਮੀ ਪੰਜਾਬ ਤੋਂ ਆ ਕੇ ਪੂਰਬੀ ਪੰਜਾਬ ਵਿਚ ਵੱਸੇ ਲੋਕਾਂ ਦੀ ਭਾਸ਼ਾ ਬਾਰੇ, ਗ੍ਰੀਅਰਸਨ ਦੀ ਮਹਾਂ ਭੁਲੇਖਾ-ਪਾਊ ਰਾਏ ਦੀ ਆੜ ਵਿਚ, ਉਹ ਅਨਰਥ ਨਾ ਹੁੰਦਾ, ਜੋ ਕਮਿਸ਼ਨ ਨੇ ਕੀਤਾ ਹੈ—ਕਮਿਸ਼ਨ ਨੇ ਪੱਛਮੀ ਪੰਜਾਬ ਦੀ ਭਾਸ਼ਾ ਨੂੰ ਪੰਜਾਬੀ ਹੀ ਨਹੀਂ ਮੰਨਿਆ! ਵੈਸੇ ਤਾਂ ਕਸੂਰ ਸਾਡੇ ਵਿਦਵਾਨਾਂ ਦਾ ਹੀ ਹੈ। ਭਾਰਤ ਦੇ ਤਿੰਨ ਆਦਰ-ਜੋਗ ਸਿਆਣੇ ਆਪਣੀ ਰਪੋਟ ਵਿਚ ਕਈ ਥਾਂ ਆਪਣੀ ਮਜਬੂਰੀ ਦੱਸਦੇ ਹਨ ਕਿ ਸਾਡੇ ਪਾਸ ਫ਼ਲਾਣੇ ਇਲਾਕੇ ਦੀ ਬੋਲੀ ਬਾਰੇ ਪਤਾ ਲਾਉਣ ਲਈ ਕੋਈ ਸਾਧਨ ਜਾਂ ਸਬੂਤ ਨਹੀਂ ਹੈ। ਜੇ ਸਾਡੇ ਵਿਦਵਾਨਾਂ ਨੇ ਪੰਜਾਬ ਦੀਆਂ ਉਪ-ਭਾਸ਼ਾਵਾਂ ਜਾਂ ਇਲਾਕਾਈ ਭਾਸ਼ਾਵਾਂ ਉੱਤੇ, ਆਧੁਨਿਕ ਢੰਗ ਨਾਲ, ਸਵਿਸਤਾਰ ਕੰਮ ਕੀਤਾ ਹੁੰਦਾ ਜਾਂ ਸਾਡੇ ਵਿਸ਼ਵ-ਵਿਦਿਆਲਿਆਂ ਨੇ ਇਸ ਪਾਸੇ ਕੋਈ ਬੱਝਵਾਂ ਯੋਜਨਾਪਰਕ ਕੰਮ ਕਰਵਾ ਲਿਆ ਹੁੰਦਾ—ਹੋਰ ਕੁੱਝ ਨਹੀਂ, ਜੇ ਅੱਜ ਤੋਂ ਦਸ ਸਾਲ ਪਹਿਲਾਂ, ਭਾਸ਼ਾ ਵਿਭਾਗ, ਪੰਜਾਬ ਦੀ ਸਲਾਹਕਾਰ ਸਮਿਤੀ ਵਿਚ ਲੇਖਕ ਵੱਲੋਂ ਪੇਸ਼ ਕੀਤੀ ਉਹ ਯੋਜਨਾ, ਜ਼ਾਤੀ ਤਅਸੁੱਬਾਂ ਨੂੰ ਇਕ ਬੰਨੇ ਰੱਖ ਕੇ, ਸਿਰੇ ਚੜ੍ਹਨ ਦਿੱਤੀ ਗਈ ਹੁੰਦੀ, ਜਿਸ ਰਾਹੀਂ ਸਮੁੱਚੇ ਪੰਜਾਬ ਦੀ ਭਾਸ਼ਾ, ਸੰਸਕ੍ਰਿਤੀ, ਲੋਕ-ਸਾਹਿੱਤ, ਇਤਿਹਾਸ ਤੇ ਵਹਿਮਾਂ-ਭਰਮਾਂ, ਆਦਿ ਦੀ ਖੋਜ ਲਈ ਇਕ ਅੱਠ ਵਿਸ਼ੇਸ਼ੱਗਾਂ ਦੀ ਸਰਵੇਖਣ-ਟੋਲੀ ਦੀ ਨਿਯੁਕਤੀ ਦੀ ਸਿਫ਼ਾਰਸ਼ ਕੀਤੀ ਗਈ ਸੀ, ਤਾਂ ਕਮਿਸ਼ਨ ਪਾਸ ਅੱਜ ਇਸ ਤਰ੍ਹਾਂ ਦੀ ਸ਼ਿਕਾਇਤ ਵਾਲਾ ਬਹਾਨਾ ਨਾ ਹੁੰਦਾ। ਆਮ ਪੰਜਾਬੀ ਲੇਖਕਾਂ, ਖ਼ਾਸ ਕਰਕੇ ਭਾਸ਼ਾ-ਵਿਗਿਆਨੀਆਂ ਨੇ, ਕਿਉਂਕਿ ਪੰਜਾਬੀ ਸੂਬੇ ਦੇ ਅੰਦੋਲਨ ਵਿਚ ਬਹੁਤਾ ਸਰਗਰਮ ਹਿੱਸਾ ਲੈਣ ਤੋਂ ਸੰਕੋਚ ਵਰਤਿਆ, ਇਸ ਲਈ ਉਨ੍ਹਾਂ ਨੇ ਕਮਿਸ਼ਨ ਦੇ ਸਾਹਮਣੇ ਆਪਣਾ ਪੱਖ ਪੇਸ਼ ਕਰਨ ਵਿਚ ਵੀ ਢਿੱਲ ਹੀ ਵਰਤੀ ਹੈ। ਇਸ ਵੇਲੇ ਲੋੜ ਸੀ ਕਿ ਸਾਡੇ ਭਾਸ਼ਾ-ਵਿਗਿਆਨੀ, ਝਗੜੇ ਵਾਲੇ ਇਲਾਕਿਆਂ ਦੀ ਭਾਸ਼ਾ ਦੀਆਂ, ਹਿੰਦੀ ਤੇ ਪੰਜਾਬੀ ਨਾਲ ਤੁਲਨਾ ਕਰਨ ਵਾਲੀਆਂ ਵਿਆਕਰਣ-ਸਾਰਣੀਆਂ ਬਣਾ ਕੇ, ਕਮਿਸ਼ਨ ਦੇ ਸਾਹਮਣੇ ਰੱਖਦੇ, ਪਰ ਅਫ਼ਸੋਸ ਹੈ, ਇਉਂ ਹੋ ਨਹੀਂ ਸਕਿਆ।

ਜੇ ... ਗ਼ੈਰ-ਸਿਆਸੀ, ਗ਼ੈਰ-ਅੰਦੋਲਨੀ ਦ੍ਰਿਸ਼ਟੀ ਨਾਲ

WWW.SIKHBOOKCLUB.COM 

ਵੇਖਿਆ ਜਾਵੇ ਤਾਂ ਤੱਤ ਦੀ ਗੱਲ ਇਹ ਨਿਕਲਦੀ ਹੈ ਕਿ ਭਾਰਤੀ ਤੇ ਪਾਕਿਸਤਾਨੀ ਪੰਜਾਬ ਤੇ ਇਸ ਦੇ ਨਾਲ-ਲੱਗਦੇ ਪ੍ਰਦੇਸਾਂ ਵਿਚ, ਇਲਾਕਿਆਂ ਦੇ ਇਲਾਕੇ ਐਸੇ ਹਨ, ਜਿਹੜੇ ਪੰਜਾਬੀ ਵਿਚ ਨਿੱਤ ਦਾ ਕੰਮ-ਕਾਰ ਕਰਦੇ, ਪੰਜਾਬੀ ਗੀਤ-ਗਾਉਂਦੇ, ਗਾਲ੍ਹ-ਮੰਦਾ ਕੱਢਦੇ ਤੇ ਸੋਗ ਮਨਾਉਂਦੇ ਹਨ, ਪਰ ਜਿੱਥੇ ਵੱਸਣ ਵਾਲੇ ਲੋਕਾਂ ਦਾ ਵੱਡਾ ਭਾਗ ਇਸ ਬੋਲੀ ਨੂੰ ਛਾਤੀ ਨਾਲ ਲਾਉਣ ਨੂੰ ਉੱਕਾ ਤਿਆਰ ਨਹੀਂ, ਬਲਕਿ ਸਖ਼ਤ ਵਿਰੋਧ ਕਰਦਾ ਰਿਹਾ ਹੈ, ਮਾਂ-ਬੋਲੀ ਦੇ ਵਿਰੁੱਧ ਵੱਡੇ ਵੱਡੇ ਜਲਸੇ-ਜਲੂਸ ਕੱਢਦਾ ਰਿਹਾ ਹੈ; ਇਸ ਨੂੰ ਦੁਰਕਾਰਨ ਲਈ ਖੁੱਲ੍ਹੇ ਮੰਡਪਾਂ ਵਿਚ ਮਤੇ ਪਾਸ ਕਰਦਾ ਤੇ ਹਜ਼ਾਰਾਂ ਦੀ ਗਿਣਤੀ ਵਿਚ ਛਪਣ ਵਾਲੇ ਅਖ਼ਬਾਰਾਂ ਵਿਚ ਲੇਖ ਤੇ ਇਸ਼ਤਿਹਾਰ ਛਾਪਦਾ ਰਿਹਾ ਹੈ। ਸਮਾਜ ਵਿਚ ਬੜਾ ਰਸੂਖ਼ ਰੱਖਣ ਵਾਲੇ ਤੇ ਬੜੀ ਸਮਝ-ਸੂਝ ਰੱਖਣ ਵਾਲੇ ਕਈ ਸੱਜਨ, ਖ਼ੁਦ ਪੰਜਾਬੀ ਹੁੰਦੇ ਹੋਏ, ਰਸਨਾ ਤੇ ਲੇਖਣੀ ਰਾਹੀਂ, ਇਸ ਦੇ ਵਿਰੋਧੀ ਪ੍ਰਚਾਰ ਦੀ ਅਗਵਾਈ ਕਰਦੇ ਰਹੇ ਹਨ। ਮਨੁੱਖ ਦੇ ਇਸ ਤਰ੍ਹਾਂ ਦੇ ਮਨੋਵਿਗਿਆਨਕ ਥਿੜਕਾਉ, ਆਚਰਣਿਕ ਵਿੰਗ ਤੇ ਵਿਹਾਰਿਕ ਕੂੜ-ਕੁਸੱਤ ਦੀ ਮਿਸਾਲ ਦੁਨੀਆ ਦੇ ਇਤਿਹਾਸ ਵਿਚ ਕਿਤੇ ਮਿਲਦੀ ਹੈ ਜਾਂ ਨਹੀਂ, ਇਸ ਬਾਰੇ ਤਾਂ ਇਤਿਹਾਸਕਾਰ ਹੀ ਚਾਨਣ ਪਾ ਸਕਦੇ ਹਨ, ਪਰ ਇਕ ਗੱਲ ਪੱਕੀ ਹੈ ਕਿ ਇਹ ਵਰਤਾਰਾ, ਨਾ ਤਨ-ਦਰੁਸਤੀ ਦਾ ਸੂਚਕ ਹੈ ਨਾ ਮਨ-ਦਰੁਸਤੀ ਦਾ, ਕਿਉਂਕਿ ਇਸੇ ਵਰਤਾਰੇ ਨੇ ਅਨੇਕ ਮਾਂ-ਬੋਲੀ-ਬੋਲਦੇ ਬੱਚਿਆਂ ਨੂੰ ਜਜ਼ਬੇ ਤੇ ਬੁੱਧੀ ਦੀ ਅਮੀਰੀ ਤੋਂ ਵਾਂਝਾ ਕੀਤਾ ਹੋਇਆ ਹੈ, ਉਨ੍ਹਾਂ ਦੇ ਸੁਰਤ-ਕੰਵਲਾਂ ਦੇ ਪੂਰੀ ਤਰ੍ਹਾਂ ਖਿੜਨ-ਵਿਗਸਣ ਦੇ ਰਾਹ ਵਿਚ ਰੁਕਾਵਟ ਪਾਈ ਹੈ, ਉਨ੍ਹਾਂ ਦੀਆਂ ਆਪਣੀਆਂ ਤੇ ਉਨ੍ਹਾਂ ਬੱਚਿਆਂ ਦੀਆਂ ਸੁੱਤੀਆਂ ਕਲਾਵਾਂ ਨੂੰ ਜਾਗਣ ਹੀ ਨਹੀਂ ਦਿੱਤਾ। ਸਿਆਸੀ ਆਗੂ, ਆਪਣੇ ਸੁਭਾਉ ਦੇ ਇਸ ਟੇਢ ਨੂੰ ਸਿੱਧਾ ਸਾਬਤ ਕਰਨ ਲਈ, ਅੱਗੋ ਨਾਲੋਂ ਵਡੇਰੇ ਤੇ ਤਿਖੇਰੇ ਟੇਢ ਦੀ ਵਰਤੋਂ ਕਰਦਾ ਹੈ, ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਸੁਭਾਵਾਂ ਵਿਚ ਕੱਟੜਤਾ ਦੀ ਰੁਚੀ ਆ ਜਾਂਦੀ ਹੈ। ਵਿਰੋਧੀ ਵਿਰੋਧ ਵਿਚ ਅਤੇ ਹਿਤੈਸ਼ੀ ਹਿਤ ਵਿਚ ਪਕੇਰੇ ਹੁੰਦੇ ਜਾਂਦੇ ਹਨ। ਸਿੱਧੇ ਦੋ ਦਲ ਬਣ ਜਾਂਦੇ ਹਨ ਤੇ ਟੱਕਰ ਅਟੱਲ ਹੋ ਜਾਂਦੀ ਹੈ। ਪੰਜਾਬ ਵਿਚ ਭਾਸ਼ਾ-ਦੰਗਲ ਦੇ ਵਿਕਾਸ ਦਾ ਇਤਿਹਾਸ ਹਿਤ ਤੇ ਵਿਰੋਧ ਦੇ ਮਨੋਵਿਗਿਆਨਿਕ ਚਕ੍ਰ-ਵਿਊਹ ਦੀ ਕਥਾ ਹੈ। ਸਾਨੂੰ ਇਹ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਕਿ ਨਵੇਂ ਪੰਜਾਬ ਦੀ ਸਥਾਪਣੀ, ਆਪਣੇ ਆਪ, ਇਸ ਮਾਨਸਿਕ ਤਣਾਉ ਨੂੰ ਢਿੱਲਿਆਂ ਨਹੀਂ ਕਰ ਸਕਦੀ; ਅਣ-ਸਮਝੀਆਂ ਸਿਆਸੀ ਫੜ੍ਹਾਂ ਇਸ ਨੂੰ ਸਵਾਈ ਵੀ ਬਣਾ ਸਕਦੀਆਂ ਹਨ। ਇਸ ਲਈ ਮੌਕਾ ਹੈ ਕਿ ਲੇਖਕ ਹਾਲਾਤ ਦੀ ਵਾਗ ਆਪਣਿਆਂ ਹੱਥਾਂ ਵਿਚ ਲੈਣ ਤੇ ਦੋ-ਦਲੀ ਮੁਕਾਬਲੇ ਵਾਲੀ ਸਥਿਤੀ ਦਾ ਭੋਗ ਪਾਉਣ ਵਿਚ ਉਸਾਰੂ ਹਿੱਸਾ ਪਾਉਣ। ਕੋਈ ਸਿਆਣਾ ਵੈਦ, ਰੋਗ ਦੇ ਲੱਛਣਾਂ ਉੱਤੇ ਹੀ ਨਹੀਂ ਠਹਿਰ ਜਾਂਦਾ, ਉਸ ਦੇ ਉਪਜਾਊ ਕਾਰਨਾਂ ਤਕ ਪਹੁੰਚਣ ਦਾ ਜਤਨ ਕਰਦਾ ਹੈ, ਤਾਹੀਓਂ ਉਸ ਦੀ ਦਵਾ ਤੋਂ, ਸਿਆਸੀ ਕਿਸਮ ਦੇ ਟੋਟਕਿਆਂ ਨਾਲੋਂ ਚੰਗੇਰਾ ਤੇ ਚਿਰ-ਰਹਿਣਾ ਇਲਾਜ ਹੋਣ ਦੀ ਆਸ ਹੁੰਦੀ ਹੈ। ਵੱਡੇ ਲੇਖਕ ਵੀ, ਵੈਦਾਂ ਵਾਂਗ, ਮਨੁੱਖ ਦੇ ਆਤਮਿਕ ਤੇ ਸਮਾਜਿਕ ਅਹੁਰਾਂ ਦਿਆਂ ਲੱਛਣਾਂ ਤੋਂ ਕਾਰਨਾਂ ਤਕ ਪਹੁੰਚਦੇ ਤੇ ਇਲਾਜ ਵੀ ਸੁਝਾਉਂਦੇ ਹਨ। ਜਦੋਂ ਸਾਡੇ ਸਮਾਜ ਦੇ ਸਿਆਣੇ-ਬਿਆਣੇ ਲੋਕਾਂ ਦੀ ਕਥਨੀ ਤੇ ਕਰਨੀ ਵਿਚ, ਗ਼ੈਰ-ਤੰਦਰੁਸਤ ਅਸਾਧਾਰਣਤਾ ਵਾਪਰ ਜਾਵੇ ਤਾਂ ਕੋਈ ਵੀ ਮਨੋਵਿਗਿਆਨੀ, ਪੰਜਾਬ ਦੀ ਵਰਤਮਾਨ ਦਸ਼ਾ ਵਿਚ, ਇਸ ਰੋਗ ਦੇ ਕੀ ਕਾਰਨ ਲੱਭੇਗਾ ?—ਤਗੜੇ ਗਵਾਂਢੀਆਂ ਤੋਂ ਅਤਿਆਚਾਰ ਦਾ ਸੱਚਾ ਜਾਂ ਝੂਠਾ ਭੈ, ਪ੍ਰਾਪਤ ਆਰਥਿਕ ਲਾਭਾਂ ਦੇ ਖੁੱਸ ਜਾਣ ਦਾ ਤੌਖਲਾ, ਸਿਆਸੀ ਤਾਕਤ ਦੇ ਵੰਡੀਜਣ ਦਾ ਝੋਰਾ ਜਾਂ [illegible] ਲੀਡਰੀ ਦਾ ਅਸੀਮ ਚਾਉ। ਜੇ ਧਿਆ

WWW.SIKHBOOKCLUB.COM

ਨਾਲ ਵੇਖਿਆ ਜਾਵੇ ਤਾਂ ਪੰਜਾਬੀ-ਭਾਸ਼ੀ ਸਮਾਜ ਦੇ ਇਕ ਭਾਗ ਵਿਚ ਇਹ ਭੈ, ਇਹ ਤੌਖਲੇ, ਇਹ ਝੋਰੇ ਤੇ ਅਗਿਆਨ ਸਭ ਮੌਜੂਦ ਹੋਣਗੇ ਤੇ ਲੀਡਰੀ ਦੀ ਭੁੱਖ ਤਾਂ ਹਰ ਪੰਜਾਬੀ ਦੇ ਖ਼ਮੀਰ ਵਿਚ ਹੋਈ। ਹੁਣ ਜੇ ਕੋਈ ਇਹ ਚਾਹੇ ਕਿ ਮਨ ਦੇ ਇਹ ਸਾਰੇ ਰੋਗ ਮਿਹਣਿਆਂ, ਨਿਹੋਰਿਆਂ, ਦਮਗਜਿਆਂ ਜਾਂ ਜ਼ੋਰ-ਜਬਰ ਨਾਲ ਦੂਰ ਹੋ ਜਾਣ, ਤਾਂ ਇਹ ਸੰਭਵ ਨਹੀਂ। ਇਸ ਲਈ ਪੰਜਾਬੀ ਦੇ ਹਮਾਇਤੀਆਂ ਨੂੰ, ਭੈ-ਭੰਜਨ ਬਣ ਕੇ, ਦੂਜਿਆਂ ਦੇ ਵਿਸ਼ਵਾਸ ਜਿੱਤਣ ਦਾ ਜਤਨ ਕਰਨਾ ਪਵੇਗਾ, ਵਿਰੋਧੀਆਂ ਨਾਲ ਸਬਰ, ਹਮਦਰਦੀ, ਬਲਕਿ ਉਦਾਰਤਾ ਦੀ ਵਰਤੋਂ ਕਰਨੀ ਪਵੇਗੀ। ਪੰਜਾਬੀ ਭਾਸ਼ਾ ਦੇ ਆਧਾਰ ਉੱਤੇ ਪ੍ਰਾਂਤ ਬਣਾਉਣ ਦਾ ਅਸੂਲ, ਗਣ-ਤੰਤਰੀ ਰਾਜ-ਪ੍ਰਬੰਧ ਦੀ ਸਹੂਲਤ ਨੂੰ ਮੁਖ ਰੱਖ ਕੇ ਅਪਣਾਇਆ ਗਿਆ ਹੈ ਤਾਂ ਜੋ ਇਸ ਨਾਲ ਹਰ ਮਤ, ਹਰ ਧਰਮ, ਹਰ ਖ਼ਿਆਲ ਤੇ ਹਰ ਝੁਕਾਉ ਦੇ ਪੰਜਾਬੀ-ਭਾਸ਼ੀ ਲੋਕਾਂ ਦੇ ਆਪੋ-ਵਿੱਚੀਂ ਨੇੜੇ ਹੋਣ ਦੇ ਮੌਕਿਆਂ ਵਿਚ ਵਾਧਾ ਹੋ ਜਾਵੇ। ਪੰਜਾਬੀ ਲੇਖਕਾਂ ਨੇ ਆਪਣੇ ਕਿਰਦਾਰ ਤੇ ਆਪਣੀਆਂ ਲਿਖਤਾਂ ਰਾਹੀਂ, ਇਨ੍ਹਾਂ ਅਵਸਰਾਂ ਦੀ ਮਾਤਰਾ ਵਿਚ ਵਾਧਾ ਵੀ ਕਰਨਾ ਹੈ ਤੇ ਲੋਕਾਂ ਵਿਚ ਜਜ਼ਬਾਤੀ ਏਕਤਾ ਤੇ ਸਾਂਝੇ ਹਿਤ ਦੀ ਭਾਵਨਾ ਵਾਲਾ ਸਨੇਹਾ ਪਹੁੰਚਾਉਣ ਦਾ ਉਪਰਾਲਾ ਵੀ ਕਰਨਾ ਹੈ।

ਅਸੀਂ ਉੱਪਰ ਇਕ ਸਵਾਲ ਕਰ ਆਏ ਹਾਂ ਕਿ ਇਸ ਅਹਿਮ ਫ਼ੈਸਲੇ ਦਾ ਪੰਜਾਬੀ ਲਿਖਤ ਤੇ ਲੇਖਕਾਂ ਉੱਤੇ ਕੀ ਪ੍ਰਭਾਵ ਪਵੇਗਾ ? ਇਸ ਦੇ ਉੱਤਰ ਵਿਚ ਕਿਹਾ ਜਾ ਸਕਦਾ ਹੈ ਕਿ ਭਾਸ਼ਾ ਦੀ ਖ਼ੁਸ਼ਹਾਲੀ ਨਾਲ ਹੋਰ ਕਿਸੇ ਦੀ ਕਿਸਮਤ ਜੁੜੀ ਹੋਵੇ ਜਾਂ ਨਾ, ਲੇਖਕ ਦੀ ਕਿਸਮਤ ਜ਼ਰੂਰ ਜੁੜੀ ਹੁੰਦੀ ਹੈ। ਜੇ ਅੱਗੇ ਨਾਲੋਂ ਵੱਧ ਲੋਕ ਪੰਜਾਬੀ ਪੜ੍ਹਨਗੇ ਤਾਂ ਪੰਜਾਬੀ ਲੇਖਕਾਂ ਦੀਆਂ ਕਿਤਾਬਾਂ ਦੀ ਵਿਕਰੀ ਵਧੇਰੀ ਹੋਵੇਗੀ, ਅਖ਼ਬਾਰਾਂ ਦਾ ਨਿਕਾਸ ਜ਼ਿਆਦਾ ਹੋਵੇਗਾ। ਕਿਤਾਬਾਂ ਤੇ ਅਖ਼ਬਾਰਾਂ ਦੀ ਵਿਕਰੀ ਵਧੇਰੀ ਹੋਣ ਨਾਲ ਲੇਖਕ ਨੂੰ ਤਾਂ ਲਾਭ ਹੋਣਾ ਹੀ ਚਾਹੀਦਾ ਹੈ, ਪ੍ਰਕਾਸ਼ਕ, ਛਾਪਕ, ਚਿਤਰਕਾਰ, ਜਿਲਦਸਾਜ਼, ਕਾਗ਼ਜ਼ ਵਾਲੇ, ਬਲਾਕ ਬਣਾਉਣ ਵਾਲੇ, ਪਰੂਫ਼ ਪੜ੍ਹਨ ਵਾਲੇ, ਛਾਪੇ ਦੀਆਂ ਮਸ਼ੀਨਾਂ ਵੇਚਣ ਵਾਲੇ ਤੇ ਹੋਰ ਬਹੁਤੇਰੇ ਲੋਕ ਵੀ ਖ਼ੁਸ਼ਹਾਲ ਹੁੰਦੇ ਜਾਣਗੇ। ਜੇ ਪੰਜਾਬੀ ਬੋਲੀ ਵਿਚ ਯੋਗਤਾ ਰੱਖਣ ਵਾਲੇ ਨੌਜਵਾਨਾਂ ਨੂੰ ਸਰਕਾਰੀ ਢਾਂਚੇ ਵਿਚ ਤਰਜੀਹ ਦਿੱਤੀ ਜਾਣ ਲਗ ਪਵੇ ਤਾਂ ਪੰਜਾਬੀ ਪੜ੍ਹਨ ਵਾਲੇ ਗਿਣਤੀ ਵਿਚ ਵਧ ਜਾਣਗੇ, ਜਿਸ ਨਾਲ ਪੜ੍ਹਾਉਣ ਵਾਲੇ ਵੀ ਹੋਰ ਰੱਖਣੇ ਪੈਣਗੇ। ਸਭ ਤੋਂ ਵੱਡੀ ਗੱਲ ਇਹ ਹੈ ਕਿ ਪੰਜਾਬੀ ਪੜ੍ਹਨ-ਲਿਖਣ ਦੇ ਪੇਸ਼ੇ ਨੂੰ ਆਦਰ ਸਨਮਾਨ ਵੀ ਮਿਲਣਾ ਸ਼ੁਰੂ ਹੋ ਜਾਵੇਗਾ। ਇਉਂ, ਪੰਜਾਬੀ ਵੱਲ, ਪੰਜਾਬ ਦੇ ਲੋਕਾਂ, ਏਥੋਂ ਦੀ ਸਰਕਾਰ ਤੇ ਯੂਨੀਵਰਸਿਟੀਆਂ ਦੀ ਨਿਗਾਹ ਸਵੱਲੀ ਹੋ ਜਾਵੇ ਤਾਂ ਪੜ੍ਹਦੇ-ਲਿਖਦੇ ਸਭ ਲਾਹੇਵੰਦ ਹੁੰਦੇ ਹਨ। ਪਰ ਕੀ ਨਵੇਂ ਪੰਜਾਬੀ ਪ੍ਰਾਂਤ ਵਿਚ ਪੰਜਾਬੀ ਪੜ੍ਹਨ ਵਾਲਿਆਂ ਦੀ ਗਿਣਤੀ ਵਧ ਜਾਵੇਗੀ ? ਕੀ ਪੰਜਾਬੀ ਕਿਤਾਬਾਂ, ਪੰਜਾਬੀ ਅਖ਼ਬਾਰਾਂ, ਪੰਜਾਬੀ ਰਿਸਾਲਿਆਂ ਦੀ ਵਿਕਰੀ ਵਧ ਜਾਵੇਗੀ ? ਪੰਜਾਬੀ ਕਿਤਾਬਾਂ ਦੇ ਇਕ ਪ੍ਰਕਾਸ਼ਕ ਨੇ ਸਾਡੇ ਨਾਲ ਆਪਣੇ ਇਕ ਖ਼ਤਰੇ ਬਾਰੇ ਖੁੱਲ੍ਹ ਕੇ ਗੱਲ ਕੀਤੀ ਹੈ ਕਿ ਸਕੂਲਾਂ ਵਿਚ, ਚਾਲੂ ਯੋਜਨਾ ਅਨੁਸਾਰ, ਪੰਜਾਬੀ ਹਰ ਬੱਚੇ ਨੂੰ ਪੜ੍ਹਨੀ ਪੈਂਦੀ ਸੀ, ਚਾਹੇ ਉਹ ਨਾਰਨੌਲ ਵਿਚ ਸੀ ਜਾਂ ਮਨਾਲੀ ਵਿਚ। ਇਸ ਪ੍ਰਬੰਧ ਦੇ ਜਾਰੀ ਰਹਿਣ ਨਾਲ ਆਸ ਇਹ ਸੀ ਕਿ ਕੁੱਝ ਵਰ੍ਹਿਆਂ ਦੇ ਅੰਦਰ ਅੰਦਰ, ਜਿਹੜੇ ਇਲਾਕੇ ਹੁਣ ਹਿੰਦੀ-ਭਾਸ਼ੀ ਸਮਝ ਲਏ ਗਏ ਹਨ, ਉਨ੍ਹਾਂ ਵਿਚੋਂ ਵੀ ਪੰਜਾਬੀ ਗਾਹਕ ਮਿਲਣੇ ਸ਼ੁਰੂ ਹੋ ਜਾਣਗੇ ਪਰ ਨਵਾਂ ਪੰਜਾਬ, ਪੁਰਾਣੇ ਪੰਜਾਬ ਦੇ 60-62 ਫ਼ੀਸਦੀ ਭਾਗ ਦੇ ਲਗਭਗ ਹੋਵੇਗਾ। ਇਸ ਲਈ ਸਾਡਾ 38-40 ਫ਼ੀਸਦੀ ਘਾਟਾ ਕਿਵੇਂ ਪੂਰਾ ਹੋਵੇਗਾ ? ਪ੍ਰਕਾਸ਼ਕ ਦਾ ਖ਼ਤਰਾ ਲੇਖਕ ਦਾ ਖ਼ਤਰਾ ਬਣ ਜਾਂਦਾ ਹੈ, ਇਸ ਲਈ [illegible] ਹੋਵੇ। ਇਹ ਚਿੰਤਾ ਨਿਰਾਧਾਰ ਨਹੀਂ

WWW.SIKHBOOKCLUB.COM

ਜਾ ਸਕਦੀ, ਕਿਉਂਕਿ ਪ੍ਰਕਾਸ਼ਕ ਤਾਂ, ਜੋ ਕੁੱਝ ਇਸ ਵੇਲੇ ਮੌਜੂਦ ਹੈ, ਉਸ ਦੀ ਗੱਲ ਕਰਦਾ ਹੈ ਤੇ ਨਵੇਂ ਪੰਜਾਬ ਵਿਚ ਕੀ ਹੋਵੇਗਾ, ਉਸ ਬਾਰੇ ਤਾਂ ਯਕੀਨ ਨਾਲ ਕੋਈ ਵੀ ਕੁੱਝ ਨਹੀਂ ਕਹਿ ਸਕਦਾ ਪਰ ਅਸੀਂ ਨਵੇਂ ਪੰਜਾਬ ਦਾ ਸੁਆਗਤ ਇਸ ਖ਼ਦਸ਼ੇ ਨਾਲ ਨਹੀਂ ਕਰਨਾ ਚਾਹੁੰਦੇ। ਇਸ ਦਾ ਕਾਰਨ ਨਵੇਂ ਪੰਜਾਬ ਵਿਚ, ਪੰਜਾਬੀ ਨਾਲ ਪੱਕੀ ਪਕੜ ਵਾਲੀ ਨਵੀਂ ਚੇਤਨਾ ਦੀ ਉਪਜ ਵਿਚ ਸਾਡਾ ਵਿਸ਼ਵਾਸ ਹੈ।

ਕੁੱਝ ਵਰ੍ਹੇ ਹੋਏ, ਕੱਨੜ-ਭਾਸ਼ੀ ਇਲਾਕੇ ਵਿਚ, ਰੇਲ ਦੇ ਸਫ਼ਰ ਦੀ ਇਕ ਕਾਲੀ-ਬੋਲ਼ੀ ਰਾਤ, ਸੰਪਾਦਕ ਦੀਆਂ ਆਸਾਂ ਲਈ ਰਾਹ-ਦਸੇਰੀ ਬਣੀ ਸੀ। ਉਹੀ ਹੋਰਨਾਂ ਦੀਆਂ ਆਸਾਂ ਦੇ ਰਾਹ ਉੱਤੇ ਵੀ ਚਾਨਣ ਖਿਲਾਰ ਸਕਦੀ ਹੈ। ਗੱਡੀ ਅਚਾਨਕ ਇਕ ਛੋਟੇ ਸਟੇਸ਼ਨ ਉੱਤੇ ਖੜੀ ਹੋ ਗਈ ਸੀ। ਪਤਾ ਲੱਗਾ ਕਿਸੇ ਕਲਾ ਦੇ ਵਿਗੜ ਜਾਣ ਕਰਕੇ ਪੰਦਰਾਂ ਮਿੰਟ ਜ਼ਰੂਰ ਲਵੇਗੀ। ਰਾਤ ਦੇ ਦਸ ਵੱਜੇ ਸਨ, ਭੁੱਖ ਚਮਕੀ ਹੋਈ ਸੀ। ਸੰਪਾਦਕ ਇਡਲੀ ਦੋਸੇ ਦੇ ਲਾਲਚ ਵਿਚ ਹੇਠਾਂ ਉਤਰ ਪਿਆ, ਕੇਵਲ ਦੋ ਦੁਕਾਨਾਂ ਖੁੱਲ੍ਹੀਆਂ ਸਨ—ਇਕ ਇਡਲੀ ਦੋਸੇ ਦੀ, ਦੂਜੀ ਕਿਤਾਬਾਂ ਦੀ। ਸੰਪਾਦਕ ਉਸ ਵੇਲੇ ਪਟਿਆਲੇ ਤੋਂ ਗਿਆ ਸੀ, ਜੋ ਤਕਰੀਬਨ ਦੋ ਸੌ ਵਰ੍ਹੇ ਕਿਸੇ ਨਾ ਕਿਸੇ ਆਕਾਰ ਦੇ ਰਾਜ ਦੀ ਰਾਜਧਾਨੀ ਰਿਹਾ ਸੀ ਤੇ ਜਿਸ ਨੂੰ ਪੰਜਾਬ ਦੇ ਸੁਹਣੇ ਸੁਥਰੇ ਸ਼ਹਿਰਾਂ ਵਿਚ ਗਿਣਿਆ ਜਾਂਦਾ ਸੀ, ਪਰ ਜਿਸ ਦੇ ਸਟੇਸ਼ਨ ਉੱਤੇ ਨਾ ਕੋਈ ਕਿਤਾਬ ਮਿਲ ਸਕਦੀ ਸੀ ਨਾ ਅਖ਼ਬਾਰ। ਓਧਰ ਦੱਖਣ ਦੇ ਇਕ ਅਸਲੋਂ ਛੋਟੇ ਜਿਹੇ ਸਟੇਸ਼ਨ ਉੱਤੇ, ਦਸ ਵਜੇ ਰਾਤ ਦੇ, ਕਿਤਾਬਾਂ ਦੀ ਦੁਕਾਨ ਖੁੱਲ੍ਹੀ ਵੇਖ ਕੇ ਬੜੀ ਹੈਰਾਨੀ ਹੋਈ। ਦੁਕਾਨ ਵਾਲੇ ਨੂੰ ਪੁੱਛਣ ਉੱਤੇ ਪਤਾ ਲੱਗਾ ਕਿ ਗਾਹਕੀ ਬਾਕਾਇਦਾ ਪੈਂਦੀ ਹੈ, ਕੱਨੜ ਕਿਤਾਬਾਂ ਦਾ ਨਿਕਾਸ ਭਰਪੂਰ ਹੁੰਦਾ ਹੈ। ਇਸ ਗੱਲ ਨੂੰ ਕਈ ਵਰ੍ਹੇ ਹੋ ਚੱਲੇ ਹਨ, ਪਟਿਆਲੇ ਨੇ ਅੱਗੇ ਨਾਲੋਂ ਹਰ ਪੱਖ ਵਿਚ ਬੜੀ ਤਰੱਕੀ ਕੀਤੀ ਹੈ ਪਰ ਸਟੇਸ਼ਨ ਉੱਤੇ ਕਿਤਾਬਾਂ ਦੀ ਦੁਕਾਨ ਅਜੇ ਵੀ ਕੋਈ ਨਹੀਂ ਖੁੱਲ੍ਹੀ।[1] ਨਵੇਂ ਪੰਜਾਬ ਵਿਚ ਪੰਜਾਬੀ ਲਈ ਜੋ ਸੁਖਾਵਾਂ ਵਾਤਾਵਰਨ ਤਿਆਰ ਹੋ ਰਿਹਾ ਹੈ, ਉਸ ਦੇ ਪ੍ਰਸੰਗ ਵਿਚ ਸਾਡਾ ਵਿਸਵਾਸ ਹੈ ਕਿ ਪੰਜਾਬ ਵਿਚ ਪੰਜਾਬੀ ਨਾਲ ਨਾਵਾਕਫ਼ੀ ਇਕ ਸ਼ਰਮ ਵਾਲੀ ਗੱਲ ਹੋਵੇਗੀ। ਫੇਰ ਸਟੇਸ਼ਨਾਂ ਉੱਤੇ ਵੀ, ਕਿਤਾਬਾਂ ਦੀ ਮੰਗ ਹੋਣ ਕਰਕੇ, ਦੁਕਾਨਾਂ ਖੁੱਲ੍ਹਣੀਆਂ ਪੈ ਜਾਣਗੀਆਂ। ਪਿਛਲੇ ਸੌ ਵਰ੍ਹਿਆਂ ਵਿਚ ਜੋ ਤਬਦੀਲੀ ਹੋਈ ਹੈ, ਉਹ ਸਮੁੱਚੇ ਤੌਰ ਉੱਤੇ ਪੰਜਾਬੀ ਦੇ ਹੱਕ ਵਿਚ ਹੀ ਮੁੱਕਦੀ ਰਹੀ ਹੈ। ਹੁਣ ਦੀ ਤਬਦੀਲੀ ਏਲਾਨੀਆਂ ਤੌਰ ਉੱਤੇ ਪੰਜਾਬੀ ਦੇ ਹੱਕ ਵਿਚ ਹੈ, ਫੇਰ ਇਸ ਨਾਲ ਉੱਨਤੀ ਦਾ ਰਾਹ ਕਿਉਂ ਮੋਕਲਾ ਨਹੀਂ ਹੋਵੇਗਾ ? ਅਵੱਸ਼ ਹੋਵੇਗਾ। ਨਵੇਂ ਪੰਜਾਬ ਦੇ ਕਰਤਿਆਂ-ਧਰਤਿਆਂ ਦਾ ਇਹ ਕਰਤੱਵ ਹੋਵੇਗਾ ਕਿ ਉਹ ਇਸ ਸੁਫ਼ਨੇ ਨੂੰ ਛੇਤੀ ਸਾਕਾਰ ਕਰਨ ਲਈ ਯੋਗ ਬਾਨ੍ਹਣੂੰ ਬੰਨ੍ਹਣ। ਨਵਾਂ ਪੰਜਾਬ ਬਣਨ ਨਾਲ ਜਿਨ੍ਹਾਂ ਪਾਠਕਾਂ ਦੇ ਇਕ ਦਮ ਘਟ ਜਾਣ ਦਾ ਡਰ ਹੈ, ਉਨ੍ਹਾਂ ਵਿੱਚੋਂ ਬਹੁਤੇ, ਪੰਜਾਬੀ ਨੂੰ, ਬੱਧੇ-ਰੁੱਧੇ ਪੜ੍ਹਨ ਵਾਲੇ ਸਨ। ਹੁਣ ਆਸ ਹੈ ਕਿ ਸਾਡੀ ਨਵੀਂ ਸਰਕਾਰ ਵਧੇਰੇ ਪੰਜਾਬੀ-ਮੁਖੀ ਹੋਵੇਗੀ ਤੇ ਪੂਰੇ ਧੜੱਲੇ ਨਾਲ ਪੰਜਾਬੀ ਪ੍ਰਚਾਰ ਦਾ ਕੰਮ ਹੱਥ ਵਿਚ ਲਵੇਗੀ। ਜੇ ਘਰ ਦੇ ਅੰਦਰ ਦਾ ਮਾਹੌਲ ਸੁਖਾਵਾਂ ਬਣ ਗਿਆ ਤਾਂ ਬਹੁਤ ਛੇਤੀ, ਗਿਣਤੀ ਵਾਲੀ ਕਸਰ, ਦੂਜਿਆਂ ਸੂਬਿਆਂ ਵਿਚ, ਪੰਜਾਬੀ ਨੂੰ ਆਪਣੀ ਖ਼ੁਸ਼ੀ ਨਾਲ, ਦੂਜੀ ਜਾਂ ਤੀਜੀ ਭਾਸ਼ਾ ਦੇ ਤੌਰ ਉੱਤੇ ਪੜ੍ਹਨ ਵਾਲੇ ਹੀ ਪੂਰੀ ਕਰ ਦੇਣਗੇ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਨਵਾਂ ਪੰਜਾਬ,

---

1. ਹੁਣ ਇਕ ਦੁਕਾਨ ਖੁੱਲ ਗਈ ਹੈ, ਪਰ ਉਸ ਵਿਚ ਪੰਜਾਬੀ ਕਿਤਾਬਾਂ ਦੀ ਗਿਣਤੀ ਦਸ ਫ਼ੀ ਸਦੀ ਵੀ ਨਹੀਂ ਹੈ।

WWW.SIKHBOOKCLUB.COM

ਸੰਪੂਰਨ ਤੌਰ ਉੱਤੇ, ਇਕ-ਭਾਸ਼ੀ ਹੋਵੇਗਾ ਤੇ ਜੇ ਰਾਜਨੀਤਿਕ ਵਖੇਵੇਂ ਇਸ ਪ੍ਰਾਪਤੀ ਦੇ ਰਾਹ ਵਿਚ ਅੜਿੱਕੇ ਨਾ ਬਣਨ ਦਿੱਤੇ ਗਏ ਤਾਂ ਵੇਖਣਾ, ਪੰਜਾਬੀ ਪੜ੍ਹਨ ਵਾਲਿਆਂ ਦੀ ਗਿਣਤੀ ਪੂਰੀ ਹੁੰਦਿਆਂ ਦੇਰ ਨਹੀਂ ਲੱਗਣੀ।

ਹਾਂ, ਦੇਰ ਲੱਗਣੀ ਹੈ ਉਨ੍ਹਾਂ ਕੁੱਝ ਮਨਾਂ ਦੇ ਬਦਲਣ ਵਿਚ, ਜਿਨ੍ਹਾਂ ਲਈ ਇਕ ਪਾਸੇ ਪੰਜਾਬੀ ਤੇ ਸਿੱਖੀ, ਦੂਜੇ ਪਾਸੇ ਹਿੰਦੀ ਤੇ ਹਿੰਦੂਤ੍ਵ ਅਤੇ ਤੀਜੇ ਪਾਸੇ ਉਰਦੂ ਤੇ ਇਸਲਾਮ ਦਾ ਤਦਾਰਥ ਹੋਇਆ ਹੋਇਆ ਹੈ। ਅੰਗਰੇਜ਼ੀ ਰਾਜ ਦੀ ਵਾੜਬੰਦੀ ਵਾਲੀ ਇਸ ਨੀਤੀ ਦਾ ਜ਼ਹਿਰ ਸਾਡੇ ਅਖ਼ਬਾਰਾਂ ਉੱਤੇ ਤਾਂ ਕੁੱਝ ਚੜ੍ਹਿਆ ਰਿਹਾ ਹੈ ਪਰ ਸਾਡੇ ਲੇਖਕ, ਖ਼ਾਸ ਤੌਰ ਉੱਤੇ ਪੰਜਾਬੀ ਲੇਖਕ, ਇਸ ਤੋਂ ਕਾਫ਼ੀ ਬਚੇ ਰਹੇ ਹਨ। ਇਸ ਲਈ ਉਹ ਵਧਾਈ ਦੇ ਹੱਕਦਾਰ ਹਨ। ਹੁਣ ਪਹਿਲਾ ਕੰਮ ਜਿਹੜਾ ਸਾਡੇ ਲੇਖਕਾਂ ਦੇ ਸਾਹਮਣੇ ਹੈ ਤੇ ਜਿਹੜਾ ਉਨ੍ਹਾਂ ਨੂੰ ਪੂਰੀ ਲਗਨ ਨਾਲ ਨਿਪਟਾਉਣਾ ਪੈਣਾ ਹੈ ਉਹ ਅਖ਼ਬਾਰਾਂ ਰਾਹੀਂ ਫੈਲ ਚੁੱਕੇ ਜ਼ਹਿਰ ਨੂੰ ਚੂਸਣ ਦਾ ਹੈ। ਭਾਸ਼ਾ-ਆਧਾਰਿਤ ਸੂਬਿਆਂ ਦੀ ਮੰਗ ਦੇ ਪਿੱਛੇ ਕਾਰਜਸ਼ੀਲ ਜਮਹੂਰੀ ਪ੍ਰੇਰਨਾ ਇਹੀ ਹੈ ਕਿ ਭਾਸ਼ਾ, ਸੰਸਕ੍ਰਿਤੀ ਦੇ ਪੱਖ ਤੋਂ, ਸਮਾਜ ਦੀ ਬੁਨਿਆਦੀ ਜੋੜਨੀ ਸ਼ਕਤੀ ਹੁੰਦੀ ਹੈ; ਇਸ ਲਈ ਸਾਡੇ ਧੰਨ ਭਾਗ ਜੇ ਸਮਾਨ ਇਤਿਹਾਸਿਕ ਤੇ ਸਭਿਆਚਾਰਕ ਪ੍ਰਭਾਵਾਂ ਤੇ ਸੋਚਣੀਆਂ ਵਾਲਾ ਇਕ-ਭਾਸ਼ੀ ਸਮੂਹ, ਇਕ ਪ੍ਰਾਂਤਿਕ ਇਕਾਈ ਵਿਚ ਜੁੜ ਜਾਵੇ। ਭਾਸ਼ਾ, ਜਿਸ ਨੇ ਟੁੱਟੀਆਂ ਗੰਢਣੀਆਂ ਸਨ, ਜਿਸ ਵਿਚ ਗੁਰੂ ਨਾਨਕ, ਬੁੱਲ੍ਹੇ ਸ਼ਾਹ ਤੇ ਵਾਰਿਸ ਸ਼ਾਹ ਦੇ ਬੋਲਾਂ ਦੀ ਮਿਸ਼ਰੀ ਘੁਲੀ ਹੋਈ ਸੀ, ਜਿਸ ਵਿਚ ਸਾਡੇ ਬੱਚਿਆਂ ਲਈ ਸੁਣਨ, ਪੜ੍ਹਨ ਤੇ ਸਮਝਣ ਦੇ ਵਿਚਕਾਰ ਵਿੱਥ ਦੀ ਅਣਹੋਂਦ ਸੀ—ਬੜੇ ਹੀ ਅਫ਼ਸੋਸ ਦੀ ਗੱਲ ਹੈ ਕਿ ਐਸੀ ਭਾਸ਼ਾ ਤੋਂ ਸਾਡੇ ਸਮਾਜ ਦਾ ਇਕ ਸਿਆਣਾ ਤੇ ਸ਼ਕਤੀਸ਼ਾਲੀ ਭਾਗ ਰੁੱਸਿਆ ਰਿਹਾ ਹੈ। ਇਸ ਭਾਗ ਨੂੰ ਭੁਲੇਖੇ ਸਨ, ਜਾਂ ਪੰਜਾਬੀ ਦੇ ਮੁਦਈਆਂ ਨੇ ਜਿਸ ਤਰ੍ਹਾਂ ਆਪਣਾ ਪੱਖ ਪੇਸ਼ ਕੀਤਾ, ਉਸ ਵਿਚ ਕੋਈ ਕਾਣ ਜਾਂ ਕਸਰ ਸੀ, ਇਸ ਵੇਰਵੇ ਵੱਲ ਜਾਣ ਦੀ ਲੋੜ ਨਹੀਂ। ਇਸ ਵੇਲੇ ਲੇਖਕ ਦੀ ਜ਼ਿੰਮੇਵਾਰੀ ਹੈ ਕਿ ਉਹ ਸੂਝ ਨਾਲ, ਸਿਆਣਪ ਨਾਲ, ਵਿਸ਼ਵਾਸ ਨਾਲ, ਐਸਾ ਸਾਹਿੱਤ ਪੇਸ਼ ਕਰੇ, ਐਸੇ ਸੁਝਾਉ ਦੇਵੇ ਜਾਂ ਐਸੇ ਕਦਮ ਚੁੱਕੇ ਕਿ ਪੰਜਾਬ ਵਿਚ ਵੱਸਣ ਵਾਲੇ ਸਾਰੇ ਲੋਕ ਪੰਜਾਬੀ ਅਖਵਾ ਕੇ ਖ਼ੁਸ਼ ਹੋਣ। ਪੰਜਾਬੀਅਤ, ਸਾਂਝੀ ਪੰਜਾਬੀਅਤ, ਅਫ਼ਿਰਕੂ, ਉਦਾਰ, ਹਾਰਦਿਕ ਪੰਜਾਬੀਅਤ, ਸਾਡੀ ਕੂਕਦੀ ਲੋੜ ਹੈ। ਧਰਮ ਆਪੋ-ਆਪਣਾ ਰਹੇ, ਰਾਜਨੀਤੀ ਆਪੋ-ਆਪਣੀ ਰਹੇ, ਪਰ ਪੰਜਾਬ ਦਾ ਕੋਈ ਵਾਸੀ ਐਸਾ ਨਾ ਰਹੇ, ਜਿਸ ਨੂੰ ਗੁਰੂ ਨਾਨਕ ਦੀ ਬਾਣੀ ਦੀਆਂ ਧੜਕਦੀਆਂ ਧੁਨਾਂ ਪੋਹ ਨਾ ਸਕਣ, ਜਿਸ ਨੂੰ ਧਨੀ ਰਾਮ ਦਾ 'ਜੱਟ' ਧੂਹ ਕੇ ਮੇਲੇ ਵਿਚ ਨਾ ਲੈ ਜਾਵੇ ਜਾਂ ਜਿਸ ਦੇ ਡੌਲਿਆਂ ਨੂੰ ਪੂਰਨ ਸਿੰਘ ਦਾ ਅਲਬੇਲਾ 'ਜਵਾਨ' ਫਰਕਣ ਨਾ ਲਾ ਦੇਵੇ। ਲੇਖਕ ਵਿਚ ਭਾਵਕ ਸਾਂਝ, ਭਾਵਕ ਤ੍ਰਿਪਤੀ ਪੈਦਾ ਕਰਨ ਦੀ ਅਥਾਹ ਸ਼ਕਤੀ ਹੁੰਦੀ ਹੈ ਤੇ ਜੇ ਉਸ ਦੇ ਸਾਹਿੱਤ ਨੇ ਹੁਣ ਤ੍ਰਿਹਾਈ ਧਰਤੀ ਨੂੰ ਵੇਲੇ ਸਿਰ ਨਾ ਸਿੰਜਿਆ ਤਾਂ ਉਸ ਨੂੰ ਆਉਂਦੀਆਂ ਨਸਲਾਂ ਖਿਮਾ ਕਿਵੇਂ ਕਰਨਗੀਆਂ ?

ਅਸੀਂ ਆਪਣੇ ਰੁੱਸੇ ਹੋਏ ਵੀਰਾਂ ਨੂੰ, ਆਪਣੇ ਸਾਹਿੱਤ ਦੀ ਉੱਤਮਤਾ ਤੇ ਦਿਲਚਸਪੀ ਤੇ ਸਾਰਥਿਕਤਾ ਰਾਹੀਂ ਵਿਸ਼ਵਾਸ ਦਿਵਾਉਣਾ ਹੈ ਕਿ ਪੰਜਾਬੀ ਨਾ ਪੜ੍ਹ ਕੇ ਉਨ੍ਹਾਂ ਨੇ ਆਪਣਾ ਨੁਕਸਾਨ ਕੀਤਾ ਹੈ। ਆਪਣੇ ਬੱਚਿਆਂ ਨੂੰ ਇਸ ਦੀ ਕੁਦਰਤੀ ਮਿਠਾਸ ਤੋਂ ਵਾਂਝਿਆਂ ਰੱਖ ਕੇ ਉਨ੍ਹਾਂ ਦੇ ਦਿਲਾਂ ਤੇ ਦਿਮਾਗ਼ਾਂ ਨੂੰ ਰੁੱਖਾ ਬਣਾਇਆ ਹੈ। ਇਹ ਭਾਸ਼ਾ, ਜਿਸ ਨੂੰ ਹੁਣ ਪਹਿਲੀ ਵਾਰੀ ਇਕ ਆਦਰ-ਭਰਿਆ ਵਸੇਬਾ ਮਿਲਣ ਦੀ ਆਸ ਹੋ ਗਈ ਹੈ, ਸਾਡੀ ਸਭ ਦੀ ਸਾਂਝੀ ਹੈ। ਲੇਖਕ ਇਸ ਨੂੰ ਕੇਵਲ ਇਸ ਕਰਕੇ ਹੀ ਸਾਧਨ ਨਹੀਂ ਬਣਾਉਂਦਾ ਕਿਉਂਕਿ ਇਹ ਉਸ

WWW.SIKHBOOKCLUB.COM Page 69

ਲਈ ਪ੍ਰਗਟਾਵੇ ਦਾ ਸਭ ਤੋ ਸੌਖਾ ਮਾਧਿਅਮ ਹੈ, ਉਹ ਇਸ ਲਈ ਵੀ ਇਸ ਭਾਸ਼ਾ ਨੂੰ ਚੁਣਦਾ ਹੈ ਕਿ ਉਸ ਦੇ ਸਾਰੇ ਸਰੋਤਿਆਂ ਜਾਂ ਪਾਠਕਾਂ ਲਈ ਸਭ ਤੋਂ ਵਧ ਹਿਰਦੇ-ਚੁੰਬੀ ਇਹੀ ਭਾਸ਼ਾ ਹੈ। ਸਾਡੇ ਲੇਖਕਾਂ ਲਈ ਹੁਣ ਮੌਕਾ ਹੈ ਕਿ ਉਹ ਆਪਣਾ ਇਹ ਹਿਰਦੇ-ਚੁੰਬੀ ਜਾਦੂ ਪੂਰੀ ਤਰ੍ਹਾਂ ਦਿਖਾਉਣ। ਸਾਡੇ ਵਿੱਚੋਂ ਜਿਨ੍ਹਾਂ ਨੂੰ ਸ਼ੇਕਸਪੀਅਰ ਪੜ੍ਹਨ ਦਾ ਮੌਕਾ ਮਿਲਿਆ ਹੈ, ਉਹ, ਜੇ ਕਿਸੇ ਨੂੰ, ਇਸ ਲੇਖਕ ਦੀ ਆਪਣੀ ਭਾਸ਼ਾ ਵਿਚ ਪੜ੍ਹਨ ਦੀ ਖ਼ਾਤਰ, ਅੰਗਰੇਜ਼ੀ ਸਿੱਖਣ ਦੀ ਪ੍ਰੇਰਨਾ ਦੇਣ, ਤਾਂ ਇਹ ਇਕ ਯੋਗ ਕਾਰਵਾਈ ਹੋਵੇਗੀ, ਕਿਉਂ ਜੋ ਅੰਗਰੇਜ਼ੀ ਸਿੱਖਣ ਉੱਤੇ ਘਾਲੀ ਘਾਲ, ਸ਼ੇਕਸਪੀਅਰ ਪੜ੍ਹਨ ਦੇ ਆਨੰਦ ਤੋਂ ਕਦੀ ਵੀ ਮਹਿੰਗੀ ਨਹੀਂ ਹੋ ਸਕਦੀ। ਇਸ ਪ੍ਰਸੰਗ ਵਿਚ, ਜੇ ਪੰਜਾਬੀ ਲੇਖਕਾਂ ਦੀਆਂ ਕਿਰਤਾਂ ਦੇ ਹੁੰਦਿਆਂ, ਖ਼ੁਦ ਪੰਜਾਬੀ ਲੋਕ ਹੀ, ਪੰਜਾਬੀ ਪੜ੍ਹਨ ਤੋਂ ਆਕੀ ਹੋਏ ਹੋਣ ਤਾਂ ਪੰਜਾਬੀ ਲੇਖਕਾਂ ਨੂੰ, ਆਪਣੇ ਅੰਦਰ ਦੀ ਚਿਣਗ ਦੇ ਸੇਕ ਤੇ ਚਾਨਣ ਬਾਰੇ, ਚਿੰਤਾ ਕਰਨੀ ਚਾਹੀਦੀ ਹੈ। ਸਮਾਜ ਦੇ ਸਾਰੇ ਭਾਗਾਂ ਦੀਆਂ ਲੋੜਾਂ, ਉਨ੍ਹਾਂ ਦੇ ਭਾਵ, ਉਨ੍ਹਾਂ ਦੀਆਂ ਉਮੰਗਾਂ ਨੂੰ ਛੋਂਹਦਾ, ਟਟੋਲਦਾ, ਉਭਾਰਦਾ ਜਾਂ ਪੂਰਦਾ ਸਾਹਿੱਤ ਰਚਿਆ ਜਾਵੇ ਤਾਂ ਕਿਵੇਂ ਹੋ ਸਕਦਾ ਹੈ ਕਿ ਸਾਰੇ ਪੰਜਾਬੀ, ਘੱਟੋ-ਘੱਟ ਭਾਵਾਤਮਕ ਜਾਂ ਸਾਹਿੱਤਿਕ ਤੌਰ ਉੱਤੇ, ਪੂਰੇ ਪੰਜਾਬੀ ਨਾ ਬਣ ਜਾਣ ? ਇਹ ਸਾਹਿੱਤ ਦੇ ਬਲ ਨਾਲ ਲਿਆਂਦੀ ਜਜ਼ਬਾਤੀ ਇਕਸੁਰਤਾ ਸਾਡੇ ਲੇਖਕਾਂ ਦਾ, ਭਾਰਤ ਨੂੰ, ਸਭ ਤੋਂ ਵੱਡਾ ਤੁਹਫ਼ਾ ਹੋਵੇਗਾ।

ਪੰਜਾਬੀ ਬੋਲੀ ਦੇ ਆਧਾਰ ਉੱਤੇ ਪੰਜਾਬੀ ਸੂਬੇ ਦੀ ਸਥਾਪਨਾ, ਪੰਜਾਬੀ ਭਾਸ਼ਾ ਦੇ ਉੱਜਲ ਭਵਿੱਖ ਦਾ ਸਭ ਤੋਂ ਵੱਡਾ ਮੀਲ-ਪੱਥਰ ਸਾਬਤ ਹੋਵੇ, ਇਹ ਸਾਡੀ ਅਰਦਾਸ ਹੈ। ਪੰਜਾਬੀ ਲੋਕਾਂ ਦੀ ਹਾਰਦਿਕ ਉੱਨਤੀ ਪੰਜਾਬੀ ਭਾਸ਼ਾ ਦੇ ਉੱਜਲ ਭਵਿੱਖ ਨਾਲ ਜੁੜੀ ਹੋਈ ਹੈ। ਪੰਜਾਬੀ ਉਨ੍ਹਾਂ ਲੋਕਾਂ ਦੀ ਭਾਸ਼ਾ ਹੈ ਜਿਹੜੇ ਸਰੀਰਿਕ ਤੇ ਮਾਨਸਿਕ ਤੌਰ ਉੱਤੇ ਬਲਵਾਨ ਹਨ, ਜਿਨ੍ਹਾਂ ਵਿਚ ਅੱਗੇ ਵਧਣ ਦੀ ਚੇਸ਼ਟਾ ਸ਼ਾਇਦ ਭਾਰਤ ਦੇ ਸਮੂਹ ਵਾਸੀਆਂ ਤੋਂ ਵਧ ਹੈ, ਜੋ ਆਪਣੇ ਪੈਰਾਂ ਉੱਤੇ ਖੜੇ ਹੋ ਕੇ ਖ਼ੁਸ਼ ਹੁੰਦੇ ਹਨ। ਅੱਗੇ ਜਦੋਂ ਸਰਕਾਰਾਂ ਵੱਲੋਂ ਅਣਗਹਿਲੀ ਹੁੰਦੀ ਰਹੀ, ਤਾਂ ਵੀ ਇਸ ਭਾਸ਼ਾ ਦੇ ਕਦਮ ਅੱਗੇ ਹੀ ਵਧਦੇ ਰਹੇ ਹਨ, ਹੁਣ, ਜਦ ਸਰਕਾਰ ਦਾ ਹੱਥ ਸਿਰ ਉੱਤੇ ਹੋਵੇਗਾ ਤਾਂ ਕੀ ਇਸ ਦੀ ਤਿਖੇਰੀ ਚਾਲ ਦਾ ਬਾਂਕਪਨ ਵੇਖਣ-ਜੋਗ ਨਹੀਂ ਹੋ ਜਾਵੇਗਾ ? ਅਵੱਸ਼ ਹੋਵੇਗਾ, ਪਰ ਇਸ ਤੌਰ ਦਾ ਬਾਂਕਪਨ ਆਵੇਗਾ ਲੇਖਕਾਂ ਦੀ ਤਪੱਸਿਆ, ਉਨ੍ਹਾਂ ਦੀ ਘਾਲ ਨਾਲ।

# *ਪੰਜਾਬੀ ਭਾਸ਼ਾ, ਪੰਜਾਬ ਸਰਕਾਰ ਤੇ ਕੇਂਦਰੀ ਸਰਕਾਰ**

ਕੇਂਦਰੀ ਪੰਜਾਬੀ ਲੇਖਕ ਸਭਾ (ਰਜਿਸਟਰਡ) ਦਾ ਸਰੋਕਾਰ, ਇਸ ਦੇ ਹੋਂਦ ਵਿਚ ਆਉਣ ਦੇ ਵੇਲੇ ਤੋਂ ਹੀ, ਪੰਜਾਬ ਦੇਸ ਦੀ ਆਪਣੀ ਦੇਸੀ ਭਾਸ਼ਾਈ ਉਪਜ, ਪੰਜਾਬੀ ਦੇ ਹਰ ਪੱਖ ਦੀ ਉੱਨਤੀ ਨੂੰ ਯਕੀਨੀ ਬਣਾਉਣ ਨਾਲ ਰਿਹਾ ਹੈ, ਪਰ ਨਾਂਹ-ਨਾਂਹ ਕਰਦਿਆਂ ਵੀ, ਪੰਜਾਬ ਵਿਚ ਪੰਜਾਬੀ ਲਾਗੂ ਕਰਵਾਉਣ ਵਾਲੇ ਪੱਖ ਨੇ ਉਸ ਦੇ ਸਮੇਂ ਤੇ ਸ਼ਕਤੀ ਦਾ ਬਹੁਤ ਸਾਰਾ ਭਾਗ ਮੱਲੀ ਰੱਖਿਆ ਹੈ।

> ਸਕੂਲਾਂ ਵਿਚ ਸਿੱਖਿਆ ਤੇ ਪਰੀਖਿਆਵਾਂ ਦਾ ਮਾਧਿਅਮ ਪੰਜਾਬੀ ਹੋਵੇ; ਕਾਲਜਾਂ ਵਿਚ ਹਰ ਮਜ਼ਮੂਨ ਦੀ ਪੜ੍ਹਾਈ ਪੰਜਾਬੀ ਰਾਹੀਂ ਹੋਵੇ ਤੇ ਹਰ ਇਕ ਦਾ ਇਮਤਿਹਾਨ ਵੀ ਪੰਜਾਬੀ ਵਿਚ ਹੋਵੇ ਅਤੇ ਅੱਗੋਂ ਇਹੀ ਵਰਤਾਰਾ ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚ ਵੀ ਵਰਤੇ।
>
> ਪਿੰਡ ਦੇ ਚੌਕੀਦਾਰ ਤੋਂ ਲੈ ਕੇ ਰਾਜ ਦੇ ਮੁਖ ਸਕੱਤਰ, ਬਲਕਿ ਰਾਜਪਾਲ ਤਕ ਦਾ ਸਾਰਾ ਦਫ਼ਤਰੀ ਕਾਰਜ ਪੰਜਾਬੀ ਵਿਚ ਹੋਵੇ, ਸਰਕਾਰੀ ਤੇ ਅੱਧ-ਸਰਕਾਰੀ ਜਾਂ ਪੌਣ-ਸਰਕਾਰੀ ਇਦਾਰਿਆਂ, ਜਿਵੇਂ ਯੂਨੀਵਰਸਿਟੀਆਂ, ਸਕੂਲ ਬੋਰਡ, ਮਾਰਕਫੈੱਡ, ਪੰਜਾਬ ਤੇ ਪੈਪਸੂ ਰੋਡਵੇਜ਼ ਤੇ ਮਿਉਂਸਿਪਲ ਕਮੇਟੀਆਂ, ਵਗੈਰਾ ਦਾ ਸਾਰਾ, ਪੰਜਾਬ ਦੇ ਅੰਦਰਲਾ ਦਫ਼ਤਰੀ ਕੰਮ, ਪੰਜਾਬੀ ਵਿਚ ਹੋਵੇ।
>
> ਰਾਜ ਦੀ ਉੱਚਤਮ ਕਚਹਿਰੀ ਤਕ, ਸਾਰੀਆਂ ਨਿਆਂ ਦੇਣ ਵਾਲੀਆਂ ਸੰਸਥਾਵਾਂ ਦੀਆਂ ਬਹਿਸਾਂ, ਗਵਾਹੀਆਂ, ਜਿਰਹਕਾਰੀਆਂ ਤੇ ਫ਼ੈਸਲਿਆਂ ਦਾ ਮਾਧਿਅਮ ਪੰਜਾਬੀ ਹੋਵੇ। ਪੰਜਾਬੀ ਦੇ ਗਵਾਂਢੀ ਰਾਜਾਂ ਤੇ ਦਿੱਲੀ ਵਿਚ, ਜਿੱਥੇ ਪੰਜਾਬੀ ਲੋਕ ਕਾਫ਼ੀ ਜਾਂ ਬਹੁ-ਗਿਣਤੀ ਵਿਚ ਰਹਿੰਦੇ ਹਨ, ਪੰਜਾਬੀ ਨੂੰ ਪਹਿਲੀ ਭਾਸ਼ਾ ਦੀ ਨਹੀਂ ਤਾਂ ਦੂਜੀ ਭਾਸ਼ਾ ਵਾਲੀ ਮਾਨਤਾ ਜ਼ਰੂਰ ਦਿੱਤੀ ਜਾਵੇ।
>
> ਸਭਾ ਇਹ ਵੀ ਮੰਗ ਕਰਦੀ ਆਈ ਹੈ ਕਿ ਚੰਡੀਗੜ੍ਹ ਸਮੇਤ, ਪੰਜਾਬ ਦੇ ਸਾਰੇ ਰੇਡੀਓ ਤੇ ਟੀ.ਵੀ. ਕੇਂਦਰਾਂ ਤੋਂ, ਪ੍ਰਸਾਰ ਦੇ ਕੰਮ ਦਾ ਮੁਕੰਮਲ ਪੰਜਾਬੀਕਰਣ ਕੀਤਾ ਜਾਵੇ।

ਇਹ ਸਾਰੇ ਉਹ ਕੰਮ ਹਨ ਜੋ ਲੇਖਕ ਆਪਣੇ ਸਿੱਧੇ ਵੱਸ ਤੋਂ ਬਾਹਰਵਾਰ ਤੇ ਰਾਜ ਸਰਕਾਰ ਜਾਂ ਕੇਂਦਰੀ ਸਰਕਾਰ ਦੇ ਵੱਸ ਦੇ ਅੰਦਰਵਾਰ ਸਮਝਦੇ ਹਨ। ਆਪਣੇ ਮੰਤਵਾਂ ਨੂੰ ਪੂਰਾ

---

* ਕੇਂਦਰੀ ਪੰਜਾਬੀ ਲੇਖਕ ਸਭਾ (ਰਜਿਸਟਰਡ) ਵੱਲੋਂ ਬੁਲਾਈ ਗਈ 11ਵੀਂ ਸਰਬ-ਹਿੰਦ ਪੰਜਾਬੀ ਲੇਖਕ ਕਾਨਫ਼ਰੰਸ, ਦਿੱਲੀ ਵਿਚ 21 ਮਾਰਚ, 1993 ਨੂੰ ਪੇਸ਼ ਕੀਤਾ ਗਿਆ ਬੀਜ-ਭਾਸ਼ਣ।

WWW.SIKHBOOKCLUB.COM 

ਕਰਨ ਲਈ ਸਭਾਵਾਂ ਵਿਚ ਸੰਗਠਿਤ ਲੇਖਕ ਬਿਆਨ ਦੇਂਦੇ ਆਏ ਹਨ; ਮਤੇ ਉੱਤੇ ਮਤਾ ਪਾਸ ਕਰਦੇ ਰਹੇ ਹਨ; ਦਸਖ਼ਤੀ ਮੁਹਿੰਮਾਂ ਚਲਾਉਂਦੇ ਰਹੇ ਹਨ; ਮੇਜਰਨਾਮੇ ਪੇਸ਼ ਕਰਦੇ ਰਹੇ ਹਨ ਤੇ ਰਾਜ ਦੇ ਸਕੱਤਰਾਂ, ਵਜ਼ੀਰਾਂ ਤੇ ਗਵਰਨਰਾਂ ਤੋਂ ਲੈ ਕੇ ਕੇਂਦਰੀ ਸਰਕਾਰ ਦੇ ਵਜ਼ੀਰਾਂ ਤਕ ਸਭ ਦੇ ਦਰ ਖੜਕਾਉਂਦੇ ਰਹੇ ਹਨ। ਏਥੋਂ ਤਕ ਕਿ ਧਰਨਿਆਂ, ਜਲਸਿਆਂ ਤੇ ਜਲੂਸਾਂ, ਬਲਕਿ ਭੁੱਖ-ਹੜਤਾਲਾਂ ਤੇ ਗ੍ਰਿਫ਼ਤਾਰੀਆਂ ਤਕ ਵੀ ਨੌਬਤ ਪਹੁੰਚਦੀ ਰਹੀ ਹੈ, ਪਰ 1967 ਵਿਚ, ਪੰਜਾਬ ਦੀ ਵਿਧਾਨ ਸਭਾ ਵੱਲੋਂ, 'ਪੰਜਾਬ ਰਾਜ-ਭਾਸ਼ਾ ਐਕਟ' ਪਾਸ ਹੋ ਜਾਣ ਦੇ ਬਾਵਜੂਦ, ਪੰਜਾਬ ਰਾਜ ਦੀ ਨਾ ਕਿਸੇ ਅਕਾਲੀ ਸਰਕਾਰ ਨੇ ਤੇ ਨਾ ਕਿਸੇ ਕਾਂਗਰਸੀ ਸਰਕਾਰ ਨੇ, ਨਾ ਕਿਸੇ ਮਿੱਸੀ ਸਰਕਾਰ ਨੇ ਤੇ ਨਾ ਹੀ ਕੇਂਦਰੀ ਸਰਕਾਰ ਵੱਲੋਂ ਠੋਸੀ ਹੋਈ ਕਿਸੇ ਇਕ-ਪੁਰਖੀ ਹਕੂਮਤ ਨੇ, ਪੰਜਾਬ ਰਾਜ ਦੇ ਸਰਕਾਰੀ ਦਫ਼ਤਰਾਂ ਵਿਚ ਪੰਜਾਬੀ ਮਾਧਿਅਮ ਪੂਰੀ ਤਰ੍ਹਾਂ ਲਾਗੂ ਕਰਨ ਵਾਲੇ ਪਾਸੇ ਕੋਈ ਉਚੇਚੀ ਰੁਚੀ ਵਿਖਾਈ ਹੈ ਤੇ ਨਾ ਕਿਸੇ ਯੂਨੀਵਰਸਿਟੀ ਦੀਆਂ ਦਫ਼ਤਰੀ ਤੇ ਅਧਿਆਪਕੀ ਸੇਵਾਵਾਂ ਲਈ ਜਾਂ ਖੋਜ ਤੇ ਪਰੀਖਿਆ ਦੇ ਕਾਰਜਾਂ ਲਈ ਕੇਵਲ ਪੰਜਾਬੀ ਨੂੰ ਮਾਨਤਾ ਦੇਣ ਤੇ ਉਸ ਦੀ ਯੋਗਤਾ, ਖਮਤਾ ਤੇ ਸਮਰੱਥਾ ਵਿਚ ਵਾਧਾ ਕਰਨ ਵਾਲੇ ਪਾਸੇ ਕੋਈ ਅਸਰਦਾਰ ਤੇ ਮਿਤੀ-ਬੱਧ ਕਦਮ ਚੁੱਕਿਆ ਗਿਆ ਹੈ।

## 2

ਸਰਕਾਰੀ ਤੇ ਅੱਧ-ਸਰਕਾਰੀ ਇਦਾਰਿਆਂ ਵੱਲੋਂ ਇਸ ਪਾਸੇ ਵੱਲ ਵਰਤੀ ਗਈ ਬੇਦਿਲੀ ਤੇ ਕੋਤਾਹੀ ਦੇ ਪਿੱਛੇ, ਹੋਰਨਾਂ ਤੋਂ ਇਲਾਵਾ, ਤਿੰਨ ਵੱਡੇ ਕਾਰਨ ਤਤਪਰ ਰਹੇ ਹਨ :

(ੳ) ਪਹਿਲਾ ਇਹ ਕਿ ਪੰਜਾਬ ਵਿਚ ਪੰਜਾਬੀ ਬੋਲਣ ਵਾਲੇ ਸ਼ਹਿਰੀ ਲੋਕਾਂ ਦੇ ਇਕ ਭਾਗ ਦੀ ਰੂਹ ਪੰਜਾਬੀ ਭਾਸ਼ਾ ਦੀ ਚੜ੍ਹਤ ਵੇਖ ਕੇ ਕੋਈ ਖ਼ਾਸ ਹੁਲਾਰਾ ਨਹੀਂ ਖਾਂਦੀ। ਬਲਕਿ ਇਉਂ ਕਹਿਣਾ ਚਾਹੀਦਾ ਹੈ ਕਿ ਇਹ ਜਨ-ਸਮੂਹ ਪੰਜਾਬੀ ਭਾਸ਼ਾ ਦੀ ਚੜ੍ਹਦੀ ਕਲਾ ਨੂੰ, ਢਿੱਡੋਂ, ਆਪਣੀ ਸਭਿਆਚਾਰਕ ਤੇ ਰਾਜਨੀਤਿਕ ਚੜ੍ਹਤ ਦਾ ਪ੍ਰਤੀਕ ਨਹੀਂ ਸਮਝਦਾ ਤੇ ਜਿੱਥੇ ਜਿੱਥੇ ਇਸ ਜਨ-ਸਮੂਹ ਦਾ ਵੱਸ ਚੱਲਦਾ ਹੈ, ਓਥੇ ਓਥੇ ਹਿੰਦੀ ਭਾਸ਼ਾ ਨੂੰ ਪੰਜਾਬੀ ਤੋਂ ਤਰਜੀਹ ਦੇਣ ਦਾ ਉਪਰਾਲਾ ਕਰਦਾ ਹੈ ਤੇ ਜਿੱਥੇ ਗੱਲ ਵੱਸੋਂ ਬਾਹਰ ਹੁੰਦੀ ਦਿੱਸੇ, ਓਥੇ ਹਿੰਦੀ ਨੂੰ ਪੰਜਾਬੀ ਦੇ ਬਰਾਬਰ ਦਾ ਦਰਜਾ ਦਿਵਾਉਣ ਉੱਤੇ ਜ਼ੋਰ ਲਾਉਂਦਾ ਹੈ, ਪਰ ਜੇ ਇਹ ਕੰਮ ਵੀ ਨਾ ਬਣੇ ਤਾਂ ਇਕ ਪਾਸੇ ਪੰਜਾਬੀ ਦੀ ਥਾਂ ਅੰਗਰੇਜ਼ੀ ਮਾਧਿਅਮ ਜਾਰੀ ਰੱਖਣ ਜਾਂ ਜਾਰੀ ਕਰਨ ਲਈ ਹੱਥ ਪੈਰ ਮਾਰਦਾ ਹੈ ਤੇ ਦੂਜੇ ਪਾਸੇ ਪੰਜਾਬੀ ਭਾਸ਼ਾ ਨੂੰ ਅਪਨਾਉਣ ਦੀ ਪੇਸ਼ਕਸ਼ ਕਰਦਾ ਹੈ ਪਰ ਇਸ ਸ਼ਰਤ ਨਾਲ ਕਿ ਇਸ ਦੀ ਲਿਪੀ ਗੁਰਮੁਖੀ ਦੀ ਥਾਂ ਦੇਵਨਾਗਰੀ ਹੋਵੇ।

ਇਹ ਜਨ-ਸਮੂਹ ਜੋ ਵੀ ਪੈਂਤੜਾ ਅਪਣਾਉਂਦਾ ਹੈ, ਉਸ ਉੱਤੇ ਫੱਟਾ ਦੇਸ-ਹਿੱਤ, ਰਾਸ਼ਟਰ-ਹਿੱਤ, ਲੋਕ-ਹਿੱਤ ਜਾਂ ਪੰਜਾਬ-ਹਿੱਤ ਦਾ ਲਾਇਆ ਹੁੰਦਾ ਹੈ, ਪਰ ਜੇ ਅਸਲੀਅਤ ਨੂੰ ਲੁਕਾਉਣ ਵਾਲਾ ਫੱਟਾ ਲਾਹ ਕੇ ਵੇਖਿਆ ਜਾਵੇ ਤਾਂ ਇਹ ਪੰਜਾਬੀ-ਵਿਰੋਧੀ ਬਿਰਤੀ, ਉਸ ਅੰਗਰੇਜ਼ੀ ਕਾਲ ਦੀ ਰਹਿੰਦ-ਖੂੰਹਦ ਸਿੱਧ ਹੁੰਦੀ ਹੈ, ਜਿਸ ਵਿਚ ਪੰਜਾਬ ਦੀ ਰਾਜਨੀਤੀ ਨੂੰ, ਵੱਖ ਵੱਖ ਧਰਮਾਂ ਦੇ ਧੌਲ, ਵੱਖ ਵੱਖ ਭਾਸ਼ਾਵਾਂ ਦੀਆਂ ਪੰਜਾਲੀਆਂ ਪੁਆ ਕੇ, ਵੱਖ ਵੱਖ ਦਿਸ਼ਾਵਾਂ ਵੱਲ ਧੂਹਿਆ ਕਰਦੇ ਸਨ—ਪੰਜਾਬੀ ਮੁਸਲਮਾਨ ਦੀ ਭਾਸ਼ਾ ਉਰਦੂ; ਪੰਜਾਬੀ ਹਿੰਦੂ ਦੀ ਭਾਸ਼ਾ ਹਿੰਦੀ ਤੇ ਸਿੱਖ ਦੀ ਭਾਸ਼ਾ, ਭਾਵੇਂ ਉਹ ਕਿਤੋਂ ਦਾ ਹੋਵੇ, ਪੰਜਾਬੀ ਦੱਸੀ ਜਾਂਦੀ ਸੀ।

ਕਾਰਨ ਤਾਂ ਬੇਸ਼ੱਕ ਹੋਰ ਵੀ ਹਨ, ਮਸਲਨ ਘੱਟ-ਗਿਣਤੀਆਂ ਵਾਲੀ ਅਸੁਰੱਖਿਆ

WWW.SIKHBOOKCLUB.COM Page 72

ਦੀ ਭਾਵਨਾ, ਪਰ ਜਦੋਂ ਚੰਡੀਗੜ੍ਹ ਦੇ ਸਾਰੇ ਡੀ.ਏ.ਵੀ. ਸਕੂਲਾਂ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ, ਮੁਹਾਲੀ ਦੇ ਪੰਜਾਬੀ-ਮੁਖੀ ਅਧਿਕਾਰ ਹੇਠੋਂ ਕੱਢ ਕੇ ਦਿੱਲੀ ਦੇ ਹਿੰਦੀ-ਤੇ-ਅੰਗਰੇਜ਼ੀ-ਮੁਖੀ ਕੇਂਦਰੀ ਸਿੱਖਿਆ ਬੋਰਡ ਨਾਲ ਜੋੜ ਦਿੱਤਾ ਗਿਆ ਜਾਂ ਪੰਜਾਬ ਤੇ ਚੰਡੀਗੜ੍ਹ ਦੇ ਸਮੂਹ ਡੀ.ਏ.ਵੀ. ਨਰਸਰੀ ਤੇ ਮਾਡਲ ਸਕੂਲਾਂ ਦੇ ਪਾਠ-ਕ੍ਰਮ ਵਿਚੋਂ ਪੰਜਾਬੀ ਦੀ ਪ੍ਰਥਮਤਾ ਵਾਲਾ ਸੰਕਲਪ ਉਡਾ ਦਿੱਤਾ ਗਿਆ ਤਾਂ ਅੰਗਰੇਜ਼ੀ ਕਾਲ ਦੀ ਜਿਸ ਬੇਤੁਕ, ਘਰ-ਪਾੜ ਤੇ ਵੱਖਵਾਦੀ ਮਾਨਸਿਕਤਾ ਵੱਲ ਪਹਿਲਾਂ ਇਸ਼ਾਰਾ ਕੀਤਾ ਗਿਆ ਹੈ, ਉਸ ਦੀ ਨਿਰੰਤਰ ਮੌਜੂਦਗੀ ਦੀ ਪੱਕੀ-ਪੀਡੀ ਤਸਦੀਕ ਹੋ ਜਾਂਦੀ ਹੈ।

ਇਹ ਘਰ ਦੀ ਦੁਫੇੜ, ਪਹਿਲਾ ਕਾਰਨ ਹੈ, ਜਿਸ ਨੂੰ ਅੰਦਰ-ਖਾਤੇ ਬਹਾਨਾ ਬਣਾ ਕੇ ਪੰਜਾਬ ਸਰਕਾਰ ਪਰਨਾਲਾ ਜਿੱਥੇ ਸੀ ਓਥੇ ਦਾ ਓਥੇ ਟਿਕਿਆ ਰਹਿਣ ਦੇਂਦੀ ਹੈ।

ਪੰਜਾਬੀ ਦੇ ਹਿਤੈਸ਼ੀਆਂ ਨੂੰ ਪੰਜਾਬੀ ਦੇ ਦੁੱਧ ਵਿਚ ਕਾਂਜੀ ਪਾਉਣ ਵਾਲੇ ਇਸ ਜਨ-ਸਮੂਹ ਨੂੰ ਭੈ-ਮੁਕਤ ਕਰ ਕੇ ਇਸ ਦੀ ਮਾਨਸਿਕਤਾ ਵਿਚ ਸਾਂਵਾਂਪਨ ਲਿਆਉਣ ਲਈ ਉਸਾਰੂ ਕਦਮ ਚੁੱਕਣੇ ਪੈਣੇ ਹਨ। ਇਸ ਵਿਚ ਗੁੱਸੇ, ਮਿਹਣੇਬਾਜ਼ੀ ਜਾਂ ਜਬਰ ਦੀ ਨਹੀਂ, ਸਬਰ, ਸਮਾਈ ਤੇ ਹਮਦਰਦੀ ਦੀ ਲੋੜ ਪੈਣੀ ਹੈ। ਆਖ਼ਰ ਇਹ ਹੈਨ ਤਾਂ ਸਾਡੇ ਭਾਈ-ਬੰਦ ਤੇ ਘਰਾਂ ਵਿਚ ਇਨ੍ਹਾਂ ਵਿੱਚੋਂ ਬਹੁਤੇ ਪੰਜਾਬੀ ਬੋਲਦੇ ਹਨ, ਪਰ ਪੰਜਾਬੀ ਸਾਹਿੱਤ ਤੇ ਪੰਜਾਬੀ ਮਾਨਸਿਕਤਾ ਤੋਂ ਟੁੱਟੇ ਹੋਏ ਹਨ।

(ਅ) ਦੂਜਾ ਕਾਰਨ ਇਹ ਹੈ ਕਿ ਪੰਜਾਬ ਦੇ ਲੋਕ, ਇਕ ਬੜੇ ਬੱਜਰ ਭੁਲੇਖੇ ਹੇਠ, ਰੋਜ਼ਗਾਰ ਤੇ ਦੁਨਿਆਵੀ ਤਰੱਕੀ ਦੀਆਂ ਸੰਭਾਵਨਾਵਾਂ ਨੂੰ, ਅੰਗਰੇਜ਼ੀ ਭਾਸ਼ਾ ਦੇ ਗਿਆਨ ਨਾਲ ਜੋੜ ਬੈਠੇ ਹਨ। ਇਹੀ ਨਹੀਂ, ਇਕ ਇਸ ਤੋਂ ਵੀ ਵਡੇਰੇ ਭੁਲੇਖੇ ਹੇਠ, ਹਰ ਤਰ੍ਹਾਂ ਦੇ ਉਚੇਰੇ ਗਿਆਨ ਦੀ ਪ੍ਰਾਪਤੀ, ਅੰਗਰੇਜ਼ੀ ਮਾਧਿਅਮ ਤੋਂ ਬਿਨਾਂ ਅਸੰਭਵ ਮੰਨ ਲਈ ਗਈ ਹੈ, ਹਾਲਾਂਕਿ ਅਸਲੀਅਤ ਇਹ ਹੈ ਕਿ ਖ਼ੁਦ ਅੰਗਰੇਜ਼ੀ ਭਾਸ਼ਾ ਸਿੱਖਣ ਜਾਂ ਸਿਖਾਉਣ ਲਈ ਵੀ, ਅੰਗਰੇਜ਼ੀ ਮਾਧਿਅਮ ਦਾ ਹੋਣਾ ਜ਼ਰੂਰੀ ਨਹੀਂ ਹੈ।

ਸਾਡੇ ਭੁੱਲੜ ਪੰਜਾਬੀ ਵੀਰਾਂ ਦੇ ਪੱਲੇ ਬਨ੍ਹਾਉਣ ਵਾਲਾ ਨੁਕਤਾ ਇਹ ਹੈ ਕਿ ਅੰਗਰੇਜ਼ੀ ਭਾਸ਼ਾ ਦਾ ਜਾਣਨਾ ਹੋਰ ਗੱਲ ਹੈ ਤੇ ਇਤਿਹਾਸ, ਅਰਥ-ਸ਼ਾਸਤਰ, ਖੇਤੀ-ਬਾੜੀ, ਭੂਗੋਲ, ਗਣਿਤ ਜਾਂ ਰਸਾਇਣ ਵਿਦਿਆ ਦਾ ਗਿਆਨ ਲੈਣ ਜਾਂ ਦੇਣ ਲਈ ਅੰਗਰੇਜ਼ੀ ਮਾਧਿਅਮ ਦੀ ਵਰਤੋਂ ਬਿਲਕੁਲ ਹੋਰ ਗੱਲ।

ਅੰਗਰੇਜ਼ੀ ਭਾਸ਼ਾ ਜਾਂ ਕਿਸੇ ਵੀ ਹੋਰ ਭਾਸ਼ਾ ਦਾ ਸਿੱਖਣਾ ਚੰਗਾ ਕੰਮ ਹੈ ਪਰ ਪੰਜਾਬ ਵਿਚ ਪੰਜਾਬੀ ਦੀ ਥਾਂ ਅੰਗਰੇਜ਼ੀ ਜਾਂ ਕਿਸੇ ਵੀ ਹੋਰ ਭਾਸ਼ਾ ਨੂੰ ਗਿਆਨ-ਪ੍ਰਾਪਤੀ ਦਾ ਮਾਧਿਅਮ ਬਣਾਉਣ ਦਾ ਮਤਲਬ ਹੀ ਆਪਣੀ ਭਾਸ਼ਾ ਦੀ ਉੱਨਤੀ ਦਾ ਰਾਹ ਬੰਦ ਕਰਨਾ ਹੁੰਦਾ ਹੈ ਅਤੇ ਮਨੋਵਿਗਿਆਨੀ ਤੇ ਭਾਸ਼ਾ ਸ਼ਾਸਤਰੀਆਂ ਦੇ ਅੰਤਿਮ ਨਿਰਣੇ ਅਨੁਸਾਰ ਆਪਣੀ ਸਰਬ-ਪੱਖੀ ਉੱਨਤੀ ਦਾ ਰਾਹ ਬੰਦ ਕਰਨਾ ਹੈ।

ਜਿਸ ਤਰ੍ਹਾਂ ਕੇਂਦਰੀ ਸਰਕਾਰ ਤੇ ਰਾਜ ਸਰਕਾਰ ਦੀਆਂ ਸਿੱਖਿਆ-ਨੀਤੀਆਂ ਨੇ ਸਾਨੂੰ ਉਚੇਰੀਆਂ ਜਮਾਤਾਂ ਵਿਚ, ਅੰਗਰੇਜ਼ੀ ਮਾਧਿਅਮ ਦਾ ਮੁਥਾਜ ਬਣਾ ਕੇ ਰੱਖ ਦਿੱਤਾ ਹੈ, ਤਕਰੀਬਨ ਉਸੇ ਨਮੂਨੇ ਉੱਤੇ, ਕੇਂਦਰੀਕਰਣ ਦੀ ਖੁੱਲ੍ਹੀ ਵਰਤੋਂ ਨੇ, ਚੰਡੀਗੜ੍ਹ ਵਿਚ ਤੇ ਪਬਲਿਕ ਸਕੂਲਾਂ ਵਾਲੇ ਹਰ ਸ਼ਹਿਰ ਦੇ ਬੱਚਿਆਂ ਵਿਚ ਸਾਧਾਰਨ ਬੋਲ-ਚਾਲ ਦਾ ਹਿੰਦੀਕਰਣ, ਪੰਜਾਬੀ ਬੋਲਚਾਲ ਦੀ ਕੁਦਰਤੀ ਰੁਚੀ ਨੂੰ ਪਛਾੜਨ ਦੀ ਸਿਰਤੋੜ ਕੋਸ਼ਿਸ਼ ਕਰ ਰਿਹਾ ਹੈ।

ਅੰਗਰੇਜ਼ੀ ਭਾਸ਼ਾ ਪੜ੍ਹਾਉਣ ਲਈ ਅੰਗਰੇਜ਼ੀ ਮਾਧਿਅਮ ਦੀ ਵਰਤੋਂ ਜਾਂ ਹਿੰਦੀ ਪੜ੍ਹਾਉਣ

WWW.SIKHBOOKCLUB.COM

ਲਈ ਹਿੰਦੀ ਭਾਸ਼ਾ ਦੀ ਵਰਤੋਂ ਤਾਂ ਬੰਦਾ ਸਹਿ ਵੀ ਲਵੇ, (ਭਾਵੇਂ ਇਨ੍ਹਾਂ ਦੂਹਾਂ ਬੋਲੀਆਂ ਦੀ ਸਿਖਲਾਈ ਛੇਤੀ ਤੇ ਵਧੀਆ ਕਰਾਉਣੀ ਹੋਵੇ ਤਾਂ ਮੁੱਢ ਵਿਚ ਪੰਜਾਬੀ ਭਾਸ਼ਾ ਦੀ ਵਰਤੋਂ ਲਾਜ਼ਮੀ ਹੁੰਦੀ ਹੈ) ਪਰ ਹਰ ਤਰ੍ਹਾਂ ਦੇ ਗਿਆਨ-ਵਿਗਿਆਨ ਦੀ ਕੁੰਜੀ ਕੇਵਲ ਅੰਗਰੇਜ਼ੀ ਦੇ ਲੜ ਨਾਲ ਬੰਨ੍ਹ ਦਿੱਤੀ ਜਾਵੇ ਜਾਂ ਪੰਜਾਬੀ ਮਾਪਿਆਂ ਦੇ ਨਰਸਰੀਆਂ ਤੇ ਪਬਲਿਕ ਸਕੂਲਾਂ ਵਿਚ ਪੜ੍ਹਨ ਵਾਲੇ ਬੱਚਿਆਂ ਦੀ ਮਾਨਸਿਕਤਾ ਉੱਤੇ ਅਜਿਹਾ ਭਾਸ਼ਾਈ ਮਾਹੌਲ ਵਰਤਾ ਦਿੱਤਾ ਜਾਵੇ, ਜਿਹੋ ਜਿਹੇ ਦੇ ਪ੍ਰਭਾਵ ਹੇਠ ਉਹ ਪੰਜਾਬੀ ਵਿਚ ਬੋਲਣ ਨੂੰ ਆਪਣੀ ਹੇਠੀ ਸਮਝਣ ਲਗ ਪੈਣ ਤੇ ਹਿੰਦੀ ਜਾਂ ਅੰਗਰੇਜ਼ੀ ਵਿਚ ਬੋਲਣ ਵੇਲੇ ਫ਼ਖ਼ਰ ਅਨੁਭਵ ਕਰਨ ਤਾਂ ਇਹ ਸਿੱਖਿਆ ਦੇ ਨਾਂ ਹੇਠ ਸਾਡੀਆਂ ਹੁਣ ਦੀਆਂ ਤੇ ਆਉਂਦੀਆਂ ਪਨੀਰੀਆਂ ਨਾਲ ਕੀਤਾ ਜਾ ਰਿਹਾ ਘੋਰ ਸਭਿਆਚਾਰਕ ਅਪਰਾਧ ਹੈ। ਬਲਕਿ ਦਿਨ-ਦਿਹਾੜੇ ਪਾਇਆ ਜਾ ਰਿਹਾ ਭਿਆਨਕ ਮਾਨਸਿਕ-ਬੌਧਿਕ ਡਾਕਾ ਹੈ, ਜਿਸ ਨੂੰ ਠੱਲ੍ਹ ਪਾਉਣੀ ਜ਼ਰੂਰੀ ਹੈ। ਇਸੇ ਤਰ੍ਹਾਂ ਦਾ ਜ਼ੁਲਮ ਪੱਛਮੀ ਪੰਜਾਬ ਵਿਚ ਉਰਦੂ ਤੇ ਅੰਗਰੇਜ਼ੀ ਭਾਸ਼ਾਵਾਂ ਰਲ ਕੇ ਪੰਜਾਬੀ ਉੱਤੇ ਢਾਹ ਲਾ ਰਹੀਆਂ ਹਨ। ਖ਼ੁਸ਼ੀ ਦੀ ਗੱਲ ਹੈ ਕਿ ਹੁਣ ਓਥੇ ਵੀ ਪੰਜਾਬੀ ਦੇ ਵਾਟਮਾਰ ਕਲਚਰੀ ਜਬਰ ਦੇ ਖ਼ਿਲਾਫ਼ ਲੋਕ-ਚੇਤਨਾ ਨੇ ਜਾਗਣਾ ਸ਼ੁਰੂ ਕਰ ਦਿੱਤਾ ਹੈ।

ਪੰਜਾਬੀ ਲੋਕ, ਫ਼ੈਸ਼ਨ ਦੇ ਸ਼ੁਕੀਨ, ਪ੍ਰਤਿਸ਼ਠਾ ਤੇ ਸ਼ਾਨ ਦੇ ਭੁੱਖੇ ਤੇ ਚੋਖੀ ਵਟਕ ਵਾਲੇ ਰੋਜ਼ਗਾਰ ਦੇ ਪੱਕੇ ਗਾਹਕ ਹੁੰਦੇ ਹਨ। ਹੁਣ ਹੋ ਇਹ ਰਿਹਾ ਹੈ ਕਿ ਅੰਗਰੇਜ਼ੀ ਤੇ ਜਾਂ ਹਿੰਦੀ ਮਾਧਿਅਮ ਦੇ ਕਚਘਰੜ ਵਪਾਰੀ, ਭੋਲੇ ਪੰਜਾਬੀਆਂ ਦੀਆਂ ਅੱਖਾਂ ਵਿਚ ਉਨ੍ਹਾਂ ਦੇ ਬੱਚਿਆਂ ਲਈ ਉੱਚ ਪਦਵੀਆਂ ਤੇ ਵਿਸ਼ੇਸ਼ ਸਿਵਿਲ ਜਾਂ ਫ਼ੌਜੀ ਅਹੁਦਿਆਂ ਦੇ ਸੁਫ਼ਨੇ ਲਟਕਾ ਕੇ, ਕਸਬਿਆਂ ਤੇ ਪਿੰਡਾਂ ਵਿਚ ਵੀ ਜਾ ਵੜੇ ਹਨ ਤੇ ਪੰਜਾਬੀ ਦੀ ਥਾਂ ਅੰਗਰੇਜ਼ੀ ਜਾਂ ਹਿੰਦੀ ਮਾਧਿਅਮ ਵੇਚਣ ਵਿਚ ਸਫਲ ਹੋ ਰਹੇ ਹਨ। ਇਸ ਨਾਲ ਹਿੰਦੀ ਜਾਂ ਅੰਗਰੇਜ਼ੀ ਨੂੰ ਤਾਂ ਪਤਾ ਨਹੀਂ ਕੋਈ ਲਾਭ ਹੋਵੇਗਾ ਕਿ ਨਹੀਂ, ਪਰ ਪੰਜਾਬ ਦੇ ਬੱਚਿਆਂ ਦੀਆਂ ਖ਼ਬਰੇ ਕਿੰਨੀਆਂ ਪੋਚਾਂ ਆਪਣੇ ਸਭਿਆਚਾਰਕ ਧਰਾਤਲ ਤੋਂ ਬੇਦਖ਼ਲ ਹੁੰਦੀਆਂ ਜਾਣਗੀਆਂ ਤੇ ਮਾਂ-ਬੋਲੀ ਵੱਲੋਂ ਬਖ਼ਸ਼ੀਆਂ ਜਾਂਦੀਆਂ ਮੌਲਿਕ, ਰਚਨਾਤਮਕ ਸ਼ਬਦ-ਸ਼ਕਤੀਆਂ ਦੀਆਂ ਦਾਤਾਂ ਤੋਂ ਸੱਖਣੀਆਂ, ਸਾਡੀ ਭੋਇੰ ਦਾ ਭਾਰ ਬਣਦੀਆਂ ਰਹਿਣਗੀਆਂ।

ਜੇ ਸਾਡੇ ਆਪਣੇ ਲੋਕ ਆਪਣੀ ਸਭਿਆਚਾਰਕ ਨੀਂਹ ਉੱਤੇ ਘਾਤਕ ਵਾਰ ਸਹਿਣ ਨੂੰ ਖ਼ੁਸ਼ੀ ਖ਼ੁਸ਼ੀ ਤਿਆਰ ਹੋ ਜਾਣ ਤਾਂ ਸਰਕਾਰ ਪੰਜਾਬੀ ਚਾਲੂ ਕਰਨ ਵਿਚ ਢਿੱਲ-ਮੱਠ ਕਿਉਂ ਨਾ ਵਿਖਾਵੇ ?

(ੲ) ਤੀਜੇ ਕਾਰਨ ਦਾ ਸੰਬੰਧ ਸਿੱਧਾ ਸਰਕਾਰ ਦੀ ਸਿੱਥਲਤਾ ਨਾਲ ਭਾਵੇਂ ਨਾ ਜੁੜਦਾ ਦਿੱਸੇ ਪਰ ਮੈਨੂੰ ਨਿਸਚਾ ਹੈ ਕਿ ਵਲਾਵੇਂ ਨਾਲ ਓਥੇ ਹੀ ਜਾ ਢੁੱਕੇਗਾ। ਆਸ ਹੈ ਜੋ ਕੁੱਝ ਮੈਂ ਹੁਣ ਕਹਿਣ ਲੱਗਾ ਹਾਂ ਉਸ ਲਈ ਮੇਰੇ ਲੇਖਕ ਵੀਰ ਮੈਨੂੰ ਖਿਮਾ ਬਖ਼ਸ਼ਣਗੇ ਤੇ ਮੇਰੇ ਮੁਲੰਕਣ ਨੂੰ ਇਕ ਚੋਭ ਸਮਝਣ ਦੀ ਥਾਂ, ਟੁੰਬ ਤੇ ਵੰਗਾਰ ਵਜੋਂ ਪਰਵਾਨ ਕਰਨਗੇ।

ਮੇਰੀ ਜਾਚੇ, ਪੰਜਾਬੀ ਲੇਖਕ, ਪੰਜਾਬ ਦੇ ਲੋਕਾਂ ਲਈ ਅਜਿਹਾ ਸਾਹਿੱਤ ਪੈਦਾ ਕਰਨ ਤੋਂ ਕਾਫ਼ੀ ਹੱਦ ਤਕ ਅਸਮਰਥ ਰਹੇ ਹਨ, ਜਿਸ ਵੱਲ ਪੰਜਾਬ ਦੇ ਲੋਕ, ਆਪਣੇ ਸਿਆਸੀ, ਭਾਈਚਾਰਕ, ਸ਼੍ਰੇਣਿਕ, ਫ਼ਿਰਕੂ, ਪੇਸ਼ਾਵਰਾਨਾ ਜਾਂ ਇਲਾਕਾਈ ਭੇਦ-ਭਾਵ ਭੁਲਾ ਕੇ, ਬਦੋ-ਬਦੀ ਖਿਚੀਂਦੇ ਤੁਰੇ ਆਉਣ।

ਮੈਂ ਗਿੱਧੇ ਜਾਂ ਭੰਗੜੇ ਦੇ ਮਘੇ ਹੋਏ ਪਿੜ ਵੇਲੇ, ਅਤੇ ਪੰਜਾਬੀ ਲੋਕ-ਗੀਤਾਂ ਜਾਂ ਕਾਫ਼ੀਆਂ ਦੇ ਗਾਇਨ ਵੱਲ [illegible] ਅੰਗਰੇਜ਼ੀਵਾਦੀ ਤੇ ਹਿੰਦੀਵਾਦੀ ਨੌਜਵਾਨ ਕੁੜੀਆਂ

WWW.SIKHBOOKCLUB.COM Page 74

ਮੁੰਡਿਆਂ ਨੂੰ ਹੀ ਨਹੀਂ, ਰੁੜ੍ਹੇ ਹੋਏ ਸਿਆਸੀ ਆਗੂਆਂ ਨੂੰ ਵੀ ਤਾਲ ਦੇਂਦਿਆਂ ਤੇ ਸਿਰ ਧੁਨਦਿਆਂ ਵੇਖਿਆ ਹੈ।

ਦੇਸੀ ਨਾਚ ਜਾਂ ਗੀਤ-ਸੰਗੀਤ ਵਿਚ ਜੋ ਜਾਦੂ ਹੁੰਦਾ ਹੈ, ਸਾਹਿੱਤ ਵਿਚ ਉਸ ਤੋਂ ਘੱਟ ਨਹੀਂ ਹੁੰਦਾ। ਸਾਹਿੱਤ ਦਾ ਜਾਦੂ ਜਦੋਂ ਬੋਲਣ ਉੱਤੇ ਆਉਂਦਾ ਹੈ ਤਾਂ ਸਿਰ ਉੱਤੇ ਚੜ੍ਹ ਕੇ ਬੋਲਦਾ ਹੈ। ਸਾਡੇ ਲੇਖਕ, ਆਪਣੇ ਬੀਤ ਚੁੱਕੇ ਜਾਂ ਵਰਤਮਾਨ ਸਮੇਂ ਵਿਚ, ਮਹਾਕਾਵਿਕ, ਨਾਟਕੀ, ਬਿਰਤਾਂਤੀ ਜਾਂ ਜਜ਼ਬਿਆਂ ਨੂੰ ਹਲੂਣ ਕੇ ਰੱਖ ਦੇਣ ਵਾਲੇ ਵਿਸ਼ਿਆਂ ਦੀ ਘਾਟ ਦੀ ਸ਼ਿਕਾਇਤ ਨਹੀਂ ਕਰ ਸਕਦੇ। ਜਿਸ ਤਰ੍ਹਾਂ ਦੀ ਧੜਕਦੀ, ਖੜਕਦੀ, ਮੜਕਦੀ, ਹੱਸਦੀ, ਨੱਚਦੀ ਜਾਂ ਵੈਣ ਪਾਉਂਦੀ ਵਾਸਤਵਿਕ ਜ਼ਿੰਦਗੀ ਦੇ ਖੁੱਲ੍ਹੇ ਦਰਸ਼ਨਾਂ ਦੇ ਮੌਕੇ ਪੰਜਾਬ ਦੇ ਲੇਖਕਾਂ ਦੇ ਭਾਗਾਂ ਵਿਚ ਆਏ ਹਨ, ਸ਼ਾਇਦ ਹੀ ਭਾਰਤ ਦੇ ਹੋਰ ਕਿਸੇ ਰਾਜ ਦੇ ਲੇਖਕਾਂ ਦੇ ਹਿੱਸੇ ਵਿਚ ਆਏ ਹੋਣ। ਇਸ ਲਈ ਜਦੋਂ ਉਹ ਪਾਠਕਾਂ ਦੀ ਅਣਹੋਂਦ ਜਾਂ ਸਰਕਾਰ ਦੀ ਘੌਲ ਦਾ ਗਿਲਾ ਕਰਦੇ ਹਨ ਤਾਂ, ਨਾਲੋ-ਨਾਲ, ਆਪਣੇ ਅੰਦਰ ਵੀ ਝਾਤੀ ਮਾਰਨ ਤਾਂ ਪਤਾ ਲੱਗੇ ਕਿ ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਸੀ ਤੇ ਕੀ ਹੋ ਸਕਿਆ ਹੈ ਤੇ ਕੀ ਨਹੀਂ ਹੋ ਸਕਿਆ।

ਬਦਕਿਸਮਤੀ ਨਾਲ ਪੰਜਾਬ ਅਜੇ ਤਕ ਕਿਸੇ ਅਜਿਹੇ ਇਤਿਹਾਸਕਾਰ ਨੂੰ ਜਨਮ ਨਹੀਂ ਦੇ ਸਕਿਆ, ਜਿਸ ਨੇ ਸਾਡੇ ਗਲਪ ਨਾਲੋਂ ਵਧੇਰੇ ਸੁਆਦਲੇ ਤੇ ਘਟਨਾਵਾਂ ਨਾਲ ਭਰੇ ਇਤਿਹਾਸ ਦਾ ਕੋਈ ਸਰਬੰਗੀ ਪਰ ਇਕਾਗਰ ਸਰਵੇਖਣ ਤਿਆਰ ਕੀਤਾ ਹੋਵੇ ਤੇ ਅੱਗੋਂ, ਜਿਸ ਦੇ ਪ੍ਰਭਾਵ ਹੇਠ, ਸਾਂਝੀ ਪੰਜਾਬੀ ਕੌਮੀਅਤ ਵਿਚ ਫ਼ਖ਼ਰ ਦੀ ਭਾਵਨਾ ਸਾਰੇ ਪੰਜਾਬੀਆਂ ਦੇ ਖ਼ੂਨ ਦਾ ਅਨਿੱਖੜ ਹਿੱਸਾ ਬਣ ਜਾਂਦੀ ! ਸਾਡੇ ਹੁਣ ਤਕ ਦੇ ਪੰਜਾਬ ਦੇ ਇਤਿਹਾਸ, ਅਖੰਡ ਪੰਜਾਬੀਅਤ ਦੀ ਭਾਵਨਾ ਨਹੀਂ ਜਗਾਉਂਦੇ, ਖੰਡਿਤ ਪੰਜਾਬੀਆਂ ਦੀਆਂ ਖੰਡਿਤ ਪੰਜਾਬੀਅਤਾਂ ਦਾ ਇਤਿਹਾਸ ਪੇਸ਼ ਕਰਦੇ ਹਨ।

ਇਹੋ ਜਿਹੀਆਂ ਕਮਜ਼ੋਰੀਆਂ ਦਾ ਫ਼ਾਇਦਾ ਉਠਾ ਕੇ ਹੀ ਕੇਂਦਰ ਤੇ ਪੰਜਾਬ ਰਾਜ ਦੀਆਂ ਸਰਕਾਰਾਂ ਪੰਜਾਬੀ ਭਾਸ਼ਾ ਨੂੰ ਅੰਗਰੇਜ਼ੀ ਤੇ ਹਿੰਦੀ ਦੇ ਪਛੰਡੇ ਮਰਵਾ ਮਰਵਾ ਕੇ, ਬੌਧਿਕ, ਮਾਨਸਿਕ ਜਾਂ ਭਾਵਕ ਤੌਰ ਉੱਤੇ ਪੂਰੀ ਤਰ੍ਹਾਂ ਵਿਗਸਣ, ਆਪਣਾ ਸਭਿਆਚਾਰਕ ਗੌਰਵ ਪਛਾਣਨ ਤੇ ਆਪਣੇ ਬੁਲਾਰਿਆਂ ਵਿਚ ਪਰਸਪਰ ਨੇੜ ਵਰਤਾ ਸਕਣ ਦੀ ਸਮਰੱਥਾ ਨੂੰ ਅਮਲ ਵਿਚ ਲਿਆਉਣ ਵਾਲੇ ਪਾਸਿਉਂ ਮੂਰਛਿਤ ਕਰੀ ਰੱਖਦੀਆਂ ਹਨ ਤੇ ਪੰਜਾਬੀ ਲੇਖਕਾਂ ਨੂੰ ਕਿਉਂਕਿ, ਸਚੇਤ ਵੀ ਤੇ ਅਚੇਤ ਵੀ, ਇਸ ਵਿਹਾਰ ਤੇ ਇਸ ਦੇ ਦੂਰ-ਮਾਰ ਪ੍ਰਭਾਵਾਂ ਦੀ ਸੋਝੀ ਹੈ, ਇਸ ਲਈ ਉਹ ਤਰਲੋਮੱਛੀ ਹੁੰਦੇ, ਤੜਪਦੇ ਤੇ ਆਪਣੀ ਬੋਲੀ ਦੀ ਸੁਰੱਖਿਆ ਤੇ ਉੱਨਤੀ ਲਈ ਭਲਮਾਣਸੀ ਨਾਲ ਆਪਣੇ ਸੰਘਰਸ਼ ਨੂੰ ਜਮਹੂਰੀ ਹੱਦਾਂ ਵਿਚ ਰੱਖਣ ਦਾ ਜਤਨ ਕਰਦੇ ਆਏ ਹਨ। ਪਰ 'ਤੀਜੀ ਦੁਨੀਆ' ਵਿਚ, ਸਰਕਾਰੀ ਪੱਧਰ ਉੱਤੇ, ਜਮਹੂਰੀ ਲੋਕ-ਸੰਘਰਸ਼ ਨੂੰ ਭਲਮਾਣਸੀ ਨਾਲ ਜੋੜਨ ਵਾਲੀ ਸਿਆਸਤ ਨੂੰ ਅਰਥਹੀਣ ਹੋਇਆਂ ਤਾਂ ਕਾਫ਼ੀ ਚਿਰ ਹੋ ਚੁੱਕਾ ਹੈ। ਮੇਰੇ ਇਸ ਅਨੁਭਵ ਬਾਰੇ ਤੁਹਾਡਾ ਕੀ ਖ਼ਿਆਲ ਹੈ ?

## 3

ਕੋਈ ਵੀ ਸਨਕੀ ਬਿਰਤੀ ਵਾਲਾ ਬੰਦਾ ਕਹਿ ਸਕਦਾ ਹੈ ਕਿ ਪੰਜਾਬੀ ਲੇਖਕ ਪੰਜਾਬ ਵਿਚ ਜਦੋਂ ਪੰਜਾਬੀ ਲਈ ਸ਼ੋਰ ਮਚਾਉਂਦੇ ਹਨ ਤਾਂ ਅਸਲ ਵਿਚ ਉਹ ਆਪਣਾ ਢਿੱਡ ਵਜਾ

WWW.SIKHBOOKCLUB.COM

ਅੱਜ ਦੀ ਸਹੀ ਹਾਲਤ ਇਹ ਹੈ ਕਿ ਪੰਜਾਬੀ ਵਿਚ ਲਿਖਣ ਨਾਲ ਪੰਜਾਬੀ ਲੇਖਕਾਂ ਦਾ ਲਿਖਣ ਦਾ ਝੱਸ ਤਾਂ ਬੇਸ਼ੱਕ ਪੂਰਾ ਹੋ ਜਾਂਦਾ ਹੋਵੇ, ਕੁੱਲੀ, ਗੁੱਲੀ ਤੇ ਜੁੱਲੀ ਦਾ ਮਸਲਾ ਹੱਲ ਨਹੀਂ ਹੁੰਦਾ। ਜੇ ਸਾਰੇ ਪੰਜਾਬ ਵਿਚ ਪੰਜਾਬੀ ਦਾ ਝੰਡਾ ਝੁੱਲਣ ਲੱਗ ਪਵੇ ਤਾਂ ਆਸ ਬੱਝ ਸਕਦੀ ਹੈ ਕਿ ਲੇਖਕਾਂ ਦੀਆਂ ਰਚਨਾਵਾਂ ਦੀ ਵਿਕਰੀ ਦਾ ਰੁਖ਼ ਵੀ ਵਾਧੇ ਵੱਲ ਹੋ ਜਾਵੇਗਾ ਤੇ ਇਉਂ ਬਹੁਤ ਵੱਡੀ ਸੰਭਾਵਨਾ ਹੈ ਕਿ ਉਨ੍ਹਾਂ ਦੀ ਖ਼ੁਸ਼ਹਾਲੀ ਦਾ ਰਾਹ ਹੁਣ ਨਾਲੋਂ ਕੁੱਝ ਵਧੇਰੇ ਸੌਖਾ ਤੇ ਮੋਕਲਾ ਹੋ ਜਾਵੇ।

ਜਿਨ੍ਹਾਂ ਪੰਜਾਬੀ ਲੇਖਕਾਂ ਨੂੰ ਅੱਜ ਆਪਣੀਆਂ ਕਿਤਾਬਾਂ ਪੱਲਿਓਂ ਖ਼ਰਚਾ ਕਰ ਕੇ ਛਪਵਾਉਣੀਆਂ ਪੈਂਦੀਆਂ ਹਨ ਤੇ ਜਿਨ੍ਹਾਂ ਨੂੰ ਬਦਲੇ ਵਿਚ ਨਕਦ ਪੈਸਿਆਂ ਦੀ ਥਾਂ ਕੁੱਝ ਛਪੀਆਂ ਹੋਈਆਂ ਕਿਤਾਬਾਂ ਹੀ ਮਿਲਦੀਆਂ ਹਨ, ਜੇ ਉਹ ਸੰਗਠਿਤ ਹੋ ਕੇ, ਆਪਣੀਆਂ ਸਭਾਵਾਂ ਰਾਹੀਂ, ਇਸ ਦਿਨ-ਦੀਵੀਂ ਹੋ ਰਹੀ ਬੇਕਿਰਕ ਲੁੱਟ ਨੂੰ ਬੰਦ ਕਰਾਉਣ ਤੇ ਆਪਣੀ ਸ਼ਰਮਨਾਕ ਹਾਲਤ ਵਿਚ ਸੁਧਾਰ ਲਿਆਉਣ ਲਈ ਕੋਈ ਜਤਨ ਕਰਨ ਤਾਂ ਇਸ ਵਿਚ ਮਿਹਣੇ ਵਾਲੀ ਕਿਹੜੀ ਗੱਲ ਹੈ ?

ਇਸੇ ਤਰ੍ਹਾਂ, ਪੰਜਾਬੀ ਭਾਸ਼ਾ ਲਈ ਸੰਘਰਸ਼ ਕਰਦਿਆਂ ਜੇ ਪੰਜਾਬੀ ਲੇਖਕ ਨੂੰ ਆਪਣੇ ਹੋਰ ਖੁੱਸੇ ਹੋਏ ਹੱਕ ਵੀ ਮਿਲਣ ਲੱਗ ਪੈਣ ਤਾਂ ਵਧਾਈ ਦੀ ਗੱਲ ਹੋਵੇਗੀ; ਜੇ ਉਸ ਦਾ ਅੰਦੋਲਨ ਪੰਜਾਬੀ ਨੂੰ ਤਖ਼ਤ ਉੱਤੇ ਬਿਠਾਉਣ ਦੇ ਨਾਲ ਨਾਲ ਉਸ ਦੀ ਆਰਥਿਕ ਭਲਾਈ ਦਾ ਕਾਰਨ ਵੀ ਬਣ ਜਾਵੇ ਤਾਂ, ਮੈਂ ਕਹਿਨਾਂ, ਕੱਲ੍ਹ ਬਣਦਾ ਅੱਜ ਬਣੇ।

ਪਰ ਜਿੱਥੋਂ ਤਕ ਮੈਨੂੰ ਪਤਾ ਹੈ, ਕੇਂਦਰੀ ਪੰਜਾਬੀ ਲੇਖਕ ਸਭਾ ਨਾਲ ਜੁੜੇ ਲੇਖਕਾਂ ਨੂੰ ਪੰਜਾਬੀ ਦੇ ਹੱਕਾਂ ਲਈ ਸੰਘਰਸ਼ ਦੀ ਜਿਹੜੀ ਅਚਵੀ ਲੱਗੀ ਹੋਈ ਹੈ, ਉਸ ਦੇ ਪਿੱਛੇ ਕਿਸੇ ਸੰਭਵ ਮਾਇਕ ਲਾਭ ਦੀ ਪ੍ਰੇਰਨਾ ਕੰਮ ਨਹੀਂ ਕਰ ਰਹੀ।

ਇਨ੍ਹਾਂ ਵਿੱਚੋਂ ਕਈਆਂ ਨੂੰ ਸਚੇਤ ਤੌਰ ਉੱਤੇ, ਤੇ ਕੁੱਝ ਨੂੰ ਅਚੇਤ ਤੌਰ ਉੱਤੇ, ਟੁੰਬਦੀ ਰਹੀ ਹੈ, ਉਹ ਸੋਝੀ ਜਿਸ ਨੇ ਉਨ੍ਹਾਂ ਨੂੰ ਦ੍ਰਿੜ੍ਹ ਕਰਵਾਇਆ ਹੈ ਕਿ ਪੰਜਾਬੀ ਭਾਸ਼ਾ, ਪੰਜਾਬ ਦੇ ਅੰਤਹਕਰਣ, ਉਸ ਦੇ ਨਿਜ-ਸਰੂਪ, ਉਸ ਦੇ ਠੇਠ ਪੰਜਾਬੀਪੁਣੇ ਤੇ ਉਸ ਦੀ ਸਭਿਆਚਾਰਕ ਪਛਾਣ ਦਾ ਮੂਰਤ ਰੂਪ ਹੈ। ਪੰਜਾਬੀ ਭਾਸ਼ਾ, ਪੰਜਾਬ ਦੇ ਗੁਣਾਂ-ਲੱਛਣਾਂ, ਸੋਚਾਂ ਤੇ ਸੁਫ਼ਨਿਆਂ, ਭਾਵਨਾਵਾਂ ਤੇ ਲਾਲਸਾਵਾਂ, ਮਨੌਤਾਂ ਤੇ ਵਿਸ਼ਵਾਸਾਂ ਅਤੇ ਸਿਆਣਪਾਂ ਤੇ ਨਿਆਣਪਾਂ ਦਾ ਦਰਪਣ ਹੈ। ਇਹ ਸਾਡੇ ਲੰਮੇ ਇਤਿਹਾਸ ਦੀ ਪਟਾਰੀ ਹੈ ਤੇ ਸਾਡੇ ਸਮੁੱਚੇ ਸਾਹਿੱਤ ਦੀ ਬੁਨਿਆਦੀ ਸਾਮੱਗਰੀ। ਇਸ ਭਾਸ਼ਾ ਨੂੰ ਇਸ ਦੇ ਆਪਣੇ ਘਰ ਵਿਚ ਜੋੜੇ ਰੱਖਣ ਵਾਲੀ ਥਾਂ ਖੜਾ ਕੀਤਾ ਜਾਏ ਤੇ ਹੋਰ ਫੱਫੇਕੁੱਟਣੀਆਂ, ਮਾਂ ਨਾਲੋਂ ਹੇਜਲੀਆਂ ਬਣ ਕੇ, ਇਸ ਦੀ ਸੇਜ ਪਈਆਂ ਮਾਣਨ—ਇਹ ਦ੍ਰਿਸ਼ ਸੰਵੇਦਨਸ਼ੀਲ ਪੰਜਾਬੀ ਲੇਖਕਾਂ ਪਾਸੋਂ ਸਹਿਆ ਨਹੀਂ ਜਾਂਦਾ।

ਆਖ਼ਰ ਕੀ ਘਾਟ ਹੈ ਇਨ੍ਹਾਂ ਦੀ ਬੋਲੀ ਵਿਚ ? ਤੇ ਇਸ ਦੀ ਕਿਹੜੀ ਘਾਟ ਹੈ ਜੋ ਪੂਰੀ ਨਹੀਂ ਹੋ ਸਕਦੀ ? ਜਿਸ ਬੋਲੀ ਵਿਚ ਬਾਬਾ ਫ਼ਰੀਦ, ਗੁਰੂ ਨਾਨਕ, ਭਾਈ ਗੁਰਦਾਸ, ਦਮੋਦਰ, ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ, ਵਾਰਿਸ ਸ਼ਾਹ ਤੇ ਸ਼ਾਹ ਮੁਹੰਮਦ ਵਰਗੇ ਕਵੀ ਆਪਣੇ ਆਪ ਨੂੰ ਪ੍ਰਗਟਾ ਚੁੱਕੇ ਹੋਣ, ਜਿਸ ਵਿਚ ਹਿੰਦੁਸਤਾਨ ਤੇ ਪਾਕਿਸਤਾਨ ਦੇ ਕਰੋੜਾਂ ਨਰ-ਨਾਰੀ ਆਪਣਾ ਨਿੱਤ ਦਾ ਕਾਰ-ਵਿਹਾਰ ਤੋਰਦੇ ਹੋਣ ਤੇ ਜਿਸ ਵਿਚ ਪਿਛਲੇ 1000 ਵਰ੍ਹੇ, ਦਰਬਾਰੀ ਦੁਨੀਆ ਤੋਂ ਬਾਹਰਵਾਰ ਰਹਿਣ ਦੇ ਬਾਵਜੂਦ, ਹਰ ਪੱਧਰ ਦੇ ਦਰਬਾਰੀ ਕੰਮ-ਕਾਜ ਨੂੰ ਨਜਿੱਠਣ ਦੀ ਖਮਤਾ ਤੇ ਸਮਰੱਥਾ ਮੌਜੂਦ ਹੋਵੇ, ਉਸ ਦੇ ਵਰਤਮਾਨ ਲੇਖਕ, ਉਸ ਦੇ ਆਪਣੇ ਘਰ ਵਿਚ, ਉਸ ਦੀ [illegible] ਸਾਹ ਕਿਵੇਂ ਲੈਣ ?

WWW.SIKHBOOKCLUB.COM 

ਪੰਜਾਬ ਵਿਚ ਹਰ ਪੱਧਰ ਉੱਤੇ ਪੰਜਾਬੀ ਨੂੰ ਸਤਕਾਰ-ਭਰੀ ਪਹਿਲ ਦਿਵਾਉਣ ਲਈ ਸਾਡਾ ਘੋਲ ਜਾਰੀ ਰਹੇਗਾ ਤੇ ਸਾਡਾ ਨਿਸਚਾ ਹੈ ਤੇ ਐਲਾਨ ਵੀ ਕਿ ਜਿਸ ਭਾਸ਼ਾ ਦੇ ਕੱਦ ਨਾਲ ਸਾਡੇ ਆਪਣੇ ਕੱਦ ਉੱਚੇ ਜਾਂ ਨੀਵੇਂ ਹੋਣੇ ਹਨ ਤੇ ਅੱਗੋਂ ਜਿਸ ਦੇ ਕੱਦ-ਕਾਠ ਦੀ ਡੌਲ, ਸਾਡੇ ਆਪਣੇ ਕੱਦ-ਕਾਠ ਨੇ ਨਿਸਚਿਤ ਕਰਨੀ ਹੈ, ਉਸ ਦੀ ਜਿੱਤ, ਪੰਜਾਬ ਦੇ ਸਚੇਤ ਲੋਕਾਂ ਦੇ ਸਹਿਯੋਗ ਨਾਲ, ਹਰ ਹਾਲਤ ਵਿਚ ਹੋਵੇਗੀ ਤੇ ਜੋ ਥਾਂ ਲੇਖਕ ਆਪਣੀ ਮਾਂ-ਬੋਲੀ ਲਈ ਸੋਚੀ ਬੈਠੇ ਹਨ, ਉਹ ਉਸ ਨੂੰ ਅਵੱਸ਼ ਮਿਲ ਕੇ ਰਹੇਗੀ। ਇਸ ਵਿਚ ਰੱਤੀ ਮਾਤਰ ਸ਼ੱਕ-ਸ਼ੁਬ੍ਹੇ ਦੀ ਗੁੰਜਾਇਸ਼ ਨਹੀਂ ਹੈ।

## 4

ਮੈਂ ਪੰਜਾਬੀ ਲਈ ਲੇਖਕਾਂ ਦੇ ਸੰਘਰਸ਼ ਦੀ ਯਕੀਨੀ ਜਿੱਤ ਦਾ ਡੰਕਾ ਆਪਣੀ ਸੁਭਾਵਿਕ ਸੁਰ ਨਾਲੋਂ ਕੁੱਝ ਉਚੇਰੀ ਸੁਰ ਵਿਚ ਵਜਾਇਆ ਹੈ। ਇਉਂ ਮੈਂ ਜਾਣ ਬੁੱਝ ਕੇ ਕੀਤਾ ਹੈ ਕਿਉਂਕਿ ਹੈ ਤਾਂ ਭਾਵੇਂ ਸਾਡੇ ਗਵਾਂਢ ਵਿਚ ਹੀ, ਪਰ ਪੰਜਾਬ ਦੀ ਅਵਾਜ਼ ਨੂੰ ਦਿੱਲੀ ਦੀ ਵੱਡੀ ਸਰਕਾਰ ਦੇ ਕੰਨਾਂ ਤਕ ਪਹੁੰਚਦਿਆਂ ਕਈ ਕਈ ਵਰ੍ਹੇ ਲੰਘ ਜਾਂਦੇ ਹਨ। ਇਸ ਲਈ ਮੈਂ ਸੋਚਿਆ, ਵੱਡੀ ਸਰਕਾਰ ਨਾਲ, ਦਿੱਲੀ ਦੇ ਅੰਦਰ, ਗੱਲ-ਬਾਤ ਕਰਨ ਵੇਲੇ, ਗੱਜ ਕੇ ਬੋਲਿਆ ਜਾਵੇ ਤਾਂ ਸ਼ਾਇਦ ਉਸ ਦੇ ਕੰਨਾਂ ਤਕ ਛੇਤੀ ਰਸਾਈ ਹੋ ਜਾਵੇ!

ਵੱਡੀ ਸਰਕਾਰ ਜੀ! ਜਦੋਂ ਤੁਸੀਂ ਭਾਸ਼ਾ ਦੇ ਆਧਾਰ ਉੱਤੇ ਸੂਬਿਆਂ ਦੀ ਹੱਦ-ਬੰਦੀ ਸ਼ੁਰੂ ਕੀਤੀ ਸੀ ਤਾਂ ਤੁਹਾਨੂੰ ਚੇਤੇ ਹੋਵੇਗਾ, ਪੰਜਾਬ ਦੀ ਹੱਦ-ਬੰਦੀ ਵਾਲੇ ਅਸਲ ਨਕਸ਼ੇ ਤੁਸੀਂ ਕਿਸੇ ਆਲੇ ਵਿਚ ਰੱਖ ਬੈਠੇ ਸਾਓ, ਜਿੱਥੋਂ ਲੋੜ ਵੇਲੇ ਲੱਭੇ ਹੀ ਨਾ। ਪਰ ਜਦੋਂ ਸਾਰਾ ਪੰਜਾਬ, ਇਕ-ਮੁੱਠ ਹੋ ਕੇ, ਪੰਜਾਬੀ ਸੂਬਾ ਬਣਾਉਣ ਲਈ ਸੰਘਰਸ਼ ਦੇ ਰਾਹ ਉੱਤੇ ਤੁਰ ਪਿਆ, ਓਦੋਂ ਇਹ ਸੁਣ ਕੇ ਲੋਕਾਂ ਦੇ ਸਾਹ ਵਿਚ ਸਾਹ ਆਇਆ ਕਿ ਗਵਾਚੀ ਫ਼ਾਈਲ ਲੱਭ ਪਈ ਹੈ!

ਪਰ ਜਦੋਂ ਨਕਸ਼ਿਆਂ ਤੋਂ ਵੇਖ ਕੇ ਧਰਤੀ ਉੱਤੇ ਹੱਦ-ਬੰਦੀ ਕਰਨ ਲੱਗੇ ਤਾਂ ਪਤਾ ਲੱਗਾ ਕਿ ਨਕਸ਼ੇ ਅਸਲ ਨਹੀਂ, ਉੱਘੜ-ਦੁੱਘੜ ਲੀਕਾਂ ਵਾਲੇ ਰੱਦੀ ਕਾਗਜ਼ ਹਨ। ਵੱਡੀ ਸਰਕਾਰ ਜੀ! ਓਦੋਂ ਤੁਸੀਂ ਖੜੇ ਪੈਰ ਕੀ ਕਰਦੇ? ਤੁਸੀਂ ਸੋਚ-ਵਿਚਾਰ ਉਪਰੰਤ ਚੁਟਕੀ ਵਜਾ ਕੇ ਕਿਹਾ ਸੀ, "ਕੋਈ ਗੱਲ ਨਹੀਂ ਹਾਲੀਂ ਤਾਂ ਊਲ-ਜਲੂਲ ਹੱਦਾਂ ਵਾਲੇ ਸੂਬੇ ਨਾਲ ਹੀ ਡੰਗ ਟਪਾਓ, ਅਸਲ ਨਕਸ਼ੇ ਜਿਸ ਵੇਲੇ ਵੀ ਹੱਥ ਆਏ, ਲੀਕਾਂ ਸਿੱਧੀਆਂ ਕਰ ਲਵਾਂਗੇ। ਲੀਕਾਂ ਸਿੱਧੀਆਂ ਕਰਨ ਦਾ ਵੀ ਕੋਈ ਮਸਲਾ ਹੈ, ਸਾਡੇ ਲਈ?"

ਵੱਡੀ ਸਰਕਾਰ ਜੀ! ਤੁਹਾਥੋਂ ਭਲਾ ਕੀ ਗੁੱਝਾ ਹੈ? ਝੂਠੇ ਨਕਸ਼ਿਆਂ ਵਾਲੀ ਤਿਗੜਮਬਾਜ਼ੀ ਨੇ ਢੇਰ ਸਾਰੇ ਪੰਜਾਬੀ-ਬੋਲਦੇ ਇਲਾਕੇ ਬਦੋ-ਬਦੀ ਹਿਮਾਚਲ ਤੇ ਹਰਿਆਣੇ ਵੱਲ ਧੱਕ ਦਿੱਤੇ ਸਨ ਤੇ ਪੰਜਾਬ ਹਾਲ-ਪਾਹਰਿਆ ਕਰਦਾ ਹੀ ਰਹਿ ਗਿਆ ਸੀ। ਪਰ ਇਸ ਵਿਚ ਤੁਹਾਡਾ ਕੀ ਕਸੂਰ ਸੀ? ਕਸੂਰ ਤਾਂ ਨਕਸ਼ੇ ਵਿਚ ਸੀ, ਜਿਸ ਨੂੰ ਠੀਕ ਕਰਨ ਦਾ ਤੁਹਾਡਾ ਬਚਨ ਲੋਹੇ ਵਾਂਗ ਪੱਕਾ ਰਹੇਗਾ, ਭਾਵੇਂ ਸਦੀਆਂ ਕਿਉਂ ਨਾ ਬੀਤ ਜਾਣ!

ਵੱਡੀ ਸਰਕਾਰ ਜੀ! ਰਾਜੀਵ-ਲੌਂਗੋਵਾਲ ਸਮਝੌਤਾ ਤੁਹਾਡੀ ਨਿਰਮਲ ਨੀਅਤ ਦਾ ਇਕ ਨਿੱਗਰ-ਸਬੂਤ ਸੀ। ਤੁਸੀਂ ਭਾਸ਼ਾ ਦੇ ਆਧਾਰ ਉੱਤੇ ਸਰਹੱਦਾਂ ਸੂਤ ਕਰਨ ਲਈ ਕਮਿਸ਼ਨ ਬਿਠਾ ਦਿੱਤੇ ਪਰ ਉਨ੍ਹਾਂ ਨੂੰ ਜਿਹੜੇ ਆਦੇਸ਼-ਪੱਤਰ ਜਾਰੀ ਹੋਏ, ਉਨ੍ਹਾਂ ਅਨੁਸਾਰ ਪੰਜਾਬ ਦੇ ਕਥਿਤ [illegible] ਜਾਣੀ ਸੀ। ਕੁੱਝ ਲੋਕਾਂ ਨੂੰ ਇਹ

WWW.SIKHBOOKCLUB.COM Page 77

ਪੜ੍ਹ-ਸੁਣ ਕੇ ਨਿਰਾਸਾ-ਭਰੀ ਹੈਰਾਨੀ ਜ਼ਰੂਰ ਹੋਈ, ਪਰ ਤੁਹਾਡੇ ਮਨ ਦੀ ਗੁੱਝੀ ਗੁਫ਼ਾ ਦਾ ਥਾਹ ਕੌਣ ਪਾ ਸਕਦਾ ਹੈ ? ਲੇਖਕ ਵਿਚਾਰੇ ਤਾਂ ਇਹੀ ਜਾਣ ਸਕੇ ਕਿ, ਉਲਟੇ ਹੁਕਮਾਂ ਵਾਲੀ ਸਾਰੀ ਗੜਬੜ ਵਿਚ ਵੀ, ਤੁਸੀਂ ਤਾਂ ਬਗਲੇ ਵਾਂਗ ਗੋਰੇ-ਚਿੱਟੇ ਤੇ ਬੇਦਾਗ ਸਾਓ ਤੇ ਸਾਰੀ ਕਰਤੂਤ ਉਨ੍ਹਾਂ ਕਠਪੁਤਲੀ ਅਫ਼ਸਰਾਂ ਦੀ ਸੀ, ਜਿਨ੍ਹਾਂ ਪਾਸੋਂ ਰਾਤ ਵੇਲੇ 'ਗਵਾਂਢੀ ਰਾਜਾਂ ਦੇ ਪੰਜਾਬੀ-ਭਾਸ਼ੀ ਇਲਾਕੇ ਲੱਭਣ' ਵਾਲੇ ਸ਼ਬਦਾਂ ਦੀ ਥਾਂ 'ਪੰਜਾਬ ਦੇ ਹਿੰਦੀ-ਭਾਸ਼ੀ ਇਲਾਕੇ ਲੱਭਣ' ਵਾਲੇ ਸ਼ਬਦ ਟਾਈਪ ਹੋ ਗਏ ਸਨ! ਤੁਹਾਡੇ ਵਰਗੀਆਂ ਉਦਾਰ, ਸਹਿਨਸ਼ੀਲ ਤੇ ਨੇਕ-ਨੀਅਤ ਸਰਕਾਰਾਂ ਦੇ ਦਫ਼ਤਰਾਂ ਦਾ ਇਹੋ ਜਿਹੇ ਟਪਲੇ ਖਾ ਜਾਣਾ ਕੋਈ ਅਲੋਕਾਰ ਗੱਲ ਨਹੀਂ ਤੇ ਨਿਆਂ ਨਾਲ ਵੇਖਿਆ ਜਾਵੇ ਤਾਂ ਜਮਹੂਰੀ ਨਿਜ਼ਾਮ ਵਿਚ ਕੋਈ ਕਿੰਨੇ ਕੁ ਅਫ਼ਸਰਾਂ ਨੂੰ ਫਾਹੇ ਲਾ ਸਕਦਾ ਹੈ ?

ਵੱਡੀ ਸਰਕਾਰ ਜੀ ! ਰਾਜੀਵ-ਲੌਂਗੋਵਾਲ ਸਮਝੌਤੇ ਵਿਚ ਤੁਸੀਂ ਕੇਂਦਰ ਵੱਲੋਂ ਪੰਜਾਬੀ ਭਾਸ਼ਾ ਲਈ ਇਕ ਉਚੇਚਾ ਵੱਡਾ ਸਾਰਾ ਹੰਭਲਾ ਮਾਰਨ ਲਈ ਆਪਣੇ ਹੱਥ ਵੱਢ ਦੇ ਕੇ ਬੈਠੇ ਸਾਓ, ਪਰ ਪੰਜਾਬ ਦੇ ਲੇਖਕਾਂ ਤੇ ਬੁੱਧੀਜੀਵੀਆਂ ਵਿਚੋਂ ਕਈ ਹਿਸਾਬ ਲਾਈ ਫਿਰਦੇ ਹਨ ਕਿ ਐਨੇ ਵਰ੍ਹੇ ਬੀਤ ਗਏ ਹਨ, ਪਰ ਕੇਂਦਰੀ ਸਰਕਾਰ ਨੇ ਪੰਜਾਬ ਵਿਚ ਪੰਜਾਬੀ ਲਈ ਜਿਹੜਾ ਵੀ ਵੱਡਾ ਕਾਰਨਾਮਾ ਕੀਤਾ ਹੈ, ਉਸ ਨੂੰ ਹਵਾ ਵੀ ਨਹੀਂ ਲਵਾਈ ਗਈ ! ਇਨ੍ਹਾਂ ਭਲੇ ਲੋਕਾਂ ਨੂੰ ਏਨੀ ਵੀ ਸਮਝ ਨਹੀਂ ਕਿ ਪੰਜਾਬ ਦੀ ਹਵਾ ਬੜੀ ਦੂਸ਼ਿਤ ਹੈ, ਜਦੋਂ ਸਾਫ਼ ਹੋ ਗਈ, ਲਵਾ ਲਈ ਜਾਵੇਗੀ, ਕਿਤੇ ਭੱਜੀ ਜਾਂਦੀ ਹੈ ?

ਸਰਕਾਰ ਜੀ ! ਇਨ੍ਹਾਂ ਬੁੱਧੀਜੀਵੀਆਂ ਵਿੱਚੋਂ ਕਿਹੜਾ ਕਿਸੇ ਨੇ ਕਦੀ ਸਰਕਾਰੀ ਗੱਦੀ ਦਾ ਝੂਟਾ ਮਾਣਿਆ ਹੈ ? ਇਨ੍ਹਾਂ ਨੂੰ ਕੀ ਪਤਾ ਕਿ ਜਦੋਂ ਕੋਈ ਬੰਦਾ ਸਰਕਾਰ ਬਣਦਾ ਹੈ ਤਾਂ ਕਿੰਨੇ ਵੱਡੇ ਵੱਡੇ ਰੁਝੇਵੇਂ ਉਸ ਦੇ ਛੋਟੇ ਜਿਹੇ ਸਿਰ ਉੱਤੇ ਆ ਪੈਂਦੇ ਹਨ ? ਏਡੇ ਲੰਮੇ-ਚੌੜੇ ਦੇਸ ਵਿਚ ਕਿੰਨੀਆਂ ਥਾਵਾਂ ਉੱਤੇ ਨਿੱਤ ਕਿੰਨੇ ਵਾਇਦੇ ਕਰਨੇ ਪੈਂਦੇ ਹਨ—ਇਨ੍ਹਾਂ ਦਾ ਠੀਕ-ਠੀਕ ਹਿਸਾਬ ਲਾਉਣਾ ਪੈ ਜਾਵੇ ਤਾਂ ਖ਼ਬਰੇ ਕੰਪਿਊਟਰ ਵੀ ਤੋਬਾ-ਤੋਬ ਕਰ ਉੱਠੇ। ਬੁੱਧੀਜੀਵੀ ਤੇ ਲੇਖਕ ਭੁੱਲ ਜਾਂਦੇ ਹਨ ਕਿ ਵੱਡੀ ਸਰਕਾਰ ਅਜੇ ਵੀ, ਨਿੱਤਨੇਮ ਨਾਲ, ਦਿਹਾੜੀ ਵਿਚ ਦੋ ਦੋ ਵਾਰੀ, ਰਾਜੀਵ-ਲੌਂਗੋਵਾਲ ਸਮਝੌਤੇ ਦੇ ਅੱਖਰ-ਅੱਖਰ ਨੂੰ ਛੇਤੀ ਤੋਂ ਛੇਤੀ ਪੁਗਾਉਣ ਦਾ ਪ੍ਰਣ ਦੁਹਰਾਉਂਦੀ ਰਹਿੰਦੀ ਹੈ! ਫੇਰ ਵੀ ਇਨ੍ਹਾਂ ਲੋਕਾਂ ਦੀ ਤਸੱਲੀ ਨਾ ਹੋਵੇ ਤਾਂ ਵੱਡੀ ਸਰਕਾਰ ਕੀ ਕਰੇ ?

ਵੱਡੀ ਸਰਕਾਰ ਜੀ ! ਤੁਸੀਂ ਜਿੱਥੇ ਏਨੀਆਂ ਮਿਹਰਬਾਨੀਆਂ ਕੀਤੀਆਂ ਹਨ, ਓਥੇ ਇਹ ਵੀ ਚੰਗਾ ਹੀ ਕੀਤਾ ਹੈ ਕਿ ਸਾਡੀ ਰਾਜਧਾਨੀ ਤੇ ਸਾਡੀ ਪੰਜਾਬ ਯੂਨੀਵਰਸਿਟੀ ਤੇ ਸਾਡੇ ਪੀ.ਜੀ.ਆਈ. ਨੂੰ ਆਪਣੀ ਸਿੱਧੀ ਛਤਰ-ਛਾਇਆ ਹੇਠ ਲੈ ਲਿਆ ਹੈ। ਹੁਣ ਅਸੀਂ ਕਿਰਾਏਦਾਰਾਂ ਵਾਲੀ ਐਸ਼ ਕਰਦੇ ਹਾਂ। ਨਾ ਮੁਰੰਮਤ ਦੀ ਝੱਕ-ਝੱਕ, ਨਾ ਨਾਲੀਆਂ ਸਾਫ਼ ਕਰਨ ਦੀ ਬਕ-ਬਕ ਤੇ ਨਾ ਰਾਖੀ ਦਾ ਫ਼ਿਕਰ-ਫ਼ਾਕਾ। ਹੁਣ ਇਸ ਸਾਰੇ ਸਿੜ੍ਹੀ-ਸਿਆਪੇ ਦੀ ਸਿਰ-ਪੀੜ ਤੁਸੀਂ ਆਪ ਸਹੇੜ ਲਈ ਹੈ ! ਪਰਉਪਕਾਰੀ ਵੱਡੀ ਸਰਕਾਰ ਜੀ, ਇਹੀ ਸਫਲ ਤਜਰਬਾ, ਇਕ ਇਕ ਕਰ ਕੇ, ਭਾਰਤ ਦੇ ਹਰ ਰਾਜ ਵਿਚ ਕਰ ਕੇ ਕਿਉਂ ਨਾ ਵੇਖਿਆ ਜਾਵੇ ? ਜੇ ਉਹ ਨਾ ਮੰਨਣ ਤਾਂ ਪੰਜਾਬੀਆਂ ਨੂੰ ਤਾਂ ਤੁਸੀਂ ਵੇਖ ਲਿਆ ਹੈ, ਚੁੱਪ ਕਰ ਕੇ ਮੰਨ ਜਾਣ ਦੀ ਆਦਤ ਪੈ ਗਈ ਹੈ, ਏਸ ਲਈ ਇਕ ਇਕ ਜ਼ਿਲਾ ਕਰ ਕੇ, ਹੌਲੀ ਹੌਲੀ, ਸਾਰਾ ਪੰਜਾਬ ਚੰਡੀਗੜ੍ਹ ਵਿਚ, ਲੀਨ ਕਰ ਲਓ !

ਸਾਡੀਆਂ ਸਿਰ-ਪੀੜਾਂ ਨੂੰ ਆਪਣੀਆਂ ਬਣਾਉਣ ਵਾਲੀ ਵੱਡੀ ਸਰਕਾਰ ਜੀ, ਤੁਸੀਂ

WWW.SIKHBOOKCLUB.COM

ਧੰਨ ਹੋ, ਪਰ ਮੈਂ ਕੀ ਕਰਾਂ ਤੇ ਸਾਡੇ ਲੇਖਕ ਕੀ ਕਰਨ ਤੇ ਕੇਂਦਰੀ ਪੰਜਾਬੀ ਲੇਖਕ ਸਭਾ ਕੀ ਕਰੇ ? ਇਨ੍ਹਾਂ ਅਵੈੜੇ ਪੰਜਾਬੀ ਭੂਤਾਂ ਨੂੰ ਕੌਣ ਸਮਝਾਏ ? ਇਹ ਤਾਂ ਤੁਹਾਡੇ ਅਫ਼ਸਰਾਂ ਦੇ ਸਾਰੇ ਕਸੂਰ ਤੁਹਾਡੇ ਉੱਤੇ ਹੀ ਥੱਪੀ ਜਾਂਦੇ ਹਨ ਤੇ ਤੁਹਾਡੇ ਪੰਜਾਬ ਨਾਲ ਕੀਤੇ ਵਾਇਦਿਆਂ ਦੀ ਤੱਕੜੀ ਵਿੱਚੋਂ ਵੱਡੇ ਵੱਡੇ ਪਾਸਕੂ ਲੱਭ ਲੈਣ ਦੀਆਂ ਫੜ੍ਹਾਂ ਮਾਰਦੇ ਫਿਰਦੇ ਹਨ। ਵੇਖੋ ਨਾ, ਅਸੀਂ ਤਾਂ ਹੋਏ ਤੁਹਾਡੇ ਸ਼ੁਭ-ਚਿੰਤਕ, ਸਾਡੇ ਕੋਲੋਂ ਕਾਹਦਾ ਲੁਕਾਅ ਹੈ ? ਇਹ ਆਪਣੇ ਰੇਡੀਓ ਜਾਂ ਟੀ.ਵੀ. ਵਾਲੇ ਹੀ ਲੈ ਲਓ। ਇਹ ਤੁਹਾਡੇ ਮਿੱਤਰ ਨੇ ਕਿ ਵੈਰੀ ? ਜੇ ਭਲਾ ਇਹ ਆਪਣੀਆਂ ਝੂਠੀਆਂ-ਸੱਚੀਆਂ ਪੰਜਾਬ ਵਾਲਿਆਂ ਨੂੰ, ਪੰਜਾਬੀ ਵਿਚ ਪਰੋਸੀ ਜਾਣ, ਤਾਂ ਕਿਹੜੀ ਆਖ਼ਰ ਆ ਜਾਵੇਗੀ ? ਪੰਜਾਬੀ ਯੂਨੀਵਰਸਿਟੀ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਾਂਗ, ਪੰਜਾਬ ਯੂਨੀਵਰਸਿਟੀ ਆਪਣੇ ਪੰਜਾਬੀ ਵਿਦਿਆਰਥੀਆਂ ਨੂੰ ਪੰਜਾਬੀ ਪੜ੍ਹਾ ਦੇਵੇਗੀ ਤਾਂ ਕਿਹੜਾ ਗ਼ੈਰ-ਕੁਦਰਤੀ ਕੁਕਰਮ ਕਰ ਬੈਠੇਗੀ ? ਤੇ ਚੰਡੀਗੜ੍ਹ ਵਿੱਚੋਂ ਜੇ ਪੰਜਾਬੀ ਦੇ ਦੇਸ-ਨਿਕਾਲੇ ਨੂੰ ਠੱਲ੍ਹ ਪੈ ਜਾਵੇ ਤਾਂ ਜਮਹੂਰੀਅਤ ਦਾ ਕਿਹੜਾ ਅਸੂਲ ਖ਼ਤਰੇ ਵਿਚ ਪੈ ਜਾਵੇਗਾ ?

ਵੱਡੀ ਸਰਕਾਰ ਜੀ ! ਛੱਡੋ ਪਰ੍ਹਾਂ ਇਹ ਬੱਚਿਆਂ ਵਾਲੀਆਂ ਨਿੱਕੀਆਂ ਨਿੱਕੀਆਂ ਅੜੀਆਂ। ਜੇ ਅਗਲਾ ਨਿਆਣਾ ਹੋਵੇ ਤਾਂ ਆਪਣੀ ਸਿਆਣਪ ਥੋੜ੍ਹਾ ਗਹਿਣੇ ਪਾ ਦੇਈਦੀ ਹੈ ? ਵੱਡੀ ਸਰਕਾਰ ਜੀ ! ਤੁਸੀਂ ਇਹ ਮੰਨ ਕੇ ਤੁਰ ਰਹੇ ਹੋ ਨਾ ਕਿ ਪੰਜਾਬ ਵਿਚ ਕੇਂਦਰ ਦੀ ਹਾਜ਼ਰੀ ਲਵਾਉਣ ਲਈ ਹਿੰਦੀ ਨਾਲ ਹੇਜ ਜਤਾਉਣਾ ਜ਼ਰੂਰੀ ਹੈ, ਪਰ ਅਸੀਂ ਤੁਹਾਨੂੰ ਸੱਚ ਕਹਿੰਦੇ ਹਾਂ ਕਿ ਤੁਹਾਡੀ ਇਹ ਮਨੌਤ ਬਿਲਕੁਲ ਗ਼ਲਤ ਹੈ। ਤੁਹਾਡੀ ਹੁਣ ਵਾਲੀ ਨੀਤੀ ਵਿੱਚੋਂ ਕਿਸੇ ਨੂੰ ਤਾਂ ਇਹ ਲਗਦਾ ਹੈ ਕਿ ਪੰਜਾਬ ਨੂੰ ਹਿੰਦੀ-ਭਾਸ਼ੀ ਬਣਾਉਣ ਦੀ ਖਿਚੜੀ ਪਕਾਈ ਜਾ ਰਹੀ ਹੈ ਤੇ ਕੁੱਝ ਲੋਕਾਂ ਉੱਤੇ ਇਹ ਪ੍ਰਭਾਵ ਪੈਂਦਾ ਹੈ ਕਿ ਪੰਜਾਬ ਨੂੰ ਦੋ-ਭਾਸ਼ੀ ਬਣਾਉਣ ਦੀ ਚਾਲ ਚੱਲੀ ਜਾ ਰਹੀ ਹੈ, ਪਰ ਜੇ ਮੈਂ ਤੁਹਾਨੂੰ ਇਹ ਗੱਲ ਦੱਸਾਂ ਤਾਂ ਬੁਰਾ ਤਾਂ ਨਹੀਂ ਮਨਾਓਗੇ ਨਾ ਕਿ ਇਹ ਸ਼ੱਕ ਸਭ ਦੇ ਮਨ ਵਿਚ ਬੈਠ ਚੁੱਕਾ ਹੈ ਕਿ ਪੰਜਾਬ ਵਿਚ ਕੇਂਦਰ ਦੀ ਅੱਖ ਪੰਜਾਬੀ ਨਾਲੋਂ ਹਿੰਦੀ ਵੱਲ ਵਧੇਰੇ ਸਵੱਲੀ ਹੈ।

ਵੱਡੀ ਸਰਕਾਰ ਜੀ ! ਤੁਹਾਨੂੰ ਕੀ ਲੋੜ ਹੈ ਇਸ ਹੱਦ ਤਕ ਦਖ਼ਲ ਦੇਣ ਦੀ ਕਿ ਪੰਜਾਬ ਦੇ ਲੋਕ-ਮਨ ਵਿਚ ਤੁਹਾਡੇ ਵਿਰੁੱਧ ਪੰਜਾਬੀ ਦੇ ਦੋਖੀ ਹੋਣ ਦੀ ਗੰਢ ਬੱਝ ਜਾਵੇ ?

ਤੁਸੀਂ ਪੰਜਾਬ ਵਿਚ ਹਿੰਦੀ ਵੱਲੋਂ ਨਿਸਚਿੰਤ ਹੋ ਜਾਓ। ਹਿੰਦੀ ਨਾ ਪੰਜਾਬੀ ਲੋਕਾਂ ਨੂੰ ਤੇ ਨਾ ਪੰਜਾਬੀ ਲੇਖਕਾਂ ਨੂੰ ਦੁਪਰਿਆਗੀ ਹੈ। ਅਸੀਂ ਤਾਂ ਉਸ ਦੇ ਕੁੱਝ ਸਾਹਿੱਤਿਕ ਰੂਪਾਂ ਦੇ ਜਨਮਦਾਤੇ ਹੋਣ ਦਾ ਦਾਅਵਾ ਕਰਨ ਨੂੰ ਫਿਰਦੇ ਹਾਂ। ਗੁਰੂ ਅਰਜਨ ਦੇਵ, ਭਾਈ ਗੁਰਦਾਸ, ਗੁਰੂ ਤੇਗ ਬਹਾਦਰ, ਗੁਰੂ ਗੋਬਿੰਦ ਸਿੰਘ, ਭਾਈ ਸੰਤੋਖ ਸਿੰਘ, ਹਾਸ਼ਮ, ਪੰਡਿਤ ਸ਼ਰਧਾ ਰਾਮ ਫ਼ਲੌਰੀ ਤੇ ਹੋਰ ਢੇਰਾਂ ਦੇ ਢੇਰ ਪੰਜਾਬੀ ਲੇਖਕ ਹਿੰਦੀ ਵਿਚ ਲਿਖ ਗਏ ਹਨ ਤੇ ਆਧੁਨਿਕ ਸਮੇਂ ਵਿਚ ਚੰਦ੍ਰ ਗੁਪਤ ਵਿਦਿਆਲੰਕਾਰ, ਯਸ਼ਪਾਲ, ਉਪਿੰਦਰ ਨਾਥ ਅਸ਼ਕ, ਮੋਹਨ ਰਾਕੇਸ਼, ਇੰਦਰ ਨਾਥ ਮਦਾਨ, ਭੀਸ਼ਮ ਸਾਹਨੀ ਤੇ ਕ੍ਰਿਸ਼ਨਾ ਸੋਬਤੀ ਵਰਗੇ ਅਨੇਕ ਪੰਜਾਬੀ, ਹਿੰਦੀ ਲੇਖਕਾਂ ਦੀ ਮੂਹਰਲੀ ਕਤਾਰ ਵਿਚ ਸਜੇ ਹੋਏ ਦਿੱਸਦੇ ਹਨ।

ਪੰਜਾਬ ਪਾਸੋਂ ਹਿੰਦੀ ਨੂੰ ਕੋਈ ਖ਼ਤਰਾ ਨਹੀਂ, ਅਸੀਂ ਤਾਂ ਪੰਜਾਬ ਵਿਚ ਆਏ ਭਈਏ ਜਾਂ ਪੂਰਬੀਏ ਮਜ਼ੂਰਾਂ ਦੀ ਸਹੂਲਤ ਖ਼ਾਤਰ, ਉਨ੍ਹਾਂ ਨਾਲ, ਆਪਣੀ ਪੰਜਾਬੀ ਛੱਡ ਕੇ, ਟੁੱਟੀ-ਫੁੱਟੀ ਹਿੰਦੀ ਵਿਚ ਗੱਲਾਂ ਕਰਨ ਲੱਗ ਪੈਂਦੇ ਹਾਂ। ਸਾਨੂੰ ਹਿੰਦੀ ਨਾ ਸਿਖਾਓ ਤਾਂ ਵੀ ਅਸੀਂ ਹਿੰਦੀ ਵਿਚ ਆਪਣਾ ਗੁਜ਼ਾਰਾ ਕਰ ਲੈਂਦੇ ਹਾਂ। ਅਸਲ ਖ਼ਤਰਾ, ਸਰਕਾਰ ਜੀ ! ਉਨ੍ਹਾਂ ਸਰਕਾਰੀ ਤੇ ਗ਼ੈਰ-ਸਰਕਾਰੀ ਸਕੀਰਣ ਬਿਰਤੀਆਂ ਵਾਲੇ ਲੋਕਾਂ ਤੋਂ ਹੈ, ਜੋ ਪੰਜਾਬ ਵਿਚ ਹਿੰਦੀ ਨੂੰ ਪੰਜਾਬੀ

WWW.SIKHBOOKCLUB.COM Page 79

ਵਾਲੇ ਆਸਣ ਉੱਤੇ ਆਸੀਨ ਹੋਇਆ ਵੇਖਣਾ ਚਾਹੁੰਦੇ ਹਨ ਜਾਂ ਸ਼ਰੀਕ ਬਣਾ ਕੇ ਬਰਾਬਰ ਦੀ ਪਦਵੀ ਉੱਤੇ ਬਿਠਾਉਣਾ ਚਾਹੁੰਦੇ ਹਨ।

ਵੱਡੀ ਸਰਕਾਰ ਜੀ ! ਪੰਜਾਬ ਵਿਚ ਫ਼ਾਰਸੀ ਦੇ ਰਾਜ-ਭਾਸ਼ਾ ਬਣਨ ਦੀ ਨੀਂਹ ਤਕਰੀਬਨ 1000 ਵਰ੍ਹੇ ਹੋਏ ਰੱਖੀ ਜਾਣੀ ਸ਼ੁਰੂ ਹੋ ਗਈ ਸੀ ਤੇ ਅੰਗਰੇਜ਼ਾਂ ਦੇ ਪ੍ਰਵੇਸ਼ ਤਕ ਉਸ ਦਾ ਰਾਜ ਕਾਇਮ ਰਿਹਾ। ਫੇਰ ਅੰਗਰੇਜ਼ੀ ਤੇ ਉਰਦੂ ਸਾਡੇ ਮਾਧਿਅਮ ਬਣਾ ਦਿੱਤੇ ਗਏ। ਇਹ ਤਾਂ ਪੰਜਾਬੀ ਸੂਬਾ ਬਣਨ ਤੋਂ ਬਾਅਦ ਜਾ ਕੇ ਕਿਤੇ, ਮਸਾਂ ਮਸਾਂ, ਪੰਜਾਬੀ ਦੇ ਪੈਰ ਆਪਣੇ ਘਰ ਵਿਚ ਸਿੱਖਿਆ ਤੇ ਰਾਜ-ਪ੍ਰਬੰਧ ਦੇ ਖੇਤਰਾਂ ਵਿਚ ਲੱਗਣੇ ਸ਼ੁਰੂ ਹੋਏ ਤੇ ਉਹ ਵੀ ਸਿਰਫ਼ ਪੂਰਬੀ ਪੰਜਾਬ ਵਿਚ। ਹੁਣ, ਜਿਵੇਂ ਤੁਸੀਂ ਦੇਸ ਦੀ ਆਜ਼ਾਦੀ ਨੂੰ ਕਿਸੇ ਕੀਮਤ ਉੱਤੇ, ਅੰਗਰੇਜ਼ੀ ਝੰਡੇ ਥੱਲੇ ਨਹੀਂ ਆਉਣ ਦੇਣਾ ਚਾਹੋਗੇ, ਭਾਵੇਂ ਤੁਹਾਨੂੰ ਅੰਗਰੇਜ਼ਾਂ ਵਾਂਗ ਰਾਜ ਚਲਾਉਣ ਦਾ ਵੱਲ ਆਵੇ ਜਾਂ ਨਾ, ਉਸੇ ਤਰ੍ਹਾਂ, ਪੰਜਾਬ ਦੀ ਪੰਜਾਬੀ ਬੋਲੀ ਵੀ ਆਪਣੇ ਨਵੇਂ-ਲੱਭੇ ਰਾਜ ਨੂੰ ਬੇਸ਼ਰੀਕ ਹੋ ਕੇ ਮਾਣਨਾ ਲੋਚਦੀ ਹੈ, ਭਾਵੇਂ ਉਸ ਦੀ ਸਮਰੱਥਾ ਉੱਤੇ ਤੁਸੀਂ ਕਿੰਤੂ ਹੀ ਕਿਉਂ ਨਾ ਪਏ ਕਰੋ।

## 5

ਹੁਣ ਹਿੰਦੀ ਦੀ ਗੱਲ ਚੱਲੀ ਹੈ ਤਾਂ ਮਸਲੇ ਨੂੰ, ਸਾਰੇ ਭਾਰਤ ਦੇ ਪ੍ਰਸੰਗ ਵਿਚ ਵਿਚਾਰ-ਅਧੀਨ ਲਿਆਉਣਾ ਜ਼ਰੂਰੀ ਹੈ, ਕਿਉਂਕਿ ਇਹ ਮਸਲਾ ਸਮੁੱਚੇ ਦੇਸ ਦਾ ਸਾਂਝਾ ਹੈ। ਇਉਂ ਕਰਨ ਨਾਲ ਪੰਜਾਬ ਵਿਚ ਹਿੰਦੀ ਦੇ ਮਸਲੇ ਦੀਆਂ ਬਹੁਤ ਸਾਰੀਆਂ ਪਰਤਾਂ ਵਧੇਰੇ ਠੀਕ ਪ੍ਰਸੰਗ ਵਿਚ ਵੇਖਣੀਆਂ ਸੰਭਵ ਹੋ ਜਾਣਗੀਆਂ।

ਇਸ ਮਸਲੇ ਨੂੰ ਵਿਚਾਰਨ ਤੋਂ ਪਹਿਲਾਂ ਕੁੱਝ ਅਜਿਹੇ ਨੁਕਤਿਆਂ ਦਾ ਸਿਮਰਨ ਕਰ ਲੈਣਾ ਉਚਿਤ ਹੋਵੇਗਾ, ਜਿਨ੍ਹਾਂ ਬਾਰੇ ਸਾਰੇ ਜਾਂ ਤਕਰੀਬਨ ਸਾਰੇ ਇਕਮਤ ਹਨ :

ਮਸਲਨ, ਇਹ ਮੰਨਣ ਵਿਚ ਕਿਸੇ ਨੂੰ ਕੋਈ ਇਤਰਾਜ਼ ਨਹੀਂ ਕਿ ਭਾਰਤ ਇਕ ਬਹੁ-ਭਾਸ਼ੀ ਦੇਸ ਹੈ। ਇਸੇ ਹਕੀਕਤ ਕਰਕੇ ਹੀ ਤਾਂ ਰਾਜਾਂ ਦੇ ਪੁਨਰ-ਗਠਨ ਵੇਲੇ ਰਾਜਾਂ ਦੀਆਂ ਮੁਖ ਭਾਸ਼ਾਵਾਂ ਨੂੰ ਸਰਹੱਦਾਂ ਦੀ ਅਦਲਾ-ਬਦਲੀ ਦਾ ਆਧਾਰ ਬਣਾਇਆ ਗਿਆ ਸੀ।

ਦੂਜੀ ਸਰਬ-ਪਰਵਾਨ ਸੱਚਾਈ ਇਹ ਹੈ ਕਿ ਇਹ ਸਾਰੀਆਂ ਭਾਸ਼ਾਵਾਂ ਸਾਡੀਆਂ ਦੇਸੀ ਜਾਂ ਕੌਮੀ ਭਾਸ਼ਾਵਾਂ ਹਨ ਤੇ ਇਨ੍ਹਾਂ ਨੂੰ ਬੋਲਣ ਵਾਲੇ ਲੱਖਾਂ ਭਾਰਤੀ ਇਨ੍ਹਾਂ ਨੂੰ ਪਿਆਰਦੇ-ਦੁਲਾਰਦੇ ਹਨ। ਇਸ ਲਈ ਕੇਂਦਰ ਵਾਸਤੇ ਇਹ ਸਾਰੀਆਂ ਕੌਮੀ ਭਾਸ਼ਾਵਾਂ ਬਰਾਬਰ ਸਨਮਾਨ ਤੇ ਉਤਸਾਹ ਦੀਆਂ ਹੱਕਦਾਰ ਹਨ।

ਇਸ ਹਕੀਕਤ ਤੋਂ ਵੀ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਬਹੁਤ ਸਾਰੀਆਂ ਮੁਖ ਸੂਬਾਈ ਭਾਸ਼ਾਵਾਂ ਦੇ ਇਤਿਹਾਸ ਸੈਂਕੜੇ ਵਰ੍ਹੇ ਪਿਛਾਂਹ ਤਕ ਜਾਂਦੇ ਹਨ ਤੇ ਕੁੱਝ, ਜਿਵੇਂ ਤਮਿਲ, ਸੰਸਕ੍ਰਿਤ ਨਾਲੋਂ ਵੀ ਪ੍ਰਾਚੀਨ ਹੋਣ ਦਾ ਦਾਅਵਾ ਕਰਦੀਆਂ ਹਨ। ਬਾਬਾ ਫ਼ਰੀਦ ਦੀ ਕਲਮ ਨੇ ਪੰਜਾਬੀ ਭਾਸ਼ਾ ਨੂੰ ਵੀ ਢੇਰ ਪੁਰਾਣੀਆਂ ਭਾਸ਼ਾਵਾਂ ਦੀ ਸੂਚੀ ਵਿਚ ਸ਼ਾਮਿਲ ਕਰਾਉਣ ਦਾ ਉਪਕਾਰ ਕੀਤਾ ਹੈ।

ਆਪਣੀ ਇਕ ਦੇਸ-ਵਿਆਪੀ ਮਜਬੂਰੀ ਬਾਰੇ ਵੀ ਸਹਿਮਤ ਹੋ ਜਾਈਏ ਤਾਂ ਠੀਕ ਰਹੇਗਾ—ਸੈਂਕੜੇ ਵਰ੍ਹੇ ਸਿੱਖਿਆ, ਅਕਾਦਮਿਕ ਖੋਜ, ਨਿਆਂ ਤੇ ਹਕੂਮਤ ਦਾ ਮਾਧਿਅਮ ਨਾ ਬਣ ਸਕਣ ਦੇ ਕਾਰਨ, ਸਾਡੀਆਂ ਬਹੁਤ ਕੌਮੀ ਭਾਸ਼ਾਵਾਂ, ਗਿਆਨ ਦੇ ਹਰ ਖੇਤਰ ਵਿਚ ਸਮਾਨ ਚੁਨੌਤੀ ਕਰ ਸਕਣ ਦੇ ਮੌਕਿਆਂ ਤੋਂ ਵਾਂਝੀਆਂ ਰਹੀਆਂ ਹਨ ਤੇ ਇਸ ਜਬਰ ਦਾ ਸ਼ਿਕਾਰ

WWW.SIKHBOOKCLUB.COM

ਹਿੰਦੀ ਨੂੰ ਵੀ ਉਸੇ ਤਰ੍ਹਾਂ ਹੋਣਾ ਪਿਆ, ਜਿਵੇਂ ਕਿ ਦੇਸ ਦੀਆਂ ਹੋਰ ਕੌਮੀ ਭਾਸ਼ਾਵਾਂ ਨੂੰ ਹੋਣਾ ਪਿਆ ਸੀ।

ਇਹ ਵੀ ਸਭ ਦੇ ਮੰਨਣ ਵਾਲੀ ਗੱਲ ਹੈ ਕਿ ਇਸ ਬਹੁ-ਭਾਸ਼ੀ ਜੰਗਲ ਵਿਚ ਸਾਨੂੰ ਕਿਸੇ ਨਾ ਕਿਸੇ ਸਾਂਝੀ ਸੰਪਰਕ-ਭਾਸ਼ਾ ਦੀ ਲੋੜ ਪੈਂਦੀ ਹੈ, ਨਹੀਂ ਤਾਂ ਅਸੀਂ ਆਪਣੀ ਭਾਸ਼ਾ ਦੀ ਸਰਹੱਦ ਤੋਂ ਬਾਹਰ ਨਿਕਲਦੇ ਸਾਰ, ਸੁਭਾਸ਼ ਹੁੰਦੇ ਹੋਏ ਵੀ, ਅਭਾਸ਼ ਬਣ ਕੇ ਰਹਿ ਜਾਂਦੇ ਹਾਂ। ਆਸ ਹੈ ਇਸ ਸਪਸ਼ਟ ਨੁਕਤੇ ਨੂੰ ਵਧੇਰੇ ਸਪਸ਼ਟ ਕਰਨ ਦੀ ਲੋੜ ਨਹੀਂ ਕਿ ਕਿਸੇ ਵੀ ਪ੍ਰਾਂਤ ਜਾਂ ਰਾਜ ਵਿਚ, ਸੰਪਰਕ ਭਾਸ਼ਾ ਦਾ ਪ੍ਰਵੇਸ਼, ਓਥੋਂ ਦੀ ਮੁਖ ਭਾਸ਼ਾ ਦੀ ਸੌਂਕਣ ਜਾਂ ਰਖੇਲ ਵਜੋਂ ਨਹੀਂ, ਬਲਕਿ ਇਕ ਇੱਜ਼ਤਦਾਰ ਸਹਾਇਕ ਦੇ ਤੌਰ ਉੱਤੇ ਹੋਣਾ ਹੈ, ਜਿਸ ਦੀ ਸੇਵਾ, ਪ੍ਰਾਂਤ ਜਾਂ ਰਾਜ ਤੋਂ ਬਾਹਰਲੀਆਂ ਭਾਸ਼ਾਵਾਂ ਬੋਲਣ ਵਾਲੇ ਲੋਕਾਂ ਨਾਲ ਵਪਾਰਕ ਤੇ ਹੋਰ ਹਰ ਤਰ੍ਹਾਂ ਦੇ ਸੰਪਰਕਾਂ ਨੂੰ ਸੌਖਾ ਬਣਾਉਣ ਵਾਸਤੇ ਲਈ ਜਾਂਦੀ ਹੈ।

ਤੇ ਅਖ਼ੀਰਲੀ ਗੱਲ, ਜਿਸ ਨੂੰ ਆਸ ਹੈ, ਸਾਰੇ ਪਰਵਾਨ ਕਰਦੇ ਹਨ, ਇਹ ਹੈ ਕਿ ਭਾਰਤ ਦੇ ਅੰਦਰਲੇ ਰਾਜਨੀਤਿਕ ਸੰਗਠਨ ਦੀ ਵਿਧਾਨਕ ਰੂਪ-ਰੇਖਾ ਗਣ ਜਾਂ ਰੀਪਬਲਿਕ ਦੇ ਨਮੂਨੇ ਉੱਤੇ ਘੜੀ ਹੋਈ ਹੈ ਤੇ ਇਸ ਦਾ ਮਤਲਬ ਸਰਲ ਸ਼ਬਦਾਂ ਵਿਚ ਇਹ ਹੈ ਕਿ ਭਾਰਤ ਦੇ ਹਰ ਪ੍ਰਾਂਤ ਜਾਂ ਰਾਜ ਦੀ ਅੱਡਰੀ ਹੋਂਦ ਨੂੰ ਮਾਨਤਾ ਦਿੱਤੀ ਗਈ ਹੈ ਤੇ ਇਨ੍ਹਾਂ ਰਾਜਾਂ ਦੇ ਵਸਨੀਕਾਂ ਦੇ ਕੁੱਝ ਅਧਿਕਾਰ ਹਨ, ਜਿਨ੍ਹਾਂ ਦੀ ਵਰਤੋਂ ਉਹ ਕੇਂਦਰ ਦੇ ਦਖ਼ਲ ਤੋਂ ਬਿਨਾਂ, ਆਪਣੀ ਮਨ-ਮਰਜ਼ੀ ਨਾਲ ਵੀ ਕਰ ਸਕਦੇ ਹਨ। ਆਪਣੀ ਭਾਸ਼ਾ ਦੀ ਵਰਤੋਂ ਇਨ੍ਹਾਂ ਵਿੱਚੋਂ ਇਕ ਹੈ ਤੇ ਜਿਹੜੇ ਅਧਿਕਾਰ ਗਣ ਦੇ ਸੰਕਲਪ ਦੇ ਵਿਰੁੱਧ ਜਾਂਦੇ ਹੋਣ, ਉਨ੍ਹਾਂ ਦੀ ਪ੍ਰਾਪਤੀ ਲਈ ਹਰ ਰਾਜ ਜਮਹੂਰੀ ਸੰਘਰਸ਼ ਕਰ ਸਕਦਾ ਹੈ।

ਉਪਰੋਕਤ ਮਾਨਤਾਵਾਂ ਦੇ ਚੌਖਟੇ ਵਿਚ, ਹਿੰਦੀ-ਭਾਸ਼ੀ ਰਾਜਾਂ ਨੂੰ ਛੱਡ ਕੇ, ਭਾਰਤ ਦੇ ਭਾਸ਼ਾਈ ਨਕਸ਼ੇ ਵਿਚ ਹਿੰਦੀ ਦਾ ਕੀ ਅਸਥਾਨ ਹੋਵੇ ?

(1) ਹਿੰਦੀ ਭਾਸ਼ਾ, ਭੁੱਲ ਕੇ ਵੀ, ਕਿਸੇ ਰਾਜ ਦੀ ਆਪਣੀ ਮੁਖ ਭਾਸ਼ਾ ਦੀ ਥਾਂ ਮੱਲਣ ਦਾ ਸੁਫ਼ਨਾ ਨਾ ਲਵੇ, ਭਾਵੇਂ ਉਸ ਰਾਜ ਦੀ ਭਾਸ਼ਾ ਵੇਖਣ ਨੂੰ ਅਵਿਗਸਿਤ ਹੀ ਕਿਉਂ ਨਾ ਲਗਦੀ ਹੋਵੇ। ਜਿੱਥੇ ਜਿੱਥੇ ਵੀ ਹਿੰਦੀ ਇਹ ਗ਼ਲਤੀ ਕਰੇਗੀ, ਓਥੇ ਓਥੇ ਹੀ, ਭਾਸ਼ਾਈ ਜਾਂ ਰਾਜ-ਪ੍ਰਬੰਧਕ ਝਗੜੇ, ਅੱਜ ਨਹੀਂ ਤਾਂ ਕੱਲ੍ਹ, ਗੰਭੀਰ ਰਾਜਨੀਤਿਕ, ਫ਼ਿਰਕੂ ਜਾਂ ਅਮਨ-ਕਾਨੂੰਨ ਦੀਆਂ ਉਲਝਣਾਂ ਬਣ ਕੇ ਸਾਹਮਣੇ ਆਉਂਦੇ ਰਹਿਣਗੇ।

(2) ਹਿੰਦੀ ਭਾਸ਼ਾ ਬੋਲਣ ਦਾ ਵੱਲ ਸਿਖਾਉਣ ਨੂੰ ਪਹਿਲ ਦੇਣੀ ਜੋਗ ਹੈ ਤੇ ਲਿਖਣੀ ਸਿਖਾਉਣ ਦੇ ਵੱਲ ਨੂੰ ਦੂਜ। ਹਿੰਦੀ ਪ੍ਰਾਂਤਕ ਭਾਸ਼ਾ ਵੀ ਹੈ ਤੇ ਸਰਬ-ਭਾਰਤੀ ਸੰਪਰਕ-ਭਾਸ਼ਾ ਵੀ। ਇਹ ਖ਼ਿਆਲ ਰੱਖਣ ਦੀ ਲੋੜ ਹੈ ਕਿ ਦੋਵੇਂ ਆਪੋ-ਆਪਣੇ ਘੇਰੇ ਦਾ ਉਲੰਘਣ ਨਾ ਕਰਨ। ਹਿੰਦੀ ਲਈ ਦੱਖਣੀ ਭਾਰਤ ਤੇ ਉੱਤਰੀ ਭਾਰਤ ਦੀ ਹਵਾ ਵਿਚ ਸਪਸ਼ਟ ਫ਼ਰਕ ਹੈ, ਪਰ ਇਸ ਦਾ ਇਹ ਮਤਲਬ ਨਹੀਂ ਹੋਣਾ ਚਾਹੀਦਾ ਕਿ ਜਿੱਥੋਂ ਦੀ ਹਵਾ ਸੁਖਾਵੀਂ ਹੈ, ਓਥੇ ਹਿੰਦੀ ਆਪਣੀ ਸੰਪਰਕ ਭਾਸ਼ਾ ਵਾਲੀ ਕੁੰਜ ਲਾਹ ਕੇ ਪ੍ਰਾਂਤਕ ਭਾਸ਼ਾ ਦੀ ਥਾਂ ਮੱਲਣ ਵਾਲਾ ਹਿੰਸਕ ਤੇ ਵਿਕਰਾਲ ਰੂਪ ਧਾਰ ਬੈਠੇ।

ਭਾਰਤੀ ਪੰਜਾਬ ਵਿਚ ਹਿੰਦੀ ਇਹੀ ਭੁੱਲ ਕਰ ਰਹੀ ਹੈ ਤੇ ਇਹ ਭੁੱਲ ਅੰਗਰੇਜ਼ੀ ਵੀ ਕਰ ਰਹੀ ਹੈ, ਪਰ ਜੇ ਇਹ ਭਾਸ਼ਾਵਾਂ, ਸੰਪਰਕ ਭਾਸ਼ਾਵਾਂ ਵਾਲਾ ਧਰਮ ਨਿਭਾਉਣ ਉੱਤੇ ਸੰਤੁਸ਼ਟ ਨਾ ਹੋਈਆਂ ਤਾਂ ਕਿਤੇ ਐਸਾ ਨਾ ਹੋਵੇ ਕਿ ਇਨ੍ਹਾਂ ਵੱਲ ਪੰਜਾਬ ਦੀ ਉਦਾਰਤਾ, ਹੌਲੀ ਹੌਲੀ, [illegible]

WWW.SIKHBOOKCLUB.COM

## 6

ਮਸਲੇ ਤਾਂ ਬਹੁਤ ਪਏ ਹਨ ਵਿਚਾਰਨ-ਜੋਗ, ਪਰ ਸਮਾਂ ਕੰਨੀ ਖਿਸਕਾਈ ਜਾ ਰਿਹਾ ਹੈ। ਇਹ ਮਸਲੇ ਤਾਂ ਅਸੀਂ ਆਪਸ ਵਿਚ ਵਿਚਾਰਦੇ ਹੀ ਰਹਾਂਗੇ, ਪਰ ਅੰਤ ਵਿਚ ਮੈਂ ਆਪਣੇ ਲੇਖਕ ਵੀਰਾਂ ਪਾਸੋਂ ਕੁੱਝ ਟੋਟਕੇ ਪੇਸ਼ ਕਰਨ ਦੀ ਆਗਿਆ ਜ਼ਰੂਰ ਮੰਗ ਲੈਣੀ ਚਾਹੁੰਦਾ ਹਾਂ ਕਿਉਂਕਿ ਉਨ੍ਹਾਂ ਨਾਲ ਤਾਂ ਹੁਣ ਤਕ ਮੈਂ ਉੱਕਾ ਕੋਈ ਗੱਲ ਨਹੀਂ ਕਰ ਸਕਿਆ:

(1) ਲੇਖਕ ਵੀਰੋ, ਬਹਿਸਾਂ ਜਿੰਨੀਆਂ ਮਰਜ਼ੀ ਪਏ ਕਰੀਏ, ਇਕੱਠ ਜਿੰਨੇ ਵੱਡੇ ਵੱਡੇ ਮਰਜ਼ੀ ਜੋੜ ਲਈਏ ਤੇ ਮਤਿਆਂ ਦੀਆਂ ਪੰਡਾਂ ਬੰਨ੍ਹ ਬੰਨ੍ਹ ਲਿਆ ਖਿਲਾਰੀਏ ਪਰ ਪੰਜਾਬੀ ਦੀ ਗਤੀ ਜਦ ਵੀ ਹੋਣੀ ਹੈ, ਤੁਹਾਡੀ ਮੌਲਿਕ ਰਚਨਾ ਦੇ ਸਿਰ ਉੱਤੇ ਹੀ ਹੋਣੀ ਹੈ। ਮੌਲਿਕ ਰਚਨਾ ਦਾ ਬਦਲ ਕੋਈ ਨਹੀਂ। ਤੁਸੀਂ ਆਪਣੀਆਂ ਜੜ੍ਹਾਂ ਆਪਣੇ ਆਲੇ-ਦੁਆਲੇ ਵਿਚ, ਆਪਣੇ ਲੋਕਾਂ ਵਿਚ ਤੇ ਆਪਣੇ ਇਤਿਹਾਸ ਤੇ ਸਭਿਆਚਾਰ ਵਿਚ ਡੂੰਘੀਆਂ ਲਿਜਾ ਕੇ ਆਪਣੀ ਬੋਲੀ ਦੀਆਂ ਸੁੱਤੀਆਂ ਕਲਾਵਾਂ ਜਗਾਓ ਤੇ ਉਹ ਸ਼ਾਹਕਾਰ ਪੈਦਾ ਕਰੋ, ਜਿਨ੍ਹਾਂ ਨਾਲ ਹੋਰ ਭਾਸ਼ਾਵਾਂ ਵਾਲੇ ਤੁਹਾਡੇ ਵੱਲ ਆਪਣੇ ਆਪ ਭੱਜੇ ਆਉਣ।

(2) ਤੁਹਾਡੇ ਆਪਸੀ ਝਗੜੇ ਭਾਵੇਂ ਕਿੰਨੇ ਗੰਭੀਰ ਹੋਣ, ਤੁਹਾਡੇ ਆਪਣੇ ਸਾਹਿੱਤਿਕ ਸੰਗਠਨ ਵਿਚ ਏਕਾ ਹੋਵੇਗਾ ਤਾਂ ਤੁਹਾਡੀ ਆਪਣੀ, ਤੁਹਾਡੀ ਭਾਸ਼ਾ ਦੀ ਤੇ ਪੰਜਾਬ ਦੀ ਆਵਾਜ਼ ਵਿਚ ਬਲ ਪੈਦਾ ਹੋਵੇਗਾ।

(3) ਲੋਕਾਂ ਤੋਂ ਟੁੱਟੀ ਭਾਸ਼ਾ ਵਿਚ ਮੌਲਿਕਤਾ ਪੂਰੇ ਨਿਸਾਰ ਉੱਤੇ ਨਹੀਂ ਆ ਸਕਦੀ। ਲੋਕ, ਭਾਸ਼ਾ ਦੇ ਮੋਢੀ ਉਪਜਾਇਕ ਹੁੰਦੇ ਹਨ, ਇਸ ਲਈ ਆਪਣੇ ਕੰਨ, ਉਨ੍ਹਾਂ ਵੱਲ ਲਾਈ ਰੱਖਿਆ ਕਰੋ।

(4) ਭਾਸ਼ਾ-ਭਾਸ਼ੀਆਂ ਦੀ ਉੱਨਤੀ ਤੋਂ ਬਿਨਾਂ, ਭਾਸ਼ਾ ਦੀ ਉੱਨਤੀ ਦੇ ਸੰਕਲਪ ਵਿਚ ਕਾਫ਼ੀ ਖੋਥ ਹੁੰਦਾ ਹੈ। ਇਹ ਦੋ ਵੱਖਰੇ ਵੱਖਰੇ ਸੰਕਲਪ ਹਨ ਜੋ ਇਕ ਦੂਜੇ ਦੇ ਪੂਰਕ ਹਨ।

(5) ਪੰਜਾਬ ਵਿਚ ਤੁਹਾਨੂੰ ਅੰਗਰੇਜ਼ੀ ਜਾਂ ਹਿੰਦੀ ਜਾਂ ਉਰਦੂ ਜਾਂ ਕਿਸੇ ਵੀ ਹੋਰ ਭਾਸ਼ਾ ਦੇ ਸਿੱਖਣ ਦੇ ਵਿਰੁੱਧ ਰੋਸ ਪ੍ਰਗਟਾਉਣ ਦੀ ਲੋੜ ਨਹੀਂ ਹੈ, ਤੁਹਾਡਾ ਸਾਰਾ ਜ਼ੋਰ ਲੱਗਣਾ ਚਾਹੀਦਾ ਹੈ—ਅੰਗਰੇਜ਼ੀ, ਹਿੰਦੀ, ਉਰਦੂ ਜਾਂ ਕਿਸੇ ਵੀ ਹੋਰ ਭਾਸ਼ਾ ਨੂੰ, ਕਿਸੇ ਵੀ ਪੱਧਰ ਉੱਤੇ, ਸਿੱਖਿਆ ਦਾ ਮਾਧਿਅਮ ਬਣਾਉਣ ਦੇ ਵਿਰੁੱਧ ਤੇ ਪੰਜਾਬ ਵਿਚ ਸੱਤ-ਅੱਠ ਸਾਲ ਦੀ ਉਮਰ ਤੋਂ ਪਹਿਲਾਂ ਮਾਂ-ਬੋਲੀ ਤੋਂ ਸਿਵਾ ਕਿਸੇ ਵੀ ਹੋਰ ਭਾਸ਼ਾ ਦੀ ਪੜ੍ਹਾਈ ਨੂੰ ਪੰਜਾਬੀ ਦਾ ਸ਼ਰੀਕ ਬਣਾਉਣ ਦੇ ਵਿਰੁੱਧ।

(6) ਪੰਜਾਬ ਦੀ ਭਾਸ਼ਾਈ ਸਮੱਸਿਆ, ਇਸ ਦੀ ਸਿਆਸਤ ਨਾਲ ਨੱਥੀ ਹੋ ਚੁੱਕੀ ਹੈ। ਪੰਜਾਬੀਆਂ ਦੀ ਤਪੱਸਿਆ, ਲਗਨ, ਸਿਆਣਪ ਤੇ ਕੁਰਬਾਨੀ ਤੋਂ ਬਿਨਾਂ ਇਸ ਦਾ ਹੱਲ ਹੋਣਾ ਸੰਭਵ ਨਹੀਂ ਜਾਪਦਾ। ਜਾਂਦਿਆਂ ਜਾਂਦਿਆਂ ਇਹ ਸ਼ਿਅਰ ਪੱਲੇ ਬੰਨ੍ਹ ਕੇ ਜਾਇਓ, ਭਾਵੇਂ ਨਿਰਾਸ ਹੋਣ ਦੀ ਲੋੜ ਨਹੀਂ:

ਬਹੁਤ ਮੁਸ਼ਕਿਲ ਹੈ ਕਿ ਹਾਲਾਤ ਕੀ ਗੁੱਥੀ ਸੁਲਝੇ,
ਅਕਲਮੰਦੋਂ ਨੇ ਬਹੁਤ ਸੋਚ ਕੇ ਉਲਝਾਈ ਹੈ।

# *ਪੰਜਾਬ ਸਰਕਾਰ ਦਾ ਪੰਜਾਬੀ ਭਾਸ਼ਾ ਵੱਲ ਰਵੱਈਆ**

19 ਦਸੰਬਰ, 1967 ਵਾਲੇ ਇਤਿਹਾਸਿਕ ਦਿਨ, ਪੰਜਾਬ ਦੀ ਵਿਧਾਨ ਸਭਾ ਨੇ ਸੁਰਗਵਾਸੀ ਸ. ਲਛਮਣ ਸਿੰਘ ਗਿੱਲ, ਮੁਖ ਮੰਤਰੀ, ਪੰਜਾਬ ਦੀ ਅਗਵਾਈ ਹੇਠ, ਸਰਬ ਸੰਮਤੀ ਨਾਲ, ਪੰਜਾਬ ਰਾਜ-ਭਾਸ਼ਾ ਬਿਲ, 1967 ਪਾਸ ਕੀਤਾ। ਦਸਾਂ ਦਿਨਾਂ ਪਿੱਛੋਂ 29 ਦਸੰਬਰ, 1967 ਨੂੰ ਇਸ ਬਿਲ ਉੱਤੇ ਗਵਰਨਰ ਦੀ ਸਹੀ ਪਈ, ਜਿਸ ਉਪਰੰਤ ਇਹ ਬਿਲ ਐਕਟ ਬਣ ਗਿਆ। ਇਸ ਐਕਟ ਦੀ ਧਾਰਾ 4 ਅਨੁਸਾਰ :

> "ਰਾਜ ਸਰਕਾਰ, ਸਮੇਂ ਸਮੇਂ, ਅਧਿਸੂਚਨਾ ਦੁਆਰਾ ਇਹ ਹਦਾਇਤ ਕਰ ਸਕੇਗੀ ਕਿ ਰਾਜ ਦੇ ਅਜਿਹੇ ਰਾਜ-ਕਾਰਜਾਂ ਲਈ ਅਤੇ ਅਜਿਹੀ ਮਿਤੀ ਤੋਂ ਪੰਜਾਬੀ ਦੀ ਵਰਤੋਂ ਕੀਤੀ ਜਾਵੇਗੀ, ਜਿਵੇਂ ਕਿ ਅਧਿਸੂਚਨਾ ਦੁਆਰਾ ਦੱਸਿਆ ਜਾਵੇ।"

ਐਕਟ ਵਿਚ ਦੱਸੀ ਕਾਨੂੰਨੀ ਲੋੜ ਪੂਰੀ ਕਰਨ ਲਈ ਗਿੱਲ-ਸਰਕਾਰ ਨੇ ਅਧਿਸੂਚਨਾਵਾਂ ਜਾਰੀ ਕਰਨ ਵਿਚ ਬੜੀ ਫੁਰਤੀ ਵਿਖਾਈ। ਐਕਟ ਬਣਨ ਤੋਂ ਅਗਲੇ ਦਿਨ, ਅਰਥਾਤ 30 ਦਸੰਬਰ, 1967 ਨੂੰ, ਪੰਜਾਬ ਸਰਕਾਰ ਦੇ ਸਿੱਖਿਆ ਤੇ ਭਾਸ਼ਾ ਵਿਭਾਗਾਂ ਦੇ ਸਕੱਤਰ ਵੱਲੋਂ ਅੱਗੇ ਦਿੱਤਾ ਏਲਾਨ ਜਾਰੀ ਕੀਤਾ ਗਿਆ :

Department of Languages, Punjab

**Notification**

> No. 4629-1-Lg-67/38442. In exercise of the powers conferred by section 4 of the Punjab Official Languages Act, 1967, the Governor of Punjab is pleased to direct that with effect from the 1st of January, 1968, Punjabi shall be used in administration at and below the district level in Punjab.

(Prit Mohinder Singh)
Secretary to Government,
Punjab Education & Languages Department

ਉਪਰੋਕਤ ਏਲਾਨ ਦੀਆਂ ਮਿਤੀਆਂ ਵੱਲ ਉਚੇਚੇ ਧਿਆਨ ਦੀ ਲੋੜ ਹੈ :

(1) 30 ਦਸੰਬਰ, 1967 ਨੂੰ ਇਹ ਏਲਾਨ ਜਾਰੀ ਹੋਇਆ;

---

* ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ ਦੀ ਸਿਲਵਰ ਜੁਬਲੀ ਦੇ ਮੌਕੇ ਉੱਤੇ 1980 ਨੂੰ ਪੜ੍ਹਿਆ

WWW.SIKHBOOKCLUB.COM

(2) ਕੇਵਲ 31 ਦਸੰਬਰ, 1967 ਵਾਲੇ ਇਕ ਦਿਨ ਦਾ ਵਕਫ਼ਾ ਦਿੱਤਾ ਗਿਆ; ਅਤੇ

(3) ਪਹਿਲੀ ਜਨਵਰੀ, 1968 ਤੋਂ ਪੰਜਾਬੀ ਨੂੰ ਸਾਰੇ ਪੰਜਾਬ ਦੇ ਜ਼ਿਲ੍ਹਾ-ਪੱਧਰ ਦੇ ਸਾਰੇ ਸਰਕਾਰੀ ਦਫ਼ਤਰਾਂ ਦਾ ਮਾਧਿਅਮ ਬਣਾ ਦਿੱਤਾ ਗਿਆ।

ਇਹ ਹੱਥ ਉੱਤੇ ਸਰ੍ਹੋਂ ਜਮਾਉਣ ਵਾਲੀ ਗੱਲ ਸੀ, ਪਰ ਇਸ ਉੱਤੇ ਵੀ ਗਿੱਲ ਸਾਹਿਬ ਦੀ ਤਸੱਲੀ ਨਾ ਹੋਈ। ਉਸ ਨੂੰ ਸੋਝੀ ਸੀ ਕਿ ਅਸਲ ਸਰਕਾਰ ਜ਼ਿਲ੍ਹਿਆਂ ਵਿਚ ਨਹੀਂ, ਸਕੱਤਰੇਤ ਵਿਚ ਹੁੰਦੀ ਹੈ ਤੇ ਜੇ ਸਕੱਤਰੇਤ ਉੱਤੇ ਅੰਗਰੇਜ਼ੀ ਦਾ ਛਤਰ ਕਾਇਮ ਰਿਹਾ ਤਾਂ ਜ਼ਿਲਾ ਪੱਧਰ ਉੱਤੇ ਹੋਈ ਪੰਜਾਬੀ ਵੀ ਅਣਹੋਈ ਬਣ ਕੇ ਬਹਿ ਜਾਵੇਗੀ। ਇਸ ਲਈ ਪੰਜਾਬ ਸਰਕਾਰ ਦੀ ਨੀਤੀ ਤੇ ਨੀਅਤ ਨੂੰ ਪੂਰੀ ਤਰ੍ਹਾਂ ਸਪਸ਼ਟ ਕਰਨ ਲਈ, 9 ਫ਼ਰਵਰੀ 1968 ਨੂੰ ਹੇਠ ਲਿਖਿਆ ਏਲਾਨ ਜਾਰੀ ਕੀਤਾ ਗਿਆ :

Department of Languages Punjab

**Notification**

Chandigarh, Dated the 9th February 1968 No. 861-Lg 68/4661. In exercise of the powers conferred by section 4 of the Punjab Official Language Act 1967, the Governor of Punjab is pleased to direct that with effect from the 13th of April, 1968 Punjabi (in Gurmukhi Script) shall be used in administration at the State Level in Punjab.

(Prit Mohinder Singh)
Secretary to Government,
Punjab Education & Languages Department

ਜਿਨ੍ਹਾਂ ਮਿਤੀਆਂ ਵੱਲ ਅਸੀਂ ਉੱਪਰ ਉਚੇਚਾ ਧਿਆਨ ਦਿਵਾਇਆ ਹੈ, ਉਨ੍ਹਾਂ ਨੂੰ ਚਿਤ ਵਿਚ ਰੱਖ ਲਈਏ ਤਾਂ ਇਕ ਹੋਰ ਘਟਨਾ ਵੀ ਉਚੇਚੇ ਧਿਆਨ ਦੀ ਹੱਕਦਾਰ ਬਣ ਜਾਂਦੀ ਹੈ। ਇਸ ਦਾ ਸੰਬੰਧ ਅਫ਼ਸਰਸ਼ਾਹੀ ਵੱਲੋਂ ਮਾਧਿਅਮ-ਬਦਲੀ ਦੀ ਕਿੰਤੂ-ਰਹਿਤ ਪਰਵਾਨਗੀ ਨਾਲ ਹੈ। ਪਿਛਾਂਹ ਵੱਲ ਝਾਤੀ ਮਾਰਿਆਂ ਪ੍ਰਤੀਤ ਹੁੰਦਾ ਹੈ ਕਿ ਜਿਸ ਤਰ੍ਹਾਂ ਦੀ ਦ੍ਰਿੜ੍ਹਤਾ ਨਾਲ ਮੁਖ ਮੰਤਰੀ, ਸ. ਲਛਮਣ ਸਿੰਘ ਗਿੱਲ, ਪੰਜਾਬੀ ਮਾਧਿਅਮ ਦੀ ਵਰਤੋਂ ਉੱਤੇ ਪਹਿਰਾ ਦੇ ਰਿਹਾ ਸੀ, ਉਸੇ ਤਰ੍ਹਾਂ ਦੀ ਤੇਜ਼ੀ ਨਾਲ, ਪੰਜਾਬ ਦੀ ਉੱਚਤਮ ਨੌਕਰਸ਼ਾਹੀ ਨੇ, ਜਿਸ ਵਿਚ ਸਾਰੇ ਕਹਿੰਦੇ-ਕਹਾਉਂਦੇ ਅੰਗਰੇਜ਼ੀ-ਪ੍ਰਸਤ ਅਫ਼ਸਰ ਸ਼ਾਮਿਲ ਸਨ, ਮਾਧਿਅਮ-ਬਦਲੀ ਨੂੰ ਅਪਣਾਉਣਾ ਸ਼ੁਰੂ ਕੀਤਾ ਹੋਇਆ ਸੀ। ਇਸ ਦਾ ਪਤਾ ਭਾਸ਼ਾ ਵਿਭਾਗ, ਪੰਜਾਬ ਦੇ ਉਸ ਵੇਲੇ ਦੇ ਡਾਇਰੈਕਟਰ ਦੀ 23 ਮਈ, 1968 ਦੀ ਰਪੋਟ ਤੋਂ ਲਗਦਾ ਹੈ। ਇਹ ਰਪੋਟ ਸਕੱਤਰੇਤ ਦੀ ਕੁੱਝ ਦਿਨਾਂ ਦੀ ਡਾਕ ਦੀ ਘੋਖ-ਪੜਤਾਲ ਪਿੱਛੋਂ ਮੁਖ ਮੰਤਰੀ ਨੂੰ ਭੇਜੀ ਗਈ ਸੀ। ਇਸ ਅਨੁਸਾਰ ਪੜਤਾਲ-ਅਧੀਨ ਸਮੇਂ ਵਿਚ, ਕਿਸੇ ਵਜ਼ੀਰ, ਕਮਿਸ਼ਨਰ ਜਾਂ ਸਕੱਤਰ ਦੇ ਦਫ਼ਤਰ ਤੋਂ ਪੰਜਾਬੀ ਮਾਧਿਅਮ ਬਾਰੇ ਜਾਰੀ ਹੋਏ ਹੁਕਮ ਨੂੰ ਉਲੰਘਣ ਵਾਲੀ ਇਕ ਵੀ ਚਿੱਠੀ ਜਾਰੀ ਨਹੀਂ ਸੀ ਹੋਈ। ਜੇ ਉਸ ਵੇਲੇ ਦੇ ਰਾਜ-ਪ੍ਰਬੰਧ ਦੇ ਸਿਖਰਲੇ ਖੇਤਰਾਂ ਵਿਚ, ਕੁੱਝ ਦਿਨਾਂ ਦੇ ਅੰਦਰ ਅੰਦਰ, ਪੰਜਾਬੀ ਦੀ ਵਰਤੋਂ ਸੌ ਫ਼ੀਸਦੀ ਹੋ ਗਈ ਸੀ ਤਾਂ ਜ਼ਿਲਾ-ਪੱਧਰ ਉੱਤੇ ਕਿਸੇ ਦੀ ਕੀ ਖ਼ਿਆਲ ਸੀ ਕਿ ਸਰਕਾਰੀ ਲਿਖਾ-ਪੜ੍ਹੀ ਵਿਚ ਰਾਜ-ਭਾਸ਼ਾ ਦੀ ਥਾਂ ਕਿਸੇ ਹੋਰ ਭਾਸ਼ਾ

WWW.SIKHBOOKCLUB.COM 

ਦੀ ਵਰਤੋਂ ਕਰਦਾ ?

ਇਹ ਹਾਲਤ ਸੀ 1968 ਵਿਚ, ਹੁਣ 1980 ਹੈ। ਬਾਰ੍ਹਾਂ ਵਰ੍ਹੇ ਬੀਤ ਚੁੱਕੇ ਹਨ। ਬਾਰ੍ਹਾਂ ਵਰ੍ਹੇ ਸਰਕਾਰਾਂ ਲਈ ਭਾਵੇਂ ਬਹੁਤੇ ਨਾ ਹੋਣ, ਪਰ ਪੰਜਾਬੀ ਲੋਕ-ਮਨ ਨੇ ਸਮੇਂ ਦੀ ਇਸ ਇਕਾਈ ਨੂੰ ਐਸੀ ਵੱਡੀ ਤੇ ਸੰਭਾਵਨਾ-ਭਰਪੂਰ ਮੰਨਿਆ ਹੋਇਆ ਹੈ ਕਿ ਇਸ ਪਿੱਛੋਂ ਤਾਂ ਰੂੜੀਆਂ ਦੀ ਵੀ ਸੁਣੀ ਜਾ ਸਕਦੀ ਹੈ। ਬਦਕਿਸਮਤੀ ਨਾਲ, ਪੰਜਾਬ ਦੀ ਰਾਜ-ਭਾਸ਼ਾ ਪੰਜਾਬੀ ਦਾ ਪਿਛਲੇ ਬਾਰ੍ਹਾਂ ਵਰ੍ਹਿਆਂ ਦਾ ਤਜਰਬਾ ਦੱਸਦਾ ਹੈ ਕਿ ਘੌਲੀ, ਅਵੇਸਲੀਆਂ ਜਾਂ ਢਿੱਲੀ ਪਕੜ ਵਾਲੀਆਂ ਸਰਕਾਰਾਂ ਦੀ ਛਤਰ-ਛਾਇਆ ਮਿਲ ਜਾਵੇ ਤਾਂ ਸਮੇਂ ਨੂੰ ਪੁੱਠਾ ਗੇੜਾ ਦੇ ਕੇ, ਰਾਜ-ਰਾਣੀ ਨੂੰ ਰੂੜੀ ਉੱਤੇ ਬਿਠਾ ਦੇਣਾ, ਘੰਡ ਅਫ਼ਸਰਸ਼ਾਹੀ ਦੇ ਖੱਬੇ ਹੱਥ ਦਾ ਕੰਮ ਹੁੰਦਾ ਹੈ।

## 2

ਸ. ਲਛਮਣ ਸਿੰਘ ਦੀ ਸਰਕਾਰ ਬਹੁਤੀ ਦੇਰ ਗੱਦੀ-ਨਸ਼ੀਨ ਨਾ ਰਹਿ ਸਕੀ। ਉਪਰੰਤ ਕ੍ਰਮਵਾਰ ਸ. ਗੁਰਨਾਮ ਸਿੰਘ, ਸ. ਪ੍ਰਕਾਸ਼ ਸਿੰਘ ਬਾਦਲ, ਗਿਆਨੀ ਜ਼ੈਲ ਸਿੰਘ ਤੇ ਫੇਰ ਦੂਜੀ ਵਾਰ ਸ. ਪ੍ਰਕਾਸ਼ ਸਿੰਘ ਬਾਦਲ ਮੁਖ ਮੰਤਰੀ ਬਣੇ। ਬਾਦਲ ਸਾਹਿਬ ਨੂੰ ਆਪਣੀ ਕੁਰਸੀ ਦੋਵੇਂ ਵਾਰੀ ਪ੍ਰਧਾਨ-ਰਾਜ ਲਈ ਖ਼ਾਲੀ ਕਰਨੀ ਪਈ। ਸਕੱਤਰੇਤ ਦੇ ਜਾਣਕਾਰ ਹਲਕਿਆਂ ਦੀ ਦੱਸ ਅਨੁਸਾਰ, ਗਿਆਨੀ ਜ਼ੈਲ ਸਿੰਘ ਨੂੰ ਛੱਡ ਕੇ, ਉਹ ਵੀ ਇਕ ਸੀਮਿਤ ਹੱਦ ਤਕ, ਬਾਕੀ ਦੋਹਾਂ ਮੁਖ ਮੰਤਰੀਆਂ ਦਾ ਧਿਆਨ, ਸਰਕਾਰੀ ਕਾਰ-ਵਿਹਾਰ ਵਿਚ ਪੰਜਾਬੀ ਮਾਧਿਅਮ ਦੀ ਵਰਤੋਂ ਨੇ ਘੱਟ ਹੀ ਮੱਲਿਆ। ਇਸ ਦਾ ਨਤੀਜਾ ਇਹ ਹੋਇਆ ਕਿ ਜਿੱਥੇ ਜਿੱਥੇ ਸਕੱਤਰੇਤ ਦੇ ਉਚੇਰੇ ਮੰਡਲਾਂ ਵਿਚ ਅੱਗੇ ਪੰਜਾਬੀ ਚੱਲ ਚੁੱਕੀ ਸੀ, ਓਥੇ ਓਥੇ ਅੰਗਰੇਜ਼ੀ ਨੇ ਮੁੜ ਕੇ ਪੈਰ ਜਮਾਉਣੇ ਸ਼ੁਰੂ ਕਰ ਦਿੱਤੇ। ਪ੍ਰਧਾਨ-ਰਾਜ ਜਦ ਵੀ ਆਇਆ, ਸਕੱਤਰੇਤ ਵਿੱਚੋਂ ਪੰਜਾਬੀ ਦੇ ਨਿਕਾਲੇ ਦਾ ਪਰਵਾਨਾ ਲੈ ਕੇ ਆਇਆ, ਪਰ ਹੁਣ ਵਾਲਾ ਪ੍ਰਧਾਨ-ਰਾਜ ਤਾਂ 'ਪੋਸ਼ ਕਰੇਂਦਾ, ਪੋਸ਼'! ਜਿਵੇਂ ਲੋਕ-ਕਹਾਣੀਆਂ ਵਿਚ ਘਰ-ਮੁੜਿਆ ਦਿਉ, ਲੁਕੇ ਹੋਏ ਸ਼ਹਿਜ਼ਾਦੇ ਦੇ ਮਾਸ ਦੀ ਗੰਧ ਨੂੰ ਸੁੰਘ ਕੇ 'ਆਦਮ ਬੋ, ਆਦਮ ਬੋ' ਕੂਕਦਾ ਹੈ, ਓਸੇ ਤਰ੍ਹਾਂ ਗਵਰਨਰ ਸਾਹਿਬ ਤੇ ਉਨ੍ਹਾਂ ਦੇ ਵੱਡੇ ਅਫ਼ਸਰ, ਸਕੱਤਰੇਤ ਵਿਚ 'ਪੰਜਾਬੀ ਬੋ', 'ਪੰਜਾਬੀ ਬੋ' ਦੀ ਦੋਹੀ ਦਿਆ ਕਰਦੇ ਸਨ। ਇਸ ਪੰਜਾਬੀ-ਧਰੋਹੀ ਰਾਜ ਵਿਚ, ਸੁਪਰਡੰਟ ਦੀ ਪਦਵੀ ਤੋਂ ਉੱਪਰ ਦਾ ਉਹੀ ਅਫ਼ਸਰ ਪੰਜਾਬੀ ਵਿਚ ਲਿਖਾ-ਪੜ੍ਹੀ ਦਾ ਹੌਸਲਾ ਕਰ ਸਕਦਾ ਸੀ, ਜੋ ਆਪਣੇ ਆਪ ਨੂੰ ਅਨਪੜ੍ਹ ਅਖਵਾਉਣ ਤੇ ਉਚੇਰੇ ਅਫ਼ਸਰਾਂ ਦੀ ਕਰੋਪੀ ਦਾ ਸ਼ਿਕਾਰ ਬਣਨ ਲਈ ਕਾਹਲਾ ਸੀ!

ਸ. ਲਛਮਣ ਸਿੰਘ ਵੇਲੇ ਹੋਈ ਪ੍ਰਾਪਤੀ, ਹੌਲੀ ਹੌਲੀ, ਰਸਾਤਲ ਵੱਲ ਕਿਉਂ ਤੁਰ ਪਈ ? ਕੀ ਇਹ ਸਮਝ ਲਿਆ ਗਿਆ ਕਿ ਰਾਜ-ਭਾਸ਼ਾ ਦਾ ਮਸਲਾ, ਕਾਨੂੰਨ ਪਾਸ ਕਰਨ ਪਿੱਛੋਂ ਸਦਾ ਲਈ ਨਿੱਬੜ ਚੁੱਕਾ ਹੈ ? ਨਹੀਂ, ਇਸ ਦੇ ਪਿੱਛੇ ਕਈ ਕਾਰਨ ਹਨ, ਜਿਨ੍ਹਾਂ ਵਿਚ ਸਭ ਤੋਂ ਵੱਡਾ, ਖਾਂਦੇ-ਪੀਂਦੇ ਪੰਜਾਬੀ ਲੋਕਾਂ ਦੀ ਬਹੁ-ਗਿਣਤੀ ਵਿਚ ਆਪਣੀ ਭਾਸ਼ਾ ਨਾਲ ਅਪਣੱਤ ਦੀ ਥੁੜ ਹੈ, ਪਰ ਕਿਉਂਕਿ ਆਪਣੇ ਇਸ ਲੇਖ ਵਿਚ ਮੈਂ ਆਪਣਾ ਧਿਆਨ ਕੇਵਲ ਪੰਜਾਬ ਦੀ ਰਾਜ-ਭਾਸ਼ਾ, ਪੰਜਾਬੀ ਪ੍ਰਤਿ ਪੰਜਾਬ ਸਰਕਾਰ ਦੇ ਰਵੱਈਏ ਉੱਤੇ ਕੇਂਦ੍ਰਿਤ ਕਰਨਾ ਹੈ, ਇਸ ਲਈ ਮੈਂ ਸਰਕਾਰ ਦੇ ਰਵੱਈਏ ਨੂੰ ਨਿਸਚਿਤ ਕਰਨ ਵਾਲੇ ਕਾਰਨਾਂ ਨੂੰ ਨਿਖੇੜਨ ਵੱਲ ਨਹੀਂ ਪੈਣਾ ਚਾਹੁੰਦਾ। ਏਥੇ ਮੈਂ ਏਨਾ ਕਹਿਣਾ ਹੀ ਠੀਕ ਸਮਝਦਾ ਹਾਂ ਕਿ ਪੰਜਾਬ ਸਰਕਾਰ ਦੇ ਬਹੁਤੇ ਮੰਤਰੀਆਂ, ਖ਼ਾਸ ਕਰਕੇ ਅਕਾਲੀ-ਜਨਤਾ ਸਰਕਾਰ ਦੇ ਕੁੱਝ ਮੰਤਰੀਆਂ ਨੂੰ ਤਾਂ ਉੱਕਾ ਹੀ ਸੋਝੀ

WWW.SIKHBOOKCLUB.COM 

ਨਹੀਂ ਸੀ ਕਿ ਆਪਣੀ ਭਾਸ਼ਾ ਵਿਚ ਸਾਰੇ ਸਰਕਾਰੀ ਕਾਰ-ਵਿਹਾਰ ਹੋ ਜਾਣ ਦੀ ਕੀ ਅਹਿਮੀਅਤ ਹੁੰਦੀ ਹੈ, ਇਸ ਲਈ ਕੁੱਝ ਆਪਣੇ ਹੀਣ-ਭਾਵ ਦੇ ਭਜਾਏ ਤੇ ਕੁੱਝ ਨੌਕਰਸ਼ਾਹੀ ਦੇ ਭੁੱਲੜ ਤੇ ਭੁਲਾਵੇਂ ਪ੍ਰਭਾਵ ਹੇਠ, ਉਨ੍ਹਾਂ ਨੇ, ਦਿਮਾਗੀ ਤੌਰ ਉੱਤੇ, ਅੰਗਰੇਜ਼ੀ ਦਾ ਛੱਪਾ ਪਰਵਾਨ ਕੀਤਾ ਹੋਇਆ ਸੀ। ਉਹ ਅੰਗਰੇਜ਼ੀ ਨੂੰ ਗੌਰਵ, ਰੁਅਬ-ਦਾਬ ਤੇ ਵਿਚਾਰ-ਪ੍ਰਗਟਾਵੇ ਵਿਚ ਕੁਸ਼ਲਤਾ ਨਾਲ ਜੋੜ ਬੈਠੇ। ਨਤੀਜੇ ਵੱਜੋਂ, ਪੰਜਾਬੀ ਬਾਰੇ ਅਕਾਲੀ-ਜਨਤਾ ਗਠਜੋੜ ਦੇ ਪ੍ਰਧਾਨ-ਭਾਈਵਾਲਾਂ ਦੀ ਬੇਸਮਝੀ ਤੇ ਲਾਪ੍ਰਵਾਹੀ ਅਤੇ ਗੌਣ ਭਾਈਵਾਲਾਂ ਦੇ ਸਮਝੇ-ਬੁੱਝੇ ਪਰ ਗੁੱਝੇ ਵਿਰੋਧ ਨੇ, ਪੰਜਾਬੀ ਦੀ ਗਤੀ ਨੂੰ ਕਿਤੇ ਬਿਲਕੁਲ ਜਾਮ ਕਰ ਦਿੱਤਾ ਤੇ ਕਿਤੇ ਪਿੱਛਲ-ਪੈਰੀਂ ਪਾ ਦਿੱਤਾ। ਸਪਸ਼ਟ ਹੈ ਕਿ ਇਸ ਤਰ੍ਹਾਂ ਕਦੀ ਵੀ ਨਾ ਹੋ ਸਕਦਾ ਜੇ ਪੰਜਾਬ ਦੇ ਪੰਜਾਬੀ-ਬੋਲਦੇ ਲੋਕਾਂ ਨੇ ਆਪਣੇ ਇਤਿਹਾਸ ਵਿਚ ਆਪਣੀ ਭਾਸ਼ਾ ਨੂੰ ਕੌਮੀਅਤੀ ਪੱਧਰ ਦੇ ਕਿਸੇ ਸਾਂਝੇ ਸੰਘਰਸ਼ ਦਾ ਸਾਂਝਾ ਸਾਧਨ ਤੇ ਵਾਹਣ ਬਣਾਇਆ ਹੁੰਦਾ। ਕੌਮੀਅਤ ਦੀ ਭਾਵਨਾ ਦੀ ਉਸਾਰੀ ਵਿਚ ਸਾਂਝੀ ਭਾਸ਼ਾ ਇਕ ਬਲਵਾਨ ਸੰਦ ਦਾ ਕੰਮ ਕਰਦੀ ਹੈ। ਇਸ ਕੌਮੀਅਤੀ ਸੰਦ ਨੂੰ ਤਗੜਾ ਕਰਨਾ ਹਰ ਜਮਹੂਰੀ ਸਰਕਾਰ ਦਾ ਫ਼ਰਜ਼ ਹੁੰਦਾ ਹੈ, ਪਰ ਜਦੋਂ ਪੰਜਾਬ ਦੀ ਹਰ ਸਰਕਾਰ, ਪੰਜਾਬ ਦੇ ਲੋਕਾਂ ਵਿਚ ਪੰਜਾਬੀ ਕੌਮੀਅਤ ਦੀ ਭਾਵਨਾ ਉਪਜਾਉਣ ਵਾਲੇ ਇਸ ਬਲਵਾਨ ਸੰਦ ਨੂੰ ਖੁੰਡਾ ਕਰਨ ਵੱਲ ਤੁਰ ਪਏ, ਤਾਂ ਪੰਜਾਬ, ਪੰਜਾਬੀ ਭਾਸ਼ਾ ਤੇ ਪੰਜਾਬੀਪੁਣੇ ਤੇ ਪੰਜਾਬੀ ਲੋਕਾਂ ਦੇ ਹਿਤੈਸ਼ੀਆਂ ਨੂੰ ਖ਼ਬਰਦਾਰ ਹੋ ਜਾਣਾ ਚਾਹੀਦਾ ਹੈ। ਏਥੇ ਅਸੀਂ, ਨਮੂਨੇ ਵਜੋਂ, ਕੁੱਝ ਸਰਕਾਰੀ ਕੀਤੀਆਂ ਤੇ ਅਣਕੀਤੀਆਂ ਦਾ ਵੇਰਵਾ ਦੇਂਦੇ ਹਾਂ, ਜਿਨ੍ਹਾਂ ਤੋਂ ਅਨੁਮਾਨ ਲਗ ਸਕਦਾ ਹੈ ਕਿ ਸਾਡੀਆਂ ਆਪਣੀਆਂ ਸਹੇੜੀਆਂ ਸਰਕਾਰਾਂ ਤੇ ਸਾਡੇ ਆਪਣੇ ਛੋਟੇ-ਵੱਡੇ ਤਨਖ਼ਾਹਦਾਰ ਅਹਿਲਕਾਰ, ਭਾਸ਼ਾ ਦੇ ਪੱਖੋਂ, ਸਾਡੀ ਕਿਸ ਤਰ੍ਹਾਂ ਦੀ ਸੇਵਾ ਕਰਦੇ ਹਨ :

(ੳ) ਪੰਜਾਬ ਰਾਜ-ਭਾਸ਼ਾ ਐਕਟ, 1967, ਜਿਵੇਂ ਕਿ ਅੱਗੇ ਦੱਸਿਆ ਜਾ ਚੁੱਕਾ ਹੈ, 1968 ਵਿਚ ਪੂਰੀ ਤਰ੍ਹਾਂ ਲਾਗੂ ਹੋ ਗਿਆ ਸੀ। ਹਰ ਐਕਟ ਵਾਂਗ, ਇਸ ਐਕਟ ਦੇ ਵੀ, ਨਿਯਮ-ਉਪਨਿਯਮ ਤਿਆਰ ਕੀਤੇ ਜਾਣੇ ਸਨ, ਪਰ ਸਰਕਾਰ ਦੇ ਕਿਸੇ ਅਧਿਕਾਰੀ ਜਾਂ ਕਰਮਚਾਰੀ ਨੂੰ ਇਸ ਦਾ ਚਿਤ-ਚੇਤਾ ਹੀ ਨਹੀਂ ਹੈ, ਹਾਲਾਂਕਿ ਇਨ੍ਹਾਂ ਤੋਂ ਹੀ ਨਿਸਚਿਤ ਹੋਣਾ ਸੀ ਕਿ ਐਕਟ ਦਾ ਉਲੰਘਣ ਕਰਨ ਵਾਲੇ ਨੂੰ ਕੀ ਸਜ਼ਾ ਮਿਲੇਗੀ। ਸੱਚੀ ਗੱਲ ਇਹ ਹੈ ਕਿ ਉੱਪਰਲੀਆਂ ਕੁਰਸੀਆਂ ਵਾਲੇ ਆਪ ਹੀ ਐਕਟ ਦਾ ਉਲੰਘਣ ਕਰਦੇ ਸਨ, ਇਸ ਲਈ ਉਹ ਸਜ਼ਾ ਦੀ ਗੱਲ ਕਿਹੜੇ ਮੂੰਹ ਨਾਲ ਕਰਦੇ ? ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਨਿਯਮਾਂ ਦੀ ਘਾੜਤ ਭੁਲੇਖੇ ਨਾਲ ਹੀ ਰਹਿ ਗਈ ਹੈ, ਇਸ ਦੇ ਪਿੱਛੇ ਕੋਈ ਗਿਣੀ-ਮਿੱਥੀ ਸਾਜ਼ਿਸ਼ ਨਹੀਂ ਹੈ, ਪਰ ਮੈਂ ਜਾਣਨਾ ਚਾਹੁੰਦਾ ਹਾਂ ਕਿ ਅਗਲੇ ਪੈਰੇ ਵਿਚ ਦੱਸੀ ਗੱਲ ਕਿਸੇ 'ਉਕਾਈ' ਦਾ ਨਤੀਜਾ ਹੈ ਕਿ ਸੋਚੀ-ਵਿਚਾਰੀ ਵਿਉਂਤ ਦਾ ?

(ਅ) ਸ. ਲਛਮਣ ਸਿੰਘ ਗਿੱਲ ਦੇ ਵੇਲੇ ਤੋਂ ਹੀ, ਸਰਕਾਰੀ ਕਰਮਚਾਰੀਆਂ ਦੀ ਅੰਗਰੇਜ਼ੀ-ਨਵਾਜ਼ ਰੁਚੀ ਉੱਤੇ ਕੁੰਡਾ ਰੱਖਣ ਲਈ, ਭਾਸ਼ਾ ਵਿਭਾਗ, ਪੰਜਾਬ ਨੂੰ ਸਰਕਾਰੀ ਦਫ਼ਤਰਾਂ ਵਿਚ ਛਾਪੇ ਮਾਰਨ ਦਾ ਅਧਿਕਾਰ ਮਿਲਿਆ ਹੋਇਆ ਸੀ। ਵਿਭਾਗ ਦੇ ਅਫ਼ਸਰ ਆਪ ਜਾ ਕੇ, ਕਦੀ ਕਿਸੇ ਦਫ਼ਤਰ ਦੀ ਡਾਕ ਦੀ ਪੜਤਾਲ ਕਰਿਆ ਕਰਦੇ ਸਨ, ਕਦੀ ਕਿਸੇ ਦੀ। ਪੰਜਾਬ ਰਾਜ-ਭਾਸ਼ਾ ਐਕਟ ਨੂੰ ਉਲੰਘ ਕੇ, ਅੰਗਰੇਜ਼ੀ ਵਰਤਣ ਵਾਲਿਆਂ ਦੀ ਰਪੋਟ, ਸੂਚਨਾ ਤੇ ਅਗਲੇਰੀ ਕਾਰਵਾਈ ਲਈ, ਸਰਕਾਰ ਨੂੰ ਭੇਜੀ ਜਾਇਆ ਕਰਦੀ ਸੀ। ਲੇਖਕ ਨੂੰ, [illegible] ਉੱਤੇ ਪਤਾ ਹੈ ਕਿ ਵੱਡੇ ਵੱਡੇ ਅਫ਼ਸਰ ਇਸ ਛਾਪੇ ਤੋਂ ਡਰਿਆ ਕਰਦੇ ਸਨ। ਅਕਾਲੀ-ਜਨਤਾ ਸਰਕਾਰ ਨੇ, ਆਪਣੇ ਅਫ਼ਸਰਾਂ ਦੇ

WWW.SIKHBOOKCLUB.COM Page 86

ਕਹਿਣ-ਕਹਾਉਣ ਉੱਤੇ ਜਾਂ ਉਨ੍ਹਾਂ ਨੂੰ ਖ਼ੁਸ਼ ਕਰਨ ਲਈ, ਭਾਸ਼ਾ ਵਿਭਾਗ ਪਾਸੋਂ, ਅਚਾਨਕ ਛਾਪਾ ਮਾਰਨ ਦਾ ਅਧਿਕਾਰ ਖੋਹ ਲਿਆ। ਹੁਣ, ਜਿਸ ਅਫ਼ਸਰ ਦੇ ਦਫ਼ਤਰ ਦੀ ਪੜਤਾਲ ਕਰਨੀ ਹੋਵੇ, ਉਸ ਨੂੰ ਭਾਸ਼ਾ ਵਿਭਾਗ ਅਗਾਊਂ ਲਿਖ ਕੇ ਭੇਜਦਾ ਹੈ ਕਿ ਅਸੀਂ ਫ਼ਲਾਣੇ ਦਿਨ ਪੜਤਾਲ ਲਈ ਛਾਪਾ ਮਾਰਨਾ ਚਾਹੁੰਦੇ ਹਾਂ, ਜੇ ਆਗਿਆ ਹੋਵੇ ਤਾਂ ਮਾਰ ਲਈਏ ? ਅੱਗੋਂ, ਜਿੰਨਾ ਚਿਰ ਅਫ਼ਸਰ ਹਰੀ ਝੰਡੀ ਨਾ ਵਿਖਾਏ, ਭਾਸ਼ਾ ਵਿਭਾਗ ਉਧਰ ਮੂੰਹ ਨਹੀਂ ਕਰ ਸਕਦਾ। ਪੰਜਾਬੀ ਦੀ ਵਰਤੋਂ ਵਿਚ ਸੰਕੋਚ ਵਰਤਣ ਵਾਲੇ ਦੋਸ਼ੀ ਅਫ਼ਸਰਾਂ ਦੀ ਸਹੂਲਤ ਲਈ ਛਾਪੇ ਤੇ ਪੜਤਾਲ ਦੇ ਇਸ ਨਵੇਂ ਸੰਕਲਪ ਦੀ ਕਾਢ ਲਈ, ਕੀ ਸ. ਪ੍ਰਕਾਸ਼ ਸਿੰਘ ਬਾਦਲ ਦੀ ਭੰਗ-ਹੋ-ਚੁੱਕੀ ਸਰਕਾਰ, ਸਾਰੇ ਪੰਜਾਬੀਆਂ ਦੀ ਨਿੱਘੀ ਵਧਾਈ ਦੀ ਪਾਤਰ ਨਹੀਂ ਹੈ ? ਜੇ ਅਸੀਂ ਇਸ ਤੋਂ ਇਹ ਨਤੀਜਾ ਕੱਢ ਲਈਏ ਕਿ ਇਹ ਆਦੇਸ਼ ਉਸ ਵਿਆਪਕ ਪੰਜਾਬੀ-ਵਿਰੋਧੀ ਚਾਲ ਦਾ ਇਕ ਪ੍ਰਗਟਾਵਾ ਹੈ, ਜੋ ਪੰਜਾਬ ਸਰਕਾਰ ਦੇ ਸਕੱਤਰੇਤ ਵਿਚ ਜ਼ੋਰ-ਸ਼ੋਰ ਨਾਲ ਕਾਰਜਸ਼ੀਲ ਹੈ, ਤਾਂ ਠੀਕ ਹੀ ਹੋਵੇਗਾ।

(ੲ) ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਨੇ ਆਪਣੇ ਮੁਖ ਇਮਤਿਹਾਨਾਂ ਦੇ ਪਰਚੇ ਭਾਰਤ ਦੀ ਹਰ ਮਾਨਤਾ-ਪ੍ਰਾਪਤ ਰਾਜ-ਭਾਸ਼ਾ ਵਿਚ ਹੱਲ ਕਰਨ ਦੀ ਖੁੱਲ੍ਹ ਦਿੱਤੀ ਹੋਈ ਹੈ। ਪੰਜਾਬੀ ਜਾਣਦਾ ਕੋਈ ਵੀ ਉਮੀਦਵਾਰ ਆਪਣੇ ਪਰਚੇ ਪੰਜਾਬੀ ਵਿਚ ਕਰ ਕੇ ਆਈ.ਏ.ਐਸ., ਆਈ.ਐਫ.ਐਸ. ਜਾਂ ਆਈ.ਪੀ.ਐਸ. ਵਿਚ ਭਰਤੀ ਹੋ ਸਕਦਾ ਹੈ, ਪਰ ਸਿਤਮ-ਜ਼ਰੀਫ਼ੀ ਵੇਖੋ ਕਿ ਇਸ ਲੇਖ ਦੇ ਲਿਖੇ ਜਾਣ ਤਕ ਕਿਸੇ ਉਮੀਦਵਾਰ ਨੂੰ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਵੱਲੋਂ ਲਏ ਜਾਣ ਵਾਲੇ ਕਿਸੇ ਇਮਤਿਹਾਨ ਦੇ ਪਰਚੇ, ਪੰਜਾਬੀ ਮਾਧਿਅਮ ਰਾਹੀਂ ਦੇਣ ਦੀ ਖੁੱਲ੍ਹ ਨਹੀਂ ਹੈ। ਵੱਡੀ ਹੈਰਾਨੀ ਦੀ ਗੱਲ ਇਹ ਹੈ ਕਿ ਖ਼ੁਦ ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਸਰਬ-ਸੰਮਤੀ ਨਾਲ, ਅੰਗਰੇਜ਼ੀ ਮਾਧਿਅਮ ਦੇ ਨਾਲ ਪੰਜਾਬੀ ਮਾਧਿਅਮ ਚਾਲੂ ਕਰਨ ਦੀ ਆਗਿਆ ਦੇਣ ਲਈ ਪੰਜਾਬ ਸਰਕਾਰ ਨੂੰ 1972 ਤੋਂ ਲਿਖਦਾ ਆ ਰਿਹਾ ਹੈ, ਪਰ ਅਜੇ ਤਕ ਸਰਕਾਰ ਨੇ ਹਾਮੀ ਨਹੀਂ ਭਰੀ। ਕਮਿਸ਼ਨ ਦੇ ਇਕ ਰਹਿ ਚੁੱਕੇ ਪ੍ਰਧਾਨ, ਗਿਆਨੀ ਲਾਲ ਸਿੰਘ ਹੁਰਾਂ ਦੀ ਦੱਸ ਅਨੁਸਾਰ, ਗਿਆਨੀ ਜ਼ੈਲ ਸਿੰਘ ਵੇਲੇ ਇਸ ਮਦ ਨੂੰ ਤਿੰਨ ਵਾਰੀ ਮੰਤਰੀ-ਮੰਡਲ ਦੇ ਏਜੰਡੇ ਵਿਚ ਵੀ ਰੱਖਿਆ ਗਿਆ ਸੀ, ਪਰ ਉਹ ਇਸ ਨੂੰ ਆਪਣੇ ਸਾਥੀਆਂ ਪਾਸੋਂ ਪਾਸ ਕਰਾਉਣ ਵਿਚ ਅਸਫਲ ਰਹੇ। ਅਕਾਲੀ-ਜਨਤਾ ਸਰਕਾਰ ਵੇਲੇ ਤਾਂ ਕਮਿਸ਼ਨ ਦੀ ਉਪਰੋਕਤ ਸਿਫ਼ਾਰਸ਼ ਦੇ ਮੰਨੇ ਜਾਣ ਦੀ ਸੰਭਾਵਨਾ ਵੈਸੇ ਹੀ ਬੜੀ ਘੱਟ ਸੀ। ਸੋ ਉਮੀਦਵਾਰਾਂ ਦੇ ਹਿੱਤਾਂ ਦੀ ਬਲੀ ਦੇ ਕੇ, ਆਪਣੀ ਪਾਰਟੀ ਦੀ ਪ੍ਰਗਟ ਨੀਤੀ ਦੇ ਵਿਰੁੱਧ ਤੇ ਪਬਲਿਕ ਸਰਵਿਸ ਕਮਿਸ਼ਨ ਦੇ ਨਾ ਚਾਹੁਣ ਦੇ ਬਾਵਜੂਦ, ਪੰਜਾਬ ਦੇ ਇਸ ਕਮਿਸ਼ਨ ਵੱਲੋਂ ਲਏ ਜਾਂਦੇ ਇਮਤਿਹਾਨਾਂ ਦਾ ਮਾਧਿਅਮ, ਕੇਵਲ ਅੰਗਰੇਜ਼ੀ ਹੈ।[1]

---

1. ਇਸੇ ਸਾਲ (1980 ਵਿਚ ਹੀ) ਪੰਜਾਬ ਸਰਕਾਰ ਦੇ ਕੰਨ ਉੱਤੇ ਜੂੰਆਂ ਦੇ ਸਰਕਣ ਦੀ ਇਕ ਛੋਟੀ ਜਿਹੀ ਖ਼ੁਸ਼ਖ਼ਬਰੀ ਮਿਲੀ ਹੈ, ਜੋ ਸਰੋਤਿਆਂ ਨਾਲ ਸਾਂਝੀ ਕਰਨੀ ਜ਼ਰੂਰੀ ਹੈ। ਅੰਗਰੇਜ਼ੀ ਵਿਚ ਜਾਰੀ ਕੀਤੇ ਇਸ ਪੱਤਰ ਦੇ ਨਾਲ ਪੰਜਾਬੀ ਮਾਧਿਅਮ ਵਿਚ ਇਮਤਿਹਾਨ ਦੇਣ ਦੀ ਖੁੱਲ੍ਹ ਦੇ ਦਿੱਤੀ ਗਈ ਹੈ। ਇਸ ਪੱਤਰ ਦੀ ਨਕਲ ਥੱਲੇ ਦਿੱਤੀ ਜਾ ਰਹੀ ਹੈ:

Copy of Punjab Government circular letter No. 10/27/79-GE/10582, dated 19th September 1980 from the Department of Personal and Administrative Reforms, addressed to all Heads of Department etc. etc.

Subject : Use of State Language as medium in addition to English

WWW.SIKHBOOKCLUB.COM

(ਸ) ਕਈ ਵਰ੍ਹੇ ਹੋਏ, ਭਾਰਤ ਸਰਕਾਰ ਵੱਲੋਂ ਭਾਰਤ ਦੀਆਂ ਵੱਖ ਵੱਖ ਰਾਜ-ਭਾਸ਼ਾਵਾਂ ਵਿਚ ਤਿਆਰ ਹੋਣ ਵਾਲੇ ਕਾਨੂੰਨਾਂ ਦੀ ਭਾਸ਼ਾ ਪ੍ਰਮਾਣਿਕਤਾ ਕਾਇਮ ਕਰਨ ਤੇ ਐਕਟਾਂ, ਆਦਿ ਦੇ ਪ੍ਰਮਾਣਿਕ ਅਨੁਵਾਦ ਲਈ, ਹਰ ਰਾਜ-ਸਰਕਾਰ ਨੂੰ, ਕੇਂਦਰੀ ਸਰਕਾਰ ਦੇ ਖ਼ਰਚ ਉੱਤੇ ਕਾਨੂੰਨ ਨਾਲ ਸੰਬੰਧਿਤ ਭਾਸ਼ਾ-ਕਮਿਸ਼ਨ ਨਿਯੁਕਤ ਕਰਨ ਦੀ ਹਦਾਇਤ ਕੀਤੀ ਗਈ ਸੀ। ਇਸ ਯੋਜਨਾ ਦੇ ਅਧੀਨ ਕਈ ਵਰ੍ਹੇ ਹੋਏ, ਪੰਜਾਬ ਵਿਚ ਵੀ, ਉੱਚ ਯੋਗਤਾਵਾਂ ਵਾਲਾ ਇਕ ਅਧਿਕਾਰੀ ਕਮਿਸ਼ਨ ਮੁਕੱਰਰ ਕੀਤਾ ਗਿਆ ਸੀ ਪਰ ਇਸ ਲੇਖਕ ਨੂੰ ਦੱਸਿਆ ਗਿਆ ਹੈ ਕਿ ਇਸ ਦਾ ਤਕਰੀਬਨ ਸਾਰਾ ਅਮਲਾ ਨਿਕੰਮਾ ਬੈਠਣ ਉੱਤੇ ਮਜਬੂਰ ਕਰ ਦਿੱਤਾ ਗਿਆ ਹੈ। ਇਹ ਵੀ ਦੱਸਿਆ ਗਿਆ ਹੈ ਕਿ ਇਹ ਕੰਮ ਅਕਾਲੀ-ਜਨਤਾ ਸਰਕਾਰ ਦੇ ਜਿਸ ਵਜ਼ੀਰ ਦੇ ਅਧਿਕਾਰ-ਖੇਤਰ ਵਿਚ ਪੈਂਦਾ ਸੀ, ਉਹ ਜਨਤਾ ਪਾਰਟੀ ਨਾਲ ਸੰਬੰਧਿਤ ਸੀ ਤੇ ਉਸ ਨੂੰ ਪੰਜਾਬ ਵਿਚ ਪੰਜਾਬੀ ਦਾ ਵਾਧਾ ਸੁਖਾਉਂਦਾ ਨਹੀਂ ਸੀ ਤੇ ਅਕਾਲੀ ਪਾਰਟੀ ਨਾਲ ਸੰਬੰਧਿਤ ਚੀਫ਼ ਮਿਨਿਸਟਰ ਉਸ ਦੀ ਨਰਾਜ਼ਗੀ ਸਹੇੜਨ ਨਾਲੋਂ ਪੰਜਾਬੀ ਦਾ ਨੁਕਸਾਨ ਝੱਲਣ ਨੂੰ ਵਧੇਰੇ ਸੁਖਦਾਈ ਸਮਝਦਾ ਸੀ। ਇਸੇ ਲਈ, ਜਾਣਕਾਰ ਸੂਤਰਾਂ ਅਨੁਸਾਰ, ਜਿੱਥੇ ਪੰਜਾਬ ਨੇ ਮਸਾਂ 25 ਜਾਂ 30 ਐਕਟ ਪੰਜਾਬੀ ਵਿਚ ਪਰਤਾਏ ਹੋਣਗੇ, ਓਥੇ ਮਲਿਆਲੀ ਤੇ ਗੁਜਰਾਤੀ ਵਰਗੀਆਂ ਭਾਸ਼ਾਵਾਂ ਵਿਚ ਸੈਂਕੜੇ ਐਕਟ ਪਰਤਾਏ ਜਾ ਚੁੱਕੇ ਹਨ।

(ਹ) ਪੰਜਾਬ ਸਰਕਾਰ ਨੇ ਆਪਣੀ ਸਿੱਧੀ ਸਿਰ-ਦਰਦੀ ਘਟਾਉਣ ਤੇ ਕੰਮ ਦੇ ਭੁਗਤਾਨ

---

in competitive examinations held by the Punjab Public Service Commission. I am directed to refer to your letter No. P&G/24/72/9926, dated the 12th April, 1972, on the subject noted above and to say that the proposal of the Punjab Public Service Commission for allowing the use of Punjabi language for answering papers (excepting the Language paper) in addition to English in the competitive examinations has remained under consideration of the Government. The position obtaining in respect of the competitive examinations held by the Union Public Service Commission and in other States has been examined and the views of various concerned State Government Departments taken into consideration. After careful consideration of all aspects of the matter Government has now decided that in future the candidates may be given the option to answer all question papers, excepting the language paper, in Punjabi medium in addition to the medium of English, in the competitive examinations being held by the Punjab Public Service Commission. You are, therefore, requested that further necessary action in accord with the decision of Government may be taken and it may be ensured that in future the candidates appearing in competitive examinations be afforded the opportunity to answer the Question Papers (except the language paper) in Punjabi medium in addition to English medium.

2. The minor expenditure on account of setting of Question Papers and getting them printed in Punjabi in addition to English etc. may be met out of the sanctioned budget grant of the Punjab Public Service Commission.

3. The receipt of this communication may also please be acknowledged.

WWW.SIKHBOOKCLUB.COM 

ਨੂੰ ਵਧੇਰੇ ਅਸਰਦਾਰ ਬਣਾਉਣ ਲਈ ਕਈ ਅਰਧ-ਸਰਕਾਰੀ ਕਾਰਪੋਰੇਸ਼ਨਾਂ, ਬੋਰਡ ਤੇ ਕੰਪਨੀਆਂ, ਆਦਿ ਬਣਾਈਆਂ ਹੋਈਆਂ ਹਨ। ਇਨ੍ਹਾਂ ਵਿੱਚੋਂ ਕੁੱਝ ਦਾ ਅਰਬਾਂ ਰੁਪੈ ਦਾ ਵਹੀ-ਖਾਤਾ ਹੈ। ਹਜ਼ਾਰਾਂ ਬੰਦੇ ਇਨ੍ਹਾਂ ਦੇ ਮੁਲਾਜ਼ਮ ਹਨ ਤੇ ਇਨ੍ਹਾਂ ਦੇ ਦਫ਼ਤਰਾਂ ਤੋਂ ਹਰ ਰੋਜ਼ ਹਜ਼ਾਰਾਂ ਹੀ ਚਿੱਠੀਆਂ ਪੰਜਾਬ ਦੇ ਅੰਦਰ ਤੇ ਬਾਹਰ ਜਾਂਦੀਆਂ ਹਨ। ਇਨ੍ਹਾਂ ਵਿੱਚੋਂ ਕੁੱਝ ਦੇ ਨਾਂ ਹਨ: ਦ ਪੰਜਾਬ ਸਟੇਟ ਕੋਆਪਰੇਟਿਵ ਸਪਲਾਈ ਐਂਡ ਮਾਰਕਿਟਿੰਗ ਫੈਡਰੇਸ਼ਨ (ਮਾਰਕਫੈੱਡ), ਪੰਜਾਬ ਸਟੇਟ ਇਲੈਕਟ੍ਰਿਸਿਟੀ ਬੋਰਡ, ਪੰਜਾਬ ਵਾਟਰ ਐਂਡ ਸੀਵਰੇਜ ਬੋਰਡ, ਦ ਪੰਜਾਬ ਸਟੇਟ ਐਗਰੀਕਲਚਰ ਮਾਰਕਿਟਿੰਗ ਬੋਰਡ, ਦ ਪੰਜਾਬ ਸਟੇਟ ਸੀਡਜ਼ ਕਾਰਪੋਰੇਸ਼ਨ, ਦ ਪੰਜਾਬ ਪੋਲਟਰੀ ਡੀਵੈਲਪਮੈਂਟ ਕਾਰਪੋਰੇਸ਼ਨ, ਦ ਪੰਜਾਬ ਡੇਅਰੀ ਡੀਵੈਲਪਮੈਂਟ ਕਾਰਪੋਰੇਸ਼ਨ, ਦ ਪੰਜਾਬ ਸਟੇਟ ਇੰਡਸਟਰੀਅਲ ਡੀਵੈਲਪਮੈਂਟ ਕਾਰਪੋਰੇਸ਼ਨ, ਪੰਜਾਬ ਹਾਊਸਿੰਗ ਡੀਵੈਲਪਮੈਂਟ ਬੋਰਡ, ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ, ਪੰਜਾਬ ਸਟੇਟ ਹੌਜ਼ਰੀ ਐਂਡ ਨਿਟਵੇਅਰ ਡੀਵੈਲਪਮੈਂਟ ਕਾਰਪੋਰੇਸ਼ਨ, ਆਦਿ। ਇਹ ਤੇ ਇਸ ਤਰ੍ਹਾਂ ਦੀਆਂ ਹੋਰ ਬਹੁਤ ਸੰਸਥਾਵਾਂ ਪੰਜਾਬ ਸਰਕਾਰ ਦੀਆਂ ਆਪਣੀਆਂ ਖੜੀਆਂ ਕੀਤੀਆਂ ਹੋਈਆਂ ਹਨ, ਇਸ ਲਈ ਇਨ੍ਹਾਂ ਵਿੱਚੋਂ ਕਿਸੇ ਸੰਸਥਾ ਦਾ ਪੰਜਾਬ ਸਰਕਾਰ ਦੀ ਕਿਸੇ ਬੁਨਿਆਦੀ ਨੀਤੀ ਦੇ ਵਿਰੁੱਧ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੋਣਾ ਚਾਹੀਦਾ, ਪਰ ਸਾਡੀ ਪੜਤਾਲ ਅਨੁਸਾਰ, ਇਨ੍ਹਾਂ ਵਿੱਚੋਂ ਇਕ ਵੀ ਸੰਸਥਾ ਐਸੀ ਨਹੀਂ ਹੈ, ਜੋ ਦਫ਼ਤਰੀ ਭਾਸ਼ਾ ਬਾਰੇ ਪੰਜਾਬ ਸਰਕਾਰ ਦੀ ਘੋਸ਼ਿਤ ਨੀਤੀ ਉੱਤੇ ਅਮਲ ਕਰ ਰਹੀ ਹੋਵੇ, ਬਲਕਿ ਕਈਆਂ ਦਾ ਤਾਂ ਸਾਰੇ ਦਾ ਸਾਰਾ ਕੰਮ ਹੀ ਅੰਗਰੇਜ਼ੀ ਵਿਚ ਹੁੰਦਾ ਹੈ। ਬਾਹਰਲਿਆਂ ਨਾਲ ਅੰਗਰੇਜ਼ੀ ਵਿਚ ਲਿਖਾ-ਪੜ੍ਹੀ ਕਰਨੀ ਹੈ ਕਿ ਹਿੰਦੀ ਵਿਚ, ਇਸ ਬਾਰੇ ਤਾਂ ਉਨ੍ਹਾਂ ਦੀਆਂ ਵਪਾਰਕ ਲੋੜਾਂ ਹੀ ਨਿਰਣਾ ਕਰ ਸਕਦੀਆਂ ਹਨ, ਪਰ ਪੰਜਾਬ ਦੀ ਅੰਦਰਲੀ ਲਿਖਾ-ਪੜ੍ਹੀ ਲਈ ਅੰਗਰੇਜ਼ੀ ਨੂੰ ਚਾਲੂ ਰੱਖੀ ਰੱਖਣਾ, ਕਿਸੇ ਪੱਖੋਂ ਵੀ ਜਾਇਜ਼ ਨਹੀਂ ਹੈ। ਮੈਨੂੰ ਉੱਕਾ ਕੋਈ ਭੁਲੇਖਾ ਨਹੀਂ ਕਿ ਜੇ ਵਜ਼ੀਰ-ਮੰਡਲੀ ਚੌਕਸ ਹੁੰਦੀ ਤਾਂ ਅਫ਼ਸਰਾਂ ਨੇ ਆਪਣੇ ਆਪ ਚੁਕੰਨੇ ਹੋ ਜਾਣਾ ਸੀ ਤੇ ਜੇ ਅਫ਼ਸਰ ਚੁਕੰਨੇ ਹੁੰਦੇ ਤਾਂ ਮਾਤਹਿਤਾਂ ਨੂੰ ਕਿਵੇਂ ਕੰਨ ਨਾ ਹੁੰਦੇ ? ਇਨ੍ਹਾਂ ਸੰਸਥਾਵਾਂ ਵਿੱਚੋਂ ਕਿਸੇ ਨੂੰ ਵੀ ਪੰਜਾਬ ਰਾਜ-ਭਾਸ਼ਾ ਐਕਟ, 1967 ਦੀ ਮਨਸ਼ਾ ਦੇ ਉਲਟ ਜਾਣ ਦਾ ਹੌਸਲਾ ਨਹੀਂ ਸੀ ਪੈਣਾ, ਪਰ ਪੰਜਾਬ ਸਰਕਾਰ ਨੇ ਆਪਣੇ ਕਰਮਚਾਰੀਆਂ ਉੱਤੇ ਆਪਣੀ ਦਿਆਲਤਾ ਪ੍ਰਗਟਾਉਣ ਦਾ ਇੱਕੋ ਢੰਗ ਵਰਤਾਇਆ ਪ੍ਰਤੀਤ ਹੁੰਦਾ ਹੈ ਤੇ ਉਹ ਹੈ ਪੰਜਾਬ ਰਾਜ-ਭਾਸ਼ਾ ਐਕਟ ਨੂੰ ਉਲੰਘਣ ਵਾਲਿਆਂ ਦਿਆਂ ਦੋਸ਼ਾਂ ਨੂੰ ਵੇਖ ਕੇ ਅਣਡਿੱਠ ਕਰੀ ਜਾਣਾ।

(ਕ) ਪੰਜਾਬ ਸਕੂਲ ਐਜੂਕੇਸ਼ਨ ਬੋਰਡ ਤੇ ਪੰਜਾਬ ਦੀਆਂ ਯੂਨੀਵਰਸਿਟੀਆਂ—ਪੰਜਾਬ ਖੇਤੀ-ਬਾੜੀ ਯੂਨੀਵਰਸਿਟੀ, ਲੁਧਿਆਣਾ; ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਉਪਰੋਕਤ ਅਰਧ-ਸਰਕਾਰੀ ਸੰਸਥਾਵਾਂ ਤੋਂ ਪ੍ਰਕਾਰਕ ਤੌਰ ਉੱਤੇ ਵੱਖ ਤਰ੍ਹਾਂ ਦੀਆਂ ਸੰਸਥਾਵਾਂ ਮੰਨਣੀਆਂ ਚਾਹੀਦੀਆਂ ਹਨ, ਕਿਉਂਕਿ ਇਨ੍ਹਾਂ ਨੇ ਪੰਜਾਬ ਤੇ ਪੰਜਾਬ ਤੋਂ ਬਾਹਰ ਦੀਆਂ ਸਰਕਾਰੀ, ਅਰਧ-ਸਰਕਾਰੀ ਤੇ ਗ਼ੈਰ-ਸਰਕਾਰੀ ਸੰਸਥਾਵਾਂ ਲਈ ਹਰ ਪੱਧਰ ਦਾ ਪ੍ਰਬੰਧਕ ਅਮਲਾ ਹੀ ਤਿਆਰ ਨਹੀਂ ਕਰਨਾ ਹੁੰਦਾ, ਪੰਜਾਬ ਨੂੰ ਸਮਾਜਿਕ, ਆਰਥਿਕ, ਵਿਗਿਆਨਿਕ ਤੇ ਤਕਨੀਕੀ ਖੇਤਰਾਂ ਵਿਚ ਅਗਵਾਈ ਦੇਣ ਵਾਲੇ ਸਿੱਧਾਂਤੀ ਤੇ ਤਕਨੀਕੀ ਵਿਸ਼ੇਸ਼ੱਗ ਵੀ ਉਪਜਾਉਣੇ ਹੁੰਦੇ ਹਨ। ਯੂਨੀਵਰਸਿਟੀਆਂ ਵਿਚ ਪੰਜਾਬ ਦੇ ਇਸ ਬੁੱਧੀਮਾਨ ਵਰਗ ਦੀ ਤਿਆਰੀ ਲਈ, ਪੰਜਾਬੀ ਭਾਸ਼ਾ ਤੋਂ ਕੀ ਸੇਵਾ ਲਈ ਜਾਂਦੀ ਹੈ ? ਸਿੱਖਿਆ-ਕ੍ਰਮ ਵਿਚ ਪੰਜਾਬੀ ਦਾ ਕੀ ਸਥਾਨ ਹੈ ? ਪੰਜਾਬੀ ਦੀ ਮਾਧਿਅਮੀ ਸਮਰੱਥਾ ਵਧਾਉਣ

WWW.SIKHBOOKCLUB.COM

ਲਈ ਕਿਸ ਤਰ੍ਹਾਂ ਦੇ ਬੱਝਵੇਂ ਉੱਦਮ ਛੋਹੇ ਗਏ ਹਨ ? ਇਸ ਤਰ੍ਹਾਂ ਦਾ ਲੇਖਾ-ਜੋਖਾ ਹੋਣਾ ਹੀ ਚਾਹੀਦਾ ਹੈ, ਕਿਉਂਕਿ ਅੰਤਿਮ ਰੂਪ ਵਿਚ, ਇਹ ਸੰਸਥਾਵਾਂ ਸਰਕਾਰ ਦੇ ਆਪਣੇ ਵਿਦਿਅਕ ਦ੍ਰਿਸ਼-ਹੱਦੇ ਦਾ ਪ੍ਰਗਟਾਵਾ ਹੀ ਹੁੰਦੀਆਂ ਹਨ। ਇਨ੍ਹਾਂ ਸਤਰਾਂ ਦੇ ਲੇਖਕ ਨੂੰ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦਾ ਮੈਂਬਰ ਅਤੇ ਪੰਜਾਬ, ਪੰਜਾਬੀ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀਆਂ ਦੀਆਂ ਕਈ ਸਮਿਤੀਆਂ ਦੇ ਮੈਂਬਰ ਰਹਿਣ ਦੇ ਮੌਕੇ ਮਿਲ ਚੁੱਕੇ ਹਨ, ਇਸ ਲਈ, ਇਨ੍ਹਾਂ ਇਦਾਰਿਆਂ ਦੇ ਪੰਜਾਬੀ ਵੱਲ ਰੁਖ਼ ਬਾਰੇ ਵਿਸਤ੍ਰਿਤ ਗੱਲ ਕਰਨੀ ਸੰਭਵ ਹੈ। ਪਰ ਇਨ੍ਹਾਂ ਸੰਸਥਾਵਾਂ ਦੀ ਅਹਿਮੀਅਤ ਦੇ ਸਨਮੁੱਖ ਇਨ੍ਹਾਂ ਬਾਰੇ ਇਕ ਸੁਤੰਤਰ ਲੇਖ ਦੀ ਲੋੜ ਹੈ, ਅਜੇ ਏਨਾ ਇਸ਼ਾਰਾ ਹੀ ਕਾਫ਼ੀ ਹੈ ਕਿ ਪੰਜਾਬ ਯੂਨੀਵਰਸਿਟੀ ਦਾ ਤਕਰੀਬਨ ਸਾਰਾ ਮਾਲੀ ਬੋਝ ਪੰਜਾਬ ਸਰਕਾਰ ਨੂੰ ਸਹਿਣਾ ਪੈਂਦਾ ਹੈ ਪਰ ਪੰਜਾਬੀ ਨੂੰ ਉਸ ਦਫ਼ਤਰ ਦੇ ਲਾਗਿਓਂ ਵੀ ਨਹੀਂ ਲੰਘਣ ਦਿੱਤਾ ਜਾਂਦਾ। ਬਾਕੀ ਦੀਆਂ ਤਿੰਨ ਯੂਨੀਵਰਸਿਟੀਆਂ ਵਿਚ ਪੰਜਾਬੀ ਲਈ ਲਛਮਣ-ਸਿੰਘੀ ਪਕੜ ਜਾਂ ਸ਼ਿੱਦਤ ਦਿਖਾਈ ਨਹੀਂ ਦੇਂਦੀ, ਬਲਕਿ ਇਹ ਦੱਸਣਾ ਬਣਦਾ ਹੈ ਕਿ ਇਨ੍ਹਾਂ ਦੇ ਉੱਚ ਅਧਿਕਾਰੀ, ਪੰਜਾਬੀ ਮਾਧਿਅਮ ਰਾਹੀਂ ਪੰਜਾਬ ਦੇ ਕਲਚਰੀ, ਬੌਧਿਕ ਜਾਂ ਤਕਨੀਕੀ ਕਾਇਆ-ਕਲਪ ਦੇ ਦਿਫੋਂ ਕਾਇਲ ਨਹੀਂ ਹਨ। ਪੰਜਾਬ ਸਰਕਾਰ ਦੇ ਨੁਮਾਇੰਦੇ ਕਿਉਂਕਿ ਸਕੂਲ ਐਜੂਕੇਸ਼ਨ ਬੋਰਡ, ਹਰ ਯੂਨੀਵਰਸਿਟੀ ਦੀ ਸਿੰਡੀਕੇਟ ਤੇ ਸੈਨੇਟ ਵਿਚ ਮੌਜੂਦ ਹਨ, ਇਸ ਲਈ ਜਦੋਂ ਇਹ ਸੰਸਥਾਵਾਂ ਪੰਜਾਬੀ ਬਾਰੇ ਘੇਸ ਮਾਰਨ ਵਾਲੀ ਜਾਂ ਵਿਰੋਧ ਕਰਨ ਵਾਲੀ ਨੀਤੀ ਅਪਣਾਉਂਦੀਆਂ ਹਨ ਤਾਂ ਸਰਕਾਰ ਇਸ ਤੋਂ ਅਵੇਸਲੀ ਨਹੀਂ ਕਹੀ ਜਾ ਸਕਦੀ।

SIKHBOOKCLUB.COM

3

ਸਰਕਾਰੀ ਦਫ਼ਤਰਾਂ ਵਿਚ ਅਣਵਰਤੋਂ ਨਾਲ ਪੰਜਾਬੀ ਨੂੰ ਪਛੜੇਵੇਂ ਵਿਚ ਰੱਖੀ ਰੱਖਣ ਦੀਆਂ ਮਿਸਾਲਾਂ ਤਾਂ ਜਿਸ ਦਫ਼ਤਰ ਤੋਂ ਵੀ ਕੋਈ ਚਾਹੇ ਤੇ ਜਿੰਨੀਆਂ ਚਾਹੇ, ਇਕੱਠੀਆਂ ਕਰ ਸਕਦਾ ਹੈ। ਪਿਛਲੇ ਦੋ ਵਰ੍ਹਿਆਂ ਤੋਂ ਪੰਜਾਬੀ ਦੀ ਥਾਂ ਅੰਗਰੇਜ਼ੀ ਮਾਧਿਅਮ ਨੂੰ ਜਿਸ ਗਰਮਜੋਸ਼ੀ ਨਾਲ ਪੁਨਰ-ਸਥਾਪਿਤ ਕੀਤਾ ਗਿਆ ਹੈ ਅਤੇ ਜਿਸ ਤੇਜ਼ੀ ਨਾਲ ਪ੍ਰਧਾਨ-ਰਾਜ ਦੇ ਤਿੰਨਾਂ ਮਹੀਨਿਆਂ ਵਿਚ ਅੰਗਰੇਜ਼ੀ ਮਾਧਿਅਮ ਸਿਖਰ ਨੂੰ ਛੋਹਣ ਲੱਗ ਪਿਆ ਹੈ, ਉਸ ਤੋਂ ਤਾਂ ਇਹੀ ਸਿੱਧ ਹੁੰਦਾ ਹੈ ਕਿ ਸਰਕਾਰ ਪੰਜਾਬੀ ਬਾਰੇ ਨਿਰੀ ਅਲਗਰਜ਼ ਜਾਂ ਨਿਰਮੋਹ ਹੀ ਨਹੀਂ, ਇਸ ਨਾਲ ਸਿੱਧਾ ਦ੍ਵੈਖ-ਭਾਵ ਵਾਲਾ ਵਰਤਾਰਾ ਵੀ ਕਰਦੀ ਹੈ, ਵਰਨਾ ਜੋ ਸਥਾਨ ਪ੍ਰਾਪਤ ਕਰਨ ਵਿਚ ਕਿਸੇ ਵੇਲੇ ਪੰਜਾਬੀ ਸਫਲ ਹੋ ਗਈ ਸੀ, ਉਸ ਨੂੰ ਖੋਹਣ ਲਈ ਸਰਕਾਰ ਆਪਣਾ ਸਾਰਾ ਤਾਣ ਕਿਉਂ ਲਾ ਰਹੀ ਹੈ ? ਆਖ਼ਰ, ਇਸ ਵੇਲੇ, ਸੁਪਰਡੰਟ ਤੋਂ ਉੱਪਰਲੀ ਪੱਧਰ ਦਾ ਤਕਰੀਬਨ ਹਰ ਅਫ਼ਸਰ ਪੰਜਾਬੀ ਦੀ ਥਾਂ ਅੰਗਰੇਜ਼ੀ ਕਿਸ ਦੀ ਆਗਿਆ ਨਾਲ ਵਰਤ ਰਿਹਾ ਹੈ ? ਹੇਠ-ਦੱਸੀਆਂ ਗਸ਼ਤੀ ਚਿੱਠੀਆਂ, ਜੋ ਬੁਹਲ ਵਿੱਚੋਂ ਦਾਣੇ-ਮਾਤਰ ਹਨ, ਤਕਨੀਕੀ ਵਿਸ਼ਿਆਂ ਨਾਲ ਸੰਬੰਧਿਤ ਨਹੀਂ ਹਨ, ਫੇਰ ਵੀ ਅੰਗਰੇਜ਼ੀ ਵਿਚ ਜਾਰੀ ਕੀਤੀਆਂ ਗਈਆਂ ਹਨ। ਕੀ ਪੰਜਾਬ ਸਰਕਾਰ ਦੱਸ ਸਕਦੀ ਹੈ ਕਿ ਇਹ ਚਿੱਠੀਆਂ ਕਿਸ ਮਜਬੂਰੀ ਹੇਠ ਅੰਗਰੇਜ਼ੀ ਵਿਚ ਜਾਰੀ ਕੀਤੀਆਂ ਗਈਆਂ ਸਨ ?

1. Department of Welfare of Scheduled Castes & Backward Classes No. [illegible] Dated 31.7.78.

Subject : Use of word 'Harijan' in State Govt. Correspondence.

2. Finance Department
No. 12/37/78-FR (3)-79/7713 Dated 10.12.79
Subject : Incentive Bonus Scheme for subscribers to Provident Fund.

3. Department of Health & Family Welfare
No. 7023-5 H BV-79 Dated 19.12.79.
Subject : Reimbursement of Medical Charges.

4. Chief Secretary to Government Punjab
No. 16/16/79-3PP/781 Dated 15.1.80.
Subject : Grant of leave to the Employees retired under the Punjab Civil Services (Preventive Retirement) Rule, 1975.

5. Chief Secretary to Government, Punjab
No. 20/4/79 Dated 19.2.80
Subject : Relationship between the Deputy Commissioners and the Departmental officials in the Districts.

SIKHBOOKCLUB.COM

6. Department of Education
Memo No. 1182-8 Ed. 1-3586.
Dated 22.3.80
Subject : Regulating the entry of visitors to the Directorates and Secretariat offices of the Education Department.
(ਇਸ ਦੇ ਨਾਲ ਲੱਗਾ ਹੋਇਆ ਨਮੂਨੇ ਦਾ ਫ਼ਾਰਮ ਵੀ, ਜਿਸ ਵਿਚ ਮਿਲਣ ਵਾਲਿਆਂ ਦੇ ਨਾਂ ਤੇ ਪਤੇ, ਆਦਿਕ ਦਾ ਵੇਰਵਾ ਦਿੱਤਾ ਹੋਇਆ ਹੈ, ਅੰਗਰੇਜ਼ੀ ਵਿਚ ਹੈ।)

7. Department of General Administration, Parliamentary Affairs Branch
No. 7/11/78/PA-78/2227 Dated 28.3.80
Subject : Instructions Regarding Proper Courtesies and regard to the members of Parliament.

8. Department of Personnel
Personnel Policies Branch
No. 13/29/79-2PP/3707
Subject : Collection of funds by Government employees, prohibition of..........

9. Department of Tourism and Cultural Affairs
No. 15 (17)-79-338/867 Dated 8.4.80
Subject : Filling of the post of Additional Director, Cultural

Affairs, Archaeology and Museums.

10. Director Sports
Memo No. Sports DA-4-80-7830-41
Dated 2.5.80

ਇਹ ਸੂਚੀ ਅਮੁੱਕ ਹੈ ਤੇ ਭਾਸ਼ਾ ਵਿਭਾਗ ਤੋਂ ਛੁੱਟ, ਸ਼ਾਇਦ ਹੀ ਕੋਈ ਵਿਭਾਗ ਹੋਵੇ, ਜਿਸ ਨੇ, ਗਵਰਨਰੀ ਰਾਜ ਵਿਚ, ਪੰਜਾਬ ਰਾਜ-ਭਾਸ਼ਾ ਐਕਟ ਨੂੰ ਪੈਰਾਂ ਥੱਲੇ ਨਾ ਰੋਲਿਆ ਹੋਵੇ। ਹੋਰ ਤਾਂ ਹੋਰ, ਜਦੋਂ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਗਵਰਨਰ ਸਾਹਿਬ ਨੂੰ ਪੰਜਾਬੀ ਵਿਚ ਚਿੱਠੀ ਲਿਖੀ ਗਈ ਕਿ ਆਪ ਦੇ ਰਾਜ ਵਿਚ ਪੰਜਾਬੀ ਦੀ ਥਾਂ ਅੰਗਰੇਜ਼ੀ ਦੀ ਵਰਤੋਂ ਰਾਹੀਂ, ਪੰਜਾਬ ਰਾਜ-ਭਾਸ਼ਾ ਐਕਟ 1967 ਦੇ ਹੋ ਰਹੇ ਨਿਰਾਦਰ ਦੀ ਸ਼ਿਕਾਇਤ ਕਰਨ ਲਈ ਸਭਾ ਦੇ ਪ੍ਰਤੀਨਿਧ ਆਪ ਨੂੰ ਮਿਲਣਾ ਚਾਹੁੰਦੇ ਹਨ ਤਾਂ ਗਵਰਨਰ ਸਾਹਿਬ ਵੱਲੋਂ ਇਸ ਦਾ ਉੱਤਰ ਅੰਗਰੇਜ਼ੀ ਵਿਚ ਪ੍ਰਾਪਤ ਹੋਇਆ।

## 4

ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਜੋ ਕਾਨੂੰਨ ਬਣਾਉਣ ਵਾਲੀ ਤੇ ਆਪਣੇ ਕਾਨੂੰਨਾਂ ਨੂੰ ਟੁੱਟਣ ਤੋਂ ਬਚਾਉਣ ਵਾਲੀ ਸਰਕਾਰ ਦਾ ਆਪਣਾ ਰੁਖ਼ ਹੀ ਪੰਜਾਬੀ ਬਾਰੇ ਆਪਣੇ ਕਾਨੂੰਨ ਨੂੰ ਕਦਮ ਕਦਮ ਉੱਤੇ ਭੰਗ ਕਰਨ ਵੱਲ ਹੋ ਜਾਵੇ ਤਾਂ ਪੰਜਾਬੀ ਸਭਾਵਾਂ, ਪੰਜਾਬੀ-ਹਿਤੈਸ਼ੀ ਲੋਕ ਤੇ ਪੰਜਾਬੀ ਦਾ ਹਿਤ ਪੂਰਨ ਵਾਲੀਆਂ ਪਾਰਟੀਆਂ ਕੀ ਕਰਨ ?

ਸਭ ਤੋਂ ਪਹਿਲਾਂ ਪੰਜਾਬ ਦੀ ਜਨਤਾ ਨੂੰ ਸਰਕਾਰ ਦੇ ਦਫ਼ਤਰਾਂ ਤੇ ਹੋਰ ਇਦਾਰਿਆਂ ਵਿਚ ਪੰਜਾਬੀ ਮਾਧਿਅਮ ਦੇ ਲਾਭਾਂ ਬਾਰੇ ਸਚੇਤ ਕਰਨ ਦੀ ਲੋੜ ਹੈ। ਇਸ ਤੋਂ ਛੁੱਟ ਹਰ ਪੱਧਰ ਉੱਤੇ ਸਰਕਾਰ ਦੀ ਕੋਤਾਹੀ ਨੂੰ ਅਖ਼ਬਾਰਾਂ ਤੇ ਰਿਸਾਲਿਆਂ ਰਾਹੀਂ ਨੰਗਿਆਂ ਕਰਨ, ਭੰਡਣ, ਵਿਧਾਨ ਸਭਾ ਤੇ ਲੋਕ ਸਭਾ ਦੇ ਮੈਂਬਰਾਂ ਰਾਹੀਂ ਸਰਕਾਰ ਨੂੰ ਚੇਤਾਵਨੀਆਂ ਦਿਵਾਉਣੀਆਂ ਅਤੇ ਪੰਜਾਬੀ ਲੇਖਕਾਂ ਤੇ ਉਨ੍ਹਾਂ ਦੀਆ ਸਭਾਵਾਂ ਵੱਲੋਂ ਰੋਸ-ਸਮਾਗਮ ਕਰਨ ਦਾ ਉੱਦਮ ਕਰਨਾ ਚਾਹੀਦਾ ਹੈ। ਜਦੋਂ ਇਸ ਤਰ੍ਹਾਂ ਦੀ ਉਕਾਈ ਬਾਰੇ ਲੋਕ ਸਚੇਤ ਹੋਣ ਲੱਗ ਪੈਂਦੇ ਹਨ ਤਾਂ ਸਰਕਾਰ ਜਾਂ ਉਸ ਦੇ ਅਮਲੇ ਫ਼ੈਲੇ ਦਾ ਬਹੁਤੀ ਦੇਰ ਮਚਲੇ ਰਹਿਣਾ ਔਖਾ ਹੋ ਜਾਂਦਾ ਹੈ। ਜੇ ਇਸ ਤਰ੍ਹਾਂ ਦੇ ਸ਼ਾਂਤਮਈ ਸੰਘਰਸ਼ ਰਾਹੀਂ ਸਰਕਾਰ ਸਿੱਧੇ ਰਾਹ ਉੱਤੇ ਆ ਜਾਵੇ ਤਾਂ ਵਾਹਵਾ, ਵਰਨਾ ਕੀ ਉਹ ਆਪ ਅਸ਼ਾਂਤ ਅੰਦੋਲਨ ਨੂੰ ਹਾਕਾਂ ਨਹੀਂ ਮਾਰ ਰਹੀ ਹੋਵੇਗੀ ?

## 5

ਸਾਡੀ ਸਪਸ਼ਟ ਤੇ ਜ਼ੋਰਦਾਰ ਮੰਗ ਸਰਕਾਰੀ ਦਫ਼ਤਰਾਂ ਬਾਰੇ ਇਹ ਹੈ ਕਿ ਇਨ੍ਹਾਂ ਦੀ ਸਾਰੀ ਪੰਜਾਬ-ਵਿਚਲੀ ਸਰਕਾਰੀ ਲਿਖਾ-ਪੜ੍ਹੀ ਕੇਵਲ ਪੰਜਾਬੀ ਵਿਚ ਹੋਣੀ ਚਾਹੀਦੀ ਹੈ। ਇਸ ਪੰਜਾਬੀ ਮਾਧਿਅਮ ਦੀ ਸ਼ਰੀਕ ਵਜੋਂ ਕਿਸੇ ਹੋਰ ਭਾਸ਼ਾ ਨੂੰ ਸਹਿਣ ਦਾ ਸਵਾਲ ਹੀ ਪੈਦਾ ਨਹੀਂ ਹੋਣਾ ਚਾਹੀਦਾ। ਪੰਜਾਬ ਤੋਂ ਬਾਹਰ ਦੀ ਲਿਖਾ-ਪੜ੍ਹੀ ਲਈ ਅੰਗਰੇਜ਼ੀ ਵਰਤਣੀ ਹੈ ਕਿ ਹਿੰਦੀ, ਇਸ ਬਾਰੇ ਸਰਕਾਰੀ ਨੀਤੀ ਦਾ ਨਿਰਣਾ, ਆਮ ਤੌਰ ਉੱਤੇ, ਸੰਬੰਧਿਤ ਧਿਰ ਜਾਂ ਪੱਤਰ ਦਾ ਵਿਸ਼ਾ ਕਰ ਦੇਂਦਾ ਹੈ—ਸਾਡਾ ਸਰਕਾਰ ਨਾਲ ਅਜਿਹੇ ਕਿਸੇ ਵੀ ਨਿਰਣੇ ਬਾਰੇ ਕੋਈ ਵਿਵਾਦ

WWW.SIKHBOOKCLUB.COM Page 92

ਨਹੀਂ, ਪਰ ਇਕ ਗੱਲ ਕਿਸੇ ਤਰ੍ਹਾਂ ਸਮਝ ਨਹੀਂ ਆਉਂਦੀ ਕਿ ਜਿਹੜੀ ਸਰਕਾਰ ਵੀ ਪੰਜਾਬ ਦੇ ਤਖ਼ਤ ਉੱਤੇ ਬੈਠਦੀ ਹੈ, ਉਹ ਪੰਜਾਬੀ ਨਾਲ ਪਿਛਲੀ ਸਰਕਾਰ ਨਾਲੋਂ ਤਾਂ ਵਧ ਹੇਜ ਜਤਾਉਂਦੀ ਹੈ ਪਰ ਉਸ ਨੂੰ ਇਹ ਫੁਰਨਾ ਕਦੀ ਨਹੀਂ ਫੁਰਦਾ ਕਿ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਵੀ ਪੰਜਾਬ ਸਰਕਾਰ ਦਾ ਹੀ ਇਕ ਅੰਗ ਹੈ ਤੇ ਇਸ ਦੇ ਦਫ਼ਤਰ ਦੀ ਆਪਣੀ ਲਿਖਾ-ਪੜ੍ਹੀ ਦੀ ਮੁਖ ਭਾਸ਼ਾ ਭਾਵੇਂ ਪੰਜਾਬੀ ਹੀ ਹੋਵੇ, ਇਸ ਵੱਲੋਂ ਲਏ ਜਾਣ ਵਾਲੇ ਸਾਰੇ ਇਮਤਿਹਾਨਾਂ ਦਾ ਮਾਧਿਅਮ ਕੇਵਲ ਪੰਜਾਬੀ ਕਿਉਂ ਨਹੀਂ ਹੈ। ਜੇ ਕੋਈ ਵਿਦਿਆਰਥੀ ਚਾਹੇ ਤਾਂ, ਸਿਵਾਏ ਭਾਸ਼ਾਵਾਂ ਦਿਆਂ ਪਰਚਿਆਂ ਦੇ, ਬਾਕੀ ਸਾਰੇ ਪਰਚੇ ਅੰਗਰੇਜ਼ੀ ਵਿਚ ਕਰ ਕੇ ਪੰਜਾਬ ਸਰਕਾਰ ਦਾ ਗਜ਼ਟਿਡ ਅਫ਼ਸਰ ਬਣ ਸਕਦਾ ਹੈ। [ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਦਫ਼ਤਰੋਂ ਟੈਲੀਫ਼ੋਨ ਉੱਤੇ ਪੁੱਛ ਕੀਤੀ ਗਈ ਕਿ 1996 ਵਿਚ ਹੋਏ ਇਮਤਿਹਾਨਾਂ ਵਿਚ ਅੰਗਰੇਜ਼ੀ ਤੇ ਪੰਜਾਬੀ ਮਾਧਿਅਮ ਲੈਣ ਵਾਲੇ ਕੁੱਲ ਕਿੰਨੇ ਕਿੰਨੇ ਉਮੀਦਵਾਰ ਸਨ ਤਾਂ ਜਵਾਬ ਮਿਲਿਆ ਕਿ ਕਮਿਸ਼ਨ ਪਾਸ ਇਹ ਗਿਣਤੀ ਪ੍ਰਾਪਤ ਨਹੀਂ ਹੈ ਪਰ ਨਾਲ ਹੀ ਇਕ ਅਣਮੰਗੀ ਸੂਚਨਾ ਆਪਣੇ ਆਪ ਵਧਾ ਦਿੱਤੀ ਗਈ—"ਅੰਗਰੇਜ਼ੀ ਵਾਲੇ ਉਮੀਦਵਾਰ ਚੁਸਤ-ਚਲਾਕ ਤੇ ਪੰਜਾਬੀ ਵਾਲੇ ਨਖਿੱਧ ਹੁੰਦੇ ਨੇ।" ਦੱਸਣ ਵਾਲੇ ਦਾ ਇਹ ਇੱਕੋ ਵਾਕ ਸੂਚਕ ਹੈ, ਕਮਿਸ਼ਨ ਦੇ ਵਿਆਪਕ ਮਾਹੌਲ ਦਾ। ਮੇਰੇ ਲਈ ਇਸ ਵਾਕ ਦੇ ਅਰਥ ਇਹ ਹਨ ਕਿ ਪੰਜਾਬ ਸਰਕਾਰ ਦੀਆਂ ਉੱਚ ਆਸਾਮੀਆਂ ਚੁਸਤ ਸ਼ਹਿਰੀ ਤਬਕੇ ਲਈ ਰਾਖਵੀਆਂ ਹਨ ਤੇ 'ਸੁਸਤ' ਜਾਂ 'ਨਖਿੱਧ' ਪੇਂਡੂਆਂ ਲਈ ਏਥੇ ਕੋਈ ਥਾਂ ਨਹੀਂ ਹੈ।]

ਪੇਂਡੂ ਸਮਾਜ ਦੀ ਨੁਮਾਇੰਦਗੀ ਦਾ ਦਾਅਵਾ ਕਰਨ ਵਾਲੀ ਸਰਕਾਰ, ਪੇਂਡੂ ਜਨਤਾ ਤੇ ਪੰਜਾਬੀ ਦੇ ਹੱਕ ਵਿਚ ਬਿਆਨਾਂ ਦੀ ਹਨੇਰੀ ਤਾਂ ਨਿੱਤ ਵਗਾਉਂਦੀ ਰਹਿੰਦੀ ਹੈ, ਪਰ ਕਮਿਸ਼ਨ, 'ਜਿਵੇਂ ਹੈ, ਤਿਵੇਂ ਰਹਿਣ ਦਿਓ' ਦੀ ਜਿਹੜੀ ਨੀਤੀ ਚਲਾ ਰਿਹਾ ਹੈ, ਕੀ ਉਸ ਵਿਚ ਸਰਕਾਰ ਦੀ ਮਰਜ਼ੀ ਸ਼ਾਮਿਲ ਨਹੀਂ ਹੈ ? ਕਿਸੇ ਨੂੰ ਧੋਖਾ ਖਾਣ ਦੀ ਲੋੜ ਨਹੀਂ, ਮਾਧਿਅਮ ਦੇ ਮਾਮਲੇ ਵਿਚ ਜੋ ਵਾਪਰ ਰਿਹਾ ਹੈ, ਉਹ ਸਰਕਾਰ ਦੀ ਸਿੱਧੀ ਸਰਪ੍ਰਸਤੀ ਹੇਠ ਹੀ ਵਾਪਰ ਰਿਹਾ ਹੈ।

ਸਾਨੂੰ, ਆਪੋ-ਵਿੱਚੀ ਸਪਸ਼ਟ ਹੋਣਾ ਚਾਹੀਦਾ ਹੈ ਕਿ ਜਿੰਨਾ ਚਿਰ ਪੰਜਾਬ ਦੇ ਪਬਲਿਕ ਸਰਵਿਸ ਕਮਿਸ਼ਨ ਵੱਲੋਂ ਲਏ ਜਾਂਦੇ ਇਮਤਿਹਾਨਾਂ ਦਾ ਮਾਧਿਅਮ ਕੇਵਲ ਪੰਜਾਬੀ ਤਕ ਸੀਮਿਤ ਨਹੀਂ ਹੋ ਜਾਂਦਾ, ਮਾਧਿਅਮ ਦੇ ਮਾਮਲੇ ਉੱਤੇ, ਪੰਜਾਬੀ ਬੁੱਧੀਜੀਵੀਆਂ ਦਾ ਰਵੱਈਆ ਪੰਜਾਬ ਸਰਕਾਰ ਵੱਲ ਰੋਸ ਵਾਲਾ ਹੀ ਰਹੇਗਾ।

# ਪ੍ਰਾਪਤੀਆਂ ਤੇ ਸੇਧਾਂ*

ਖੁਸ਼ੀ ਦੀ ਗੱਲ ਹੈ ਕਿ ਕੇਂਦਰੀ ਪੰਜਾਬੀ ਲੇਖਕ ਸਭਾ ਨੇ ਆਪਣੀ ਉਮਰ ਦੀ ਇਕ-ਚੁਥਾਈ ਸਦੀ ਪੂਰੀ ਕਰ ਲਈ ਹੈ। ਆਪ ਸਭ ਨੂੰ ਇਸ ਦੀ ਵਧਾਈ ਹੋਵੇ।

ਜਿਸ ਸਭਾ ਨੇ ਪਿਛਲੇ 20 ਵਰ੍ਹਿਆਂ ਤੋਂ ਪੰਜਾਬ ਵਿਚ ਸਾਹਿੱਤ ਤੇ ਸੰਸਕ੍ਰਿਤੀ ਦੇ ਰਚਨਾਤਮਕ ਅਮਲ ਨੂੰ ਤਿਖੇਰਾ ਕਰਨ ਤੇ ਇਸ ਦੇ ਮੁਹਾਣ ਨੂੰ ਨਿਰੰਤਰ ਲੋਕ-ਹਿਤ ਵਾਲੇ ਪਾਸੇ ਮੋੜੀ ਰੱਖਣ ਵਿਚ ਕਾਫ਼ੀ ਸਫਲਤਾ ਪ੍ਰਾਪਤ ਕੀਤੀ ਹੈ, ਅੱਜ ਉਸ ਦੀ ਕਾਰਗੁਜ਼ਾਰੀ ਦਾ ਕੁੱਝ ਉਚੇਚਾ ਸਿਮਰਨ ਹੋਣਾ ਜ਼ਰੂਰੀ ਹੈ।

ਕੇਂਦਰੀ ਸਭਾ ਦਾ ਇਹ ਤਿੰਨ-ਦਿਨਾ ਸਮਾਗਮ (30 ਅਕਤੂਬਰ ਤੋਂ 1 ਨਵੰਬਰ 1981 ਤਕ), ਜਿਸ ਵਿਚ ਭਾਗ ਲੈਣ ਲਈ ਦੇਸ-ਬਦੇਸ ਤੋਂ ਅਨੇਕ ਲੇਖਕ ਤਸ਼ਰੀਫ਼ ਲਿਆਏ ਹਨ, ਇਸ ਉਚੇਚੇ ਸਿਮਰਨ ਨੂੰ ਸਮਰਪਿਤ ਹੈ।

ਸਭਾ ਦੀਆਂ ਹੁਣ ਤਕ ਦੀਆਂ ਪ੍ਰਾਪਤੀਆਂ-ਅਪ੍ਰਾਪਤੀਆਂ ਨੂੰ ਜੋਖਣ ਤੇ ਅਗਲੇ ਪ੍ਰੋਗਰਾਮ ਵਿਉਂਤਣ ਲਈ ਇਹ ਬੜਾ ਢੁੱਕਵਾਂ ਮੌਕਾ ਹੈ, ਪਰ ਇਹ ਕੁੱਝ ਕਰਨ ਤੋਂ ਪਹਿਲਾਂ ਮੈਂ ਸਭਾ ਦੇ ਅਣਥੱਕ ਕਾਮੇ ਤੇ ਦੂਰ-ਅੰਦੇਸ਼ ਮੋਢੀ ਗਿਆਨੀ ਹੀਰਾ ਸਿੰਘ 'ਦਰਦ' ਨੂੰ ਨਮਸਕਾਰ ਕਰਦਾ ਹਾਂ, ਜਿਨ੍ਹਾਂ ਨੇ ਹੁਨਾਲ-ਸਿਆਲ ਤੋਂ ਬੇਫ਼ਿਕਰ, ਨਗਰ ਨਗਰ ਫਿਰ ਕੇ ਲੇਖਕਾਂ ਨੂੰ ਇਕੱਠਾ ਕੀਤਾ ਤੇ ਇਸ ਸਭਾ ਨਾਲ ਜੋੜਿਆ। ਗਿ. ਗੁਰਮੁਖ ਸਿੰਘ ਮੁਸਾਫ਼ਰ, ਡਾ. ਮਹਿੰਦਰ ਸਿੰਘ ਰੰਧਾਵਾ, ਪ੍ਰੋ. ਮੋਹਨ ਸਿੰਘ ਤੇ ਡਾ. ਸਾਧੂ ਸਿੰਘ ਹਮਦਰਦ ਵਰਗੇ ਕਲਮ ਦੇ ਧਨੀ ਇਸ ਦੇ ਪ੍ਰਧਾਨ ਰਹੇ ਅਤੇ ਸੰਤ ਸਿੰਘ ਸੇਖੋਂ, ਕੁਲਵੰਤ ਸਿੰਘ ਵਿਰਕ, ਸ. ਜਸਵੰਤ ਸਿੰਘ ਕੰਵਲ, ਪ੍ਰਿੰ. ਸਰਮੁਖ ਸਿੰਘ ਅਮੋਲ, ਡਾ. ਅਤਰ ਸਿੰਘ, ਸ. ਤੇਰਾ ਸਿੰਘ ਚੰਨ, ਸ. ਗੁਰਚਰਨ ਸਿੰਘ ਸਹਿੰਸਰਾ ਵਰਗੇ ਜਰਨੈਲ ਸਕੱਤਰ ਰਹੇ। ਇਨ੍ਹਾਂ ਸਾਰੇ ਲੇਖਕ-ਸੇਵਕਾਂ ਦੇ ਭਰਪੂਰ ਸਹਿਯੋਗ ਦਾ ਫਲ ਹੈ ਕਿ ਅੱਜ ਸਭਾ ਦਾ ਬੂਟਾ ਇਕ ਤਗੜਾ ਬਿਰਛ ਬਣਿਆ ਹੋਇਆ ਹੈ।

## 2

ਕੇਂਦਰੀ ਪੰਜਾਬੀ ਲੇਖਕ ਸਭਾ ਆਪਣੀਆਂ ਸੰਬੰਧਿਤ ਸਭਾਵਾਂ ਨਾਲ ਮਿਲ ਕੇ ਜਿਨ੍ਹਾਂ ਗੱਲਾਂ ਲਈ ਸੰਘਰਸ਼ ਕਰਦੀ ਰਹੀ ਹੈ, ਉਨ੍ਹਾਂ ਦੀ ਸੂਚੀ ਬੜੀ ਲੰਮੀ ਹੈ। ਇਨ੍ਹਾਂ ਵਿੱਚੋਂ ਕੁੱਝ ਮੁਖ ਮੰਗਾਂ ਲਈ, ਪਿਛਲੇ 25 ਵਰ੍ਹਿਆਂ ਵਿਚ ਸਭਾ ਅਤੇ ਪੰਜਾਬੀ ਲੋਕਾਂ ਵੱਲੋਂ ਹੋਈ ਸਾਂਝੀ ਘਾਲ ਦਾ ਜ਼ਿਕਰ, ਪੰਜਾਬ ਦੇ ਭਾਸ਼ਾ, ਸਾਹਿੱਤ ਤੇ ਸੰਸਕ੍ਰਿਤੀ ਦੇ ਖੇਤਰ ਵਿਚ ਹੋਈ 25-ਸਾਲਾ

* ਕੇਂਦਰੀ ਪੰਜਾਬੀ ਲੇਖਕ ਸਭਾ (ਰਜਿਸਟਰਡ) ਦੇ ਪ੍ਰਧਾਨਗੀ ਪਦ ਤੋਂ, ਸਭਾ ਦੀ ਸਿਲਵਰ ਜੁਬਲੀ ਦੇ ਮੌਕੇ [illegible] 1981 [illegible] ਦੀ ਹਾਜ਼ਰੀ ਵਿਚ ਦਿੱਤਾ ਗਿਆ ਭਾਸ਼ਣ

WWW.SIKHBOOKCLUB.COM

ਪ੍ਰਗਤੀ ਦਾ ਇਤਿਹਾਸ ਬਣ ਨਿੱਖੜਦਾ ਹੈ ਤੇ ਇਹ ਇੱਕੋ ਗੱਲ ਸਭਾ ਦੀ ਸੇਵਾ ਦੀ ਅਹਿਮੀਅਤ ਨੂੰ ਸਾਖਿਆਤ ਕਰਨ ਲਈ ਕਾਫ਼ੀ ਹੈ। ਸਭਾ ਦੀਆਂ ਕੁੱਝ ਮੰਗਾਂ ਇਹ ਸਨ :

**(1) ਹੋਰ ਭਾਸ਼ਾਈ ਸੂਬਿਆਂ ਵਾਂਗ, ਪੰਜਾਬ ਦੀ ਵੀ ਇਕ-ਭਾਸ਼ੀ ਭੂਗੋਲਿਕ ਹੋਂਦ ਕਾਇਮ ਕੀਤੀ ਜਾਵੇ।**

(ਪੰਜਾਬ ਦਾ ਪੁਨਰ-ਗਠਨ ਹੋ ਚੁੱਕਾ ਹੈ, ਹੋਇਆ ਵੀ ਭਾਸ਼ਾ ਦੇ ਆਧਾਰ ਉੱਤੇ ਹੈ, ਪਰ ਕਰਨ ਵਾਲੇ/ਵਾਲਿਆਂ ਦੀ ਨੀਅਤ ਸਾਫ਼ ਨਹੀਂ ਸੀ, ਵਰਨਾ ਚੰਡੀਗੜ੍ਹ ਤੇ ਹੋਰ ਆਸ-ਪਾਸ ਦੇ ਨਾਲ-ਲਗਦੇ ਇਲਾਕੇ, ਜੋ ਕਿਸੇ ਵੀ ਭਾਸ਼ਾਈ ਕਸਵੱਟੀ ਉੱਤੇ ਪਰਖਿਆਂ ਪੰਜਾਬ ਤੋਂ ਬਾਹਰ ਨਹੀਂ ਸੀ ਰੱਖੇ ਜਾ ਸਕਦੇ, ਚਿੱਟੇ-ਨੰਗੇ ਅਨਿਆਂ ਨਾਲ ਹਿੰਦੀ-ਭਾਸ਼ੀ ਇਲਾਕਿਆਂ ਦੇ ਭਾਗ ਬਣਾ ਦਿੱਤੇ ਗਏ ਹਨ। ਹੁਣ, ਇਨ੍ਹਾਂ ਪੰਜਾਬੀ-ਬੋਲਦੇ ਇਲਾਕਿਆਂ ਦਾ ਪੰਜਾਬ ਨਾਲ ਸੰਗਠਨ, ਸਭਾ ਦੀ ਨਿਰੰਤਰ ਮੰਗ ਹੈ।)

**(2) ਪੰਜਾਬ ਯੂਨੀਵਰਸਿਟੀ ਵਿਚ ਪੰਜਾਬੀ ਦੇ ਪ੍ਰੋਫ਼ੈਸਰ ਦੀ ਅਸਾਮੀ ਕਾਇਮ ਕਰ ਕੇ ਭਰੀ ਜਾਵੇ।**

(ਪੰਜਾਬ ਯੂਨੀਵਰਸਿਟੀ ਵਿਚ ਪੰਜਾਬੀ ਦੇ ਪ੍ਰੋਫ਼ੈਸਰ ਦੀ ਅਸਾਮੀ ਕਾਇਮ ਕੀਤੀ ਗਈ ਤੇ ਭਰੀ ਵੀ ਗਈ। ਇਸ ਵੇਲੇ ਇਸ ਯੂਨੀਵਰਸਿਟੀ ਵਿਚ ਚਾਰ ਹੋਰ ਆਸਣ ਸਥਾਪਿਤ ਹੋ ਚੁੱਕੇ ਹਨ, ਜੋ ਬਾਬਾ ਫ਼ਰੀਦ, ਭਗਤ ਰਵਿਦਾਸ, ਗੁਰੂ ਨਾਨਕ ਤੇ ਭਾਈ ਵੀਰ ਸਿੰਘ ਦੇ ਨਾਵਾਂ ਨਾਲ ਸੰਬੰਧਿਤ ਹਨ।)

**(3) ਸਰਕਾਰ ਪੰਜਾਬੀ ਦੀ ਉੱਨਤੀ ਲਈ ਇਕ ਵੱਖਰਾ ਵਿਭਾਗ ਕਾਇਮ ਕਰੇ।**

(ਇਕ ਵੱਖਰਾ ਪੰਜਾਬੀ ਵਿਭਾਗ ਕਾਇਮ ਹੋਇਆ, ਪਰ ਹੌਲੀ ਹੌਲੀ ਇਸ ਨਾਲੋਂ 'ਪੰਜਾਬੀ' ਲਾਹ ਕੇ ਇਸ ਨੂੰ 'ਭਾਸ਼ਾ ਵਿਭਾਗ' ਬਣਾ ਦਿੱਤਾ ਗਿਆ। ਇਹ ਨਾਮ-ਬਦਲੀ ਪੰਜਾਬੀ ਨਾਲ ਪਕੜ ਦੀ ਉਸ ਵਿਆਪਕ ਸਰਕਾਰੀ ਢਿਲਿਆਈ ਦੀ ਸੂਚਕ ਹੈ, ਜਿਸ ਦੀ ਸਭਾ ਨੂੰ ਹਮੇਸ਼ਾ ਸ਼ਿਕਾਇਤ ਰਹੀ ਹੈ।)

**(4) ਪੰਜਾਬੀ ਨੂੰ ਉਚੇਰੇ ਪ੍ਰਗਟਾਵੇ ਦੇ ਸਮਰੱਥ ਬਣਾਉਣ ਲਈ ਇਕ 'ਪੰਜਾਬੀ ਯੂਨੀਵਰਸਿਟੀ' ਸਥਾਪਿਤ ਕੀਤੀ ਜਾਵੇ।**

(ਪੰਜਾਬੀ ਯੂਨੀਵਰਸਿਟੀ, ਪਟਿਆਲੇ ਵਿਚ ਕਾਇਮ ਹੋ ਚੁੱਕੀ ਹੈ, ਬਲਕਿ ਇਸ ਤੋਂ ਪਿੱਛੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੀ ਅੰਮ੍ਰਿਤਸਰ ਵਿਚ ਖੜੀ ਹੋ ਚੁੱਕੀ ਹੈ। ਪੰਜਾਬੀ ਯੂਨੀਵਰਸਿਟੀ ਵਾਂਗ ਹੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਉੱਤੇ ਵੀ ਉਸ ਦਾ ਐਕਟ, ਪੰਜਾਬੀ ਦੇ ਹਿਤ ਲਈ ਉਚੇਚੇ ਫ਼ਰਜ਼ ਨਿਸਚਿਤ ਕਰਦਾ ਹੈ। ਪਰ ਇਨ੍ਹਾਂ ਦੋਹਾਂ ਯੂਨੀਵਰਸਿਟੀਆਂ ਨੇ, ਖ਼ਾਸ ਕਰਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ, ਜਿਸ ਕੱਛੂ ਵਾਲੀ ਤੋਰ ਨਾਲ ਪੰਜਾਬੀ ਦੇ ਪਛੜੇਵੇਂ ਨੂੰ ਦੂਰ ਕਰਨਾ ਸ਼ੁਰੂ ਕੀਤਾ ਹੈ, ਉਸ ਤੋਂ ਲਗਦਾ ਹੈ ਕਿ ਇਨ੍ਹਾਂ ਦੀ ਯੋਜਨਾ ਪੰਜ ਜਾਂ ਦਸ-ਸਾਲਾ ਨਹੀਂ, ਹਜ਼ਾਰ-ਸਾਲਾ ਹੈ।)

**(5) ਪੰਜਾਬ ਵਿਚ ਪੰਜਾਬੀ ਦੀ ਸਿੱਖਿਆ ਸਭ ਲਈ ਲਾਜ਼ਮੀ ਹੋਣੀ ਚਾਹੀਦੀ ਹੈ।**

(ਪੰਜਾਬ ਦੇ ਹਰ ਸਰਕਾਰੀ ਸਕੂਲ ਵਿਚ ਹਰ ਵਿਦਿਆਰਥੀ ਲਈ ਪੰਜਾਬੀ ਪੜ੍ਹਨੀ ਲਾਜ਼ਮੀ ਹੋ ਚੁੱਕੀ ਹੈ। ਉਸ ਨੂੰ ਮੈਟ੍ਰਿਕ/ਹਾਇਰ ਸੈਕੰਡਰੀ (ਪਾਰਟ 1) ਦੀ ਸਨਦ ਓਦੋਂ ਹੀ ਮਿਲਦੀ ਹੈ, ਜਦੋਂ ਉਹ ਪੰਜਾਬੀ ਵਿਚੋਂ ਪਾਸ ਹੋਵੇ, ਪਰ ਇਹੀ ਸ਼ਰਤ ਅੰਗਰੇਜ਼ੀ ਤੇ ਹਿੰਦੀ ਲਈ ਵੀ ਲਾਗੂ ਹੈ। ਪੰਜਾਬ ਦੇ ਗ਼ੈਰ-ਸਰਕਾਰੀ ਸਕੂਲਾਂ ਵਿਚ, ਪੰਜਾਬੀ ਨਾ ਪਹਿਲੀ ਭਾਸ਼ਾ ਵਜੋਂ ਲਾਜ਼ਮੀ ਹੈ, ਨਾ ਮਾਧਿਅਮ ਵਜੋਂ।)

WWW.SIKHBOOKCLUB.COM

**(6) ਗ੍ਰੈਜੂਏਟ ਪੱਧਰ ਤੋਂ ਥੱਲੇ ਤੇ ਉੱਪਰ ਦੇ ਸਾਰੇ ਇਮਤਿਹਾਨਾਂ ਵਿਚ ਪੰਜਾਬੀ ਮਾਧਿਅਮ ਵਰਤਣ ਦੀ ਆਗਿਆ ਹੋਵੇ।**

(ਇਸ ਮੰਗ ਬਾਰੇ ਹੁਣ ਤਕ ਦੀ ਪ੍ਰਾਪਤੀ ਇਹ ਹੈ ਕਿ ਬੀ.ਏ. ਦੀ ਪੱਧਰ ਤਕ ਆਰਟਸ ਫ਼ੈਕਲਟੀ ਦੇ ਇਮਤਿਹਾਨ, ਅੰਗਰੇਜ਼ੀ ਤੇ ਹਿੰਦੀ ਤੋਂ ਛੁੱਟ ਪੰਜਾਬੀ ਮਾਧਿਅਮ ਰਾਹੀਂ ਦੇਣ ਦੀ ਆਗਿਆ ਮਿਲ ਚੁੱਕੀ ਹੈ। ਪਿੱਛੇ ਜਿਹੇ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਆਰਟਸ ਫ਼ੈਕਲਟੀ ਦੇ ਕੁੱਝ ਮਜ਼ਮੂਨਾਂ ਲਈ ਗ੍ਰੈਜੂਏਟ ਤੋਂ ਉੱਪਰਲੀ ਪੱਧਰ ਦੇ ਇਮਤਿਹਾਨਾਂ ਵਿਚ ਪੰਜਾਬੀ ਮਾਧਿਅਮ ਵਰਤਣ ਦੀ ਖੁੱਲ੍ਹ ਵੀ ਦੇ ਦਿੱਤੀ ਗਈ ਹੈ, ਜੋ ਵਧਾਈ ਦੀ ਗੱਲ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਅਕਾਦਮਿਕ ਕੌਂਸਲ ਨੇ ਅਸੂਲੀ ਤੌਰ ਉੱਤੇ ਇਸ ਤਰ੍ਹਾਂ ਦੀ ਪ੍ਰਵਾਨਗੀ ਬੜੇ ਚਿਰ ਦੀ ਦਿੱਤੀ ਹੋਈ ਹੈ, ਪਰ ਜਦੋਂ ਮੁਖ ਅਧਿਕਾਰੀਆਂ ਨੂੰ ਪੰਜਾਬੀ ਦੀ ਸਮਰੱਥਾ ਵਿਚ ਵਿਸ਼ਵਾਸ ਹੀ ਨਾ ਹੋਵੇ ਤਾਂ ਅਸੂਲੀ ਫ਼ੈਸਲੇ ਕਿਸ ਅਰਥ ? ਪੰਜਾਬ ਯੂਨੀਵਰਸਿਟੀ ਤਾਂ ਹੁਣ ਆਪਣੇ ਆਪ ਨੂੰ ਪੰਜਾਬ ਦੀ ਯੂਨੀਵਰਸਿਟੀ ਹੀ ਨਹੀਂ ਸਮਝਦੀ, ਇਸ ਲਈ ਇਸ ਮਸਲੇ ਵੱਲ ਉੱਕਾ ਕੋਈ ਧਿਆਨ ਨਹੀਂ ਦੇ ਰਹੀ।)

**(7) ਪੰਜਾਬੀ ਬੋਲੀ ਨੂੰ ਉਸ ਦੇ ਸੁਭਾ ਦੇ ਉਲਟ ਸੰਸਕ੍ਰਿਤ ਦੀ ਦਬੇਲ ਬਣਨ ਤੋਂ ਬਚਾਇਆ ਜਾਵੇ।**

(ਜਦੋਂ ਕਾਲਜਾਂ-ਯੂਨੀਵਰਸਿਟੀਆਂ ਨਾਲ ਸੰਬੰਧ ਰੱਖਣ ਵਾਲੇ ਪੰਜਾਬੀ ਲੇਖਕ, ਦਿਮਾਗ਼ੀ ਆਲਸ ਕਰਕੇ, ਅਣਪਚਾਏ ਸੰਸਕ੍ਰਿਤ ਸ਼ਬਦ ਥੋਕ ਦੇ ਹਿਸਾਬ ਨਾਲ ਵਰਤਣ ਲਗ ਪਏ ਤਾਂ ਕੇਂਦਰੀ ਸਭਾ ਵੱਲੋਂ ਪੰਜਾਬੀ ਨੂੰ ਸਰਲ ਰੱਖਣ ਤੇ ਇਸ ਦੇ ਸੁਭਾ ਦੇ ਅਨੁਕੂਲ ਬਣਾਈ ਰੱਖਣ ਦੇ ਹੱਕ ਵਿਚ ਤੇ ਅਣਪਚਾਏ ਸ਼ਬਦ ਵਰਤਣ ਦੀ ਰੁਚੀ ਦੇ ਵਿਰੁੱਧ ਇਕ ਜ਼ਬਰਦਸਤ ਲਹਿਰ ਚਲਾਈ ਗਈ, ਜਿਸ ਨੇ ਪੰਜਾਬੀ ਸੰਬੰਧੀ ਚੇਤਨਾ ਨੂੰ, ਇਕ ਵਿਸ਼ਾਲ ਲੋਕ-ਵਿਰੋਧੀ ਸਭਿਆਚਾਰਕ ਹੱਲੇ ਤੋਂ, ਵੇਲੇ ਸਿਰ ਚੌਕਸ ਕਰਨ ਦਾ ਕੰਮ ਕੀਤਾ। ਪਰ ਯੂਨੀਵਰਸਿਟੀਆਂ ਦੇ ਕੁੱਝ ਅਧਿਆਪਕ ਅਜੇ ਵੀ ਟਲ ਨਹੀਂ ਰਹੇ।)

**(8) ਪੰਜਾਬੀ ਦੇ ਸ਼ਬਦ-ਜੋੜ ਉੱਚਾਰਣ ਦੇ ਵਧ ਤੋਂ ਵਧ ਨੇੜੇ ਰੱਖੇ ਜਾਣ।**

(ਸੰਸਕ੍ਰਿਤਵਾਦੀਆਂ ਨੇ, ਬੋਲੀ ਵਾਂਗ, ਸ਼ਬਦ-ਜੋੜਾਂ ਨੂੰ ਵੀ ਆਪਹੁਦਰੇ ਢੰਗ ਨਾਲ ਸੰਸਕ੍ਰਿਤਿਆਉਣਾ ਸ਼ੁਰੂ ਕਰ ਦਿੱਤਾ ਸੀ। ਇਸ ਰੁਚੀ ਦੇ ਵਿਰੁੱਧ ਇਕ ਤਿੱਖਾ ਪੰਜਾਬ-ਵਿਆਪੀ ਅੰਦੋਲਨ ਚਲਾਇਆ ਗਿਆ, ਜਿਸ ਦੇ ਸਿੱਟੇ ਵਜੋਂ ਪੰਜਾਬੀ ਯੂਨੀਵਰਸਿਟੀ ਨੂੰ ਇਕ ਉਚੇਚੀ 'ਸ਼ਬਦ-ਜੋੜ ਕਮੇਟੀ' ਥਾਪਣੀ ਪਈ, ਜੋ ਇਸ ਵੇਲੇ 'ਸ਼ਬਦ-ਜੋੜ ਕੋਸ਼' ਤਿਆਰ ਕਰ ਰਹੀ ਹੈ[1])।

**(9) ਸਾਰੇ ਸਰਕਾਰੀ ਦਫ਼ਤਰਾਂ ਦੀ ਲਿਖਾ-ਪੜ੍ਹੀ ਪੰਜਾਬੀ ਵਿਚ ਹੋਵੇ।**

(ਪੰਜਾਬ ਔਫ਼ਿਸ਼ਿਅਲ ਲੈਂਗੁਏਜ ਐਕਟ, 1967 ਦੀ ਧਾਰਾ 4 ਦੇ ਅਧੀਨ ਭਾਸ਼ਾ ਵਿਭਾਗ ਦੇ ਸਕੱਤਰ ਵੱਲੋਂ ਜਾਰੀ ਹੋਏ ਐਲਾਨ ਨੰਬਰ 861-ਐਲ.ਜੀ. 68/4661 ਮਿਤੀ 9/2/1968 ਅਨੁਸਾਰ 13/4/1968 ਤੋਂ ਰਾਜ-ਪੱਧਰ ਦੇ ਪ੍ਰਬੰਧ ਦੀ ਭਾਸ਼ਾ ਪੰਜਾਬੀ ਨਿਰਧਾਰਿਤ ਹੋ ਚੁੱਕੀ ਹੈ। ਦੋਹਾਂ ਐਲਾਨਾਂ ਵਿਚ shall be ਦੀ ਵਰਤੋਂ ਦੱਸਦੀ ਹੈ ਕਿ ਸਰਕਾਰ ਦੀ ਮਨਸ਼ਾ ਇਸ ਮਾਮਲੇ ਵਿਚ ਕਿਸੇ ਤਰ੍ਹਾਂ ਦੀ ਛੋਟ ਦੇਣ ਜਾਂ ਢਿੱਲ ਵਰਤਣ ਦੀ ਨਹੀਂ ਸੀ। ਅਜੇ ਬਹੁਤਾ ਚਿਰ ਨਹੀਂ ਹੋਇਆ, 10/8/81 ਨੂੰ, ਪੰਜਾਬ ਦੇ ਮੁਖ ਸਕੱਤਰ ਵੱਲੋਂ

1. ਇਹ ਕੋਸ਼ ਤਿਆਰ ਹੋ ਕੇ ਸੰਨ 1988 ਵਿਚ ਛਪ ਗਿਆ ਸੀ ਪਰ ਨਵੇਂ ਵੀ.ਸੀ. ਡਾ. ਜੁਗਿੰਦਰ ਸਿੰਘ ਪੁਆਰ ਨੇ ਇਸ ਦੀ ਵਿਕਰੀ ਉੱਤੇ ਅਣਐਲਾਨੀ ਪਾਬੰਦੀ ਲਾਈ ਦੱਸੀ ਜਾਂਦੀ ਹੈ।

WWW.SIKHBOOKCLUB.COM

ਪੰਜਾਬ ਦੇ ਸਾਰੇ ਵਿਭਾਗੀ ਮੁਖੀਆਂ ਨੂੰ ਆਪਣੇ ਅਰਧ-ਸਰਕਾਰੀ ਪੱਤਰ ਨੰਬਰ 3/12/80-1 ਸਿ(5) 2186 ਰਾਹੀਂ ਚੇਤਾਵਨੀ ਦਿੱਤੀ ਗਈ ਸੀ ਕਿ ਉਹ ਆਪਣਾ ਦਫ਼ਤਰੀ ਕਾਰ-ਵਿਹਾਰ ਰਾਜ-ਭਾਸ਼ਾ ਪੰਜਾਬੀ ਵਿਚ ਕਰਨ ਤੇ ਉਲੰਘਣ ਵਾਲੇ ਕਰਮਚਾਰੀ ਵਿਰੁੱਧ ਅਨੁਸ਼ਾਸਨੀ ਕਾਰਵਾਈ ਸ਼ੁਰੂ ਕਰਨ। ਪਰ ਸਰਕਾਰ ਦੇ ਆਪਣੇ ਭਾਸ਼ਾ ਵਿਭਾਗ ਦੇ ਤਾਜ਼ਾ ਸਰਵੇਖਣ (1981) ਅਨੁਸਾਰ, "ਜ਼ਿਲਾ ਪੱਧਰ ਦੇ ਦਫ਼ਤਰਾਂ ਵਿਚ 70%, ਡਾਇਰੈਕਟੋਰੇਟ ਪੱਧਰ ਦੇ ਦਫ਼ਤਰਾਂ ਵਿਚ 50% ਅਤੇ ਸਕੱਤਰੇਤ ਅਤੇ ਕਾਰਪੋਰੇਸ਼ਨਾਂ/ਬੋਰਡਾਂ ਵਿਚ 25% ਦੇ ਕਰੀਬ ਕੰਮ ਪੰਜਾਬੀ ਵਿਚ ਹੋ ਰਿਹਾ ਹੈ।" ਇਸ ਰਪੋਟ ਤੋਂ ਇੱਕੋ ਨਤੀਜਾ ਨਿਕਲ ਸਕਦਾ ਹੈ ਕਿ ਸਰਕਾਰ ਵਿਚ ਜਾਂ ਤਾਂ ਆਪਣੇ ਹੀ ਕਰਮਚਾਰੀਆਂ ਨੂੰ ਆਪਣਾ ਹੁਕਮ ਮਨਾਉਣ ਦੀ ਸੱਤਿਆ ਨਹੀਂ ਹੈ ਜਾਂ ਉਹ ਖ਼ਾਨਾਪੂਰੀ ਕਰ ਕੇ ਗੋਂਗਲੂਆਂ ਤੋਂ ਮਿੱਟੀ ਝਾੜਨਾ ਚਾਹੁੰਦੀ ਹੈ। ਪੰਜਾਬੀ ਨੇ ਜਦ ਲਾਗੂ ਹੋਣਾ ਹੈ, ਉੱਪਰੋਂ ਹੋਣਾ ਹੈ, ਹੇਠਲਿਆਂ ਵਿਚਾਰਿਆਂ ਦੇ ਤਾਂ ਭਾ ਨੂੰ ਬਣ ਜਾਂਦੀ ਹੈ, ਜਦੋਂ ਅੰਗਰੇਜ਼ੀ ਵਰਤਣੀ ਪੈਂਦੀ ਹੈ। ਇਸ ਵੇਲੇ ਮਾਤਹਿਤ ਪੰਜਾਬੀ ਤੇ ਅਫ਼ਸਰ ਅੰਗਰੇਜ਼ੀ ਹੀ ਵਰਤਦੇ ਹਨ।)

(10) **ਜਲੰਧਰ ਦੇ ਰੇਡੀਓ ਤੇ ਟੀ.ਵੀ. ਸਟੇਸ਼ਨਾਂ ਨੂੰ ਨਿਰੋਲ ਪੰਜਾਬੀ ਮਾਧਿਅਮ ਵਾਲੇ ਸਟੇਸ਼ਨ ਬਣਾਇਆ ਜਾਵੇ।**

(ਲਗਾਤਾਰ ਸੰਘਰਸ਼ ਦੇ ਬਾਵਜੂਦ ਇਸ ਵੇਲੇ ਜਲੰਧਰ ਦੇ ਰੇਡੀਓ ਤੇ ਟੀ.ਵੀ. ਸਟੇਸ਼ਨ, ਇਕ ਦੂਰ-ਦੀ-ਮਾਰ-ਕਰਨ-ਵਾਲੀ ਗਿਣੀ-ਮਿਥੀ ਨੀਤੀ ਅਧੀਨ ਅੰਗਰੇਜ਼ੀ, ਹਿੰਦੀ ਤੇ ਪੰਜਾਬੀ ਦੇ ਤਿਭਾਸ਼ੀ ਸਟੇਸ਼ਨ ਬਣੇ ਹੋਏ ਹਨ। ਸਭਾ ਦੀ ਪੰਜਾਬੀਕਰਨ ਦੀ ਮੰਗ ਬਾਰੇ 'ਜਨਤਾ' ਤੇ 'ਕਾਂਗਰਸ' ਦੀਆਂ ਕੇਂਦਰੀ ਸਰਕਾਰਾਂ ਦਾ ਰੁਖ਼ ਇੱਕੋ ਜਿਹਾ ਰਿਹਾ ਹੈ, ਬਲਕਿ ਸਭਾ ਦੇ ਰੋਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਸਥਿਤੀ ਵਿਚ ਸੁਧਾਰ ਦੀ ਥਾਂ ਨਿਘਾਰ ਲਿਆਂਦਾ ਜਾ ਰਿਹਾ ਹੈ।)

(11) **ਲੋੜਵੰਦ ਬਿਰਧ ਤੇ ਬੀਮਾਰ ਲੇਖਕਾਂ ਨੂੰ ਸਰਕਾਰ ਮਾਲੀ ਸਹਾਇਤਾ ਦੇਵੇ।**

(ਪੰਜਾਬ ਸਰਕਾਰ ਨੇ ਲੋੜਵੰਦ ਲੇਖਕਾਂ ਨੂੰ ਮਾਲੀ ਸਹਾਇਤਾ ਦੇਣ ਦੀ ਮੰਗ ਅਸੂਲਨ ਮੰਨ ਲਈ ਹੋਈ ਹੈ। ਇਸ ਵੇਲੇ 9 ਸਾਹਿੱਤਕਾਰਾਂ ਨੂੰ ਚਾਰ-ਚਾਰ ਸੌ ਰੁਪੈ ਮਾਹਵਾਰ ਪੈਨਸ਼ਨ ਵਜੋਂ ਦਿੱਤੇ ਜਾ ਰਹੇ ਹਨ। ਚੋਣਵੇਂ ਬੀਮਾਰ ਸਾਹਿੱਤਕਾਰਾਂ ਦੀ ਮਦਦ ਦੀ ਵੀ ਹਾਮੀ ਭਰੀ ਜਾਂਦੀ ਹੈ, ਪਰ ਨਾ ਪੈਨਸ਼ਨ ਦੀ ਰਕਮ ਹੀ ਕਾਫ਼ੀ ਹੈ ਤੇ ਨਾ ਉਮਰ ਜਾਂ ਬੀਮਾਰੀ ਨਾਲ ਲਾਚਾਰ ਹੋਏ ਲੇਖਕਾਂ ਦੀ ਬਾਹੁੜੀ ਦਾ ਹੀ ਕੋਈ ਤਸੱਲੀ-ਬਖ਼ਸ਼ ਪ੍ਰਬੰਧ ਹੈ। ਸਹਿੰਸਰਾ ਜੀ ਲਈ ਸਰਕਾਰ ਦੀ ਮਦਦ ਓਦੋਂ ਪਹੁੰਚੀ, ਜਦੋਂ ਉਨ੍ਹਾਂ ਦੀ ਮਿਰਤਕ ਦੇਹ ਨੂੰ ਸਸਕਾਰ ਲਈ ਲਿਜਾਣ ਦੀ ਤਿਆਰੀ ਹੋ ਰਹੀ ਸੀ। ਇਸ ਪਾਸੇ ਵੱਲ 'ਆਰਸੀ' ਦੇ ਸੰਪਾਦਕ ਭਾਪਾ ਪ੍ਰੀਤਮ ਸਿੰਘ ਵੱਲੋਂ ਹੋਇਆ ਉੱਦਮ ਸਰਕਾਰ ਨੂੰ ਕਿਤੇ ਪਿੱਛੇ ਛੱਡ ਗਿਆ ਹੈ।)

(12) **ਪੰਜਾਬੀ ਦੀਆਂ ਕਿਤਾਬਾਂ ਛਪਵਾਉਣ ਲਈ ਸਰਕਾਰੀ ਮਦਦ ਮਿਲੇ ਤੇ ਛਪਣ ਉਪਰੰਤ ਸਰਕਾਰ ਉਨ੍ਹਾਂ ਦੀ ਥੋਕ ਖ਼ਰੀਦ ਕਰਿਆ ਕਰੇ।**

(ਚੋਣਵੀਆਂ ਕਿਤਾਬਾਂ ਦੀ ਛਪਾਈ ਵਿਚ ਮਾਲੀ ਸਹਾਇਤਾ ਦੀ ਮੰਗ ਸਰਕਾਰ ਨੇ ਪਰਵਾਨ ਕਰ ਲਈ ਹੋਈ ਹੈ, ਪਰ ਰਕਮ ਬਹੁਤ ਥੋੜ੍ਹੀ ਰੱਖੀ ਜਾਂਦੀ ਹੈ। 1981-82 ਦੇ ਬਜਟ ਵਿਚ ਇਸ ਮੱਦ ਹੇਠ ਕੇਵਲ 15,000/- ਰੁਪੈ ਰੱਖੇ ਗਏ ਹਨ, ਜੋ ਨਿਰਾ ਇਕ ਮਖ਼ੌਲ-ਮਾਤਰ ਹੀ ਹੈ। ਬਜਟ ਵਿਚ ਪੰਜਾਬ ਤੋਂ ਬਾਹਰ ਦੇ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਲਈ 20,000/- ਰੁਪੈ ਵੱਖਰੇ ਰੱਖੇ ਹੋਏ ਹਨ।)

WWW.SIKHBOOKCLUB.COM 

**(13) ਚੰਗੀਆਂ ਪੰਜਾਬੀ ਫ਼ਿਲਮਾਂ ਦੀ ਸਰਪ੍ਰਸਤੀ ਹੋਇਆ ਕਰੇ।**

(ਅਜੇ ਤਕ ਪੰਜਾਬੀ ਫ਼ਿਲਮਾਂ ਨੂੰ ਕਿਸੇ ਬੱਝਵੀਂ ਜਾਂ ਨਿਯਮਿਤ ਨੀਤੀ ਅਨੁਸਾਰ ਉਤਸਾਹਿਤ ਕਰਨ ਦੀ ਸਰਕਾਰੀ ਯੋਜਨਾ ਸਾਹਮਣੇ ਨਹੀਂ ਆਈ, ਪਰ ਕਿਸੇ ਕਿਸੇ ਫ਼ਿਲਮ ਦਾ ਟੈਕਸ ਮੁਆਫ਼ ਕੀਤਾ ਜਾ ਰਿਹਾ ਹੈ।)

**(14) ਨਾਟਕ ਖੇਡਣ ਉੱਤੇ ਲੱਗੀਆਂ ਪਾਬੰਦੀਆਂ ਦੂਰ ਕੀਤੀਆਂ ਜਾਣ।**

(ਕਾਲਜਾਂ ਵਿਚ ਅਜੇ ਵੀ ਨਾਟਕ ਖੇਡਣ ਉੱਤੇ ਪਾਬੰਦੀਆਂ ਮੌਜੂਦ ਹਨ, ਭਾਵੇਂ ਇਨ੍ਹਾਂ ਨੂੰ ਅਮਲ ਵਿਚ ਘੱਟ-ਵੱਧ ਹੀ ਲਿਆਇਆ ਜਾਂਦਾ ਹੈ। ਦਿੱਲੀ ਤੇ ਚੰਡੀਗੜ੍ਹ ਦੀਆਂ ਹਕੂਮਤਾਂ ਸਾਰੀਆਂ ਪਾਬੰਦੀਆਂ ਵਾਪਸ ਲੈ ਚੁੱਕੀਆਂ ਹਨ।)

**(15) ਪੰਜਾਬੀਆਂ ਦੀ ਸੋਚ ਨੂੰ ਫ਼ਿਰਕੂਪੁਣੇ ਦੀ ਸਿਉਂਕ ਤੋਂ ਬਚਾਇਆ ਜਾਵੇ।**

(ਸਭਾ ਦੀ ਆਪਣੀ ਸੋਚ ਅਫ਼ਿਰਕੂ ਹੈ ਤੇ ਇਸ ਮਾਰਗ ਉੱਤੇ ਚੱਲਣ ਲਈ ਬਚਨ-ਬੱਧ ਵੀ ਹੈ, ਪਰ ਅਜੇ ਤਕ ਸਾਰੇ ਪੰਜਾਬੀ ਲੋਕਾਂ ਵਿਚ ਪੰਜਾਬੀਪੁਣੇ ਨੂੰ ਪਹਿਲ ਦੇਣ ਲਈ ਪੂਰੀ ਤਰ੍ਹਾਂ ਲਾਮ-ਬੰਦ ਕਰਨ ਵਿਚ ਸਫਲਤਾ ਦਾ ਦਾਅਵਾ ਨਹੀਂ ਕਰ ਸਕਦੀ, ਜਿਸ ਦਾ ਉਸ ਨੂੰ ਅਫ਼ਸੋਸ ਹੈ।)

3

ਉਪਰੋਕਤ ਸੂਚੀ ਵਿੱਚੋਂ ਜਿਹੜੇ ਕੰਮ ਅਜੇ ਸਿਰੇ ਨਹੀਂ ਚੜ੍ਹ ਸਕੇ, ਉਨ੍ਹਾਂ ਲਈ ਸਭਾ ਨੂੰ ਨਿਰੰਤਰ ਸੰਘਰਸ਼ ਜਾਰੀ ਰੱਖਣਾ ਪਵੇਗਾ। ਸਰਕਾਰਾਂ ਤੇ ਯੂਨੀਵਰਸਿਟੀਆਂ ਦੀ ਖੱਲ ਕਾਫ਼ੀ ਹੰਢਣਸਾਰ ਹੁੰਦੀ ਹੈ, ਇਸ ਲਈ ਕਿਸੇ ਵੀ ਸੁਧਾਰ ਲਈ ਉਨ੍ਹਾਂ ਨੂੰ ਲਗਾਤਾਰ ਹੁੱਜਾਂ ਦੀ ਲੋੜ ਪੈਂਦੀ ਹੈ। ਇਕ ਨਿੱਕੀ ਜਿਹੀ ਮਿਸਾਲ ਮੇਰੀ ਗੱਲ ਸਾਫ਼ ਕਰ ਦੇਵੇਗੀ। ਸਕੂਲਾਂ ਵਿਚ ਪੜ੍ਹਾਉਣ ਦੀ ਉਚੇਰੀ ਯੋਗਤਾ ਪ੍ਰਾਪਤ ਕਰਨ ਲਈ ਐਮ.ਐਡ. ਦੀ ਡਿਗਰੀ ਲੈਣੀ ਪੈਂਦੀ ਹੈ। ਸਕੂਲਾਂ ਵਿਚ, ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ, ਪੜ੍ਹਾਈ ਤੇ ਪਰੀਖਿਆ ਦਾ ਮਾਧਿਅਮ ਪੰਜਾਬੀ ਹੈ, ਜਾਂ ਕਿਤੇ ਕਿਤੇ ਹਿੰਦੀ, ਪਰ ਐਮ.ਐਡ. ਦੀ ਪੜ੍ਹਾਈ ਤੇ ਪਰੀਖਿਆ ਦਾ ਮਾਧਿਅਮ ਕੇਵਲ ਅੰਗਰੇਜ਼ੀ ਹੈ। ਐਮ.ਐਡ. ਦੀ ਅੰਗਰੇਜ਼ੀ ਵਿਚ ਸਿਖਲਾਈ ਲੈ ਚੁੱਕੇ ਮਾਸਟਰ ਨੂੰ ਪਹਿਲੇ ਦਿਨ ਹੀ ਪੰਜਾਬੀ ਵਿਚ ਪੜ੍ਹਾਉਣਾ ਪੈਂਦਾ ਹੈ। ਸਰਕਾਰ ਨੂੰ (ਜਿਸ ਦੇ ਸਿੱਖਿਆ-ਸਕੱਤਰ ਤੇ ਡੀ.ਪੀ.ਆਈ., ਪੰਜਾਬੀ ਯੂਨੀਵਰਸਿਟੀ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀਆਂ ਸਿੰਡੀਕੇਟਾਂ ਦੇ ਸਿੱਧੇ ਮੈਂਬਰ ਹੁੰਦੇ ਹਨ; ਜਿਸ ਦੇ ਕਾਲਜਾਂ ਦਾ ਡੀ.ਪੀ.ਆਈ., ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਸਿੰਡੀਕੇਟ ਦਾ ਮੈਂਬਰ ਹੁੰਦਾ ਹੈ ਤੇ ਜਿਸ ਦਾ ਸਿੱਖਿਆ ਮੰਤਰੀ, ਪੰਜਾਬੀ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀਆਂ ਦੀਆਂ ਸੈਨੇਟਾਂ ਦਾ ਮੈਂਬਰ ਹੁੰਦਾ ਹੈ), ਆਪਣੇ ਆਪ, ਇਹ ਕਦੀ ਨਹੀਂ ਸੁੱਝਦਾ ਕਿ ਐਮ.ਐਡ. ਵਿਚ ਅੰਗਰੇਜ਼ੀ ਮਾਧਿਅਮ ਵਾਲਾ ਢੰਗ ਇਕਦਮ ਬੰਦ ਹੋਣਾ ਚਾਹੀਦਾ ਹੈ। ਇਸੇ ਤਰ੍ਹਾਂ, ਸਾਡੀਆਂ ਯੂਨੀਵਰਸਿਟੀਆਂ ਦੇ ਉੱਚ ਅਧਿਕਾਰੀ, ਜਿਨ੍ਹਾਂ ਦਿਆਂ ਹੱਥਾਂ ਵਿਚ ਪੰਜਾਬ ਦੀ ਉਚੇਰੀ ਸਿੱਖਿਆ ਦੀ ਸਾਰੀ ਜ਼ਿੰਮੇਵਾਰੀ ਸੌਂਪੀ ਹੋਈ ਹੈ, ਇਸ ਉਡੀਕ ਵਿਚ ਅਹਿੱਲ ਬੈਠੇ ਰਹਿੰਦੇ ਹਨ ਕਿ ਉਨ੍ਹਾਂ ਦੇ ਬਣਾਏ ਪਾਠ-ਕ੍ਰਮਾਂ ਵਿਚ ਇਸ ਵੰਨਗੀ ਦੇ ਫ਼ਜ਼ੂਲ ਤੇ ਖ਼ਰਚੀਲੇ ਢਕਵੰਜਾਂ ਦੀ ਨਿਰਾਰਥਕਤਾ, ਕੋਈ ਬਾਹਰੋਂ ਆ ਕੇ ਉਨ੍ਹਾਂ ਨੂੰ ਦੱਸੇ।

ਇਸੇ ਤਰ੍ਹਾਂ ਜਦੋਂ ਵਜ਼ੀਰ ਸਾਹਿਬਾਨ, ਕਮਿਸ਼ਨਰ ਸਾਹਿਬਾਨ, ਸਕੱਤਰ ਸਾਹਿਬਾਨ ਤੇ ਡਾਇਰੈਕਟਰ ਸਾਹਿਬਾਨ ਆਪਣੇ ਮਾਤਹਿਤ ਸਾਥੀਆਂ ਲਈ ਕੋਈ ਯਰਕਾਊ ਹੁਕਮ ਕੱਢਦੇ

WWW.SIKHBOOKCLUB.COM

ਹਨ—"ਖ਼ਬਰਦਾਰ! ਜੇ ਲਿਖਾ-ਪੜ੍ਹੀ ਵਿਚ ਪੰਜਾਬੀ ਨਾ ਵਰਤੀ ਤਾਂ, ਔਹ ਕਰ ਦਿਆਂਗੇ, ਔਹ ਕਰ ਦਿਆਂਗੇ," ਓਦੋਂ ਜਿਨ੍ਹਾਂ ਲਈ ਇਹ ਹੁਕਮ ਕੱਢਿਆ ਹੁੰਦਾ ਹੈ, ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਇਸ ਉੱਤੇ ਕਿੰਨੇ ਕੁ ਅਮਲ ਦੀ ਆਸ ਕੀਤੀ ਜਾਂਦੀ ਹੈ, ਕਿਉਂਕਿ ਜਿਸ ਵਜ਼ੀਰ ਸਾਹਿਬ ਦੀ ਸਿੱਧੀ ਜ਼ਿੰਮੇਵਾਰੀ ਹੈ, ਪੰਜਾਬੀ ਦੇ ਹਿਤਾਂ ਉੱਤੇ ਪਹਿਰਾ ਦੇਣ ਦੀ, ਜੇ ਉਸ ਵੱਲੋਂ ਪੰਜਾਬੀ ਬਾਰੇ, ਪੰਜਾਬੀ ਵਿਚ ਲਿਖੀ ਚਿੱਠੀ ਦਾ ਉੱਤਰ, ਅੰਗਰੇਜ਼ੀ ਵਿਚ ਦਿੱਤਾ ਜਾ ਰਿਹਾ ਹੋਵੇ ਤਾਂ ਸਕੱਤਰੇਤ ਦੇ ਘੰਡ ਕਰਮਚਾਰੀਆਂ ਨੂੰ ਪਲਾਂ ਵਿਚ ਹੀ ਸੂਹ ਮਿਲ ਜਾਂਦੀ ਹੈ ਕਿ 'ਉੱਪਰਲੇ' ਕੀ ਚਾਹੁੰਦੇ ਹਨ ਤੇ ਕੀ ਨਹੀਂ ਚਾਹੁੰਦੇ। ਮੈਨੂੰ ਕਦੀ ਸਮਝ ਨਹੀਂ ਆਈ ਕਿ ਜੇ ਸਰਕਾਰ ਆਪਣਾ ਹੁਕਮ ਮਨਵਾਉਣਾ ਨਹੀਂ ਚਾਹੁੰਦੀ ਤਾਂ ਉਸ ਨੂੰ ਕੱਢਦੀ ਕਿਉਂ ਹੈ? ਪੰਜਾਬੀ ਦੇ ਹੱਕ ਵਿਚ ਥੋੜੀਆਂ ਜਿਹੀਆਂ ਕਾਗਤੀਆਂ ਕੱਢ ਕੇ ਪੰਜਾਬ-ਪੱਖੀਆਂ ਨੂੰ ਵਰਚਾਇਆ ਨਹੀਂ ਜਾ ਸਕਦਾ, ਸਰਕਾਰ ਆਪਣੇ ਹੁਕਮਾਂ ਦੀ ਦੁਰਦਸ਼ਾ ਕਰਵਾ ਕੇ ਆਪਣਾ ਨੂਰ ਜ਼ਰੂਰ ਗਵਾ ਲੈਂਦੀ ਹੈ। ਸ਼ਾਇਦ ਸਰਕਾਰ ਕੇਂਦਰੀ ਸਭਾ ਦੀ ਅਜ਼ਮਾਇਸ਼ ਕਰਨਾ ਚਾਹੁੰਦੀ ਹੈ। ਮੈਨੂੰ ਵਿਸ਼ਵਾਸ ਹੈ ਕਿ ਸਭਾ ਇਸ ਅਜ਼ਮਾਇਸ਼ ਲਈ ਤਿਆਰ ਹੋਵੇਗੀ।

ਮੈਨੂੰ ਪਤਾ ਹੈ ਕਿ ਸਾਡੇ ਕੁੱਝ ਮੈਂਬਰ ਇਸ ਵਿਚਾਰ ਦੇ ਹਨ ਕਿ ਜਿੰਨਾ ਚਿਰ ਸੱਚਾ ਲੋਕ-ਹਿਤ ਸਾਡੇ ਵਿਧਾਨ ਦੀ ਖ਼ਸਲਤ ਦਾ ਹਿੱਸਾ ਨਹੀਂ ਬਣਦਾ, ਓਨੀ ਦੇਰ ਪੰਜਾਬ ਦੀ ਸਰਕਾਰ ਪਾਸੋਂ ਪੰਜਾਬ ਦੇ ਲੋਕਾਂ ਦੀ ਬੋਲੀ ਦੇ ਹੱਕਾਂ ਦੀ ਸੁਰੱਖਿਆ ਦੀ ਆਸ ਕਰਨੀ ਵਿਅਰਥ ਹੈ, ਪਰ ਮੈਂ ਇਹ ਮੰਨਣ ਨੂੰ ਤਿਆਰ ਨਹੀਂ ਕਿ ਜਿੰਨੀ ਦੇਰ, ਸਰਕਾਰ ਦਾ ਬੁਨਿਆਦੀ ਲੱਛਣ ਸਾਡੀ ਮਨਸ਼ਾ ਵਾਲਾ ਲੋਕ-ਹਿਤ ਨਹੀਂ ਬਣ ਜਾਂਦਾ, ਓਨੀ ਦੇਰ ਲੋਕ-ਰਾਏ ਦੇ ਸੰਗਠਿਤ ਦਬਾਉ ਦਾ ਉਸ ਉੱਤੇ ਕੋਈ ਅਸਰ ਹੀ ਨਹੀਂ ਹੁੰਦਾ। ਇਸੇ ਲਈ ਸਭਾ ਨੂੰ ਰਾਜ ਸਰਕਾਰ ਦੇ ਦਫ਼ਤਰਾਂ ਵਿਚ, ਗਵਰਨਰ ਦੀ ਪੱਧਰ ਤੋਂ ਲੈ ਕੇ, ਚਪੜਾਸੀ ਦੀ ਪੱਧਰ ਤਕ ਦੀ ਸਰਕਾਰੀ ਲਿਖਾ-ਪੜ੍ਹੀ ਦੇ ਪੰਜਾਬੀਕਰਣ, ਯੂਨੀਵਰਸਿਟੀਆਂ, ਕਾਰਪੋਰੇਸ਼ਨਾਂ, ਮਿਉਂਸਿਪਲ ਕਮੇਟੀਆਂ, ਬੋਰਡਾਂ ਤੇ ਹੋਰ ਸਾਰੀਆਂ ਅਰਧ-ਸਰਕਾਰੀ ਸੰਸਥਾਵਾਂ ਦੀ ਲਿਖਾ-ਪੜ੍ਹੀ ਪੰਜਾਬੀ ਵਿਚ ਕਰਾਉਣ, ਹੇਠੋਂ ਲੈ ਕੇ ਉੱਪਰ ਤਕ ਪੰਜਾਬੀ ਨੂੰ ਸਿੱਖਿਆ ਦਾ ਮਾਧਿਅਮ ਬਣਵਾਉਣ, ਰੇਡੀਓ ਤੇ ਟੀ.ਵੀ. ਦੇ ਪੰਜਾਬ ਤੇ ਚੰਡੀਗੜ੍ਹ ਵਿਚਲੇ ਸਟੇਸ਼ਨਾਂ ਨੂੰ ਨਿਰੋਲ ਪੰਜਾਬੀ ਮਾਧਿਅਮ ਵਾਲੇ ਸਟੇਸ਼ਨ ਬਣਵਾਉਣ ਤੇ ਹੋਰ ਸਾਰੀਆਂ ਅਪੂਰਨ ਮੰਗਾਂ ਨੂੰ ਮਨਵਾਉਣ ਲਈ ਅੱਗੇ ਵਾਂਗ ਹੀ ਆਪਣਾ ਸੰਘਰਸ਼ ਜਾਰੀ ਰੱਖਣਾ ਪਵੇਗਾ।

4

ਉਪਰੋਕਤ ਬਹੁਤ ਸਾਰੇ ਪ੍ਰੋਗਰਾਮਾਂ ਦਾ ਸੰਬੰਧ ਪੰਜਾਬੀਕਰਣ ਨਾਲ ਹੈ, ਪਰ ਕੋਈ ਲੇਖਕਾਂ ਦੀ ਸਭਾ ਇਸ ਤਰ੍ਹਾਂ ਦੇ ਪ੍ਰੋਗਰਾਮਾਂ ਵਿਚ ਉਲਝ ਕੇ ਆਪਣੇ ਲਿਖਣ-ਪੜ੍ਹਨ ਵਾਲੇ ਪ੍ਰੋਗਰਾਮ ਨੂੰ ਛਿੱਕੇ ਉੱਤੇ ਨਹੀਂ ਟੰਗ ਸਕਦੀ। ਮੈਨੂੰ ਇਹਸਾਸ ਹੈ ਕਿ ਜੋ ਹਿਰਦਾ ਰਚਨਾਤਮਕ ਕਣੀ ਤੋਂ ਉੱਕਾ ਕੋਰਾ ਹੈ, ਸਭਾ ਉਸ ਵਿਚ ਰਚਨਾ ਦੀ ਹਰੇਵਾਈ ਨਹੀਂ ਲਿਆ ਸਕਦੀ, ਪਰ ਜਿੱਥੇ ਪੁੰਗਾਰਾ ਪੈ ਚੁੱਕਾ ਹੈ, ਓਥੇ ਵਿਗਾਸ ਵਾਲੇ ਹਾਲਾਤ ਪੈਦਾ ਕਰਨ ਵਿਚ ਸਭਾ ਚੋਖੀ ਸਹਾਈ ਹੋ ਸਕਦੀ ਹੈ। ਨੌਜਵਾਨ ਲੇਖਕਾਂ ਨੂੰ ਹਲਾਸ਼ੇਰੀ, ਪ੍ਰੇਰਨਾ, ਉਤਸਾਹ ਤੇ, ਕਈ ਵਾਰੀ, ਸੇਧ ਜਾਂ ਸੁਧਾਈ ਦੀ ਲੋੜ ਹੁੰਦੀ ਹੈ। ਸਥਾਪਿਤ ਲੇਖਕਾਂ ਦੀ ਵੀ ਲੋੜ ਹੁੰਦੀ ਹੈ ਕਿ ਉਨ੍ਹਾਂ ਦੀ [illegible] ਮੁਖ ਰੱਖ ਕੇ ਸਭਾ ਨੇ ਪਿਛਲੇ ਕੁੱਝ

WWW.SIKHBOOKCLUB.COM Page 99

ਤੋਂ ਪੁਸਤਕ-ਆਲੋਚਨਾ ਦਾ ਇਕ ਪ੍ਰੋਗਰਾਮ ਸ਼ੁਰੂ ਕੀਤਾ ਹੋਇਆ ਹੈ, ਜਿਸ ਨੂੰ ਮੈਂਬਰਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ ਹੈ। ਹੁਣ ਤਕ ਪੰਜ ਕਿਤਾਬਾਂ ਬਾਰੇ ਗੋਸ਼ਟੀਆਂ ਹੋ ਚੁੱਕੀਆਂ ਹਨ। ਲਿਖਤਾਂ ਨੂੰ ਅਧਿਐਨ ਤੇ ਚਰਚਾ ਦਾ ਵਿਸ਼ਾ ਬਣਾ ਕੇ ਸੂਝਵਾਨ ਪਾਠਕਾਂ ਦੀ ਗਿਣਤੀ ਵਿਚ ਵਾਧਾ, ਇਸ ਪ੍ਰੋਗਰਾਮ ਦਾ ਮਨੋਰਥ ਹੈ।

ਇਸ ਲੜੀ ਦੇ ਦੋ ਹੋਰ ਕਾਰਜ ਹਨ ਜੋ ਅਜੇ ਛੋਹੇ ਨਹੀਂ ਗਏ, ਪਰ ਆਸ ਹੈ ਕਿ ਇਨ੍ਹਾਂ ਨੂੰ ਸਭਾ ਆਪਣੇ ਬਾਕਾਇਦਾ ਪ੍ਰੋਗਰਾਮਾਂ ਵਿਚ ਸ਼ਾਮਿਲ ਕਰ ਲਵੇਗੀ। ਪਹਿਲਾ ਹੈ 'ਸੈਮੀਨਾਰਾਂ' ਦਾ ਤੇ ਦੂਜਾ 'ਵਰਕਸ਼ਾਪਾਂ' ਦਾ। ਵਰ੍ਹੇ ਵਿਚ ਘੱਟ ਤੋਂ ਘੱਟ ਇਕ ਉੱਚ-ਪੱਧਰੀ ਦੋ-ਦਿਨਾ ਸੈਮੀਨਾਰ ਕਿਸੇ ਭਖਦੇ ਸਾਹਿੱਤਿਕ ਮਸਲੇ ਉੱਤੇ ਕੀਤਾ ਜਾਵੇਗਾ, ਜਿਸ ਵਿਚ ਪੜ੍ਹੇ ਗਏ ਪੇਪਰਾਂ, ਉਨ੍ਹਾਂ ਉੱਤੇ ਹੋਈ ਬਹਿਸ ਤੇ ਅੰਤਿਮ ਨਿਰਣਿਆਂ ਨੂੰ ਕਿਤਾਬੀ ਸ਼ਕਲ ਵਿਚ ਸਾਂਭਿਆ ਜਾਵੇਗਾ। ਪੁਰਾਣੇ ਸਾਹਿੱਤ ਤੇ ਪੁਰਾਣੇ ਮਸਲਿਆਂ ਬਾਰੇ ਤਾਂ ਚਰਚਾ ਹੁੰਦੀ ਹੀ ਰਹਿੰਦੀ ਹੈ, ਇਸ ਲਈ ਪ੍ਰਸਤਾਵਿਤ ਸੈਮੀਨਾਰਾਂ ਵਿਚ ਚਾਲੂ ਵਿਵਾਦਾਂ ਨੂੰ ਬਹਿਸ-ਅਧੀਨ ਲਿਆਉਣ ਦਾ ਉਪਰਾਲਾ ਹੋਵੇਗਾ। ਵਰ੍ਹੇ ਵਿਚ ਘੱਟੋ-ਘੱਟ ਇਕ ਵਰਕਸ਼ਾਪ ਵੀ ਹੋ ਸਕੇ ਤਾਂ ਬੜੀ ਚੰਗੀ ਗੱਲ ਹੋਵੇਗੀ। ਹਫ਼ਤੇ-ਦਸਾਂ ਦਿਨਾਂ ਦੇ ਇਸ ਪ੍ਰੋਗਰਾਮ ਰਾਹੀਂ ਸਭਾ ਕਿਸੇ ਨਾ ਕਿਸੇ ਸਥਾਪਿਤ ਲੇਖਕ ਦੀ ਨਿਗਰਾਨੀ ਹੇਠ, ਨਵੇਂ ਲੇਖਕਾਂ ਨੂੰ ਸਾਹਿੱਤ ਦੇ ਕਿਸੇ ਇਕ ਰੂਪ ਵਿਚ ਨਵੇਂ ਤਜਰਬੇ ਕਰਨ ਦੇ ਤਕਨੀਕੀ ਪੱਖਾਂ ਵਿਚ ਮੁਹਾਰਤ ਪ੍ਰਾਪਤ ਕਰਨ ਦੇ ਮੌਕੇ ਮੁਹੱਈਆ ਕਰੇਗੀ। ਮਸਲਨ, ਇਕ ਵਰਕਸ਼ਾਪ ਵਿਚ ਸ. ਕਰਤਾਰ ਸਿੰਘ ਦੁੱਗਲ ਨੂੰ ਅਗਵਾਈ ਦੀ ਬੇਨਤੀ ਕੀਤੀ ਜਾਵੇਗੀ। ਉਸ ਵਿਚ ਅੱਠ-ਦਸ ਨਵੇਂ ਕਹਾਣੀਕਾਰਾਂ ਨੂੰ ਉਨ੍ਹਾਂ ਨਾਲ ਰਹਿਣ ਤੇ ਵਿਚਾਰ-ਵਟਾਂਦਰਾ ਕਰਨ ਦਾ ਮੌਕਾ ਮਿਲੇਗਾ। ਇਸੇ ਤਰ੍ਹਾਂ, ਜਿਨ੍ਹਾਂ ਨਵੇਂ ਕਵੀਆਂ ਨੂੰ ਛੰਦ-ਗਿਆਨ ਦੀ ਲੋੜ ਹੈ, ਉਨ੍ਹਾਂ ਲਈ ਹਫ਼ਤਾ-ਦਸ ਦਿਨ, ਸ. ਸਾਧੂ ਸਿੰਘ ਹਮਦਰਦ ਜਾਂ ਪ੍ਰਿੰਸੀਪਲ ਤਖ਼ਤ ਸਿੰਘ ਨਾਲ ਬਿਤਾਉਣ ਦਾ ਪ੍ਰਬੰਧ ਕੀਤਾ ਜਾਵੇਗਾ। ਮੈਨੂੰ ਪੂਰੀ ਆਸ ਹੈ ਕਿ ਸੈਮੀਨਾਰਾਂ ਤੇ ਵਰਕਸ਼ਾਪਾਂ ਵਾਲੇ ਪ੍ਰੋਗਰਾਮ ਵੀ 'ਪੁਸਤਕ-ਆਲੋਚਨਾ' ਵਾਲੇ ਪ੍ਰੋਗਰਾਮ ਦੀ ਤਰ੍ਹਾਂ ਕਾਫ਼ੀ ਸਫਲ ਹੋਣਗੇ। ਇਨ੍ਹਾਂ ਪ੍ਰੋਗਰਾਮਾਂ ਨੂੰ ਜਾਰੀ ਕਰ ਲੈਣ ਦੇ ਬਾਅਦ ਸਾਨੂੰ ਆਪਣੇ ਘਰੋਂ ਨਿਕਲ ਕੇ ਸਾਰੀਆਂ ਆਧੁਨਿਕ ਭਾਰਤੀ ਭਾਸ਼ਾਵਾਂ ਦੇ ਸਾਂਝੇ ਮਾਮਲਿਆਂ ਬਾਰੇ ਜਾਂ ਹਿੰਦ-ਪਾਕ ਦੇ ਪੰਜਾਬੀ ਦੇ ਸਾਂਝੇ ਸਾਹਿੱਤਿਕ ਮਸਲਿਆਂ ਬਾਰੇ ਜਾਂ ਸੰਸਾਰ-ਵਿਆਪੀ ਸਾਹਿੱਤਿਕ ਤੇ ਸਭਿਆਚਾਰਕ ਮਸਲਿਆਂ ਬਾਰੇ ਵਿਚਾਰ-ਵਟਾਂਦਰੇ ਲਈ ਸਭਾ ਦਾ ਮੰਚ ਵਿਸ਼ਾਲ ਕਰਨ ਬਾਰੇ ਵੀ ਸੋਚਣਾ ਪਵੇਗਾ।

ਇਕ ਹੋਰ ਪ੍ਰੋਗਰਾਮ, ਜਿਸ ਦਾ ਆਰੰਭ ਸਿਲਵਰ ਜੁਬਲੀ ਤੋਂ ਹੀ ਕੀਤਾ ਜਾ ਰਿਹਾ ਹੈ, ਨਾਟਕ ਦੇ ਖੇਤਰ ਨਾਲ ਸੰਬੰਧਿਤ ਹੈ। ਨਾਟਕ, ਲੋਕਾਂ ਨੂੰ ਪਰਚਾਉਣ, ਹਲੂਣਨ ਤੇ ਸੋਚਣ ਲਈ ਮਜਬੂਰ ਕਰਨ ਦਾ ਸਾਧਨ ਹੀ ਨਹੀਂ, ਸਰਕਾਰ ਤੇ ਸਮਾਜ ਦੇ ਵਿੰਗ ਕੱਢਣ ਵਾਲਾ ਬਲਵਾਨ ਸੋਧਕ ਤੇ ਸੋਧਕ ਸੰਦ ਵੀ ਹੈ। ਕੇਂਦਰੀ ਲੇਖਕ ਸਭਾ ਦੀ ਖ਼ੁਸ਼ਕਿਸਮਤੀ ਹੈ ਕਿ ਪੰਜਾਬੀ ਦੇ ਤਕਰੀਬਨ ਸਾਰੇ ਸਿਰਕੱਢ ਨਾਟਕਕਾਰ ਇਸ ਦੇ ਮੈਂਬਰ ਹਨ। ਸਭਾ ਦੀ ਬੇਨਤੀ ਮੰਨ ਕੇ ਪ੍ਰੋ. ਅਜਮੇਰ ਸਿੰਘ ਔਲਖ, ਡਾ. ਆਤਮਜੀਤ ਸਿੰਘ, ਸ. ਕਪੂਰ ਸਿੰਘ ਘੁੰਮਣ, ਆਦਿ ਨਾਟਕਕਾਰਾਂ ਨੇ, ਹੋਰ ਨਾਟਕਕਾਰ ਮੈਂਬਰਾਂ ਦੇ ਸਹਿਯੋਗ ਨਾਲ, ਸਭਾ ਵੱਲੋਂ ਨਾਟਕ-ਸਰਗਰਮੀ ਤੇਜ਼ ਕਰਨ ਦੀ ਜ਼ਿੰਮੇਵਾਰੀ ਸੰਭਾਲ ਲਈ ਹੈ; ਜਿਸ ਲਈ ਅਸੀਂ ਉਨ੍ਹਾਂ ਦੇ ਸ਼ੁਕਰਗੁਜ਼ਾਰ ਹਾਂ। ਆਸ ਹੈ, ਸਭਾ ਦਾ ਇਹ ਨਵਾਂ ਪ੍ਰੋਗਰਾਮ ਛੇਤੀ ਹੀ ਪੰਜਾਬ ਦੇ ਸਭਿਆਚਾਰਕ ਨਕਸ਼ੇ ਉੱਤੇ ਆਪਣੀ ਨਵੇਕਲੀ ਥਾਂ ਪੈਦਾ ਕਰ ਲਵੇਗਾ।

WWW.SIKHBOOKCLUB.COM

## 5

ਪੰਜਾਬ ਵਿਚ ਪੰਜਾਬੀ ਲੇਖਕਾਂ ਨੂੰ ਇਕ ਅਨੋਖੇ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲੇਖਕ ਅਨੇਕ ਹਨ, ਛਾਪਕ ਕੋਈ ਨਹੀਂ; ਪਾਠਕ ਅਨੇਕ ਹਨ, ਖ਼ਰੀਦਾਰ ਕੋਈ ਨਹੀਂ। ਸਾਹਿੱਤ ਦਾ ਵਾਧਾ ਹੋਵੇ ਤਾਂ ਕਿਵੇਂ ? ਇਸ ਦਾ ਜਵਾਬ ਇਹ ਹੈ ਕਿ ਪੁਸਤਕ-ਪ੍ਰਕਾਸ਼ਨ ਦੇ ਕੰਮ ਨੂੰ ਵੀ ਉਦਯੋਗ ਦਾ ਦਰਜਾ ਮਿਲ ਜਾਵੇ ਤਾਂ ਜੋ ਬੈਂਕ, ਪ੍ਰਕਾਸ਼ਕਾਂ ਨੂੰ ਕਰਜ਼ੇ ਦੇ ਸਕਣ। ਦੂਜਾ ਤਰੀਕਾ ਇਹ ਹੈ ਕਿ ਸਰਕਾਰ ਆਉਂਦੇ ਦਸਾਂ ਸਾਲਾਂ ਵਿਚ ਪੁਸਤਕ-ਉਦਯੋਗ ਲਈ 100 ਕਰੋੜ ਰੁਪੈ ਕੱਢੇ। ਪੁਸਤਕ-ਕਾਰਪੋਰੇਸ਼ਨ ਵੀ ਖੜੀ ਕਰੇ ਅਤੇ ਪ੍ਰਕਾਸ਼ਕਾਂ ਨੂੰ ਵੀ ਹਲਾਸ਼ੇਰੀ ਦੇਵੇ। ਹਰ ਬਸ ਅੱਡੇ ਉੱਤੇ, ਹਰ ਨਵੀਂ ਮੰਡੀ ਵਿਚ, ਹਰ ਨਵੀਂ ਬਸਤੀ ਵਿਚ, ਘੱਟੋ-ਘੱਟ ਹਰ ਜ਼ਿਲੇ ਅਤੇ ਤਹਿਸੀਲ ਵਿਚ ਅਤੇ ਸਕੱਤਰੇਤਾਂ ਵਿਚ ਪੰਜਾਬੀ ਅਖ਼ਬਾਰ, ਰਿਸਾਲੇ ਤੇ ਕਿਤਾਬਾਂ ਵੇਚਣ ਵਾਲੀ ਘੱਟੋ-ਘੱਟ ਇਕ ਦੁਕਾਨ ਰਾਖਵੀਂ ਰੱਖੀ ਜਾਵੇ। ਲਾਲਚ ਦੇਣ ਲਈ ਕਿਰਾਇਆ ਨਾਮ-ਮਾਤਰ ਰੱਖਿਆ ਜਾ ਸਕਦਾ ਹੈ ਜਾਂ ਪੰਜਾਂ ਵਰ੍ਹਿਆਂ ਲਈ ਮੁਫ਼ਤ ਦੇਣ ਦਾ ਪ੍ਰਬੰਧ ਹੋ ਸਕਦਾ ਹੈ। ਟਰਾਲੀਆਂ ਰਾਹੀਂ ਕਿਤਾਬਾਂ ਪਿੰਡ ਪਿੰਡ ਲਿਜਾ ਕੇ ਵੇਚੀਆਂ ਜਾਣ, ਮੇਲਿਆਂ- ਮੁਸਾਹਬਿਆਂ ਉੱਤੇ ਵੀ ਇਹ ਟਰਾਲੀਆਂ ਪਹੁੰਚਣ—ਫੇਰ ਵੇਖੋ, ਕਿਤਾਬਾਂ ਵਿਕਦੀਆਂ ਹਨ ਕਿ ਨਹੀਂ ? ਦੁਕਾਨ ਉੱਤੇ ਕਿਤਾਬਾਂ ਬਹੁਤ ਪਈਆਂ ਹੋਣ ਤਾਂ ਬਹੁਤੀਆਂ ਵਿਕਦੀਆਂ ਹਨ ਤੇ ਬਹੁਤੀਆਂ ਵਿਕਣ ਤਾਂ ਨਫ਼ਾ ਵੀ ਬਹੁਤਾ ਹੁੰਦਾ ਹੈ। ਭੇਤ ਸਾਰਾ ਪੈਸੇ ਲਾਉਣ ਵਿਚ ਹੈ। ਜਿਹੜੀ ਸਰਕਾਰ ਕਲਚਰ ਵੱਲੋਂ ਚੇਤਨ ਹੋਵੇਗੀ, ਉਸ ਲਈ ਦਸਾਂ ਸਾਲਾਂ ਵਿਚ 100 ਕਰੋੜ ਰੁਪੈ ਕੱਢਣੇ ਉੱਕਾ ਔਖੇ ਨਹੀਂ ਹੋਣ ਲੱਗੇ।

## 6

ਲੇਖਕ ਸਭਿਆਚਾਰ ਦੇ ਦੂਤ ਹੁੰਦੇ ਹਨ—ਮਤਲਬ ਹੈ ਉਸ ਆਚਾਰ-ਵਿਹਾਰ ਦੇ ਦੂਤ ਹੁੰਦੇ ਹਨ, ਜਿਸ ਵਿਚ ਸਭਿਅਤਾ ਹੁੰਦੀ ਹੈ। ਉਹ ਸਾਹਿੱਤਕਾਰ ਹੁੰਦੇ ਹਨ, ਅਰਥਾਤ ਉਨ੍ਹਾਂ ਦੀਆਂ ਰਚਨਾਵਾਂ 'ਹਿਤ' ਵਾਲੀਆਂ ਹੁੰਦੀਆਂ ਹਨ। ਉਹ ਸੱਚ (ਸਤਜਮ), ਲੋਕ-ਭਲਾਈ (ਸ਼ਿਵਮ) ਤੇ ਸੁੰਦਰਤਾ (ਸੁੰਦਰਮ) ਦੇ ਪੁਜਾਰੀ ਹੁੰਦੇ ਹਨ। ਉਨ੍ਹਾਂ ਦਾ ਅੰਦਰਲਾ, ਸ੍ਰਿਸ਼ਟੀ ਵਿਚ ਪੱਸਰੇ ਗੀਤ-ਰਸ ਨਾਲ, ਜਿਸ ਨੂੰ ਗੁਰੂ ਨਾਨਕ ਸਾਹਿਬ 'ਗੀਅ-ਰਸ' ਕਹਿੰਦੇ ਹਨ, ਇਕਸੁਰ ਹੁੰਦਾ ਹੈ। ਅਨਿਆਂ, ਰਾਜ-ਪ੍ਰਬੰਧ ਵੱਲੋਂ ਹੋਵੇ ਜਾਂ ਸਮਾਜ ਵੱਲੋਂ, ਉਨ੍ਹਾਂ ਪਾਸੋਂ ਸਹਿਆ ਨਹੀਂ ਜਾਂਦਾ। ਉਹ ਦੰਭ ਦੇ ਭੁਕਾਨੇ ਨੂੰ ਪਾੜਨ ਤੋਂ ਬਿਨਾਂ ਨਹੀਂ ਰਹਿ ਸਕਦੇ। ਉਹ ਰੰਗ, ਨਸਲ, ਮਜ਼ਹਬ ਜਾਂ ਲਿੰਗ ਦੇ ਭੇਦਾਂ ਤੋਂ ਧੋਖਾ ਖਾ ਕੇ, ਇਨਸਾਨ ਦੀ ਇਨਸਾਨੀਅਤ ਤੇ ਭਾਈਚਾਰੇ ਦੀ ਏਕਤਾ ਨੂੰ ਕਦੀ ਨਹੀਂ ਭੁਲਾਉਂਦੇ। ਇਹ ਕੋਈ ਸੱਤ ਸਮੁੰਦਰੋਂ ਪਾਰ ਦੇ ਕਿਸੇ ਆਦਰਸ਼ ਲੇਖਕ ਦੇ ਗੁਣ ਨਹੀਂ, ਪੰਜਾਬ ਦੇ ਆਪਣੇ ਲੇਖਕਾਂ ਦੇ ਲੱਛਣ ਹਨ। ਬਾਬਾ ਫ਼ਰੀਦ, ਗੁਰੂ ਨਾਨਕ, ਸ਼ਾਹ ਹੁਸੈਨ, ਦਮੋਦਰ, ਬੁੱਲ੍ਹੇ ਸ਼ਾਹ ਤੇ ਵਾਰਿਸ ਸ਼ਾਹ ਤੋਂ ਲੈ ਕੇ ਪੂਰਨ ਸਿੰਘ, ਧਨੀ ਰਾਮ ਚਾਤ੍ਰਿਕ, ਗੁਰਬਖ਼ਸ਼ ਸਿੰਘ (ਪ੍ਰੀਤ ਲੜੀ), ਨਾਨਕ ਸਿੰਘ, ਮੋਹਨ ਸਿੰਘ ਤੇ ਸ਼ਿਵ ਕੁਮਾਰ ਤਕ; ਗੱਲ ਕੀ, ਕਿਸੇ ਲੇਖਕ ਉੱਤੇ ਉਂਗਲ ਰੱਖ ਲਓ, ਹਰ ਇਕ ਵਿਚ ਸੱਚ, ਸੁਹਜ ਤੇ ਮਾਨਵਤਾ ਦੇ ਗੁਣ-ਲੱਛਣ ਲੱਭਣਗੇ। ਆਪਣੇ ਇਸ ਵਿਰਸੇ ਉੱਤੇ ਹਰ ਪੰਜਾਬੀ ਨੂੰ ਮਾਣ ਹੋਣਾ ਚਾਹੀਦਾ ਹੈ। ਅੱਜ ਪੰਜਾਬ ਦਾ ਰਾਜਸੀ ਮਾਹੌਲ ਕੁੱਝ ਸੁਖਾਵਾਂ ਨਹੀਂ, ਇਕ ਵਾਰੀ ਫੇਰ ਇਨਸਾਨ ਵੇਖਣ [illegible] ਚੜ੍ਹਨ ਲੱਗ ਪਏ ਹਨ। ਐਸ ਮੌ

WWW.SIKHBOOKCLUB.COM Page 101

ਪੰਜਾਬੀ ਲੇਖਕਾਂ ਦਾ ਕੀ ਫ਼ਰਜ਼ ਬਣਦਾ ਹੈ ? ਉਹ ਗੁਰੂ ਨਾਨਕ, ਵਾਰਿਸ ਸ਼ਾਹ ਤੇ ਧਨੀ ਰਾਮ ਚਾਤ੍ਰਿਕ ਦੀਆਂ ਏਕਤਾ ਤੇ ਸਾਂਝ ਵਾਲੀਆਂ ਪਰੰਪਰਾਵਾਂ ਉੱਤੇ ਚੱਲਣ ਜਾਂ ਅੱਗ ਖਾ ਕੇ ਅੰਗਾਰੇ ਹੱਗਣੇ ਸ਼ੁਰੂ ਕਰ ਦੇਣ ? ਸਪਸ਼ਟ ਹੈ ਕਿ ਕੋਈ ਵੀ ਲੇਖਕ, ਖ਼ਾਸ ਕਰ ਕੇ ਸਭਾ ਨਾਲ ਸੰਬੰਧ ਰੱਖਣ ਵਾਲਾ, ਆਪਣੀਆਂ ਸ਼ਾਨਦਾਰ ਮਨੁੱਖ-ਹਿਤੈਸ਼ੀ ਰਿਵਾਇਤਾਂ ਤੋਂ ਬੇਮੁਖ ਹੋਣ ਦੀ ਨਹੀਂ ਸੋਚ ਸਕਦਾ। ਇਹ ਤਾਂ ਸਗੋਂ ਵੇਲਾ ਹੈ ਆਪਣੇ ਵੀਰਾਂ ਨੂੰ ਇਹ ਦ੍ਰਿੜ ਕਰਾਉਣ ਦਾ ਕਿ ਪੰਜਾਬ ਵਿਚ ਫ਼ਿਰਕੂ ਹਨੇਰੀ ਆਪਣੀ ਸਾਂਝੀ ਮਾਂ-ਬੋਲੀ ਪੰਜਾਬੀ ਨੂੰ ਅਪਣਾਉਣ ਨਾਲ ਟਲ ਸਕਦੀ ਹੈ। ਪੰਜਾਬੀ ਤੋਂ ਬੇਮੁਖਤਾ ਸੈਂਕੜੇ ਮਸਲਿਆਂ ਦੀ ਜਨਮ-ਦਾਤੀ ਹੈ, ਜਿਨ੍ਹਾਂ ਵਿੱਚੋਂ ਇਕ ਹੈ ਫ਼ਿਰਕੂਪੁਣਾ। ਜੇ ਸਾਡਾ ਨਿਸ਼ਾਨਾ ਸੁਖੀ ਤੇ ਖ਼ੁਸ਼ਹਾਲ ਪੰਜਾਬ ਵਾਲਾ ਹੈ ਤਾਂ ਏਕੇ ਤੇ ਅਮਨ ਤੋਂ ਬਿਨਾਂ ਇਸ ਨਿਸ਼ਾਨੇ ਉੱਤੇ ਨਹੀਂ ਪੁੱਜਿਆ ਜਾ ਸਕਦਾ। ਦੋਖੀ ਕੱਟੜਤਾ ਦੇ ਤਣਾਉ ਵਿੱਚੋਂ ਮਜ਼ਹਬਾਂ ਦੀ ਦੁਰਵਰਤੋਂ ਪੈਦਾ ਹੁੰਦੀ ਹੈ, ਜੋ ਅੱਗੋਂ ਹੋਰ ਫ਼ਿਰਕੂ ਤਣਾਉ ਨੂੰ ਸ਼ਹਿ ਦੇਂਦੀ ਹੈ। ਇਸ ਫ਼ਿਰਕੂ ਤਣਾਉ ਦਾ ਇਲਾਜ ਵੀ, ਸਾਹਿੱਤ ਤੇ ਸਭਿਆਚਾਰ ਦੇ ਮੁਦਈਆਂ ਪਾਸੋਂ ਮਿਲ ਸਕਦਾ ਹੈ। ਜੇ ਸਰਕਾਰ ਸੱਚ ਮੁੱਚ ਇਸ ਤਣਾਉ ਨੂੰ ਹਟਾਉਣ ਦੀ ਇੱਛਕ ਹੈ ਤਾਂ ਤੋਪ-ਤਲਵਾਰ ਨਾਲੋਂ ਲੋਕਾਂ ਦਾ ਵਿਸ਼ਵਾਸ, ਲੋਕਾਂ ਦੀ ਆਪਣੀ ਭਾਸ਼ਾ ਵਿਚ ਪੈਦਾ ਕਰੇ, ਆਪਣੇ ਪੁਰਾਣੇ ਤੇ ਨਵੇਂ ਸਾਹਿੱਤ ਅਤੇ ਸਭਿਆਚਾਰ ਦੀ ਸ਼ਕਤੀ ਵਿਚ ਯਕੀਨ ਲਿਆਵੇ ਤੇ ਫੇਰ ਵੇਖੋ ਇਸ ਦੀ ਕਰਾਮਾਤ। ਪਤਾ ਨਹੀਂ ਇਸ ਘੋਰ ਸੰਕਟ ਵੇਲੇ ਸਰਕਾਰ ਨੂੰ ਇਹ ਕਿਉਂ ਨਹੀਂ ਸੁੱਝਦਾ ਕਿ ਦਿਲਾਂ ਦੀ ਮੈਲ ਜਿੰਨੀ ਸਾਡੇ ਕਵੀ, ਨਾਟਕਕਾਰ, ਕਹਾਣੀਕਾਰ, ਨਾਵਲਕਾਰ ਤੇ ਫ਼ਿਲਮਕਾਰ ਧੋ ਸਕਦੇ ਹਨ, ਓਨੀ ਕੋਈ ਸਿਆਸਤਦਾਨ ਨਹੀਂ ਧੋ ਸਕਦਾ। ਇਹੀ ਕਾਰਨ ਹੈ ਕਿ ਸਭਾ ਪੰਜਾਬ ਵਿਚ ਹਰ ਥਾਂ ਪੰਜਾਬੀ ਦਾ ਬੋਲ-ਬਾਲਾ ਵੇਖਣਾ ਚਾਹੁੰਦੀ ਹੈ। ਫ਼ਿਰਕੂ ਢੁਵੇੜ ਨੂੰ, ਸਭ ਤੋਂ ਸੌਖੀ ਤਰ੍ਹਾਂ ਪੰਜਾਬੀਅਤ ਦੀ ਸਾਂਝ, ਪੰਜਾਬੀ ਕੌਮੀਅਤ ਦੀ ਸਾਂਝ, ਪੰਜਾਬੀ ਹੋਣ ਵਿਚ ਮਾਣ ਦੀ ਸਾਂਝ ਹੀ ਆਪਸੀ ਮੇਲ ਵਿਚ ਬਦਲ ਸਕਦੀ ਹੈ। ਜਿਹੜੇ ਪੰਜਾਬੀ ਕਦੀ ਹਿੰਦੀ ਨੂੰ ਤੇ ਕਦੀ ਅੰਗਰੇਜ਼ੀ ਨੂੰ, ਪੰਜਾਬੀ ਦੇ ਰਾਹ ਵਿਚ ਰੋੜੇ ਅਟਕਾਉਣ ਲਈ ਲਿਆ ਖੜਾ ਕਰਦੇ ਹਨ, ਉਹ ਚਾਹੇ ਸਿੱਖ ਹੋਣ, ਚਾਹੇ ਹਿੰਦੂ, ਚਾਹੇ ਵਜ਼ੀਰ ਹੋਣ, ਚਾਹੇ ਸਰਕਾਰੀ ਅਫ਼ਸਰ, ਚਾਹੇ ਸਿਆਸਤਦਾਨ ਹੋਣ, ਚਾਹੇ ਵਪਾਰੀ, ਪੰਜਾਬ ਦੇ ਅਸਲ ਫ਼ਿਤਨੇ ਹਨ। ਪੰਜਾਬੀ ਦਾ ਨਾ ਹਿੰਦੀ ਨਾਲ ਵਿਰੋਧ ਹੈ, ਨਾ ਅੰਗਰੇਜ਼ੀ ਨਾਲ ਤੇ ਨਾ ਕਿਸੇ ਹੋਰ ਬੋਲੀ ਨਾਲ। ਬੋਲੀ ਤਾਂ ਮਨੁੱਖ ਦੀ ਸਭ ਤੋਂ ਉੱਤਮ, ਸਭ ਤੋਂ ਗੌਰਵਮਈ ਤੇ ਸਭ ਤੋਂ ਪਿਆਰੀ ਤੇ ਕੀਮਤੀ ਲੱਭਤ ਹੈ। ਇਹ ਤਾਂ ਅੰਮ੍ਰਿਤ ਹੈ; ਮਨੁੱਖ-ਮਾਤਰ ਦੀ ਜਾਨ ਹੈ। ਇਹ ਹੈ ਤਾਂ ਅਸੀਂ ਹਾਂ, ਨਾ ਹੋਵੇ ਤਾਂ ਗੁੰਗੇ ਹੋ ਜਾਂਦੇ ਹਾਂ ਤੇ ਬੋਲ਼ੇ ਵੀ। ਇਹ ਹੋਵੇ ਤਾਂ ਬੰਦੇ, ਵਰਨਾ ਨਿਰੇ ਢੋਰ-ਡੰਗਰ ਅਤੇ ਇਹ ਗੱਲ ਕਿਉਂਕਿ ਦੁਨੀਆ ਦੀ ਹਰ ਬੋਲੀ ਉੱਤੇ ਇਕਸਾਰ ਲਾਗੂ ਹੁੰਦੀ ਹੈ, ਇਸ ਲਈ ਲੇਖਕ, ਜਿਸ ਦੇ ਪੇਸ਼ੇ ਦਾ ਆਧਾਰ ਹੀ ਬੋਲੀ ਉੱਤੇ ਹੈ, ਦੁਨੀਆ ਦੀ ਕਿਸੇ ਵੀ ਬੋਲੀ ਨੂੰ ਦੁਰਕਾਰ ਨਹੀਂ ਸਕਦਾ। ਇਸੇ ਲਈ ਸਾਡੀ ਸਭਾ ਦਾ ਮਤ ਹੈ ਕਿ ਕਿਸੇ ਬੋਲੀ ਨਾਲ ਨਫ਼ਰਤ ਨਹੀਂ ਕਰਨੀ, ਪਰ ਕਿਉਂਕਿ ਪੰਜਾਬ ਦੇ ਇਸ ਰਮਣੀਕ ਭੂ-ਖੰਡ ਵਿਚ ਵੱਸਦੇ ਲੋਕਾਂ ਦਿਆਂ ਦਿਲਾਂ ਵਿਚ ਪੰਜਾਬੀ ਬੋਲੀ ਦੀ ਫ਼ਸਲ, ਸਾਡੀਆਂ ਹੋਰ ਫ਼ਸਲਾਂ ਵਾਂਗ, ਸਹਿਜ-ਸੁਭਾ ਤੇ ਭਰਪੂਰ ਉਪਜਦੀ ਹੈ, ਇਸ ਲਈ ਪੰਜਾਬੀ ਲੋਕਾਂ ਦੇ ਧੁਰ ਅੰਦਰਲੇ ਜਜ਼ਬੇ, ਇਨ੍ਹਾਂ ਦੀਆਂ ਸੋਚ-ਪਰੰਪਰਾਵਾਂ, ਇਨ੍ਹਾਂ ਦਾ ਕਲਚਰ ਤੇ ਇਤਿਹਾਸ ਇਸ ਬੋਲੀ ਦੇ ਇਕ ਇਕ ਸ਼ਬਦ ਨਾਲ ਅਨਿੱਖੜ ਤੌਰ ਉੱਤੇ ਜੁੜਿਆ ਹੋਇਆ ਹੈ। ਪੰਜਾਬੀ ਲੇਖਕ ਪੰਜਾਬੀ ਵਿਚ ਲਿਖਦਾ ਹੈ ਤਾਂ ਸਹਿਜ-ਸੁਭਾ ਲਿਖਦਾ ਹੈ, ਪੰਜਾਬੀ ਪਾਠਕ ਉਸ ਨੂੰ [illegible] ਸਬੂਤ ਸਨੇਹਾ ਉਸ ਦੇ ਅੰਦਰ ਪਹੁੰ[illegible]

WWW.SIKHBOOKCLUB.COM Page 102

ਹੈ; ਪੰਜਾਬੀ ਸਰੋਤਾ ਸੁਣਦਾ ਹੈ ਤਾਂ ਬੋਲ ਉਸ ਦੇ ਮਨ ਉੱਤੇ ਬਿਜਲਈ ਤੇਜ਼ੀ ਨਾਲ ਅਸਰ ਕਰਦੇ ਹਨ। ਲੇਖਕ, ਪਾਠਕ ਤੇ ਸਰੋਤੇ, ਆਪਣੀ ਬੋਲੀ ਨੂੰ ਵਰਤਣ ਵੇਲੇ ਕਿਸੇ ਵੀ ਪੜਾ ਉੱਤੇ, ਅਚੇਤ ਜਾ ਸਚੇਤ, ਅਨੁਵਾਦ ਦੇ ਉਸ ਅਮਲ ਵਿਚ ਦੀ ਨਹੀਂ ਲੰਘਦੇ, ਜਿਸ ਵਿੱਚੋਂ ਅੰਗਰੇਜ਼ੀ ਜਾਂ ਕਿਸੇ ਵੀ ਹੋਰ ਭਾਸ਼ਾ ਨੂੰ ਵਰਤਣ ਵੇਲੇ ਲੰਘਣਾ ਪੈਂਦਾ ਹੈ। ਮਾਂ-ਬੋਲੀ ਤੋਂ ਛੁੱਟ ਹੋਰ ਹਰ ਬੋਲੀ ਦੀ ਹਾਲਤ ਵਿਚ ਸ਼ਬਦ ਤੇ ਅਰਥ ਵਿਚਕਾਰ ਇਕ ਵਿੱਥ ਹੁੰਦੀ ਹੈ। ਅਸੀਂ ਪੰਜਾਬੀ ਦਾ ਪ੍ਰਚਾਰ ਕਰਦੇ ਹਾਂ, ਸ਼ਬਦਾਂ ਤੇ ਅਰਥਾਂ ਵਿਚਕਾਰ ਅਤੇ ਇਕ ਪੰਜਾਬੀ ਤੇ ਦੂਜੇ ਪੰਜਾਬੀ ਵਿਚਕਾਰ ਵਿੱਥਾਂ ਮਿਟਾਉਣ ਲਈ। ਇਸੇ ਲਈ ਅਸੀਂ ਕਹਿੰਦੇ ਹਾਂ ਕਿ ਪੰਜਾਬ ਸਰਕਾਰ ਨੂੰ, ਪੰਜਾਬ ਦੇ ਅਮਨ ਤੇ ਇਸ ਦੀ ਖ਼ੁਸ਼ਹਾਲੀ ਦੇ ਹਿਤ ਵਿਚ, ਪੰਜਾਬੀ ਦਾ ਪੱਖ ਸਿੱਧੇ ਹੋ ਕੇ, ਡਟ ਕੇ ਪੂਰਨਾ ਚਾਹੀਦਾ ਹੈ ਤਾਂ ਜੋ ਏਥੇ ਸਾਂਝੇ ਸਭਿਆਚਾਰ ਦਾ ਮੂੰਹ-ਮੱਥਾ ਅੱਗੇ ਨਾਲੋਂ ਵੱਧ ਨਿੱਖਰ ਕੇ ਸਾਹਮਣੇ ਆਵੇ। ਪੰਜਾਬ ਦੀ ਜਿਹੜੀ ਸਰਕਾਰ, ਪੰਜਾਬ ਵਿਚ ਪੰਜਾਬੀ ਦੀ ਥਾਂ ਹਿੰਦੀ ਜਾਂ ਅੰਗਰੇਜ਼ੀ ਵਰਤਾਉਣ ਵਾਲਿਆਂ ਦੀਆਂ ਵੋਟਾਂ ਖੁੱਸ ਜਾਣ ਦੇ ਡਰ ਤੋਂ, ਖੁੱਲ੍ਹ ਕੇ, ਪੰਜਾਬੀ ਨੂੰ ਉਸ ਦੇ ਹੱਕ ਤੋਂ ਵਾਂਝਾ ਰੱਖਦੀ ਹੈ, ਉਹ ਪੰਜਾਬ ਦੀ ਦੁਸ਼ਮਨ ਅਖਵਾਏਗੀ, ਭਾਵੇਂ ਕਿਸੇ ਪਾਰਟੀ ਦੀ ਹੋਵੇ। ਸਰਕਾਰ ਨੂੰ ਤਾਂ ਸਗੋਂ ਪੰਜਾਬੀ ਨੂੰ ਅਪਣਾਉਣ ਤੇ ਫੈਲਾਉਣ ਦਾ ਕੰਮ ਜੰਗੀ ਪੱਧਰ ਉੱਤੇ ਕਰਨਾ ਚਾਹੀਦਾ ਹੈ, ਵਰਨਾ ਅਮਨ ਤੇ ਖ਼ੁਸ਼ਹਾਲੀ ਨੂੰ ਓਦੋਂ ਤਕ ਉਡੀਕਣਾ ਪਵੇਗਾ, ਜਦੋਂ ਤਕ ਏਥੇ ਪੰਜਾਬੀ ਨੂੰ ਜੰਗੀ ਪੱਧਰ ਉੱਤੇ ਅਪਣਾਉਣ ਵਾਲੀ ਸਰਕਾਰ ਤਖ਼ਤ-ਨਸ਼ੀਨ ਨਹੀਂ ਹੋ ਜਾਂਦੀ। ਭੰਗੜੇ ਜਾਂ ਗਿੱਧੇ ਜਾਂ ਨਾਟਕ ਜਾਂ ਕਵੀ ਦਰਬਾਰ ਦੀ ਜੋੜਨੀ ਸ਼ਕਤੀ ਕਿਸ ਨੇ ਨਹੀਂ ਵੇਖੀ ਹੋਈ ? ਕਦੀ ਕਿਸੇ ਨੇ ਕਿਸੇ ਨੂੰ ਇਹ ਕਹਿੰਦੇ ਸੁਣਿਆ ਹੈ ਕਿ 'ਮੇਲੇ ਵਿਚ ਜੱਟ' ਇਸ ਕਰਕੇ ਚੰਗੀ ਨਜ਼ਮ ਨਹੀਂ ਹੈ ਕਿਉਂਕਿ ਉਹ ਧਨੀ ਰਾਮ ਚਾਤ੍ਰਿਕ ਨਾਂ ਦੇ ਹਿੰਦੂ ਦੀ ਲਿਖੀ ਹੋਈ ਹੈ ਤੇ 'ਜਵਾਨ ਪੰਜਾਬ ਦੇ' ਇਸ ਕਰਕੇ ਚੰਗੀ ਹੈ ਕਿਉਂਕਿ ਉਹ ਇਕ ਸਿੱਖ, ਪ੍ਰੋ. ਪੂਰਨ ਸਿੰਘ ਦੀ ਰਚਨਾ ਹੈ ? ਮਸਲੇ ਪੰਜਾਬ ਦੇ ਵਿਅਕਤੀ-ਆਧਾਰਿਤ ਵੀ ਹੋਣਗੇ ਤੇ ਸਮਾਜਿਕ ਵੀ, ਸਿਆਸੀ ਵੀ ਹਨ ਤੇ ਆਰਥਿਕ ਵੀ, ਪਰ ਜਿਸ ਮਸਲੇ ਉੱਤੇ ਆਪਸੀ ਵੈਰ-ਵਿਰੋਧ ਇਕਦਮ ਭੜਕ ਉੱਠਦਾ ਹੈ, ਉਸ ਦਾ ਸੰਬੰਧ ਮਾਂ-ਬੋਲੀ ਨੂੰ ਫ਼ਾਰਖ਼ਤੀ ਦੇਣ ਨਾਲ ਹੈ। ਮੈਂ ਇਸ ਮਾਮਲੇ ਨੂੰ, ਜਾਣ ਕੇ, ਕੁੱਝ ਵਿਸਤਾਰ ਨਾਲ ਵਿਚਾਰ-ਅਧੀਨ ਲਿਆਂਦਾ ਹੈ ਤਾਂ ਜੋ ਸਾਡੇ ਸਿਆਸੀ ਆਗੂਆਂ ਵਿਚ ਇਹ ਸੋਝੀ ਪੈਦਾ ਹੋਵੇ ਕਿ ਸਾਂਝੇ ਪੰਜਾਬੀ ਸਭਿਆਚਾਰ ਰਾਹੀਂ, ਜਿਸ ਦਾ ਆਧਾਰ ਪੰਜਾਬੀ ਬੋਲੀ ਹੈ, ਫ਼ਿਰਕੂ ਦੈਂਤ ਦੀ ਪਿੱਠ ਲਾਈ ਜਾ ਸਕਦੀ ਹੈ।

ਜਦੋਂ ਮੈਂ ਪਿੰਡ ਪਿੰਡ ਸਭਾ ਦੀਆਂ ਸ਼ਾਖ਼ਾਵਾਂ ਦਾ ਜਾਲ ਫੈਲਾਉਣ ਉੱਤੇ ਜ਼ੋਰ ਦੇਂਦਾ ਹਾਂ ਤਾਂ ਇਸ ਦੇ ਪਿੱਛੇ ਇਕ ਭਾਵਨਾ ਇਹ ਵੀ ਹੁੰਦੀ ਹੈ ਕਿ ਸਾਂਝੀ ਪੰਜਾਬੀਅਤ ਦਾ ਝੰਡਾ ਚੁੱਕਣ ਵਾਲੇ ਕੁੱਝ ਗ਼ੈਰ-ਫ਼ਿਰਕੂ ਲੋਕ ਹਰ ਥਾਂ ਮੌਜੂਦ ਹੋਣ। ਇਸ ਦੇ ਨਾਲ ਹੀ ਇਹ ਭਾਵਨਾ ਵੀ ਹੁੰਦੀ ਹੈ ਕਿ ਅੱਜ ਸਭਾ ਨੂੰ ਬਹੁਤ ਜ਼ਰੂਰੀ, ਜਾਇਜ਼, ਬਲਕਿ ਹੱਕੀ ਗੱਲਾਂ ਮਨਾਉਣ ਲਈ ਸਰਕਾਰ ਪਾਸ ਬੇਨਤੀਆਂ ਕਰਨੀਆਂ ਪੈਂਦੀਆਂ ਹਨ, ਪਰ ਜੇ ਪੰਜਾਬੀ ਦਾ ਦਮ ਭਰਨ ਵਾਲੀਆਂ ਸਭਾਵਾਂ ਪਿੰਡ ਪਿੰਡ ਵਿਚ ਕਾਇਮ ਹੋਈਆਂ ਹੋਣ ਤਾਂ ਲੇਖਕਾਂ ਦੀ ਆਵਾਜ਼ ਵਿਚ ਬਲ ਆ ਜਾਵੇਗਾ, ਉਨ੍ਹਾਂ ਦੀ ਸੁਣੀ ਜਾਵੇਗੀ, ਉਨ੍ਹਾਂ ਦੇ ਰੱਦ ਜਾਂ ਕਬੂਲ ਉੱਤੇ, ਸਰਕਾਰ ਦੇ ਕੰਨ ਖੜੇ ਹੋਣਗੇ, ਉਨ੍ਹਾਂ ਦੇ ਰੋਸ ਪਿੱਛੋਂ ਗ਼ਲਤ ਨੀਤੀਆਂ ਉੱਤੇ ਨਜ਼ਰਸਾਨੀ ਹੋ ਸਕੇਗੀ। ਪੰਜਾਬੀਆਂ ਦੇ ਜਿਨ੍ਹਾਂ ਦਸਾਂ ਨਹੁੰਆਂ ਨੇ ਬੰਜਰ ਧਰਤੀਆਂ ਨੂੰ ਜ਼ਰਖ਼ੇਜ਼ ਬਣਾ ਦਿੱਤਾ ਹੈ, ਉਨ੍ਹਾਂ ਨੇ ਹੀ [illegible] ਢੇਰਾਂ ਦੇ ਢੇਰ ਸਾਹਿੱਤ ਉਪਜਾ[illegible]

WWW.SIKHBOOKCLUB.COM Page 103

ਇਨ੍ਹਾਂ ਲੋਕਾਂ ਦੀ ਰਚਨਾਤਮਿਕਤਾ ਨੂੰ ਦਾਰੂ ਤੇ ਮਾਵੇ ਦੇ ਨਸ਼ਿਆਂ ਵਿਚ ਮੁਗਧ ਰੱਖਣ ਵਾਲੇ ਰਾਜ-ਪ੍ਰਬੰਧ ਨੂੰ, ਤੇ ਆਪਣੇ ਹੀ ਕਿਸੇ ਅਵੇਸਲੇ ਭਾਈ ਦਾ ਮਾਸੂਮ ਖ਼ੂਨ ਵਗਾਉਣ ਵਾਲੀ ਕਾਇਰਤਾ ਨੂੰ ਵੱਡੇ ਸਾਹਸੀ ਤੇ ਬਹਾਦਰੀ ਵਾਲੇ ਕਾਰਨਾਮੇ ਦੱਸਣ ਵਾਲੇ ਸਮਾਜ-ਪ੍ਰਬੰਧ ਨੂੰ, ਪੰਜਾਬ ਤੇ ਉਸ ਦੀਆਂ ਸ਼ਾਨਦਾਰ ਰਵਾਇਤਾਂ ਨਾਲ ਧਰੋਹ ਕਮਾਉਣ ਵਾਲੇ ਨਾ ਕਿਹਾ ਜਾਵੇ ਤਾਂ ਕੀ ਕਿਹਾ ਜਾਵੇ ? ਮੈਂ ਇਸ ਭਾਗਵਾਨ ਮੌਕੇ ਉੱਤੇ, ਥਾਓਂ-ਥਾਈਂ ਬੈਠੇ ਪੰਜਾਬੀ ਲੇਖਕਾਂ ਨੂੰ ਸੱਦਾ ਦੇਂਦਾ ਹਾਂ ਕਿ ਉਹ ਸਥਾਨਕ ਸਭਾਵਾਂ ਵਿਚ ਸੰਗਠਿਤ ਹੋ ਕੇ ਕੇਂਦਰੀ ਸਭਾ ਨਾਲ ਸੰਬੰਧਿਤ ਹੋਣ ਤਾਂ ਜੋ ਗੁਰੂ ਨਾਨਕ, ਵਾਰਿਸ ਸ਼ਾਹ ਤੇ ਧਨੀ ਰਾਮ ਚਾਤ੍ਰਿਕ ਦੇ ਵਾਰਿਸ, ਆਪਣੇ ਲੋਕਾਂ ਨੂੰ ਧਰੋਹੀ ਪ੍ਰਬੰਧਾਂ ਦੀ ਜਮਜਕੜ ਤੋਂ, ਸਚੇਤ ਕਰ ਸਕਣ।

## 7

ਕੇਂਦਰੀ ਪੰਜਾਬੀ ਲੇਖਕ ਸਭਾ ਦੇ ਇਸ ਜੋੜ-ਮੇਲ ਵਿਚ ਸ਼ਾਮਿਲ ਹੋਣ ਲਈ ਜੋ ਉਤਸਾਹ ਤੇ ਜੋਸ਼ ਪਾਕਿਸਤਾਨ ਦੇ ਪੰਜਾਬੀ ਲੇਖਕਾਂ ਵਿਚ ਪੈਦਾ ਹੋਇਆ ਹੈ, ਉਹ ਇਕ ਜੀਉਂਦਾ ਸਬੂਤ ਹੈ—ਸਾਂਝੀ ਬੋਲੀ ਤੇ ਸਾਂਝੇ ਸਭਿਆਚਾਰ ਦੀ ਉਸ ਜੋੜਨੀ ਸ਼ਕਤੀ ਦਾ ਜਿਸ ਦਾ ਪੂਰਾ ਲਾਭ ਉਠਾਉਣ ਦਾ ਵੱਲ ਦੋਹਾਂ ਪੰਜਾਬ-ਸਰਕਾਰਾਂ ਨੂੰ ਅਜੇ ਤਕ ਨਹੀਂ ਆਇਆ। ਸੈਂਕੜੇ ਪਾਕਿਸਤਾਨੀ ਲੇਖਕਾਂ ਨੇ ਪੰਜਾਬੀ ਦੇ ਇਸ ਮੇਲੇ ਉੱਤੇ ਸਾਡੇ ਨਾਲ ਮਿਲ ਕੇ ਖ਼ੁਸ਼ੀ ਸਾਂਝੀ ਕਰ ਸਕਣ ਦਾ ਤਰਸੇਵਾਂ ਸਾਡੇ ਤਕ ਪਹੁੰਚਾਇਆ ਹੈ। ਬਹੁਤਿਆਂ ਨੇ ਵੀਜ਼ੇ ਦੀਆਂ ਤਕਲੀਫ਼ਾਂ ਦਾ ਰੋਣਾ ਰੋਇਆ ਹੈ, ਪਰ ਸੌ ਮੁਸੀਬਤਾਂ ਝਾਗ ਕੇ ਤੇ ਹਰ ਔਖ ਨੂੰ ਸੌਖ ਮੰਨ ਕੇ ਜਿਹੜੇ ਦੋਸਤ ਏਥੇ ਪਹੁੰਚਣ ਵਿਚ ਸਫਲ ਹੋ ਗਏ ਹਨ, ਸਭਾ ਵੱਲੋਂ ਮੈਂ ਉਨ੍ਹਾਂ ਨੂੰ ਨਿੱਘੀ 'ਜੀ ਆਇਆਂ' ਕਹਿੰਦਾ ਹਾਂ। ਸਾਨੂੰ ਪਤਾ ਹੈ ਕਿ ਇਹ ਦੋਸਤ ਸਾਨੂੰ ਇਹ ਦੱਸਣ ਲਈ ਆਏ ਹਨ ਕਿ ਸਾਡੀਆਂ ਤੇ ਤੁਹਾਡੀਆਂ ਲੋਰੀਆਂ ਇੱਕੋ ਹਨ, ਤੁਹਾਡੀਆਂ ਤੇ ਸਾਡੀਆਂ ਘੋੜੀਆਂ ਇੱਕੋ ਹਨ ਤੇ ਅਲਾਹੁਣੀਆਂ ਵੀ ਇੱਕੋ ਹਨ; ਜੋ ਨਕਲਾਂ ਓਧਰਲੇ ਨਕਲੀਏ ਲਾਹੁੰਦੇ ਹਨ, ਓਹੀ ਏਥੇ ਵੀ ਲਾਹੁੰਦੇ ਹਨ ਤੇ ਜੋ ਵੈਣ ਮਾਵਾਂ-ਧੀਆਂ ਓਥੇ ਪਾਉਂਦੀਆਂ ਹਨ, ਉਹੀ ਏਥੇ ਵੀ ਪਾਉਂਦੀਆਂ ਹਨ। ਇਹ ਮਿੱਤਰ ਸਾਬਤ ਪਏ ਕਰਦੇ ਹਨ ਕਿ ਜਦੋਂ ਅਸੀਂ ਉਨ੍ਹਾਂ ਦੀ ਪੰਜਾਬੀ ਸੁਣਦੇ ਹਾਂ ਤਾਂ ਸਾਡੇ ਕੰਨਾਂ ਵਿਚ ਮਿਸਰੀ ਘੁਲ ਜਾਂਦੀ ਹੈ, ਤੇ ਜਦੋਂ ਉਹ ਸਾਡੀ ਪੰਜਾਬੀ ਸੁਣਦੇ ਹਨ ਤਾਂ ਉਨ੍ਹਾਂ ਦੇ ਕੰਨਾਂ ਵਿਚ ਰੁਪਹਿਲੀ ਟੱਲੀਆਂ ਵੱਜਣੀਆਂ ਸ਼ੁਰੂ ਹੋ ਜਾਂਦੀਆਂ ਹਨ, ਭਾਵੇਂ ਉਨ੍ਹਾਂ ਦੀ ਸ਼ਿਕਾਇਤ ਵੀ ਹੈ ਕਿ ਅਸੀਂ ਜਲੰਧਰ ਦੇ ਰੇਡੀਓ ਸਟੇਸ਼ਨ ਤੋਂ ਬ੍ਰਾਡਕਾਸਟ ਹੋਣ ਵਾਲੀ ਪੰਜਾਬੀ ਨੂੰ ਸੰਸਕ੍ਰਿਤ ਦੀ ਏਨੀ ਦਬੇਲ ਕਿਉਂ ਬਣਾਈ ਜਾ ਰਹੇ ਹਾਂ ਕਿ ਉਹ ਹਿੰਦੀ ਲੱਗਣ ਲੱਗ ਪਈ ਹੈ। ਅਸੀਂ ਇਨ੍ਹਾਂ ਮਿੱਤਰਾਂ ਦਾ ਸਤਕਾਰ ਕਰਦੇ ਹਾਂ ਕਿ ਸਿਆਸਤ ਦੀ ਤਲਵਾਰ ਨੇ ਪੰਜਾਬ ਦੀ ਜਿਸ ਸਭਿਆਚਾਰਕ ਤਕਦੀਰ ਨੂੰ ਦੋਫਾੜ ਕਰਨ ਦਾ ਜਤਨ ਕੀਤਾ ਸੀ, ਇਨ੍ਹਾਂ ਮਿੱਤਰਾਂ ਦੀ ਹਾਜ਼ਰੀ ਮੂੰਹੋਂ ਪਈ ਬੋਲਦੀ ਹੈ ਕਿ ਉਸ ਦਾ ਸਾਡੇ ਉੱਤੇ ਕੋਈ ਅਸਰ ਨਹੀਂ ਹੋਇਆ। ਸਾਡੇ ਲਈ ਅੱਡੋ-ਅੱਡ ਦੇਸ ਹੋਣ ਦੇ ਬਾਵਜੂਦ, ਏਧਰਲਾ ਤੇ ਓਧਰਲਾ ਪੰਜਾਬ, ਸਭਿਆਚਾਰ ਦੀ ਇੱਕੋ ਇਕਾਈ ਹੈ। ਅਸੀਂ ਚਾਹੁੰਦੇ ਹਾਂ ਕਿ ਸਰਹੱਦੋਂ ਪਾਰ ਤੇ ਉਰਾਰ ਉਸੇ ਤਰ੍ਹਾਂ ਆਇਆ-ਜਾਇਆ ਜਾ ਸਕੇ, ਜਿਵੇਂ ਕਦੀ ਅੱਗੇ ਆਇਆ-ਜਾਇਆ ਕਰਦੇ ਸਾਂ। ਫੇਰ ਨਾ ਇਕ ਬੋਲੀ ਦੀਆਂ ਦੋ ਬੋਲੀਆਂ ਬਣਨ ਦਾ ਖ਼ਤਰਾ ਰਹੇਗਾ, ਨਾ ਠੇਠ ਪੰਜਾਬੀ ਸਭਿਆਚਾਰ ਦੀ ਥਾਂ ਇਸਲਾਮੀ ਜਾਂ ਹਿੰਦਵਾਣੀ ਸਭਿਆਚਾਰਾਂ ਦਾ ਵਖਰੇਵਾਂ ਹੀ ਸਾਡੀ ਸਾਂਝ ਵਿਚ ਵਿਘਨ ਪਾਵੇਗਾ। ਅੱਜ ਅਸੀਂ ਇਸ ਗੱਲ ਉੱਤੇ ਖ਼ੁਸ਼ੀ ਮਨਾਉਂਦੇ ਹਾਂ ਕਿ ਇਹ ਸਾਹਿੱਤਕਾਰ ਏਥੇ

WWW.SIKHBOOKCLUB.COM

ਆ ਕੇ ਸਾਨੂੰ ਆਪਣੀਆਂ ਰਚਨਾਵਾਂ ਸੁਣਾਉਂਦੇ ਹਨ ਤੇ ਕਦੀ-ਕਦਾਈਂ ਅਸੀਂ ਵੀ ਓਧਰ ਜਾ ਕੇ ਆਪਣੀਆਂ ਕੁੱਝ ਚੀਜ਼ਾਂ ਸਾਂਝੀਆਂ ਕਰ ਆਉਂਦੇ ਹਾਂ, ਪਰ ਮੈਂ ਉਸ ਦਿਨ ਦੀ ਉਡੀਕ ਵਿਚ ਹਾਂ, ਜਦੋਂ ਇਹ ਤੇ ਅਸੀਂ, ਪਾਕਿਸਤਾਨੀ ਤੇ ਹਿੰਦੁਸਤਾਨੀ, ਦੂਜਿਆਂ ਦੇ ਸਾਹਮਣੇ ਇੱਕੋ ਸਟੇਜ ਤੋਂ ਪੰਜਾਬੀ ਤੇ ਪੰਜਾਬੀਅਤ ਦੇ ਸਾਂਝੇ ਨੁਮਾਇੰਦੇ ਬਣ ਕੇ ਖੜੇ ਹੋਵਾਂਗੇ ਤੇ ਪੰਜਾਬੀ ਅਦਬ ਦਾ ਕੋਈ ਵੇਰਵਾ ਪੂਰਾ ਨਹੀਂ ਸਮਝਿਆ ਜਾਵੇਗਾ, ਜਿਸ ਵਿਚ ਦੋਹਾਂ ਪਾਸਿਆਂ ਦੀ ਪੰਜਾਬੀ ਰਚਨਾ ਨੂੰ ਕਲਾਵੇ ਵਿਚ ਨਹੀਂ ਲਿਆ ਗਿਆ ਹੋਵੇਗਾ। ਸਾਡੇ ਆਸ਼ਿਕ ਤਾਂ ਪਿਆਰਿਓ ਆਪਣੀਆਂ ਹੱਡੀਆਂ ਝਨਾ ਵਿਚ ਪਾਉਣ ਦੀਆਂ ਵਸੀਅਤਾਂ ਕਰਦੇ ਹਨ, ਵੇਖਣਾ ਇਹ ਹੈ ਕਿ ਸਾਡੇ ਆਸ਼ਿਕਾਂ ਦੀਆਂ ਹੱਡੀਆਂ ਨੂੰ ਰਾਂਝੇ, ਮਿਰਜ਼ੇ ਤੇ ਮਹੀਂਵਾਲ ਦੀਆਂ ਹੱਡੀਆਂ ਤੋਂ ਸਿਆਸੀ ਸੰਗੀਨਾਂ ਕਿੰਨਾ ਚਿਰ ਵੱਖ ਰੱਖ ਸਕਦੀਆਂ ਹਨ ? ਪੰਜਾਬੀ ਬੋਲਦਾ ਇਲਾਕਾ ਦੁਨੀਆ ਦੇ ਬਹੁਤ ਵੱਡੇ ਇਲਾਕਿਆਂ ਵਿਚੋਂ ਹੈ ਤੇ ਪੰਜਾਬੀ ਬੋਲਦੇ ਲੋਕਾਂ ਦੀ ਗਿਣਤੀ ਦੁਨੀਆ ਦੇ ਕਾਫ਼ੀ ਉੱਪਰਲੇ ਸਮੂਹਾਂ ਵਿਚ ਆਉਂਦੀ ਹੈ। ਜਿਨ੍ਹਾਂ ਨੂੰ ਆਪਣੀ ਇਸ ਬੋਲੀ ਤੇ ਇਸ ਦੇ ਕਲਚਰ ਉੱਤੇ ਮਾਣ ਹੈ, ਉਹ ਇਸ ਨੂੰ ਖੇਰੂੰ-ਖੇਰੂੰ ਹੁੰਦਿਆਂ ਨਹੀਂ ਵੇਖ ਸਕਦੇ। ਮੈਂ ਇਕ ਵਾਰੀ ਫੇਰ ਆਪਣੇ ਪਾਕਿਸਤਾਨੀ ਵੀਰਾਂ ਨੂੰ 'ਜੀ ਆਇਆਂ' ਕਹਿੰਦਾ ਹਾਂ। ਉਹ ਆਪਣੇ ਘਰ ਆਏ ਹਨ, ਕਿਸੇ ਓਪਰੀ ਥਾਂ ਨਹੀਂ ਆਏ, ਇਸ ਪੰਜਾਬ ਦੇ ਸਾਰੇ ਘਰ, ਪੰਜਾਬੀਆਂ ਦੇ ਦਿਲਾਂ ਵਾਂਗ, ਇਨ੍ਹਾਂ ਲਈ ਖੁੱਲ੍ਹੇ ਹਨ।

SIKHBOOKCLUB.COM

## 8

ਪਾਕਿਸਤਾਨ ਤਾਂ ਸਾਡੇ ਲਈ ਦੇਸ ਵਰਗਾ ਬਦੇਸ ਹੈ, ਪਰ ਅੱਜ ਸਾਡੇ ਵਿਚ ਦੂਰ ਦੂਰ ਦੀਆਂ ਕਈ ਵਲੈਤਾਂ ਦੇ ਪੰਜਾਬੀ ਲੇਖਕ ਵੀ ਆਏ ਹੋਏ ਹਨ। ਅਸੀਂ ਉਨ੍ਹਾਂ ਦਾ ਵੀ, ਏਥੇ ਆਉਣ ਉੱਤੇ, ਸੁਆਗਤ ਕਰਦੇ ਹਾਂ। ਸੱਚੀ ਗੱਲ ਇਹ ਹੈ ਕਿ ਅਸੀਂ ਨਾ ਵਿਅਕਤੀਗਤ ਰੂਪ ਵਿਚ ਤੇ ਨਾ ਸੰਗਠਿਤ ਰੂਪ ਵਿਚ, ਕਦੀ ਬਦੇਸਾਂ ਵਿਚ ਬੈਠੇ ਪੰਜਾਬੀ ਭਰਾਵਾਂ ਦੇ ਮਸਲਿਆਂ ਨੂੰ ਵਿਚਾਰਿਆ ਹੈ। ਇਕ ਮਸਲਾ ਜਿਸ ਨੇ ਉਨ੍ਹਾਂ ਦੀਆਂ, ਖ਼ਾਸ ਕਰਕੇ ਲੇਖਕ ਵੀਰਾਂ ਦੀਆਂ ਨੀਂਦਰਾਂ ਹਰਾਮ ਕੀਤੀਆਂ ਹੋਈਆਂ ਹਨ, ਇਹ ਹੈ ਕਿ ਉਹ ਆਪ ਤਾਂ ਪੰਜਾਬੀ ਸਮਝਦੇ, ਬੋਲਦੇ, ਪੜ੍ਹਦੇ ਤੇ ਲਿਖਦੇ ਹਨ, ਪਰ ਉਨ੍ਹਾਂ ਦੇ ਪੁੱਤਰਾਂ-ਧੀਆਂ ਨੂੰ ਉਨ੍ਹਾਂ ਵਰਗੀ ਪੰਜਾਬੀ ਨਹੀਂ ਆਉਂਦੀ। ਪੜ੍ਹਨਾ-ਲਿਖਣਾ ਜੇ ਆਉਂਦਾ ਵੀ ਹੈ ਤਾਂ ਥੋੜ੍ਹੀ ਜਿਹੀ ਗਿਣਤੀ ਵਿਚ ਦੂਜੀ ਪੀੜ੍ਹੀ ਨੂੰ, ਪਰ ਤੀਜੀ ਪੀੜ੍ਹੀ ਪੰਜਾਬੀ ਤੋਂ ਉੱਕਾ ਕੋਰੀ ਹੋ ਜਾਂਦੀ ਹੈ। ਜਿਹੜੇ ਮਾਪੇ ਪੰਜਾਬ ਤੋਂ ਗਏ ਹਨ, ਉਨ੍ਹਾਂ ਨੂੰ ਪੰਜਾਬੀ ਵਰਗੀ ਮਿੱਠੀ ਬੋਲੀ ਹੋਰ ਕੋਈ ਨਹੀਂ ਲਗਦੀ। ਉਹ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚਿਆਂ ਵਿਚ ਵੀ ਪੰਜਾਬ ਤੇ ਪੰਜਾਬੀ ਨਾਲ ਨਿੱਘਾ ਸੰਬੰਧ ਬਣਿਆ ਰਹੇ, ਪਰ ਇਹ ਕਿਵੇਂ ਸੰਭਵ ਹੋਵੇ ? ਕਈ ਦੇਸ਼ਾਂ ਵਿਚ ਉਚੇਚੀਆਂ ਪਾਠ-ਪੁਸਤਕਾਂ ਤਿਆਰ ਕਰਨ ਦੇ ਤਜਰਬੇ ਕੀਤੇ ਜਾ ਰਹੇ ਹਨ। ਸ. ਕੇਸਰ ਸਿੰਘ ਨਾਵਲਕਾਰ ਤੇ ਗਗਨ ਪਾਕਿਸਤਾਨੀ ਹੁਰਾਂ ਕੁੱਝ ਇਸ ਤਰ੍ਹਾਂ ਦੀਆਂ ਪੁਸਤਕਾਂ ਤਿਆਰ ਵੀ ਕੀਤੀਆਂ ਹਨ, ਪਰ ਇਹ ਕੰਮ ਤਾਂ ਹਰ ਦੇਸ ਦੇ ਵਿਆਪਕ ਸਭਿਆਚਾਰ ਦੇ ਪ੍ਰਸੰਗ ਵਿਚ ਵੱਖ ਵੱਖ ਹੀ ਹੋਣਾ ਚਾਹੀਦਾ ਹੈ। ਜਿੱਥੇ ਕਿਤੇ ਪੰਜਾਬੀ ਲੋਕ ਜਾ ਵੱਸੇ ਹਨ, ਚਾਹੇ ਉਹ ਭਾਰਤੀ, ਪੰਜਾਬ ਵਿੱਚੋਂ ਗਏ ਹਨ, ਭਾਵੇਂ ਪਾਕਿਸਤਾਨੀ ਪੰਜਾਬ ਵਿੱਚੋਂ, ਉਨ੍ਹਾਂ ਦੇ ਬੱਚਿਆਂ ਲਈ ਉਚੇਚੀਆਂ ਪਾਠ-ਪੁਸਤਕਾਂ ਤਿਆਰ ਕਰਨ ਵਿਚ ਪੰਜਾਬੀ ਸਭਾਵਾਂ ਦੇ ਸਿੱਖਿਆ-ਵਿਸ਼ੇਸ਼ੱਗਾਂ ਨੂੰ ਆਪਣੀਆਂ ਸੇਵਾਵਾਂ ਪੇਸ਼ ਕਰਨੀਆਂ ਚਾਹੀਦੀਆਂ ਹਨ। ਇਸੇ ਤਰ੍ਹਾਂ, ਬਾਹਰ ਵੱਸਦੇ ਪੰਜਾਬੀ

WWW.SIKHBOOKCLUB.COM Page 105

ਬੱਚਿਆਂ ਦੀ ਪੰਜਾਬੀ ਜੀਵਨ ਨਾਲ ਡੂੰਘੀ ਵਾਕਫ਼ੀਅਤ ਕਰਾਉਣ ਲਈ ਉਨ੍ਹਾਂ ਨੂੰ ਛੁੱਟੀਆਂ ਵਿਚ ਏਥੇ ਲਿਆਉਣ ਤੇ ਠਹਿਰਾਉਣ ਬਾਰੇ ਸਰਕਾਰੀ ਸਹੂਲਤਾਂ ਦਾ ਪ੍ਰਬੰਧ ਸੋਚਿਆ ਜਾ ਸਕਦਾ ਹੈ। ਕੁੱਝ ਫ਼ਿਲਮਾਂ, ਕੁੱਝ ਟੇਪਾਂ, ਰੀਕਾਰਡ ਤੇ ਵੀਡੀਓ ਕੈਸੈੱਟ ਵੀ ਤਿਆਰ ਕਰਵਾਏ ਜਾ ਸਕਦੇ ਹਨ। ਬਾਹਰ ਗਏ ਪੰਜਾਬੀਆਂ ਦੀ ਗਿਣਤੀ ਲੱਖਾਂ ਤਕ ਪਹੁੰਚਦੀ ਹੈ ਤੇ ਇਹ ਮਿਲਦੇ ਵੀ ਹਰ ਦੇਸ਼ ਵਿਚ ਹਨ, ਇਸ ਲਈ ਸਾਨੂੰ ਇਨ੍ਹਾਂ ਲੱਖਾਂ ਪੰਜਾਬੀਆਂ ਨੂੰ ਬੇਪੰਜਾਬੀ ਹੋਣ ਤੋਂ ਬਚਾਉਣ ਬਾਰੇ ਸੋਚਣ-ਵਿਚਾਰਨ ਲਈ, ਹਰ ਹਾਲਤ ਵਿਚ, ਵਿਹਲ ਕੱਢਣੀ ਚਾਹੀਦੀ ਹੈ।

ਸਮਾਪਤੀ ਉੱਤੇ ਮੈਂ ਕੇਵਲ ਦੋ ਗੱਲਾਂ ਹੋਰ ਕਰਨੀਆਂ ਚਾਹੁੰਦਾ ਹਾਂ। ਪਹਿਲੀ ਇਹ ਕਿ ਗੋਇੰਦਵਾਲ ਦੀ ਧਰਤੀ ਉੱਤੇ ਜਿਸ ਵਿਸ਼ਾਲ ਪੱਧਰ ਦੀ ਨਵੀਂ ਉਸਾਰੀ ਸ਼ੁਰੂ ਹੋ ਚੁੱਕੀ ਹੈ, ਉਸ ਨੂੰ ਮੁਖ ਰੱਖ ਕੇ ਜੀ ਕਰਦਾ ਹੈ, ਓਥੇ ਇਕ ਵਿਸ਼ਾਲ ਯਾਦਗਾਰੀ ਪੰਜਾਬੀ ਭਵਨ ਦੀ ਉਸਾਰੀ ਨਕਸ਼ੇ ਵਿਚ ਸ਼ਾਮਿਲ ਕਰ ਲਈ ਜਾਵੇ ਕਿਉਂਕਿ ਗੋਇੰਦਵਾਲ ਉਹ ਪਵਿੱਤਰ ਧਰਤੀ ਹੈ, ਜੋ ਪੰਜਾਬੀ ਦੇ ਦੈਵੀ ਸ਼ਾਇਰਾਂ, ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਤੇ ਭਾਈ ਗੁਰਦਾਸ ਦੀ ਵਰੋਸਾਈ ਹੋਈ ਹੈ। ਦੂਜੀ ਗੱਲ ਇਹ ਕਿ ਜਿਸ ਸਭਾ ਦੀ ਅੱਜ ਸਿਲਵਰ ਜੁਬਲੀ ਮਨਾਈ ਜਾ ਰਹੀ ਹੈ, ਉਸ ਨੂੰ ਹੁਣ ਬੇਘਰਾ ਨਾ ਰਹਿਣ ਦਿੱਤਾ ਜਾਵੇ। ਜਲੰਧਰ ਵਿਚ ਇਸ ਸਭਾ ਦਾ ਜਨਮ ਹੋਇਆ ਸੀ ਤੇ ਏਥੇ ਹੀ ਇਸ ਦਾ ਕੇਂਦਰੀ ਟਿਕਾਣਾ ਬਣਾਉਣ ਦੀ ਇੱਛਾ, ਸਾਰੇ ਮੁੱਢਲੇ ਸੇਵਕਾਂ ਦੀ ਸੀ। ਪੰਜਾਬੀ ਦੀ ਜੋ ਸੇਵਾ ਸਭਾ ਕਰ ਰਹੀ ਹੈ, ਉਸ ਦਾ ਮੁੱਲ ਪਾ ਕੇ ਪੰਜਾਬ ਸਰਕਾਰ ਜਲੰਧਰ ਵਿਚ ਇਸ ਦੇ ਘਰ ਲਈ ਚਾਰ ਏਕੜ ਦਾ ਇਕ ਟੁਕੜਾ ਦੇਣ ਦਾ ਏਲਾਨ ਕਰ ਦੇਵੇ ਤਾਂ ਉਹ ਪੰਜਾਬੀ ਪ੍ਰਤੀ ਆਪਣੇ ਫ਼ਰਜ਼ਾਂ ਵਿੱਚੋਂ ਇਕ ਨੂੰ ਸਿਰੇ ਚਾੜ੍ਹ ਰਹੀ ਹੋਵੇਗੀ।

## 9

ਇਸ ਮੌਕੇ ਉੱਤੇ ਸੁਆਗਤੀ ਕਮੇਟੀ ਦੇ ਪ੍ਰਧਾਨ ਬਾਵਾ ਪਰਮਜੀਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ; ਜਲੰਧਰ ਦੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਸ. ਪਿਆਰਾ ਸਿੰਘ ਭੋਗਲ ਤੇ ਉਨ੍ਹਾਂ ਦੇ ਸਰਗਰਮ ਸਾਥੀਆਂ ਸ. ਜਗਜੀਤ ਸਿੰਘ ਆਨੰਦ, ਸ੍ਰੀ ਵਿਜੇ ਚੋਪੜਾ, ਸ. ਗੁਰਬਖ਼ਸ਼ ਸਿੰਘ ਬਨੂਆਣਾ, ਸ. ਜਗਦੀਸ਼ ਸਿੰਘ, ਸ. ਈਸ਼ਰ ਸਿੰਘ ਅਟਾਰੀ, ਅਵਤਾਰ ਸਿੰਘ ਭਾਟੀਆ, ਜੰਗ ਬਹਾਦਰ ਸਿੰਘ ਘਈ ਤੇ ਫਗਵਾੜੇ ਤੇ ਪਲਾਹੀ ਦੀਆਂ ਸਭਾਵਾਂ ਦੇ ਕਾਰਕੁਨਾਂ, ਟੀ.ਡੀ. ਚਾਵਲਾ ਤੇ ਗੁਰਮੀਤ ਪਲਾਹੀ; ਸਭਾ ਦੇ ਜਰਨੈਲ ਸਕੱਤਰ ਸ. ਰਘਬੀਰ ਸਿੰਘ ਦਾ ਤੇ ਸਭਾ ਦੀ ਕਾਰਜ-ਕਰਨੀ ਦੇ ਮੈਂਬਰਾਂ, ਡੈਲੀਗੇਟਾਂ, ਸੰਬੰਧਿਤ ਸਭਾਵਾਂ ਦੇ ਮੈਂਬਰਾਂ, ਭਾਸ਼ਾ ਵਿਭਾਗ ਦੇ ਡਾਇਰੈਕਟਰ ਤੇ ਉਨ੍ਹਾਂ ਦੇ ਸਟਾਫ਼ ਅਤੇ ਦੇਸ ਭਗਤ ਮੈਮੋਰੀਅਲ ਹਾਲ ਦੇ ਟ੍ਰਸਟੀਆਂ ਦਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਇਸ ਸਮਾਰੋਹ ਦੀ ਸਫਲਤਾ ਵਿਚ ਵਧ ਚੜ੍ਹ ਕੇ ਹਿੱਸਾ ਪਾਇਆ ਹੈ।

ਸਮਾਰੋਹ ਦੇ ਵੱਖ ਵੱਖ ਸਮਾਗਮਾਂ ਦੇ ਪ੍ਰਧਾਨਾਂ ਦੇ ਸਹਿਯੋਗ ਲਈ ਮੈਂ ਸਭਾ ਵੱਲੋਂ ਕ੍ਰਿਤੱਗਤਾ ਪ੍ਰਗਟ ਕਰਦਾ ਹਾਂ।

ਸਭ ਤੋਂ ਵੱਧ ਧੰਨਵਾਦ ਮੈਂ ਪੰਜਾਬ ਦੇ ਮੁੱਖ ਮੰਤਰੀ ਸ. ਦਰਬਾਰਾ ਸਿੰਘ ਦਾ ਕਰਦਾ ਹਾਂ, ਜਿਨ੍ਹਾਂ ਨੇ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਬੇਨਤੀ ਉੱਤੇ, ਇਸ ਦੀ ਸਿਲਵਰ ਜੁਬਲੀ ਵਿਚ [illegible] ਆ ਕੇ ਕੀਤੀ ਹੈ।

WWW.SIKHBOOKCLUB.COM

# ਭਾਵੀ ਛਾਲਾਂ*

ਮੈਂ ਕੇਂਦਰੀ ਪੰਜਾਬੀ ਲੇਖਕ ਸਭਾ ਦਾ ਸ਼ੁਕਰਗੁਜ਼ਾਰ ਹਾਂ ਕਿ ਮੈਨੂੰ ਉਸ ਵੱਲੋਂ ਬੁਲਾਏ, ਪੰਜਾਬ ਦੀਆਂ ਸਮੂਹ ਸਿਆਸੀ ਪਾਰਟੀਆਂ ਦੇ ਇਸ ਅਹਿਮ ਪੰਜਾਬੀ ਸੰਮੇਲਨ ਵਿਚ ਬੀਜ-ਭਾਸ਼ਣ ਦੇਣ ਲਈ ਯਾਦ ਕੀਤਾ ਗਿਆ ਹੈ। ਆਪਣੀਆਂ ਅੱਖਾਂ ਦੀ ਤਕਲੀਫ਼ ਕਰਕੇ ਹੁਣ ਮੈਂ ਸਮਾਗਮਾਂ ਵਿਚ ਬਹੁਤ ਘੱਟ ਪਹੁੰਚਦਾ ਹਾਂ, ਪਰ ਜਦੋਂ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਸੱਦਾ ਪਹੁੰਚਿਆ ਤਾਂ ਮੈਥੋਂ ਨਾਂਹ ਨਾ ਹੋ ਸਕੀ। ਇਕ ਤਾਂ ਪੂਰਬੀ ਪੰਜਾਬ ਵਿਚ ਜਿਹੜੀਆਂ ਮੱਲਾਂ ਪੰਜਾਬੀ ਜ਼ਬਾਨ ਮਾਰ ਚੁੱਕੀ ਹੈ, ਉਸ ਲਈ ਤੁਹਾਨੂੰ ਸਾਰਿਆਂ ਨੂੰ ਵਧਾਈ ਦੇਣੀ ਚਾਹੁੰਦਾ ਸਾਂ; ਦੂਜੇ, ਇਸ ਮੌਕੇ ਦਾ ਫ਼ਾਇਦਾ ਉਠਾ ਕੇ ਜਿਹੜੀਆਂ ਮੰਜ਼ਿਲਾਂ ਮਾਰਨੀਆਂ ਅਜੇ ਬਾਕੀ ਹਨ, ਉਨ੍ਹਾਂ ਵਿੱਚੋਂ ਕੁੱਝ ਦੀ ਨਿਸ਼ਾਨਦੇਹੀ ਕਰਨੀ ਜ਼ਰੂਰੀ ਸਮਝਦਾ ਸਾਂ ਤਾਂ ਜੋ ਇਨ੍ਹਾਂ ਦੀ ਪ੍ਰਾਪਤੀ ਲਈ ਸਾਂਝੇ ਕਦਮ ਪੁੱਟੇ ਜਾ ਸਕਣ। ਸੋ ਆਪ ਨਾਲ ਕੁੱਝ ਸਮਾਂ ਬਿਤਾਉਣ ਲਈ ਹਾਜ਼ਰ ਹੋ ਗਿਆ ਹਾਂ।

ਇਸ ਵਿਚ ਉੱਕਾ ਕੋਈ ਸ਼ੱਕ ਨਹੀਂ ਕਿ ਜਾਗਦੇ ਪੰਜਾਬੀਆਂ ਦੇ ਸਾਂਝੇ ਉੱਦਮਾਂ ਸਦਕਾ ਵਧਾਈ ਵਾਲੀਆਂ ਪ੍ਰਾਪਤੀਆਂ ਕਾਫ਼ੀ ਹੋ ਚੁੱਕੀਆਂ ਹਨ। ਇਨ੍ਹਾਂ ਦਾ ਠੀਕ ਅੰਦਾਜ਼ਾ ਓਦੋਂ ਲਗਦਾ ਹੈ, ਜਦੋਂ ਪੱਛਮੀ ਪੰਜਾਬ ਵਿਚ, ਜਿੱਥੇ ਸਾਡੇ ਪੰਜਾਬ ਨਾਲੋਂ ਵੱਧ ਪੰਜਾਬੀ-ਭਾਸ਼ੀ ਲੋਕ ਵੱਸਦੇ ਹਨ, ਪੰਜਾਬੀ ਦੀ ਹਾਲਤ ਨਾਲ, ਆਪਣੇ ਪੰਜਾਬ ਵਿਚ ਪੰਜਾਬੀ ਦੀ ਹਾਲਤ ਦਾ ਮੁਕਾਬਲਾ ਕੀਤਾ ਜਾਏ। ਪੱਛਮੀ ਪੰਜਾਬ ਦੀ ਸਰਕਾਰੀ ਬੋਲੀ ਉਰਦੂ ਹੈ, ਪੰਜਾਬੀ ਨਹੀਂ; ਬੱਚੇ ਦੀ ਪੜ੍ਹਾਈ ਕੱਚੀ ਪਹਿਲੀ ਤੋਂ ਹੀ ਉਰਦੂ ਵਿਚ ਸ਼ੁਰੂ ਹੁੰਦੀ ਹੈ, ਪੰਜਾਬੀ ਨਾ ਇਕ ਮਜ਼ਮੂਨ ਵਜੋਂ ਪੜ੍ਹਾਈ ਜਾਂਦੀ ਹੈ, ਨਾ ਹੋਰ ਮਜ਼ਮੂਨਾਂ ਦੇ ਮਾਧਿਅਮ ਵਜੋਂ ਵਰਤੀ ਜਾਂਦੀ ਹੈ। ਇਸ ਦੇ ਉਲਟ ਸਿੰਧੀ ਬੱਚਾ ਸਿੰਧੀ ਵਿਚ ਤੇ ਸੂਬਾ ਸਰਹੱਦ ਦਾ ਬੱਚਾ ਆਪਣੀ ਪੜ੍ਹਾਈ ਪਸ਼ਤੋ ਵਿਚ ਸ਼ੁਰੂ ਕਰਦਾ ਹੈ। ਪੱਛਮੀ ਪੰਜਾਬ ਵਿਚ ਰੋਜ਼ਾਨਾ ਅਖ਼ਬਾਰ ਇਕ ਵੀ ਨਹੀਂ ਹੈ—'ਸੱਜਨ' ਨਾਂ ਦਾ ਇਕ ਅਖ਼ਬਾਰ ਪੰਜਾਬੀ ਦੇ ਹਿਤੈਸ਼ੀਆਂ ਨੇ ਚਲਾਇਆ ਸੀ, ਪਰ ਬੁਰੀ ਤਰ੍ਹਾਂ ਫ਼ੇਲ ਹੋਇਆ; 'ਲਹਿਰਾਂ' ਨਾਂ ਦਾ ਪੰਜਾਬੀ ਮਾਹਵਾਰੀ ਰਿਸਾਲਾ ਸ਼ਾਇਦ ਤਿੰਨ ਦਹਾਕਿਆਂ ਤੋਂ ਚੱਲ ਰਿਹਾ ਹੈ, ਪਰ ਸੰਪਾਦਕ ਡਾ. ਅਖ਼ਤਰ ਹੁਸੈਨ ਦੀ ਦੱਸ ਅਨੁਸਾਰ ਰਿਸਾਲੇ ਉੱਤੇ ਚੜ੍ਹਿਆ ਕਰਜ਼ਾ ਇਕ ਲੱਖ ਦੇ ਨੇੜੇ ਪੁੱਜਣ ਵਾਲਾ ਹੈ। ਇਸ ਦਸ਼ਾ ਜਾਂ ਦੁਰਦਸ਼ਾ ਦੇ ਮੁਕਾਬਲੇ ਉੱਤੇ, ਜਿਵੇਂ ਕਿ ਆਪ ਸਾਰੇ ਜਾਣਦੇ ਹੀ ਹੋ, ਸਾਡੇ ਪੰਜਾਬ ਦੀ ਸਰਕਾਰੀ ਭਾਸ਼ਾ ਪੰਜਾਬੀ ਬਣ ਚੁੱਕੀ ਹੈ, ਸਾਰੇ ਸਰਕਾਰੀ ਕੰਮ ਪੰਜਾਬੀ ਵਿਚ ਕਰਨ ਦੇ ਹੁਕਮ ਬੜੇ ਚਿਰ ਤੋਂ ਜਾਰੀ ਹੋਏ ਹੋਏ ਹਨ;

* ਇਹ ਬੀਜ-ਪੇਪਰ 24 ਮਾਰਚ, 1996 ਨੂੰ ਦੇਸ ਭਗਤ ਯਾਦਗਾਰ ਹਾਲ, ਜਲੰਧਰ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿਸਟਰਡ) ਵੱਲੋਂ ਬੁਲਾਈ ਗਈ ਸਰਬ-ਪਾਰਟੀ ਕਨਵੈਨਸ਼ਨ ਵਿਚ ਪੜ੍ਹਿਆ ਗਿਆ।

WWW.SIKHBOOKCLUB.COM

ਸਾਰੇ ਸਰਕਾਰੀ ਸਕੂਲਾਂ ਵਿਚ ਸਿੱਖਿਆ ਦਾ ਮਾਧਿਅਮ ਪੰਜਾਬੀ ਹੈ ਤੇ ਕੁੱਝ ਛੋਟਾਂ ਨੂੰ ਛੱਡ ਕੇ ਬੀ.ਏ. ਤਕ ਹਰ ਵਿਦਿਆਰਥੀ ਲਈ ਪੰਜਾਬੀ ਦੀ ਪੜ੍ਹਾਈ ਲਾਜ਼ਮੀ ਹੈ। ਸਰਕਾਰ ਇਕ ਵੱਖਰਾ ਭਾਸ਼ਾ ਵਿਭਾਗ ਕਾਇਮ ਕਰ ਚੁੱਕੀ ਹੈ, ਜਿਸ ਦੇ ਬਜਟ ਵਿੱਚੋਂ ਕਰੀਬ ਕਰੀਬ ਇਕ ਕਰੋੜ ਰੁਪੈ ਹਰ ਵਰ੍ਹੇ ਪੰਜਾਬੀ ਭਾਸ਼ਾ ਤੇ ਸਾਹਿੱਤ ਦੀ ਉੱਨਤੀ ਲਈ ਖ਼ਰਚੇ ਜਾਂਦੇ ਹਨ। ਪੰਜਾਬੀ ਦੇ ਨਾਂ ਉੱਤੇ ਇਕ ਪੂਰੀ ਯੂਨੀਵਰਸਿਟੀ ਥਾਪੀ ਜਾ ਚੁੱਕੀ ਹੈ, ਜਿਸ ਦੇ ਬਜਟ ਵਿਚ ਪੰਜਾਬੀ ਦੇ ਨਾਂ ਉੱਤੇ ਹੋਣ ਵਾਲਾ ਖ਼ਰਚ ਭਾਸ਼ਾ ਵਿਭਾਗ ਦੇ ਬਜਟ ਤੋਂ ਵੱਧ ਹੈ। ਕਈ ਯੂਨੀਵਰਸਿਟੀਆਂ ਪੰਜਾਬੀ ਦੀ ਐਮ.ਏ., ਐਮ.ਫ਼ਿਲ./ਐਮ.ਲਿਟ., ਪੀ-ਐਚ.ਡੀ. ਤੇ ਡੀ.ਲਿਟ. ਤਕ ਦੀ ਪੜ੍ਹਾਈ ਕਰਵਾ ਰਹੀਆਂ ਹਨ ਤੇ ਜਾਂ ਡਿਗਰੀਆਂ ਦੇ ਰਹੀਆਂ ਹਨ। ਸੈਂਕੜੇ ਪਰੀਖਿਆਰਥੀ ਪੰਜਾਬੀ ਵਿਚ ਉਚੇਰੀਆਂ ਖੋਜ-ਡਿਗਰੀਆਂ ਲੈ ਚੁੱਕੇ ਹਨ। ਕਦੀ ਕੇਂਦਰੀ ਪੰਜਾਬੀ ਲੇਖਕ ਸਭਾ ਮਤੇ ਪਾਸ ਕਰਿਆ ਕਰਦੀ ਸੀ ਕਿ ਪੰਜਾਬ ਯੂਨੀਵਰਸਿਟੀ ਨੂੰ, ਜੋ ਪੰਜਾਬ ਦੀ ਇੱਕੋ ਇੱਕ ਯੂਨੀਵਰਸਿਟੀ ਹੁੰਦੀ ਸੀ, ਪੰਜਾਬੀ ਲਈ ਪ੍ਰੋਫ਼ੈਸਰ ਦੀ ਇਕ ਅਸਾਮੀ ਕਾਇਮ ਕਰਨੀ ਚਾਹੀਦੀ ਹੈ, ਅੱਜ ਕੋੜੀਆਂ ਦੇ ਹਿਸਾਬ ਨਾਲ ਪੰਜਾਬੀ ਦੇ ਪ੍ਰੋਫ਼ੈਸਰ ਗ੍ਰੇਡ ਦੇ ਵਿਦਵਾਨ ਇਕ ਇਕ ਯੂਨੀਵਰਸਿਟੀ ਵਿਚ ਲੱਗੇ ਹੋਏ ਹਨ। ਸ਼ਬਦ-ਕੋਸ਼, ਸ਼ਬਦ-ਜੋੜ-ਕੋਸ਼, ਵਿਸ਼ਵ-ਕੋਸ਼, ਪੰਜਾਬੀ ਲੇਖਕ ਕੋਸ਼, ਪੰਜਾਬੀ-ਪੁਸਤਕ ਕੋਸ਼ ਅਤੇ ਤਕਨੀਕੀ ਤੇ ਪੇਸ਼ਾਵਰਾਨਾ ਸ਼ਬਦਾਵਲੀਆਂ ਵਰਗੇ ਹਵਾਲਾ-ਗ੍ਰੰਥ ਤਿਆਰ ਹੋ ਚੁੱਕੇ ਹਨ ਜਾਂ ਹੋ ਰਹੇ ਹਨ। ਪੰਜਾਬੀ ਦੇ ਦਸ-ਬਾਰਾਂ ਰੋਜ਼ਾਨਾ ਅਖ਼ਬਾਰਾਂ ਦਾ ਤਾਂ ਮੈਨੂੰ ਪਤਾ ਹੈ ਤੇ ਇਨ੍ਹਾਂ ਵਿੱਚੋਂ ਇਕ ਦੀ ਵਿਕਰੀ ਤਾਂ ਲੱਖ ਨੂੰ ਵੀ ਟੱਪ ਗਈ ਦੱਸੀਦੀ ਹੈ। ਬੜੀ ਖ਼ੂਬਸੂਰਤ ਦੱਖ ਤੇ ਕਾਫ਼ੀ ਪੜ੍ਹਨ-ਸਮਗਰੀ ਵਾਲੇ ਰਿਸਾਲੇ ਛਪ ਰਹੇ ਹਨ। ਦਿੱਲੀ-ਰਾਜ ਦੀ ਸਰਕਾਰ ਵੱਲੋਂ ਚਲਾਈ ਹੋਈ ਪੰਜਾਬੀ ਅਕਾਡਮੀ, ਪੰਜਾਬ ਤੋਂ ਬਾਹਰ ਦੀ ਇਕ ਹੋਰ ਸੰਸਥਾ ਹੈ, ਜੋ ਹਰ ਸਾਲ ਪੰਜਾਬੀ ਲਈ ਇਕ ਕਰੋੜ ਰੁਪੈ ਦੇ ਕਰੀਬ ਖ਼ਰਚ ਕਰਦੀ ਹੈ। ਗੱਲ ਕੀ, ਕਿਸੇ ਵੀ ਭਾਸ਼ਾ ਲਈ ਦੁਨੀਆ ਦੀਆਂ ਵਿਕਸਿਤ ਭਾਸ਼ਾਵਾਂ ਦੇ ਮੁਕਾਬਲੇ ਉੱਤੇ ਖੜੇ ਹੋਣ ਲਈ ਜਿਸ ਤਰ੍ਹਾਂ ਦਾ ਬੁਨਿਆਦੀ ਢਾਂਚਾ ਚਾਹੀਦਾ ਹੁੰਦਾ ਹੈ, ਬਿਲਕੁਲ ਉਹੋ ਜਿਹਾ ਨਹੀਂ ਤਾਂ ਉਸ ਦੇ ਨੇੜੇ-ਤੇੜੇ ਦਾ ਹੋਂਦ ਵਿਚ ਆ ਚੁੱਕਾ ਹੈ। ਇਸ ਤਰੱਕੀ ਲਈ ਕਈ ਸਿਆਸੀ, ਸਭਿਆਚਾਰਕ, ਸਾਹਿੱਤਿਕ ਤੇ ਧਾਰਮਿਕ ਧਿਰਾਂ ਵਧਾਈ ਦੀਆਂ ਹੱਕਦਾਰ ਹਨ, ਜਿਨ੍ਹਾਂ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ ਵੀ ਸ਼ਾਮਿਲ ਹੈ। ਮੈਂ ਇਹ ਰਸਮੀ ਕਿਸਮ ਦੀ ਵਧਾਈ ਨਹੀਂ ਦੇ ਰਿਹਾ, ਸੱਚੇ ਦਿਲੋਂ ਨਿੱਘੀ ਵਧਾਈ ਦੇ ਰਿਹਾ ਹਾਂ ਕਿਉਂਕਿ ਹੁਣ ਤਕ ਦੀਆਂ ਬਹੁਤ ਸਾਰੀਆਂ ਕਾਮਯਾਬੀਆਂ, ਉਸ ਸਿੱਧੇ ਵਿਰੋਧ ਜਾਂ ਨਾ-ਮਿਲਵਰਤੋਂ ਜਾਂ ਕੇਵਲ ਅੱਥਰੂ-ਪੂੰਝ ਸ਼੍ਰੇਣੀ ਦੀ ਦਿਖਾਵੇ ਵਾਲੀ ਮਿਲਵਰਤੋਂ ਦੇ ਅਣਸੁਖਾਵੇਂ ਮਾਹੌਲ ਵਿੱਚੋਂ ਹਾਸਿਲ ਕੀਤੀਆਂ ਹੋਈਆਂ ਹਨ, ਜੋ ਕੇਂਦਰੀ ਸਰਕਾਰ, ਸਾਡੀਆਂ ਆਪਣੀਆਂ ਰਾਜ-ਸਰਕਾਰਾਂ ਤੇ ਸਾਡੇ ਆਪਣੇ ਲੋਕਾਂ ਦੇ ਇਕ ਖ਼ੁਸ਼ਹਾਲ ਸ਼ਹਿਰੀ ਤਬਕੇ ਦਾ ਪੈਦਾ ਕੀਤਾ ਹੋਇਆ ਸੀ। ਮਤੇ ਕਿਸੇ ਨੂੰ ਖ਼ਿਆਲ ਹੋਵੇ ਕਿ ਸਰਕਾਰੀ ਵਤੀਰਿਆਂ ਵੱਲ ਨਿੰਦਿਆ-ਸੂਚਕ ਹਵਾਲੇ ਨਿਰਾਧਾਰ ਹਨ—ਕੇਂਦਰੀ ਸਰਕਾਰ ਦਾ ਰਵੱਈਆ ਪੰਜਾਬ ਤੇ ਪੰਜਾਬੀ ਵੱਲ ਨਾ ਅੱਗੇ ਸਵੱਲਾ ਰਿਹਾ ਹੈ ਤੇ ਨਾ ਹੁਣ ਹੈ, ਵਰਨਾ ਕੇਂਦਰੀ ਪੰਜਾਬੀ ਲੇਖਕ ਸਭਾ ਤੇ ਹੋਰ ਸਭਾਵਾਂ ਦੇ ਮੇਜਰ-ਨਾਮਿਆਂ, ਡੈਪੂਟੇਸ਼ਨਾਂ ਤੇ ਰੋਸ-ਧਰਨਿਆਂ ਦੇ ਬਾਵਜੂਦ ਰੇਡੀਓ ਤੇ ਟੀ.ਵੀ. ਦੀ ਭਾਸ਼ਾਈ ਨੀਤੀ ਵਿਚ ਕੋਈ ਫ਼ਰਕ ਨਾ ਪੈ ਜਾਂਦਾ? ਪੰਜਾਬ ਦੇ ਕਥਿਤ ਹਿੰਦੀ-ਭਾਸ਼ੀ ਇਲਾਕੇ ਹਰਿਆਣੇ ਵਿਚ ਸ਼ਾਮਿਲ ਕਰਾਉਣ ਲਈ ਤਾਂ ਕਮਿਸ਼ਨ ਵੀ ਬਿਠਾਏ ਤੇ ਹਰਿਆਣੇ ਦੇ ਪੱਖ ਵਿਚ ਟਿੱਲ ਵੀ ਪੂਰਾ ਲਾਇਆ, [illegible] ਸ਼ੁੱਧ ਪੰਜਾਬੀ-ਭਾਸ਼ੀ ਇਲਾਕਿ[illegible]

WWW.SIKHBOOKCLUB.COM

ਪੰਜਾਬ ਵਿਚ ਸ਼ਾਮਿਲ ਕਰਨ ਬਾਰੇ ਉੱਕਾ ਕੋਈ ਕਦਮ ਪੁੱਟਣ ਦੀ ਲੋੜ ਨਹੀਂ ਸਮਝੀ ਗਈ। ਦੇਸ ਦਾ ਪ੍ਰਧਾਨ ਮੰਤਰੀ ਪੰਜਾਬ ਦੇ ਇਕ ਨੁਮਾਇੰਦੇ ਨਾਲ ਲਿਖਤੀ ਸਮਝੌਤਾ ਕਰਦਾ ਹੈ ਕਿ "11.1. ਭਾਰਤ ਸਰਕਾਰ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਕੁੱਝ ਕਦਮ ਚੁੱਕਣ ਬਾਰੇ ਵਿਚਾਰ ਕਰੇਗੀ।" (ਪੰਜਾਬ ਸਰਕਾਰ ਵੱਲੋਂ ਛਪਿਆ ਪੈਮਫਲਿਟ 'ਅਮਨ ਦੀ ਜਿੱਤ')। ਇਹ ਸਮਝੌਤਾ 24 ਜੁਲਾਈ 1985 ਨੂੰ ਹੋਇਆ ਸੀ, ਜਾਣੀ ਅੱਜ ਤੋਂ ਲਗਭਗ 11 ਸਾਲ ਪਹਿਲਾਂ, ਪਰ ਭਾਰਤ ਸਰਕਾਰ ਵੱਲੋਂ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਕੋਈ ਉਚੇਚਾ ਕਦਮ ਚੁੱਕਿਆ ਜਾਣਾ ਤਾਂ ਵੱਡੀ ਗੱਲ ਹੈ, ਇਸ ਬਾਰੇ ਵਿਚਾਰ ਕਰਨ ਦੀ ਵਿਹਲ ਵੀ ਨਹੀਂ ਕੱਢੀ ਗਈ। ਚੰਡੀਗੜ੍ਹ ਕੇਂਦਰ ਦੇ ਸਿੱਧੇ ਰਾਜ ਹੇਠ ਪੰਜਾਬੀ-ਭਾਸ਼ੀ ਇਲਾਕਾ ਹੈ। ਇਸ ਦੀ ਰਾਜ-ਪ੍ਰਬੰਧਕ ਤੇ ਵਿਦਿਅਕ ਨੀਤੀ ਤੇ ਗ਼ੈਰ-ਪੰਜਾਬੀਆਂ ਨੂੰ ਪੱਕੇ ਤੌਰ 'ਤੇ ਚੰਡੀਗੜ੍ਹ ਵਿਚ ਵਸਾਉਣ ਲਈ ਰਿਹਾਇਸ਼ੀ ਪਲਾਟ/ਮਕਾਨ ਦੇਣ ਦੀ ਨੀਤੀ, ਸਾਡੀਆਂ ਅੱਖਾਂ ਦੇ ਸਾਹਮਣੇ, ਚੰਗੇ-ਭਲੇ ਪੰਜਾਬੀ-ਭਾਸ਼ੀ ਇਲਾਕੇ ਨੂੰ ਹਿੰਦੀ-ਭਾਸ਼ੀ ਬਣਾ ਰਹੀ ਹੈ।

ਪੰਜਾਬ ਦੀਆਂ ਵੱਖ ਵੱਖ ਸਰਕਾਰਾਂ ਦੇ ਛਿੱਲੜ ਵੱਡੇ ਤੇ ਗਿਰੀਆਂ ਛੋਟੀਆਂ ਹੁੰਦੀਆਂ ਰਹੀਆਂ ਹਨ। ਦਿਖਾਵਾ ਤੇ ਕਾਗ਼ਜ਼ੀ ਕਾਰਵਾਈ ਇਨ੍ਹਾਂ ਦੇ ਚਹੇਤੇ ਤੇ ਅਜ਼ਮਾਏ ਹੋਏ ਗੁਰ ਰਹੇ ਹਨ। ਨਾਲੇ ਪੰਜਾਬੀ ਨੂੰ ਹਮੇਸ਼ਾ ਇਕ ਸਿਆਸੀ ਹਥਿਆਰ ਵਜੋਂ ਵਰਤਣ ਦਾ ਜਤਨ ਕੀਤਾ ਜਾਂਦਾ ਹੈ। ਕੋਈ ਵਿਰਲਾ ਵਜ਼ੀਰ ਹੋਵੇਗਾ ਜੋ ਦਿਲੋਂ ਮਹਿਸੂਸ ਕਰਦਾ ਹੋਵੇ ਕਿ ਪੰਜਾਬ ਵਿਚ ਹਰੀ ਕ੍ਰਾਂਤੀ, ਚਿੱਟੀ ਕ੍ਰਾਂਤੀ ਤੇ ਨੀਲੀ ਕ੍ਰਾਂਤੀ ਤੋਂ ਇਲਾਵਾ ਜਿੰਨੀ ਦੇਰ ਪੰਜਾਬੀ ਭਾਸ਼ਾ ਦੇ ਆਧਾਰ ਉੱਤੇ ਸਭਿਆਚਾਰਕ ਕ੍ਰਾਂਤੀ ਨਹੀਂ ਲਿਆਂਦੀ ਜਾਂਦੀ, ਓਨੀ ਦੇਰ ਨਾ ਪੰਜਾਬ ਦੀ ਤੇ ਨਾ ਪੰਜਾਬੀ ਲੋਕਾਂ ਦੀ ਸਰਬ-ਪੱਖੀ ਉੱਨਤੀ ਸੰਭਵ ਹੈ। ਬੇਸ਼ੱਕ ਆਪ ਜਾ ਕੇ ਵੇਖ ਲਓ, ਨਾ ਸਿਖਰਲੀ ਨੌਕਰਸ਼ਾਹੀ ਤੇ ਨਾ ਪੜ੍ਹੇ-ਲਿਖੇ ਵਜ਼ੀਰਾਂ ਦੀ ਬਹੁ-ਗਿਣਤੀ ਫ਼ਾਈਲਾਂ ਦਾ ਕੰਮ ਪੰਜਾਬੀ ਵਿਚ ਕਰਦੀ ਹੈ। ਇਹ ਕਿਹੜੇ ਮੂੰਹ ਨਾਲ ਪੰਜਾਬੀ ਭਾਸ਼ਾ ਦੀ ਦਫ਼ਤਰੀ ਵਰਤੋਂ ਬਾਰੇ ਬਣੇ ਹੋਏ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਨੂੰ ਸਜ਼ਾ ਦੇਣ ਦੇ ਨਿਯਮ ਘੜਨ? ਵਰਤਮਾਨ ਸਰਕਾਰ ਦੀ ਇਹ ਦੁਬਾਜਰੀ ਨੀਤੀ ਓਦੋਂ ਚੁਰਾਹੇ ਵਿਚ ਨੰਗੀ ਹੋਈ ਜਦੋਂ ਓਦੋਂ ਦੇ ਸਿੱਖਿਆ ਤੇ ਭਾਸ਼ਾ ਦੇ ਮੰਤਰੀ ਸ੍ਰੀ ਹਰਨਾਮ ਦਾਸ ਜੌਹਰ ਜੀ ਨੇ ਇਕ ਦਿਨ ਸਜ਼ਾ-ਸੰਬੰਧੀ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਮੰਗ ਪਰਵਾਨ ਕਰਨ ਦਾ ਨਿਸਚਿਤ ਏਲਾਨ ਕੀਤਾ, ਜੋ ਅਖ਼ਬਾਰਾਂ ਵਿਚ ਛਪਿਆ ਤੇ ਅਗਲੇ ਦਿਨ ਉਸ ਤੋਂ ਸਾਫ਼ ਮੁਕਰਨ ਵਾਲਾ ਬਿਆਨ ਦੇ ਦਿੱਤਾ। ਇਹ ਹੈ ਪਿਛੋਕੜ, ਜਿਸ ਵਿਚ ਪੰਜਾਬ ਦੀ ਪੰਜਾਬੀ-ਹਿਤੈਸ਼ੀ ਜਨਤਾ ਨੇ ਪੰਜਾਬੀ ਲਈ ਕੁੱਝ ਹੱਕ, ਨਾਂਹ-ਨੁੱਕਰ ਕਰਨ ਵਾਲੇ ਹੱਥਾਂ ਵਿੱਚੋਂ ਖੋਹੇ ਸਨ ਤੇ ਇਹੀ ਹੈ ਆਪ ਸਭ ਨੂੰ ਮੇਰੀ ਨਿੱਘੀ ਵਧਾਈ ਦਾ ਪਿਛੋਕੜ।

ਹੁਣ ਪੰਜਾਬੀ-ਹਿਤੈਸ਼ੀ ਵੀਰਾਂ ਨੂੰ ਲੋੜ ਹੈ ਅਜਿਹੇ ਦੁਰਾਹੇ ਉੱਤੇ ਖੜੇ ਹੋਣ ਦੀ, ਜਿੱਥੋਂ ਇਕ ਪਾਸੇ ਉਹ ਆਪਣੀਆਂ ਹੁਣ ਤਕ ਦੀਆਂ ਪ੍ਰਾਪਤੀਆਂ ਦਾ ਕਰੜਾ ਗੁਣਾਤਮਕ ਲੇਖਾ-ਜੋਖਾ ਕਰਨ—ਆਪਾ-ਚੀਨਣ ਦਾ ਕੰਮ ਕਰਨ ਤੇ ਅਗਲੀਆਂ ਵਡੇਰੀਆਂ ਪੁਲਾਂਘਾਂ ਪੁੱਟਣ ਲਈ ਠੀਕ ਦਿਸ਼ਾ ਚੁਣ ਕੇ ਕਦਮ ਅਗੇਰੇ ਪੁੱਟਣ। ਜਿੱਥੋਂ ਤਕ ਲੇਖੇ-ਜੋਖੇ ਦੀ ਗੱਲ ਹੈ, ਇਹ ਗੱਲ ਨਿਸ਼ੰਗ ਹੋ ਕੇ ਮੰਨ ਲੈਣੀ ਚਾਹੀਦੀ ਹੈ ਕਿ 1947 ਦੇ ਬਾਅਦ, ਪੰਜਾਬੀ ਵਿਚ ਜੋ ਕੰਮ ਵੀ ਹੋਇਆ, ਉਸ ਵਿੱਚੋਂ ਬਹੁਤਾ ਕਾਹਲ ਵਿਚ ਹੋਇਆ ਹੈ, ਪੂਰੀ ਤਿਆਰੀ ਦੇ ਬਗ਼ੈਰ ਹੋਇਆ ਹੈ। ਇਸੇ ਲਈ ਸਰਕਾਰ ਵੱਲੋਂ ਤਿਆਰ ਕੀਤੇ 'ਪੰਜਾਬ ਰਾਜ-ਭਾਸ਼ਾ ਐਕਟ' ਵਿਚ ਕਸਰ [illegible] ਵਿਸ਼ਵ-ਕੋਸ਼ ਵਿਚ ਊਣ ਰਹਿ [illegible]

WWW.SIKHBOOKCLUB.COM

ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਛਾਪੇ ਕੋਸ਼ਾਂ ਤੇ ਅਨੁਵਾਦਾਂ ਵਿਚ ਛਿਦਰ ਵੇਖੇ ਜਾ ਸਕਦੇ ਹਨ; ਪੰਜਾਬ ਯੂਨੀਵਰਸਿਟੀ ਪਾਠ-ਪੁਸਤਕ ਬੋਰਡ ਵੱਲੋਂ ਛਪਿਆ ਅੰਗਰੇਜ਼ੀ-ਪੰਜਾਬੀ ਕੋਸ਼ ਸੰਪੂਰਨ ਨਹੀਂ; ਛੋਟੇ ਤੇ ਵੱਡੇ ਵਿਦਿਆਰਥੀਆਂ ਲਈ ਛਪੀਆਂ ਪਾਠ-ਪੁਸਤਕਾਂ ਵਿਚ ਜਿੰਨੇ ਚਾਹੋ ਦੋਸ਼ ਲੱਭ ਲਓ; ਪੰਜਾਬੀ ਪੜ੍ਹਾਉਣ ਵਾਲੇ ਪ੍ਰਾਇਮਰੀ ਦੇ ਅਧਿਆਪਕ ਤੋਂ ਲੈ ਕੇ, ਖਿਮਾ ਕਰਨਾ, ਯੂਨੀਵਰਸਿਟੀਆਂ ਦੇ ਵਿਭਾਗਾਂ ਦੇ ਮੁਖੀਆਂ ਤਕ, ਸਭ ਆਦਰਸ਼ ਤੋਂ ਕੁੱਝ ਥੱਲੇ ਦੀ ਪੱਧਰ ਨਾਲ ਸੰਤੁਸ਼ਟ ਹੋਏ ਵੇਖੇ ਜਾ ਸਕਦੇ ਹਨ। ਗੱਲ ਕੀ, ਸਿੱਕੇਬੰਦ ਪ੍ਰਮਾਣ, ਮਿਆਰੀ ਸਨਦ, ਨਿਪੁਣਤਾ ਦੀ ਘਾਟ ਵਿਆਪਕ ਹੈ। ਸਾਗਰ ਵਰਗੀ ਅਥਾਹ ਵਿਦਵਤਾ ਨਾਲ ਅਤੇ ਮੌਲਿਕ ਤੇ ਡੂੰਘੇ ਚਿੰਤਨ ਨਾਲ ਵਾਹ ਬਹੁਤ ਘੱਟ ਪੈਂਦਾ ਹੈ; ਤੁਲਨਾਤਮਕ ਅਧਿਐਨ ਦਾ ਸ਼ੌਕ ਰੱਖਣ ਵਾਲੇ 'ਵਿਰਲੇ ਕੇਈ ਕੇ' ਹਨ; ਨਾ ਪੰਜਾਬੀ ਭਾਸ਼ਾ ਉੱਤੇ ਸੰਪੂਰਨ ਅਧਿਕਾਰ ਪ੍ਰਾਪਤ ਕਰ ਚੁੱਕਿਆ ਪਰਮ ਗਿਆਨੀ ਲੱਭਦਾ ਹੈ, ਨਾ ਪਰਮ ਵਿਗਿਆਨੀ। ਫੇਰ ਵੀ ਆਪਣੀਆਂ ਇਹੋ ਜਿਹੀਆਂ ਥੁੜਾਂ ਉੱਤੇ ਬਹੁਤ ਘਬਰਾਉਣ ਦੀ ਲੋੜ ਨਹੀਂ। ਲੋੜ ਹੈ ਇਨ੍ਹਾਂ ਥੁੜਾਂ ਦੀ ਪ੍ਰਚੰਡ ਚੇਤਨਾ ਦੀ। ਚੇਤਨਾ ਹੋਵੇ ਤੇ ਅੱਗੇ ਵਧਣ ਦੀ ਦ੍ਰਿੜ੍ਹ ਇੱਛਾ ਵੀ ਹੋਵੇ ਤਾਂ ਵਰਤਮਾਨ ਮਿਆਰਾਂ ਨੂੰ ਅਗਲੇਰੀਆਂ ਉਚਾਈਆਂ ਵੱਲ ਜਾਣ ਤੋਂ ਕੋਈ ਨਹੀਂ ਰੋਕ ਸਕਦਾ।

ਪੰਜਾਬ ਦੇ ਧੁਰ ਅੰਦਰ, ਉਸ ਦੀ ਆਤਮਾ ਨੂੰ ਜਿਹੜਾ ਮਾਰੂ ਰੋਗ ਲੱਗ ਚੁੱਕਾ ਹੈ, ਉਸ ਦੇ ਮੁਕਾਬਲੇ ਉੱਤੇ ਉਪਰੋਕਤ ਥੁੜਾਂ ਕੁੱਝ ਵੀ ਨਹੀਂ ਹਨ। ਇਹ ਰੋਗ ਸਾਡੀਆਂ ਅੱਖਾਂ ਦੇ ਸਾਹਮਣੇ ਕੌੜੀ ਵੇਲ ਵਾਂਗ ਵਧ ਰਿਹਾ ਹੈ, ਫੇਰ ਵੀ ਅਸੀਂ ਇਸ ਦੇ ਹਮਲੇ ਨੂੰ ਠੱਲ੍ਹ ਪਾਉਣ ਦੀ ਥਾਂ, ਬਸ ਤਮਾਸ਼ਬੀਨ ਬਣੇ ਬੈਠੇ ਹਾਂ ਤੇ ਤਮਾਸ਼ਬੀਨ ਤਾਂ, ਜਿਵੇਂ ਆਪ ਜਾਣਦੇ ਹੋ, ਹਰ ਤਮਾਸ਼ੇ ਦੀ ਜਾਨ ਹੁੰਦੇ ਹਨ। ਤਮਾਸ਼ਬੀਨ ਨਾ ਹੋਣ ਤਾਂ ਤਮਾਸ਼ਾ ਆਪਣੇ ਆਪ ਮਰ-ਖਪ ਜਾਂਦਾ ਹੈ। ਇਹ ਮਾਰੂ ਰੋਗ ਹੈ ਕੱਚੀ ਪਹਿਲੀ ਜਮਾਤ ਤੋਂ ਅੰਗਰੇਜ਼ੀ ਜਾਂ ਹਿੰਦੀ ਮਾਧਿਅਮ ਵਾਲੇ ਦਬਾ-ਦੱਬ ਉੱਗ ਰਹੇ ਨਰਸਰੀ ਤੇ ਪਬਲਿਕ ਸਕੂਲਾਂ ਦਾ। ਇਸ ਵਰਤਾਰੇ ਦੀ ਗੰਭੀਰਤਾ ਦਾ ਹਾਥ ਪਾਉਣ ਲਈ ਇਕ ਪਿੱਛਲ-ਝਾਤ ਦੀ ਲੋੜ ਹੈ।

1947 ਤੋਂ ਪਹਿਲਾਂ ਪੰਜਾਬ ਵਿਚ ਸਿਆਸੀ ਸ਼ਕਤੀ ਹਥਿਆਉਣ ਲਈ ਸਿਆਸੀ ਚੌਂਪੜਬਾਜ਼ਾਂ ਨੇ ਜਿਹੜੀ ਫ਼ਿਰਕੂ ਵੰਡ ਵਰਤਾਈ ਹੋਈ ਸੀ, ਉਸ ਵਿਚ ਭਾਸ਼ਾਵਾਂ ਨੂੰ ਵੀ ਫ਼ਿਰਕੂ ਹਥਿਆਰਾਂ ਵਜੋਂ ਵਰਤਿਆ ਗਿਆ ਸੀ। ਸਿਆਸੀ ਚੇਤਨਾ ਵਾਲੇ ਮੁਸਲਮਾਨਾਂ ਨੇ ਉਰਦੂ ਤੇ ਸਿਆਸੀ ਰੰਗ ਵਾਲੇ ਹਿੰਦੂਆਂ ਨੇ ਹਿੰਦੀ ਅਪਣਾ ਲਈ ਸੀ, ਭਾਵੇਂ ਦੋਵੇਂ ਪੰਜਾਬ ਦੀਆਂ ਲੋਕ-ਭਾਸ਼ਾਵਾਂ ਨਹੀਂ ਸਨ। ਸਿਆਸੀ ਸਿੱਖਾਂ ਜੋਗੀ ਵਿਚਾਰੀ ਪੰਜਾਬੀ ਰਹਿ ਗਈ ਸੀ। ਵੰਡ ਤੋਂ ਪਿੱਛੋਂ ਪੂਰਬੀ ਪੰਜਾਬ ਦੇ ਸਿਆਸੀ ਘੁਲਾਟੀਆਂ ਨੇ ਪੁਰਾਣੀ ਫ਼ਿਰਕੂ ਜ਼ਿਹਨੀਅਤ ਜਾਰੀ ਰੱਖੀ, ਜਿਸ ਕਰਕੇ ਹਿੰਦੂ ਸਮਾਜ ਨੇ ਆਪਣੀ ਵੱਖਰੀ ਪਛਾਣ ਕਾਇਮ ਕਰਨ ਲਈ ਹਿੰਦੀ ਭਾਸ਼ਾ ਨਾਲ ਆਪਣਾ ਜੋਸ਼ੀਲਾ ਹੇਜ ਜਤਾਇਆ ਤੇ ਸਿੱਖਿਆ ਦੇ ਖੇਤਰ ਵਿਚ ਹਿੰਦੀ ਮਾਧਿਅਮ ਦੀ ਵਕਾਲਤ ਦੀ ਨੀਤੀ ਅਪਣਾ ਲਈ। ਸਿੱਖਾਂ ਨੇ ਓਸੇ ਜ਼ੋਰ ਨਾਲ, ਬਲਕਿ ਵਧੇਰੇ ਸ਼ਿੱਦਤ ਨਾਲ, ਪੰਜਾਬੀ ਦਾ ਪੱਖ ਪੂਰਨਾ ਸ਼ੁਰੂ ਕਰ ਦਿੱਤਾ। ਇਸ ਨੀਤੀ ਦੀ ਨੀਂਹ, ਫ਼ਿਰਕੂ ਹੋਣ ਕਰਕੇ ਅਸਲੋਂ ਹੀ ਗ਼ਲਤ ਸੀ, ਪਰ ਓਦੋਂ ਪੰਜਾਬ ਵਿਚ ਘੱਟੋ ਘੱਟ ਸਿਖ ਤਾਂ ਹੈ ਸਨ ਜੋ ਪੰਜਾਬੀ ਲਈ 'ਹਾ' ਦਾ ਨਾਅਰਾ ਮਾਰਦੇ ਸਨ, ਲੇਕਿਨ ਹੁਣ ਜਿਹੜਾ ਨਵਾਂ ਸੂਖਮ ਰੋਗ ਪੰਜਾਬ ਦੀ ਮਾਨਸਿਕਤਾ ਨੂੰ ਆ ਚੰਬੜਿਆ ਹੈ, ਇਸ ਨੇ ਪੰਜਾਬੀ ਉੱਤੇ ਸਿਆਸੀ ਹਿੰਦੂਆਂ ਦੀ ਪਕੜ ਵਾਂਗ ਸਿੱਖਾਂ ਦੀ ਪਕੜ ਵੀ ਢਿੱਲੀ ਕਰ ਦਿੱਤੀ ਹੈ ਤੇ ਇਸ ਵਿਚਾਰ ਕਰਕੇ ਪੰਜਾਬ ਵਿਚ [illegible]ਆਂ ਦੀ ਇਕ ਤਰ੍ਹਾਂ ਅਲਖ ਹੀ

ਦਿੱਤੀ ਹੈ। ਕੀ ਹਿੰਦੂ, ਸਿੱਖ ਤੇ ਮੁਸਲਮਾਨ; ਕੀ ਅਖੌਤੀ ਉੱਚ-ਜਾਤੀਏ—ਸਭ ਰਲ ਕੇ ਇਨ੍ਹਾਂ ਨਵੀਆਂ ਰੋਗਸ਼ਾਲਾਵਾਂ ਨੂੰ, ਇਕ ਦੂਜੇ ਤੋਂ ਅੱਗੇ ਵਧ ਵਧ ਕੇ ਜੀ-ਆਇਆਂ ਆਖਦੇ ਵੇਖੇ ਜਾ ਸਕਦੇ ਹਨ। ਹੁਣ ਇਹ ਪਿੰਡਾਂ ਤੇ ਸ਼ਹਿਰਾਂ ਦਾ ਵਿਤਕਰਾ ਵੀ ਬੜੀ ਤੇਜ਼ੀ ਨਾਲ ਖ਼ਤਮ ਕਰਨ ਵੱਲ ਤੁਰ ਪਈਆਂ ਹਨ। ਅੱਗੇ ਅੰਗਰੇਜ਼ੀ ਮਾਧਿਅਮ ਦੇ ਇਸ ਰੋਗੀਲੇ ਫ਼ੈਸ਼ਨ ਨੇ ਸ਼ਹਿਰਾਂ ਵਿੱਚੋਂ ਪੰਜਾਬੀ ਕੱਢੀ ਸੀ, ਹੁਣ ਪਿੰਡਾਂ ਵਿੱਚੋਂ ਵੀ ਧੱਕੇ ਮਾਰ ਕੇ ਬਾਹਰ ਕੱਢਣ ਲਗ ਪਿਆ ਹੈ। ਆਪਣੇ ਆਲੇ-ਦੁਆਲੇ ਨਜ਼ਰ ਦੁੜਾਓਗੇ ਤਾਂ ਇਕਦਮ ਦਿੱਸ ਪਵੇਗਾ ਕਿ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਪੰਜਾਬੀ ਪੜ੍ਹਾਉਣ ਵਾਲਿਆਂ ਨੇ ਵੀ ਆਪਣੇ ਬੱਚੇ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਵਿਚ ਦਾਖ਼ਲ ਕਰਵਾਏ ਹੋਏ ਹਨ। ਰੱਬ ਜਾਣੇ, ਇਨ੍ਹਾਂ ਅਧਿਆਪਕਾਂ ਨੂੰ ਇਹ ਗੱਲ ਕਿਉਂ ਨਹੀਂ ਔੜਦੀ ਕਿ ਪੰਜਾਬੀ ਤੇ ਪੰਜਾਬੀਅਤ ਦੇ ਹੱਕ ਵਿਚ ਜਿੰਨੀਆਂ ਵੀ ਦਲੀਲਾਂ ਦਿੱਤੀਆਂ ਜਾਂਦੀਆਂ ਹਨ, ਜਿਨ੍ਹਾਂ ਦੀ ਬਰਕਤ ਨਾਲ ਉਨ੍ਹਾਂ ਦੀ ਰੋਜ਼ੀ-ਰੋਟੀ ਬਣੀ ਹੋਈ ਹੈ, ਉਹ ਆਪ ਉਨ੍ਹਾਂ ਸਾਰੀਆਂ ਨੂੰ ਕੱਟਣ ਵਾਲੇ ਜੀਉਂਦੇ-ਜਾਗਦੇ ਸਬੂਤ ਬਣੇ ਹੋਏ ਹਨ। ਆਪਣੀ ਅੱਲ੍ਹੀ ਉਮਰ ਦੀ ਪਨੀਰੀ ਨੂੰ 'ਹੰਪਟੀ-ਡੰਪਟੀ' ਤੇ 'ਜੈਕ ਐਂਡ ਜਿਲ' ਸਿਖਾ ਸਿਖਾ ਕੇ ਸਾਡੇ ਭੋਲੇ ਲੋਕ ਆਸ ਇਹ ਲਾ ਬੈਠਦੇ ਹਨ ਕਿ ਇਹੋ ਪਨੀਰੀ ਵੱਡੀ ਹੋ ਕੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਮੁਦਈ ਬਣੇਗੀ। ਇਸ ਦਾ ਜਵਾਬ ਤਾਂ ਅੱਜ ਤੋਂ ਤਕਰੀਬਨ ਪੌਣਾ ਹਜ਼ਾਰ ਵਰ੍ਹਾ ਪਹਿਲਾਂ ਬਾਬਾ ਫ਼ਰੀਦ ਜੀ ਦੇ ਗਏ ਹਨ: "ਓਏ ਜੱਟਾ ਪੰਜਾਬ ਦਿਆ! ਕਿੱਕਰ ਬੀਜ ਕੇ ਅੰਗੂਰਾਂ ਦੀ ਆਸ ਕਿਵੇਂ ਲਾਈ ਬੈਠੈਂ? ਭੋਲਿਆ ਕੁੱਝ ਅਕਲ ਕਰ।" (**ਫਰੀਦਾ ਲੋੜੈ ਦਾਖ ਬਿਜਉਰੀਆਂ, ਕਿਕਰਿ ਬੀਜੈ ਜਟੁ ॥ ਹੰਢੈ ਉਂਨ ਕਤਾਇਦਾ, ਪੈਧਾ ਲੋੜੈ ਪਟੁ ॥੨੩॥**—ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੭੯)। ਅੱਜ ਦੇ ਪੰਜਾਬ ਵਿਚ ਕਿਤੇ ਚਲੇ ਜਾਓ, ਇਕ ਵਾਰਤਾਲਾਪ ਤੁਸੀਂ ਥਾਂ ਥਾਂ ਸੁਣੋਗੇ:

"ਡੈਡੀ! ਉਨੱਤੀ ਕਿੰਨਾ ਹੁੰਦੈ?"

"ਪੁੱਤਰ! ਪੰਜਾਬੀ ਵਿਚ ਟ੍ਵੈਂਟੀ-ਨਾਈਨ ਨੂੰ ਉਨੱਤੀ ਕਹਿੰਦੇ ਨੇ।"

"ਤੇ ਡੈਡੀ 'ਪਚਵੰਜਾ' ਕੀ ਹੁੰਦੈ?"

"ਬੇਟਾ, ਫਿਫਟੀ-ਫ਼ਾਈਵ 'ਪਚਵੰਜਾ' ਹੁੰਦੈ।"

ਇਸ ਦਾ ਮਤਲਬ ਇਹ ਹੋਇਆ ਕਿ ਪੰਜਾਬ ਦੇ ਬੱਚਿਆਂ ਨੂੰ ਹੁਣ ਠੇਠ ਪੰਜਾਬੀ ਬੋਲੀ ਅੰਗਰੇਜ਼ੀ ਰਾਹੀਂ ਸਮਝਾਈ ਜਾਵੇਗੀ ਤਾਂ ਹੀ ਉਨ੍ਹਾਂ ਦੇ ਪੱਲੇ ਕੁੱਝ ਪਿਆ ਕਰੇਗਾ, ਵਰਨਾ ਮਾਪੇ ਪੰਜਾਬੀ ਬੋਲਣਗੇ ਤੇ ਉਹ ਮੂੰਹ ਚੁੱਕ ਕੇ, ਬੁੱਡੂਆਂ ਦੀ ਤਰ੍ਹਾਂ, ਭੌਰ-ਭੌਰ ਹੋਏ ਖੜੇ ਰਿਹਾ ਕਰਨਗੇ। ਇਹ ਸੰਤਾਨ ਭਾਸ਼ਾਈ ਤੌਰ ਉੱਤੇ ਲੂਲ੍ਹੀ ਹੋਵੇਗੀ, ਜੋ ਪੰਜਾਬੀ ਮਾਪੇ ਪੰਜਾਬ ਵਿਚ ਤੁਹਫ਼ੇ ਵਜੋਂ ਛੱਡ ਜਾਣਗੇ। ਭੋਲੇ ਭਾਲੇ ਲੋਕਾਂ ਨੂੰ ਕੀ ਪਤਾ ਕਿ ਮਾਦਰੀ ਜ਼ਬਾਨ ਕਿੰਨੀ ਰਸੀਲੀ ਵਸਤੂ ਹੁੰਦੀ ਹੈ? ਹੀਰ ਜਾਂ ਮਿਰਜ਼ਾ ਸੁਣਨ ਲਈ ਅੱਜ ਵੀ ਸੱਥਾਂ ਖਚਾ-ਖਚ ਕਿਉਂ ਭਰੀਆਂ ਹੁੰਦੀਆਂ ਹਨ? ਇਨ੍ਹਾਂ ਅੰਗਰੇਜ਼ੀ ਵਿਚ ਸੋਚਣ ਵਾਲੇ ਤੇ ਦੋਗਲੀ ਜਿਹੀ ਪੰਜਾਬੀ ਬੋਲਣ ਵਾਲੇ ਬੱਚਿਆਂ ਵਿੱਚੋਂ ਧਨੀ ਰਾਮ ਚਾਤ੍ਰਿਕ, ਗੁਰਬਖ਼ਸ਼ ਸਿੰਘ (ਪ੍ਰੀਤ ਲੜੀ), ਨਾਨਕ ਸਿੰਘ, ਮੋਹਨ ਸਿੰਘ ਮਾਹਰ, ਅੰਮ੍ਰਿਤਾ ਪ੍ਰੀਤਮ, ਸ਼ਿਵ ਕੁਮਾਰ, ਹਰਿਭਜਨ ਸਿੰਘ ਜਾਂ ਜਸਵੰਤ ਸਿੰਘ ਨੇਕੀ ਕਿਵੇਂ ਬਣ ਸਕਣਗੇ? ਇਨ੍ਹਾਂ ਵਿੱਚੋਂ ਕਿਸੇ ਨੂੰ ਪੰਜਾਬ ਦੇ ਕਣ-ਕਣ ਨੂੰ ਪਿਆਰ ਕਰਨ ਵਾਲੇ ਕਿਸੇ ਕਿਰਪਾ ਸਾਗਰ ਜਾਂ ਪੂਰਨ ਸਿੰਘ ਦੀ ਨੁਹਾਰ ਲੱਭ ਸਕਦੀ ਹੈ? ਭੈਣੋਂ ਤੇ ਭਰਾਵੋ, ਦੁਹਾਈ ਜੇ, ਇਸ ਆਪ-ਸਹੇੜੇ ਸਭਿਆਚਾਰਕ ਰੋਗ ਤੋਂ ਬਚਣ ਲਈ ਜੇ ਕੋਈ ਕਾਨੂੰਨ ਪਾਸ ਕਰਾਉਣ [illegible] ਵਿਚ ਤਬਦੀਲੀ ਦੀ ਲੋੜ ਹੈ ਤਾਂ [illegible]

WWW.SIKHBOOKCLUB.COM Page 111

ਕਰਵਾਓ; ਜੇ ਹੋਰਨਾਂ ਭਾਸ਼ਾ-ਭਾਸ਼ੀਆਂ ਨਾਲ ਮਿਲ ਕੇ ਭਾਰਤ-ਵਿਆਪੀ ਮੁਹਿੰਮ ਚਲਾਉਣ ਦੀ ਲੋੜ ਹੈ ਤਾਂ ਵੀ ਢਿੱਲ ਨਾ ਕਰੋ ਤੇ ਜੇ ਜੱਥੇ ਬਣਾ ਬਣਾ ਕੇ, ਆਪਣੇ ਪਿੰਡਾਂ ਵਿਚ ਜਾ ਜਾ ਕੇ ਜਾਗ੍ਰਿਤ ਲਿਆਉਣ ਦੀ ਲੋੜ ਹੈ ਤਾਂ ਵੀ ਕਮਰ-ਕੱਸੇ ਕਰ ਲਓ ਤੇ 'ਕੱਲ੍ਹ ਨਾਮ ਕਾਲ ਦਾ' ਸਮਝ ਕੇ ਅੱਜ ਤੋਂ ਸ਼ੁਰੂ ਹੋ ਜਾਓ। ਸਾਡਾ ਨਾਅਰਾ ਇਹ ਹੋਣਾ ਚਾਹੀਦਾ ਹੈ ਕਿ ਪੰਜਾਬ ਵਿਚ ਹਰ ਬੱਚੇ ਨੂੰ ਪਹਿਲੀਆਂ ਤਿੰਨ ਚਾਰ ਜਮਾਤਾਂ ਵਿਚ ਸਾਰੀ ਸਿੱਖਿਆ ਕੇਵਲ ਪੰਜਾਬੀ ਰਾਹੀਂ ਦਿੱਤੀ ਜਾਵੇਗੀ। ਉਸ ਤੋਂ ਅੱਗੇ ਅੰਗਰੇਜ਼ੀ ਬੇਸ਼ੱਕ ਪੜ੍ਹਾਓ, ਹਿੰਦੀ ਵੀ ਪੜ੍ਹਾਓ, ਵਿਦਿਅਕ ਮਾਹਿਰਾਂ ਦੀ ਅਗਵਾਈ ਵਿਚ ਪੜ੍ਹਾਓ। ਹੋਰ ਵੀ ਜਿੰਨੀਆਂ ਭਾਸ਼ਾਵਾਂ ਪੜ੍ਹਾ ਸਕਦੇ ਹੋ, ਸਾਡੇ ਵੱਲੋਂ ਛੁੱਟੀ ਹੈ, ਪਰ ਮਾਧਿਅਮ ਵਜੋਂ, ਕਿਸੇ ਸਕੂਲ ਵਿਚ, ਪ੍ਰਾਈਵੇਟ ਹੋਵੇ ਭਾਵੇਂ ਸਰਕਾਰੀ, ਪੰਜਾਬੀ ਮਾਧਿਅਮ ਤੋਂ ਛੁੱਟ ਹੋਰ ਕੋਈ ਭਾਸ਼ਾਈ ਮਾਧਿਅਮ ਵਰਤਣ ਦੀ ਆਗਿਆ ਨਹੀਂ ਹੋਣੀ ਚਾਹੀਦੀ। ਇਸ ਗ਼ੈਰ-ਪੰਜਾਬੀ ਮਾਧਿਅਮਾਂ ਦੇ ਕੁਲੱਛਣੇ ਹੜ੍ਹ ਤੋਂ ਪੰਜਾਬ ਨੂੰ ਬਚਾਇਆ ਜਾ ਸਕੇ ਤਾਂ ਅਗਲੀਆਂ ਯੋਜਨਾਵਾਂ ਸਹਿਜੇ ਹੀ ਸਿਰੇ ਚੜ੍ਹ ਸਕਦੀਆਂ ਹਨ ਪਰ ਜੇ ਇਸ ਵਬਾ ਉੱਤੇ ਕਾਬੂ ਨਾ ਪਾਇਆ ਜਾ ਸਕਿਆ ਤਾਂ ਡਰ ਹੈ ਕਿਤੇ ਅਗਲੀਆਂ ਸਾਰੀਆਂ ਯੋਜਨਾਵਾਂ ਸ਼ੇਖ਼ ਚਿੱਲੀ ਦੇ ਹਵਾਈ ਕਿਲੇ ਬਣ ਕੇ ਨਾ ਰਹਿ ਜਾਣ।

ਕੁੱਝ ਜ਼ਰੂਰੀ ਕੰਮ ਹਨ, ਜੋ ਪੰਜਾਬੀ ਦੇ ਹਿਤੈਸ਼ੀਆਂ ਦੇ ਕਰਨ ਖੁਣੋਂ ਪਏ ਹੋਏ ਹਨ। ਇਨ੍ਹਾਂ ਵਿਚ ਉਹ ਵੀ ਹਨ ਜੋ ਸਰਕਾਰਾਂ ਪਾਸੋਂ ਕਰਾਉਣੇ ਹਨ ਤੇ ਉਹ ਵੀ ਜੋ ਆਪਣੇ ਉੱਦਮ ਨਾਲ ਸਿਰੇ ਚਾੜ੍ਹੇ ਜਾਣੇ ਹਨ। ਮੈਂ ਇਨ੍ਹਾਂ ਨੂੰ ਇਉਂ ਸੂਚੀ-ਬੱਧ ਕਰਨਾ ਚਾਹਾਂਗਾ :

(1) ਸਾਡੀ ਪੁਰਾਣੀ ਮੰਗ ਹੈ ਕਿ ਜਿਹੜੇ ਸਰਕਾਰੀ ਕਰਮਚਾਰੀ ਤੇ ਅਧਿਕਾਰੀ ਸਰਕਾਰੀ ਕੰਮ-ਕਾਜ ਪੰਜਾਬੀ ਵਿਚ ਨਹੀਂ ਕਰਦੇ, ਉਨ੍ਹਾਂ ਉੱਤੇ ਸਜ਼ਾ ਦਾ ਡੰਡਾ ਰੱਖਿਆ ਜਾਵੇ। ਅਮਲਾ-ਫ਼ੈਲਾ ਤਾਂ ਵਿਚਾਰਾ ਪੰਜਾਬੀ ਵਰਤਣ ਲਗ ਪਿਆ ਹੈ ਪਰ ਉੱਚ ਕੋਟੀ ਦੇ ਅਫ਼ਸਰ, ਆਪਣੇ ਆਪ ਨੂੰ ਪੰਜਾਬੀ ਭਾਸ਼ਾ ਦੀ ਰਾਮਕਾਰ ਦੇ ਅੰਦਰ-ਅੰਦਰ ਰੱਖਣ ਵਿਚ, ਆਪਣੀ ਹੇਠੀ ਸਮਝਦੇ ਹਨ। ਲੇਖਕਾਂ ਤੇ ਲੋਕਾਂ ਨੇ ਇਨ੍ਹਾਂ ਦੀਆਂ ਆਕੜੀਆਂ ਹੋਈਆਂ ਧੌਣਾਂ ਦੀ ਆਕੜ ਭੰਨਣੀ ਹੈ—ਐਕਟ ਦੇ ਅਧੀਨ ਸਜ਼ਾ ਦੀ ਮੱਦ ਵਾਲੇ ਨਿਯਮ ਲਾਗੂ ਕਰਵਾ ਕੇ, ਤਾਂ ਜੋ ਦਿਲੋਂ ਪੰਜਾਬੀ ਨਾ ਵਰਤਣ ਵਾਲਿਆਂ ਨੂੰ ਪੰਜਾਬੀ ਵਰਤਣ ਦਾ ਵੱਲ ਸਿਖਾਇਆ ਜਾ ਸਕੇ।

(2) ਪੰਜਾਬੀ ਦੇ ਵਿਕਾਸ ਲਈ ਭਾਰਤ ਸਰਕਾਰ ਨੇ ਜੋ ਬਚਨ ਲਿਖਤੀ ਸਮਝੌਤੇ ਰਾਹੀਂ ਦਿੱਤਾ ਹੋਇਆ ਹੈ, ਉਸ ਨੂੰ ਪੂਰਾ ਕਰਵਾਇਆ ਜਾਵੇ। ਸੌ ਕਰੋੜ ਰੁਪੈ ਮਿਲ ਜਾਣ ਤਾਂ ਪੰਜਾਬੀ ਭਾਸ਼ਾ ਦੀ ਇਕ ਅੰਤਰ-ਰਾਸ਼ਟਰੀ ਪੱਧਰ ਦੀ ਪ੍ਰਯੋਗਸ਼ਾਲਾ ਕਾਇਮ ਕਰਨ ਦੀ ਯੋਜਨਾ ਸਿਰੇ ਚਾੜ੍ਹੀ ਜਾ ਸਕਦੀ ਹੈ। ਇਸ ਤਰ੍ਹਾਂ ਦੀ ਪ੍ਰਯੋਗਸ਼ਾਲਾ ਬਣ ਜਾਏ ਤਾਂ ਪੰਜਾਬੀ ਭਾਸ਼ਾ ਦੇ ਹਰ ਪੱਖ ਉੱਤੇ ਹੀ ਨਹੀਂ, ਭਾਸ਼ਾ ਰਾਹੀਂ ਪੰਜਾਬ ਦੇ ਇਤਿਹਾਸ, ਸਭਿਆਚਾਰ, ਲੋਕ-ਵਿਸ਼ਵਾਸਾਂ ਤੇ ਨਸਲੀ ਰਲੇਵਿਆਂ ਉੱਤੇ ਵੀ ਡੂੰਘੀ ਖੋਜ ਸੰਭਵ ਹੋ ਜਾਵੇਗੀ।

(3) ਪੰਜਾਬ ਸਰਕਾਰ ਨੂੰ ਮਜਬੂਰ ਕੀਤਾ ਜਾਏ ਕਿ ਹਰ ਜ਼ਿਲੇ ਤੇ ਤਹਿਸੀਲ ਵਿਚ ਪੰਜਾਬੀ ਮਾਧਿਅਮ ਵਾਲਾ ਘੱਟੋ-ਘੱਟ ਇਕ ਇਕ ਅਜਿਹਾ ਸਕੂਲ ਖੋਲ੍ਹਿਆ ਜਾਏ, ਜੋ ਆਪਣੇ ਸਟਾਫ਼, ਲਾਇਬ੍ਰੇਰੀ, ਖੇਡ-ਮੈਦਾਨਾਂ, ਲੈਬੋਰੇਟਰੀਆਂ, ਜਿਮਨੇਜ਼ੀਅਮ, ਖੁੱਲ੍ਹੇ ਨਾਟਕ-ਮੰਚ, ਅਜੋਕੀਆਂ ਆਡੀਓ-ਵੀਡੀਓ ਸਿੱਖਿਆ-ਸਹੂਲਤਾਂ, ਦਿਲਕਸ਼ ਇਮਾਰਤਾਂ, ਸੁੰਦਰ ਸਰੋਵਰਾਂ ਤੇ ਖ਼ੂਬਸੂਰਤ ਫੁਲਵਾੜੀਆਂ ਨਾਲ ਅੰਗਰੇਜ਼ੀ ਮਾਧਿਅਮ ਵਾਲੇ ਸਾਰੇ ਸਕੂਲਾਂ ਨੂੰ ਮਾਤ ਪਾਵੇ। [illegible] ਮਾਧਿਅਮ ਵਾਲੇ ਸਕੂਲਾਂ ਵੱਲ

WWW.SIKHBOOKCLUB.COM

ਭੱਜ ਜਾਂਦੇ ਹਨ, ਉਹ ਕਿਵੇਂ ਏਧਰ ਖਿੱਚੇ ਆਉਂਦੇ ਹਨ। ਇਹ ਪ੍ਰੋਗਰਾਮ ਪੰਜਾਂ ਸਾਲਾਂ ਵਿਚ ਨਹੀਂ ਤਾਂ ਦਸਾਂ ਸਾਲਾਂ ਵਿਚ ਪੂਰਾ ਕਰਵਾਉਣ ਉੱਤੇ ਜ਼ੋਰ ਲਾਉਣਾ ਚਾਹੀਦਾ ਹੈ। ਇਸ ਟੀਚੇ ਨੂੰ ਸਿਰੇ ਚਾੜ੍ਹਨ ਲਈ ਪੰਜਾਬ ਦੇ ਅੰਦਰ ਤੇ ਬਾਹਰ ਵੱਸਦੇ ਖ਼ੁਸ਼ਹਾਲ ਪੰਜਾਬੀਆਂ ਦੇ ਬਟੂਏ ਵੀ ਖੁਲ੍ਹਾਏ ਜਾ ਸਕਦੇ ਹਨ।

(4) ਭਾਸ਼ਾ ਵਿਭਾਗ, ਯੂਨੀਵਰਸਿਟੀਆਂ ਤੇ ਪੰਜਾਬੀ ਅਕਾਡਮੀਆਂ ਦੇ ਖੋਜ, ਪ੍ਰਕਾਸ਼ਨ ਤੇ ਅਧਿਆਪਨ ਦੀਆਂ ਯੋਜਨਾਵਾਂ ਵਿਚੋਂ ਦੂਹਰ-ਤਿਹਰ ਛਾਂਟਣ ਦੀ ਲੋੜ ਹੈ। ਕੇਂਦਰੀ ਪੰਜਾਬੀ ਲੇਖਕ ਸਭਾ ਆਪਣੀ ਪੱਧਰ ਉੱਤੇ ਵਿਸ਼ੇਸ਼ੱਗਾਂ ਦੀ ਇਕ ਛੋਟੀ ਕਮੇਟੀ ਬਣਾ ਕੇ ਰਪੋਟ ਤਿਆਰ ਕਰਵਾਏ ਜਿਸ ਵਿਚ ਦੱਸਿਆ ਹੋਵੇ ਕਿ ਕਿਹੜੀਆਂ ਇੱਕੋ ਤਰ੍ਹਾਂ ਦੀਆਂ ਯੋਜਨਾਵਾਂ ਸਾਰੀਆਂ ਸੰਸਥਾਵਾਂ ਨੂੰ ਹੱਥ ਵਿਚ ਨਹੀਂ ਸਨ ਲੈਣੀਆਂ ਚਾਹੀਦੀਆਂ ਤੇ ਕਿਹੜੀਆਂ ਨਿਗੁਣੀਆਂ ਯੋਜਨਾਵਾਂ ਹਨ ਜਿਨ੍ਹਾਂ ਨੂੰ ਛੱਡ ਕੇ ਵਧੇਰੇ ਲੋੜੀਂਦੇ ਕਾਰਜ ਹੱਥ ਵਿਚ ਲੈਣ ਦੀ ਲੋੜ ਹੈ। ਇਸ ਤਰ੍ਹਾਂ ਥੋੜੀ ਰਕਮ ਨਾਲ ਪਹਿਲ ਦੇਣ ਜੋਗੇ ਕੰਮਾਂ ਦੇ ਪਹਿਲਾਂ ਸਿਰੇ ਚੜ੍ਹ ਜਾਣ ਦੀ ਆਸ ਬੱਝ ਜਾਵੇਗੀ।

(5) ਯੂ.ਕੇ., ਅਮਰੀਕਾ, ਕੈਨੇਡਾ, ਥਾਈਲੈਂਡ, ਮਲੇਸ਼ੀਆ, ਸਿੰਗਾਪੁਰ ਤੇ ਪੂਰਬੀ ਅਫ਼ਰੀਕਾ, ਆਦਿ ਜਿੱਥੇ ਕਿਤੇ ਵੀ ਪੰਜਾਬੀ ਜਾ ਵੱਸੇ ਹਨ, ਉਨ੍ਹਾਂ ਦੀ ਰੂਹ ਆਪਣੇ ਬੱਚਿਆਂ ਨੂੰ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਨੇੜੇ ਵੇਖਣਾ ਲੋਚਦੀ ਰਹਿੰਦੀ ਹੈ, ਪਰ ਉਹ ਆਪਣੀ ਸੰਤਾਨ ਨੂੰ ਆਪਣੀਆਂ ਅੱਖਾਂ ਦੇ ਸਾਹਮਣੇ, ਹੌਲੀ ਹੌਲੀ, ਘਰ ਤੋਂ ਦੂਰ ਹੁੰਦਾ ਵੇਖਣ ਉੱਤੇ ਮਜਬੂਰ ਹੁੰਦੇ ਰਹਿੰਦੇ ਹਨ ਪਰ ਕਰ ਕੁੱਝ ਵੀ ਨਹੀਂ ਸਕਦੇ। ਇਨ੍ਹਾਂ ਲਈ ਪਾਠ-ਪੁਸਤਕਾਂ, ਵੀਡੀਓ-ਕੈਸੇਟਾਂ, ਟੇਪਾਂ ਤੇ ਕੰਪਿਊਟਰੀ ਫਲੌਪੀਆਂ, ਸੀ.ਡੀਆਂ ਤੇ ਡਿਸਕਾਂ, ਆਦਿ ਦਾ ਪ੍ਰਬੰਧ, ਮਾਪਿਆਂ ਦੀ ਸਹਾਇਤਾ ਨਾਲ, ਉਨ੍ਹਾਂ ਦੇ ਅਸਲ ਨਾਨਕਿਆਂ ਵੱਲੋਂ ਹੋਣਾ ਚਾਹੀਦਾ ਸੀ, ਪਰ ਅਜੇ ਤਕ ਨਾਨਕਿਆਂ ਨੇ ਉਨ੍ਹਾਂ ਦੀ ਉੱਕਾ ਕੋਈ ਬਾਹੁੜੀ ਨਹੀਂ ਕੀਤੀ।

(6) ਸਾਡੇ ਆਪਣੇ ਬੱਚੇ, ਕਦੇ ਥਾਲ, ਕਦੇ ਕਿੱਕਲੀ, ਕਦੇ ਲੋਹੜੀ, ਕਦੇ ਗਿੱਧੇ ਤੇ ਕਦੇ ਭੰਗੜੇ ਰਾਹੀਂ ਗੀਤ-ਸੰਗੀਤ ਦੇ ਨਾਲ ਨੱਚਣ-ਖੇਡਣ ਦਾ ਆਨੰਦ ਲੈ ਲਿਆ ਕਰਦੇ ਸਨ। ਹੁਣ ਉਹ ਮੌਕੇ ਉਨ੍ਹਾਂ ਤੋਂ ਖੁੱਸਦੇ ਜਾਂਦੇ ਹਨ, ਸਾਡੀ ਪੀੜ੍ਹੀ ਉਨ੍ਹਾਂ ਲਈ ਉਨ੍ਹਾਂ ਦੀਆਂ ਉਮਰਾਂ ਦੇ ਹਾਣ ਦੇ ਕੋਈ ਗੀਤ ਨਹੀਂ ਰਚ ਰਹੀ। ਬਾਲ-ਗੀਤ, ਬਲਕਿ ਬਾਲ-ਸਾਹਿੱਤ, ਸਾਡਾ ਸਭ ਤੋਂ ਪੱਛੜਿਆ ਵਰਗ ਹੈ। ਲੋੜ ਹੈ ਕਿ ਸਭਾ ਇਸ ਪਾਸੇ ਦੀ ਵਿਰਲ ਭਰਨ ਲਈ ਜ਼ੋਰਦਾਰ ਮੁਹਿੰਮ ਜਾਰੀ ਕਰੇ ਤਾਂ ਜੋ ਸਾਡੇ ਬੱਚੇ ਇਸ ਅਮ੍ਰਿਤਰੂਪੀ ਖ਼ੁਰਾਕ ਤੋਂ ਵਾਂਝੇ ਨਾ ਰਹਿਣ।

(7) ਮੇਰਾ ਸੁਝਾਉ ਹੈ ਕਿ ਸਾਹਿੱਤਿਕ, ਭਾਸ਼ਾਗਤ, ਆਕਦਮਿਕ ਤੇ ਸਿੱਖਿਆ-ਸੰਬੰਧੀ ਮਸਲਿਆਂ ਉੱਤੇ ਵਿਚਾਰ ਕਰਦੇ ਰਹਿਣ ਲਈ ਕੇਂਦਰੀ ਸਭਾ, ਆਪਣੇ ਵਿਸ਼ੇਸ਼ੱਗਾਂ ਦੀ ਇਕ ਸਥਾਈ ਕਮੇਟੀ ਬਣਾਵੇ ਤਾਂ ਜੋ ਸਾਨੂੰ ਸਭ ਨੂੰ ਸਭਾ ਦੀ ਦੂਰ-ਅੰਦੇਸ਼ੀ, ਕਾਰਜ-ਕੁਸ਼ਲਤਾ ਤੇ ਅਗਵਾਈ ਦਾ ਸਮੇਂ ਸਮੇਂ ਲਾਭ ਪਹੁੰਚਦਾ ਰਹੇ।

(8) ਮੇਰਾ ਇਕ ਸੁਝਾਉ ਇਹ ਵੀ ਹੈ ਕਿ ਕੇਂਦਰੀ ਸਭਾ ਕਿਤਾਬਾਂ ਛਾਪਣ ਦੇ ਕਾਰਜ ਨੂੰ ਮਾਨਤਾ-ਪ੍ਰਾਪਤ ਉਦਯੋਗਾਂ ਦੀ ਸੂਚੀ ਵਿਚ ਸ਼ਾਮਲ ਕਰਾਉਣ ਲਈ ਜ਼ੋਰ ਲਾਏ। ਪ੍ਰਕਾਸ਼ਕਾਂ ਨੂੰ ਬੈਂਕਾਂ ਤੋਂ ਕਰਜ਼ੇ ਮਿਲਣੇ ਸ਼ੁਰੂ ਹੋ ਜਾਣ ਤਾਂ ਛਪਾਈ ਦੇ ਕੰਮ ਵਿਚ ਤੇਜ਼ੀ ਵੀ ਆਏਗੀ ਤੇ ਫੈਲਾਉ ਵੀ ਬਹੁਤ ਹੋਵੇਗਾ। ਇਸ ਵੇਲੇ ਕਿਤਾਬ ਛਪਵਾਉਣੀ ਕਿਸੇ ਵਿਰਲੇ ਲੇਖਕ ਦੇ ਵੱਸ ਦੀ ਗੱਲ ਹੈ ਤੇ ਜੇ ਛਪ ਜਾਏ ਤਾਂ ਪ੍ਰਕਾਸ਼ਕ ਇਸ ਦੀ ਕੀਮਤ ਏਨੀ ਰੱਖ ਦੇਂਦਾ ਹੈ ਕਿ [illegible] ਸੰਕਟ ਟੁੱਟੇਗਾ, ਜਦੋਂ [illegible]

WWW.SIKHBOOKCLUB.COM

ਛਪਣਗੀਆਂ, ਜਦੋਂ ਉਨ੍ਹਾਂ ਦੀ ਖ਼ਰੀਦਾਰਾਂ ਵੱਲੋਂ ਮੰਗ ਹੋਵੇਗੀ। ਵੱਧ ਛਾਪਣ ਲਈ ਸਰਮਾਏ ਦੀ ਲੋੜ ਹੁੰਦੀ ਹੈ ਤੇ ਮੰਗ ਪੈਦਾ ਕਰਨ ਲਈ ਕੁੱਝ ਕੁਆਲਿਟੀ ਤੇ ਕੁੱਝ ਇਸ਼ਤਿਹਾਰਬਾਜ਼ੀ ਦੀ। ਅੱਜਕਲ ਦੀ ਖਪਤ ਦੀ ਆਰਥਿਕਤਾ ਦੇ ਭੇਤੀ ਦੱਸਦੇ ਹਨ ਕਿ ਕਿਸੇ ਵਸਤ ਦੀ ਮੰਗ ਪੈਦਾ ਕਰਨ ਲਈ ਪਹਿਲਾਂ ਉਸ ਵਿਚ ਕਰੋੜਾਂ ਰੁਪੈ ਲਾਉਣੇ ਪੈਂਦੇ ਹਨ। ਕਿਤਾਬਾਂ ਦਾ ਹੜ੍ਹ ਆਵੇ ਤਾਂ ਗਾਹਕਾਂ ਦਾ ਹੜ੍ਹ ਵੀ ਮਗਰੇ ਮਗਰ ਆਇਆ ਲਓ। ਇਸੇ ਲਈ ਪ੍ਰਕਾਸ਼ਨ ਦੇ ਕੰਮ ਵਿਚ ਵੀ ਵੱਡੇ ਸਰਮਾਏ ਦੀ ਲੋੜ ਸਪਸ਼ਟ ਹੈ।

ਕੰਮ ਤਾਂ ਹੋਰ ਬਥੇਰੇ ਹਨ, ਜੋ ਲੇਖਕਾਂ ਨੇ ਆਪ ਕਰਨੇ ਜਾਂ ਸਰਕਾਰ ਪਾਸੋਂ ਕਰਾਉਣੇ ਹਨ, ਪਰ ਇਕ ਕੰਮ ਅਜਿਹਾ ਹੈ ਜਿਸ ਵੱਲ ਲੇਖਕਾਂ ਦਾ ਧਿਆਨ ਹਰ ਵੇਲੇ ਕੇਂਦਰਿਤ ਰਹਿਣਾ ਚਾਹੀਦਾ ਹੈ। ਇਹ ਕੰਮ ਹੈ ਲਗਾਤਾਰ ਰਚਦੇ ਰਹਿਣ ਦਾ ਤੇ ਆਪਣੀ ਪਿਛਲੀ ਰਚਨਾ ਤੋਂ ਅਗਲੀ ਰਚਨਾ ਨੂੰ ਹਰ ਪੱਖੋਂ ਬਿਹਤਰ ਬਣਾਉਣ ਦਾ। ਲੇਖਕ ਇਸ ਗੁਰ ਨੂੰ ਆਪਣੀ ਆਦਤ ਬਣਾ ਲੈਣ ਤਾਂ ਵੇਖਿਓ ਸਫਲਤਾ ਤੁਹਾਡੇ ਤੇ ਤੁਹਾਡੀ ਭਾਸ਼ਾ ਪੰਜਾਬੀ ਦੇ ਪੈਰ ਕਿਵੇਂ ਚੁੰਮਦੀ ਹੈ!

॥ ਜੈ ਪੰਜਾਬ, ਜੈ ਹਿੰਦ, ਜੈ ਜਗਤ ॥

SIKHBOOKCLUB.COM

# ਪੰਜਾਬੀ ਦਾ ਵਿਗਾਸ ਕਿਵੇਂ ਹੋਵੇ ?*

ਇਸ ਤੋਂ ਪਹਿਲਾਂ ਕਿ ਪੰਜਾਬੀ ਦੇ ਭਾਵੀ ਵਿਕਾਸ ਲਈ ਲੋੜੀਂਦੇ ਕਾਰਜ-ਕ੍ਰਮ ਦੀ ਨਿਸ਼ਾਨਦਿਹੀ ਕੀਤੀ ਜਾਵੇ, ਦੋ ਗੱਲਾਂ ਬਾਰੇ ਸਪਸ਼ਟ ਹੋਣਾ ਚਾਹੀਦਾ ਹੈ। ਪਹਿਲੀ ਇਹ ਕਿ ਪੰਜਾਬੀ ਭਾਸ਼ਾ ਦੇ ਵਿਗਸਿਤ ਹੋਣ ਦਾ ਕੀ ਮਤਲਬ ਹੈ ਤੇ ਦੂਜੀ ਇਹ ਕਿ ਜੇ ਹਰ ਤਰ੍ਹਾਂ ਦੇ ਗਿਆਨ ਦੀ ਪ੍ਰਾਪਤੀ ਤੇ ਪਸਾਰ ਦੇ ਮਾਧਿਅਮ ਵਜੋਂ ਪੰਜਾਬੀ ਨੂੰ ਵਿਗਸਿਤ ਕਰਨ ਉੱਤੇ ਜ਼ੋਰ ਲਾਉਣ ਦੀ ਥਾਂ ਕਿਸੇ ਹੋਰ ਵਿਗਸਿਤ ਭਾਸ਼ਾ, ਜਿਵੇਂ ਅੰਗਰੇਜ਼ੀ ਦੀ ਵਰਤੋਂ ਕਰ ਕੇ ਕੰਮ ਸਾਰ ਲਿਆ ਜਾਵੇ, ਤਾਂ ਕੀ ਪੰਜਾਬੀ-ਬੋਲਦੇ ਲੋਕਾਂ ਦਾ ਕੋਈ ਨੁਕਸਾਨ ਹੋਵੇਗਾ ?

ਪੰਜਾਬੀ ਭਾਸ਼ਾ ਦੇ ਵਿਗਸਿਤ ਹੋਣ ਤੋਂ ਸਾਡਾ ਇਹ ਭਾਵ ਹੈ ਕਿ ਇਹ ਭਾਸ਼ਾ ਪੰਜਾਬੀ-ਬੋਲਦੇ ਲੋਕਾਂ ਦੀ ਕਾਮ, ਅਰਥ ਤੇ ਮੋਖ ਸੰਬੰਧੀ ਹਰ ਭਾਸ਼ਾਈ ਲੋੜ ਨੂੰ ਪੂਰਾ ਕਰਨ ਦੇ ਸਮਰੱਥ ਹੋਵੇ ਅਤੇ ਇਸ ਰਾਹੀਂ ਗਿਆਨ, ਸੁਗਿਆਨ, ਵਿਗਿਆਨ, ਰਾਜ-ਪ੍ਰਬੰਧ, ਵਪਾਰ ਤੇ ਤਕਨੀਕ, ਆਦਿ ਦੀਆਂ ਸਾਰੀਆਂ ਲੋੜਾਂ, ਚੰਗੀ ਤਰ੍ਹਾਂ ਤੇ ਪੂਰੀ ਤਰ੍ਹਾਂ ਨਿਪਟਾਈਆ ਜਾ ਸਕਣ।

ਅਮਲੀ ਤੌਰ ਉੱਤੇ, ਪੰਜਾਬੀ ਦੀ ਥਾਂ ਕਿਸੇ ਹੋਰ ਵਿਗਸਿਤ ਬੋਲੀ ਦੀ ਵਰਤੋਂ ਦਾ ਪਹਿਲਾ ਨੁਕਸਾਨ ਇਹ ਹੋਵੇਗਾ ਕਿ ਪਰਾਈ ਭਾਸ਼ਾ ਵਿਚ ਨਿਪੁਣਤਾ ਪ੍ਰਾਪਤ ਕਰਨੀ ਪੰਜਾਬੀਆਂ ਦੀ ਬਹੁ-ਗਿਣਤੀ ਲਈ, ਸੰਭਵ ਹੀ ਨਹੀਂ ਹੋਣ ਲੱਗੀ, ਇਸ ਲਈ ਇਸ ਪ੍ਰਬੰਧ ਦਾ ਲਾਭ ਕੇਵਲ ਉੱਪਰਲੀ ਸ਼੍ਰੇਣੀ ਦੇ ਮੁੱਠੀ ਭਰ ਲੋਕ, ਖ਼ਾਸ ਕਰਕੇ ਸ਼ਹਿਰੀ ਹੀ, ਉਠਾ ਸਕਣਗੇ। ਅਜੇਹੀ ਸੂਰਤ ਵਿਚ ਲੱਖਾਂ ਪੰਜਾਬੀ ਕਿਸੇ ਤਰ੍ਹਾਂ ਦੀ ਤਰੱਕੀ ਦਾ ਸੁਫ਼ਨਾ ਨਾ ਆਪ ਲੈ ਸਕਣਗੇ ਤੇ ਨਾ ਤਰੱਕੀ ਦੇ ਕਿਸੇ ਕੰਮ ਵਿਚ ਬਰਾਬਰ ਦੇ ਭਾਈਵਾਲ ਬਣ ਸਕਣਗੇ। ਮਸਲਨ, ਅੰਗਰੇਜ਼ੀ ਮਾਧਿਅਮ ਵਿਚ ਨਿਪੁਣ ਪੰਜਾਬੀਆਂ ਲਈ ਜੋ ਦਰਵਾਜ਼ੇ ਅੱਜ ਖੁੱਲ੍ਹੇ ਹਨ, ਪੰਜਾਬੀ ਮਾਧਿਅਮ ਵਿਚ ਨਿਪੁਣ ਪੰਜਾਬੀਆਂ ਲਈ ਉਹ ਸਾਰੇ ਹਮੇਸ਼ਾ ਲਈ ਬੰਦ ਰਹਿੰਦੇ ਹਨ।

ਦੂਜਾ ਨੁਕਸਾਨ ਇਹ ਹੈ ਕਿ ਜਿਨ੍ਹਾਂ ਸਿਖਿਆਰਥੀਆਂ ਦੀ ਸਿੱਖਿਆ ਵਿਚ, ਆਪਣੀ ਭਾਸ਼ਾ ਦੀ ਥਾਂ, ਪਰਾਈ ਭਾਸ਼ਾ ਨੂੰ ਪਹਿਲ ਦਿੱਤੀ ਜਾਂਦੀ ਹੈ, ਉਨ੍ਹਾਂ ਵਿੱਚੋਂ ਬਹੁਤਿਆਂ ਵਿਚ, ਸਹਿਜੇ ਹੀ, ਆਪਣੀ ਧਰਤੀ ਦੀ ਪਕੜ ਢਿੱਲੀ ਪੈਂਦੀ ਜਾਂਦੀ ਹੈ ਤੇ ਪਰਾਈ ਭਾਸ਼ਾ ਵਾਲੀ ਤਹਿਜ਼ੀਬ ਤੇ ਕਲਚਰ ਲਈ ਤਰਜੀਹੀ ਖਿੱਚ ਪੈਦਾ ਹੋਣ ਲਗ ਪੈਂਦੀ ਹੈ।

ਤੀਜਾ ਨੁਕਸਾਨ ਇਹ ਹੈ ਕਿ ਜਜ਼ਬਿਆਂ ਦੇ ਸੰਸਾਰ ਦੀ ਸੁੱਚੀ ਟੁਣਕਾਰ, ਕਿਸੇ ਗ਼ੈਰ ਬੋਲੀ ਵਿਚ ਪੈਦਾ ਕਰਨੀ, ਬੇਹੱਦ ਔਖਾ ਬਲਕਿ ਕਰਾਮਾਤ ਵਰਗਾ ਕੰਮ ਹੈ। ਜੋ ਲੋਕ, ਆਪਣੀ ਕੁਦਰਤੀ ਭਾਸ਼ਾ ਦੀ ਥਾਂ ਕਿਸੇ ਗ਼ੈਰ ਭਾਸ਼ਾ ਵਿਚ ਸਾਹਿੱਤ ਰਚਣ ਦਾ ਜਤਨ ਕਰਦੇ ਹਨ,

* ਦਿੱਲੀ, ਹਰਿਆਣਾ, ਚੰਡੀਗੜ੍ਹ, ਹਿਮਾਚਲ ਤੇ ਜੰਮੂ-ਕਸ਼ਮੀਰ ਵਿਚ ਪੰਜਾਬੀ ਦੇ ਯੋਗ ਅਸਥਾਨ [illegible] ਵਿਚ 15 ਜੁਲਾਈ 1979 ਨੂੰ ਪੜ੍ਹਿਆ ਗਿਆ [illegible]

WWW.SIKHBOOKCLUB.COM

ਉਨ੍ਹਾਂ ਵਿੱਚੋਂ ਬਹੁਤੇ, ਅਚੇਤ ਤੌਰ ਉੱਤੇ, ਆਪਣੀ ਭਾਸ਼ਾ ਤੋਂ ਅਨੁਵਾਦ ਹੀ ਕਰਦੇ ਹਨ, ਅਸਲ ਰਚਨਾ ਨਹੀਂ ਕਰ ਰਹੇ ਹੁੰਦੇ।

ਇਹੋ ਜਿਹੇ ਅਨੇਕ ਨੁਕਸਾਨ ਹੁੰਦੇ ਹਨ, ਜਦੋਂ ਆਪਣੀ ਭਾਸ਼ਾ ਦੀ ਥਾਂ ਕਿਸੇ ਪਰਾਈ ਭਾਸ਼ਾ ਨੂੰ ਚਿੰਤਨ, ਰਚਨਾ ਤੇ ਸਿੱਖਿਆ ਦਾ ਮਾਧਿਅਮ ਬਣਾ ਲਿਆ ਜਾਵੇ, ਜਿਵੇਂ ਬਦਕਿਸਮਤੀ ਨਾਲ ਅਜੇ ਪੰਜਾਬ ਵਿਚ ਹੈ। ਸਾਡੇ ਸਿੱਖਿਆ-ਤੇ-ਰਾਜ-ਪ੍ਰਬੰਧ ਦੇ ਦੇਸੀ ਚੌਧਰੀ ਇਕ ਨਿੱਕਾ ਜਿਹਾ ਨੁਕਤਾ ਨਾ ਸਮਝਣ ਕਰਕੇ ਆਪਣੇ ਲੱਖਾਂ ਨਹੀਂ, ਕਰੋੜਾਂ ਲੋਕਾਂ ਨਾਲ ਵੈਰ ਕਮਾਈ ਜਾਂਦੇ ਹਨ। ਨੁਕਤਾ ਇਹ ਹੈ ਕਿ ਗ਼ੈਰ ਬੋਲੀ ਦਾ ਪੜ੍ਹਨਾ ਹੋਰ ਚੀਜ਼ ਹੈ ਤੇ ਗ਼ੈਰ ਬੋਲੀ ਨੂੰ ਆਪਣਾ ਮਾਧਿਅਮ ਬਣਾ ਲੈਣਾ ਬਿਲਕੁਲ ਹੋਰ ਚੀਜ। ਕਿਸੇ ਵੀ ਗ਼ੈਰ ਬੋਲੀ ਨੂੰ, ਚਾਹੇ ਆਪਣੇ ਦੇਸ ਦੀ ਹੋਵੇ, ਚਾਹੇ ਬਦੇਸ ਦੀ, ਸਿੱਖਣਾ ਮਾੜਾ ਨਹੀਂ, ਬਲਕਿ ਬਹੁਤ ਲਾਹੇਵੰਦ ਕਾਰਜ ਹੁੰਦਾ ਹੈ, ਪਰ ਪਰਲੇ ਦਰਜੇ ਦਾ ਜ਼ੁਲਮ ਹੁੰਦਾ ਹੈ ਕਿਸੇ ਵੀ ਗ਼ੈਰ ਜਾਂ ਬਦੇਸੀ ਬੋਲੀ ਨੂੰ ਚਾਹੇ, ਉਹ ਕਿੰਨੀ ਵੀ ਵਿਗਸਿਤ ਕਿਉਂ ਨਾ ਹੋਵੇ, ਆਪਣੇ ਰਾਜ, ਨਿਆਂ, ਸਿੱਖਿਆ ਤੇ ਪਰੀਖਿਆ, ਆਦਿ ਦੀ ਸਾਰੀ ਪ੍ਰਕਿਰਿਆ ਦਾ ਇੱਕੋ-ਇਕ ਮਾਧਿਅਮ ਬਣਾ ਦੇਣਾ।

ਇਸ ਪ੍ਰਕਰਣ ਵਿਚ ਪੰਜਾਬ ਨੂੰ ਮੰਦ-ਭਾਗਾ ਹੀ ਸਮਝਣਾ ਚਾਹੀਦਾ ਹੈ ਕਿਉਂਕਿ ਅੰਗਰੇਜ਼ੀ ਅਮਲਦਾਰੀ ਤੋਂ ਪਹਿਲਾਂ ਰਾਜ-ਪ੍ਰਬੰਧ ਤੇ ਸਿੱਖਿਆ ਦਾ ਮਾਧਿਅਮ ਫ਼ਾਰਸੀ ਸੀ ਤੇ ਅੰਗਰੇਜ਼ੀ ਅਮਲਦਾਰੀ ਤੋਂ ਪਿੱਛੋਂ ਫ਼ਾਰਸੀ ਦੀ ਥਾਂ ਅੰਗਰੇਜ਼ੀ ਨੇ ਮੱਲ ਲਈ। ਪੰਜਾਬੀ ਆਪਣੇ ਬੋਲਣ ਵਾਲਿਆਂ ਦਾ ਮਾਧਿਅਮ ਬਣਨ ਤੋਂ ਵਾਂਝੀ ਰਹੀ।

ਆਜ਼ਾਦੀ ਤੋਂ ਪਿੱਛੋਂ ਭਾਰਤ ਵਿਚ ਜਿੰਨੇ ਵੀ ਸਿੱਖਿਆ ਕਮਿਸ਼ਨ ਬਣੇ ਹਨ, ਸਭ ਨੇ, ਬਿਨਾਂ ਕਿਸੇ ਛੋਟ ਦੇ, ਲੋਕਾਂ ਦੀਆਂ ਆਪਣੀਆਂ ਭਾਸ਼ਾਵਾਂ ਨੂੰ, ਉੱਚੀ ਤੋਂ ਉੱਚੀ ਪੱਧਰ ਤਕ, ਮਾਧਿਅਮ ਬਣਾਉਣ ਦੀਆਂ ਸਿਫ਼ਾਰਸ਼ਾਂ ਕੀਤੀਆਂ ਹਨ ਅਤੇ, ਚੰਗੇ ਭਾਗਾਂ ਨੂੰ, ਗਾਂਧੀ ਜੀ ਤੋਂ ਪ੍ਰਧਾਨ ਮੰਤਰੀ ਦੇਸਾਈ ਤੱਕ, ਸਾਰੇ ਰਾਜਨੀਤੀਵੇਤਾ ਇਸੇ ਮਤ ਦੇ ਸਮਰਥਕ ਤੇ ਪ੍ਰਚਾਰਕ ਰਹੇ ਹਨ। ਪੰਜਾਬ ਦੇ ਅਧਿਕਾਰੀਆਂ ਉੱਤੇ ਵੀ ਇਸ ਪ੍ਰਚਾਰ ਦਾ ਕੁੱਝ ਨਾ ਕੁੱਝ ਅਸਰ ਹੋਣਾ ਸੀ, ਸੋ ਪੰਜਾਬੀ ਦੇ ਸਰਕਾਰੀ ਭਾਸ਼ਾ ਹੋਣ ਦਾ ਐਲਾਨ ਹੋ ਚੁੱਕਾ ਹੈ ਤੇ ਬੀ.ਏ. (ਆਰਟਸ) ਤਕ ਮਾਧਿਅਮ ਵਜੋਂ ਚੁਣਨ ਦੀ ਇਜਾਜ਼ਤ ਵੀ ਮਿਲ ਚੁੱਕੀ ਹੈ, ਪਰ ਅਮਲੀ ਤੌਰ ਉੱਤੇ, ਅਜੇ ਬੜਾ ਕੁੱਝ ਹੋਣਾ ਬਾਕੀ ਹੈ।

ਹੁਣ ਸਾਡੇ ਸਾਹਮਣੇ ਇਹ ਸਵਾਲ ਖੜਾ ਹੈ ਕਿ ਅੱਗੋਂ ਪੰਜਾਬੀ ਦਾ ਵਿਗਾਸ ਕਿਵੇਂ ਹੋਵੇ ? ਸਾਡੀ ਜਾਚੇ ਇਹ ਦੋ ਤਰ੍ਹਾਂ ਸੰਭਵ ਹੈ :

(ੳ) ਜਿੱਥੇ ਜਿੱਥੇ ਅਜੇ ਪੰਜਾਬੀ ਦੀ ਹੱਕੀ ਥਾਂ ਅੰਗਰੇਜ਼ੀ, ਹਿੰਦੀ ਜਾਂ ਉਰਦੂ ਨੇ ਮੱਲੀ ਹੋਈ ਹੈ, ਓਥੇ ਓਥੇ ਹੀ, ਥਾਂ ਖ਼ਾਲੀ ਕਰਵਾ ਕੇ, ਪੰਜਾਬੀ ਨੂੰ ਦਿਵਾਈ ਜਾਵੇ; ਅਤੇ

(ਅ) ਜਿਸ ਜਿਸ ਖੇਤਰ ਵਿਚ, ਅਣਵਰਤੋਂ ਦੇ ਕਾਰਨ, ਪੰਜਾਬੀ ਵਿਚ ਸ਼ਬਦਾਂ ਦੀ ਜਾਂ ਸਾਮਗ੍ਰੀ ਦੀ ਘਾਟ ਪ੍ਰਤੀਤ ਹੁੰਦੀ ਹੈ, ਉਸ ਉਸ ਖੇਤਰ ਨੂੰ ਯੋਜਨਾ-ਬੱਧ ਢੰਗ ਨਾਲ ਪੂਰਿਆ ਜਾਵੇ।

ਇਹ ਕੰਮ ਸੌਖੇ ਨਹੀਂ; ਸਾਰੇ ਪੰਜਾਬੀਆਂ ਦੀ ਹੱਥ-ਵਟਾਈ ਮੰਗਦੇ ਹਨ। ਸਰਕਾਰੀ ਨੌਕਰੀਆਂ ਲਈ ਹੋਣ ਵਾਲੇ ਮੁਕਾਬਲੇ ਦੇ ਇਮਤਿਹਾਨਾਂ ਵਿਚ; ਫ਼ੌਜ, ਡਾਕਟਰੀ, ਇੰਜੀਨੀਅਰੀ ਤੇ ਹੋਰ ਤਕਨੀਕੀ ਪੇਸ਼ਿਆਂ ਦੀ ਪੜ੍ਹਾਈ ਵਿਚ; ਸਾਇੰਸ ਫ਼ੈਕਲਟੀ ਹੀ ਨਹੀਂ, ਆਰਟਸ ਫ਼ੈਕਲਟੀ ਦੇ ਸਾਰੇ ਮਜ਼ਮੂਨਾਂ ਸਮੇਤ, ਹਰ ਫ਼ੈਕਲਟੀ ਹੇਠ ਆਉਂਦੇ ਸਾਰੇ ਮਜ਼ਮੂਨਾਂ ਦੀਆਂ ਉਚੇਰੀਆਂ ਡਿਗਰੀਆਂ ਦੀ ਪ੍ਰਾਪਤੀ ਲਈ ਅੰਗਰੇਜ਼ੀ ਦੀ ਏਨੀ ਭਾਰੀ ਚੌਧਰ ਹੈ ਕਿ ਹੌਲੀ-ਹੌਲੀ ਸਾਡੇ

WWW.SIKHBOOKCLUB.COM Page 116

ਪੇਂਡੂ ਲੋਕ ਵੀ ਇਸ ਨਤੀਜੇ ਉੱਤੇ ਪਹੁੰਚਣ ਲਈ ਮਜਬੂਰ ਹੋ ਗਏ ਹਨ ਕਿ ਬੱਚਿਆਂ ਦੇ ਉੱਜਲ ਭਵਿੱਖ ਦਾ ਸੁਫ਼ਨਾ ਲੈਣਾ ਹੈ ਤਾਂ ਉਨ੍ਹਾਂ ਨੂੰ ਬਚਪਨ ਤੋਂ ਹੀ ਅੰਗਰੇਜ਼ੀ ਵਾਲੇ ਪਾਸੇ ਪਾਉਣਾ ਪੈਣਾ ਹੈ। ਇਉਂ ਨਾ ਹੁੰਦਾ ਤਾਂ ਆਜ਼ਾਦੀ ਤੋਂ ਪਿੱਛੋਂ, ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਦਾ ਜਾਲ, ਪਿੰਡਾਂ, ਕਸਬਿਆਂ ਤੇ ਨਗਰਾਂ ਵਿਚ ਬੇਤਹਾਸ਼ਾ ਕਦੇ ਨਾ ਵਿਛ ਸਕਦਾ। ਸਾਡੇ ਲਈ ਇਹ ਇਕ ਚਿੰਤਾ-ਜਨਕ ਘਟਨਾ ਹੈ, ਪਰ ਇਸ ਵਿਚ ਮੋੜਾ ਓਦੋਂ ਹੀ ਪਵੇਗਾ, ਜਦੋਂ ਉੱਪਰਲਿਆਂ ਪੇਸ਼ਿਆਂ, ਨੌਕਰੀਆਂ ਤੇ ਉਚੇਰੇ ਮਜ਼ਮੂਨਾਂ ਵਿਚ ਅੰਗਰੇਜ਼ੀ ਦੀ ਹੁਣ ਵਾਲੀ ਠੇਕੇਦਾਰੀ ਨੂੰ ਤੋੜਨ ਦਾ ਠੀਕ ਉਪਰਾਲਾ ਕੀਤਾ ਜਾਵੇਗਾ। ਜੇ ਹੇਠਲੀ ਪੱਧਰ ਉੱਤੇ ਪੰਜਾਬੀ ਦੀ ਖੁੱਲ੍ਹ ਹੋਵੇ ਤੇ ਉਤਲੀ ਪੱਧਰ ਉੱਤੇ ਅੰਗਰੇਜ਼ੀ ਦੀ ਜਕੜਬੰਦੀ ਜਿਉਂ ਦੀ ਤਿਉਂ ਕਾਇਮ ਰਹੇ ਤਾਂ ਪੰਜਾਬੀ ਦੀ ਤਰੱਕੀ ਦੀ ਆਸ ਰੱਖਣੀ ਆਪਣੇ ਆਪ ਨੂੰ ਧੋਖਾ ਦੇਣਾ ਹੈ। ਇਸ ਲਈ ਆਪਣੇ ਬੱਚਿਆਂ ਦੀ ਖ਼ਾਤਰ, ਆਪਣੇ ਭਵਿੱਖ ਦੀ ਖ਼ਾਤਰ, ਆਪਣੇ ਸੋਹਣੇ ਪੰਜਾਬ ਦੀ ਪਿਆਰੀ ਬੋਲੀ ਦੀ ਖ਼ਾਤਰ, ਸਾਨੂੰ ਸਾਰਿਆਂ ਨੂੰ ਰਲ ਕੇ, ਅੰਗਰੇਜ਼ੀ ਨੂੰ ਮਾਧਿਅਮ ਵਾਲੀ ਪਦਵੀ ਤੋਂ ਲਾਹੁਣ ਦੇ ਸਿਰ-ਤੋੜ ਜਤਨ ਕਰਨੇ ਪੈਣਗੇ।

ਪੰਜਾਬ ਦੀਆਂ ਯੂਨੀਵਰਸਿਟੀਆਂ, ਭਾਸ਼ਾ-ਨੀਤੀ ਬਾਰੇ, ਏਥੋਂ ਦੀ ਸਰਕਾਰ ਦੀ ਅਗਵਾਈ ਕਰਨ ਦੀ ਥਾਂ, ਰੂੜ੍ਹੀ ਨਾਲ ਬੱਝੇ ਰਹਿਣਾ ਵਧੇਰੇ ਪਸੰਦ ਕਰਦੀਆਂ ਹਨ। ਵਿਦਿਆ ਦੇ ਇਨ੍ਹਾਂ ਉੱਚ ਕੇਂਦਰਾਂ ਨੂੰ, ਤੇ ਸਰਕਾਰ ਨੂੰ, ਅਸਾਂ ਪੰਜਾਬੀਆਂ ਨੇ ਹੀ ਜਗਾਉਣਾ ਹੈ ਤੇ ਦੱਸਣਾ ਹੈ ਕਿ ਸਾਡੀ ਤਰੱਕੀ, ਸਾਡੀ ਬੋਲੀ ਦੀ ਤਰੱਕੀ ਨਾਲ ਬੱਝੀ ਹੋਈ ਹੈ, ਇਸ ਲਈ ਪੰਜਾਬ ਸਰਕਾਰ, ਅਰਧ-ਸਰਕਾਰੀ ਸੰਸਥਾਵਾਂ, ਵਿਸ਼ੇਸ਼ ਕਰਕੇ ਯੂਨੀਵਰਸਿਟੀਆਂ ਦੇ ਕਰਤਿਓ-ਧਰਤਿਓ ! ਤੁਸੀਂ ਸਾਡੇ ਲੋਕਾਂ ਦੀ ਤਰੱਕੀ ਦੇ ਰਾਹ ਵਿਚ ਕੰਧ ਨਾ ਬਣੋ, ਬਲਕਿ ਇਸ ਨੂੰ ਮੁੱਢਲੀ ਤੋਂ ਲੈ ਕੇ ਉਚੇਰੀ ਸਿੱਖਿਆ ਤੇ ਪਰੀਖਿਆਵਾਂ ਦਾ ਮਾਧਿਅਮ ਬਣਾਉਣ ਤੇ ਇਸ ਦੀਆਂ ਕਥਿਤ ਜਾਂ ਯਥਾਰਥ ਘਾਟਾਂ ਨੂੰ ਪੂਰਿਆਂ ਕਰਨ ਵੱਲ ਕਿਸੇ ਬੱਝਵੇਂ ਢੰਗ ਨਾਲ ਉੱਦਮਸ਼ੀਲ ਹੋਵੋ ! ਜਿਸ ਤਰ੍ਹਾਂ ਦੀ ਵੀ ਯੋਜਨਾ ਚਾਹੋ, ਕੇਂਦਰੀ ਪੰਜਾਬੀ ਲੇਖਕ ਸਭਾ ਤੇ ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ ਮੁਹੱਈਆ ਕਰ ਸਕਦੀਆਂ ਹਨ, ਕੇਵਲ ਤੁਸੀਂ ਆਪਣੀ ਪੰਜਾਬੀ-ਵਿਰੋਧੀ ਅੰਗਰੇਜ਼ੀ-ਪੱਖੀ ਮਨੋ-ਬਿਰਤੀ ਬਦਲੋ।

# ਮੈਨੀਫ਼ੈਸਟੋ—ਇਕ ਪੰਜਾਬੀ ਲੇਖਕ ਦਾ*

ਮੈਂ ਪੰਜਾਬੀ ਹਾਂ ਤੇ ਜਿਸ ਤਰ੍ਹਾਂ ਧਰਤੀ ਦੇ ਹਰ ਜਾਏ ਦਾ ਆਪਣੀ ਜੰਮਣ-ਭੋਂ ਨਾਲ ਸੁਭਾਵਿਕ ਮੋਹ ਹੁੰਦਾ ਹੈ, ਉਸੇ ਤਰ੍ਹਾਂ ਮੇਰਾ ਵੀ ਪੰਜਾਬ ਨਾਲ ਸੁਭਾਵਿਕ ਮੋਹ ਹੈ।

ਪੰਜਾਬ ਦੇ ਕੁਦਰਤੀ ਨਜ਼ਾਰੇ, ਖੁੱਲ੍ਹੇ ਵਿਸ਼ਾਲ ਖੇਤ, ਲਹਿਰਾਉਂਦੀਆਂ ਫ਼ਸਲਾਂ ਤੇ ਸਦਾ-ਵਗਦੇ ਪਾਣੀ, ਮੇਰੇ ਮਨ ਨੂੰ ਬੜੇ ਭਾਉਂਦੇ ਹਨ। ਇਨ੍ਹਾਂ ਦਾ ਵਾਧਾ ਚਾਹੁਣ ਵਾਲਾ ਮੈਨੂੰ ਆਪਣਾ ਮਿੱਤਰ ਲੱਗਦਾ ਹੈ, ਪਰ ਇਨ੍ਹਾਂ ਦੀ ਬਰਬਾਦੀ ਚਿਤਵਣ ਵਾਲਾ, ਭਾਵੇਂ ਆਪਣਾ ਹੋਵੇ, ਭਾਵੇਂ ਬੇਗਾਨਾ, ਮੈਨੂੰ ਦੁਪਰਿਆਰਾ ਭਾਸਦਾ ਹੈ।

ਛੋਟੇ ਉਦਯੋਗਾਂ ਵਾਲੇ ਪਾਸੇ ਪੰਜਾਬ ਦੇ ਉੱਨਤੀ ਵੱਲ ਪੁੱਟੇ ਕੁੱਝ ਕਦਮ ਵੇਖ ਕੇ ਮੈਨੂੰ ਖ਼ੁਸ਼ੀ ਹੁੰਦੀ ਹੈ—ਮੇਰਾ ਜੀ ਕਰਦਾ ਹੈ ਪੰਜਾਬ ਇਸ ਪਾਸੇ ਹੋਰ ਤਰੱਕੀ ਕਰੇ ਤੇ, ਹੌਲੀ ਹੌਲੀ, ਵੱਡੇ ਉਦਯੋਗ ਲਾ ਕੇ ਆਪਣੇ ਸਾਰੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਮੁਹੱਈਆ ਕਰਨ ਜੋਗਾ ਹੋ ਜਾਏ। ਇਸ ਪਾਸੇ ਤਰੱਕੀ ਵਿਚ ਹੱਥ ਵਟਾਉਣ ਵਾਲਾ ਮੈਨੂੰ ਆਪਣਾ ਭਾਈਬੰਦ ਜਾਪਦਾ ਹੈ, ਪਰ ਜੋ ਕੋਈ ਅਕਾਰਨ ਵਿਘਨ ਪਾਉਣ ਦੀ ਸੋਚਦਾ ਹੈ, ਉਸ ਵਿੱਚੋਂ ਮੈਨੂੰ ਆਪਣੇ ਦੋਖੀ ਦਾ ਝਾਉਲਾ ਪੈਂਦਾ ਹੈ।

ਆਪਣੇ ਮਿਹਨਤੀ ਲੋਕਾਂ ਨੂੰ ਖ਼ੁਸ਼ ਤੇ ਖ਼ੁਸ਼ਹਾਲ ਵੇਖ ਕੇ ਮੇਰੇ ਕਲੇਜੇ ਵਿਚ ਠੰਢ ਪੈਂਦੀ ਹੈ। ਇਨ੍ਹਾਂ ਨੂੰ ਵਧੇਰੇ ਖ਼ੁਸ਼ ਬਣਾਉਣ ਦੀਆਂ ਵਿਉਂਤਾਂ ਘੜਨ ਵਾਲਿਆਂ ਨੂੰ ਮੈਂ ਆਪਣੀ ਛਾਤੀ ਨਾਲ ਲਾਉਂਦਾ ਹਾਂ, ਪਰ ਜੋ ਕੋਈ ਇਸ ਦੀ ਖ਼ੁਸ਼ਹਾਲੀ ਤੋਂ ਸੜ ਕੇ ਮੰਦਹਾਲੀ ਲਿਆਉਣ ਦੀ ਸਾਜ਼ਿਸ਼ ਕਰਦਾ ਹੈ, ਉਹ ਮੇਰੇ ਵਿਰੋਧ ਦਾ ਨਿਸ਼ਾਨਾ ਬਣੇ ਬਗ਼ੈਰ ਨਹੀਂ ਰਹਿ ਸਕਦਾ।

ਪੰਜਾਬ ਦੇ ਲੋਕਾਂ ਵਿਚ ਕਈ ਧਰਮ ਚਾਲੂ ਹਨ—ਕੋਈ ਹਿੰਦੂ ਹੈ, ਕੋਈ ਮੁਸਲਮਾਨ, ਕੋਈ ਸਿੱਖ ਹੈ ਤੇ ਕੋਈ ਈਸਾਈ। ਏਥੇ ਸਿਆਸੀ ਪਾਰਟੀਆਂ ਵੀ ਕਈ ਹਨ। ਅਫ਼ਸੋਸ ਤਾਂ ਇਹ ਹੈ ਕਿ ਕਈ ਲੋਕ ਜਾਤਾਂ-ਗੋਤਾਂ ਦੇ ਆਧਾਰ ਉੱਤੇ ਵੀ ਵੰਡੇ ਹੋਏ ਦਿੱਸਦੇ ਹਨ; ਸ਼ਹਿਰੀ ਤੇ ਪੇਂਡੂ ਜਾਂ ਅਮੀਰ ਤੇ ਗ਼ਰੀਬ ਦੀ ਵੰਡ ਇਨ੍ਹਾਂ ਤੋਂ ਵੱਖਰੀ ਹੈ। ਪਰ ਇਨ੍ਹਾਂ ਸਾਰੀਆਂ ਵੰਡਾਂ ਤੋਂ ਉੱਪਰ ਦੀ ਇਨ੍ਹਾਂ ਦੀ ਇਕ ਜੋੜਨੀ ਸਾਂਝ ਹੈ ਤੇ ਉਹ ਹੈ ਇਨ੍ਹਾਂ ਦੀ ਪੰਜਾਬੀਅਤ।

ਪੰਜਾਬੀ ਲੋਕਾਂ ਦੀ ਇਸ ਜਮਾਂਦਰੂ ਤੇ ਸਦੀਵੀ ਸਾਂਝ ਵਿਚ ਪਾੜ ਪਾਉਣ ਵਾਲੇ ਨੂੰ ਮੈਂ ਕਦੀ ਵੀ ਮਾਫ਼ ਨਹੀਂ ਕਰ ਸਕਦਾ, ਭਾਵੇਂ ਉਹ ਕਿੰਨਾ ਵੱਡਾ ਸਿਆਸੀ ਨੇਤਾ ਜਾਂ ਧਾਰਮਿਕ ਆਗੂ ਕਿਉਂ ਨਾ ਅਖਵਾਉਂਦਾ ਹੋਵੇ।

ਮੈਂ ਆਸਤਕ ਹੋਵਾਂ ਤਾਂ ਵੀ ਪੰਜਾਬੀ ਤੇ ਨਾਸਤਕ ਹੋ ਜਾਵਾਂ ਤਾਂ ਵੀ ਪੰਜਾਬੀ ਹੀ

---

* [illegible] WWW.SIKHBOOKCLUB.COM [illegible] ਜਿਸਟਰਡ) ਦੇ ਪ੍ਰਧਾਨਗੀ ਪਦ ਤੋਂ ਪ੍ਰਸਾਰਿਤ।

ਰਹਿੰਦਾ ਹਾਂ। ਮੈਂ ਸਿੱਖ, ਹਿੰਦੂ, ਮੁਸਲਮਾਨ, ਈਸਾਈ, ਜੈਨ ਜਾਂ ਬੋਧੀ—ਕੋਈ ਵੀ ਧਰਮ ਧਾਰਨ ਕਰ ਲਵਾਂ, ਮੇਰਾ ਪੰਜਾਬੀਪੁਣਾ ਜਿਉਂ ਦਾ ਤਿਉਂ ਕਾਇਮ ਰਹਿੰਦਾ ਹੈ। ਇਸ ਲਈ ਮੈਂ ਆਪਣੇ ਪੰਜਾਬੀਪੁਣੇ ਨੂੰ ਕੁਦਰਤ ਵੱਲੋਂ ਮਿਲੀ ਦਾਤ ਤੇ ਪੁਸ਼ਤੈਨੀ ਵਿਰਸਾ ਸਮਝ ਕੇ ਇਸ ਉੱਤੇ ਮਾਣ ਕਰਦਾ ਹਾਂ।

ਮੇਰੇ ਵਾਂਗ ਹਰ ਪੰਜਾਬੀ ਆਪਣਾ ਜੀਵਨ-ਰਸ ਇਸੇ ਧਰਤੀ ਤੋਂ ਲੈਂਦਾ ਹੈ। ਇਸ ਲਈ ਹਰ ਪੰਜਾਬੀ ਪੰਜਾਬ ਦੀ ਸੁਹਾਵਣੀ ਧਰਤੀ ਦਾ ਬੱਚਾ ਹੈ। ਸਾਰੇ ਪੰਜਾਬੀਆਂ ਦੀ ਕੌਮੀਅਤ ਇਕ ਹੈ।

ਪੰਜਾਬ ਦਾ ਲਾਭ ਸਾਰੇ ਪੰਜਾਬੀਆਂ ਦਾ ਲਾਭ ਹੈ ਤੇ ਹੋਣਾ ਵੀ ਚਾਹੀਦਾ ਹੈ। ਇਸੇ ਤਰ੍ਹਾਂ ਪੰਜਾਬ ਦਾ ਹਾਣ ਵੀ ਸਾਰੇ ਪੰਜਾਬੀਆਂ ਦਾ ਹਾਣ ਹੈ ਤੇ ਹੋਣਾ ਵੀ ਚਾਹੀਦਾ ਹੈ। ਪੰਜਾਬ ਦੇ ਹਾਣ-ਲਾਭ ਉੱਤੇ ਪਹਿਰਾ ਦੇਣਾ ਸਾਰੇ ਪੰਜਾਬੀਆਂ ਦਾ ਫ਼ਰਜ਼ ਹੈ।

ਪੰਜਾਬੀਆਂ ਵਿਚ ਏਕਤਾ ਤੇ ਗੌਰਵ ਦਾ ਇਹਸਾਸ ਪੈਦਾ ਕਰਨ ਵਾਲੀ ਪੰਜਾਬੀਅਤ ਦੀ ਭਾਵਨਾ ਨੂੰ ਜੋ ਕੋਈ ਬਲਵਾਨ ਬਣਾਉਂਦਾ ਹੈ, ਮੈਂ ਉਸ ਦੀ ਚਰਨ-ਧੂੜ ਮੱਥੇ ਉੱਤੇ ਲਾਉਣ ਨੂੰ ਤਿਆਰ ਹਾਂ, ਪਰ ਜਿਸ ਕਿਸੇ ਵਿਅਕਤੀ, ਸੰਸਥਾ ਜਾਂ ਸਰਕਾਰ ਦੀ ਨੀਤੀ ਇਸ ਸਾਂਝ ਵਿਚ ਤ੍ਰੇੜਾਂ ਪਾਉਣ ਦੀ ਹੈ, ਉਸ ਨਾਲ ਮੇਰੀ ਸੁਲਹ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਵਰਤਮਾਨ ਪੰਜਾਬ ਦੀਆਂ ਹੱਦਾਂ, ਕਈ ਹੋਰ ਭਾਰਤੀ ਸੂਬਿਆਂ ਦੀਆਂ ਸਰਹੱਦਾਂ ਵਾਂਗ, ਬੋਲੀ ਦੇ ਆਧਾਰ ਉੱਤੇ ਨਿਰਧਾਰਿਤ ਹੋਈਆਂ ਸਨ। ਮੈਨੂੰ ਇਹ ਆਧਾਰ ਪਰਵਾਨ ਹੈ, ਕਿਉਂਕਿ ਇਸ ਨਾਲ ਇੱਕੋ ਸਭਿਆਚਾਰ ਵਾਲੇ ਪੰਜਾਬੀ-ਬੋਲਦੇ ਲੋਕਾਂ ਦੀ ਬਹੁ-ਗਿਣਤੀ ਇੱਕੋ ਪ੍ਰਬੰਧਕ ਛੱਤ ਹੇਠ ਇਕੱਠੀ ਹੋ ਸਕਦੀ ਹੈ। ਬੜਾ ਵੱਡਾ ਰੋਸ ਮੈਨੂੰ ਇਸ ਗੱਲ ਦਾ ਹੈ ਕਿ ਪੰਜਾਬ ਦੀਆਂ ਭਾਸ਼ਾਈ ਸਰਹੱਦਾਂ ਨਿਰਧਾਰਿਤ ਕਰਨ ਵੇਲੇ ਨਿਰਧਾਰਕਾਂ ਦਿਆਂ ਮੂੰਹਾਂ ਵਿਚ ਰਾਮ-ਰਾਮ ਤੇ ਬਗ਼ਲਾਂ ਵਿਚ ਛੁਰੀਆਂ ਸਨ, ਜਿਸ ਕਰਕੇ ਸਪਸ਼ਟ ਬਦ-ਨੀਅਤੀ ਨਾਲ, ਕਈ ਪੰਜਾਬੀ-ਬੋਲਦੇ ਇਲਾਕੇ, ਪੰਜਾਬ ਨਾਲੋਂ ਤੋੜ ਕੇ ਗੁਆਂਢੀ ਰਾਜਾਂ ਨਾਲ ਨਰੜ ਦਿੱਤੇ ਗਏ।

ਮੇਰੀ ਬੜੀ ਇੱਛਾ ਹੈ ਕਿ ਧੱਕੇ-ਧੋਖੇ ਨਾਲ ਖ਼ੁਆਰ ਕੀਤੇ ਗਏ ਸਾਰੇ ਪੰਜਾਬੀ ਮੁੜ ਕੇ ਆਪਣੇ ਘਰ ਆ ਜਾਣ। ਮਤੇ ਕਿਸੇ ਨੂੰ ਵਹਿਮ ਹੋਵੇ ਕਿ ਇਹ ਮੰਗ ਵਰਤਮਾਨ ਪੰਜਾਬ ਵਿਚ ਕਿਸੇ ਇਕ ਫ਼ਿਰਕੇ ਦੀ ਗਿਣਤੀ ਵਧਾਉਣ ਜਾਂ ਘਟਾਉਣ ਦੇ ਖ਼ਿਆਲ ਨਾਲ ਕੀਤੀ ਜਾ ਰਹੀ ਹੈ—ਨਹੀਂ, ਇਸ ਮੰਗ ਦੇ ਪਿੱਛੇ ਇੱਕੋ ਭਾਸ਼ਾ-ਭਾਸ਼ੀ ਭਾਈਚਾਰੇ ਨੂੰ ਇੱਕੋ ਰਾਜਕੀ ਪ੍ਰਬੰਧ ਹੇਠ ਇਕੱਠਿਆਂ ਕਰਨ ਦੀ ਇੱਛਾ ਕੰਮ ਕਰ ਰਹੀ ਹੈ।

ਮੈਂ ਕਿਸੇ ਗ਼ੈਰ ਪੰਜਾਬੀ ਪਿੰਡ ਨੂੰ ਦਬਕਾ ਕੇ, ਫੁਸਲਾ ਕੇ ਜਾਂ ਪਲੋਸ ਕੇ ਪੰਜਾਬ ਰਾਜ ਦੀ ਬੁੱਕਲ ਵਿਚ ਰੱਖਣ ਨੂੰ ਤਿਆਰ ਨਹੀਂ ਹਾਂ, ਪਰ ਨਾਲ ਹੀ ਇਕ ਵੀ ਪੰਜਾਬੀ ਪਿੰਡ ਨੂੰ, ਇਕ ਦਿਨ ਲਈ ਵੀ, ਕਿਸੇ ਹੋਰ ਰਾਜ ਵਿਚ ਨਹੀਂ ਰਹਿਣ ਦੇਣਾ ਚਾਹੁੰਦਾ।

ਕੋਈ ਪਿੰਡ ਕਿਹੜੀ ਬੋਲੀ ਬੋਲਦਾ ਹੈ, ਇਸ ਦਾ ਨਿਰਣਾ ਬੋਲੀ ਦੇ ਮਾਹਿਰ ਹੀ ਕਰ ਸਕਦੇ ਹਨ—ਖ਼ਾਸ ਕਰਕੇ ਜਦੋਂ ਬੋਲੀ ਬਾਰੇ ਝੂਠ ਬੋਲਣ ਲਈ, ਖੁੱਲ੍ਹੀ ਬੇਹਯਾਈ ਨਾਲ ਅਖ਼ਬਾਰ ਤੇ ਸਿਆਸੀ ਨੇਤਾ, ਧਰਮ ਤੇ ਸੰਸਕ੍ਰਿਤੀ ਦਾ ਵਾਸਤਾ ਪਾ ਰਹੇ ਹੋਣ—ਪੇਸ਼ਾਵਰ ਸਿਆਸੀ ਬੰਦਿਆਂ ਪਾਸੋਂ ਇਸ ਨਿਰਣੇ ਦੀ ਆਸ ਨਹੀਂ ਰੱਖੀ ਜਾ ਸਕਦੀ, ਕਿਉਂਕਿ ਮੇਰਾ ਤਜਰਬਾ ਇਹ ਕਹਿੰਦਾ ਹੈ ਕਿ ਇਹ ਲੋਕ ਠੀਕ ਤੇ ਪੱਕਾ ਹੱਲ ਲੱਭਣ ਦੀ ਥਾਂ ਆਰਜ਼ੀ ਸਮਝੌਤਾ ਕਰਾਉਣਾ ਵਧੇਰੇ ਪਸੰਦ ਕਰਦੇ ਹਨ ਤਾਂ ਜੋ ਲੋੜ ਅਨੁਸਾਰ ਮੁੜ ਕੇ ਝਗੜਾ ਖੜ੍ਹਾ ਕੀਤਾ ਜਾ ਸਕੇ।

WWW.SIKHBOOKCLUB.COM Page 119

ਮੇਰਾ ਇਸ ਮਾਮਲੇ ਉੱਤੇ ਰੋਜ਼-ਰੋਜ਼ ਝਗੜਾ ਖੜਾ ਕਰੀ ਰੱਖਣ ਦਾ ਕੋਈ ਵਿਚਾਰ ਨਹੀਂ ਹੈ। ਇਸ ਲਈ ਮੈਂ ਪੰਜਾਬ ਦੀਆਂ ਸਰਹੱਦਾਂ ਦੇ ਝਗੜੇ ਦਾ ਪੱਕਾ ਹੱਲ ਨਿਰਪੱਖ ਭਾਸ਼ਾਈ ਵਿਸ਼ੇਸ਼ੱਗਾਂ ਪਾਸੋਂ ਕਰਾਉਣ ਦਾ ਮੁਦਈ ਹਾਂ। ਵਿਸ਼ੇਸ਼ੱਗ ਹਰ ਸਰਹੱਦੀ ਪਿੰਡ ਬਾਰੇ ਥਾਂ ਉੱਤੇ ਜਾ ਜਾ ਕੇ ਤੇ ਮੌਜੂਦ ਭਾਸ਼ਾਈ ਸਾਮੱਗਰੀ ਦੇ ਆਧਾਰ ਉੱਤੇ ਆਪਣਾ ਨਿਰਣਾ ਦੇ ਸਕਦੇ ਹਨ।

ਇਸ ਤੋਂ ਵਧੇਰੇ ਤਸੱਲੀਬਖ਼ਸ਼ ਢੰਗ ਕੋਈ ਹੋਰ ਹੋਵੇ ਤਾਂ ਮੈਂ ਉਸ ਉੱਤੇ ਵਿਚਾਰ ਕਰਨ ਲਈ ਤਿਆਰ ਹਾਂ, ਪਰ ਅਜੇ ਮੈਨੂੰ ਸਭ ਤੋਂ ਵੱਧ ਨਿਆਂਸ਼ੀਲ ਤੇ ਸੰਤੁਸ਼ਟੀਦਾਇਕ ਰਾਹ ਇਹੀ ਦਿੱਸਦਾ ਹੈ।

## 2

ਮੈਂ ਪੰਜਾਬੀ ਬੋਲਦਾ ਹਾਂ ਕਿਉਂਕਿ ਪੰਜਾਬੀ ਮੇਰੀ ਮਾਂ-ਬੋਲੀ ਹੈ। ਪੰਜਾਬੀ ਵਿਚ ਬੋਲਣਾ ਸਿੱਖਣ ਲਈ ਮੈਨੂੰ ਕੋਈ ਉਚੇਚ ਨਹੀਂ ਕਰਨਾ ਪਿਆ। ਇਹ ਸੁਤੇ-ਸਿੱਧ ਮਾਂ ਦੇ ਦੁੱਧ ਨਾਲ ਹੀ ਆ ਗਈ ਸੀ।

ਮੈਂ ਹੋਰ ਵੀ ਕਈ ਬੋਲੀਆਂ ਬੋਲ ਲੈਂਦਾ ਹਾਂ, ਪਰ ਮਾਂ-ਬੋਲੀ ਪੰਜਾਬੀ ਤੋਂ ਛੁੱਟ ਹਰ ਬੋਲੀ ਵਿਚ ਬੋਲਣਾ ਸਿੱਖਣ ਲਈ ਉਚੇਚ ਕਰਨਾ ਪਿਆ ਹੈ।

ਮਾਂ-ਬੋਲੀ ਦੇ ਇਸ ਨਿਰ-ਉਚੇਚ ਲੱਛਣ ਕਰਕੇ ਹੀ ਦੁਨੀਆ ਦੇ ਸਾਰੇ ਸਿੱਖਿਆ-ਸ਼ਾਸਤਰੀ ਇਸ ਨੂੰ ਸਿੱਖਿਆ ਦਾ, ਖ਼ਾਸ ਕਰਕੇ ਬਾਲ-ਸਿੱਖਿਆ ਦਾ, ਸਭ ਤੋਂ ਉੱਤਮ ਸਾਧਨ ਮੰਨਦੇ ਹਨ।

ਇਸ ਮਾਮਲੇ ਵਿਚ ਮੈਂ ਦੁਨੀਆ ਦੇ ਸਮੂਹ ਸਿੱਖਿਆ-ਸ਼ਾਸਤਰੀਆਂ ਨਾਲ ਸਹਿਮਤ ਹਾਂ ਤੇ ਹਰ ਇਕ ਦੀ ਮਾਂ-ਬੋਲੀ ਨੂੰ ਉਸ ਦੀ ਸਿੱਖਿਆ ਦਾ ਸਰਬੋਤਮ ਮਾਧਿਅਮ ਮੰਨਦਾ ਹਾਂ।

ਮੇਰਾ ਵਿਸ਼ਵਾਸ ਹੈ ਕਿ ਇਕ-ਭਾਸ਼ੀ ਪੰਜਾਬ ਰਾਜ ਦੇ ਬੱਚਿਆਂ ਦੇ ਦਿਲਾਂ-ਦਿਮਾਗ਼ਾਂ ਦੀ ਸੰਪੂਰਨ, ਸਮਤੋਲ ਤੇ ਸੁਖੈਨ ਉਸਾਰੀ ਯਕੀਨੀ ਬਣਾਉਣ ਲਈ, ਉਨ੍ਹਾਂ ਦੀ ਸਾਰੀ ਸਿੱਖਿਆ ਦਾ ਪ੍ਰਬੰਧ ਪੰਜਾਬੀ ਬੋਲੀ ਰਾਹੀਂ ਹੋ ਸਕਦਾ ਹੈ ਕਿਉਂਕਿ ਇਹ ਕਈ ਕਰੋੜ ਲੋਕਾਂ ਦੀ ਵਿਕਾਸਮੁਖੀ ਭਾਸ਼ਾ ਹੈ, ਕਿਸੇ ਥੋੜੀ ਗਿਣਤੀ ਵਾਲੇ ਲੋਕ ਸਮੂਹ ਦੀ ਅਵਿਕਸਿਤ ਬੋਲੀ ਨਹੀਂ।

ਪੰਜਾਬ ਦੇ ਜਿਹੜੇ ਸਿਆਸੀ ਆਗੂ, ਸਿੱਖਿਆ-ਪ੍ਰਬੰਧਕ ਜਾਂ ਮਾਪੇ, ਕਿਸੇ ਵੀ ਪ੍ਰਭਾਵ ਹੇਠ, ਆਪਣੇ ਬੱਚਿਆਂ ਦੀ ਸਿੱਖਿਆ ਦਾ ਪ੍ਰਬੰਧ, ਪੰਜਾਬੀ ਦੀ ਥਾਂ ਅੰਗਰੇਜ਼ੀ ਜਾਂ ਹਿੰਦੀ ਜਾਂ ਕਿਸੇ ਵੀ ਹੋਰ ਬੋਲੀ ਰਾਹੀਂ ਕਰਦੇ ਹਨ, ਉਹ ਪੰਜਾਬ ਵਿਚ ਰਹਿੰਦਿਆਂ ਆਪਣੇ ਬੱਚਿਆਂ ਦੀਆਂ ਜੜ੍ਹਾਂ, ਪੰਜਾਬੀ ਸਭਿਆਚਾਰ ਦੀ ਧਰਤੀ ਵਿੱਚੋਂ ਪੁੱਟ ਕੇ ਪੰਜਾਬ ਨਾਲ ਤਾਂ ਧਰੋਹ ਕਰਦੇ ਹੀ ਹਨ, ਆਪਣੇ ਬੱਚਿਆਂ ਦੀ ਇਕਾਗਰ ਭਾਵਨਾਤਮਕ ਉਸਾਰੀ ਨੂੰ ਖ਼ਤਰੇ ਵਿਚ ਪਾਉਣ ਦੇ ਦੋਸ਼ੀ ਵੀ ਬਣਦੇ ਹਨ।

ਆਪਸੀ ਏਕਤਾ ਤੇ ਸਾਂਝ ਦੀ ਖ਼ਾਤਰ ਮੈਂ ਤਾਂ ਏਥੋਂ ਤਕ ਜਾਣ ਨੂੰ ਤਿਆਰ ਹਾਂ ਕਿ ਜਿਸ ਤਰ੍ਹਾਂ ਇਕ-ਭਾਸ਼ੀ ਫ਼ਰਾਂਸ ਦੀਆਂ ਸਰਹੱਦਾਂ ਦੇ ਅੰਦਰਵਾਰ ਫ਼ਰਾਂਸੀਸੀ ਬੱਚਿਆਂ ਦੇ ਭਾਵਾਂ-ਉਦਗਾਰਾਂ, ਜਜ਼ਬਿਆਂ ਤੇ ਇਹਸਾਸਾਂ ਅਤੇ ਸਮਝ ਤੇ ਸੋਝੀ ਦੇ ਸੰਤੁਲਿਤ ਵਿਕਾਸ ਤੇ ਸਾਂਝੀ ਫ਼ਰਾਂਸੀਅਤ ਦੀ ਭਾਵਨਾ ਦੀ ਉਪਜ ਲਈ, ਫ਼ਰਾਂਸੀਸੀ ਤੋਂ ਛੁੱਟ ਹੋਰ ਕਿਸੇ ਭਾਸ਼ਾਈ ਮਾਧਿਅਮ ਵਰਤਣ ਦੀ ਕਾਨੂੰਨੀ ਮਨਾਹੀ ਦੱਸੀ ਜਾਂਦੀ ਹੈ, ਉਸੇ ਤਰ੍ਹਾਂ ਪੰਜਾਬ ਵਿਚ ਵੀ, [illegible] ਤੋਂ ਛੁੱਟ ਹੋਰ ਹਰ ਮਾਧਿਅਮ [illegible]

WWW.SIKHBOOKCLUB.COM Page 120

ਕਾਨੂੰਨੀ ਬੰਦਸ਼ ਲਾ ਦਿੱਤੀ ਜਾਵੇ। ਵਰਨਾ ਖ਼ਤਰਾ ਇਹ ਹੈ ਕਿ ਪੰਜਾਬੀ ਭਾਸ਼ਾ ਦੇ ਆਧਾਰ ਉੱਤੇ ਸਾਂਝੀ ਪੰਜਾਬੀਅਤ ਉਪਜਣ ਦੀ ਥਾਂ ਹਿੰਦੂ-ਹਿੰਦੀ, ਮੁਸਲਮਾਨ-ਉਰਦੂ ਤੇ ਸਿੱਖ-ਪੰਜਾਬੀ ਵਾਲੇ ਪਿੱਛੋਂ ਤੁਰੇ ਆਉਂਦੇ ਫ਼ਿਰਕੂ ਜੁੱਟ ਪਕੇਰੇ ਬਣਦੇ ਜਾਣਗੇ।

ਪੰਜਾਬ ਦੀ ਸਿਆਸਤ ਵਿਚ ਬੋਲੀਆਂ ਦਾ ਧਰਮਾਂ ਜਾਂ ਫ਼ਿਰਕਿਆਂ ਨਾਲ ਇਸ ਤਰ੍ਹਾਂ ਦਾ ਗਠ-ਜੋੜ ਪੰਜਾਬੀ ਬੋਲੀ ਦੇ ਵਿਕਾਸ ਲਈ (ਜਿਸ ਦਾ ਅੰਤਿਮ ਮਤਲਬ ਪੰਜਾਬੀ ਲੋਕਾਂ ਦੇ ਦਿਲਾਂ-ਦਿਮਾਗ਼ਾਂ ਦਾ ਵਿਕਾਸ ਹੁੰਦਾ ਹੈ), ਘਾਤਕ ਸਿੱਧ ਹੋਇਆ ਹੈ, ਕਿਉਂਕਿ ਹੋਰ ਕਈ ਨੁਕਸਾਨਾਂ ਤੋਂ ਇਲਾਵਾ, ਹਰ ਕਿਸੇ ਦੇ ਮਨ ਵਿਚ ਇਕ ਭੁਲੇਖਾ ਬਣਿਆ ਰਹਿੰਦਾ ਹੈ ਕਿ ਘੱਟੋ-ਘੱਟ ਇਕ ਧਰਮ ਜਾਂ ਫ਼ਿਰਕਾ ਤਾਂ ਹੈ ਹੀ ਜੋ ਬੋਲੀ ਦਾ ਸੱਚਾ ਸੇਵੀ ਹੈ, ਪਰ ਪੰਜਾਬ ਦੀ ਸਿਆਸਤ ਦੇ ਇਤਿਹਾਸ ਤੇ ਨਿੱਤ ਦੇ ਤਜਰਬੇ ਤੋਂ ਸਿੱਧ ਹੁੰਦਾ ਹੈ ਕਿ ਬੋਲੀ ਨਾਲ ਦਿਲੀ ਪ੍ਰੇਮ ਹੋਰ ਗੱਲ ਹੈ ਤੇ ਉਸ ਨੂੰ ਸਿਆਸਤ ਦਾ ਸੰਦ ਬਣਾਉਣਾ ਬਿਲਕੁਲ ਹੋਰ ਗੱਲ।

1947 ਤੋਂ ਪਹਿਲਾਂ ਪੰਜਾਬ ਦੀ ਸੰਗਠਿਤ ਮੁਸਲਮਾਨ ਸਿਆਸਤ ਨੇ ਉਰਦੂ ਨੂੰ ਆਪਣੀ ਭਾਸ਼ਾ ਮੰਨ ਕੇ ਪੰਜਾਬੀ ਦਾ ਕਰੀਬ-ਕਰੀਬ ਬਾਈਕਾਟ ਕੀਤਾ ਹੋਇਆ ਸੀ। ਪਾਕਿਸਤਾਨ ਬਣਨ ਉਪਰੰਤ, ਭਾਵੇਂ ਸਰਕਾਰੀ ਪੱਧਰ ਉੱਤੇ ਅੱਜ ਵੀ ਉਰਦੂ ਨੂੰ ਮਾਨਤਾ ਪ੍ਰਾਪਤ ਹੈ, ਪਰ ਮੈਨੂੰ ਦੱਸਿਆ ਗਿਆ ਹੈ ਕਿ 1971 ਤੇ 1981 ਵਿਚ ਪਾਕਿਸਤਾਨੀ ਪੰਜਾਬ ਦੀ ਤਕਰੀਬਨ 98 ਫ਼ੀਸਦੀ ਮੁਸਲਮਾਨ ਆਬਾਦੀ ਨੇ ਆਪਣੀ ਬੋਲੀ ਪੰਜਾਬੀ ਲਿਖਵਾਈ ਹੈ।

ਸੰਗਠਿਤ ਸਿੱਖ ਸਿਆਸਤ ਨੇ, ਪਿਛਲੇ ਸੌ ਵਰ੍ਹੇ ਤੋਂ, ਪੰਜਾਬੀ ਬੋਲੀ ਬੜੇ ਜ਼ੋਰ-ਸ਼ੋਰ ਨਾਲ ਅਪਣਾਈ ਹੈ। ਏਥੋਂ ਤਕ ਕਿ ਆਜ਼ਾਦੀ ਉਪਰੰਤ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਵਿਚ, ਸੱਠ ਸੱਤਰ ਹਜ਼ਾਰ ਬੰਦਿਆਂ ਨੇ ਪੰਜਾਬੀ ਸੂਬੇ ਦੀ ਕਾਇਮੀ ਲਈ ਗ੍ਰਿਫ਼ਤਾਰੀਆਂ ਵੀ ਦਿੱਤੀਆਂ, ਪਰ ਏਡੇ ਵੱਡੇ ਸੰਘਰਸ਼ ਉਪਰੰਤ ਜਦੋਂ ਅਕਾਲੀ ਵਜ਼ਾਰਤ ਬਣੀ ਤਾਂ ਇਕ ਅੱਧੇ ਅੰਗਰੇਜ਼ੀ-ਨਾ-ਜਾਣਦੇ ਅਕਾਲੀ ਲੀਡਰ ਨੂੰ ਛੱਡ ਕੇ, ਬਾਕੀ ਸਾਰਿਆਂ ਵਜ਼ੀਰਾਂ ਨੇ, ਸਮੇਤ ਵੱਡੇ ਵਜ਼ੀਰ ਸਾਹਿਬ ਦੇ, ਸਰਕਾਰੀ ਤੇ ਦਫ਼ਤਰੀ ਲਿਖਾ-ਪੜ੍ਹੀ ਲਈ, ਪੰਜਾਬੀ ਦੀ ਵਰਤੋਂ ਕਰਨ ਵਾਲੇ ਕਾਨੂੰਨ ਦਾ ਉਲੰਘਣ ਕਰ ਕੇ, ਅੰਗਰੇਜ਼ੀ ਚਾਲੂ ਕਰ ਲਈ ਤੇ ਅਕਾਲੀ ਸਿੱਖਿਆ ਮੰਤਰੀ ਨੇ, ਪੰਜਾਬੀ ਮਾਧਿਅਮ ਦੀ ਵਰਤੋਂ ਨੂੰ ਉਲੰਘਣ ਵਾਲੇ ਦੋਸ਼ੀਆਂ ਦੀ ਪੜਤਾਲ ਲਈ ਦਫ਼ਤਰਾਂ ਵਿਚ ਅਚਾਨਕ ਛਾਪਾ ਮਾਰਨ ਦਾ ਹੱਕ ਭਾਸ਼ਾ ਵਿਭਾਗ ਤੋਂ ਖੋਹ ਲਿਆ; ਆਨੰਦਪੁਰ ਦੀ ਦਸਮੇਸ਼ ਅਕਾਡਮੀ ਤੇ ਸਰਕਾਰ ਵੱਲੋਂ ਚਾਲੂ ਕੀਤੇ ਗਏ ਆਦਰਸ਼ ਸਕੂਲਾਂ ਦਾ ਮਾਧਿਅਮ ਅੰਗਰੇਜ਼ੀ ਥਾਪਿਆ ਗਿਆ ਤੇ ਸਾਰੇ ਵਜ਼ੀਰਾਂ ਨੇ ਆਪਣੇ ਬੱਚੇ ਤੇ ਨਜ਼ਦੀਕੀ ਰਿਸ਼ਤੇਦਾਰ ਕੱਚੀ ਪਹਿਲੀ ਤੋਂ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਵਿਚ ਦਾਖ਼ਲ ਕਰਵਾ ਲਏ।

ਪੰਜਾਬ ਵਿਚ ਹਿੰਦੂ ਸਿਆਸਤ ਦਾ ਹਿੰਦੀ ਮਾਧਿਅਮ ਦਾ ਨਾਅਰਾ ਤਾਂ, ਪੰਜਾਬੀ ਮੁਸਲਮਾਨ ਸਿਆਸਤਦਾਨਾਂ ਦੇ ਉਰਦੂ ਵਾਲੇ ਨਾਅਰੇ ਵਾਂਗ, ਹੋਇਆ ਹੀ ਕੂੜ-ਕੁਸੱਤ ਉੱਤੇ ਆਧਾਰਿਤ। ਜਦੋਂ ਸਿਆਸੀ ਆਗੂ ਚਾਹੁੰਦੇ ਹਨ, ਪਿਛਲੱਗ ਚੰਗੀ-ਭਲੀ ਪੰਜਾਬੀ ਬੋਲਦਿਆਂ, ਆਪਣੀ ਬੋਲੀ ਹਿੰਦੀ ਲਿਖਵਾ ਦੇਂਦੇ ਹਨ ਤੇ ਜਦੋਂ ਚੁੱਪ ਕਰ ਰਹਿੰਦੇ ਹਨ ਤਾਂ ਲੋਕ ਸੱਚ ਬੋਲ ਕੇ ਪੰਜਾਬੀ ਲਿਖਵਾ ਛੱਡਦੇ ਹਨ, ਜਿਵੇਂ ਕਿ 1981 ਦੀ ਜਨ-ਗਿਣਤੀ ਵੇਲੇ ਹੋਇਆ। ਉਂਜ ਭੋਲੇ ਲੋਕਾਂ ਨੂੰ ਇਹ ਤਾਂ ਪਤਾ ਹੁੰਦਾ ਹੀ ਹੈ ਕਿ ਉਨ੍ਹਾਂ ਦੇ ਸਿਆਸੀ ਆਗੂਆਂ ਦਾ ਆਪਣਾ ਸੰਬੰਧ ਹਿੰਦੀ ਨਾਲ ਓਨਾ ਕੁ ਹੀ ਹੈ, ਜਿੰਨਾ ਤਾਕਤ ਵਿਚ ਆਏ ਸਿੱਖ ਵਜ਼ੀਰਾਂ ਵਿਚ ਪੰਜਾਬੀ ਲਈ ਵੇਖਿਆ ਗਿਆ ਸੀ।

WWW.SIKHBOOKCLUB.COM ... ਦਾ ਇਕ ਭਾਗ, ਪੰਜਾਬ ਦੇ ਹਿੰਦੂ... 

ਭਾਸ਼ਾਈ ਘੱਟ-ਗਿਣਤੀ ਵਾਲੀ ਜ਼ਿਹਨੀਅਤ ਪੈਦਾ ਕਰਨ ਲਈ ਹਿੰਦੀ ਨੂੰ ਮਾਂ-ਬੋਲੀ ਦੀ ਥਾਂ ਦਿਵਾਉਣ ਲਈ ਜਤਨਸ਼ੀਲ ਰਹਿੰਦਾ ਹੈ। ਇਨ੍ਹਾਂ ਜਤਨਾਂ ਦੇ ਮੱਥੇ ਉੱਤੇ ਨਿਸਫਲ ਹੋਣਾ ਲਿਖਿਆ ਹੋਇਆ ਹੈ, ਕਿਉਂਕਿ ਮੇਰਾ ਯਕੀਨ ਹੈ ਕਿ ਭਾਰਤ ਦੀਆਂ ਪਰੰਪਰਾਗਤ ਕਦਰਾਂ-ਕੀਮਤਾਂ ਵਿਚ ਸੱਚ ਨੂੰ ਜੋ ਅਸਥਾਨ ਪ੍ਰਾਪਤ ਹੈ, ਉਸ ਦੇ ਸਿੱਧੇ ਵਾਰਿਸ ਝੂਠ ਦੇ ਪੈਰ ਬਹੁਤੀ ਦੇਰ ਨਹੀਂ ਲੱਗਣ ਦੇਣਗੇ।

ਧਰਮਾਂ ਜਾਂ ਫ਼ਿਰਕਿਆਂ ਦੇ ਨਾਂ ਹੇਠ ਕੰਮ ਕਰਨ ਵਾਲੀਆਂ ਪਾਰਟੀਆਂ ਪਾਸੋਂ ਮੇਰੀ ਮੰਗ ਹੈ ਕਿ ਜੇ ਉਹ ਪੰਜਾਬ ਦਾ ਭਲਾ ਚਾਹੁੰਦੇ ਹਨ ਤਾਂ ਕਿਸੇ ਵੀ ਬੋਲੀ ਨੂੰ, ਘੱਟੋ-ਘੱਟ ਪੰਜਾਬੀ ਨੂੰ, ਸਿਆਸਤ ਦਾ ਸੰਦ ਬਣਾਉਣ ਤੋਂ ਪਰਹੇਜ਼ ਕਰਨ।

ਕੌਣ ਨਹੀਂ ਜਾਣਦਾ ਕਿ ਚੇਤਨਾ ਦੀਆਂ ਘੁਸਮੁਸੀਆਂ ਸਰਹੱਦਾਂ ਉੱਤੇ ਥਰਕਦੇ ਸੂਖਮ ਇਹਸਾਸਾਂ ਦੀਆਂ ਸਾਰੀਆਂ ਜਾਣੀਆਂ-ਅਣਜਾਣੀਆਂ ਪਰਤਾਂ ਦਾ ਤਸੱਲੀ-ਬਖ਼ਸ਼ ਪ੍ਰਗਟਾਵਾ ਮਾਂ-ਬੋਲੀ ਰਾਹੀਂ ਹੀ ਹੋ ਸਕਦਾ ਹੈ ? ਜੇ ਦੁਨੀਆ ਭਰ ਦੇ ਸਾਹਿੱਤਕਾਰ ਮੌਲਿਕ ਰਚਨਾ ਵੇਲੇ ਮਾਂ-ਬੋਲੀ ਨੂੰ ਹੋਰ ਹਰ ਬੋਲੀ ਨਾਲੋਂ ਤਰਜੀਹ ਦੇਂਦੇ ਹਨ ਤਾਂ ਉਨ੍ਹਾਂ ਦੇ ਸਿਰ ਨਹੀਂ ਫਿਰੇ ਹੁੰਦੇ।

ਮੇਰਾ ਯਕੀਨ ਹੈ ਕਿ ਜਿਸ ਕਿਸੇ ਨੇ ਵੀ ਪੰਜਾਬ ਦੀ ਸਮੁੱਚੀ ਆਤਮਾ ਦੇ ਪ੍ਰਤੱਖ ਦਰਸ਼ਨ ਕਰਨੇ ਹੋਣ, ਉਸ ਲਈ ਪੰਜਾਬੀ ਸਾਹਿੱਤ ਦੇ ਸਰੋਵਰ ਵਿਚ ਚੁੱਭੀ ਲਾਉਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਹੈ ਅਤੇ ਜਿਸ ਕਿਸੇ ਪੰਜਾਬੀ ਨੇ ਸਾਹਿੱਤ-ਰਚਨਾ ਰਾਹੀਂ ਠੇਠ ਪੰਜਾਬੀ ਆਤਮਾ ਦੇ ਪ੍ਰਤੱਖ ਦਰਸ਼ਨ ਕਰਾਉਣ ਦਾ ਮਨ ਬਣਾਇਆ ਹੋਇਆ ਹੈ, ਉਸ ਨੂੰ ਆਪਣੀ ਰਚਨਾ ਦਾ ਮਾਧਿਅਮ ਪੰਜਾਬੀ ਨੂੰ ਬਣਾਉਣਾ ਹੀ ਪਵੇਗਾ।

ਮੈਂ ਹਿੰਦੀ, ਉਰਦੂ, ਅੰਗਰੇਜ਼ੀ ਤੇ ਕੁੱਝ ਕੁੱਝ ਫ਼ਾਰਸੀ ਵਿਚ ਵੀ ਲਿਖ ਲੈਂਦਾ ਹਾਂ, ਪਰ ਮੇਰੀਆਂ ਇਹ ਲਿਖਤਾਂ ਪੰਜਾਬੀ ਤੋਂ ਇਲਾਵਾ ਹੁੰਦੀਆਂ ਹਨ, ਨਾ ਕਿ ਪੰਜਾਬੀ ਦੀ ਥਾਂ। ਡਾ. ਟੈਗੋਰ ਦਾ ਅਨੁਭਵ ਸੀ ਕਿ ਮੌਲਿਕ ਰਚਨਾ ਵਿਚ ਕੋਈ ਵੀ ਹੋਰ ਬੋਲੀ, ਚਾਹੇ ਉਹ ਕਿੰਨੀ ਵੀ ਵਿਗਸਿਤ ਕਿਉਂ ਨਾ ਹੋਵੇ, ਮਾਂ-ਬੋਲੀ ਦੀ ਥਾਂ ਨਹੀਂ ਲੈ ਸਕਦੀ।

ਮੈਨੂੰ ਪੰਜਾਬ ਯੂਨੀਵਰਸਿਟੀ, ਲਾਹੌਰ ਦੇ ਇਕ ਰਹਿ ਚੁੱਕੇ ਵਾਈਸ ਚਾਂਸਲਰ, ਡਾ. ਅਲਾਉੱਦੀਨ ਦਾ ਉਹ ਕਥਨ ਚੇਤੇ ਆਉਂਦਾ ਹੈ ਕਿ "ਹੁਣ, ਜਦੋਂ ਮੈਂ ਆਪਣੀ ਮਾਂ-ਬੋਲੀ ਪੰਜਾਬੀ ਵਿਚ ਬੋਲਣਾ ਤੇ ਲਿਖਣਾ ਸ਼ੁਰੂ ਕੀਤਾ ਹੈ ਤਾਂ ਲਗਦਾ ਹੈ ਜਿਵੇਂ ਅੱਗੇ ਸਭ ਝੂਠ ਹੀ ਬੋਲਦਾ ਤੇ ਲਿਖਦਾ ਰਿਹਾ ਹਾਂ।"

ਪੰਜਾਬੀ ਮੂਲ ਦੇ ਜਿਹੜੇ ਲੇਖਕ ਪੰਜਾਬੀ ਨੂੰ ਛੱਡ ਕੇ ਕੇਵਲ ਹੋਰ ਭਾਸ਼ਾਵਾਂ ਵਿਚ ਹੀ ਸਾਹਿੱਤ ਰਚਦੇ ਹਨ, ਉਨ੍ਹਾਂ ਨੂੰ ਡਾ. ਟੈਗੋਰ ਤੇ ਡਾ. ਅਲਾਉੱਦੀਨ ਦੇ ਅਨੁਭਵਾਂ ਉੱਤੇ ਗੰਭੀਰ ਵਿਚਾਰ ਕਰਨ ਦੀ ਲੋੜ ਹੈ। ਉਨ੍ਹਾਂ ਨੂੰ ਮੇਰਾ ਖੁੱਲ੍ਹਾ ਸੱਦਾ ਹੈ ਕਿ ਆਪਣੀ ਬੋਲੀ ਲਈ ਬਿਲਕੁਲ ਗੁੰਗੇ ਬਣੇ ਰਹਿਣ ਦੀ ਲੋੜ ਨਹੀਂ; ਹੋਰ ਵਿਹੜਿਆਂ ਦੀ ਰੌਣਕ ਵਧਾਉਣ ਵਿਚ ਤੁਹਾਡੀ ਸਫਲਤਾ ਉੱਤੇ ਤੁਹਾਨੂੰ ਬਹੁਤ ਬਹੁਤ ਵਧਾਈ ਹੈ, ਪਰ ਹੁਣ ਆਓ ਤੇ ਆਪਣੀ ਮਾਂ-ਬੋਲੀ ਦੇ ਵਿਹੜੇ ਦੀ ਰੌਣਕ ਵੀ ਵਧਾਓ। ਤੁਹਾਡੇ ਜਿਹੜੇ ਵੀਰ ਪੰਜਾਬੀ ਨੂੰ ਸਾਂਝੀ ਪੰਜਾਬੀਅਤ ਦਾ ਵਾਹਣ ਬਣਾਉਣ ਲਈ ਨਿੱਤਰੇ ਹਨ, ਆਓ, ਤੇ ਉਨ੍ਹਾਂ ਦਾ ਹੱਥ ਵਟਾਓ।

ਮੇਰੇ ਪੰਜਾਬੀ ਲਈ ਡੂੰਘੇ ਨਿਹੁੰ ਦਾ ਅਰਥ ਜੇ ਕੋਈ ਰੋਗੀ ਮਨ ਇਹ ਕੱਢ ਲਵੇ ਕਿ ਪੰਜਾਬੀ ਦਾ ਲੇਖਕ, ਹਿੰਦੀ, ਅੰਗਰੇਜ਼ੀ ਜਾਂ ਕਿਸੇ ਹੋਰ ਦੇਸੀ ਜਾਂ ਬਦੇਸੀ ਭਾਸ਼ਾ ਦਾ ਵੈਰੀ ਹੈ ਤਾਂ ਇਸ ਦਾ ਯਥਾਰਥ ਨਾਲ ਉੱਕਾ ਕੋਈ ਸੰਬੰਧ ਨਹੀਂ ਹੋਵੇਗਾ। ਮੈਂ ਹਰ ਬੋਲੀ ਤੇ ਹਰ ਸਾਹਿੱਤ [illegible] ਰਾਜ-ਪ੍ਰਬੰਧ ਵਿਚ, ਲੋਕਾਂ ਦੀ

WWW.SIKHBOOKCLUB.COM

ਸਤਕਾਰਜੋਗ ਬੋਲੀ ਦੀ ਥਾਂ, ਕਿਸੇ ਵੀ ਹੋਰ ਬੋਲੀ ਨੂੰ ਮਾਧਿਅਮ ਵਜੋਂ ਸਥਾਪਿਤ ਕਰਨ ਦਾ, ਚਾਹੇ ਉਹ ਬੋਲੀ ਦੇਸੀ ਹੋਵੇ, ਚਾਹੇ ਬਦੇਸੀ।

ਮੈਂ ਬਿਲਕੁਲ ਸਪਸ਼ਟ ਹਾਂ ਕਿ, ਪੰਜਾਬੀ ਬੋਲੀ ਵਾਂਗ, ਪੰਜਾਬੀ ਸਾਹਿੱਤ ਨਾ ਹਿੰਦੂ ਹੈ, ਨਾ ਮੁਸਲਮਾਨ ਅਤੇ ਨਾ ਸਿੱਖ ਹੈ ਨਾ ਈਸਾਈ। ਇਹ ਠੇਠ ਪੰਜਾਬੀ ਹੈ, ਸਾਰੇ ਪੰਜਾਬੀਆਂ ਦਾ ਸਾਂਝਾ ਹੈ। ਜਿਸ ਕਿਸੇ ਗ਼ੈਰ-ਪੰਜਾਬੀ ਨੂੰ ਜਾਂ ਪੰਜਾਬੀ ਤੋਂ ਕੋਰੇ ਪੰਜਾਬੀ ਨੂੰ ਇਸ ਕਥਨ ਉੱਤੇ ਇਤਬਾਰ ਨਾ ਆਉਂਦਾ ਹੋਵੇ, ਉਹ ਗੁਰੂ ਨਾਨਕ, ਦਮੋਦਰ, ਸ਼ਾਹ ਹੁਸੈਨ, ਵਾਰਿਸ ਸ਼ਾਹ, ਸ਼ਾਹ ਮੁਹੰਮਦ, ਕਿਰਪਾ ਸਾਗਰ, ਧਨੀ ਰਾਮ ਚਾਤ੍ਰਿਕ, ਪੂਰਨ ਸਿੰਘ, ਜੋਸ਼ੂਆ ਫ਼ਜ਼ਲ ਦੀਨ, ਮੋਹਨ ਸਿੰਘ ਤੇ ਅੰਮ੍ਰਿਤਾ ਪ੍ਰੀਤਮ ਨੂੰ ਕਿਤੋਂ ਵੀ ਫਰੋਲ ਕੇ ਵੇਖ ਲਵੇ।

ਅੱਜ ਲੋੜ ਹੈ, ਪੰਜਾਬੀ ਵਿਚ ਪੈਦਾ ਹੋਏ ਸਾਹਿੱਤ ਨੂੰ, ਸਾਂਝੀ ਪੰਜਾਬੀ ਪ੍ਰਤਿਭਾ ਦੀ ਦੇਣ ਵਜੋਂ ਵੇਖਣ-ਪਰਖਣ ਦੀ। ਜਿਨ੍ਹਾਂ ਇਤਿਹਾਸਕਾਰਾਂ ਤੇ ਆਲੋਚਕਾਂ ਨੂੰ, ਪੰਜਾਬ ਦਾ ਸਾਹਿੱਤ, ਗੁਰਮਤਿ (ਸਿੱਖ), ਭਗਤੀ (ਹਿੰਦੂ) ਤੇ ਸੂਫ਼ੀ (ਮੁਸਲਮਾਨ) ਵਾਲੇ ਖੰਡਿਤ ਰੂਪ ਵਿਚ ਵੇਖਣ-ਪਰਖਣ ਦੀ ਪੱਕੀ ਵਾਦੀ ਪੈ ਚੁੱਕੀ ਹੈ, ਉਨ੍ਹਾਂ ਨੂੰ ਪੰਜਾਬੀ ਦੇ ਅਧਿਆਪਨ-ਕੇਂਦਰਾਂ ਤੋਂ ਪਰੇ ਰੱਖਣ ਦੇ ਸਚੇਤ ਜਤਨ ਹੋਣੇ ਚਾਹੀਦੇ ਹਨ।

ਪੰਜਾਬੀ ਬੋਲੀ ਵਾਂਗ, ਪੰਜਾਬੀ ਸਾਹਿੱਤ ਵੀ ਸਾਂਝੀ ਪੰਜਾਬੀ ਕੌਮੀਅਤ ਦੀ ਉਸਾਰੀ ਦਾ ਸੰਦ ਬਣਨਾ ਚਾਹੀਦਾ ਹੈ, ਨਾ ਕਿ ਸੰਪਰਦਾਇਕ ਵੰਡੀਆਂ ਨੂੰ ਪੱਕਿਆਂ ਕਰਨ ਦਾ।

ਜਦੋਂ ਮੈਂ ਸਾਰੇ ਸਰਕਾਰੀ ਤੇ ਅਰਧ-ਸਰਕਾਰੀ ਦਫ਼ਤਰਾਂ, ਯੂਨੀਵਰਸਿਟੀਆਂ, ਬੋਰਡਾਂ, ਫ਼ੈਡਰੇਸ਼ਨਾਂ, ਕਾਰਪੋਰੇਸ਼ਨਾਂ, ਪਰੀਸ਼ਦਾਂ, ਸੰਮਤੀਆਂ, ਮਿਉਂਸਿਪਲ ਕਮੇਟੀਆਂ, ਹਾਈ ਕੋਰਟ ਤੇ ਛੋਟੀਆਂ ਕਚਹਿਰੀਆਂ ਅਤੇ ਰੇਡੀਓ ਤੇ ਟੀ.ਵੀ. ਤੋਂ ਛੁੱਟ ਪੰਜਾਬ ਦੀਆਂ ਮੰਡੀਆਂ ਤੇ ਬਾਜ਼ਾਰਾਂ ਵਿਚ ਬੈਠੇ ਸਾਰੇ ਹਟਵਾਣੀਆਂ ਤੇ ਵਪਾਰੀਆਂ ਅਤੇ ਸਾਧਾਰਨ ਲੋਕਾਂ ਦੀ ਆਪਸੀ ਲਿਖਾ-ਪੜ੍ਹੀ ਪੰਜਾਬੀ ਵਿਚ ਹੁੰਦੀ ਵੇਖਣ ਲਈ ਕਾਹਲਾ ਪੈਂਦਾ ਹਾਂ ਤਾਂ ਓਦੋਂ ਵੀ ਮੇਰਾ ਨਿਸ਼ਾਨਾ ਪੰਜਾਬ ਵਿਚ ਏਕਤਾ ਤੇ ਆਪਸੀ ਸਾਂਝ ਦਾ ਵਰਤਾਰਾ ਹੀ ਹੁੰਦਾ ਹੈ।

ਪੰਜਾਬ ਦੇ ਬਹੁਤੇ ਵਜ਼ੀਰ ਸਾਹਿਬਾਨ, ਕਾਨੂੰਨੀ ਵਿਵਸਥਾ ਦੇ ਬਾਵਜੂਦ ਆਪਣੇ ਮਹਿਕਮਿਆਂ ਵਿਚ ਪੰਜਾਬੀ ਲਾਗੂ ਕਰਨ ਤੋਂ ਅਸਮਰੱਥ ਰਹੇ ਹਨ। ਸਕੱਤਰੇਤ ਦੇ ਕਈ ਵੱਡੇ ਅਫ਼ਸਰਾਂ ਨੇ, ਆਪਣੇ ਅਧੀਨ ਕੰਮ ਕਰਦੇ ਅਮਲੇ ਨੂੰ, ਸਾਰੇ ਨੋਟ ਅੰਗਰੇਜ਼ੀ ਵਿਚ ਪੇਸ਼ ਕਰਨ ਦੀਆਂ ਜ਼ਬਾਨੀ ਹਦਾਇਤਾਂ ਜਾਰੀ ਕੀਤੀਆਂ ਹੋਈਆਂ ਹਨ ਤੇ ਕਿਸੇ ਵੀ ਵਾਈਸ ਚਾਂਸਲਰ ਨੇ, ਹੇਠਾਂ ਤੋਂ ਉੱਪਰ ਤਕ, ਪੜ੍ਹਾਈ ਤੇ ਪਰੀਖਿਆ ਵਿਚ ਪੰਜਾਬੀ ਮਾਧਿਅਮ ਜਾਰੀ ਕਰਨ ਤੇ ਉਸ ਨੂੰ ਸਫਲ ਬਣਾਉਣ ਲਈ ਕੀਤੇ ਜਾਣ ਵਾਲੇ ਜ਼ਰੂਰੀ ਪ੍ਰਬੰਧਾਂ ਦਾ ਕੋਈ ਮਿਤੀ-ਬੱਧ ਕਾਰਜ-ਕ੍ਰਮ ਨਹੀਂ ਬਣਾਇਆ ਹੋਇਆ।

ਇਨ੍ਹਾਂ ਸਾਰੇ ਉੱਚ-ਅਧਿਕਾਰੀਆਂ ਨੂੰ ਚਾਨਣ ਹੋਣਾ ਚਾਹੀਦਾ ਹੈ ਕਿ ਪੰਜਾਬ ਦੇ ਲੋਕਾਂ ਵਿਚ ਸਾਂਝ ਦਾ ਇਹਸਾਸ ਪੈਦਾ ਕਰਨ ਤੇ ਉਨ੍ਹਾਂ ਦੀ ਸੋਚ ਨੂੰ ਵਖਰੇਵੇਂ ਵਧਾਉਣ ਵਾਲੀ ਸੰਪਰਦਾਇਕ ਸਿਆਸਤ ਤੋਂ ਮੁਕਤ ਕਰਾਉਣ ਲਈ, ਸਾਂਝਾ ਪੰਜਾਬੀ ਮਾਧਿਅਮ ਇਕ ਬਹੁਤ ਹੀ ਅਹਿਮ ਸਾਧਨ ਹੈ। ਇਨ੍ਹਾਂ ਦੀ ਢਿੱਲ-ਮੱਠ ਨੇ ਵੱਖਵਾਦ ਨੂੰ ਲਮਕਾਵਾ ਦਿੱਤਾ ਹੈ। ਇਹ ਪੰਜਾਬੀਆਂ ਦੀ ਜਜ਼ਬਾਤੀ ਏਕਤਾ ਦੇ ਰਾਹ ਵਿਚ ਅੜਿੱਕਾ ਬਣੇ ਹਨ, ਇਸ ਲਈ ਇਹੋ ਜਿਹੇ ਅਧਿਕਾਰੀਆਂ ਦੀ ਕੱਲ੍ਹ ਦੀ ਥਾਂ ਅੱਜ ਛੁੱਟੀ ਹੋਣੀ ਚਾਹੀਦੀ ਹੈ।

ਮੈਨੂੰ ਪੂਰਾ ਚਾਨਣ ਹੈ ਕਿ ਜੋ ਹੱਕ ਮੈਂ ਇਕ-ਭਾਸ਼ੀ ਪੰਜਾਬ ਵਿਚ ਪੰਜਾਬੀ ਨੂੰ ਦੇਣਾ [illegible]-ਭਾਸ਼ੀ ਪ੍ਰਾਂਤਾਂ ਦੀਆਂ ਭਾਸ਼ਾਵਾਂ [illegible]

WWW.SIKHBOOKCLUB.COM Page 123

ਵੀ ਚਾਹੁੰਦਾ ਹਾਂ। ਪੰਜਾਬ ਦੇ ਪੰਜਾਬੀ-ਬੋਲਦੇ ਲੋਕਾਂ ਲਈ ਮੈਂ ਕਿਸੇ ਉਚੇਚੇ ਹੱਕ ਜਾਂ ਰਿਆਇਤ ਦੀ ਮੰਗ ਨਹੀਂ ਕਰ ਰਿਹਾ।

## 3

ਪੰਜਾਬ ਵਿਸ਼ਾਲ ਭਾਰਤ ਦੇਸ ਦਾ ਇਕ ਹਿੱਸਾ ਹੈ। ਮੈਂ ਇਸੇ ਭਾਰਤ ਦੇਸ ਦਾ ਇਕ ਸ਼ਹਿਰੀ ਹਾਂ। ਮੈਨੂੰ ਭਾਰਤ ਦੇ ਸ਼ਹਿਰੀ ਹੋਣ ਉੱਤੇ ਫ਼ਖ਼ਰ ਹੈ ਕਿਉਂਕਿ ਇਹ ਇਕ ਪ੍ਰਾਚੀਨ ਦੇਸ ਹੀ ਨਹੀਂ, ਬੜੀ ਪ੍ਰਾਚੀਨ ਤਹਿਜ਼ੀਬ ਵੀ ਹੈ।

ਦੁਨੀਆ ਦੇ ਸੰਸਕ੍ਰਿਤੀ-ਕੋਸ਼ ਵਿਚ ਭਾਰਤ ਦੇ ਰਿਸ਼ੀਆਂ-ਮੁਨੀਆਂ ਤੇ ਗਿਆਨੀਆਂ-ਵਿਗਿਆਨੀਆਂ ਦੀ ਦੇਣ ਬੜੀ ਗੌਰਵਮਈ ਹੈ—ਖ਼ਾਸ ਕਰਕੇ ਧਰਮ, ਦਰਸ਼ਨ, ਪੁਰਾਣ, ਲੋਕਯਾਨ, ਵਿਆਕਰਣ, ਛੰਦ, ਵਰਣਮਾਲਾ, ਸਾਹਿੱਤ, ਭਵਨ-ਉਸਾਰੀ, ਗਣਿਤ, ਜੋਤਿਸ਼ ਤੇ ਆਯੁਰਵੇਦ, ਆਦਿ ਦੇ ਖੇਤਰਾਂ ਵਿਚ।

ਆਪਣੇ ਦੇਸ ਦੀ ਇਸ ਦੇਣ ਨੂੰ ਚਿਤਰ ਕੇ ਮੇਰੀ ਧੌਣ ਮਾਣ ਨਾਲ ਉੱਚੀ ਹੋ ਜਾਂਦੀ ਹੈ।

ਮੇਰੇ ਨਿਜੀ ਵਿਚਾਰ-ਖੇਤਰ ਦੀ ਢੇਰ ਸਾਰੀ ਹਰਿਆਲੀ ਵੀ ਮੇਰੇ ਆਪਣੇ ਦੇਸ ਦੀ ਸੰਸਕ੍ਰਿਤੀ ਦੇ ਪਾਣੀਆਂ ਨਾਲ ਸਿੰਜੀ ਹੋਈ ਹੈ।

ਭਾਰਤ ਇਕ ਗਣ-ਰਾਜ ਹੈ, ਜੋ ਵੱਖ ਵੱਖ ਪ੍ਰਾਂਤਾਂ ਜਾਂ ਰਾਜਾਂ ਦਾ ਸਮੁੱਚ ਹੈ। ਇਸ ਦੇ ਬਹੁਤ ਰਾਜਾਂ ਦੀ ਹੱਦਬੰਦੀ ਲੋਕਾਂ ਦੀਆਂ ਆਪਣੀਆਂ ਮਾਂ-ਬੋਲੀਆਂ ਦੇ ਆਧਾਰ ਉੱਤੇ ਹੋਈ ਹੋਈ ਹੈ। ਭਾਰਤ ਤੇ ਉਸ ਦੇ ਵੱਖ ਵੱਖ ਰਾਜਾਂ ਬਾਰੇ ਕੁੱਝ ਜ਼ਰੂਰੀ ਨੁਕਤੇ ਹਰ ਕਿਸੇ ਦੇ ਸਨਮੁਖ ਹੋਣੇ ਚਾਹੀਦੇ ਹਨ, ਵਰਨਾ ਅਗਿਆਨ-ਵੱਸ, ਗ਼ਲਤ ਨਤੀਜਿਆਂ ਉੱਤੇ ਪਹੁੰਚਣ ਦਾ ਡਰ ਹੈ:

1. ਭਾਰਤ ਦੇ ਵੱਖ ਵੱਖ ਇਲਾਕਿਆਂ ਵਿਚ, ਵੱਖ ਵੱਖ ਬੋਲੀਆਂ ਦੀ ਉਪਜ ਇਤਿਹਾਸਿਕ ਕ੍ਰਮ ਅਨੁਸਾਰ, ਚੰਗੀ-ਤਰ੍ਹਾਂ-ਜਾਣੇ-ਜਾਂਦੇ ਅਸੂਲਾਂ ਅਨੁਸਾਰ ਹੋਈ ਹੈ। ਭਾਰਤ ਦੇ ਵੱਖ ਵੱਖ ਇਲਾਕੇ ਸੈਂਕੜੇ ਵਰ੍ਹਿਆਂ ਤੋਂ ਆਪਣੀਆਂ ਵੱਖ ਵੱਖ ਬੋਲੀਆਂ ਨਾਲ ਸੰਬੰਧਿਤ ਤੁਰੇ ਆ ਰਹੇ ਹਨ, ਜਿਵੇਂ ਤਮਿਲ ਨਾਲ ਤਮਿਲਨਾਡੂ, ਬੰਗਲਾ ਨਾਲ ਬੰਗਾਲ, ਮਰਾਠੀ ਨਾਲ ਮਹਾਰਾਸ਼ਟ੍ਰ, ਗੁਜਰਾਤੀ ਨਾਲ ਗੁਜਰਾਤ, ਆਦਿ। ਇਸੇ ਤਰ੍ਹਾਂ ਦਾ ਹੀ ਇਕ ਕੁਦਰਤੀ ਜੁੱਟ ਹੈ ਪੰਜਾਬੀ ਤੇ ਪੰਜਾਬ ਵਾਲਾ। ਇਸ ਦਾ ਤਾਤਪਰਜ ਇਹ ਹੈ ਕਿ ਪੰਜਾਬੀ ਸਾਰੇ ਪੰਜਾਬ ਦੀ, ਪੰਜਾਬ ਦੇ ਵਸਨੀਕਾਂ ਦੀ ਕੁਦਰਤੀ, ਸਾਂਝੀ, ਦੇਸੀ, ਇਲਾਕਾਈ ਬੋਲੀ ਹੈ, ਨਾ ਕਿ ਕਿਸੇ ਇਕ ਜਾਤੀ, ਵਰਣ, ਧਰਮ ਜਾਂ ਸੰਪਰਦਾਇ ਦੀ। ਇਕ ਗੱਲ ਤਾਂ ਬਿਲਕੁਲ ਪੱਕੀ ਹੈ ਕਿ ਸਿੱਖਾਂ ਦੇ ਜਨਮ ਤੋਂ ਬਹੁਤ ਪਹਿਲਾਂ ਪੰਜਾਬੀ ਭਾਸ਼ਾ ਚੰਗੀ ਤਰ੍ਹਾਂ ਵਿਗਸਿਤ ਹੋ ਚੁੱਕੀ ਸੀ।
2. ਭਾਰਤ ਦੀਆਂ ਇਹ ਇਲਾਕਾਈ ਬੋਲੀਆਂ, ਦੁਨੀਆ ਦੇ ਅਨੇਕ ਸੁਤੰਤਰ ਦੇਸਾਂ ਦੀਆਂ ਬੋਲੀਆਂ ਨਾਲੋਂ ਪੁਰਾਣੀਆਂ ਹਨ। ਇਨ੍ਹਾਂ ਵਿਚ ਸੈਂਕੜੇ ਵਰ੍ਹਿਆਂ ਤੋਂ ਬਲਕਿ ਕੁੱਝ ਹਾਲਤਾਂ ਵਿਚ ਕਈ ਕਈ ਹਜ਼ਾਰ ਵਰ੍ਹਿਆਂ ਤੋਂ, ਨਿਰੰਤਰ ਸਾਹਿੱਤ-ਰਚਨਾ ਹੁੰਦੀ ਆਈ ਹੈ। ਪੰਜਾਬੀ ਵਿਚ ਬਾਰ੍ਹਵੀਂ ਸਦੀ ਤੋਂ ਵਿਗਸਿਤ ਸਾਹਿੱਤ ਮਿਲਣਾ ਸ਼ੁਰੂ ਹੋ ਜਾਂਦਾ ਹੈ। ਇਸ ਦੇ ਮੁੱਢ ਦੀ ਭਾਲ ਲਈ ਘੱਟੋ-ਘੱਟ ਪੰਜ, ਸੱਤ ਸੌ ਵਰ੍ਹੇ ਹੋਰ ਪਿਛੇਰੇ ਜਾਣਾ [illegible] ਭਾਸ਼ਾ ਦਾ ਸਾਹਿੱਤ ਵੱਖ ਵੱਖ ਵਿ[illegible]

WWW.SIKHBOOKCLUB.COM

ਵੱਖ ਧਰਮਾਂ, ਪੇਸ਼ਿਆਂ ਤੇ ਵੱਖ ਵੱਖ ਸਿਆਸਤਾਂ ਵਾਲੇ ਲੇਖਕਾਂ ਨੇ ਰਲ-ਮਿਲ ਕੇ ਉਪਜਾਇਆ ਹੈ। ਸਾਡੀਆਂ ਪੁਰਾਣੀਆਂ ਭਾਸ਼ਾਵਾਂ ਸੰਸਕ੍ਰਿਤ, ਪ੍ਰਾਕ੍ਰਿਤ ਤੇ ਅਪਭ੍ਰੰਸ਼ ਦੇ ਸਾਹਿੱਤਾਂ ਵਾਂਗ, ਨਵੀਆਂ ਇਲਾਕਾਈ ਭਾਸ਼ਾਵਾਂ ਦੇ ਸਾਹਿੱਤ ਵੀ ਭਾਰਤ ਦੀ ਆਪਣੀ ਉਪਜ ਹਨ।

3. ਭਾਰਤ ਦੀਆਂ ਇਨ੍ਹਾਂ ਨਵੀਆਂ ਭਾਸ਼ਾਵਾਂ ਦੇ ਬੁਲਾਰਿਆਂ ਦੀ ਗਿਣਤੀ ਕਿਤੇ ਲੱਖਾਂ ਤੱਕ ਤੇ ਕਿਤੇ ਕਰੋੜਾਂ ਤਕ ਪਹੁੰਚਦੀ ਹੈ। ਸਾਡੇ ਬਹੁਤ ਸਾਰੇ ਇਕ-ਭਾਸ਼ੀ ਰਾਜਾਂ ਦੀ ਜਨ-ਸੰਖਿਆ ਸੰਸਾਰ ਦੇ ਕਈ ਸੁਤੰਤਰ ਦੇਸਾਂ ਤੋਂ ਵੱਧ ਬਣਦੀ ਹੈ। ਪੰਜਾਬੀ ਦੇ ਬੁਲਾਰਿਆਂ ਦੀ ਗਿਣਤੀ ਦੁਨੀਆ ਦੀਆਂ ਪਹਿਲੀਆਂ ਬਾਰਾਂ-ਤੇਰਾਂ ਬੋਲੀਆਂ ਵਿਚ ਆਉਂਦੀ ਹੈ।
4. ਭਾਰਤ ਦੇ ਬਹੁਤ ਸੂਬਿਆਂ ਦੇ ਆਕਾਰ ਵੀ ਦੁਨੀਆ ਦੇ ਅਨੇਕ ਸੁਤੰਤਰ ਦੇਸਾਂ ਤੋਂ ਵੱਡੇ ਹਨ। ਕੁੱਝ ਸੂਬੇ ਤਾਂ, ਬਹੁਤਾ ਚਿਰ ਨਹੀਂ ਹੋਇਆ, ਭਾਰਤ ਦੇ ਜਿਗਰੀ ਭਾਗ ਹੀ ਹੁੰਦੇ ਸਨ, ਪਰ ਅੱਜ ਇਸ ਤੋਂ ਵੱਖ ਹੋ ਕੇ ਸੁਤੰਤਰ ਦੇਸ ਬਣ ਚੁੱਕੇ ਹਨ, ਜਿਵੇਂ ਸ੍ਰੀ ਲੰਕਾ, ਬਰਮਾ (ਮੈਨਮਾਰ), ਪਾਕਿਸਤਾਨ ਤੇ ਬੰਗਲਾ ਦੇਸ।

ਉਪਰੋਕਤ ਨੁਕਤੇ ਮੈਂ ਕੇਵਲ ਇਹ ਸਪਸ਼ਟ ਕਰਨ ਲਈ ਪੇਸ਼ ਕੀਤੇ ਹਨ ਕਿ ਭਾਰਤ ਵਰਗੇ ਮਹਾਂਦੀਪ ਵਿਚ ਜਿੱਥੇ ਵੱਡੇ ਵੱਡੇ ਖੇਤਰਫਲ ਵਾਲੇ ਸੂਬਿਆਂ ਵਿਚ ਲੱਖਾਂ ਨਹੀਂ, ਕਰੋੜਾਂ ਲੋਕ, ਸੈਂਕੜੇ ਸਾਲਾਂ ਤੋਂ ਵੱਖ ਵੱਖ ਬੋਲੀਆਂ ਬੋਲਦੇ ਆ ਰਹੇ ਹਨ, ਓਥੋਂ ਦੀਆਂ ਲੋਕ-ਭਾਸ਼ਾਵਾਂ ਨੂੰ ਦੇਸ-ਨਿਕਾਲਾ ਦੇ ਕੇ ਉਨ੍ਹਾਂ ਦੀ ਥਾਂ, ਸਰਕਾਰੀ ਦਫ਼ਤਰਾਂ, ਸਕੂਲਾਂ ਤੇ ਕਾਲਜਾਂ ਵਿਚ ਅਤੇ ਆਪਸੀ ਬੋਲ-ਚਾਲ ਵਿਚ ਹਿੰਦੀ ਜਾਂ ਅੰਗਰੇਜ਼ੀ ਜਾਂ ਕਿਸੇ ਵੀ ਹੋਰ ਬੋਲੀ ਨੂੰ ਚਾਲੂ ਕਰਨ ਦੀ ਨੀਤੀ, ਨਾ ਅਮਲ ਵਿਚ ਆ ਸਕਣ ਵਾਲੀ ਹੈ, ਨਾ ਲਾਭਦਾਇਕ ਹੈ, ਨਾ ਜਮਹੂਰੀ ਜਾਂ ਲੋਕ-ਹਿਤੈਸ਼ੀ ਹੈ, ਨਾ ਗਣਰਾਜੀ ਵਿਧਾਨ ਦੇ ਅਨੁਕੂਲ ਹੈ ਅਤੇ ਨਾ ਰਾਸ਼ਟਰੀਅਤਾ ਦੀ ਭਾਵਨਾ ਦੇ ਵਿਕਾਸ ਦੇ ਹਿਤ ਵਿਚ ਹੀ ਹੈ।

ਇਹੀ ਕਾਰਨ ਹੈ, ਜਿਸ ਕਰਕੇ ਵਿਧਾਨ ਵਿਚ ਹਰ ਭਾਸ਼ਾ ਨੂੰ ਰਾਸ਼ਟਰੀ ਭਾਸ਼ਾ ਦਾ ਦਰਜਾ ਦਿੱਤਾ ਗਿਆ ਹੈ ਤੇ ਹਿੰਦੀ ਜਾਂ ਅੰਗਰੇਜ਼ੀ ਨੂੰ ਉਸ ਦਰਜੇ ਦੇ ਨਾਲ ਸੰਪਰਕ ਭਾਸ਼ਾ ਦਾ ਵੀ।

ਜੇ ਸ੍ਰੀ ਲੰਕਾ, ਮੈਨਮਾਰ, ਪਾਕਿਸਤਾਨ ਤੇ ਬੰਗਲਾ ਦੇਸ਼ ਵਾਂਗ, ਤਮਿਲਨਾਡੂ, ਬੰਗਾਲ, ਮਹਾਰਾਸ਼ਟ੍ਰ ਜਾਂ ਪੰਜਾਬ, ਕਦੀ ਭਾਰਤ ਤੋਂ ਵੱਖ ਹੋਣ ਦੀ ਮੰਗ ਨਹੀਂ ਕਰਦੇ ਤੇ ਆਪਣੇ ਆਪ ਨੂੰ ਭਾਰਤ ਦਾ ਅਨਿੱਖੜ ਅੰਗ ਮੰਨ ਕੇ ਖ਼ੁਸ਼ ਹੁੰਦੇ ਹਨ ਤਾਂ ਕੀ ਇਸ ਦਾ ਇਨਾਮ ਇਨ੍ਹਾਂ ਨੂੰ ਇਹ ਦਿੱਤਾ ਜਾਣਾ ਹੈ ਕਿ ਇਨ੍ਹਾਂ ਦੇ ਹਜ਼ਾਰਾਂ ਵਰ੍ਹਿਆਂ ਦੇ ਪਛਾਣਦਾਰ ਇਤਿਹਾਸਿਕ ਵਿਕਾਸ ਦੀ ਪੱਟੀ ਮੇਸ ਕੇ ਇਨ੍ਹਾਂ ਨੂੰ ਬੇਪਛਾਣ ਕਰ ਦਿੱਤਾ ਜਾਵੇ ? ਕੀ ਇਨ੍ਹਾਂ ਦੇ ਆਪਣੇ ਆਪਣੇ ਸਭਿਆਚਾਰਾਂ ਦੀਆਂ ਸਫ਼ਾਂ ਪੂਰੀ ਤਰ੍ਹਾਂ ਵਲ੍ਹੇਟ ਦਿੱਤੀਆਂ ਜਾਣ ? ਇਨ੍ਹਾਂ ਤੋਂ ਇਨ੍ਹਾਂ ਦੀਆਂ ਭਾਸ਼ਾਵਾਂ ਤੇ ਲਿਪੀਆਂ ਖੋਹ ਲਈਆਂ ਜਾਣ ਤੇ ਇਨ੍ਹਾਂ ਦਿਆਂ ਸਾਹਿੱਤਾਂ ਦੇ ਸਾਰੇ ਬਸਤੇ ਠੱਪ ਕਰਵਾ ਕੇ ਹਿੰਦੀ ਜਾਂ ਅੰਗਰੇਜ਼ੀ ਦੇ ਪ੍ਰਵੇਸ਼ ਲਈ ਮਖ਼ਮਲੀ ਫ਼ਰਸ਼ ਵਿਛਾ ਦਿੱਤੇ ਜਾਣ ?

ਮੈਂ ਨਹੀਂ ਮੰਨਦਾ ਕਿ ਕਿਸੇ ਵੀ ਗ਼ੈਰ-ਹਿੰਦੀ ਰਾਜ ਦੇ ਲੋਕ, ਆਰੀਆ ਸਮਾਜ ਦੇ ਸਾਰਾ ਟਿੱਲ ਲਾਉਣ ਦੇ ਬਾਵਜੂਦ, ਆਪਣੀ ਬੋਲੀ ਦੀ ਥਾਂ ਹਿੰਦੀ ਦੇ ਥੋਪੇ ਜਾਣ ਨੂੰ ਪਰਵਾਨ ਕਰਨਗੇ।

WWW.SIKHBOOKCLUB.COM ਚੁਣਿਆ ਹੈ—ਉਹ ਵੀ ਗਣਤੰਤਰ Page 125

ਵਾਲੀ ਵੰਨਗੀ ਦਾ ਤੇ ਜਮਹੂਰੀਅਤ ਦਾ ਗਣਤੰਤਰੀ ਅਮਲ, ਲੋਕਾਂ ਦੀਆਂ ਬੋਲੀਆਂ ਖੋਹ ਕੇ, ਉਨ੍ਹਾਂ ਨੂੰ ਗੁੰਗਾ ਬਣਾ ਕੇ, ਨਹੀਂ ਚਲਾਇਆ ਜਾ ਸਕਦਾ।

ਮੈਂ ਅੱਗੇ ਹੀ ਇਸ਼ਾਰਾ ਕਰ ਆਇਆ ਹਾਂ ਕਿ ਭਾਰਤ ਨੂੰ ਸਾਂਝੀ ਸੰਪਰਕ ਭਾਸ਼ਾ ਦੀ ਲੋੜ ਹੈ। ਮੈਂ ਆਪਣੇ ਦੇਸ ਦੇ ਇਕ ਸਿਰੇ ਤੋਂ ਦੂਜੇ ਸਿਰੇ ਤਕ ਬੇਰੋਕ-ਟੋਕ ਆਉਣ-ਜਾਣ ਦਾ ਇੱਛਕ ਹਾਂ ਤਾਂ ਜੋ ਵੱਖ ਵੱਖ ਰਾਜਾਂ ਦੇ ਲੋਕਾਂ ਨਾਲ ਵਿਚਾਰ-ਵਟਾਂਦਰਾ ਤੇ ਲੈਣ-ਦੇਣ ਕਰ ਸਕਾਂ।

ਅੰਗਰੇਜ਼ਾਂ ਦੇ ਆਉਣ ਤੋਂ ਬਹੁਤ ਪਹਿਲਾਂ ਸਾਡੇ ਚੱਕਰਵਰਤੀ ਸਾਧਾਂ ਨੇ ਇਕ ਸੰਪਰਕ ਹਿੰਦੀ ਦੀ ਘਾੜਤ ਘੜੀ ਹੋਈ ਸੀ। ਅੱਜ ਸੰਪਰਕ ਭਾਸ਼ਾਵਾਂ ਵਜੋਂ ਹਿੰਦੀ ਤੇ ਅੰਗਰੇਜ਼ੀ ਕੰਮ ਦੇ ਰਹੀਆਂ ਹਨ। ਮੈਂ ਦੇਸੀ ਪੱਧਰ ਉੱਤੇ ਅੰਗਰੇਜ਼ੀ ਦੀ ਥਾਂ ਹਿੰਦੀ ਨੂੰ ਵਧੇਰੇ ਪਰਵਾਨ ਕਰਦਾ ਹਾਂ ਤੇ ਇਸ ਦੇ ਵਾਧੇ ਦਾ ਇੱਛਕ ਹਾਂ। ਮੈਂ ਚਾਹੁੰਦਾ ਹਾਂ ਕਿ ਭਾਰਤ ਦਾ ਕੋਈ ਵਸਨੀਕ, ਹਿੰਦੀ ਜਾਣੇ ਬਿਨਾਂ ਨਾ ਰਹੇ ਤਾਂ ਜੋ ਕੋਈ ਵੀ ਭਾਰਤੀ ਐਸਾ ਨਾ ਹੋਵੇ ਜੋ ਪਰਸਪਰ ਸਾਂਝ ਦੇ ਭਾਸ਼ਾਈ ਸੰਦ ਤੋਂ ਵਿਰਵਾ ਹੋਵੇ।

ਭਾਰਤ ਮੇਰਾ ਆਪਣਾ ਦੇਸ ਹੈ, ਪਰ ਮੈਂ ਅਜੇ ਇਸ ਦੇ ਬਹੁਤ ਥੋੜੇ ਹਿੱਸੇ ਦੇ ਦਰਸ਼ਨ ਕਰ ਸਕਿਆਂ ਹਾਂ। ਮੈਂ ਚਾਹੁੰਦਾ ਹਾਂ ਕਿ ਕੇਂਦਰ ਤੇ ਰਾਜਾਂ ਦੀਆਂ ਸਰਕਾਰਾਂ ਐਸੇ ਪ੍ਰੋਗਰਾਮ ਤਿਆਰ ਕਰਨ ਕਿ ਵੱਧ ਤੋਂ ਵੱਧ ਲੋਕਾਂ ਨੂੰ, ਖ਼ਾਸ ਕਰਕੇ ਲੇਖਕਾਂ ਨੂੰ, ਆਪਣੇ ਦੇਸ ਦੇ ਵੱਖ ਵੱਖ ਇਲਾਕੇ ਵੇਖਣ ਦੇ ਮੌਕੇ ਮਿਲ ਜਾਣ। ਭਾਰਤ, ਦੁਨੀਆ ਦੇ ਬਹੁਤ ਸੁੰਦਰ ਦੇਸਾਂ ਵਿੱਚੋਂ ਹੈ, ਪਰ ਇਸ ਦੀ ਸੁੰਦਰਤਾ ਤੇ ਸਭਿਆਚਾਰਕ ਭਰਪੂਰਤਾ ਤੇ ਵੰਨ-ਸੁਵੰਨਤਾ ਦਾ ਪੂਰਾ ਬਿਆਨ ਇਸ ਨੂੰ ਵੇਖੇ-ਮਾਣੇਂ ਬਿਨਾਂ ਨਹੀਂ ਹੋ ਸਕਦਾ। ਭਾਰਤ-ਫੇਰੀਆਂ, ਅਨੇਕਤਾ ਵਿਚ ਏਕਤਾ ਤੇ ਦੇਸ-ਪਿਆਰ ਦੀ ਭਾਵਨਾ ਵਿਚ ਵਾਧੇ ਦਾ ਕਾਰਨ ਬਣਦੀਆਂ ਹਨ।

ਮੈਂ ਆਪਣੇ ਦੇਸ ਨੂੰ ਖ਼ੁਸ਼ਹਾਲ ਤੇ ਬਲਵਾਨ ਵੇਖਣਾ ਲੋਚਦਾ ਹਾਂ। ਕਮਜ਼ੋਰ ਭਾਰਤ ਵਿਚ ਕੋਈ ਇਕੱਲਾ-ਦੁਕੱਲਾ ਰਾਜ ਤਗੜਾ ਹੋਇਆ ਵੀ ਤਾਂ ਕੀ ਕਰ ਲਵੇਗਾ ? ਪਰ ਮੈਨੂੰ ਭਰੋਸਾ ਹੈ ਕਿ ਭਾਰਤ ਮੇਰਾ ਖ਼ੂਨ ਚੂਸ ਕੇ ਹੀ ਤਗੜਾ ਨਹੀਂ ਬਣੇਗਾ। ਮੈਂ ਭਾਰਤ ਦੀ ਤਗੜਾਈ ਵਿਚ ਇਸ ਭਰੋਸੇ ਨਾਲ ਹੀ ਹਿੱਸਾ ਪਾ ਸਕਦਾ ਹਾਂ ਕਿ ਭਾਰਤ ਆਪ ਤਗੜਾ ਹੋ ਕੇ ਮੈਨੂੰ ਨਿਤਾਣਾ ਨਹੀਂ ਬਣਾਵੇਗਾ ਤੇ ਨਾ ਮੇਰੇ ਨਾਲ ਅਨਿਆਂ ਕਰੇਗਾ।

ਆਦਰਸ਼ ਇਹ ਹੈ ਕਿ ਕੇਂਦਰ ਤੇ ਵੱਖ ਵੱਖ ਗਣ ਇਕ ਦੂਜੇ ਨੂੰ ਤਗੜਾ ਕਰਨ, ਇਕ ਦੂਜੇ ਦੇ ਹੱਕਾਂ ਦੀ ਰਾਖੀ ਕਰਨ ਤੇ ਆਪੋ-ਆਪਣੇ ਫ਼ਰਜ਼ ਪਛਾਣਨ।

ਜੇ ਕੇਂਦਰ ਮੇਰੀ ਮਰਜ਼ੀ ਤੋਂ ਬਿਨਾਂ ਪੁਲਸ ਜਾਂ ਫ਼ੌਜ ਦੇ ਜ਼ੋਰ ਨਾਲ, ਮੇਰਾ ਪਾਣੀ ਵੱਢ ਕੇ ਕਿਸੇ ਗਵਾਂਢੀ ਦੀ ਖਾਲ ਵਿਚ ਪਾ ਦੇਵੇ ਜਾਂ ਮੇਰੇ ਘਰ ਹਨੇਰਾ ਵਰਤਾ ਕੇ, ਮੇਰੀ ਬਿਜਲੀ ਨਾਲ ਗਵਾਂਢੀ ਦੇ ਘਰ ਵਿਚ ਜਗਮਗ-ਜਗਮਗ ਕਰਾ ਦੇਵੇ ਤੇ ਫੇਰ ਇਹ ਵੀ ਚਾਹੇ ਕਿ ਮੈਂ ਉਸ ਦੇ ਜਾਂ ਆਪਣੇਂ ਰਾਜ ਦੇ ਕਿਸੇ ਮੜੇ-ਮੰਤਰੀ ਦੀ ਮੋਮੋਠਗਣੀ ਲੋਲੋ-ਪੋਪੋ ਨਾਲ ਵਰਚ ਕੇ ਚੁੱਪ ਕੀਤਾ ਬੈਠਾ ਰਹਾਂ ਤਾਂ ਇਹ ਨਹੀਂ ਹੋ ਸਕਣਾ।

ਨਰਬਦਾ ਨਦੀ ਦੇ ਪਾਣੀ ਉੱਤੇ ਰਾਜਸਥਾਨ ਰਾਜ ਹੱਕ ਜਤਾਵੇ, ਜਿੱਥੋਂ ਦੀ ਇਹ ਨਦੀ ਨਹੀਂ ਲੰਘਦੀ ਤਾਂ ਰਾਜ ਨੂੰ ਦੱਸਿਆ ਜਾਂਦਾ ਹੈ: "ਨਰਬਦਾ ਦੇ ਪਾਣੀ ਨੂੰ 'ਖੂਹ ਕੌੜਾ' ਕਹਿ ਕੇ ਭੁੱਲ ਜਾਓ।" ਪਰ ਜਿਨ੍ਹਾਂ ਰਾਜਾਂ ਵਿਚੋਂ ਪੰਜਾਬ ਦੇ ਰਾਵੀ ਤੇ ਬਿਆਸ ਦਾ ਇਕ ਤੁਪਕਾ ਵੀ ਨਹੀਂ ਲੰਘਦਾ, ਉਨ੍ਹਾਂ ਨੂੰ ਕਹਿਣਾ, "ਇਹ ਪਾਣੀ ਬੜਾ ਠੰਡਾ ਤੇ ਮਿੱਠਾ ਜੇ ਤੇ [illegible] ਵੰਡਣ ਦਾ ਕੰਮ ਮੇਰੇ ਹੱਥ ਵਿਚ [illegible]

WWW.SIKHBOOKCLUB.COM

ਨਾ ਕਰੋ, ਤੁਹਾਨੂੰ ਪੰਜਾਬ ਦਾ ਢਿੱਡ ਕੱਟ ਕੇ ਵੀ, ਇਸ ਪਾਣੀ ਦੇ ਮੋਘੇ ਬਖ਼ਸ਼ੇ ਜਾਣਗੇ।" ਇਸ ਤਰ੍ਹਾਂ ਦੀ ਦੂਬਾਜਰੀ ਨੀਤੀ ਤੇ ਦਿਨ-ਦਿਹਾੜੇ ਦੀ ਬਾਂਦਰ-ਵੰਡ ਨਾ ਕੇਂਦਰ ਤੇ ਰਾਜਾਂ ਵਿਚ ਸਦਭਾਵਨਾ ਉਪਜਾ ਸਕਦੀ ਹੈ ਤੇ ਨਾ ਕੇਂਦਰ ਦੀ ਸਮਦ੍ਰਿਸ਼ਟੀ ਵਿਚ ਵਿਸ਼ਵਾਸ ਪੈਦਾ ਕਰ ਸਕਦੀ ਹੈ।

ਜੇ ਇਕ ਚਪੜਾਸੀ ਰੱਖਣਾ ਹੋਵੇ ਤਾਂ ਕਿਹਾ ਜਾਂਦਾ ਹੈ, "ਮੈਰਿਟ" ਦੇ ਆਧਾਰ ਉੱਤੇ ਰੱਖਿਆ ਜਾਵੇਗਾ, ਪਰ ਜਿਨ੍ਹਾਂ ਸੂਰਮਿਆਂ ਦੇ ਹੱਥ ਸਾਰੇ ਭਾਰਤ ਦੀ ਸੁਰੱਖਿਆ ਦੀ ਵਾਗ-ਡੋਰ ਸੌਂਪੀ ਜਾਣੀ ਹੈ, ਉਨ੍ਹਾਂ ਦੀ ਹਾਲਤ ਵਿਚ ਜੇ ਸਾਡਾ ਕੇਂਦਰ ਇਸ ਕਸਵੱਟੀ ਨੂੰ ਇਸ ਕਰਕੇ ਤਿਲਾਂਜਲੀ ਦੇ ਦੇਵੇ ਕਿ "ਮੈਰਿਟ" ਨਾਲ ਪੰਜਾਬ ਦੇ ਸ਼ੇਰ ਸਭ ਨੂੰ ਪਿੱਛੇ ਛੱਡ ਜਾਂਦੇ ਹਨ ਤੇ ਫ਼ੈਸਲਾ ਕਰ ਦੇਵੇ ਕਿ ਫ਼ੌਜ ਵਿਚ ਪੰਜਾਬੀ ਜੁਆਨ, ਪੰਜਾਬ ਦੀ ਆਬਾਦੀ ਦੀ ਨਿਸਬਤ ਤੋਂ ਵੱਧ ਭਰਤੀ ਨਹੀਂ ਕੀਤੇ ਜਾਣਗੇ, ਤਾਂ ਰਾਸ਼ਟਰੀ ਏਕਤਾ ਬਾਰੇ ਵੱਡੇ ਵੱਡੇ ਭਾਸ਼ਨਾਂ ਦਾ ਮੇਰੇ ਉੱਤੇ ਕੀ ਤੇ ਕਿਵੇਂ ਅਸਰ ਹੋਵੇ ?

ਇਸ ਤਰ੍ਹਾਂ ਦੀ ਕਾਣੀ-ਵੰਡ, ਵਿੰਗੀ ਤੇ ਅਨਿਆਂ-ਭਰੀ ਸੋਚ ਦਾ ਨਤੀਜਾ ਹੁੰਦੀ ਹੈ ਤੇ ਅਨਿਆਂ ਨੂੰ ਮੈਂ ਕਿਸੇ ਸੂਰਤ ਪਰਵਾਨ ਨਹੀਂ ਕਰ ਸਕਦਾ। ਅਨਿਆਂ ਤਾਂ ਅਨਿਆਂ ਹੀ ਹੈ, ਭਾਵੇਂ ਕਿਸੇ ਵਿਅਕਤੀ ਵੱਲੋਂ ਹੋਵੇ ਤੇ ਭਾਵੇਂ ਕਿਸੇ ਸਰਕਾਰ ਵੱਲੋਂ।

ਕੇਂਦਰ ਵੱਲੋਂ ਕਿਸੇ ਵੀ ਰਾਜ ਨਾਲ ਧੱਕਾ-ਧੋੜਾ ਹੋਵੇ, ਮੈਨੂੰ ਬਰਾਬਰ ਰੋਸ ਹੋਵੇਗਾ ਤੇ ਜੇ ਪੰਜਾਬ ਨਾਲ ਕੀਤੇ ਗਏ ਇਸ ਤਰ੍ਹਾਂ ਦੇ ਕਈ ਧੱਕੇ ਨੰਗੇ ਹੋ ਜਾਣ ਤਾਂ ਤੁਸੀਂ ਚਾਹੁੰਦੇ ਹੋ, ਮੈਂ ਚੁੱਪ ਵੱਟੀ ਰੱਖਾਂ—ਇਹ ਨਹੀਂ ਹੋ ਸਕਦਾ।

ਮੇਰਾ ਸੁਫਨਾ ਹੈ ਕੇਂਦਰ ਤਗੜਾ ਬਣੇ, ਨੈਤਿਕ ਕਦਰਾਂ ਦਾ ਧਾਰਨੀ ਬਣੇ, ਨਿਆਂਕਾਰ ਹੋਵੇ, ਧਨੀਆਂ-ਧਨਾਢਾਂ ਦਾ ਪੱਖੀ ਤੇ ਰੱਖਿਅਕ ਬਣਨ ਦੀ ਥਾਂ ਗ਼ਰੀਬ-ਗੁਰਬਿਆਂ ਦੇ ਹੱਕਾਂ ਉੱਤੇ ਪਹਿਰਾ ਦੇਣ ਵਾਲਾ ਤੇ ਉਨ੍ਹਾਂ ਦੀਆਂ ਲੋੜਾਂ ਵੱਲ ਆਪਣੇ ਆਪ ਧਿਆਨ ਦੇਣ ਵਾਲਾ ਬਣੇ। ਕੇਂਦਰ ਦੀ ਤਗੜਾਈ ਉਸ ਦੇ ਭਰੋਸੇਯੋਗ ਸੁਰੱਖਿਆ-ਪ੍ਰਬੰਧ ਤੋਂ ਤੇ ਸੁਰੱਖਿਆ-ਪ੍ਰਬੰਧ ਲੋਕਾਂ ਦੀ ਆਰਥਿਕ ਤੇ ਮਾਨਸਿਕ ਸੰਤੁਸ਼ਟਤਾ ਤੋਂ ਮਾਪਿਆ ਜਾਂਦਾ ਹੈ।

ਜਿੱਥੇ ਮੈਂ ਕੇਂਦਰ ਨੂੰ ਤਗੜਾ ਵੇਖਣਾ ਚਾਹੁੰਦਾ ਹਾਂ, ਓਥੇ ਵੱਖ ਵੱਖ ਰਾਜਾਂ ਨੂੰ ਏਨਾ ਨਿਹੱਕਾ ਤੇ ਨਿਤਾਣਾ ਵੀ ਨਹੀਂ ਹੋਣ ਦੇਣਾ ਚਾਹੁੰਦਾ ਕਿ ਉਹ ਦਿੱਲੀ ਦੀ ਆਗਿਆ ਬਿਨਾਂ ਆਪਣੇ ਪੈਦਾ ਕੀਤੇ ਕੱਚੇ ਮਾਲ ਦੀ ਖਪਤ ਲਈ ਇਕ ਕਾਰਖ਼ਾਨੀ ਜਿਹੀ ਵੀ ਨਾ ਲਾ ਸਕਣ।

ਪੰਜਾਬ ਨੂੰ ਗਿਲਾ ਹੈ ਕਿ ਰੱਜੇ ਹੋਏ ਰਾਜਾਂ ਨੂੰ ਹੋਰ ਰਜਾਉਣ ਲਈ ਉਸ ਨੂੰ ਵੱਡੇ ਉਦਯੋਗਾਂ ਤੋਂ ਵਾਂਝਿਆਂ ਰੱਖਿਆ ਜਾ ਰਿਹਾ ਹੈ ਤੇ ਉੱਨਤ ਸੂਬਿਆਂ ਦੀ ਵਧੇਰੇ ਉੱਨਤੀ ਲਈ ਉਸ ਦੇ ਬਚਤੀ ਖਾਤੇ ਦਾ ਦੋ-ਤਿਹਾਈ ਹਿੱਸਾ, ਬੈਂਕਾਂ ਰਾਹੀਂ, ਪੰਜਾਬ ਤੋਂ ਬਾਹਰ ਭੇਜ ਦਿੱਤਾ ਜਾਂਦਾ ਹੈ, ਹਾਲਾਂਕਿ ਪੰਜਾਬ ਦੀ ਆਪਣੀ ਉੱਨਤੀ ਵੀ, ਪੱਕੇ ਪੈਰੀਂ ਨਹੀਂ ਖੜੀ, ਅਜੇ 'ਉੱਡਤੇ ਜਨਾਵਰ ਕੀ ਛਾਉਂ" ਮਾਤਰ ਹੀ ਹੈ।

ਮੈਂ ਆਪਣੇ ਨਾਲੋਂ ਕਿਸੇ ਘੱਟ ਵਿਗਸਿਤ ਰਾਜ ਲਈ ਕੁਰਬਾਨੀ ਕਰਨ ਨੂੰ ਤਿਆਰ ਹਾਂ, ਪਰ ਜਿਸ ਕੁਰਬਾਨੀ ਦੀ ਮੇਰੇ ਪਾਸੋਂ ਆਸ ਕੀਤੀ ਜਾਂਦੀ ਹੈ, ਉਹ ਧੌਂਸ ਨਾਲ ਨਹੀਂ, ਪਿਆਰ ਤੇ ਮਿੰਨਤ ਨਾਲ ਹੀ ਲਈ ਜਾ ਸਕਦੀ ਹੈ। ਮੈਂ ਕਿਸੇ ਨੂੰ ਕੀ ਦੇਣ ਜੋਗਾ ਹਾਂ, ਇਸ ਦਾ ਅੰਤਿਮ ਨਿਰਣਾ ਮੈਂ ਕਰਨਾ ਹੈ, ਲਾਭ ਉਠਾਉਣ ਵਾਲੇ ਕਿਸੇ ਰਾਜ ਦੇ ਮੁਖ ਮੰਤਰੀ ਜਾਂ ਭਾਰਤ ਦੇ ਪ੍ਰਧਾਨ ਮੰਤਰੀ ਨੇ ਨਹੀਂ।

[illegible] ਕਦੀ ਦੇਸ ਦੀ ਆਜ਼ਾਦੀ ਨੂੰ [illegible]

WWW.SIKHBOOKCLUB.COM 

ਬੰਨਿਓਂ ਖ਼ਤਰਾ ਹੋਇਆ ਤਾਂ ਮੈਨੂੰ ਅੱਗੇ ਵਾਂਗ ਫੇਰ ਨਿਸਚੇ ਨਾਲ ਜਿੱਤ ਕਰਨ ਲਈ, ਰਣ ਵਿਚ ਜੂਝਦਾ ਵੇਖੋਗੇ। ਪਰ ਅਮਨ ਵੇਲੇ ਇਕ ਪਾਸੇ ਮੇਰੇ ਝੁੱਗੇ ਦੀ ਦੋਹੀਂ ਹੱਥੀਂ ਲੁੱਟ ਮਚਾਈ ਜਾਣਾ ਤੇ ਕਦਮ-ਕਦਮ ਉੱਤੇ ਮੇਰੇ ਨਾਲ ਬੇ-ਵਿਸਾਹੀ ਤੇ ਅਪਮਾਨ ਵਾਲਾ ਸਲੂਕ ਕਰ ਕੇ ਮੈਨੂੰ ਨਖਿੱਧ ਤਰ੍ਹਾਂ ਦਾ ਸ਼ਹਿਰੀ ਸਿੱਧ ਕਰੀ ਜਾਣਾ ਤੇ ਦੂਜੇ ਪਾਸੇ ਫ਼ਰਜ਼ ਇਹ ਕਰ ਲੈਣਾ ਕਿ ਜੰਗ ਵੇਲੇ ਮੈਨੂੰ ਬੜੀ ਸੌਖ ਨਾਲ ਗੋਲਾ-ਬਾਰੂਦ ਵਜੋਂ ਵਰਤਿਆ ਜਾ ਸਕੇਗਾ, ਮੈਨੂੰ ਅਫ਼ਸੋਸ ਹੈ, ਹੁਣ ਇਹ ਗੱਲ ਸਦਾ ਇਉਂ ਨਹੀਂ ਤੁਰਨ ਲੱਗੀ।

ਪੰਜਾਬ ਵਾਲਿਆਂ ਨੇ ਆਜ਼ਾਦ ਭਾਰਤ ਦੀ ਸੁਰੱਖਿਆ ਲਈ ਹੁਣ ਤਕ ਸਭ ਤੋਂ ਵੱਧ ਇਨਸਾਨੀ, ਮਿਲਖੀ ਤੇ ਇਲਾਕਾਈ ਉਜਾੜਾ ਝੱਲਿਆ ਹੈ, ਇਸ ਦੇ ਬਦਲੇ ਵਿਚ ਇਨ੍ਹਾਂ ਦੀ ਫ਼ੌਜ ਵਿਚ ਭਰਤੀ ਉੱਤੇ ਰੁਕਾਵਟ ਲਾ ਦਿੱਤੀ ਗਈ ਹੈ।

ਪੰਜਾਬ ਵਾਲਿਆਂ ਨੇ ਭਾਰਤ ਦਾ ਸਦੀਆਂ ਦਾ ਭੋਖੜਾ ਦੂਰ ਕਰਨ ਲਈ ਕਣਕ ਤੇ ਚੌਲਾਂ ਦੇ ਢੇਰ ਲਾ ਦਿੱਤੇ ਹਨ, ਇਸ ਦੇ ਬਦਲੇ ਵਿਚ ਇਨ੍ਹਾਂ ਦੇ ਨੱਕਿਆਂ ਦੇ ਮੂੰਹ ਜ਼ਬਰਦਸਤੀ ਗੁਆਂਢੀਆਂ ਵੱਲ ਮੋੜੇ ਜਾ ਰਹੇ ਹਨ।

ਪੰਜਾਬ ਵਾਲਿਆਂ ਨੇ ਭਾਰਤ ਦਾ ਤਨ ਢੱਕਣ ਲਈ ਕਪਾਹ ਦੇ ਪਹਾੜਾਂ ਦੇ ਪਹਾੜ ਪੈਦਾ ਕਰ ਦਿੱਤੇ, ਇਸ ਦੇ ਬਦਲੇ, ਪੰਜਾਬ ਵਿਚ, ਪੰਜਾਬੀਆਂ ਨੂੰ ਬੰਬਈ ਤੇ ਅਹਿਮਦਾਬਾਦ ਦੇ ਕਾਰਖ਼ਾਨੇਦਾਰਾਂ ਦੇ ਕੰਮੀ ਤੇ ਸੇਪੀ ਬਣਾ ਦਿੱਤਾ ਗਿਆ ਹੈ।

ਪੰਜਾਬ ਵਾਲਿਆਂ ਨੇ ਭਾਸ਼ਾ ਦੇ ਆਧਾਰ ਉੱਤੇ ਸੂਬੇ ਦੀ ਮੰਗ ਕੀਤੀ ਤਾਂ ਨਹੀਂ ਮੰਨੀ ਗਈ; ਹੋਰਨਾਂ ਨੇ ਕੀਤੀ ਤਾਂ ਮੰਨ ਲਈ ਗਈ। ਵਿਤਕਰਾ ਨਾ ਸਹਿ ਕੇ ਜਦੋਂ ਸ਼੍ਰੋਮਣੀ ਅਕਾਲੀ ਦਲ ਦੇ ਝੰਡੇ ਹੇਠ ਸੱਠ-ਸੱਤਰ ਹਜ਼ਾਰ ਗ੍ਰਿਫ਼ਤਾਰੀਆਂ ਦਿੱਤੀਆਂ ਗਈਆਂ ਤਾਂ ਭਾਸ਼ਾ ਦੇ ਆਧਾਰ ਉੱਤੇ ਸੂਬੇ ਦੇ ਪੁਨਰਗਠਨ ਦਾ ਅਸੂਲ ਮੰਨ ਲਿਆ ਗਿਆ, ਪਰ ਅਮਲ ਵੇਲੇ ਦੁੱਧ ਵਿਚ ਕਾਂਜੀ ਪਾ ਦਿੱਤੀ ਗਈ, ਜਿਸ ਦਾ ਮੁੱਲ ਅੱਜ ਤਕ ਪੰਜਾਬ ਤਾਰ ਰਿਹਾ ਹੈ ਤੇ ਪਤਾ ਨਹੀਂ ਹੋਰ ਕਿੰਨਾ ਚਿਰ ਤਾਰਦਾ ਰਹੇਗਾ।

ਹੁਣ ਪੰਜਾਬ ਦੇ ਲੋਕਾਂ ਦਿਆਂ ਮਨਾਂ ਵਿਚ ਇਹ ਇਹਸਾਸ ਘਰ ਕਰਦਾ ਜਾਂਦਾ ਹੈ ਕਿ ਕੇਂਦਰ ਖ਼ੁਦ ਪੰਜਾਬ ਦੇ ਹਿਤਾਂ ਦੇ ਵਿਰੁੱਧ, ਇਕ ਧੜਾ ਬਣ ਕੇ, ਕਦੀ ਇਸ ਦੇ ਕਿਸੇ ਗੁਆਂਢੀ ਨੂੰ ਸ਼ਿਸ਼ਕਾਰਦਾ ਹੈ, ਕਦੀ ਪੰਜਾਬ ਦੇ ਹੀ ਲੋਕਾਂ ਦੇ ਇਕ ਹਿੱਸੇ ਦੀ ਪੂਛ ਨੂੰ ਤੇਲ ਲਾਉਂਦਾ ਤੇ ਰਾਸ਼ਟਰੀ ਪੱਧਰ ਦੀਆਂ ਪਾਰਟੀਆਂ ਨੂੰ ਗ਼ਲਤ ਸੇਧ ਤੇ ਅਧੂਰੀ ਸੂਚਨਾ ਦੇ ਕੇ ਗੁਮਰਾਹ ਕਰਦਾ ਹੈ।

ਇਹ ਇਹਸਾਸ ਭਾਰਤ ਦੇ ਹਿਤ ਵਿਚ ਨਹੀਂ ਹੈ, ਇਸ ਲਈ ਦੂਰ-ਅੰਦੇਸ਼ੀ ਦੀ ਮੰਗ ਹੈ ਕਿ ਸਿਆਸੀ ਚਾਲਬਾਜ਼ੀਆਂ ਛੱਡ ਕੇ ਇਨਸਾਫ਼ ਦਾ ਰਾਹ ਫੜਿਆ ਜਾਵੇ ਤਾਂ ਜੋ ਆਜ਼ਾਦ ਭਾਰਤ ਵਿਚ ਪੰਜਾਬ ਦੇ ਲੋਕ ਵੀ ਪਦਾਰਥਕ ਤੇ ਸਭਿਆਚਾਰਕ ਸੰਤੁਸ਼ਟੀ ਦੀ ਨੀਂਦਰ ਸੌਂ ਸਕਣ।

ਪੰਜਾਬ ਦੇ ਕਈ ਮਸਲੇ ਬਹੁਤ ਛੇਤੀ ਹੱਲ ਹੋਣ ਦੀ ਸੰਭਾਵਨਾ ਸੀ, ਜੇ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਰਲ ਕੇ ਸਾਂਝੀਆਂ ਮੰਗਾਂ ਪੇਸ਼ ਕਰਦੀਆਂ, ਪਰ ਅਫ਼ਸੋਸ ਹੈ ਇਉਂ ਹੋ ਨਹੀਂ ਸਕਿਆ। ਹੁਣ ਜਦੋਂ ਸ਼੍ਰੋਮਣੀ ਅਕਾਲੀ ਦਲ ਨੇ ਮੰਗਾਂ ਪੇਸ਼ ਕਰਨ ਵਿਚ ਪਹਿਲ ਕਰ ਹੀ ਲਈ ਹੈ ਤਾਂ ਕੇਵਲ ਇਸ ਲਈ ਸਾਂਝੇ ਹਿਤ ਦੀ ਮੰਗ ਨੂੰ ਫ਼ਿਰਕੂ ਦੱਸ ਕੇ ਨਿੰਦ ਛੱਡਣਾ ਜਾਂ ਉਸ ਵੱਲੋਂ ਚਾਲੂ ਕੀਤੇ ਸੰਘਰਸ਼ ਦਾ ਕੇਵਲ ਇਸ ਲਈ ਵਿਰੋਧ ਕਰਨਾ ਕਿ ਮੰਗਾਂ ਮੰਨੀਆਂ ਗਈਆਂ ਤਾਂ ਇਸ ਦਾ ਸਿਆਸੀ ਲਾਭ ਦਲ ਨਾ ਉਠਾ ਲਵੇ, ਇਕ ਪੁੱਠੀ ਵੰਨਗੀ ਦੇ ਫ਼ਿਰਕੂਪੁਣੇ ਤੇ ਤੰਗੀ ਪਹੁੰਚ ਦੇ ਵਿਖਾਲੇ ਹੈ, ਹੋਰ ਕੁਝ ਨਹੀਂ।

WWW.SIKHBOOKCLUB.COM

4

ਮੈਂ ਪੰਜਾਬੀ ਤੇ ਭਾਰਤੀ ਹੁੰਦਾ ਹੋਇਆ ਇਸ ਜਗਤ ਦਾ ਵਾਸੀ ਵੀ ਹਾਂ, ਜੋ ਸਮਾਚਾਰ, ਸੂਚਨਾ, ਪ੍ਰਸਾਰ, ਆਵਾਜਾਈ ਤੇ ਢੋ-ਢੁਆਈ ਦੇ ਨਵੇਂ ਤੋਂ ਨਵੇਂ ਤੇ ਛਾਲਾਂ ਮਾਰ ਕੇ ਅੱਗੇ ਤੋਂ ਅਗੇਰੇ ਵਧ ਰਹੇ ਸਾਧਨਾਂ ਕਰਕੇ ਪਲੋ-ਪਲੀ ਸੁੰਗੜਦਾ ਜਾ ਰਿਹਾ ਹੈ।

ਮੈਂ ਪੂਰੀ ਤਰ੍ਹਾਂ ਚੇਤਨ ਹਾਂ ਕਿ ਜਗਤ ਦੇ ਵੱਖ ਵੱਖ ਦੇਸਾਂ ਦੀਆਂ ਘਰੋਗੀ ਤੇ ਬਦੇਸੀ, ਮਾਲੀ ਤੇ ਫ਼ੌਜੀ ਨੀਤੀਆਂ ਮੇਰੀ ਨਿੱਕੀ ਜਿਹੀ ਘਰ ਬੈਠੀ ਜਾਨ ਨੂੰ ਖ਼ਤਰੇ ਵਿਚ ਪਾਉਣ ਲਗ ਪਈਆਂ ਹਨ। ਇਹ ਖ਼ਤਰਾ ਮੇਰੀ ਜਾਨ ਨੂੰ ਹੀ ਨਹੀਂ, ਜਗਤ ਦੇ ਹਰ ਪ੍ਰਾਣੀ ਲਈ ਸਾਂਝਾ ਹੈ। ਇਸ ਖ਼ਤਰੇ ਦੇ ਸਨਮੁਖ, ਸਰਬੱਤ ਮਨੁੱਖ ਜਾਤੀ ਦੀ ਹੋਣੀ ਸਾਂਝੀ ਬਣ ਚੁੱਕੀ ਹੈ।

ਪਰਮਾਣੂਕ, ਬਿਜਲਈ, ਇਲੈਕਟ੍ਰੌਨੀ ਤੇ ਕੰਪਿਊਟਰੀ ਤਕਨੀਕਾਂ ਵਿਚ ਹੈਰਾਨ ਕਰ ਦੇਣ ਵਾਲੀਆਂ ਪੁਲਾਂਘਾਂ ਦਾ ਸਭ ਤੋਂ ਵੱਧ ਫ਼ਾਇਦਾ ਦੁਨੀਆ ਦੀਆਂ ਵੱਡੀਆਂ ਤਾਕਤਾਂ ਦੇ ਫ਼ੌਜੀ ਤਜਰਬਾ-ਘਰਾਂ ਨੇ ਉਠਾਇਆ ਹੈ। ਅਣੂਆਂ, ਕਿਰਨਾਂ, ਲਹਿਰਾਂ, ਜੀਵਾਣੂਆਂ, ਕੀਟਾਣੂਆਂ, ਰਸਾਇਣਾਂ ਤੇ ਗੋਲਿਆਂ, ਆਦਿ ਦੀ ਸਹਾਇਤਾ ਨਾਲ ਦੁਨੀਆ ਦੇ ਤਖ਼ਤੇ ਤੋਂ ਮਨੁੱਖ-ਮਾਤਰ ਦਾ ਖੁਰਾ-ਖੋਜ ਮਿਟਾ ਦੇਣ ਵਾਲੀਆਂ ਖੋਜਾਂ ਸਿਰੇ ਚੜ੍ਹ ਚੁੱਕੀਆਂ ਹਨ।

ਦੁਨੀਆ ਦੇ ਵੱਡੇ ਫ਼ੌਜੀ ਹੈਡਕੁਆਰਟਰਾਂ ਵਿਚ ਧਰਮ, ਸਦਾਚਾਰ, ਫ਼ਲਸਫ਼ੇ, ਤਹਿਜ਼ੀਬ, ਕਲਚਰ, ਸਾਹਿੱਤ, ਚਿਤਰਕਾਰੀ, ਨਾਚ, ਸੰਗੀਤ, ਭਵਨ, ਸੜਕ ਤੇ ਪੁਲ-ਉਸਾਰੀ ਜਾਂ ਸੁਹਜ, ਸਹਿਜ, ਧਿਆਨ, ਸਿਮਰਨ ਤੇ ਸੁੱਛਤਾ ਦੀ ਗੱਲ ਅੱਵਲ ਤਾਂ ਹੁੰਦੀ ਹੀ ਨਹੀਂ ਤੇ ਜੇ ਹੁੰਦੀ ਹੈ ਤਾਂ ਹਾਬੜੀ ਤੇ ਵਿਗੜੀ ਹੋਈ ਕਾਮ-ਵਾਸ਼ਨਾ ਦੀ ਤ੍ਰਿਪਤੀ ਦੇ ਪ੍ਰਸੰਗ ਵਿਚ।

ਓਥੇ ਨਿਰੰਤਰ ਬਹਿਸਾਂ ਚੱਲਦੀਆਂ ਹਨ, ਮਨੁੱਖ ਦੀ ਟੈਂ ਭੰਨਣ, ਈਨ ਮਨਾਉਣ, ਉਸ ਦੀ ਆਜ਼ਾਦੀ ਖੋਹ ਕੇ ਉਸ ਨੂੰ ਸਦਾ ਲਈ ਭੈ-ਭੀਤ ਰੱਖਣ, ਉਸ ਲਈ ਭਿਆਨਕ ਤਸੀਹੇ ਈਜਾਦ ਕਰਨ ਤੇ ਉਸ ਦਾ ਸਾਹ ਪੀਣ ਦੇ ਨਵੇਂ ਤੋਂ ਨਵੇਂ ਢੰਗ ਲੱਭਣ ਦੀਆਂ।

ਮੈਂ ਪੰਜਾਬ ਦੀ ਝੋਲੀ ਵਿਚ, ਪੰਜਾਬ ਭਾਰਤ ਦੀ ਝੋਲੀ ਵਿਚ ਤੇ ਭਾਰਤ ਆਪਣੀ ਤ੍ਰਿਆਕਲਤਾ ਦੀ ਝੋਲੀ ਵਿਚ—ਅਸੀਂ ਆਪੋ ਆਪਣੀਆਂ ਝੋਲੀਆਂ ਦੀ ਸੁਰੱਖਿਆ ਦਾ ਨਿੱਘ ਮਾਣਦਿਆਂ, ਇਕ ਮਹਾ ਵਿਕ੍ਰਾਲ, ਵਿਨਾਸ਼ਕਾਰੀ ਦ੍ਰਿਸ਼ ਵੱਲ ਪਿੱਠ ਕਰ ਕੇ, ਇਸ ਖ਼ੁਸ਼-ਫ਼ਹਿਮੀ ਵਿਚ ਪਏ ਰਹੀਏ ਕਿ ਆਪੋ-ਆਪਣੇ ਘਰਾਂ ਵਿਚ ਆਤਮਾ ਤੇ ਪਰਮਾਤਮਾ, ਹੁਸਨ ਤੇ ਇਸ਼ਕ, ਕਦਰਾਂ ਤੇ ਕੀਮਤਾਂ, ਇਹਸਾਸਾਂ ਤੇ ਅਕੀਦਿਆਂ, ਮੋਹ ਤੇ ਮਮਤਾ ਅਤੇ ਆਪੋ-ਆਪਣੇ ਕੰਮਾਂ-ਕਾਰਾਂ ਨਾਲ ਬੜੀ ਚੰਗੀ ਤਰ੍ਹਾਂ ਵਫ਼ਾ ਨਿਭਾ ਰਹੇ ਹਾਂ—ਸਾਨੂੰ ਕੀ, ਦਸੌਰੀ ਹਾਕਮ ਆਪਣੇ ਘਰਾਂ ਵਿਚ ਬੈਠੇ ਕੀ ਕਰਦੇ ਹਨ, ਤਾਂ ਇਹ ਇਕ ਬੜੀ ਗੰਭੀਰ ਤੇ ਖ਼ੌਫ਼ਨਾਕ ਭੁੱਲ ਹੋਵੇਗੀ।

ਸਰਬਨਾਸੀ ਕਾਰਜ-ਕ੍ਰਮ ਕੋਈ ਵੀ ਦੇਸ ਸ਼ੁਰੂ ਕਰੇ, ਉਸ ਵਿਚ ਮੇਰਾ ਨਾਂ ਅਨਜਾਣੇ ਹੀ ਸ਼ਾਮਿਲ ਹੋਵੇਗਾ, ਉਸ ਵਿਚ ਪੰਜਾਬ ਦਾ ਨਾਂ ਵੀ ਸ਼ਾਮਿਲ ਹੋਵੇਗਾ ਤੇ ਭਾਰਤ ਦਾ ਵੀ। ਸੱਚੀ ਗੱਲ ਇਹ ਹੈ ਕਿ ਉਸ ਵਿਚ ਕਿਸੇ ਨਾ ਕਿਸੇ ਤਰ੍ਹਾਂ ਸਾਰੀ ਦੁਨੀਆ ਦਾ ਨਾਂ ਸ਼ਾਮਿਲ ਹੋਵੇਗਾ।

ਨਵੇਂ ਵਾਪਰਨ ਵਾਲੇ ਘੱਲੂਘਾਰੇ ਵਰਗਾ ਘੋਰ ਘੱਲੂਘਾਰਾ ਜੇ ਕਿਤੇ ਉਹ ਸੱਚੀ-ਮੁੱਚੀ ਵਾਪਰ ਗਿਆ, ਤਾਂ ਨਾ ਅੱਗੇ ਕਦੀ ਕਿਸੇ ਦੇ ਸੁਫਨੇ ਵਿਚ ਵਾਪਰਿਆ ਹੋਵੇਗਾ ਤੇ ਨਾ ਅੱਗੋਂ ਕਦੀ ਵਾਪਰ ਹੀ ਸਕੇਗਾ। ਕੋਈ ਬਚੇਗਾ ਤਾਂ ਹੀ ਇਸ ਦੁਰਘਟਨਾ ਬਾਰੇ ਕੁੱਝ ਦੱਸਣ ਜੋਗਾ ਹੋਵੇਗਾ।

WWW.SIKHBOOKCLUB.COM

ਕਿਸੇ ਦੇਸ ਦੀ ਆਜ਼ਾਦੀ ਖੁੱਸੇ ਤੇ ਮੈਂ ਅੰਦਰੋ-ਅੰਦਰ ਪਿਆ ਖ਼ੁਸ਼ ਹੋਵਾਂ ਕਿ ਸ਼ੁਕਰ ਹੈ ਕਿਸੇ ਨੇ ਮੇਰੀ ਆਜ਼ਾਦੀ ਨੂੰ ਹੱਥ ਨਹੀਂ ਪਾਇਆ, ਇਸ ਲਈ ਆਪਣੀ ਸੁੱਥਣ ਕੁੰਜ ਕੇ ਨਿਸਚਿੰਤ ਬੈਠਾ ਰਹਾਂ ਤਾਂ ਪੱਕ ਜਾਣੋ ਕਿ ਮੇਰੇ ਅੰਦਰ ਦੂਰ-ਅੰਦੇਸ਼ੀ ਦੀ ਘਾਟ ਹੀ ਨਹੀਂ, ਪੂਰੀ ਅਣਹੋਂਦ ਹੈ।

ਅੱਤਿਆਚਾਰੀ ਦਾ ਵਧਿਆ ਹੋਇਆ ਹੌਸਲਾ ਅੱਜ ਨਹੀਂ ਤਾਂ ਕੱਲ੍ਹ ਨਿਸਚੇ ਹੀ, ਮੇਰੀ ਆਜ਼ਾਦੀ ਨੂੰ ਵੀ ਪੈ ਕਰੇਗਾ।

ਇਸੇ ਲਈ ਮੈਂ ਜੰਗਬਾਜ਼ਾਂ, ਪਸਾਰਵਾਦੀਆਂ ਤੇ ਪੈਸਾਵਾਦੀਆਂ ਦੀਆਂ ਸਰਗਰਮੀਆਂ ਬਾਰੇ ਚੁਕੰਨਾ ਰਹਿਣਾ ਚਾਹੁੰਦਾ ਹਾਂ। ਮੈਂ ਕੋਠੇ ਉੱਤੇ ਖੜ੍ਹਾ ਹੋ ਕੇ ਕਹਿੰਦਾ ਹਾਂ ਕਿ ਮੈਂ ਅਮਨ ਦਾ ਇੱਛਕ ਹਾਂ, ਜੰਗ ਦਾ ਨਹੀਂ; ਆਜ਼ਾਦੀ ਦਾ ਚਾਹਵਾਨ ਹਾਂ, ਗ਼ੁਲਾਮੀ ਦਾ ਨਹੀਂ; ਖੇੜੇ ਦਾ ਆਸ਼ਿਕ ਹਾਂ, ਮੁਰਦੇਹਾਣੀ ਦਾ ਨਹੀਂ; ਖ਼ੁਸ਼ੀਆਂ ਦਾ ਵਪਾਰੀ ਹਾਂ, ਗ਼ਮੀਆਂ ਦਾ ਨਹੀਂ; ਜ਼ਿੰਦਗੀ ਦਾ ਵਣਜਾਰਾ ਹਾਂ, ਮੌਤ ਦਾ ਨਹੀਂ ਅਤੇ ਰੋਂਦਿਆਂ ਨੂੰ ਹਸਾ ਕੇ ਖ਼ੁਸ਼ ਹੋਣ ਵਾਲਾ ਹਾਂ।

ਅਮਨ, ਖ਼ੁਸ਼ਹਾਲੀ, ਆਜ਼ਾਦੀ, ਖੇੜਾ, ਖ਼ੁਸ਼ੀ ਤੇ ਹਾਸਾ ਦਿਲ ਨੂੰ ਖਿੱਚ ਪਾਉਣ ਵਾਲੀਆਂ ਹਾਲਤਾਂ ਹਨ ਪਰ ਇਨ੍ਹਾਂ ਦਾ ਰਾਜ ਨਿਰੀ ਇੱਛਾ ਨਾਲ ਨਹੀਂ ਆ ਸਕਦਾ, ਸਾਰੇ ਜਗਤ ਦੇ ਜਾਗਦੇ ਲੋਕਾਂ ਦੇ ਇਕਮੁੱਠ ਸੰਘਰਸ਼ ਦਾ ਫਲ ਹੋ ਸਕਦਾ ਹੈ।

ਅਮਨ-ਪਸੰਦ ਕਦਰਾਂ ਦੇ ਹੱਕ ਵਿਚ ਤੇ ਜੰਗ-ਪਸੰਦ ਕਦਰਾਂ ਦੇ ਵਿਰੁੱਧ ਲੋਕਾਂ ਦੀ ਰਾਏ ਨੂੰ ਲਾਮਬੰਦ ਕਰਨ ਵਿਚ ਸਹਾਈ ਹੋਣਾ ਹਰ ਲੇਖਕ ਦਾ ਫ਼ਰਜ਼ ਹੈ।

ਮੇਰੀ ਕਲਮ ਵਿਤਕਰੇ, ਅਨਿਆਂ, ਜਬਰ, ਲੁੱਟ, ਨਫ਼ਰਤ ਦੇ ਜੰਗ ਦਾ ਬਿਰਤੀ-ਮੰਡਲ ਪੈਦਾ ਕਰਨ ਦੀ ਥਾਂ ਚਹੁੰ-ਕੂੰਟੀਂ ਸਾਂਝ, ਨਿਆਂ, ਸਹਿਨਸ਼ੀਲਤਾ, ਉਦਾਰਤਾ, ਪਿਆਰ, ਸੁਲਹ-ਸਫ਼ਾਈ ਤੇ ਏਕਤਾ ਦੀ ਹਵਾ ਰੁਮਕਾਉਣਾ ਚਾਹੁੰਦੀ ਹੈ।

ਜੋ ਕੋਈ ਵੀ, ਕਿਤੇ ਦੂਰ ਆਪਣੇ ਦੇਸ ਵਿਚ ਬੈਠਾ ਇਸ ਪਾਸੇ ਸੰਘਰਸ਼ ਕਰਦਾ ਹੈ, ਉਹ ਮੇਰਾ ਸਕਾ ਹੈ, ਅਸੀਂ ਇਕ ਹਾਂ।

ਅਮਨ ਦਾ ਘੁਲਾਟੀਆ, ਆਜ਼ਾਦੀ ਦਾ ਸੰਗ੍ਰਾਮੀਆ, ਮਨੁੱਖ ਦਾ ਹਿਤੈਸ਼ੀ, ਖ਼ੁਸ਼ਹਾਲੀ ਦਾ ਸ਼ੈਦਾਈ ਤੇ ਸਾਂਝੀਵਾਲਤਾ ਦਾ ਆਸ਼ਿਕ ਦੁਨੀਆ ਦੀ ਕਿਸੇ ਕਾਲ-ਕੋਠੜੀ ਵਿਚ ਡੱਕਿਆ ਹੋਵੇ, ਕੋਠੜੀ ਭਾਵੇਂ ਮਿੱਤਰ ਦੇਸ ਦੀ ਹੋਵੇ ਜਾਂ ਵੈਰੀ ਦੇਸ ਦੀ, ਹਮਦਰਦੀ ਨਾਲ ਮੇਰਾ ਮਨ ਉਸੇ ਦੀ ਜੂਨ ਹੰਢਾਉਣ ਲਗ ਪੈਂਦਾ ਹੈ ਤੇ ਤਰਲੋਮੱਛੀ ਹੁੰਦਾ ਹੈ ਕਿ ਜਿਸ ਕਲਮ ਵਿਚ ਜਿੰਨੀ ਵੀ ਤਾਕਤ ਹੈ, ਉਹ ਦੁਨੀਆ ਦੀਆਂ ਹੋਰ ਕਲਮਾਂ ਆਪਣੇ ਨਾਲ ਜੋੜ ਕੇ ਮੈਨੂੰ ਛੋਟੀ ਤੋਂ ਛੋਟੀ ਕਾਲ-ਕੋਠੜੀ ਵਿੱਚੋਂ ਰਿਹਾ ਕਰਾਉਣ ਲਈ ਆਪਣਾ ਸਾਰਾ ਤਾਣ ਲਾ ਦੇਵੇ!

'ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ' ਤੇ 'ਸਰਬੱਤ ਦੇ ਭਲੇ' ਦੀ ਚੇਤਨਾ ਦੀ ਜਿੰਨੀ ਅੱਜ ਲੋੜ ਹੈ, ਸ਼ਾਇਦ ਸਾਰੇ ਇਤਿਹਾਸ ਵਿਚ ਅੱਗੇ ਕਦੀ ਨਹੀਂ ਸੀ ਪਈ।

ਪਹਿਲਾ ਨਾਅਰਾ ਮੇਰੇ ਸੱਜੇ ਹੱਥ ਵਿਚ ਫੜੇ ਝੰਡੇ ਉੱਤੇ ਤੇ ਦੂਜਾ ਨਾਅਰਾ ਮੇਰੇ ਖੱਬੇ ਹੱਥ ਵਾਲੇ ਝੰਡੇ ਉੱਤੇ ਲਿਖਿਆ ਹੋਇਆ ਤੁਸੀਂ ਆਪ ਵੇਖ ਸਕਦੇ ਹੋ।

# ਅੰਗਰੇਜ਼ੀ ਭਾਸ਼ਾ ਪੜ੍ਹਾਓ, ਅੰਗਰੇਜ਼ੀ ਮਾਧਿਅਮ ਹਟਾਓ*

ਮੈਂ ਪੰਜਾਬ ਰਾਜ ਯੂਨੀਵਰਸਿਟੀ ਪਾਠ-ਪੁਸਤਕ ਬੋਰਡ ਦੇ ਡਾਇਰੈਕਟਰ ਸਾਹਿਬ ਦਾ ਸ਼ੁਕਰਗੁਜ਼ਾਰ ਹਾਂ ਕਿ ਉਨ੍ਹਾਂ ਨੇ ਮੈਨੂੰ ਪੰਜਾਬ ਦੇ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ ਨਾਲ, ਅੰਗਰੇਜ਼ੀ ਮਾਧਿਅਮ ਦੀ ਥਾਂ ਪੰਜਾਬੀ ਲਾਗੂ ਕਰਨ ਦੀ ਲੋੜ ਤੇ ਮਹੱਤਾ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਦਾ ਮੁੱਲਵਾਨ ਮੌਕਾ ਮੁਹੱਈਆ ਕੀਤਾ ਹੈ।

ਇਹ ਬੋਰਡ ਮੇਰੇ ਲਈ ਓਪਰੀ ਸੰਸਥਾ ਨਹੀਂ ਹੈ, ਇਸ ਦੇ ਮੈਂਬਰਾਂ ਦੇ ਦੋ ਆਰੰਭਿਕ ਪੂਰਾਂ ਵਿਚ ਮੌਜੂਦ ਹੋਣ ਦੇ ਕਾਰਨ, ਮੈਨੂੰ ਇਸ ਦੇ ਵਾਂਛਿਤ ਕਾਰਜਾਂ ਤੇ ਇਨ੍ਹਾਂ ਦੀ ਪੂਰਤੀ ਲਈ ਵਿਧੀਆਂ ਨਿਸਚਿਤ ਕਰਨ, ਲੋੜ ਦੀਆਂ ਪਾਠ-ਪੁਸਤਕਾਂ ਅਤੇ ਉਨ੍ਹਾਂ ਨੂੰ ਤਿਆਰ ਕਰ ਸਕਣ ਵਾਲੇ ਲੇਖਕਾਂ ਦੀ ਨਿਸ਼ਾਨਦਿਹੀ ਕਰਨ ਵਰਗੀਆਂ ਕਾਰਵਾਈਆਂ ਵਿਚ ਮਘਵਾਂ ਹਿੱਸਾ ਲੈਣ ਦੇ ਮੌਕੇ ਮਿਲਦੇ ਰਹੇ ਹਨ। ਇਨ੍ਹਾਂ ਤੋਂ ਛੁੱਟ ਸਰਕਾਰੀ ਕਾਲਜ, ਲੁਧਿਆਣੇ ਦੀ ਪ੍ਰਿੰਸੀਪਲੀ ਦੇ ਦੌਰਾਨ, ਮੈਨੂੰ ਬੋਰਡ ਵੱਲੋਂ ਕਰਵਾਏ ਗਏ ਭੂਗੋਲ ਤੇ ਕੈਮਿਸਟਰੀ ਦੇ ਓਰੀਐਂਟੇਸ਼ਨ ਕੋਰਸਾਂ ਦੇ ਨਿਰਦੇਸ਼ਨ ਦੀ ਸੇਵਾ ਵੀ ਨਿਭਾਉਣੀ ਪਈ ਸੀ। ਹੋ ਸਕਦਾ ਹੈ ਬੋਰਡ ਨਾਲ ਮੇਰੇ ਕੁੱਝ ਇਸ ਤਰ੍ਹਾਂ ਦੇ ਸੰਪਰਕਾਂ ਕਰਕੇ ਜਾਂ ਸ਼ਾਇਦ ਪੰਜਾਬ ਵਿਚ ਹੇਠੋਂ ਲੈ ਕੇ ਉੱਪਰ ਤਕ, ਸਿੱਖਿਆ ਤੇ ਰਾਜ-ਪ੍ਰਬੰਧ ਦੇ ਹਰ ਪੜਾ ਉੱਤੇ, ਹਰ ਤਰ੍ਹਾਂ ਦੇ ਵਿਹਾਰ ਲਈ, ਪੰਜਾਬੀ ਮਾਧਿਅਮ ਨੂੰ ਛੇਤੀ ਤੋਂ ਛੇਤੀ ਅਪਣਾਉਣ ਦੀ ਨੀਤੀ ਵਿਚ ਮੇਰੇ ਅਡੋਲ ਵਿਸ਼ਵਾਸ ਦੇ ਕਾਰਨ, ਬੋਰਡ ਦੇ ਵਰਤਮਾਨ ਪ੍ਰਬੰਧਕਾਂ ਨੇ ਮੈਨੂੰ ਅੱਜ ਵਾਲੀ ਸੇਵਾ ਨਿਭਾਉਣ ਦੇ ਯੋਗ ਸਮਝਿਆ ਹੋਵੇ—ਸੱਦੇ ਦਾ ਆਧਾਰ ਕੁੱਝ ਵੀ ਹੋਵੇ, ਮੈਂ ਇਸ ਮੌਕੇ ਨੂੰ 'ਜੀ-ਆਇਆਂ' ਕਹਿੰਦਾ ਹਾਂ ਕਿਉਂਕਿ ਇਸ ਨਾਲ ਮੈਨੂੰ ਪੰਜਾਬੀ ਮਾਧਿਅਮ ਵਰਤਾਉਣ ਦੇ ਕੁੱਝ ਪੱਖ ਪੰਜਾਬ ਦੇ ਉੱਚ ਤੇ ਪ੍ਰਬੁੱਧ ਸਿੱਖਿਆ-ਪ੍ਰਬੰਧਕਾਂ ਦੇ ਸਾਹਮਣੇ ਪੇਸ਼ ਕਰਨ ਤੇ ਉਨ੍ਹਾਂ ਦੇ ਤਜਰਬਿਆਂ ਤੋਂ ਲਾਭ ਉਠਾ ਸਕਣ ਦਾ ਮੌਕਾ ਮਿਲ ਰਿਹਾ ਹੈ।

## 2

ਮਾਧਿਅਮ ਦੀ ਤਬਦੀਲੀ ਦੇ ਵੇਰਵਿਆਂ ਵਿਚ ਪੈਣ ਤੋਂ ਪਹਿਲਾਂ ਮੈਂ ਇਹ ਦੱਸਣ ਦੀ ਖੁੱਲ੍ਹ ਲੈਣੀ ਚਾਹੁੰਦਾ ਹਾਂ ਕਿ ਮੈਨੂੰ ਗਿਆਨ-ਵਿਗਿਆਨ ਦੀ ਦੁਨੀਆ ਵਿਚ ਭਾਰੀ ਤਰੱਕੀ ਕਰ ਚੁੱਕੇ ਕੁੱਝ ਬਦੇਸਾਂ ਵਿਚ ਜਾਣ ਤੇ ਖੁੱਲ੍ਹ ਕੇ ਫਿਰਨ ਦਾ ਮੌਕਾ ਮਿਲਿਆ ਹੈ ਤੇ ਇਨ੍ਹਾਂ

* ਪੰਜਾਬ ਰਾਜ ਯੂਨੀਵਰਸਿਟੀ ਪਾਠ-ਪੁਸਤਕ ਬੋਰਡ ਵੱਲੋਂ ਚੰਡੀਗੜ੍ਹ ਵਿਚ 29.11.90 ਨੂੰ ਕਰਵਾਈ [illegible] ਬੀਜ-ਭਾਸ਼ਣ।

WWW.SIKHBOOKCLUB.COM

ਵਿੱਚੋਂ ਕਿਸੇ ਇਕ ਵਿਚ ਵੀ ਸਕੂਲਾਂ, ਕਾਲਜਾਂ ਜਾਂ ਯੂਨੀਵਰਸਿਟੀਆਂ ਦੀ ਆਮ ਪੜ੍ਹਾਈ, ਕਿਸੇ ਗ਼ੈਰ ਭਾਸ਼ਾ ਵਿਚ ਹੁੰਦੀ ਨਹੀਂ ਵੇਖੀ। ਪੂਰਾ ਜ਼ੋਰ ਲਾਉਣ ਉੱਤੇ ਵੀ ਓਥੇ ਇਹ ਗੱਲ ਕਿਸੇ ਨੂੰ ਸਮਝ ਨਹੀਂ ਆਉਂਦੀ ਕਿ ਕਿਸੇ ਦੇਸ ਜਾਂ ਪ੍ਰਾਂਤ ਵਿਚ, ਲੋਕਾਂ ਦੀ ਆਪਣੀ ਮਰਜ਼ੀ ਨਾਲ, ਸਕੂਲਾਂ ਤੇ ਕਾਲਜਾਂ ਵਿਚ ਪੜ੍ਹਾਈ-ਲਿਖਾਈ ਦਾ ਸਾਰਾ ਕੰਮ, ਆਪਣੀ ਭਾਸ਼ਾ ਦੀ ਥਾਂ ਕਿਸੇ ਗ਼ੈਰ ਭਾਸ਼ਾ ਰਾਹੀਂ ਸਿਰੇ ਚੜ੍ਹਨਾ ਲਾਜ਼ਮੀ ਬਣਾਇਆ ਜਾ ਸਕਦਾ ਹੈ। ਜਿਹੜੇ ਦੇਸ ਅਜੇ ਬਹੁਤ ਜ਼ਿਆਦਾ ਆਰਥਿਕ ਤਰੱਕੀ ਨਹੀਂ ਕਰ ਸਕੇ, ਉਨ੍ਹਾਂ ਵਿੱਚੋਂ ਵੀ ਬਹੁਤਿਆਂ ਨੂੰ, ਕਿਸੇ ਅਜਿਹੇ ਸਿੱਖਿਆ-ਪ੍ਰਬੰਧ ਨੂੰ ਚਿਤਵਣ ਲਈ ਕਾਫ਼ੀ ਔਖ ਹੁੰਦੀ ਹੈ, ਜਿਸ ਵਿਚ ਗਿਆਨ-ਪ੍ਰਾਪਤੀ ਲਈ ਆਪਣੀ ਭਾਸ਼ਾ ਨੂੰ ਦੇਸ-ਨਿਕਾਲਾ ਦੇਣ ਦੀ ਜ਼ਰੂਰਤ ਪੈਂਦੀ ਹੈ। ਇਸ ਮਾਮਲੇ ਉੱਤੇ ਮੇਰੀ ਜਿਸ ਕਿਸੇ ਬਦੇਸੀ ਵਿਦਵਾਨ ਨਾਲ ਵੀ ਗੱਲ ਹੋਈ, ਉਸੇ ਨੇ, ਨਿਰਸੰਕੋਚ, ਇਸ ਤਰ੍ਹਾਂ ਦੇ ਸਿੱਖਿਆ-ਪ੍ਰਬੰਧ ਨੂੰ ਦੇਸ ਦਾ ਧਰੋਹੀ, ਵਿਦਿਆਰਥੀਆਂ ਲਈ ਅੱਤਿਆਚਾਰੀ ਤੇ ਮੌਲਿਕ ਚਿੰਤਨ ਦਾ ਦੋਖੀ ਹੀ ਦੱਸਿਆ। ਫ਼ਰਾਂਸ ਦੇ ਇਕ ਫ਼ਲਸਫ਼ੀ ਡਾ. ਯੁਜੀਂ-ਦ-ਜ਼ਿਲਹ ਨੂੰ ਮਾਧਿਅਮ ਵਜੋਂ ਕਿਸੇ ਗ਼ੈਰ ਭਾਸ਼ਾ ਦੇ ਅਪਣਾਏ ਜਾਣ ਦੀ ਗੱਲ ਤਾਂ ਏਨੀ ਅਣਸੁਭਾਵਿਕ ਬਲਕਿ ਅਣਸੁਖਾਵੀਂ ਲੱਗੀ ਕਿ ਉਹ ਮੇਰੀ ਗੱਲ ਸੁਣ ਕੇ ਕੁੱਝ ਛਿੱਥਾ ਜਿਹਾ ਪੈ ਗਿਆ ਤੇ ਗੱਲ ਸਮੇਟਣ ਦੇ ਖ਼ਿਆਲ ਨਾਲ ਬੋਲਿਆ, "ਪ੍ਰੋਫ਼ੈਸਰ! ਮਿਹਰਬਾਨੀ ਕਰ ਕੇ ਇਹ ਸਮਝ ਲਓ ਕਿ ਗ਼ੈਰ ਭਾਸ਼ਾ ਸਿੱਖਣੀ ਹੋਰ ਗੱਲ ਹੁੰਦੀ ਹੈ ਤੇ ਆਪਣੀ ਭਾਸ਼ਾ ਦੇ ਹੁੰਦਿਆਂ-ਸੁੰਦਿਆਂ ਕਿਸੇ ਗ਼ੈਰ ਭਾਸ਼ਾ ਨੂੰ, ਆਪਣੀ ਖ਼ੁਸ਼ੀ ਨਾਲ, ਆਪਣੇ ਬੱਚਿਆਂ ਲਈ ਮਾਧਿਅਮ ਵਜੋਂ ਪਰਵਾਨ ਕਰਨਾ ਅਸਲੋਂ ਹੋਰ ਗੱਲ। ਕਿਉਂਕਿ ਕਿਸੇ ਵੀ ਸੁਤੰਤਰ ਜਮਹੂਰੀ ਦੇਸ ਵਿਚ ਇਸ ਮਰਗਲੀ ਦੁਰਘਟਨਾ ਦੇ ਵਾਪਰਨ ਦੀ ਸੰਭਾਵਨਾ ਤਾਂ ਕਿਤੇ ਰਹੀ, ਗੁੰਜਾਇਸ਼ ਹੀ ਨਹੀਂ ਹੈ, ਇਸ ਲਈ ਚੰਗਾ ਹੋਵੇ ਜੇ ਆਪਾਂ ਕਿਸੇ ਹੋਰ ਸੁਖਾਵੇਂ ਮਾਮਲੇ ਦੀ ਚਰਚਾ ਛੇੜ ਲਈਏ।"

3

ਮੈਨੂੰ ਯਕੀਨ ਹੈ ਕਿ ਡਾ. ਜ਼ਿਲਹ ਆਪਣੇ ਸੁਤੰਤਰਤਾ ਤੇ ਜਮਹੂਰੀਅਤ ਦੇ ਫ਼ਰਾਂਸੀਸੀ ਜਾਂ ਯੂਰਪੀ ਅਨੁਭਵ ਕਰਕੇ ਕਾਹਲੇ ਪਏ ਹੋਣਗੇ। ਓਦੋਂ ਉਹ ਇਹ ਨਹੀਂ ਮੰਨ ਜਾਣਦੇ ਕਿ ਜਿਸ ਮਹਾਨ ਦੇਸ ਦਾ ਵਾਸੀ ਮੈਂ ਹਾਂ ਉਸ ਵਿਚ ਸੁਤੰਤਰਤਾ, ਜਮਹੂਰੀਅਤ ਤੇ ਸਿੱਖਿਆ ਜਾਂ ਗਿਆਨ-ਪ੍ਰਾਪਤੀ ਵਰਗੇ ਸ਼ਬਦਾਂ ਦਿਆਂ ਛਤਰਾਂ ਹੇਠ, ਆਮ ਤੋਂ ਅਸਲੋਂ ਉਲਟੇ ਅਰਥ ਵੀ ਵਧ-ਫੁੱਲ ਸਕਦੇ ਹਨ। ਮੇਰੇ ਸੱਦੇ ਉੱਤੇ ਜਦੋਂ ਉਹ ਪਟਿਆਲੇ ਤਸ਼ਰੀਫ਼ ਲਿਆਏ ਤੇ ਏਥੇ ਵਰਤ ਰਹੀ ਅਸਲ ਹਾਲਤ ਨਾਲ ਉਨ੍ਹਾਂ ਦੀ ਸਿੱਧੀ ਜਾਣਕਾਰੀ ਹੋਈ ਤਾਂ ਸਿੱਖਿਆ ਦੇ ਮਾਧਿਅਮ ਬਾਰੇ ਉਨ੍ਹਾਂ ਨੂੰ ਆਪਣੀ ਓਦੋਂ ਤਕ ਸੁਭਾਵਿਕ ਲੱਗਦੀ ਮਨੌਤ ਇਕਦਮ ਚਕਨਾ-ਚੂਰ ਹੁੰਦੀ ਦਿੱਸੀ। ਬਾਲਵਾੜੀ ਤੋਂ ਲੈ ਕੇ ਯੂਨੀਵਰਸਿਟੀ ਤਕ ਅੰਗਰੇਜ਼ੀ ਮਾਧਿਅਮ ਦਾ ਰਾਜ ਤੇ ਉਸ ਨਾਲ ਮਾਪਿਆਂ, ਸਿੱਖਿਆ-ਪ੍ਰਬੰਧਕਾਂ, ਸਿੱਖਿਆ-ਸ਼ਾਸਤਰੀਆਂ ਤੇ ਰਾਜ-ਅਧਿਕਾਰੀਆਂ ਦੀ ਪਕੜ ਵੇਖ ਕੇ, ਉਸ ਦਾ ਪਹਿਲਾ ਪ੍ਰਤਿਕਰਮ ਘੋਰ ਅਵਿਸ਼ਵਾਸ ਦਾ ਸੀ—ਇਹ ਕਿਵੇਂ ਹੋ ਸਕਦਾ ਹੈ? ਫੇਰ ਉਸ ਨੇ ਪੰਜਾਬੀ ਲੋਕਾਂ ਦੀ ਮੱਤ ਉੱਤੇ ਹੈਰਾਨੀ ਤੇ ਨਿਰਾਸਤਾ ਦਾ ਪ੍ਰਗਟਾਵਾ ਕੀਤਾ ਤੇ ਅਖ਼ੀਰ ਵਿਚ ਸਿੱਖਿਆ ਦੀ ਨੀਤੀ ਘੜਨ ਵਾਲੇ ਨੀਤੀਵੇਤਿਆਂ ਦੇ ਭਾਸ਼ਾਈ ਜਬਰ ਦਾ ਸ਼ਿਕਾਰ ਹੋਣ ਵਾਲੇ ਲੱਖਾਂ ਬਦਨਸੀਬ ਵਿਦਿਆਰਥੀਆਂ ਨਾਲ ਹਮਦਰਦੀ ਜਤਾਉਂਦਿਆਂ, [illegible] ਨ ਪ੍ਰਤਿ ਢੇਰ ਸਾਰੀ ਘ੍ਰਿਣਾ ਪ੍ਰਗ

WWW.SIKHBOOKCLUB.COM

ਮੇਰੇ ਘਰ ਵਿਚ ਰਹਿੰਦਿਆਂ ਉਹ ਤੇ ਉਸ ਦੀ ਪਤਨੀ, ਦੋਵੇਂ ਵਾਰ-ਵਾਰ ਕਹਿੰਦੇ, "ਫ਼ਰਾਂਸ ਵਿਚ ਬੈਠੇ ਅਸੀਂ ਸਮਝਦੇ ਸਾਂ ਕਿ ਜਿਹੜਾ ਰਾਸ਼ਟਰ ਕਿਸੇ ਬਦੇਸੀ ਜਰਵਾਣੇ ਪਾਸੋਂ ਰਾਜਸੀ ਸੁਤੰਤਰਤਾ ਖੋਹ ਸਕਦਾ ਹੈ, ਉਸ ਦੇ ਰਾਸ਼ਟਰੀ ਗੌਰਵ ਦਾ ਸੇਕ ਆਰਥਿਕ ਤੇ ਸੱਭਿਆਚਾਰਕ ਗ਼ੁਲਾਮੀ ਦੇ ਸੰਗਲ ਪਿਘਲਾਉਣ ਵਿਚ ਦੇਰ ਨਹੀਂ ਲਾ ਸਕਦਾ। ਨਾਲੇ ਇਸ ਦੇਸ ਦੀ ਤਾਂ ਆਪਣੀ ਤਹਿਜ਼ੀਬ ਬੜੀ ਪੁਰਾਣੀ ਹੈ, ਇਸ ਲਈ ਆਰਥਿਕ ਤੇ ਸਭਿਆਚਾਰਕ ਗ਼ੁਲਾਮੀ ਨੂੰ ਕਿਸੇ ਵੀ ਭੇਖ ਵਿਚ ਬਰਦਾਸ਼ਤ ਕਰਨਾ ਏਥੋਂ ਦੇ ਲੋਕਾਂ ਲਈ ਔਖਾ ਹੋਵੇਗਾ। ਆਖ਼ਰ, ਇਹ ਕਿਵੇਂ ਹੋ ਸਕਦਾ ਹੈ ਕਿ ਜਿਹੜੇ ਦੇਸ ਦੇ ਲੋਕ ਆਪਣੇ ਸਰੀਰਾਂ ਉੱਤੇ ਕਿਸੇ ਗ਼ੈਰ ਰਾਸ਼ਟਰ ਦਾ ਛੱਪਾ ਸਹਿਣ ਨੂੰ ਤਿਆਰ ਨਹੀਂ, ਉਹ ਉਸੇ ਗ਼ੈਰ ਰਾਸ਼ਟਰ ਦੀ ਬੌਧਿਕ ਤੇ ਸਭਿਆਚਾਰਕ ਗ਼ੁਲਾਮੀ ਪਰਵਾਨ ਕਰਨ ਲਈ ਕਾਹਲੇ ਹੋਣ ? ਕੀ ਇਸ ਦੇਸ ਵਿਚ ਫ਼ਲਸਫ਼ੇ ਦਾ ਜਾਣੂੰ ਕੋਈ ਨਹੀਂ ਵੱਸਦਾ, ਜੋ ਸੱਚ ਦਾ ਨਾਅਰਾ ਮਾਰਦਾ ਹੋਵੇ ? ਕੀ ਕੋਈ ਸਮਾਜ-ਸ਼ਾਸਤਰੀ, ਕੋਈ ਸਿੱਖਿਆ-ਸ਼ਾਸਤਰੀ, ਕੋਈ ਮਨੋ-ਵਿਗਿਆਨੀ, ਕੋਈ ਬੁੱਧੀਮਾਨ ਅਜਿਹਾ ਨਹੀਂ ਜੋ ਆਪਣੇ ਦੇਸ ਨੂੰ ਝੰਜੋੜ ਕੇ ਸਚੇਤ ਕਰੇ ਕਿ ਦੇਸੀ ਸਿਖਿਆਰਥੀਆਂ ਲਈ ਬਦੇਸੀ ਮਾਧਿਅਮ ਜਾਰੀ ਕਰਨ ਦਾ ਮਤਲਬ ਇਹ ਹੈ ਕਿ ਬੱਚਿਆਂ ਦੇ ਅੰਦਰੋਂ ਜਿੱਥੋਂ ਕਿਤੋਂ ਵੀ ਅਰਥਾਂ, ਜਜ਼ਬਿਆਂ, ਇਹਸਾਸਾਂ, ਸੋਚਾਂ ਤੇ ਕਦਰਾਂ-ਕੀਮਤਾਂ ਦੀ ਉਤਪੱਤੀ ਹੁੰਦੀ ਹੈ, ਓਥੇ ਓਥੇ ਹੀ, ਧੁਰ ਅੰਦਰਵਾਰ ਦੇਸੀਪੁਣੇ ਨੂੰ ਭ੍ਰਿਸ਼ਟ ਕਰ ਦੇਣ ਵਾਲਾ ਬਦੇਸੀ ਘੁਣ ਵਾੜ ਦਿੱਤਾ ਗਿਆ ਹੈ ? ਕੀ ਕੋਈ ਮਸੀਹਾ ਨਹੀਂ ਜੋ ਇਸ ਦੇਸ-ਵਿਆਪੀ ਭਾਵੁਕ ਤੇ ਬੌਧਿਕ ਪ੍ਰਦੂਸ਼ਣ, ਬਲਕਿ ਘਾਣ ਦੇ ਵਿਰੁੱਧ ਆਪਣੀ ਆਵਾਜ਼ ਉੱਚੀ ਕਰੇ ਜਾਂ ਆਪਣੇ ਲੋਕਾਂ ਨੂੰ ਇਸ ਵਿਕਰਾਲ ਨਿਘਾਰ ਦੇ ਵਿਰੁੱਧ ਲਾਮਬੰਦ ਕਰੇ ? ਕੋਈ ਅੰਕੜਾ-ਸ਼ਾਸਤਰੀ ਅਜਿਹਾ ਨਹੀਂ, ਜੋ ਇਹ ਦੱਸੇ ਕਿ ਇਸ ਦੇਸ ਵਿਚ ਅੰਗਰੇਜ਼ੀ ਮਾਧਿਅਮ ਦੇ ਕਾਰਨ ਕਿੰਨੇ ਕਰੋੜ ਦੇਸਵਾਸੀਆਂ ਨੂੰ ਸਿੱਖਿਆ-ਪ੍ਰਾਪਤੀ ਦਾ ਕੰਮ ਅਧਵਾਟੇ ਛੱਡਣਾ ਪੈਂਦਾ ਹੈ ਜਾਂ ਕਿਵੇਂ ਇਸ ਦੀ ਹੋਂਦ ਕਾਰਨ ਦੇਸ ਦੀਆਂ ਉੱਚ ਪਦਵੀਆਂ ਕੇਵਲ ਮੁੱਠੀ ਭਰ ਸ਼ਹਿਰੀ ਧਨਾਢਾਂ ਦੇ ਬੱਚਿਆਂ ਦੀਆਂ ਝੋਲੀਆਂ ਵਿਚ, ਪੱਕੇ ਬੇਰਾਂ ਦੀ ਤਰ੍ਹਾਂ, ਆਪਣੇ ਆਪ ਆ ਡਿਗਦੀਆਂ ਹਨ ਅਤੇ ਕਰੋੜਾਂ ਕਿਰਤੀਆਂ, ਕਿਰਸਾਣਾਂ ਤੇ ਦਲਿਤਾਂ ਦੀ ਸੰਤਾਨ ਇਨ੍ਹਾਂ ਪਦਵੀਆਂ ਵੱਲ ਝਾਕ ਵੀ ਨਹੀਂ ਸਕਦੀ ? ਕੀ ਕੋਈ ਭਾਸ਼ਾ-ਵਿਗਿਆਨੀ ਇਹ ਦੱਸਣ ਵਾਲਾ ਨਹੀਂ ਹੈ ਕਿ ਭਾਸ਼ਾ, ਸਭਿਆਚਾਰ ਦੀ ਜੜ੍ਹ ਹੁੰਦੀ ਹੈ ਤੇ ਭਾਸ਼ਾ ਨਾਲੋਂ ਵਿਛੋੜਨ ਦਾ ਪੱਕਾ ਨਤੀਜਾ, ਸਭਿਆਚਾਰ ਤੇ ਸੰਸਕ੍ਰਿਤੀ ਦਾ ਵਿਗੋਚਾ ਹੁੰਦਾ ਹੈ ? ਹੈਰਾਨੀ ਦੀ ਗੱਲ ਹੈ ਕਿ ਸਾਰੇ ਦੇਸ ਵਿਚ ਇਕ ਵੀ ਰਾਜਨੀਤੱਗ ਅਜਿਹਾ ਨਹੀਂ ਤੇ ਨਾ ਕੋਈ ਰਾਜਨੀਤਿਕ ਦਲ ਹੈ, ਜੋ ਆਜ਼ਾਦ ਦੇਸ ਵਿਚ ਗ਼ੁਲਾਮ ਦਿਮਾਗ਼ ਪੈਦਾ ਕਰੀ ਜਾਣ ਵਾਲੀਆਂ ਫ਼ੈਕਟਰੀਆਂ, ਅਰਥਾਤ ਯੂਨੀਵਰਸਿਟੀਆਂ ਦੀ ਇਸ ਦੇਸ-ਧਰੋਹੀ ਕਾਰਸਤਾਨੀ ਵਿਰੁੱਧ ਅੰਦੋਲਨ ਕਰੇ ?"

## 4

ਡਾ. ਜ਼ਿਲਹ ਤੇ ਉਨ੍ਹਾਂ ਦੀ ਸੁਪਤਨੀ ਦੇ ਰੋਹੀਲੇ ਪ੍ਰਤਿਕਰਮ ਪੰਜਾਬ ਦੇ ਸਿੱਖਿਆ ਜਗਤ ਵਿਚ ਅੰਗਰੇਜ਼ੀ ਮਾਧਿਅਮ ਦੇ ਚੁਧਰੱਮੇ ਨੂੰ ਵੇਖ ਕੇ ਉਪਜੇ ਹਨ। ਅਖ਼ਬਾਰਾਂ ਵਿਚ ਅੰਗਰੇਜ਼ੀ ਮਾਧਿਅਮ ਵਾਲੇ ਨਰਸਰੀ ਸਕੂਲਾਂ ਦੇ ਵੱਡੇ ਵੱਡੇ ਇਸ਼ਤਿਹਾਰਾਂ, ਸ਼ਹਿਰਾਂ ਵਿਚ ਤਾਂ ਕਿਤੇ ਰਿਹਾ, ਪਿੰਡਾਂ ਵਿਚ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਦੇ ਛੱਟੇ ਤੇ ਯੂਨੀਵਰਸਿਟੀਆਂ ਵਿਚ ਸਾਰੇ [illegible] ਠੇਕੇਦਾਰੀ, ਉਨ੍ਹਾਂ ਦੇ ਸਾਹਮਣੇ [illegible]

WWW.SIKHBOOKCLUB.COM

ਪੰਜਾਬ ਦੇ ਸਿੱਖਿਆ ਦੇ ਖੇਤਰ ਵਿਚ ਪੰਜਾਬੀ ਤੋਂ ਛੁੱਟ ਕਿਸੇ ਵੀ ਹੋਰ ਮਾਧਿਅਮ ਵੱਲ ਮੇਰੀ ਬੇਮੁਖਤਾ ਨੇ ਵੀ ਸ਼ਾਇਦ ਕੁੱਝ ਹਿੱਸਾ ਪਾਇਆ ਹੋਵੇ ਤੇ ਹੋ ਸਕਦਾ ਹੈ ਕਿ ਫ਼ਰਾਂਸੀਸੀ ਮਨਾਂ ਵਿਚ, ਅੰਗਰੇਜ਼ੀ ਦੇ ਕੱਟੜ ਵਿਰੋਧ ਦੀ ਪਰੰਪਰਾ ਨੇ ਵੀ ਕੋਈ ਪ੍ਰਭਾਵ ਪਾਇਆ ਹੋਵੇ, ਪਰ ਮੈਂ ਉਨ੍ਹਾਂ ਦੇ ਪ੍ਰਤਿਕਰਮਾਂ ਨਾਲ ਓਦੋਂ ਵੀ ਹਿਤੋਂ-ਚਿਤੋਂ ਸਹਿਮਤ ਸਾਂ ਤੇ ਹੁਣ ਵੀ ਹਾਂ। ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ ਦਾ ਮੰਚ ਸੀ ਜਾਂ ਕੇਂਦਰੀ ਪੰਜਾਬੀ ਲੇਖਕ ਸਭਾ ਦਾ, ਯੂਨੀਵਰਸਿਟੀਆਂ ਦੀਆਂ ਵੱਖ ਵੱਖ ਅਕਾਦਮਿਕ ਸੱਥਾਂ ਸਨ ਜਾਂ ਸਰਕਾਰ ਦੇ ਮਹਿਕਮਿਆ ਦੇ ਸਲਾਹਕਾਰ ਬੋਰਡ, ਮੈਨੂੰ ਤਾਂ ਜਿੱਥੇ ਵੀ ਕਿਤੇ ਭਾਗ ਲੈਣ ਦਾ ਮੌਕਾ ਮਿਲਦਾ ਰਿਹਾ ਹੈ, ਮੈਂ ਇਹੀ ਜ਼ੋਰ ਪਾਉਂਦਾ ਆਇਆ ਹਾਂ ਕਿ ਅੰਗਰੇਜ਼ੀ ਨਾਲ ਸਾਡਾ ਕੋਈ ਵੈਰ ਨਹੀਂ, ਉਸ ਨੂੰ ਪੜ੍ਹੋ-ਪੜ੍ਹਾਓ, ਹੁਣ ਨਾਲੋਂ ਚੰਗੇਰੀਆਂ ਵਿਧੀਆਂ ਨਾਲ ਪੜ੍ਹਾਓ ਤਾਂ ਜੋ ਸਾਡੇ ਪਾੜ੍ਹੇ ਬਹੁਤੀ ਅੰਗਰੇਜ਼ੀ ਥੋੜੇ ਚਿਰ ਵਿਚ ਪੜ੍ਹਨ, ਬੋਲਣ ਤੇ ਲਿਖਣ ਜੋਗੇ ਹੋ ਸਕਣ, ਪਰ ਅੰਗਰੇਜ਼ੀ ਮਾਧਿਅਮ ਨਾਲ ਕਿਸੇ ਪੱਧਰ ਉੱਤੇ ਵੀ ਸਮਝੌਤਾ ਸੰਭਵ ਨਹੀਂ ਹੈ। ਇਸ ਲਈ ਇਸ ਦੀ ਸਫ਼ ਜਿੰਨੀ ਛੇਤੀ ਹੋ ਸਕੇ ਵਲ੍ਹੇਟ ਦਿਓ। ਹੁਣ, ਇਨ੍ਹਾਂ ਇਦਾਰਿਆਂ ਤੋਂ ਬਾਹਰ ਬੈਠਾ ਵੀ ਮੈਂ ਟਲਦਾ ਨਹੀਂ, ਕਿਉਂਕਿ ਪੰਜਾਬ ਦੇ ਬੱਚੇ, ਜੋ ਦੇਸ ਦੇ ਬੁੱਧੀਮਾਨ ਵਰਗ ਦਾ ਕੱਦਾਵਰ ਮੌਲਿਕ ਭਾਗ ਬਣ ਸਕਦੇ ਸਨ, ਕੇਵਲ ਅੰਗਰੇਜ਼ੀ ਮਾਧਿਅਮ ਦੇ ਦਬਾਉ ਜਬਰ ਕਰਕੇ ਦਿਮਾਗ਼ੀ ਤੇ ਸਭਿਆਚਾਰਕ ਬੌਣੇ ਬਣਦੇ ਮੇਰੇ ਪਾਸੋਂ ਵੇਖੇ ਨਹੀਂ ਜਾਂਦੇ। ਸਿੱਖਿਆ ਤੇ ਸਭਿਆਚਾਰ ਦੇ ਖੇਤਰਾਂ ਦੀ ਕਿਸੇ ਵੀ ਅਹੁਰ ਦਾ ਮੂਲ ਲੱਭਣ ਦਾ ਜਤਨ ਕਰੀਏ, ਸਾਡੀ ਭਾਲ ਸਾਨੂੰ ਬਹੁਤ ਛੇਤੀ ਅੰਗਰੇਜ਼ੀ ਮਾਧਿਅਮ ਉੱਤੇ ਜਾ ਖੜਾ ਕਰੇਗੀ। ਇਮਤਿਹਾਨਾਂ ਵਿਚ ਨਕਲ ਦੀ ਵਿਆਪਕਤਾ ਹੋਵੇ ਜਾਂ ਬਜ਼ਾਰੀ ਖੁਲਾਸਿਆਂ ਨੂੰ ਮੂਲ ਪੁਸਤਕਾਂ ਵਿਚ ਸਮਝਣ ਦੀ ਰੁਚੀ, ਆਪਣੇ ਆਪ ਨੂੰ ਕਿਸੇ ਵੀ ਭਾਸ਼ਾ ਵਿਚ ਸਪਸ਼ਟਤਾ ਤੇ ਸਰਲਤਾ ਨਾਲ ਨਾ ਪ੍ਰਗਟਾ ਸਕਣ ਵਾਲੀ ਕਸਰ ਹੋਵੇ ਜਾਂ ਕਿਸੇ ਵੀ ਮਸਲੇ ਦੀ ਗਹਿਰਾਈ ਤਕ ਨਾ ਜਾ ਸਕਣ ਦਾ ਸੁਭਾ, ਅੰਤਿਮ ਜ਼ਿੰਮੇਵਾਰੀ ਮਾਧਿਅਮ ਦੀ ਹੀ ਲੱਭੇਗੀ ਤੇ ਇਹ ਨਿਰਣਾ ਬਿਲਕੁਲ ਸੰਦੇਹ-ਮੁਕਤ ਹੈ। ਅੱਗੋਂ, ਆਪਣੇ ਸਭਿਆਚਾਰ, ਆਪਣੇ ਸਾਹਿੱਤ, ਆਪਣੇ ਲੋਕਯਾਨ, ਪੁਰਾਣ, ਮਹਾਕਾਵਾਂ, ਇਤਿਹਾਸ, ਕਲਾਵਾਂ ਵਾਲੇ ਵਿਰਸੇ—ਗੱਲ ਕੀ, ਆਪਣੀ ਦੇਸੀ ਮਿੱਟੀ ਦੀ ਸੁਗੰਧ ਤੇ ਬਹੁਤ ਹੱਦ ਤਕ ਵਿਜੋਗੇ ਹੋਏ ਬੇਜੜ੍ਹੇ, ਬੇਦਿਸ਼ਾਈ ਤੇ ਬੇ-ਮੁਰੱਵਤ ਨੌਜਵਾਨਾਂ ਦੀਆਂ ਨਿੱਤ-ਵਧਦੀਆਂ ਹੇੜਾਂ ਦੀ ਬੇਮੁਹਾਰਤਾ ਵਿਚ ਅੰਗਰੇਜ਼ੀ ਮਾਧਿਅਮ ਦਾ ਕਿੰਨਾ ਹੱਥ ਹੈ, ਇਸ ਦਾ ਨਿਰਣਾ ਮੈਂ ਆਪ ਉੱਤੇ ਛੱਡਦਾ ਹਾਂ।

5

ਜਦ ਅੰਗਰੇਜ਼ੀ ਮਾਧਿਅਮ ਕਰਕੇ, ਸਿੱਖਿਆ ਤੇ ਸਭਿਆਚਾਰ ਦੇ ਸਾਰੇ ਦੇ ਸਾਰੇ ਢਾਂਚੇ ਵਿਚ, ਬਲਕਿ ਸਮਾਜਿਕ ਵਿਹਾਰ ਵਿਚ ਗੰਭੀਰ ਵਿੰਗ-ਟੇਢ ਪੈਂਦੇ ਹੁੰਦੇ ਹੋਣ ਤਾਂ ਅਸੀਂ ਇਸ ਜ਼ਹਿਮਤ ਨੂੰ ਕਿਸ ਕਰਕੇ ਆਪਣੇ ਕੰਧਾੜੇ ਉੱਤੇ ਚੁੱਕੀ ਫਿਰੀਏ ? ਸੱਚੀ ਗੱਲ ਤਾਂ ਇਹ ਹੈ ਕਿ ਪੰਜਾਬ ਵਿਚ ਹੁਣ ਤਕ ਕਿਸੇ ਵੀ ਅਧਿਕਾਰੀ ਜਾਂ ਮੰਤਰੀ ਜਾਂ ਪਾਰਟੀ ਨੇ ਪਰਾਏ ਮਾਧਿਅਮ ਵਾਲੇ ਭੂਤ ਤੇ ਇਸ ਦੇ ਅਹਿਲਕਾਰਾਂ ਨੂੰ ਸੰਘੀਓਂ ਫੜਨ ਦੀ ਕੋਸ਼ਿਸ਼ ਨਹੀਂ ਕੀਤੀ। ਚੇਤਨਾ ਬਥੇਰਿਆਂ ਨੂੰ ਹੈ ਕਿ ਇਹ ਇਕ ਰੋਗ ਹੈ ਤੇ ਹੈ ਵੀ ਜਾਨ ਦਾ ਖਉ, ਇਸ ਲਈ ਇਸ ਤੋਂ ਛੁਟਕਾਰਾ ਪਾਉਣਾ ਜ਼ਰੂਰੀ ਹੈ, ਪਰ ਜਿਸ ਤਰ੍ਹਾਂ ਕਿਰਾਏ ਦੇ ਮਕਾਨ ਵਿਚ ਚਿਰ ਤੋਂ ਰਹਿਣ ਦੀ ਗੇੜ ਕਰਕੇ ਉਸ ਨਾਲ ਮੋਹ ਪਾ ਲੈਣ ਵਾਲੇ ਨੂੰ ਆਪਣਾ ਘਰ ਵੀ ਦੁਪਰਿਆਰਾ ਲੱਗਦਾ

WWW.SIKHBOOKCLUB.COM 

ਲੱਗ ਪੈਂਦਾ ਹੈ, ਇਸੇ ਤਰ੍ਹਾਂ ਸਾਡੇ ਅਗਰ-ਮਗਰਵਾਦੀ ਆਗੂਆਂ ਨੂੰ ਅਮਲੀ ਕਦਮ ਚੁੱਕਣ ਵੇਲੇ ਖੋਹ ਪੈਣ ਲਗ ਪੈਂਦੀ ਹੈ : ਇਹ ਗੋਰਾ ਮਾਧਿਅਮ ਨਾ ਰਿਹਾ ਤਾਂ ਫੇਰ ਸਾਡੇ ਕਾਲੇ ਲੋਕਾਂ ਦੇ ਬੱਚਿਆਂ ਦਾ ਕੀ ਬਣੂੰ ? ਇਨ੍ਹਾਂ ਦੀ ਅਨਿਸਚਿਤਤਾ ਤੋਂ ਲਾਭ ਉਠਾ ਕੇ ਸਿੱਖਿਆ ਦੇ ਖੇਤਰ ਦੇ ਕਈ ਘੜੰਮ-ਚੌਧਰੀ ਉੱਚੀ-ਉੱਚੀ ਸ਼ੋਰ ਮਚਾਉਣ ਲੱਗ ਪੈਂਦੇ ਹਨ : ਪੰਜਾਬੀ ਵਿਚ ਲੋੜੀਂਦੀ ਸ਼ਬਦਾਵਲੀ ਨਹੀਂ ਹੈ, ਪਾਠ-ਪੁਸਤਕਾਂ ਦੀ ਘਾਟ ਹੈ, ਸਹਾਇਕ ਤੇ ਹਵਾਲਾ-ਗ੍ਰੰਥਾਂ ਦੀ ਤੋਟ ਹੈ, ਵਿਸ਼ੇਗਤ ਰਿਸਾਲੇ ਨਹੀਂ ਮਿਲਦੇ ਤੇ ਯੋਗ ਅਧਿਆਪਕ ਵੀ ਕੋਈ ਨਹੀਂ। ਇਸ ਲਈ ਜੇ ਮਾਧਿਅਮ ਬਦਲ ਦਿੱਤਾ ਗਿਆ ਤਾਂ ਸਿੱਖਿਆ ਦੇ ਨਿਜ਼ਾਮ ਦੀਆਂ ਸਾਰੀਆਂ ਚੂਲਾਂ ਹਿੱਲ ਜਾਣਗੀਆਂ; ਮਿਆਰਾਂ ਦਾ ਭੱਠਾ ਬੈਠ ਜਾਵੇਗਾ; ਸਿੱਖਿਆ ਦੇ ਖੇਤਰ ਵਿਚ ਗ਼ਦਰ ਮੱਚ ਜਾਵੇਗਾ। ਅਜਿਹੀ ਹਾਲਤ ਵਿਚ ਇਸ ਸੱਪ ਨੂੰ ਹਰ ਪੰਜਾਬੀ ਬੱਚੇ ਦੇ ਗਲ ਵਿਚ ਪਾਈ ਰੱਖਣਾ ਸਾਡੀ ਮਜਬੂਰੀ ਹੈ। ਭਲਾ ਕੋਈ ਇਨ੍ਹਾਂ ਸਿਆਣਿਆਂ ਨੂੰ ਪੁੱਛੇ, "ਮਿਹਰਬਾਨੋ! ਸੱਚੀ ਸੱਚੀ ਦੱਸਿਓ ਕਿ ਪਾਠ-ਪੁਸਤਕਾਂ ਜਾਂ ਹਵਾਲਾ-ਗ੍ਰੰਥ ਵਰਤਣ ਵਾਲੇ ਵਿਦਿਆਰਥੀ, ਕੁੱਲ ਵਿਦਿਆਰਥੀਆਂ ਦਾ, ਕਿੰਨੇ ਫ਼ੀਸਦੀ ਭਾਗ ਹਨ ? ਮੈਡੀਕਲ ਜਾਂ ਇੰਜੀਨੀਅਰਿੰਗ ਕਾਲਜਾਂ ਵਿਚ ਕਿੰਨੇ ਪ੍ਰਤਿਸ਼ਤ ਪਾੜ੍ਹੇ, ਕਿੱਤੇ ਦੇ ਵਿਸ਼ੇਸ਼ ਰਿਸਾਲੇ ਪੜ੍ਹਨ ਦੀ ਖ਼ਾਤਰ ਲਾਇਬ੍ਰੇਰੀਆਂ ਵਿਚ ਬੈਠਦੇ ਹਨ ? ਕੀ ਤੁਹਾਨੂੰ ਪਤਾ ਹੈ ਕਿ ਅੱਜ ਵੀ ਅੰਗਰੇਜ਼ੀ ਮਾਧਿਅਮ ਵਾਲੇ ਮਜ਼ਮੂਨਾਂ ਦੇ ਸੌ ਵਿੱਚੋਂ ਪੰਜਾਹ ਅਧਿਆਪਕ ਆਪਣਾ ਅੱਧ-ਪਚੱਧ ਲੈਕਚਰ, ਟੁੱਟੀ-ਫੁੱਟੀ ਪੰਜਾਬੀ ਵਿਚ ਹੀ ਦੇਂਦੇ ਹਨ ? ਕੁੱਝ ਹੋਰ ਦੋਸਤ ਹਨ ਜੋ ਕਹਿੰਦੇ ਹਨ, ਹੁਣ ਅੰਗਰੇਜ਼ੀ ਦੀ ਕਿਰਪਾ ਨਾਲ ਅੰਤਰ-ਰਾਸ਼ਟਰੀ ਕਿੱਤਾ-ਮਾਰਕੀਟ ਵਿਚ ਸਾਡੇ ਜੁਆਨਾਂ ਦਾ ਚੰਗਾ ਮੁੱਲ ਪੈ ਜਾਂਦਾ ਹੈ। ਨਿਰੀ ਪੰਜਾਬੀ ਤਾਂ ਉਨ੍ਹਾਂ ਨੂੰ ਖੂਹ ਦੇ ਡੱਡੂ ਬਣਾ ਕੇ ਰੱਖ ਦੇਵੇਗੀ। ਫੇਰ, ਪੰਜਾਬੀ ਵਿਚ ਵੱਖ ਵੱਖ ਵਿਸ਼ਿਆਂ ਦੇ ਹਾਣ ਦੀ ਪ੍ਰਗਟਾਇਕ ਸਮਰੱਥਾ ਉੱਤੇ ਸ਼ੱਕ ਪ੍ਰਗਟਾਉਂਦਿਆਂ, ਮਾਧਿਅਮ-ਬਦਲੀ ਦੇ ਰਾਹ ਵਿਚ ਅੜਿੱਕਾ ਬਣਨ ਨੂੰ, ਪੰਜਾਬ ਉੱਤੇ ਉਪਕਾਰ ਦਾ ਨਾਂ ਦੇ ਕੇ, ਬੜੇ ਨਿੱਸਲ ਹੁੰਦੇ ਦੇਖੇ ਜਾਂਦੇ ਹਨ। ਅਸਲ ਰੋਗ ਤਾਂ ਅਜਿਹੇ ਨਜ਼ਰੀਏ ਵਾਲੇ ਲੋਕਾਂ ਦਾ ਉਹੀ ਹੈ—ਅੰਗਰੇਜ਼ੀ ਭਾਸ਼ਾ ਤੇ ਅੰਗਰੇਜ਼ੀ ਮਾਧਿਅਮ ਵਿਚ ਫ਼ਰਕ ਨਾ ਕਰ ਸਕਣਾ। ਇਸ ਲਈ ਮੈਂ ਇਸ ਸ਼੍ਰੇਣੀ ਦੇ ਇਤਰਾਜ਼ ਕਰਨ ਵਾਲਿਆਂ ਨੂੰ ਜਵਾਬ ਦੇਣਾ, ਖ਼ਾਸ ਕਰਕੇ ਛੋਟੀਆਂ ਜਮਾਤਾਂ ਦੀ ਹਾਲਤ ਵਿਚ, ਆਪਣਾ ਵਕਤ ਜ਼ਾਇਆ ਕਰਨਾ ਸਮਝਦਾ ਹਾਂ। ਜੇ ਮੈਨੂੰ ਬਦੇਸਾਂ ਵਿਚ ਜਾਣ ਦਾ ਮੌਕਾ ਨਾ ਮਿਲਿਆ ਹੁੰਦਾ ਤਾਂ ਖ਼ਬਰੇ ਮੈਂ ਢਿੱਲਾ ਹੋ ਜਾਂਦਾ ਤੇ ਅੰਤਰ-ਰਾਸ਼ਟਰੀ ਮਾਰਕੀਟ ਵਿਚ ਮੁੱਲ ਪੈਣ ਵਾਲੀ ਗੱਲ ਮੰਨ ਲੈਂਦਾ, ਪਰ ਯੂ.ਕੇ., ਯੂ.ਐਸ.ਏ. ਤੇ ਕੈਨੇਡਾ ਵਿਚ ਜਾ ਕੇ ਪਤਾ ਲੱਗਾ ਕਿ 1960 ਤਕ ਪੰਜਾਬੀ ਪਰਵਾਸੀਆਂ ਦੇ ਜਿਹੜੇ ਪੂਰਾਂ ਦੇ ਪੂਰ ਓਥੇ ਪਹੁੰਚਦੇ ਰਹੇ, ਉਨ੍ਹਾਂ ਵਿਚੋਂ ਬਹੁਤੇ ਅੰਗਰੇਜ਼ੀ ਤਾਂ ਕਿਤੇ ਰਹੀ, ਮੁੱਢਲੀ ਸਕੂਲੀ ਵਿਦਿਆ ਤੋਂ ਵੀ ਕੋਰੇ ਸਨ। ਓਥੇ ਜਾ ਕੇ ਉਨ੍ਹਾਂ ਨੇ ਹੱਡ-ਭੰਨ ਮਿਹਨਤ ਕੀਤੀ ਤੇ ਸਿਰਫ਼ ਡਾਲਰ ਹੀ ਨਹੀਂ ਕਮਾਏ, ਆਪਣੀਆਂ ਫ਼ੈਕਟਰੀਆਂ ਤੇ ਕੰਪਨੀਆਂ ਵਿਚ ਗੋਰੇ ਅੰਗਰੇਜ਼, ਅਮਰੀਕਨ ਤੇ ਕੈਨੇਡੀਅਨ, ਵੱਖ ਵੱਖ ਅਸਾਮੀਆਂ ਉੱਤੇ ਨੌਕਰ ਰੱਖ ਕੇ, ਉਨ੍ਹਾਂ ਪਾਸੋਂ ਉਹੋ ਜਿਹਾ ਕੰਮ ਲੈਂਦੇ ਰਹੇ, ਜਿਹੋ ਜਿਹਾ ਸਾਡੀਆਂ ਬੋਲੀਆਂ ਨਾ ਜਾਣਨ ਵਾਲੇ ਅੰਗਰੇਜ਼ ਦੇਸੀਆਂ ਕੋਲੋਂ ਲੈਂਦੇ ਹੁੰਦੇ ਸਨ। ਵੱਡੀ ਗੱਲ ਇਹ ਹੈ ਕਿ ਸਫਲਤਾ ਦੀ ਇਹ ਕਹਾਣੀ ਇੱਕੇ-ਦੁੱਕੇ ਉੱਤੇ ਨਹੀਂ, ਹਜ਼ਾਰਾਂ ਪੰਜਾਬੀ ਪਰਵਾਸੀ ਪਰਿਵਾਰਾਂ ਉੱਤੇ ਢੁਕਦੀ ਹੈ। ਇਕੱਲੇ ਕੈਲੇਫੋਰਨੀਆ ਵਿਚ ਹੀ ਇਸ ਤਰ੍ਹਾਂ ਦੇ ਕੋਈ ਦੋ ਦਰਜਨ ਵਤਨੀਆਂ ਨੂੰ ਤਾਂ ਮੈਂ ਖ਼ੁਦ ਵੀ ਮਿਲਿਆ ਸਾਂ। ਉਹ ਅਜੇ ਵੀ ਕਰੋੜਾਂ ਦੇ ਸੌਦੇ ਆਪਣੀ ਗੁਲਾਬੀ ਅੰਗਰੇਜ਼ੀ ਨਾਲ ਹੀ ਕਰਦੇ ਹਨ ਤੇ ਆਪਣੇ ਮਾਧਿਅਮ ਦੀ ਥੁੜ ਉੱਤੇ ਨਾ

WWW.SIKHBOOKCLUB.COM

ਉਨ੍ਹਾਂ ਨੂੰ ਕੋਈ ਸੰਗ ਆਉਂਦੀ ਹੈ ਤੇ ਨਾ ਉਨ੍ਹਾਂ ਵਿੱਚੋਂ ਕਿਸੇ ਨੂੰ ਗੋਰਿਆਂ ਨਾਲੋਂ ਕਿਸੇ ਤਰ੍ਹਾਂ ਹੀਣੇ ਜਾਂ ਘਟੀਆ ਹੋਣ ਵਰਗਾ ਇਹਸਾਸ ਹੀ ਤੰਗ ਕਰਦਾ ਹੈ। ਇਸ ਲਈ, ਮੇਰੇ ਸਿਆਣੇ ਵੀਰੋ! ਸਾਡੇ ਚੰਗੀ ਤਰ੍ਹਾਂ ਸਮਝਣ ਵਾਲਾ ਨੁਕਤਾ ਇਹ ਹੈ ਕਿ ਜੇ ਆਪਣੇ ਬੱਚਿਆ ਤੇ ਨੌਜਵਾਨਾਂ ਨੂੰ ਅੰਤਰ-ਰਾਸ਼ਟਰੀ ਮਾਰਕੀਟ ਵਿਚ ਚੰਗਾ ਮੁੱਲ ਪਵਾ ਸਕਣ ਦੇ ਜੋਗ ਬਣਾਉਣਾ ਹੈ ਤਾਂ ਅੰਗਰੇਜ਼ੀ ਬੇਸ਼ੱਕ ਜਿੰਨੀ ਮਰਜ਼ੀ ਪੜ੍ਹਾਈਏ, ਹੋਰ ਭਾਸ਼ਾਵਾਂ ਵੀ ਜਿੰਨੀਆਂ ਪੜ੍ਹਾਈਆ ਜਾ ਸਕਣ ਪੜ੍ਹਾਈਏ, ਪਰ ਅੰਗਰੇਜ਼ੀ ਮਾਧਿਅਮ ਨੂੰ ਜ਼ਰੂਰੀ ਬਣਾ ਕੇ ਉਨ੍ਹਾਂ ਦੇ ਸਮੇਂ, ਸ਼ਕਤੀ ਅਤੇ ਪ੍ਰਤਿਭਾ ਨੂੰ ਅਜਾਈਂ ਜਾਣ ਤੋਂ ਬਚਾਈਏ।

ਪੰਜਾਬੀ ਭਾਸ਼ਾ ਦੀ ਕਥਿਤ ਅਸਮਰੱਥਾ ਦੇ ਬਹਾਨੇ ਅੰਗਰੇਜ਼ੀ ਮਾਧਿਅਮ ਠੋਸੀ ਰੱਖਣ ਦਾ ਜਤਨ ਵੀ ਇਕ ਲੰਗੜਾ ਬਹਾਨਾ ਹੈ। ਅਸਮਰੱਥਾ ਭਾਸ਼ਾ ਦੀ ਨਹੀਂ, ਇਸ ਦੇ ਬੋਲਣ ਵਾਲਿਆਂ ਦੀ ਹੈ, ਇਸ ਲਈ ਇਹ ਮਿਹਣਾ ਦੇਣਾ ਹੀ ਹੈ ਤਾਂ ਪੰਜਾਬੀ ਭਾਸ਼ਾ ਨੂੰ ਨਹੀਂ, ਸਾਨੂੰ ਪੰਜਾਬੀ ਲੋਕਾਂ ਨੂੰ ਦੇਣਾ ਬਣਦਾ ਹੈ। ਹਰ ਭਾਸ਼ਾ ਦੀ ਸਮਰੱਥਾ ਵਰਤੋਂ ਨਾਲ ਬਣਦੀ ਹੈ ਤੇ ਬਣਾਉਂਦੇ ਹਨ ਉਸ ਭਾਸ਼ਾ ਨੂੰ ਬੋਲਣ ਤੇ ਲਿਖਣ ਵਾਲੇ। ਕੋਈ ਭਾਸ਼ਾ ਨਿਰੋਲ ਬਾਹਰਲੇ ਠੁੰਮ੍ਹਣਿਆਂ ਨਾਲ ਖੜੀ ਨਹੀਂ ਕੀਤੀ ਜਾ ਸਕਦੀ ਤੇ ਨਾ ਕੋਈ ਭਾਸ਼ਾ ਬਣੀ-ਬਣਾਈ, ਵਿਗਸੀ-ਵਿਗਸਾਈ ਅਰਸ਼ਾਂ ਤੋਂ ਉਤਰਦੀ ਹੈ। ਜਿਨ੍ਹਾਂ ਗੁਣਾਂ ਦੀ ਹੋਂਦ ਕਰਕੇ ਅਸੀਂ ਕਿਸੇ ਭਾਸ਼ਾ ਨੂੰ ਵਿਗਸਿਤ ਮੰਨਦੇ ਹਾਂ, ਉਨ੍ਹਾਂ ਸਾਰਿਆਂ ਦਾ ਪ੍ਰਵੇਸ਼, ਉਸ ਭਾਸ਼ਾ ਦੇ ਲਗਨ ਵਾਲੇ ਭਾਸ਼ੀਆਂ ਦੇ ਲਹੂ-ਪਸੀਨੇ ਨੇ ਹੀ, ਸੰਭਵ ਬਣਾਇਆ ਹੁੰਦਾ ਹੈ। ਪ੍ਰਸਿੱਧ ਅੰਗਰੇਜ਼ ਫ਼ਲਸਫ਼ੀ ਤੇ ਲੇਖਕ ਫ਼ਰਾਂਸਿਸ ਬੇਕਨ (1561-1626), ਜਿਸ ਨੂੰ ਗੁਜ਼ਰਿਆਂ ਅਜੇ ਤਿੰਨ ਸਦੀਆਂ ਤੇ ਚੌਂਹਠ ਵਰ੍ਹੇ ਹੀ ਹੋਏ ਹਨ, ਆਪਣੇ ਸਾਰੇ ਸ਼ਾਹਕਾਰ ਲਾਤੀਨੀ ਵਿਚ ਰਚਦਾ ਰਿਹਾ। ਅੰਗਰੇਜ਼ੀ ਵਿਚ ਤਾਂ ਉਸ ਨੇ ਜੋ ਕੁੱਝ ਲਿਖਿਆ, ਐਵੇਂ ਰਾਹ-ਜਾਂਦਿਆਂ ਹੀ ਲਿਖਿਆ। ਜਦੋਂ ਕਿਸੇ ਨੇ ਪੁੱਛਿਆ, "ਬੇਕਨ ਜੀ! ਤੁਸੀਂ ਆਪਣੀ ਮਾਂ-ਬੋਲੀ ਅੰਗਰੇਜ਼ੀ ਵਿਚ ਕਿਉਂ ਨਹੀਂ ਲਿਖਦੇ?" ਤਾਂ ਉਸ ਨੇ ਨੱਕ ਚਾੜ੍ਹਦਿਆਂ ਕਿਹਾ ਸੀ, "ਫ਼ਲਸਫ਼ੇ ਦੀ ਕਿਤਾਬ ਤੇ ਅੰਗਰੇਜ਼ੀ ਵਿਚ! ਅੰਗਰੇਜ਼ੀ ਵਰਗੀਆਂ ਐਰ-ਗ਼ੈਰ ਬੋਲੀਆਂ ਦਾ ਦਿਵਾਲਾ ਜੇ ਅੱਜ ਨਹੀਂ ਤਾਂ ਕੱਲ੍ਹ ਨਿਕਲਿਆ ਸਮਝੋ। ਮੇਰੀ ਮੱਤ ਤਾਂ ਨਹੀਂ ਮਾਰੀ ਹੋਈ ਜੋ ਲਾਤੀਨੀ ਦੀ ਥਾਂ ਅੰਗਰੇਜ਼ੀ ਦੀ ਸ਼ਰਨ ਲਵਾਂ।" ਫ਼ਰਾਂਸੀਸੀ ਲੋਕ, ਅੱਜ ਵੀ, ਅੰਗਰੇਜ਼ੀ ਨੂੰ ਫ਼ਰਾਂਸੀਸੀ ਦੇ ਨੇੜੇ-ਤੇੜੇ ਪਹੁੰਚੀ ਹੋਈ ਭਾਸ਼ਾ ਵੀ ਨਹੀਂ ਸਮਝਦੇ। ਜਰਮਨ ਲੋਕਾਂ ਨੂੰ ਆਪਣੀ ਭਾਸ਼ਾ ਦੀ ਯੋਗਤਾ, ਸਮਰੱਥਾ ਤੇ ਉੱਚਤਾ ਉੱਤੇ ਮਾਣ ਹੈ ਤੇ ਜਾਣਕਾਰਾਂ ਦਾ ਵਿਸ਼ਵਾਸ ਹੈ ਕਿ ਉਹ ਅੰਗਰੇਜ਼ੀ ਤੋਂ ਬਹੁਤ ਅੱਗੇ ਲੰਘੀ ਹੋਈ ਭਾਸ਼ਾ ਹੈ। ਪਰ ਇਤਿਹਾਸ ਨੇ ਸਾਡਾ ਵਾਹ ਅੰਗਰੇਜ਼ਾਂ ਨਾਲ ਪਾਇਆ ਤੇ ਮਕਾਲੇ ਨੇ ਅੰਗਰੇਜ਼ੀ ਮਾਧਿਅਮ ਨਾਲ। ਇਸ ਲਈ ਸਾਡੇ ਭਾਣੇ ਦੁਨੀਆ ਦੀ ਸਭ ਤੋਂ ਵਿਗਸੀ ਹੋਈ ਭਾਸ਼ਾ ਅੰਗਰੇਜ਼ੀ ਹੀ ਰਹੀ ਹੈ। ਅੰਗਰੇਜ਼ੀ, ਫ਼ਰਾਂਸੀਸੀ ਤੇ ਜਰਮਨ ਵਰਗੀਆਂ ਵਿਗਸਿਤ ਭਾਸ਼ਾਵਾਂ ਦਾ ਤਕਰੀਬਨ ਸਾਰਾ ਵਿਕਾਸ, ਪਿਛਲੀਆਂ ਤਿੰਨ ਚਾਰ ਸਦੀਆਂ ਦੇ ਵਿਚ ਵਿਚ ਹੀ ਹੋਇਆ ਹੈ ਤੇ ਜਿਹੜੀ ਪੰਜਾਬੀ ਨੂੰ ਅੱਜ ਪੱਛੜੀ ਹੋਈ ਤੇ ਆਧੁਨਿਕ ਗਿਆਨ ਦਾ ਭਾਰ ਚੁੱਕਣ ਦੇ ਨਾਕਾਬਲ ਦੱਸਿਆ ਜਾਂਦਾ ਹੈ, ਉਹ ਅੱਠ ਸਦੀਆਂ ਪਹਿਲਾਂ ਬੜੇ ਪ੍ਰਪੱਕ ਮੁਹਾਵਰੇ ਵਿਚ ਫ਼ਰੀਦੀ ਸੋਚ ਦਾ ਮਾਧਿਅਮ ਬਣਨ ਲਈ ਸਮਰੱਥਾਵਾਨ ਸਮਝੀ ਗਈ ਸੀ। ਬੁਲਾਰਿਆਂ ਦੀ ਗਿਣਤੀ ਦੇ ਲਿਹਾਜ ਨਾਲ ਵੀ ਇਸ ਦਾ ਨੰਬਰ ਦੁਨੀਆ ਦੀਆਂ ਪਹਿਲੀਆਂ ਬਾਰ੍ਹਾਂ-ਤੇਰ੍ਹਾਂ ਭਾਸ਼ਾਵਾਂ ਵਿਚ ਆ ਜਾਂਦਾ ਹੈ। ਫੇਰ ਵੀ ਅਸੀਂ ਆਪਣੀ ਪੰਜਾਬੀ ਉੱਤੇ 'ਅਯੋਗਤਾ' ਜਾਂ 'ਅਸਮਰੱਥਾ' ਦਾ ਦੋਸ਼ ਲਾ ਕੇ, ਇਸ ਨੂੰ ਆਪਣੇ ਬੱਚਿਆਂ ਤੇ ਨੌਜਵਾਨਾਂ ਦੀ ਸਿੱਖਿਆ ਦੇ ਕਾਰਜ-ਕ੍ਰਮ ਤੋਂ ਬਾਹਰਵਾਰ ਰੱਖਦੇ

WWW.SIKHBOOKCLUB.COM Page 136

ਲੋਚੀਏ ਤਾਂ ਕਿਹੜਾ ਮਨੋਵਿਗਿਆਨੀ, ਭਾਸ਼ਾ-ਸ਼ਾਸਤਰੀ ਜਾਂ ਸਿੱਖਿਆ-ਸ਼ਾਸਤਰ ਦਾ ਮਾਹਰ ਇਹ ਕਹੇਗਾ ਕਿ ਦੋਸ਼ ਪੰਜਾਬੀ ਭਾਸ਼ਾ ਵਿਚ ਹੈ ? ਫ਼ਿਰਕੂਪੁਣੇ, ਸੰਕੀਰਣਤਾ ਜਾਂ ਅਗਿਆਨ ਦੇ ਪੜਦੇ ਸਾਡੀਆਂ ਆਪਣੀਆਂ ਅੱਖਾਂ ਉੱਤੇ ਪਏ ਹੋਏ ਹਨ, ਪੰਜਾਬੀ ਉੱਤੇ ਨਹੀਂ। ਇਹ ਤਾਂ ਉਹੀ ਭਾਸ਼ਾ ਹੈ, ਜਿਸ ਵਿਚ ਗੁਰੂ ਨਾਨਕ ਦੇਵ, ਭਾਈ ਗੁਰਦਾਸ, ਸੱਯਦ ਵਾਰਿਸ ਸ਼ਾਹ ਤੇ ਪ੍ਰੋ. ਪੂਰਨ ਸਿੰਘ ਦੇ ਭਾਵ-ਪ੍ਰਭਾਵ ਵਿਅਕਤ ਕਰਨ ਦੀ ਸਮਰੱਥਾ ਮੌਜੂਦ ਸੀ। ਜਦੋਂ ਸਰ ਮੁਹੰਮਦ ਇਕਬਾਲ ਇਸ ਨੂੰ ਆਪਣੀ ਕਾਵਿ-ਰਚਨਾ ਦੇ ਮਾਧਿਅਮ ਵਜੋਂ ਅਜ਼ਮਾਇਸ਼ ਦਾ ਇਕ ਵੀ ਮੌਕਾ ਦੇਣ ਨੂੰ ਤਿਆਰ ਨਾ ਹੋਵੇ, ਪਰ ਕਰਨਲ ਭੋਲਾ ਨਾਥ ਅੱਗੇ ਇਸ ਦੀ 'ਅਸਮਰੱਥਾ' ਦਾ ਰੋਣਾ ਰੋਣ ਨੂੰ ਤਿਆਰ ਹੋਵੇ, ਤਾਂ ਉਸ ਦੀ ਦਲੀਲ ਉੱਤੇ ਬੇਇਤਬਾਰੀ ਹੋਣੀ ਸੁਭਾਵਿਕ ਹੈ।

ਪੰਜਾਬੀ ਭਾਸ਼ਾ ਸਮਰੱਥ ਹੈ, ਜਿਹੜੀ ਜਿਹੜੀ ਕਸਰ ਲਗਦੀ ਹੈ, ਉਹ ਇਸ ਨੂੰ ਵਰਤੋਂ ਵਿਚ ਨਾ ਲਿਆਉਣ ਕਰਕੇ ਵਾਪਰ ਗਈ ਹੈ। ਵਰਤੋਂ ਵਿਚ ਲਿਆਉਣ ਨਾਲ ਹਰ ਕਸਰ ਦੂਰ ਕੀਤੀ ਜਾ ਸਕਦੀ ਹੈ। ਮਿਸਾਲ ਵਜੋਂ, ਪੇਂਡੂ ਪੰਜਾਬ ਦਾ ਵੱਡਾ ਕਿੱਤਾ ਖੇਤੀ ਹੈ ਤੇ ਪੇਂਡੂ ਪੰਜਾਬੀਆਂ ਦੇ ਪ੍ਰਗਟਾਵੇ ਦਾ ਇੱਕੋ ਇੱਕ ਮਾਧਿਅਮ ਪੰਜਾਬੀ ਹੈ। ਜਿਨ੍ਹਾਂ ਸ਼ਹਿਰੀਆਂ ਨੂੰ ਨਹੀਂ ਪਤਾ, ਉਹ ਆਪ ਜਾ ਕੇ ਵੇਖ-ਪਰਖ ਸਕਦੇ ਹਨ ਕਿ ਖੇਤੀ ਦੇ ਇਕ ਇਕ ਪੱਖ, ਇਕ ਇਕ ਸੰਦ, ਸੰਦਾਂ ਦੇ ਇਕ ਇਕ ਭਾਗ, ਭੋਇੰ ਦੀ ਇਕ ਇਕ ਕਿਸਮ, ਇਕ ਇਕ ਫ਼ਸਲ, ਜੜ੍ਹੀਆਂ-ਬੂਟੀਆਂ ਤਾਂ ਛੱਡੋ, ਘਾਹ ਦੀ ਇਕ ਇਕ ਵੰਨਗੀ, ਇਕ ਇਕ ਤਿੜ—ਗੱਲ ਕੀ, ਉਪਜਾਉਣ ਦੀ ਕ੍ਰਿਆ ਨਾਲ ਸੰਬੰਧਿਤ ਹਰ ਨਿੱਕੀ-ਵੱਡੀ ਵਸਤ ਤੇ ਕ੍ਰਿਆ ਲਈ ਵੱਖ ਵੱਖ ਸ਼ਬਦ ਮੌਜੂਦ ਹਨ। ਇਹੀ ਨਹੀਂ, ਵਰਤੋਂ ਵਿਚ ਆ ਰਹੀਆਂ ਨਵੀਆਂ ਕਾਢਾਂ, ਨਵੇਂ ਸੰਦਾਂ, ਨਵੀਆਂ ਦਵਾਈਆਂ ਤੇ ਜੁਗਤਾਂ ਲਈ ਸਾਡੀ ਕਿਰਸਾਣੀ, ਨਵੇਂ ਸ਼ਬਦ ਉਧਾਰ ਲੈ ਕੇ, ਇਨ੍ਹਾਂ ਨੂੰ ਆਪਣੇ ਉੱਚਾਰਣ ਅਨੁਸਾਰ ਢਾਲ ਕੇ, ਮੌਜੂਦ ਸ਼ਬਦ ਵਿਚ ਨਵੇਂ ਅਰਥ ਭਰ ਕੇ ਜਾਂ ਅਸਲੋਂ ਨਵੀਆਂ ਘਾੜਤਾਂ ਘੜ ਕੇ, ਆਪਣੇ ਆਪ ਨੂੰ ਤੇ ਆਪਣੇ ਨਾਲ ਆਪਣੇ ਪ੍ਰਗਟਾਇਕ ਮਾਧਿਅਮ, ਅਰਥਾਤ ਪੰਜਾਬੀ ਨੂੰ, ਖੇਤੀ ਦੇ ਅੱਜ ਦੇ ਨਵੀਨਤਮ ਗਿਆਨ ਨਾਲ ਸੰਪੰਨ ਕਰਦੀ ਆ ਰਹੀ ਹੈ। ਕੀ ਇਨ੍ਹਾਂ ਲੋਕਾਂ ਤੋਂ ਸਾਡੇ ਵਿਦਵਾਨ, ਜੋ ਗਿਆਨ ਦੇ ਭੰਡਾਰੀ ਹਨ ਤੇ ਜਿਨ੍ਹਾਂ ਪਾਸ ਭਾਸ਼ਾ ਦੀਆਂ ਲੋੜਾਂ ਪੂਰੀਆਂ ਕਰਨ ਦੇ ਸਾਧਨ, ਸਾਡੇ ਪੇਂਡੂ ਭਰਾਵਾਂ ਨਾਲੋਂ ਕਿਤੇ ਵੱਧ ਮੌਜੂਦ ਹਨ, ਭਾਸ਼ਾ ਦੀ ਥੁੜ ਪੂਰੀ ਕਰਨ ਬਾਰੇ ਕੋਈ ਸਬਕ ਨਹੀਂ ਸਿੱਖ ਸਕਦੇ ? ਕੀ ਅਜੇ ਵੀ ਉਹ ਇਹੀ ਰੱਟ ਲਾਈ ਜਾਣਗੇ ਕਿ ਪੰਜਾਬੀ ਵਿਚ ਕਿਉਂਕਿ ਨਵਾਂ ਗਿਆਨ ਹਜ਼ਮ ਕਰਨ ਜਾਂ ਪਰੋਸਣ ਦੀ ਸਮਰੱਥਾ ਨਹੀਂ ਹੈ, ਇਸ ਲਈ ਪੰਜਾਬੀ ਬੋਲਣ ਵਾਲੇ ਬੱਚਿਆਂ ਤੇ ਨੌਜਵਾਨਾਂ ਲਈ ਓਨਾ ਚਿਰ ਹਰ ਉਚੇਰੇ ਗਿਆਨ ਦੇ ਦਰਵਾਜ਼ੇ ਬੰਦ ਰੱਖੇ ਜਾਣ, ਜਿੰਨਾ ਚਿਰ ਉਹ ਅੰਗਰੇਜ਼ੀ ਦੀ ਚਾਬੀ ਨਹੀਂ ਲੈ ਆਉਂਦੇ ? ਉਹ ਇਹ ਵੀ ਭੁੱਲ ਜਾਂਦੇ ਹਨ ਕਿ ਸਾਡੀਆਂ ਯੂਨੀਵਰਸਿਟੀਆਂ, ਸੰਘਰਸ਼ ਦੀ ਦਾਬ ਹੇਠ ਆ ਕੇ, ਬੀ.ਏ. ਤਕ ਦੇ ਜਿਨ੍ਹਾਂ ਵਿਸ਼ਿਆਂ ਵਿਚ, ਅੱਧ-ਪਚੱਧੇ ਮਨ ਨਾਲ, ਪੰਜਾਬੀ ਮਾਧਿਅਮ ਵਰਤਣ ਦੀ ਖੁੱਲ੍ਹ ਦੇ ਬੈਠੀਆਂ ਸਨ, ਉਨ੍ਹਾਂ ਵਿਸ਼ਿਆਂ ਵਿਚ, ਆਪਣੇ ਆਪ ਨੂੰ ਤਸੱਲੀਬਖ਼ਸ਼ ਢੰਗ ਨਾਲ ਪ੍ਰਗਟਾ ਸਕਣ ਵਾਲੇ ਪਰੀਖਿਆਰਥੀਆਂ ਦੀ ਮਾਤਰਾ, ਹਰ ਵਰ੍ਹੇ, ਅੱਗੇ ਨਾਲੋਂ ਵਧਦੀ ਜਾਂਦੀ ਹੈ। ਇਹ ਅਨੁਭਵ ਉਨ੍ਹਾਂ ਪਰੀਖਿਅਕਾਂ ਦਾ ਹੈ ਜਿਨ੍ਹਾਂ ਨੂੰ ਪਰਚੇ ਧਿਆਨ ਨਾਲ ਵੇਖਣ ਦੀ ਆਦਤ ਹੈ ਤੇ ਜੋ [illegible] ਲਾਈ ਬੈਠੇ ਹਨ।

WWW.SIKHBOOKCLUB.COM

## 6

ਸੋ ਮੇਰੀ ਬੇਨਤੀ ਹੈ ਕਿ ਆਪਾਂ ਪਹਿਲ ਪੰਜਾਬੀ ਦੀ ਯੋਗਤਾ ਤੇ ਸਮਰੱਥਾ ਨੂੰ ਨਾ ਦੇਈਏ ਬਲਕਿ ਇਸ ਭਾਸ਼ਾ ਨੂੰ ਵਰਤੋਂ ਵਿਚ ਲਿਆਉਣ ਵਾਲੇ ਵੱਧ ਤੋਂ ਵੱਧ ਮੌਕੇ ਮੁਹੱਈਆ ਕਰਨ ਨੂੰ ਦੇਈਏ, ਫੇਰ ਵੇਖਣਾ ਇਸ ਭਾਸ਼ਾ ਵਿਚ ਉਂਗਲ ਦੇ ਪੋਟੇ ਕੁ ਜਿੱਡੀ ਛਾਲ ਤੋਂ ਸਲਭ ਜਿੱਡੀ ਛਾਲ ਮਾਰਨ ਦੀ ਸੱਤਿਆ, ਕਿੰਨੀ ਛੇਤੀ ਆਉਂਦੀ ਹੈ। ਜਿਸ ਤਰ੍ਹਾਂ ਅਸੀਂ ਅੰਗਰੇਜ਼ੀ ਨੂੰ ਜ਼ਬਰਦਸਤੀ ਉਚੇਰੀ ਸਿੱਖਿਆ ਦਾ ਇਕ-ਮਾਤਰ ਮਾਧਿਅਮ ਬਣਾਈ ਰੱਖਿਆ ਹੈ, ਉਸੇ ਤਰ੍ਹਾਂ ਪੰਜਾਬ ਵਿਚ ਪੰਜਾਬੀ ਨੂੰ ਇਕ-ਮਾਤਰ ਮਾਧਿਅਮ ਬਣਨ ਦਿਓ, ਫੇਰ ਪੰਜਾਬ ਦੀ ਅੰਗਰੇਜ਼ੀ ਮਾਧਿਅਮ ਦੇ ਭਾਰ ਥੱਲੇ ਮੂਰਛਿਤ ਹੋਈ ਪ੍ਰਤਿਭਾ ਅੰਗੜਾਈ ਲੈ ਕੇ ਜਾਗ ਉੱਠੇਗੀ। ਕੌਣ ਨਹੀਂ ਜਾਣਦਾ ਕਿ ਸੁਣ-ਸੁਣਾ ਕੇ, ਪੜ੍ਹ-ਪੜ੍ਹਾ ਕੇ ਜਾਂ ਵੇਖ-ਵਿਖਾ ਕੇ, ਸਖ਼ਤ ਤੀਬਰ ਇੱਛਾ ਹੋਣ ਦੇ ਬਾਵਜੂਦ, ਕੋਈ ਇੱਛਕ, ਸੁੱਕੇ ਟੋਭੇ ਵਿਚ ਤਾਰੀ ਲਾਉਣੀ ਨਹੀਂ ਸਿੱਖ ਸਕਦਾ। ਤਾਰੀ ਲਈ ਤਾਂ ਭਰੇ ਟੋਭੇ ਵਿਚ ਹੱਥ ਪੈਰ ਮਾਰਨ, ਗੰਦਾ ਪਾਣੀ ਅੰਦਰ ਲੰਘਾਉਣ ਤੇ ਗੋਤੇ ਖਾਣ ਦੀ ਲੋੜ ਹੁੰਦੀ ਹੈ। ਇਹ ਕੁੱਝ ਕੀਤੇ ਬਿਨਾਂ ਤਾਰੂ ਬਣਨ ਦੇ ਸੁਫ਼ਨੇ ਲੈਣਾ, ਬੇਕਾਰ ਹੈ। ਕੰਢੇ ਉੱਤੇ ਖੜਾ ਕੋਈ ਵੀ ਸਿਆਣਾ ਬੰਦਾ, ਸਿਖਾਂਦਰੂ ਦੀਆਂ ਝੱਲ-ਵਲੱਲੀਆਂ ਹਰਕਤਾਂ ਉੱਤੇ ਮਿਹਣਾ ਨਹੀਂ ਮਾਰਦਾ ਤੇ ਨਾ ਉਸ ਪੜਾ ਦੀ ਤਾਰੀ ਨੂੰ ਉਸ ਦੀ ਅੰਤਿਮ ਪ੍ਰਾਪਤੀ ਮੰਨ ਕੇ ਉਸ ਦੀਆਂ ਥੁੜਾਂ ਨੂੰ ਆਪਣੀਆਂ ਚੋਭਾਂ ਦਾ ਨਿਸ਼ਾਨਾ ਬਣਾਉਣ ਤੇ ਉਸ ਦੀ ਸਿਖਲਾਈ ਉੱਤੇ ਬੰਦਸ਼ ਲਾਉਣ ਦੀ ਸਿਫ਼ਾਰਸ਼ ਕਰਨ ਤੁਰ ਜਾਂਦਾ ਹੈ, ਕਿਉਂਕਿ ਉਸ ਨੂੰ ਪਤਾ ਹੁੰਦਾ ਹੈ ਕਿ ਜਦੋਂ, ਅਭਿਆਸ ਪਿੱਛੋਂ, ਇਹ ਮਨਤਾਰੂ, ਤਰਨਾ ਸਿਖ ਗਿਆ, ਤਾਂ ਇਸੇ ਨੇ ਮੱਛੀ ਵਾਂਗ, ਪਾਣੀ ਚੀਰਦੇ ਜਾਣਾ ਹੈ। ਨਿਆਂ ਦੀ ਮੰਗ ਹੈ ਕਿ ਪੰਜਾਬੀ ਮਾਧਿਅਮ ਪਾਸੋਂ ਸਿਖਾਂਦਰੂਆਂ ਵਾਲੇ ਹੱਕ ਨਾ ਖੋਹੇ ਜਾਣ। ਇਹ ਨਾ ਕਿਹਾ ਜਾਵੇ, ਕਿ ਪਹਿਲਾਂ ਤਰਨਾ ਸਿੱਖ ਕੇ ਫੇਰ ਹੀ ਟੋਭੇ ਵਿਚ ਪੈਰ ਧਰਨ ਦੀ ਆਗਿਆ ਮਿਲੇਗੀ। ਇਸ ਭਾਸ਼ਾ ਨੂੰ ਉਚੇਰੇ ਗਿਆਨ ਦੇ ਪ੍ਰਗਟਾਵੇ ਵਾਲੇ ਇਮਤਿਹਾਨ ਵਿਚ ਪੈਣ ਦਿਓ, ਸਾਰੇ ਅਨਾੜੀਆਂ ਵਾਂਗ ਇਹ ਵੀ ਵਲਾਯੋੜ ਜਿਹੇ ਢੰਗ ਨਾਲ ਹੱਥ ਪੈਰ ਮਾਰੇਗੀ—ਮਾਰਨ ਦਿਓ, ਗੰਦਾ ਪਾਣੀ ਅੰਦਰ ਲੰਘਾਏਗੀ, ਲੰਘਾਉਣ ਦਿਓ, ਗੋਤੇ ਵੀ ਖਾਏਗੀ, ਖਾਣ ਦਿਓ, ਕਦੀ ਕਦੀ ਹਾਰ-ਹੁੱਟ ਕੇ ਇਹ ਵੀ ਕਹੇਗੀ ਕਿ ਤਰਨਾ ਮੇਰੇ ਵੱਸ ਦਾ ਰੋਗ ਨਹੀਂ ਹੈ, ਉਸ ਵੇਲੇ ਸਾਡਾ ਸਭ ਦਾ ਫ਼ਰਜ਼ ਹੋਵੇਗਾ, ਉਸ ਨੂੰ ਹਲਾਸ਼ੇਰੀ ਦੇਣੀ, ਹਰ ਸੰਭਵ ਤਰੀਕੇ ਨਾਲ ਉਸ ਦਾ ਦਿਲ ਰੱਖਣਾ, ਨਾ ਕਿ ਅਯੋਗਤਾ ਤੇ ਅਸਮਰੱਥਾ ਦੇ ਦਬਕੇ ਮਾਰ ਮਾਰ ਕੇ ਤੇ ਡੁੱਬ ਜਾਣ ਦੇ ਡਰਾਵੇ ਦੇ ਦੇ ਕੇ ਟੋਭੇ ਵਾਲੇ ਪਾਸੇ ਉਸ ਦਾ ਜਾਣਾ ਬੰਦ ਕਰਨਾ। ਅੱਜ ਜਿਸ ਕਿਸੇ ਨੇ ਪੰਜਾਬੀ ਭਾਸ਼ਾ ਦੀ ਸਮਰੱਥਾ ਬਾਰੇ ਕੋਈ ਰਾਏ ਕਾਇਮ ਕਰਨੀ ਹੈ, ਉਹ ਮਨਤਾਰੂਆਂ ਤੇ ਸਿਖਾਂਦਰੂਆਂ ਦੀ ਲਿਖਤ ਨੂੰ ਨਮੂਨਾ ਮੰਨ ਕੇ ਨਹੀਂ, ਪ੍ਰਬੀਨ ਵਿਸ਼ੇਸ਼ੱਗਾਂ ਤੇ ਸਰਬੋਤਮ ਲੇਖਕਾਂ ਦੀਆਂ ਪ੍ਰਾਪਤੀਆਂ ਨੂੰ ਸਾਹਮਣੇ ਰੱਖ ਕੇ ਕਰੇ ਤੇ ਨਾਲ ਹੀ ਵੇਖੇ ਉਨ੍ਹਾਂ ਖੇਤਰਾਂ ਵਿਚ ਇਸ ਦੀ ਕਾਰਗੁਜ਼ਾਰੀ, ਜਿਨ੍ਹਾਂ ਵਿਚ ਸਰਕਾਰ ਤੇ ਵਿਦਵਾਨਾਂ ਦੀ ਸਰਪ੍ਰਸਤੀ ਦੀ ਭਾਵੇਂ ਅਣਹੋਂਦ ਰਹੀ ਹੈ, ਪਰ ਜਨ-ਸਾਧਾਰਨ ਵੱਲੋਂ ਮਾਧਿਅਮ ਵਜੋਂ ਵਰਤਣ ਦੇ ਭਰਪੂਰ ਮੌਕੇ ਮਿਲਦੇ ਰਹੇ।

## 7

ਆਸ ਹੈ ਮੈਂ ਚੰਗੀ ਤਰ੍ਹਾਂ ਸਪਸ਼ਟ ਕਰ ਚੁੱਕਿਆ ਹਾਂ ਕਿ ਮੈਂ ਪੰਜਾਬ ਵਿਚ ਅੰਗਰੇਜ਼ੀ ਦੀ ਥਾਂ ਪੰਜਾਬੀ ਮਾਧਿਅਮ ਦਾ ਚਕਰਵਰਤੀ ਰਾਜ ਵਰਤਾਉਣ ਲਈ ਬਹੁਤ ਕਾਹਲਾ ਹਾਂ ਤੇ

WWW.SIKHBOOKCLUB.COM Page 138

ਇਸ ਦੀਆਂ ਥੁੜਾਂ ਤੇ ਘਾਟਾਂ ਦਾ ਸ਼ੋਰ ਮਚਾ ਕੇ ਪਿਛਲੀ ਹਾਲਤ ਨੂੰ ਜਾਰੀ ਰੱਖਣ ਦੇ ਹੱਕ ਵਿਚ ਕਤੱਈ ਨਹੀਂ ਹਾਂ। ਪਰ, ਇਸ ਦਾ ਇਹ ਮਤਲਬ ਨਹੀਂ ਕਿ ਮੈਂ ਪਰਿਭਾਸ਼ਿਕ ਸ਼ਬਦਾਵਲੀਆਂ, ਪਾਠ-ਪੁਸਤਕਾਂ ਜਾਂ ਅਧਿਆਪਕਾਂ ਦੀ ਸਿਖਲਾਈ ਵਰਗੇ ਕਾਰਜਾਂ ਦਾ ਵਿਰੋਧ ਕਰਦਾ ਹਾਂ। ਇਹੋ ਜਿਹੇ ਕੰਮ ਤਾਂ ਭਾਸ਼ਾਵਾਂ ਦੀ ਆਮ ਉੱਨਤੀ ਲਈ ਕੀਤੇ ਹੀ ਜਾਂਦੇ ਹਨ, ਪਰ ਇਨ੍ਹਾਂ ਸਾਧਨਾਂ ਦੀ ਥੁੜ ਦੇ ਬਹਾਨੇ ਨਾਲ ਮਾਧਿਅਮ-ਬਦਲੀ ਦੇ ਕੰਮ ਵਿਚ ਰੁਕਾਵਟ ਨਹੀਂ ਪੈਣੀ ਚਾਹੀਦੀ। ਬਦਲੀ ਨਾਲ ਸਗੋਂ ਇਨ੍ਹਾਂ ਥੁੜਾਂ ਦੀ ਪੂਰਤੀ ਛੇਤੀ ਹੋਵੇਗੀ, ਵਰਨਾ ਪੂਰੇ ਵੀਹਾਂ ਵਰ੍ਹਿਆਂ ਤੋਂ ਪੰਜਾਬ ਰਾਜ ਯੂਨੀਵਰਸਿਟੀ ਪਾਠ-ਪੁਸਤਕ ਬੋਰਡ, ਜਿਸ ਦੇ ਮਿਹਰਬਾਨ ਸੱਦੇ ਉੱਤੇ ਆਪਾਂ ਸਾਰੇ ਏਥੇ ਇਕੱਠੇ ਹੋਏ ਹਾਂ, ਪੰਜਾਬੀ ਵਿਚ ਪਾਠ-ਪੁਸਤਕਾਂ ਤਿਆਰ ਕਰਨ ਵਿਚ ਰੁੱਝਿਆ ਹੋਇਆ ਹੈ, ਕੀ ਇਸ ਦੀ ਘਾਲ ਕਿਸੇ ਯੂਨੀਵਰਸਿਟੀ ਨੂੰ ਮਾਧਿਅਮ-ਬਦਲੀ ਲਈ ਪ੍ਰੇਰ ਸਕੀ ਹੈ? ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਇੰਜੀਨੀਅਰੀ, ਚਿਕਿਤਸਾ, ਫ਼ਿਜ਼ਿਕਸ ਤੇ ਕੈਮਿਸਟਰੀ ਵਰਗੇ ਵਿਗਿਆਨਿਕ ਵਿਸ਼ਿਆਂ ਉੱਤੇ ਵਿਸ਼ੇਸ਼ ਰਿਸਾਲੇ ਛਾਪਣੇ ਸ਼ੁਰੂ ਕੀਤੇ ਸਨ, ਪਰ ਲਾਗਤ ਨਾ ਹੋਣ ਕਰਕੇ ਬੰਦ ਕਰਨੇ ਪੈ ਗਏ। ਪਾਠ-ਪੁਸਤਕ ਬੋਰਡ ਦੀਆਂ ਪਾਠ-ਪੁਸਤਕਾਂ ਦਾ ਜਾਇਜ਼ਾ ਲਿਆ ਜਾਵੇ ਤਾਂ ਏਥੇ ਵੀ ਸ਼ਾਇਦ ਲੱਖਾਂ ਰੁਪੈ ਦੇ ਛਪੇ ਹੋਏ ਪੁਸਤਕ-ਭੰਡਾਰ ਤਾਲਾਬੰਦ ਹੋਏ ਮਿਲ ਜਾਣ। ਇਹ ਉਦਾਹਰਣ ਮੇਰੇ ਮਤ ਦਾ ਸਮਰਥਨ ਕਰਦੇ ਹਨ ਕਿ ਮਾਧਿਅਮ-ਬਦਲੀ ਲਈ ਪਾਠ-ਪੁਸਤਕਾਂ ਜਾਂ ਕਿਸੇ ਹੋਰ ਸਾਮੱਗਰੀ ਦੀ ਹੋਂਦ ਵਾਲੀ ਸ਼ਰਤ ਪਹਿਲਾਂ ਲਾਉਣ ਦੀ ਲੋੜ ਨਹੀਂ ਹੁੰਦੀ—ਇਸ ਸਾਮੱਗਰੀ ਦੀ ਮੰਗ ਹੀ ਇਸ ਦੀ ਥੁੜ ਪੂਰਨ ਲਈ ਕਾਫ਼ੀ ਹੁੰਦੀ ਹੈ।

ਮੈਨੂੰ ਮਾਧਿਅਮ-ਬਦਲੀ ਦੀ ਲੋੜ ਤੇ ਅਹਿਮੀਅਤ ਬਾਰੇ ਆਪਣੀ ਰਾਏ ਆਪ ਨਾਲ ਸਾਂਝੀ ਕਰਨ ਲਈ ਕਿਹਾ ਗਿਆ ਸੀ, ਜੋ ਮੈਂ ਕਰਨ ਦੀ ਕੋਸ਼ਿਸ਼ ਕੀਤੀ ਹੈ। ਮੈਂ ਚਾਹਾਂਗਾ ਕਿ ਪਾਠ-ਪੁਸਤਕ ਬੋਰਡ ਪਾਰਿਭਾਸ਼ਿਕ ਸ਼ਬਦਾਵਲੀ, ਪਾਠ-ਪੁਸਤਕਾਂ ਤੇ ਵਿਸ਼ੇ-ਕੋਸ਼ਾਂ ਦੀ ਤਿਆਰੀ ਵਰਗੀਆਂ ਸਮੱਸਿਆਵਾਂ ਦੇ ਨਜਿੱਠਣ ਲਈ ਨੀਤੀਆਂ ਤੇ ਵਿਧੀਆਂ, ਆਦਿ ਬਾਰੇ ਵਿਚਾਰ-ਵਟਾਂਦਰੇ ਵੀ ਆਯੋਜਿਤ ਕਰੇ ਅਤੇ ਹੁਣ ਤਕ ਵੱਖ ਵੱਖ ਸਰਕਾਰੀ ਤੇ ਅਰਧ-ਸਰਕਾਰੀ ਸੰਸਥਾਵਾਂ ਤੇ ਪ੍ਰਾਈਵੇਟ ਇਦਾਰਿਆਂ ਵੱਲੋਂ ਪ੍ਰਕਾਸ਼ਿਤ ਸਾਰੀ ਸਾਮੱਗਰੀ ਦੀ ਚੰਗੀ ਤਰ੍ਹਾਂ ਛਾਣ-ਫਟੱਕ ਕਰਵਾਏ ਤਾਂ, ਜੋ ਅੱਗੋਂ ਲਈ ਸੇਧਾਂ ਨਿਰਧਾਰਿਤ ਹੋ ਜਾਣ।

ਰਾਜਕੀ ਸ਼ਾਸਨ ਤਾਂ ਲੋਪ ਹੋ ਚੁੱਕਾ ਹੈ, ਪਰ ਬੱਚਿਆਂ ਦੀ ਸਿੱਖਿਆ ਲਈ ਜਿੰਨੇ ਸਸਤੇ ਜਾਂ ਮਹਿੰਗੇ ਮੌਡਲ ਸਕੂਲ ਲੋਕਾਂ ਵੱਲੋਂ ਜਾਂ ਸਰਕਾਰ ਵੱਲੋਂ ਖੋਲ੍ਹੇ ਗਏ ਹਨ, ਉਨ੍ਹਾਂ ਸਾਰਿਆਂ ਵਿਚ ਅੰਗਰੇਜ਼ੀ ਉੱਤੇ ਪੰਜਾਬੀ ਨਾਲੋਂ ਵਧੇਰੇ ਜ਼ੋਰ ਦਿੱਤਾ ਜਾ ਰਿਹਾ ਹੈ। ਜਿਨ੍ਹਾਂ ਛੋਟੇ ਨਗਰਾਂ ਵਿਚ ਅੰਗਰੇਜ਼ੀ ਦੀ ਵਧੀਆ ਬਾਲ-ਪੜ੍ਹਾਈ ਦਾ ਸੁਫ਼ਨਾ ਵੀ ਨਹੀਂ ਸੀ ਲਿਆ ਜਾ ਸਕਦਾ, ਹੁਣ ਉਨ੍ਹਾ ਵਿਚ ਵੀ, ਕਿਸੇ ਨਾ ਕਿਸੇ ਮਿਸ਼ਨ ਜਾਂ ਵਿਅਕਤੀ ਵੱਲੋਂ, ਪੱਕੇ ਤੇ ਦੋ-ਦੋ, ਤਿੰਨ-ਤਿੰਨ ਮੰਜ਼ਲੇ ਸਕੂਲ ਕਾਇਮ ਹੋ ਚੁੱਕੇ ਹਨ ਤੇ ਮਾਪੇ ਖ਼ੁਸ਼ੀ ਨਾਲ, ਆਪਣਿਆਂ ਤੋਤਲਿਆਂ ਲਾਲ-ਗੁਲਾਲਾਂ ਦੀ ਮੁੱਢਲੀ ਸਿੱਖਿਆ, ਪੰਜਾਬੀ ਦੀ ਥਾਂ, ਅੰਗਰੇਜ਼ੀ ਵਿਚ ਕਰਵਾ ਰਹੇ ਹਨ।

ਇਸ ਸਾਰੇ ਸਰਵੇਖਣ ਦਾ ਮੰਤਵ ਇਹ ਦੱਸਣਾ ਹੈ ਕਿ ਪੰਜਾਬੀਆਂ ਦੇ ਉੱਪਰਲੇ ਵਰਗ ਵਿਚ ਭਾਸ਼ਾ-ਆਦਾਨ ਦੀ ਰੁਚੀ ਬੜੀ ਬਲਵਾਨ ਹੈ ਤੇ ਉਹ, ਬੜੀ ਛੇਤੀ ਤੇ ਬਿਨਾਂ ਕਿਸੇ ਵੱਡੇ ਆਗ੍ਰਹਿ ਜਾਂ ਰੋਸ ਦੇ, ਪ੍ਰਤਿਸ਼ਠਾ-ਸੂਚਕ ਭਾਸ਼ਾ ਨੂੰ ਆਪਣੇ ਵਿਚਾਰ-ਪ੍ਰਕਾਸ਼ ਦਾ ਮਾਧਿਅਮ ਥਾਪ ਲੈਂਦੇ ਹਨ, ਹਾਲਾਂਕਿ ਗੁਰੂ ਨਾਨਕ ਦੇਵ ਵਰਗੀ ਚੇਤਨ ਤੇ ਸਦਾ-ਜਾਗਦੀ ਪ੍ਰਤਿਭਾ ਨੇ, ਇਸ ਮੂਲ ਬਿਰਤੀ ਨੂੰ ਦਾਸਤਾ ਵਾਲੀ ਮੰਨ ਕੇ, ਇਸ ਤੋਂ ਵਰਜਿਆ ਵੀ ਸੀ। ਜਿਵੇਂ ਕਿ ਅਸੀਂ ਪਹਿਲਾਂ ਇਸ਼ਾਰਾ ਕਰ ਆਏ ਹਾਂ, ਸਾਡੀ ਭਾਸ਼ਾ ਉੱਤੇ ਇਸ ਦਾ ਵੱਡਾ ਪ੍ਰਭਾਵ ਇਹ ਪਿਆ ਹੈ ਕਿ ਇਸ ਵਿਚ ਗੰਭੀਰ ਬੌਧਿਕ ਅੰਸ਼ ਦੀ ਘਾਟ ਰਹਿ ਗਈ ਹੈ ਤੇ ਲੰਮੀ ਅਣਵਰਤੋਂ ਦੇ ਕਾਰਨ ਸੁਗਿਆਨ ਤੇ ਵਿਗਿਆਨ ਦੇ ਵਿਚਾਰ-ਮੰਡਲ ਦੀ ਵਿਸ਼ਿਸ਼ਟ ਸ਼ਬਦਾਵਲੀ ਨਿੱਤ ਦੀ ਭਾਸ਼ਾ ਦਾ ਭਾਗ ਨਹੀਂ ਬਣੀ। ਪਰ ਇਸ ਦਾ ਇਹ ਅਰਥ ਨਹੀਂ ਕਿ ਸਾਡੇ ਲੋਕਾਂ ਦਾ ਭਾਵ-ਮੰਡਲ ਵੀ ਸੱਖਣਾ ਹੀ ਰਿਹਾ ਹੈ ਜਾਂ ਸਾਡੇ ਕਥਾ-ਸਰੋਤ ਵੀ ਸੁੱਕੇ ਰਹੇ ਹਨ। ਪੰਜਾਬੀ ਲੋਕਾਂ ਵਿਚ ਭਰਪੂਰ ਜਾਨ ਹੈ ਤੇ ਇਹੀ ਜਾਨ ਇਨ੍ਹਾਂ ਦੇ ਸਾਹਿੱਤ ਵਿਚ ਪੂਰੀ ਤਰ੍ਹਾਂ ਮੌਜੂਦ ਹੈ ਅਤੇ ਜਦੋਂ ਅਸੀਂ ਇਸ ਭਾਸ਼ਾ ਦੇ ਪ੍ਰਦਾਨ-ਖੇਤਰ ਨੂੰ ਫਰੋਲਨਾ ਸ਼ੁਰੂ ਕਰਾਂਗੇ ਤਾਂ ਇਸੇ ਰਚਨਾਤਮਕ ਭਾਵ-ਮੰਡਲ ਦੀ ਯਾਤਰਾ ਕਰਨ ਦੀ ਲੋੜ ਪਵੇਗੀ।

ਆਦਾਨ ਦੀ ਬਹੁਲਤਾ ਤੇ ਪੰਜਾਬੀ ਭਾਸ਼ਾ-ਭਾਸ਼ੀ ਲੋਕਾਂ ਦੇ ਇਕ ਭਾਗ ਦੀ ਭਾਰੀ ਗਿਣਤੀ ਦੀ ਇਸ ਵੱਲੋਂ ਦੁਖਦਾਈ ਬੇਮੁਖਤਾ ਦੇ ਕਾਰਨ, ਇਸ ਭਾਸ਼ਾ ਦਾ ਪ੍ਰਦਾਨ-ਖੇਤਰ ਜਿੰਨਾ ਸੁੰਗੜਿਆ ਹੋਣਾ ਚਾਹੀਦਾ ਸੀ, ਓਨਾ ਨਹੀਂ ਸੁੰਗੜਿਆ ਹੋਇਆ ਤੇ ਇਸੇ ਤੱਥ ਵਿਚ ਪੰਜਾਬੀ ਦੀ ਬੁਨਿਆਦੀ ਸਮਰੱਥਾ ਲੁਕੀ ਹੋਈ ਹੈ। ਆਖ਼ਰ, ਜੇ ਕੋਈ ਗ਼ੈਰ-ਪੰਜਾਬੀ ਕਵੀ, ਪੰਜਾਬੀ ਭਾਸ਼ਾ ਨੂੰ, ਆਪਣੀ ਕਿਸੇ ਰਚਨਾ ਦਾ ਮਾਧਿਅਮ ਬਣਾਉਣ ਬਾਰੇ ਸੋਚੇ ਤਾਂ ਉਸ ਨੂੰ ਕਿਸ ਤਰ੍ਹਾਂ ਦੀ ਮਜਬੂਰੀ ਨਾਲ ਵਾਹ ਪੈਂਦਾ ਹੋਵੇਗਾ ? ਸਪਸ਼ਟ ਹੈ ਕਿ ਇਹੋ ਜਿਹੀ ਮਜਬੂਰੀ ਕਿਸੇ ਦੀ ਹੁਕਮ-ਅਦੂਲੀ ਦੇ ਡਰ ਵਾਲੀ ਤਾਂ ਹੁੰਦੀ ਨਹੀਂ, ਆਪਣੇ ਅੰਦਰ ਦੀ ਪ੍ਰੇਰਨਾ ਕਰਕੇ ਹੀ ਵਾਪਰਦੀ ਹੈ। ਪੰਜਾਬੀ ਸਾਹਿੱਤ ਦੇ ਰੂਪ ਜਾਂ ਵਸਤੂ ਦੇ ਕਿਸੇ ਨਾ ਕਿਸੇ ਪੱਖ ਨੇ ਕਵੀ ਦੇ ਮਨ ਉੱਤੇ ਆਪਣਾ ਟੂਣਾ ਕੀਤਾ ਹੋਵੇਗਾ ਜਿਸ ਕਰਕੇ ਉਸ ਦੀ ਕਲਮ ਪੰਜਾਬੀ ਵੱਲ ਮੁੜੀ। ਨਜ਼ੀਰ ਅਕਬਰਾਬਾਦੀ ਦਾ ਇਕ ਸ਼ਿਅਰ ਹੈ:

ਸੁਨਾਯਾ ਰਾਤ ਕੋ ਕਿੱਸਾ ਜੋ ਹੀਰ ਰਾਂਝੇ ਕਾ,
ਤੋ ਅਹਿਲਿ ਦਰਦ ਕੋ ਪੰਜਾਬੀਓਂ ਨੇ ਲੂਟ ਲੀਆ।

ਹੀਰ ਰਾਂਝੇ ਦੀ ਪੰਜਾਬੀ ਕਥਾ ਵਿਚ ਕੋਈ ਜਾਦੂ ਸੀ, ਤਾਂ ਹੀ ਨਜ਼ੀਰ ਹੁਰਾਂ ਦੇ ਸਿਰ ਉੱਤੇ ਚੜ੍ਹ ਕੇ ਇਉਂ ਬੋਲਿਆ। ਜੇ ਇਹ ਕਥਾ ਬੇ-ਰੰਗ, ਸਪਾਟ ਜਾਂ ਮਨੁੱਖੀ ਮਸਲਿਆਂ ਤੇ ਡੂੰਘੇ ਜਜ਼ਬਾਤੀ ਸੰਕਟਾਂ ਦੀ ਪੇਸ਼ਕਾਰੀ ਦੇ ਮਾਮਲੇ ਵਿਚ ਨਿਤਾਣੀ ਹੁੰਦੀ ਤਾਂ ਨਜ਼ੀਰ ਇਉਂ ਬਲਿਹਾਰ

WWW.SIKHBOOKCLUB.COM

ਕਿਵੇਂ ਜਾਂਦਾ ? ਅੰਤਰ-ਆਤਮੇ, ਪੰਜਾਬੀ ਭਾਸ਼ਾ ਦਾ ਤਾਣ ਉਸ ਦੇ ਲੋਕਾਂ ਦਾ ਤਾਣ ਹੈ। ਉੱਪਰਲੇ ਵਰਗ ਦੇ ਬੰਦੇ ਭਾਵੇਂ ਆਪਣੀ ਭਾਸ਼ਾ ਵੱਲੋਂ ਕਿੰਨੀ ਉਪੇਖਿਆ ਪਏ ਵਰਤਣ, ਜਨ-ਸਾਧਾਰਨ ਨੇ, ਖ਼ਾਸ ਕਰਕੇ ਸਿੱਖ ਕਿਰਸਾਣੀ ਨੇ ਤਾਂ ਇਸ ਦਾ ਸਾਥ ਕਾਫ਼ੀ ਤਸੱਲੀਬਖ਼ਸ਼ ਢੰਗ ਨਾਲ ਨਿਭਾਇਆ ਹੈ। ਇਹ ਲੋਕ ਜਿੱਥੇ ਕਿਤੇ ਵੀ ਗਏ ਹਨ—ਅਫ਼ਗਾਨਿਸਤਾਨ, ਈਰਾਨ, ਚੀਨ, ਰੂਸ, ਕੈਨੇਡਾ, ਅਮਰੀਕਾ, ਇੰਗਲੈਂਡ, ਅਫ਼ਰੀਕਾ, ਥਾਈਲੈਂਡ, ਮਲੇਸ਼ੀਆ, ਸਿੰਗਾਪੁਰ ਜਾਂ ਆਪਣੇ ਦੇਸ ਦੇ ਭਿੰਨ ਭਿੰਨ ਰਾਜਾਂ ਵਿਚ, ਉਹ ਆਪਣੀ ਪੰਜਾਬੀ ਭਾਸ਼ਾ ਨੂੰ ਵੀ, ਸਰ੍ਹੋਂ ਦੇ ਸਾਗ ਤੇ ਮੱਕੀ ਦੀ ਰੋਟੀ ਵਾਂਗ, ਆਪਣੇ ਨਾਲ ਹੀ ਲਈ ਫਿਰੇ ਹਨ। ਇਹੀ ਕਾਰਣ ਹੈ ਕਿ ਉਨ੍ਹਾਂ ਦਾ ਪੰਜਾਬੀਪੁਣਾ, ਕਾਫ਼ੀ ਚਿਰ ਲੰਘ ਜਾਣ ਉੱਤੇ ਵੀ, ਚੰਗੀ ਤਰ੍ਹਾਂ ਜਿਊਂਦਾ ਜਾਗਦਾ ਹੈ। ਪੰਜਾਬੀਪੁਣੇ ਦਾ ਇਹ ਮਜੀਠੀ ਰੰਗ ਉਨ੍ਹਾਂ ਵਣਜਾਰਿਆਂ ਤੇ ਵਪਾਰੀਆਂ ਉੱਤੇ ਵੀ ਚੜ੍ਹਿਆ ਹੋਇਆ ਸੀ, ਜਿਨ੍ਹਾਂ ਦੇ ਕਾਫ਼ਲਿਆਂ ਦੇ ਕਾਫ਼ਲੇ ਜਰਨੈਲੀ ਸੜਕਾਂ ਉੱਤੇ ਪੜਾਵਾਂ, ਸਰਾਵਾਂ, ਟਾਂਡਿਆਂ ਤੇ ਧਰਮਸਾਲਾਵਾਂ ਵਿਚ ਉਤਾਰੇ ਕਰਿਆ ਕਰਦੇ ਸਨ। ਇਹ ਲੋਕ ਤਾਰਿਆਂ ਦੀ ਲੋ ਹੇਠ, ਮਚਲਦੀਆਂ ਯਾਦਾਂ ਨੂੰ ਟੱਪਿਆਂ, ਗਿੱਧਿਆਂ ਤੇ ਕਵਾਲੀਆਂ ਤੇ ਪਉੜੀਆਂ ਰਾਹੀਂ ਮਾਣਦੇ ਹੋਣਗੇ; ਬਾਲਾਂ, ਜੁਆਨਾਂ ਤੇ ਬਿਰਧਾਂ, ਤੀਵੀਆਂ-ਮਰਦਾਂ, ਰਾਜਿਆਂ-ਰਾਣੀਆਂ, ਪਰੀਆਂ-ਦੇਵਾਂ, ਪਸ਼ੂਆਂ-ਪੰਛੀਆਂ ਤੇ ਰਾਮ-ਕ੍ਰਿਸ਼ਨ ਜਾਂ ਪੁਰਾਣਾਂ ਨਾਲ ਸੰਬੰਧਿਤ ਲੋਕ-ਕਥਾਵਾਂ ਸੁਣਦੇ-ਸੁਣਾਉਂਦੇ ਹੋਣਗੇ, ਧਾਰਮਿਕ ਸ਼ਬਦਾਂ, ਸ਼ਲੋਕਾਂ ਤੇ ਕਾਫ਼ੀਆਂ, ਆਦਿ ਦਾ ਗਾਇਨ ਕਰਦੇ ਹੋਣਗੇ। ਇਨ੍ਹਾਂ ਲੋਕਾਂ ਦੇ ਦੇਸਾਂ-ਦੇਸਾਂਤਰਾਂ ਵਿਚ ਆਪਣੇ ਪੱਕੇ ਅੱਡੇ ਹੁੰਦੇ ਸਨ।[1] ਗੁਰੂ ਨਾਨਕ ਦੇਵ ਨੇ ਪੰਜਾਬੋਂ ਬਾਹਰ ਜਿਹੜੇ ਬੰਦਿਆਂ ਨਾਲ ਵਾਰਤਾਲਾਪ ਕੀਤੇ ਤੇ ਜਿਨ੍ਹਾਂ ਨੂੰ ਆਪਣੇ ਮਤ ਵਿਚ ਸ਼ਾਮਿਲ ਕੀਤਾ, ਉਨ੍ਹਾਂ ਵਿੱਚੋਂ ਬਹੁਤ ਸਾਰੇ ਇਹੋ ਜਿਹੇ ਬਾਹਰ ਜਾ ਵੱਸੇ ਪੰਜਾਬੀ ਹੀ ਸਨ। ਵਣਜ-ਵਪਾਰ ਕਰਨ ਵਾਲਿਆਂ ਤੋਂ ਛੁੱਟ ਪੰਜਾਬੀ-ਪੁਣਾ ਉਨ੍ਹਾਂ ਸਿਪਾਹੀਆਂ ਵਿਚ ਵੀ ਰਿਹਾ ਜੋ ਭਰਤੀ ਹੋ ਕੇ ਦਿੱਲੀ, ਹੈਦਰਾਬਾਦ, ਢਾਕਾ, ਆਦਿ ਜਾ ਟਿਕੇ। ਦੱਖਣੀ ਉਰਦੂ ਦੀ ਪੰਜਾਬੀਅਤ, ਬਲਕਿ ਖ਼ੁਦ ਦਿਹਲਵੀ ਉਰਦੂ ਦੇ ਜਮਾਂਦਰੂ ਪੰਜਾਬੀ ਮੁਹਾਂਦਰੇ ਉੱਤੇ ਬਥੇਰੇ ਵਿਦਵਾਨ ਕਲਮਾਂ ਘਸਾ ਚੁੱਕੇ ਹਨ ਤੇ ਮਹਿਮੂਦ ਸ਼ੈਰਾਨੀ ਤੋਂ ਸ਼ੁਰੂ ਹੋ ਕੇ ਬਹੁਤ ਸਾਰੇ ਵਿਦਵਾਨ ਉਰਦੂ ਨੂੰ ਪੰਜਾਬ ਦੀ ਉਪਜ ਹੀ ਦੱਸਦੇ ਆਏ ਹਨ। ਇਸੇ ਪੰਜਾਬੀਪੁਣੇ ਦਾ ਕੁੱਝ ਅੰਸ਼, ਉਨ੍ਹਾਂ ਚਕਰਵਰਤੀ ਸੂਫ਼ੀਆਂ ਅਤੇ ਸਾਧਾਂ-ਸੰਤਾਂ ਤੇ ਸ਼ਰਧਾਲੂਆਂ ਵਿਚ ਵੀ ਹੁੰਦਾ ਸੀ ਜੋ ਨਗਰ-ਨਗਰ, ਡਗਰ-ਡਗਰ ਤੁਰੇ ਫਿਰਦੇ ਸਨ। ਭਗਤ ਕਬੀਰ ਦੀ ਭਾਸ਼ਾ ਉੱਤੇ ਜੋ ਗੂੜ੍ਹੀ ਪੰਜਾਬੀ ਪਾਣ ਚੜ੍ਹੀ ਹੋਈ ਹੈ, ਉਸ ਤੋਂ ਕੋਈ ਕੱਟੜ ਤੋਂ ਕੱਟੜ ਪੰਜਾਬੀ-ਵਿਰੋਧੀ ਵੀ ਨਹੀਂ ਮੁੱਕਰ ਸਕਦਾ। ਹਰਿਆਣੇ ਦਾ ਸੰਤ-ਤੇ-ਲੋਕ-ਸਾਹਿੱਤ, ਵਾਸ ਦੀ ਨਿਕਟਤਾ ਕਰਕੇ, ਪੰਜਾਬੀ ਸੋਮਿਆਂ ਤੋਂ ਭਰਪੂਰ ਲਾਭ ਉਠਾਉਂਦਾ ਰਿਹਾ ਹੈ। ਇਕ ਬਹੁਤ ਵੱਡਾ ਪ੍ਰਭਾਵ ਸਾਡੇ ਸੰਗੀਤ ਦੇ ਮਾਹਿਰਾਂ ਦਾ ਸੀ, ਜਿਨ੍ਹਾਂ ਦੀਆਂ ਬੰਦਸ਼ਾਂ ਨੇ ਆਪਣੀ ਸੁਰਕਾਰੀ ਨਾਲ ਸਾਰੇ ਉੱਤਰੀ ਭਾਰਤ ਨੂੰ ਫ਼ਤਿਹ ਕੀਤਾ ਹੋਇਆ ਸੀ। ਇਉਂ ਸਾਡਾ ਜਨ-ਸਾਧਾਰਣ, ਪੰਜਾਬੀਪੁਣੇ ਨੂੰ ਘਰੋਂ ਬਾਹਰ ਲੈ ਜਾਂਦਾ ਰਿਹਾ ਹੈ ਤੇ ਇਨ੍ਹਾਂ ਦਾ ਸਦਕਾ ਹੀ, ਕੁੱਝ ਗ਼ੈਰ ਪੰਜਾਬੀ ਲੇਖਕਾਂ ਨੇ ਪੰਜਾਬੀ ਵਿਚ ਕੁੱਝ ਰਚਣ ਦਾ ਉੱਦਮ ਕੀਤਾ। ਉਦਾਹਰਣ ਵਜੋਂ :

---

1. ਇਹੋ ਜਿਹੇ ਇਕ ਡੇਰੇ ਦਾ ਪਤਾ 'ਬਾਕੂ' ਵਿਚ ਮਿਲ ਚੁੱਕਾ ਹੈ ਤੇ 12ਵੀਂ ਸਦੀ ਈਸਵੀ ਵਿਚ ਬੁਖਾਰਾ (ਉਜ਼ਬੇਕਿਸਤਾਨ) ਦੀ ਸਭ ਤੋਂ ਪੁਰਾਣੀ ਤੇ ਸਭ ਤੋਂ ਵੱਡੀ ਰੇਸ਼ਮ ਦੀ ਮੰਡੀ ਦੇ ਅਸਲੇ ਗਵਾਹ [illegible] ਪ ਕਰ ਚੁੱਕਾ ਹਾਂ।

WWW.SIKHBOOKCLUB.COM

ਸੁਆਮੀ ਨਿਤਾਨੰਦ (ਮ੍ਰਿਤੂ 1799 ਈ.) ਜਨਮ ਦੇ ਨਾਰਨੌਲੀ ਸਨ ਪਰ ਰਚਨਾ ਪੰਜਾਬੀ ਵਿਚ ਵੀ ਕੀਤੀ ਹੈ। ਦੋ ਮਿਸਾਲਾਂ ਵੇਖੋ :

ਤੈਂਡੀ ਬੰਦੀਆਂ, ਹੋ ਸਜਣਾ!
ਦਰਸ ਦਿਖਾਂਵਦਾ ਕਿਉਂ ਨਹੀਂ ? (ਟੇਕ)

ਓ ਦਿਲ ਜਾਨ ਮਾਣ (ਮਾਨ) ਲੈ ਵਿਨਤੀ
ਹਰਦਮ ਤਾਲਿਬ ਤੇਰਾ ॥
ਪਰਦਾ ਖੋਲ ਖੁਸ਼ੀਓਂ ਸੇ
ਕਠਿਨ ਇਸ਼ਕ ਦਾ ਘੇਰਾ ॥2॥

ਮਹਿਰਮ ਯਾਰ! ਮਾਰ ਚਸ਼ਮੋਂ ਸੇ
ਹੁਣ ਕਿਉਂ ਚਸ਼ਮ ਛੁਪਾਂਵਦਾ ॥
ਚਸ਼ਮ ਛੁਪਾਂਵਦਾ, ਦਰਦ ਨਾ ਆਂਵਦਾ
ਲੂਣ ਕਟੇ ਪਰ ਲਾਂਵਦਾ ॥3॥

ਦੌਲਤ-ਮਾਲ, ਖ਼ਿਆਲ ਖ਼ੁਆਬ ਦਾ
ਆਸ਼ਿਕ ਕੋ ਨਾ ਸੁਹਾਂਵਦਾ ॥
ਨਿਤਾ ਨੰਦ ਮਹਿਬੂਬ ਗੁਮਾਨੀ
ਤੁਝ ਬਿਨ ਔਰ ਨਾ ਭਾਂਵਦਾ ॥4॥

ਜਾਂ

ਜਗਤ ਦੀਵਾਨਾ ਸਾਡੇ ਦਿਲ ਨਹੀਂ ਭਾਂਵਦਾ
ਤੁਝ ਦੇਖਣ ਦਾ ਚਾਵ, ਵੇ, ਮੇਰੇ ਰੱਬ ਜੀ! (ਟੇਕ)

ਤਨ ਭੀ ਤੇਰਾ, ਵਾਰੀ, ਮਨ ਵੀ ਤੇਰਾ, ਵੇ!
ਸੱਜਣ ਲਹਿਰ ਦਰਿਆਵ, ਮੇਰੇ ਰੱਬ ਜੀ! ॥1॥

ਮੰਦਰ ਮੇਰੇ ਆਓ, ਮਿਹਰ ਕਰ
ਪਲਕੋਂ ਪਰ ਧਰ ਪਾਵ, ਮੇਰੇ ਰੱਬ ਜੀ! ॥2॥

ਪ੍ਰੇਮ-ਸਮੁੰਦਰ, ਘਟ ਦੇ ਅੰਦਰ
ਬੇੜੇ ਨੂੰ ਪਾਰ ਲੰਘਾਓ, ਮੇਰੇ ਰੱਬ ਜੀ! ॥3॥

ਨਿਤਾ ਨੰਦ ਮਹਿਬੂਬ ਗੁਮਾਨੀ
ਅਮਰਪੁਰੀ ਕੇ ਰਾਵ, ਮੇਰੇ ਰੱਬ ਜੀ! ॥4॥ *('ਅਣਪਰਖੇ ਹੀਰੇ' ਵਿੱਚ)*

ਪੰਡਿਤ ਦਯਾ ਰਾਮ (1777-1852) ਨਰਮਦਾ ਨਦੀ ਦੇ ਕੰਢੇ ਚੰਦੋੜ ਨਗਰ ਵਿਚ ਜੰਮੇ ਤੇ ਗੁਜਰਾਤੀ ਕਵਿਤਾ ਦੇ ਖੇਤਰ ਵਿਚ ਚੰਗਾ ਨਾਮਣਾ ਖੱਟਿਆ। ਇਨ੍ਹਾਂ ਨੂੰ ਮੱਧ ਕਾਲ ਦਾ ਅਖ਼ੀਰਲਾ ਵੱਡਾ ਗੁਜਰਾਤੀ ਕਵੀ ਕਿਹਾ ਜਾਂਦਾ ਹੈ। ਇਨ੍ਹਾਂ ਨੇ ਪੰਜਾਬੀ ਵਿਚ ਕ੍ਰਿਸ਼ਨ-ਭਗਤੀ ਦੇ ਪਦੇ ਲਿਖੇ ਹਨ :

WWW.SIKHBOOKCLUB.COM 

ਪਦ
(ਰਾਗ ਝਿੰਝੋਟੀ, ਗਤ ਟੱਪੇ ਦੀ)
ਮੈਂਡਾ ਪਿਆਰਾ ਵੇ, ਮੈਂਡਾ ਸਾਂਵਰਾ ਸਲੂਣਾ
ਮੈਂਡਾ ਮੋਹਨ ਮਿਜ਼ਾਜੀ—ਹੋ ਮੈਂਡਾ...
ਤੁਮਰੇ ਦਰਸ ਦੀ ਤੋ ਪਿਆਸੀ, ਮੈਂਡੀ ਅੱਖੀਆਂ ਵੇ
ਮੋਹਨ ਮੁਰਲੀ ਵਾਰਾ ਵੇ—ਹੋ ਮੈਂਡਾ...
ਮਨ ਮਹਬੂਬ ਦਯਾ ਕੇ ਪ੍ਰੀਤਮ ਵੇ
ਤੁਹੀਂ ਚਸ਼ਮਾਂ ਦਾ ਤਾਰਾ ਵੇ—ਹੋ ਮੈਂਡਾ...

ਦਯਾਰਾਮ ਨੇ ਰਾਗ ਭੈਰਵੀ ਵਿਚ—
ਸਾਮਲੜਾ ਮੈਂਡਾ ਕਿਉਂ ਚਿਤ ਚੁਰਾਇਓ...

ਰਾਗ ਜੰਗਲੀ ਵਿਚ—
ਸਾਮਲੜਾ ਵੇ ਤੁਹੀਂ ਮੈਂਡਾ ਪਿਆਰਾ...

ਰਾਗ ਕਾਫ਼ੀ, ਗਤ ਠੁਮਰੀ ਵਿਚ—
(i) ਮਤ ਛੋੜ ਵੇ ਅਸਾਨੂੰ, ਮਰ ਜਾਂਦੀ ਵੇ...
(ii) ਸਾਡੇ ਦਿਲ ਦਾ ਮਹਿਰਮ, ਸਾਮਲ ਜਾਣਦਾ ਭਲਾ ਵੇ...

ਤੁਕਾਂ ਨਾਲ ਆਰੰਭ ਹੋਣ ਵਾਲੇ ਪਦੇ ਵੀ ਰਚੇ। ਇਸੇ ਤਰ੍ਹਾਂ ਰਾਗ ਖਮਾਇਚੀ ਵਿਚ ਵੀ ਕੁੱਝ ਪਦ ਮਿਲਦੇ ਹਨ। ਇਨ੍ਹਾਂ ਦੇ ਰੇਖ਼ਤਿਆਂ ਵਿਚ ਵੀ ਨਿਰੀ ਪੰਜਾਬੀ ਹੀ ਭਰੀ ਪਈ ਹੈ।

ਦਿੱਲੀ ਦੇ ਆਖ਼ਰੀ ਮੁਗ਼ਲ ਬਾਦਸ਼ਾਹ, ਬਹਾਦਰ ਸ਼ਾਹ 'ਜ਼ਫ਼ਰ' ਨੇ ਕੁੱਝ ਰਚਨਾ ਠੇਠ ਪੰਜਾਬੀ ਵਿਚ ਤੇ ਕੁੱਝ ਗੁਲਾਬੀ ਪੰਜਾਬੀ ਵਿਚ ਕੀਤੀ ਹੈ:

ਅਗਲੇ ਹਾਲ ਨੂੰ ਤੈਂ ਕੀ ਪੁੱਛਦਾ,
ਦੇਖ, ਇਹ ਅਬ ਜੋ ਹਾਲ;
ਖ਼ਾਕ ਵੀ ਹੁਣ ਤਾਂ ਲਗਦੀ ਨਾ
ਆਪਣੇ ਪੈਰਾਂ ਨਾਲ!

... ... ...

ਮੈਂਡਾ ਮਤ ਹੈ ਨੇਹੁੰ ਉਸੇ ਦਾ
ਜਿਸ ਦਾ ਮੈਂਡਾ ਨੇਹੁੰ
ਮੁੱਲਾਂ ਪਾਂਧਾ ਜੇ ਕੋਈ ਪੁੱਛੇ
ਉਸ ਨੂੰ ਆਖਾਂ ਏਹੁ
ਕੁਫ਼ਰ ਸੇ ਕਿਆ ਕਾਮ ਮੁਝ ਕੋ ਕਿਆ ਗ਼ਰਜ਼ ਇਸਲਾਮ ਸੇ?
ਦੇਖ ਕੇ ਸੁੰਨੀ ਸੇਜ ਪੀਆ ਬਿਨ,
ਭਰ ਭਰ ਆਉਂਦੇ ਨੈਣ
ਕੁਛ ਮਤ ਪੁੱਛੋ ਲੋਗਾ, ਮੈਨੂੰ
ਕਿਉਂ ਕਰ ਕੱਟਦੀ ਰੈਣ?
ਰੋਤੇ ਰੋਤੇ ਸੁਬਹ ਹੋ ਜਾਤੀ ਹੈ ਮੁਝ ਕੋ ਸ਼ਾਮ ਸੇ

ਕੋਈ ਨਹੀਂ ਗ਼ਮਖ਼ਾਰ ਅਸਾਡਾ
ਆਖਾਂ ਕਿਸ ਦੇ ਨਾਲ
'ਸ਼ੌਕ ਰੰਗ' ਆਪਣੇ ਰੱਬ ਸਿਉਂ ਕਹੀਏ
ਜੋ ਹੈ ਆਪਣਾ ਹਾਲ।

... ... ...

ਸੋਚ ਸੋਚ ਕੇ ਮਨ ਮੇਂ ਆਪਣੇ
ਨਾਹੱਕ ਮੂਰਖ ਰੋਂਦਾ
ਹੋਣਾ ਥਾ, ਸੋ ਹੋ ਹੀ ਚੁੱਕਾ,
ਅਬ ਰੋਣੇ ਸੇ ਕਿਆ ਹੋਂਦਾ ?

ਡਾ. ਬਲਬੀਰ ਸਿੰਘ ਦਿਲ ਤੇ ਡਾ. ਦੇਵਿੰਦਰ ਸਿੰਘ ਵਿਦਿਆਰਥੀ ਵਰਗੇ ਵਿਦਵਾਨਾ ਦੀਆਂ ਖੋਜਾਂ ਤੋਂ ਲਾਭ ਉਠਾ ਕੇ ਇਹ ਸੂਚੀ ਕਾਫ਼ੀ ਹੋਰ ਵਧਾਈ ਜਾ ਸਕਦੀ ਹੈ ਪਰ ਆਸ ਹੈ, ਵਿਚਾਰ-ਅਧੀਨ ਨੁਕਤਾ ਇਨ੍ਹਾਂ ਨਮੂਨਿਆਂ ਨਾਲ ਦ੍ਰਿੜ੍ਹ ਹੋ ਗਿਆ ਹੋਵੇਗਾ।

ਬਦੇਸਾਂ ਤੋਂ ਆਏ ਈਸਾਈ ਪ੍ਰਚਾਰਕਾਂ ਤੇ ਸ਼ਾਸਕਾਂ ਨੇ ਪੰਜਾਬੀ ਗੱਦ ਵਿਚ ਜੋ ਕੁੱਝ ਰਚਿਆ ਹੈ, ਉਹ ਉਪਰੋਕਤ ਵੰਨਗੀਆਂ ਤੋਂ ਵੱਖਰੀ ਤਰ੍ਹਾਂ ਦਾ ਸਾਹਿੱਤ ਹੈ।

ਦਿੱਲੀ ਤੋਂ ਗੁਜਰਾਤ ਤਕ ਤੇ ਸ਼ਹਿਨਸ਼ਾਹਾਂ ਤੋਂ ਮਲੰਗਾਂ ਤਕ, ਪੰਜਾਬੀ ਦਾ ਇਹ ਦੇਸਾਂਤਰ-ਗਮਨ ਬਹੁਤਾ ਨਹੀਂ, ਪਰ ਹੈ ਓਦੋਂ ਦਾ ਜਦੋਂ ਪੰਜਾਬੀ ਅਜੇ ਆਪਣੇ ਘਰ ਦੀ ਰਾਣੀ ਨਹੀਂ ਸੀ। ਪੰਜਾਬ ਦੇ ਰਾਜ-ਪ੍ਰਬੰਧ, ਸਿੱਖਿਆ, ਵਪਾਰ, ਆਦਿ ਦਾ ਮਾਧਿਅਮ ਵੀ ਇਹ ਭਾਸ਼ਾ ਨਹੀਂ ਸੀ। ਇਸ ਲਈ ਇਸ ਦੀਆਂ ਉਨ੍ਹਾਂ ਦਿਨਾਂ ਦੀਆਂ ਮਾਰੀਆਂ ਮੱਲਾਂ ਨਿਰੋਲ ਉਸ ਦੇ ਆਤਮ-ਬਲ ਨਾਲ ਹੀ ਸੰਬੰਧਿਤ ਕੀਤੀਆਂ ਜਾ ਸਕਦੀਆਂ ਹਨ। ਇਹ ਹਾਲਤ ਹਰ ਉਸ ਪੰਜਾਬੀ ਲਈ ਦਿਲ-ਗਰਮਾਊ ਹੈ ਜੋ ਹੁਣ ਆਪਣੀ ਭਾਸ਼ਾ ਦੀ ਉੱਨਤੀ ਰਾਹੀਂ ਆਪਣੇ ਲੋਕਾਂ ਦੀ ਉੱਨਤੀ ਦਾ ਇੱਛਕ ਹੈ। ਅੰਤਰ-ਆਤਮੇ ਇਸ ਭਾਸ਼ਾ ਦੇ ਮੂਲ ਲੱਛਣਾਂ ਦੀ ਖਿੱਚ ਅੱਜ ਵੀ ਉਸੇ ਤਰ੍ਹਾਂ ਕਾਇਮ ਹੈ, ਜਿਸ ਤਰ੍ਹਾਂ ਇਸ ਦੇ ਬੋਲਣ ਵਾਲਿਆਂ ਦੇ ਲੱਛਣਾਂ ਦੀ। ਉਂਜ ਵੀ ਪੰਜਾਬੀ ਦੇ ਦੇਸਾਂਤਰ-ਪ੍ਰਸਾਰ ਲਈ ਵਾਤਾਵਰਨ ਅੱਗੇ ਨਾਲੋਂ ਕਈ ਗੁਣਾਂ ਨਿੱਬਲ ਹੈ। ਪੈਰਿਸ ਦੇ ਸਾਰਬੋਂ ਵਿਸ਼ਵ-ਵਿਦਿਆਲੇ ਵਿਚ ਪੰਜਾਬੀ ਦਾ ਇਕ ਵਿਦਵਾਨ ਭਾਸ਼ਾ-ਸ਼ਾਸਤਰੀ ਡਾ. ਹਰਜੀਤ ਸਿੰਘ ਗਿੱਲ, ਨਿਯੁਕਤ ਹੈ ਜਿਸ ਨੇ ਭਾਸ਼ਾ ਦਾ ਵਿਆਕਰਣ-ਗਿਆਨ ਅਮਰੀਕਾ ਦੇ ਇਕ ਵਿਸ਼ਵ-ਵਿਦਿਆਲੇ ਵਿਚ ਇਕ ਅਮਰੀਕਨ ਆਚਾਰੀਆ ਡਾ. ਗਲੀਸਨ ਦੇ ਚਰਨਾਂ ਵਿਚ ਬੈਠ ਕੇ ਸਿੱਖਿਆ ਸੀ।[2] ਇਕ ਪੰਜਾਬੀ ਨਾਟਕਕਾਰ, ਬਲਵੰਤ ਗਾਰਗੀ, ਅਮਰੀਕਾ ਦੀ ਇਕ ਯੂਨੀਵਰਸਿਟੀ ਵਿਚ ਨਾਟਕ ਦੇ ਅਧਿਆਪਨ ਦੀ ਸੇਵਾ ਉੱਤੇ ਲੱਗਾ ਰਿਹਾ ਹੈ। ਪੰਜਾਬ ਯੂਨੀਵਰਸਿਟੀ ਦੇ ਪੰਜਾਬੀ ਦੇ ਇਕ ਅਧਿਆਪਕ, ਡਾ. ਹਰਨਾਮ ਸਿੰਘ ਸ਼ਾਨ ਨੇ ਲੰਡਨ ਵਿਸ਼ਵ-ਵਿਦਿਆਲੇ ਵਿੱਚੋਂ ਇਕ ਪੰਜਾਬੀ ਲੋਕ-ਕਥਾ ਉੱਤੇ ਖੋਜ ਕਰ ਕੇ ਉਪਾਧੀ ਲਈ ਹੈ; ਪੰਜਾਬ ਵਿਸ਼ਵ-ਵਿਦਿਆਲੇ ਦਾ ਇਕ ਹੋਰ ਪੰਜਾਬੀ ਅਧਿਆਪਕ,[3] ਲੈਨਿਨਗ੍ਰਾਡ ਵਿਚ ਬੈਠਾ

2. ਹੁਣ ਡਾ. ਗਿੱਲ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਦਿੱਲੀ ਵਿਚ ਆਪਣੇ ਵਿਭਾਗ ਦੇ ਮੁਖੀ ਲੱਗੇ ਹੋਏ ਹਨ।
3. ਡਾ. ਬਲਬੀਰ ਸਿੰਘ ਸੰਧੂ ਓਥੋਂ ਡਿਗਰੀਆਂ ਲੈ ਕੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਚ ਪ੍ਰੋਫ਼ੈਸਰ ਲੱਗ ਗਏ ਸਨ, ਪਰ ਇਕ ਦੁਰਘਟਨਾ ਵਿਚ ਜਾਨ ਗਵਾ ਬੈਠੇ।

ਭਾਸ਼ਾ-ਵਿਗਿਆਨ ਦੀ ਉੱਚਤਮ ਸਿਖਲਾਈ ਲੈ ਰਿਹਾ ਹੈ। ਪੰਜਾਬ ਰਾਜ ਦੀ ਸਰਕਾਰੀ ਭਾਸ਼ਾ, ਸਕੱਤਰੇਤ ਦੀ ਪੱਧਰ ਤਕ, ਪੰਜਾਬੀ ਬਣ ਰਹੀ ਹੈ। ਜ਼ਿਲਾ ਪੱਧਰ ਤਕ ਹਰ ਵਿਭਾਗ ਦਾ ਕੰਮ ਪੰਜਾਬੀ ਵਿਚ ਹੋਣ ਲਗ ਪਿਆ ਹੈ। ਇਕ ਵਿਸ਼੍ਵ-ਵਿਦਿਆਲਾ ਇਸ ਸਪਸ਼ਟ ਉੱਦੇਸ਼ ਨਾਲ ਸਥਾਪਿਤ ਹੋ ਚੁੱਕਾ ਹੈ ਕਿ ਉਹ ਪੰਜਾਬੀ ਭਾਸ਼ਾ ਦੀ ਸੇਵਾ ਕਰੇਗਾ। ਸਿੱਖਿਆ ਦਾ ਮਾਧਿਅਮ, ਕੁੱਝ ਹੱਦ ਤਕ, ਪੰਜਾਬੀ ਹੈ, ਰਹਿੰਦੀ-ਖੂੰਹਦੀ ਕਸਰ ਵੀ ਛੇਤੀ ਹੀ ਪੂਰੀ ਹੋ ਜਾਵੇਗੀ। ਇਸ ਭਾਸ਼ਾ ਦੇ ਲੇਖਕਾਂ ਦੀ ਸਰਪ੍ਰਸਤੀ ਤੇ ਸਰਕਾਰੀ ਦਫ਼ਤਰਾਂ ਵਿਚ ਲੋੜੀਂਦੇ ਫ਼ਾਰਮਾਂ ਤੇ ਨਿਯਮਾਵਲੀਆਂ ਦੀ ਤਿਆਰੀ ਲਈ ਭਾਸ਼ਾ ਵਿਭਾਗ ਚਾਲੂ ਹੈ। ਦੇਸ ਵਿਚ ਤ੍ਰਿਭਾਸ਼ੀ ਫ਼ਾਰਮੂਲੇ ਦੀ ਹਵਾ ਚੱਲੀ ਹੋਈ ਹੈ, ਜਿਸ ਰਾਹੀਂ ਸਾਰੇ ਦੇਸ-ਵਾਸੀਆਂ ਨੂੰ ਆਪਣੀ ਮਾਤ-ਭਾਸ਼ਾ ਨੂੰ ਛੱਡ ਕੇ ਇਕ ਹੋਰ ਦੇਸੀ ਭਾਸ਼ਾ ਦੀ ਸਿੱਖਿਆ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਇਸ ਸੂਚੀ ਵਿਚ ਪੰਜਾਬੀ ਸ਼ਾਮਿਲ ਹੈ। ਇਉਂ ਸਾਰਾ ਮਾਹੌਲ ਸੁਖਾਵਾਂ ਹੈ, ਤੇ ਜੋ ਹੋ ਰਿਹਾ ਹੈ ਭਾਵੇਂ ਉਹ ਕਿਸੇ ਕਸਵੱਟੀ ਉੱਤੇ ਵੀ ਅਜੇ ਪੂਰਾ ਨਹੀਂ ਉਤਰਦਾ ਪਰ ਇਹ ਕਿਵੇਂ ਮੰਨ ਲਈਏ ਕਿ ਜੋ ਹਾਲਤ ਹੁਣ ਹੈ, ਉਹ ਉਸ ਨਾਲੋਂ ਵੀ ਮਾੜੀ ਹੈ ਜੋ ਪੰਜਾਬੀ ਦੀ ਉੱਪਰ-ਕਥਿੱਤ ਦੇਸਾਂਤਰੀ ਜਿੱਤ ਵੇਲੇ ਮੌਜੂਦ ਸੀ ? ਫੇਰ ਵੀ ਪੰਜਾਬੀ ਦੇ ਦੇਸਾਂਤਰ-ਪ੍ਰਵੇਸ਼ ਦੇ ਪ੍ਰਕਰਣ ਵਿਚ ਵਰਤਮਾਨ ਦਸ਼ਾ ਕੀ ਹੈ ? ਕੁੱਝ ਨੁਕਤਿਆਂ ਤੋਂ ਇਸ ਦਾ ਉੱਤਰ ਲੱਭ ਸਕਦਾ ਹੈ :

(i) ਪੰਜਾਬ ਦੇ ਜੰਮ-ਪਲ, ਵਾਮ-ਪੱਖ ਦੇ ਦਾਵੇਦਾਰ, ਹਿੰਦੀ, ਉਰਦੂ, ਅੰਗਰੇਜ਼ੀ ਭਾਸ਼ਾਵਾਂ ਵਿਚ ਸਥਾਪਿਤ ਹੋ ਚੁੱਕੇ ਲੇਖਕਾਂ ਵਿੱਚੋਂ ਕਿਸੇ ਨੇ ਵੀ ਅਜੇ ਤਕ ਪੰਜਾਬੀ ਵੱਲ ਮੁਹਾਰਾਂ ਨਹੀਂ ਮੋੜੀਆਂ, ਹਾਲਾਂਕਿ ਉਨ੍ਹਾਂ ਵਿੱਚੋਂ ਬਹੁਤੇ, ਡਾ. ਮੁਲਕ ਰਾਜ ਆਨੰਦ ਵਾਂਗ, ਪੰਜਾਬੀ ਵਿਚ ਲਿਖਣ ਦਾ ਪ੍ਰਣ ਹਰ ਵਰ੍ਹੇ ਤਾਜ਼ਾ ਕਰਦੇ ਹਨ। 'ਡਾਚੀ' ਦੇ ਲੇਖਕ ਉਪਿੰਦਰ ਨਾਥ 'ਅਸ਼ਕ' ਵਰਗੇ ਚੰਗੇ-ਭਲੇ ਪੰਜਾਬੀ ਲੇਖਕ, ਪੰਜਾਬੀ ਵਿਚ ਲਿਖਦੇ-ਲਿਖਦੇ, ਪੂਰੀ ਤਰ੍ਹਾਂ ਹਿੰਦੀ ਦੀ ਝੋਲੀ ਵਿਚ ਜਾ ਬੈਠੇ ਹਨ।

(ii) ਹਰਿਆਣੇ ਦੀ 1,60,000,00 ਆਬਾਦੀ ਵਿੱਚੋਂ ਕੋਈ 50 ਲੱਖ ਦੇ ਏੜ ਗੇੜ ਵਿਚ ਪੰਜਾਬੀ-ਭਾਸ਼ੀ ਹੋਣਗੇ। ਹਰਿਆਣਾ ਬਣਨ ਤੋਂ ਪਹਿਲਾਂ ਹਰਿਆਣੇ ਦੇ ਸਭ ਬੱਚੇ ਕਿਸੇ ਨਾ ਕਿਸੇ ਪੜਾਉ ਉੱਤੇ ਪੰਜਾਬੀ ਜ਼ਰੂਰ ਪੜ੍ਹਦੇ ਸਨ, ਪਰ ਹੁਣ ਇਸ ਪ੍ਰਬੰਧ ਦਾ ਭੋਗ ਪਾਉਣ ਦੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਲਗਦੀਆਂ ਹਨ। ਓਥੋਂ ਦੇ ਪੰਜਾਬੀ-ਭਾਸ਼ੀਆਂ ਵਿਚ ਹਰਿਆਣਵੀ ਰਾਜ-ਪ੍ਰਬੰਧ ਦੇ ਪੰਜਾਬੀ-ਵਿਰੋਧੀ ਹੋਣ ਦੀ ਚਰਚਾ ਆਮ ਹੈ।

(iii) ਹਿਮਾਚਲ ਪ੍ਰਦੇਸ ਦੇ ਬਹੁਤ ਵੱਡੇ ਭਾਗ ਵਿਚ ਪੰਜਾਬੀ ਮੂਲ ਬੋਲੀ ਹੈ। ਲੋਕ ਆਪਣਾ ਕਾਰ-ਵਿਹਾਰ, ਲੈਣ-ਦੇਣ, ਮਰਨੇ-ਪਰਨੇ ਇਸੇ ਬੋਲੀ ਵਿਚ ਕਰਦੇ ਹਨ। ਉਸ ਵਿਚ ਵੀ ਕਿਸੇ ਸਮੇਂ, ਹਰਿਆਣੇ ਵਾਂਗ, ਪੰਜਾਬੀ ਨੂੰ ਪਹਿਲ ਨਹੀਂ ਤਾਂ ਦੂਜ ਜ਼ਰੂਰ ਪ੍ਰਾਪਤ ਸੀ, ਪਰ ਰਾਜ ਦੀ ਸਰਕਾਰ ਨੇ ਪੰਜਾਬੀ ਤੋਂ ਇਹ ਦਰਜਾ ਖੋਹ ਕੇ ਉਰਦੂ ਨੂੰ ਦੇ ਦਿੱਤਾ ਹੋਇਆ ਹੈ। ਬਹੁਤ ਹੀ ਛੇਤੀ ਓਥੋਂ ਦੇ ਪੰਜਾਬੀ ਦੇ ਅਧਿਆਪਕ ਜਾਂ ਵਿਹਲੇ ਹੋ ਜਾਣਗੇ ਤੇ ਜੋ ਅਜੇ ਵੀ ਉਸ ਰਾਜ ਵਿਚ ਸਰਕਾਰੀ ਨੌਕਰੀ ਜਾਰੀ ਰੱਖਣ ਦੇ ਇੱਛਕ ਹਨ, ਤਾਂ ਕਿਸੇ ਹੋਰ ਮਜ਼ਮੂਨ ਵਿਚ ਇਮਤਿਹਾਨ ਪਾਸ ਕਰ ਕੇ ਉਸ ਦੀ ਸੇਵਾ ਵਿਚ ਜੁਟਣ ਲਈ ਮਜਬੂਰ [illegible]

WWW.SIKHBOOKCLUB.COM 

(iv) ਅਨੁਮਾਨ ਹੈ ਕਿ ਦਿੱਲੀ ਦੀ ਬਹੁ-ਗਿਣਤੀ ਪੰਜਾਬੀ-ਭਾਸ਼ੀ ਹੈ, ਪਰ ਦਿੱਲੀ ਵਿਚ ਇਸ ਨੂੰ ਅਜੇ ਦੂਜੀ ਭਾਸ਼ਾ ਵਾਲੀ ਸਰਕਾਰੀ ਪਰਵਾਨਗੀ ਵੀ ਪ੍ਰਾਪਤ ਨਹੀਂ ਹੋ ਸਕੀ।

(v) ਸਾਡੇ ਸਾਹਮਣੇ ਇਸ ਤਰ੍ਹਾਂ ਦਾ ਕੋਈ ਉਦਾਹਰਣ ਨਹੀਂ ਹੈ ਜਿੱਥੇ ਦੇਸ ਦਾ ਕੋਈ ਸਿਰ-ਕੱਢ ਕਵੀ ਜਾਂ ਲੇਖਕ, ਜਿਸ ਦੀ ਮਾਤ-ਭਾਸ਼ਾ ਪੰਜਾਬੀ ਨਹੀਂ ਹੈ, ਪੰਜਾਬੀ ਵਿਚ ਰਚਨਾ ਕਰਨ ਲਈ ਪ੍ਰੇਰਿਆ ਜਾ ਸਕਿਆ ਹੋਵੇ।

(vi) ਸਾਰੇ ਪਾਕਿਸਤਾਨੀ ਪੰਜਾਬ ਦੀ ਭਾਸ਼ਾ ਪੰਜਾਬੀ ਹੈ, ਪਰ ਉਸ ਨੂੰ ਰਾਜ, ਸਿੱਖਿਆ ਤੇ ਵਪਾਰ, ਆਦਿ ਵਿਚ ਕੋਈ ਥਾਂ ਪ੍ਰਾਪਤ ਨਹੀਂ ਹੈ। ਸਿੰਧ ਤੇ ਸਰਹੱਦੀ ਪਠਾਣੀ ਇਲਾਕੇ ਤੇ ਪਾਕਿਸਤਾਨ-ਮੱਲੇ ਕਸ਼ਮੀਰ ਵਿਚ, ਹਾਲਾਂਕਿ ਓਥੇ ਪੰਜਾਬੀਆਂ ਦੀ ਇਕ ਬਹੁਤ ਵੱਡੀ ਮਾਤਰਾ ਵੱਸੀ ਹੋਈ ਹੈ, ਪੰਜਾਬੀ ਦਾ ਕੋਈ ਵੀ ਸਥਾਨ ਨਹੀਂ ਹੈ, ਬਲਕਿ ਵਿਰੋਧ ਹੈ।

ਘਰੋਂ ਬਾਹਰ ਦੀ ਦਸ਼ਾ ਅਸੰਤੋਖ-ਜਨਕ ਹੈ—ਇਸ ਵਿਚ ਰੱਤੀ ਭਰ ਸ਼ੱਕ ਨਹੀਂ। ਇਸ ਪਾਸੇ ਵੱਲ ਧਿਆਨ ਦੇਣ ਦੀ ਲੋੜ ਹੈ—ਇਸ ਬਾਰੇ ਵੀ ਸ਼ਾਇਦ ਕੋਈ ਮਤ-ਭੇਦ ਨਾ ਹੋਵੇ ਪਰ ਝੋਰਾ ਕਰਨ ਦੀ ਥਾਂ ਸਾਨੂੰ ਆਪਣੇ ਸਾਹਮਣੇ ਸਵਾਲ ਖੜਾ ਕਰਨਾ ਚਾਹੀਦਾ ਹੈ ਕਿ ਇਸ ਲੋੜੀਂਦੇ ਕਾਰਜ ਨੂੰ ਕਿਸ ਪਾਸਿਓਂ ਹੱਥ ਪਾਇਆ ਜਾਵੇ ਕਿ ਗੱਲ ਠੀਕ ਪਾਸੇ ਵੱਲ ਅੱਗੇ ਤੁਰ ਪਵੇ।

ਜੇ ਅਸੀਂ ਪੰਜਾਬੀ ਲੋਕ ਸੱਚ-ਮੁੱਚ, ਦੇਸ-ਦੇਸਾਂਤਰਾ ਵਿਚ ਪੰਜਾਬੀ ਦਾ ਪ੍ਰਵੇਸ਼ ਲੋਚਦੇ ਹਾਂ ਤਾਂ ਮੁੱਢਲੀ ਸ਼ਰਤ ਇਹ ਹੈ ਕਿ ਅਸੀਂ ਮਤ, ਮਨ, ਬੁੱਧ ਅਤੇ ਭਾਵ, ਬਲਕਿ ਆਤਮਾ ਦੇ ਸੁਭਾਵਿਕ ਤੇ ਨਿਰਵਿਘਨ ਵਿਕਾਸ ਲਈ, ਆਪਣੀ ਮਾਤ-ਭਾਸ਼ਾ ਦੀ ਵਰਤੋਂ ਦੀ ਲੋੜ ਨੂੰ ਚੰਗੀ ਤਰ੍ਹਾਂ ਅਨੁਭਵ ਕਰੀਏ। ਮਾਤ-ਭਾਸ਼ਾ ਬੱਚੇ ਦੇ ਪ੍ਰਾਣਾਂ ਦੇ ਆਰੰਭ ਤੋਂ ਅੰਤ ਤਕ ਨਾਲ ਨਿਭਣ ਵਾਲੀ ਦਾਤ ਹੁੰਦੀ ਹੈ; ਮਨੁੱਖ ਦੇ ਅਸਲੀ ਹਾਸੇ ਤੇ ਰੋਣੇ, ਡਰਨੇ ਤੇ ਸੁਫਨੇ, ਗਾਲ੍ਹਾਂ ਤੇ ਪੁਚਕਾਰਾਂ, ਛੇੜਾਂ ਤੇ ਠੱਠੇ, ਸਭ ਉਸ ਦੀ ਮਾਤ-ਭਾਸ਼ਾ ਵਿਚ ਹੋਣ ਤਾਂ ਅਸਲੀ ਹੁੰਦੇ ਹਨ, ਵਰਨਾ ਨਕਲੀ ਹੁੰਦੇ ਹਨ। ਮਾਤ-ਭਾਸ਼ਾ ਹੀ ਉਸ ਦੀ ਸਿੱਖਿਆ ਦਾ ਕੁਦਰਤੀ ਮਾਧਿਅਮ ਬਣ ਸਕਦੀ ਹੈ। ਇਸ ਦੇ ਅਨੇਕ ਸ਼ਬਦਾਂ ਦੇ ਅਰਥ ਉਹ ਬਿਨਾਂ ਪੜ੍ਹਾਇਆਂ ਪੜ੍ਹਿਆ ਹੁੰਦਾ ਹੈ। ਏਹੀ ਇਕ ਭਾਸ਼ਾ ਹੁੰਦੀ ਹੈ, ਜਿਸ ਦੀ ਵਰਤੋਂ ਵੇਲੇ ਕਿਸੇ ਦੇ ਦਿਮਾਗ਼ ਉੱਤੇ ਬਦੇਸੀ ਭਾਸ਼ਾ ਵਾਲੀ ਅਨੁਵਾਦ-ਕ੍ਰਿਆ ਦਾ ਫ਼ਾਲਤੂ ਭਾਰ ਨਹੀਂ ਪੈਂਦਾ। ਇਸ ਲਈ ਸਭ ਤੋਂ ਪਹਿਲਾਂ ਤਾਂ ਸਾਨੂੰ ਸਿੱਖਿਆ ਸ਼ਾਸਤਰ ਦੇ ਇਸ ਸਰਵ-ਸਿੱਧ ਨਿਯਮ ਦੀ ਖਮਤਾ ਵਿਚ ਇਹ ਦ੍ਰਿੜ੍ਹ ਵਿਸ਼ਵਾਸ ਪੈਦਾ ਕਰਨ ਦੀ ਲੋੜ ਹੈ ਕਿ ਬੱਚੇ ਦੀਆਂ ਸੁੱਤੀਆਂ ਕਲਾਵਾਂ ਜਗਾਉਣ ਲਈ ਸਭ ਤੋਂ ਯੋਗ ਤੇ ਸਰਲ ਮਾਧਿਅਮ ਉਸ ਦੀ ਮਾਤ-ਭਾਸ਼ਾ ਹੈ। ਦੂਜੀ ਲੋੜ ਆਪਣੀ ਭਾਸ਼ਾ ਦੀ ਵਿਕਾਸ-ਸ਼ਕਤੀ ਵਿਚ ਅਡੋਲ ਵਿਸ਼ਵਾਸ ਦੀ ਹੈ। ਇਸ ਤਰ੍ਹਾਂ ਦੇ ਪ੍ਰਸ਼ਨ ਸਿਆਣਿਆਂ ਦਿਆਂ ਮਨਾਂ ਵਿਚ ਵੀ ਰੜਕਦੇ ਰਹਿੰਦੇ ਹਨ ਕਿ ਜਿਸ ਕੰਮ ਲਈ ਅਸੀਂ ਅੱਗੇ ਆਪਣੀ ਭਾਸ਼ਾ ਨੂੰ ਕਦੀ ਖੇਚਲ ਨਹੀਂ ਦਿੱਤੀ, ਉਸ ਕੰਮ ਨੂੰ ਉਹ ਨਿਭਾ ਵੀ ਲਵੇਗੀ ? ਇਸ ਵਿਚ ਜੋ ਸ਼ਬਦਾਂ ਦੀ ਘਾਟ ਹੈ, ਉਹ ਕਿਵੇਂ ਪੂਰੀ ਹੋਵੇਗੀ ? ਜਿਸ ਭਾਸ਼ਾ ਦੀ ਨਵੇਂ ਸ਼ਬਦ-ਸਿਰਜਨ ਦੀ ਕੁਸ਼ਲਤਾ ਨੂੰ ਅਜੇ ਤਕ ਅਜ਼ਮਾਇਆ ਨਹੀਂ ਗਿਆ, ਕਿੱਥੇ ਲਿਖਿਆ ਹੈ ਕਿ ਇਹ ਤਜਰਬਾ ਕੀਤਾ ਗਿਆ ਤਾਂ ਜ਼ਰੂਰ [illegible] ਸਿਤ ਹਨ, ਸੋ ਨਿਹਫਲ ਕੰਮ ਉੱ[illegible] ਕਿਉਂ ਨਸ਼ਟ ਕੀਤਾ ਜਾਵੇ ? ਨਵੇਂ ਗਿਆਨ ਨੂੰ ਸਾਂਭਣ ਵਾਲਾ ਕੋਈ ਵੀ ਭਾਂਡਾ ਇਸ ਭਾਸ਼ਾ

WWW.SIKHBOOKCLUB.COM Page 146

ਪਾਸ ਮੌਜੂਦ ਨਹੀਂ, ਸੋ ਨਵੀਂ ਘਾੜਤ ਉੱਤੇ ਜੋ ਅਮਿਣਵਾਂ ਸਮਾਂ ਲੱਗਣਾ ਜ਼ਰੂਰੀ ਹੈ, ਉਹ ਬਚਾਇਆ ਕਿਉਂ ਨਾ ਜਾਵੇ ? ਸਾਡੇ ਬੁੱਧੀਮਾਨ ਇਨ੍ਹਾਂ ਟੋਕਾਂ ਤੋਂ ਘਬਰਾ ਜਾਣ ਤਾਂ ਪੈ ਗਈਆਂ ਪੂਰੀਆਂ। ਸੰਸਾਰ ਦੀ ਕੋਈ ਵੀ ਵੱਡੀ ਭਾਸ਼ਾ ਐਸੀ ਨਹੀ ਜੋ ਅਪੂਰਣ ਤੋਂ ਸੰਪੂਰਣ ਨਹੀਂ ਬਣੀ, ਕੋਈ ਭਾਸ਼ਾ ਅਜਿਹੀ ਨਹੀਂ ਜਿਸ ਦਾ ਨਿਰੋਲ ਆਪਣਾ ਸ਼ਬਦ-ਭੰਡਾਰ ਏਨਾ ਸਮਰੱਥ ਹੋਵੇ ਕਿ ਉਸ ਨੂੰ ਕਿਸੇ ਤੋਂ ਉਧਾਰ ਚੁੱਕਣ ਦੀ ਲੋੜ ਹੀ ਨਾ ਪਈ ਹੋਵੇ; ਕੋਈ ਜਿਊਂਦੀ ਭਾਸ਼ਾ ਐਸੀ ਨਹੀਂ ਜਿਸ ਵਿਚ ਭਾਵੀ ਵਿਕਾਸ ਦੇ ਫੁਟਾਰੇ ਦੀ ਸੰਭਾਵਨਾ ਨਹੀਂ ਹੈ। ਇਹ ਨਹੀਂ ਭੁੱਲਣਾ ਚਾਹੀਦਾ ਕਿ ਪੰਜਾਬੀ ਦੇ ਵਰਤਮਾਨ ਰੂਪ ਦਾ ਗਿਆਤ ਤੇ ਪ੍ਰਮਾਣਿਕ ਇਤਿਹਾਸ ਤਕਰੀਬਨ ਹਜ਼ਾਰ ਵਰ੍ਹੇ ਪੁਰਾਣਾ ਹੈ। ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਇਸ ਨੂੰ ਬੋਲਣ ਵਾਲਿਆਂ ਦੀ ਸੰਖਿਆ ਲੱਖਾਂ ਤਕ ਨਹੀਂ ਕਰੋੜਾਂ ਤਕ ਪਹੁੰਚਦੀ ਹੈ ਤੇ ਜਨ-ਸੱਤਾ ਹੀ ਸਭ ਤੋਂ ਵੱਡੀ ਸੱਤਾ ਹੁੰਦੀ ਹੈ। ਜਦੋਂ ਇਸ ਤਰ੍ਹਾਂ ਦੇ ਇਤਿਹਾਸਿਕ ਪਿਛੋਕੜ ਵਾਲੇ ਕਰੋੜਾਂ ਲੋਕ ਆਪਣੀ ਭਾਸ਼ਾ ਨੂੰ ਸਿਰੜ ਤੇ ਲਗਨ ਨਾਲ ਉੱਪਰ ਚੁੱਕਣਾ ਲੋਚਦੇ ਹੋਣ ਤਾਂ ਉਸ ਦੀ ਉੱਨਤੀ ਦੇ ਰਾਹ ਵਿਚ ਉਪਰੋਕਤ ਘਾਟਾਂ ਅੜਿੱਕਾ ਨਹੀਂ ਬਣ ਸਕਦੀਆਂ। ਇਸ ਤਰ੍ਹਾਂ ਦਾ ਵਿਸ਼ਵਾਸ ਹੋਵੇਗਾ ਤਾਂ ਹੀ ਧੌਣ ਉੱਚੀ ਕਰ ਕੇ ਘਰੋਂ ਬਾਹਰ ਨਿਕਲਣ ਜੋਗੇ ਹੋਵਾਂਗੇ।

ਕਿਸੇ ਸਾਹਿੱਤ ਦੇ ਦੇਸਾਂਤਰ-ਪ੍ਰਵੇਸ਼ ਦੇ ਕਾਰਜ-ਕ੍ਰਮ ਦੀ ਸਫਲਤਾ ਦੇ ਅੰਦਰਲੇ ਤੇ ਬਾਹਰਲੇ ਸਾਧਨਾਂ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਅੰਦਰਲਾ ਸਾਧਨ ਸਾਹਿੱਤ ਦਾ ਆਤਮ-ਬਲ ਹੁੰਦਾ ਹੈ, ਜੋ ਅੰਤਿਮ ਵਿਸ਼ਲੇਸ਼ਣ ਵਿਚ ਲੋਕਾਂ ਦਾ ਹੀ ਆਤਮ-ਬਲ ਹੁੰਦਾ ਹੈ। ਬਾਹਰਲੇ ਸਾਧਨ ਉਹ ਵਿਉਂਤਾਂ ਹਨ, ਜਿਨ੍ਹਾਂ ਰਾਹੀਂ ਦੂਜਿਆਂ ਨੂੰ ਆਪਣੇ ਸਾਹਿੱਤ ਵੱਲ ਪ੍ਰੇਰਿਆ ਜਾ ਸਕਦਾ ਹੈ। ਆਤਮ-ਵਿਸ਼ਵਾਸ ਦੀ ਪ੍ਰਬਲ ਲੋੜ ਹੈ ਕਿਉਂਕਿ ਬੱਧੇ-ਰੁੱਧੇ, ਚੱਟੀ ਭਰਨ ਵਾਲੇ ਉਤਸਾਹ-ਹੀਣ ਬੰਦਿਆਂ ਪਾਸੋਂ ਉਤਸਾਹਦਾਇਕ ਉਸਾਰੀਆਂ ਦੀ ਆਸ ਨਹੀਂ ਰੱਖੀ ਜਾ ਸਕਦੀ ?

ਉਪਰੋਕਤ ਪਿਛੋਕੜ ਵਿਚ ਹੁਣ ਅਸੀਂ ਪੰਜਾਬੀ ਦੇ ਪ੍ਰਦੇਸਾਂਤਰੀ ਜਾਂ ਦੇਸਾਂਤਰੀ ਪ੍ਰਚਾਰ ਬਾਰੇ ਨਿੱਗਰ ਸੁਝਾਉ ਪੇਸ਼ ਕਰ ਸਕਦੇ ਹਾਂ। ਪਹਿਲਾਂ ਲਈਏ, 'ਸਾਹਿੱਤ ਦਾ ਆਤਮ-ਬਲ' :

ਸਾਹਿੱਤ, ਆਤਮ-ਪ੍ਰਕਾਸ਼ ਦਾ ਇਕ ਵਧੀਆ ਸਾਧਨ ਹੈ। ਵਿਸ਼ਵ ਭਰ ਵਿਚ ਇਕ ਰੰਗ, ਨਸਲ, ਦੇਸ ਜਾਂ ਲਿੰਗ ਦੇ ਮਨੁੱਖ ਦੇ ਆਤਮ ਦੀ ਦੂਜੇ ਰੰਗ, ਨਸਲ, ਦੇਸ ਤੇ ਲਿੰਗ ਦੇ ਮਨੁੱਖ ਨਾਲ ਪ੍ਰਗਟ ਸਾਂਝ ਹੁੰਦੀ ਹੈ। ਪਿਆਰ ਦੀ ਤੜਪ ਹਰ ਮਨੁੱਖ ਵਿਚ ਸਾਂਝੀ ਹੈ; ਪ੍ਰਕਿਰਤੀ ਦਾ ਮੋਹ ਸਭ ਵਿਚ ਇਕਸਾਰ ਹੈ, ਰੂਪ ਤੋਂ ਅਰੂਪ ਤਕ ਦਾ ਪੈਂਡਾ ਕੱਟਣ ਦੀ ਰੁਚੀ ਵੀ ਹਰ ਇਕ ਵਿਚ ਸਮਾਨ ਹੈ। ਫ਼ਰਕ ਕੇਵਲ ਵਿਅਕਤ ਕਰਨ ਦੇ ਢੰਗ ਵਿਚ ਜਾਂ ਭਾਂਡੇ ਵਿਚ ਜਾਂ ਪੇਸ਼ਕਾਰੀ ਦੇ ਬਸਤਰਾਂ ਵਿਚ ਹੁੰਦਾ ਹੈ। ਏਹੋ ਕਾਰਣ ਹੈ ਕਿ ਇਕ ਦੇਸ ਦਾ ਸਾਹਿੱਤ ਦੂਜੇ ਦੇਸ-ਵਾਸੀਆਂ ਨੂੰ ਪੋਹਣ-ਟੁੰਬਣ ਵਿਚ ਢਿੱਲ ਨਹੀਂ ਲਾਉਂਦਾ। ਉਂਜ ਤਾਂ ਮੋਟੀ ਜੇਹੀ ਗੱਲ ਅਨੁਵਾਦ ਰਾਹੀਂ ਵੀ ਪੱਲੇ ਪੈ ਜਾਂਦੀ ਹੈ, ਪਰ ਜੋ ਸੁਆਦ ਅਸਲ ਦਾ ਹੁੰਦਾ ਹੈ, ਉਸ ਦੇ ਕਿਆ ਕਹਿਣੇ ! ਕਾਲੀਦਾਸ ਜਾਂ ਸ਼ੇਕਸਪੀਅਰ ਨੂੰ ਮੂਲ ਰੂਪ ਵਿਚ ਪੜ੍ਹਨ ਲਈ ਸੰਸਕ੍ਰਿਤ ਜਾਂ ਅੰਗਰੇਜ਼ੀ ਦਾ ਸਿੱਖਣਾ ਅਸਾਧਾਰਨ ਜਾਂ ਝੱਲੀ ਇੱਛਾ ਨਹੀਂ ਹੈ। ਉਸਤਾਦ ਲੇਖਕ ਦੇ ਮੂਲ ਸ਼ਬਦਾਂ ਦਾ ਸੁਆਦ 'ਗੁੰਗੇ ਜਿਉਂ ਮਠਿਆਈ' ਵਾਲਾ ਹੁੰਦਾ ਹੈ। ਇਸੇ ਲਈ ਇਸ ਸੁਆਦ ਦੇ ਇੱਛਕ ਇਸ ਦੁਨੀਆ ਵਿਚ ਬੇਅੰਤ ਮਿਲ ਜਾਂਦੇ ਹਨ। ਸਾਡੀ ਵੱਡੀ ਲੋੜ ਇਹ ਹੈ ਕਿ ਗੁਰੂ ਨਾਨਕ ਜਾਂ ਵਾਰਿਸ ਸ਼ਾਹ ਵਰਗੇ ਪੰਜਾਬੀ ਲੇਖਕਾਂ ਦੇ ਨਾਵਾਂ ਨੂੰ ਪੜ੍ਹੀ ਲਿਖੀ ਦੁਨੀਆ ਵਿਚ ਇਸ ਤਰ੍ਹਾਂ ਘੁਕਾ ਦੇਈਏ ਕਿ ਚੁਣਵੇਂ ਬੰਦਿਆਂ ਵਿਚ ਇਨ੍ਹਾਂ ਦੇ ਮੂਲ ਰੂਪ ਦੇ ਅਧਿਐਨ ਦੀ ਉਤੇਜਨਾ

WWW.SIKHBOOKCLUB.COM

ਤੀਬਰ ਹੋ ਉੱਠੇ। ਉੱਚੇ ਮੌਲਿਕ ਸਾਹਿੱਤ ਦੀ ਉਪਜ ਕਿਸੇ ਤਰ੍ਹਾਂ ਦੇ ਬਾਹਰਲੇ ਠੁੰਮ੍ਹਣਿਆਂ ਰਾਹੀਂ ਸੰਭਵ ਨਹੀਂ ਹੁੰਦੀ। ਇਹ ਕੋਈ ਨਹੀਂ ਕਹਿ ਸਕਦਾ ਕਿ ਕਿਸ ਸੁਭਾਗ ਪ੍ਰਾਣੀ ਵਿਚ, ਕਿਸ ਛਿਨ, ਸਰਸਵਤੀ ਨੇ ਆ ਪ੍ਰਵੇਸ਼ ਕਰਨਾ ਹੈ। ਪਰ ਇਹ ਤਾਂ ਸਾਡੇ ਵੱਸ ਦੀ ਗੱਲ ਹੈ ਕਿ ਜਿਸ ਸਾਹਿੱਤ ਦੇ ਮਸਤਕ ਉੱਤੇ ਸਰਸਵਤੀ ਨੇ ਆਪ ਤਿਲਕ ਲਾ ਦਿੱਤਾ ਹੈ, ਉਸ ਦੀ ਚਰਚਾ ਛੇੜੀ ਜਾਵੇ, ਜਗ ਵਿਚ ਉਸ ਦੀ ਕਹਾਣੀ ਤੋਰੀ ਜਾਵੇ। ਮੈਨੂੰ ਚੇਤੇ ਹੈ ਕਿ ਸੁਰਗਵਾਸੀ ਸ. ਚਰਨ ਸਿੰਘ ਸ਼ਹੀਦ ਨੇ ਆਪਣੇ ਅਖ਼ਬਾਰ 'ਮੌਜੀ' ਦੇ ਗੁਰੂ ਨਾਨਕ ਅੰਕ ਲਈ ਸੁਰਗਵਾਸੀ ਜਾਰਜ ਬਰਨਾਰਡ ਸ਼ਾਅ ਨੂੰ ਕੋਈ ਸਨੇਹਾ ਭੇਜਣ ਦੀ ਬੇਨਤੀ ਕੀਤੀ ਸੀ। ਉੱਤਰ ਆਇਆ : "ਮੈਂ ਅੱਜ ਤਕ ਨਾਨਕ ਵਰਗਾ ਕੋਈ ਨਾ ਹੀ ਨਹੀਂ ਸੁਣਿਆ, ਸਨੇਹਾ ਕੀ ਭੇਜਾਂ ?" ਸੋ ਜਿੱਥੇ ਪਹਿਲ ਇਸ ਗੱਲ ਦੀ ਹੈ ਕਿ ਸਾਡਾ ਮੌਲਿਕ ਸਾਹਿੱਤ ਵਿਸ਼ਵ-ਪੱਧਰ ਦਾ ਹੋਵੇ, ਉਸ ਵਿਚ ਪੰਜਾਬੀ ਲੋਕਾਂ ਦੇ ਨਿਜ-ਪ੍ਰਕਾਸ਼ ਦੀ ਸਮਰੱਥਾ ਹੋਵੇ, ਉਸ ਵਿਚ ਨਕਲ ਜਾਂ ਆਧਾਰ ਦੀ ਥਾਂ ਮੌਲਿਕ ਪੰਜਾਬੀ ਅਨੁਭਵ ਦੀ ਪ੍ਰਧਾਨਤਾ ਹੋਵੇ, ਤਾਂ ਜੋ ਇਹ ਚਰਚਾ-ਯੋਗ ਬਣੇ। ਜਿਸ ਸਾਹਿੱਤ ਵਿਚ ਉਸ ਦਾ ਲੇਖਕ, ਸਮੇਂ ਤੇ ਸਥਾਨ ਦੀਆਂ ਮਿਤਾ ਦੇ ਹੁੰਦਿਆਂ, ਆਪਣੇ ਲੋਕਾਂ ਦੀ ਆਤਮਾ ਨੂੰ ਇਸ ਤਰ੍ਹਾਂ ਵਿਅਕਤ ਨਹੀਂ ਕਰਦਾ ਕਿ ਉਸ ਦੇ ਅਰਥ ਵਿਸ਼ਵਾਰਥੀ ਹੋ ਜਾਣ, ਉਹ ਘਰੋਂ ਬਾਹਰ ਦੀ ਹਵਾ ਮਾਣਨ ਵਿਚ ਅਸਮਰੱਥ ਰਹਿੰਦਾ ਹੈ। ਅਸਲ ਗਤੀ ਤਾਂ ਸਾਹਿੱਤ ਦੇ ਅੰਤ੍ਰੀਵੀ ਤਾਤ੍ਵਿਕ ਗੁਣਾਂ ਨੇ ਹੀ ਕਰਨੀ ਹੈ ਤੇ ਬਾਹਰਲੇ ਸਾਧਨ ਤਾਂ ਕੇਵਲ ਨਿਮਿੱਤ ਮਾਤਰ ਹੀ ਸਮਝੇ ਜਾਣੇ ਚਾਹੀਦੇ ਹਨ। ਪੰਜਾਬੀ ਦੇ ਪੁਰਾਣੇ ਸਾਹਿੱਤ ਵਿਚ ਇਸ ਤਰ੍ਹਾਂ ਦੀ ਰਚਨਾ ਮੌਜੂਦ ਹੈ। ਸਾਡੀ ਅੱਜ ਦੀ ਚੋਣਵੀਂ ਰਚਨਾ, ਕਹਾਣੀ ਜਾਂ ਕਵਿਤਾ ਦੇ ਸੀਮਿਤ ਖੇਤਰਾਂ ਵਿਚ, ਮਿਆਰਾਂ ਦੀ ਅਜੋਕੀ ਉੱਚ ਕੋਟੀ ਦੇ ਨੇੜੇ ਜਾ ਪਹੁੰਚਦੀ ਹੈ। ਇਹ ਕੁੱਝ ਹੁੰਦਿਆਂ ਹੋਇਆਂ ਵੀ ਦੁਨੀਆ ਵਿਚ ਇਸ ਦੀ ਜਾਣ-ਪਛਾਣ ਕਰਾਉਣ ਦੀ ਲੋੜ ਪੈਂਦੀ ਹੈ। ਇਸ ਕਰਤੱਵ ਨੂੰ ਕਿਨ੍ਹਾਂ ਬਾਹਰਲੇ ਸਾਧਨਾਂ ਦੁਆਰਾ ਸੰਭਵ ਬਣਾਇਆ ਜਾਵੇ ? ਇਹ ਇਕ ਸੰਪੂਰਣ ਤੇ ਵਿਸਤ੍ਰਿਤ ਯੋਜਨਾ ਦਾ ਵਿਸ਼ਾ ਹੈ ਜਿਸ ਦੀ ਤਿਆਰੀ ਵਿਚ ਪੰਜਾਬ ਤੇ ਪੰਜਾਬੀ ਦੇ ਹਿਤੈਸ਼ੀਆਂ ਦੀ ਸਮੁੱਚੀ ਵਿਉਂਤ-ਸ਼ਕਤੀ ਤੇ ਪ੍ਰਬੰਧ-ਸ਼ਕਤੀ ਤੋਂ ਇਲਾਵਾ ਵਿਦਵਤਾ ਤੇ ਆਪਾ-ਸਮਰਪਣ ਦੀ ਲੋੜ ਪਵੇਗੀ।

ਜੇ ਧਿਆਨ ਨਾਲ ਵਾਚਿਆ ਜਾਵੇ ਤਾਂ ਪੰਜਾਬ ਦੇ ਇਤਿਹਾਸ ਦੀ ਬੁੱਕਲ ਵਿਚ ਲਗ-ਭਗ ਸਾਰੇ ਭਾਰਤ ਦਾ ਇਤਿਹਾਸ ਆ ਜਾਂਦਾ ਹੈ। ਜੇ ਭਾਰਤ ਵਿਚ ਪ੍ਰਵੇਸ਼ ਦਾ ਇੱਕੋ-ਇੱਕ ਪੁਰਾਣਾ ਰਾਹ ਪੱਛਮੋਤਰੀ ਦੱਰਿਆਂ ਰਾਹੀਂ ਹੀ ਖੁੱਲ੍ਹਦਾ ਸੀ, ਤਾਂ ਪੰਜਾਬ ਦੀ ਭੂਗੋਲਿਕ ਸਥਿਤੀ ਹੀ ਅਜਿਹੀ ਸੀ ਕਿ ਇਸ ਦਾ ਇਤਿਹਾਸ ਸਮੁੱਚੇ ਭਾਰਤ ਦਾ ਇਤਿਹਾਸ ਬਣੇ ਬਿਨਾਂ ਨਹੀਂ ਸੀ ਰਹਿ ਸਕਦਾ। ਇਸ ਲਈ, ਪੰਜਾਬ ਦੇ ਇਤਿਹਾਸ ਦੇ ਕਿਸੇ ਦੌਰ ਉੱਤੇ, ਕੋਈ ਨਵਾਂ ਚਾਨਣ ਪੈਂਦਾ ਹੋਵੇ, ਤਾਂ ਝੱਟ-ਪੱਟ ਸਾਰੀ ਦੁਨੀਆ ਦੇ ਸੰਬੰਧਿਤ ਵਿਦਵਾਨਾਂ ਦੇ ਕੰਨ ਖੜੇ ਹੋ ਜਾਂਦੇ ਹਨ। ਅਫ਼ਸੋਸ ਇਹ ਹੈ ਕਿ ਪੰਜਾਬ ਦੇ ਇਤਿਹਾਸ ਦੇ ਕਿਸੇ ਇਕ ਪੱਖ ਨੂੰ ਵੀ, ਕਿਸੇ ਇਕ ਪੰਜਾਬੀ ਨੇ, ਇਸ ਵਿਸ਼ਾਲ ਪ੍ਰਸੰਗ ਵਿਚ, ਅਜੇ ਤਕ ਪੇਸ਼ ਨਹੀਂ ਕੀਤਾ—ਪੰਜਾਬੀ ਭਾਸ਼ਾ ਵਿਚ ਇਸ ਸੰਕਲਪ ਨੂੰ ਨਿਤਾਰਨ ਵਾਲਾ ਇਤਿਹਾਸ ਤਾਂ ਖ਼ੈਰ ਕਲਪਿਆ ਹੀ ਨਹੀਂ ਗਿਆ। ਪਰ ਸਾਡਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਦਸੌਰਾਂ ਵਿਚ ਪੰਜਾਬੀ ਦੀ ਚਰਚਾ ਤੋਰਨ ਦਾ ਇਕ ਅਸਰਦਾਰ ਸਾਧਨ ਪੰਜਾਬ ਦੀ ਉਪਰੋਕਤ ਕੁਦਰਤੀ ਵਡਿਆਈ ਦੀ ਤੁਰਤ ਸੁਵਰਤੋਂ ਹੈ। ਪੰਜਾਬ ਦੇ ਇਤਿਹਾਸ ਦਾ ਕੋਈ ਪੱਖ ਵੀ ਕਿਉਂ ਨਾ ਹੋਵੇ—ਭੂਗੋਲਿਕ, ਨਸਲੀ, ਭਾਸ਼ਾਈ, ਧਾਰਮਿਕ, [illegible] ਸਮਾਜਿਕ, ਸਭਿਆਚਾਰਕ ਅਤੇ ਰ

WWW.SIKHBOOKCLUB.COM 

ਵਹਿਮਾਂ-ਭਰਮਾਂ ਦਾ—ਹਰ ਇਕ ਵਿਚ ਪੰਜਾਬ ਨੂੰ ਅੰਤਰ-ਰਾਸ਼ਟਰੀ ਪੱਧਰ ਉੱਤੇ ਚਰਚਾ ਦਾ ਵਿਸ਼ਾ ਬਣਾਉਣ ਦੀ ਸਮਰੱਥਾ ਲੁਕੀ ਪਈ ਹੈ। ਇਸ ਲਈ ਪੰਜਾਬੀ ਦੇ ਦੇਸਾਂਤਰ-ਪ੍ਰਵੇਸ਼ ਨੂੰ ਸੌਖਾ ਬਣਾਉਣ ਲਈ ਸਾਡੀ ਪਹਿਲੀ ਸਿਫ਼ਾਰਸ਼ ਇਹ ਹੈ ਕਿ ਪੰਜਾਬ ਦੇ ਇਸ ਅੰਤਰ-ਰਾਸ਼ਟਰੀ ਮਹੱਤਾ ਵਾਲੇ ਚਿਤਰ ਨੂੰ ਉਸਾਰਨ ਵੱਲ ਵਧੇਰੇ ਧਿਆਨ ਦਿੱਤਾ ਜਾਵੇ, ਜਿਸ ਨਾਲ ਉਸ ਦੀ ਛਬ ਸਰਬੱਤ ਵਿਸ਼ਵ-ਵਿਦਿਆਲਿਆਂ ਵਿਚ ਪਹੁੰਚ ਜਾਵੇ। ਇਹ ਸਾਰਾ ਕੰਮ ਪਹਿਲਾਂ ਪੰਜਾਬੀ ਵਿਚ ਹੋਵੇ, ਇਹ ਮੇਰਾ ਸੁਫ਼ਨਾ ਹੈ। ਜੇ ਅੱਜ ਨਹੀਂ ਤਾਂ ਕੱਲ੍ਹ ਜ਼ਰੂਰ ਇਹੀ ਹੋਵੇਗਾ, ਇਸ ਵਿਚ ਮੈਨੂੰ ਉੱਕਾ ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ ਲਗਦੀ। ਸਾਡੇ ਲਈ ਭੂਤ ਦੀ ਕੁੱਖ ਵਿੱਚੋਂ ਭਵਿੱਖ ਦੀ ਬੂਟੀ ਅਵੱਸ਼ ਉੱਗੇਗੀ, ਅਸੀਂ ਦੱਬੇ ਹੋਏ ਭੂਤ ਨੂੰ ਉਜਾਗਰ ਕਰੀਏ ਤਾਂ ਸਹੀ।

ਇਸ ਸੰਬੰਧ ਵਿਚ ਦੂਜੀ ਜ਼ਰੂਰੀ ਚੀਜ਼ ਪ੍ਰਸਿੱਧ ਪੰਜਾਬੀਆ ਦੇ ਬਿੰਬ ਉਘਾੜਨ ਦੀ ਹੈ। ਇਸ ਪਾਸੇ, ਮਿਸਾਲ ਵਜੋਂ, ਮੈਂ ਦੋ ਨਾਂ ਹੀ ਪੇਸ਼ ਕਰਦਾ ਹਾਂ—ਗੁਰੂ ਨਾਨਕ ਤੇ ਵਾਰਿਸ ਸ਼ਾਹ, ਖ਼ਾਸ ਕਰਕੇ ਗੁਰੂ ਨਾਨਕ। ਗੁਰੂ ਨਾਨਕ ਨਾ ਤਾਂ ਸਾਥੋਂ ਏਨੀ ਦੂਰ ਹੈ ਕਿ ਉਸ ਦਾ ਜੀਵਿਤ, ਧੜਕਦਾ ਬਿੰਬ ਉਸਾਰਨਾ ਅਸੰਭਵ ਹੋਵੇ ਤੇ ਨਾ ਏਨਾ ਨੇੜੇ ਹੈ ਕਿ ਉਸ ਦੀ ਕਿਸੇ ਕਥਨੀ ਜਾਂ ਕਰਨੀ ਨੂੰ ਨਿਰਾਧਾਰ ਹਵਾਈਆਂ ਉਡਾ ਕੇ ਦੂਸ਼ਿਤ ਕੀਤਾ ਜਾ ਸਕੇ। ਗੁਰੂ ਨਾਨਕ, ਭਾਰਤ ਵਿਚ ਆਧੁਨਿਕਤਾ ਦੇ ਪ੍ਰਵੇਸ਼ ਦੀ ਸਰਦਲ ਉੱਤੇ ਖੜਾ ਹੈ। ਇਹ ਸਾਡੇ ਸਭ ਤੋਂ ਨੇੜੇ ਦੀ ਬਾਰੀ ਹੈ ਜਿਸ ਰਾਹੀਂ ਸਾਡੇ ਦੇਸ ਵਿਚ ਚਾਨਣ ਦਾ ਹੜ੍ਹ ਵਗਿਆ ਹੈ ਅਤੇ ਸਾਡੇ ਧੰਨ ਭਾਗ ਹਨ ਕਿ ਇਸ ਦੀ ਸਾਰੀ ਬਾਣੀ ਸਾਡੇ ਪਾਸ ਮੌਜੂਦ ਹੈ। ਗੁਰੂ ਨਾਨਕ ਪੰਜਾਬੀ ਸੀ ਅਤੇ ਜਿੱਥੇ ਕਿਤੇ ਗੁਰੂ ਨਾਨਕ ਦੇਵ ਪਹੁੰਚਣਗੇ, ਪੰਜਾਬੀਅਤ ਆਪਣੇ ਆਪ ਪਹੁੰਚ ਜਾਵੇਗੀ। ਇਸ ਲਈ ਗੱਲ ਬਹੁਤ ਸਰਲ ਹੈ—ਗੁਰੂ ਨਾਨਕ ਜਿੱਥੇ ਨਹੀਂ ਪਹੁੰਚਿਆ ਓਥੇ ਉਸ ਨੂੰ ਪਹੁੰਚਾਈਏ, ਪੰਜਾਬੀ ਦੇ ਪਹੁੰਚਣ ਲਈ ਰਾਹ ਮੋਕਲਾ ਹੋ ਜਾਏਗਾ। ਇਹੀ ਹਾਲ ਵਾਰਿਸ ਸ਼ਾਹ ਦਾ ਹੈ। ਇਹ ਸੇਵਾ ਭਾਵੇਂ ਕਿਸੇ ਬੋਲੀ ਵਿਚ ਕੀਤੀ ਜਾਵੇ, ਅੰਤ ਵਿਚ ਇਸ ਦਾ ਲਾਭ ਸਾਡੀ ਭਾਸ਼ਾ ਨੂੰ ਹੀ ਹੋਵੇਗਾ।

ਸੋ ਪੰਜਾਬੀ ਨੂੰ ਦੇਸਾਂਤਰਾਂ ਵਿਚ ਪਹੁੰਚਾਉਣ ਲਈ ਜ਼ਰੂਰੀ ਹੈ ਕਿ ਪੰਜਾਬੀ ਦੇ ਸ਼ਾਹਕਾਰ ਭਾਰਤ ਦੀਆਂ ਸਾਰੀਆਂ ਅਤੇ ਬਦੇਸਾਂ ਦੀਆਂ ਚੋਣਵੀਆਂ ਬੋਲੀਆਂ ਵਿਚ ਅਨੁਵਾਦੇ ਤੇ ਫ਼ਿਲਮਾਏ ਜਾਣ। ਇਹੀ ਇਕ ਢੰਗ ਹੈ ਜਿਸ ਨਾਲ ਸਾਡੇ ਸਾਹਿੱਤ ਦੀ ਮਹਿਕ ਦੂਰ-ਵਾਸੀਆਂ ਦਿਆਂ ਘਰਾਂ ਤਕ ਸੌਖ ਨਾਲ ਪਹੁੰਚ ਸਕਦੀ ਹੈ। ਕੁੱਝ ਦਿਨ ਹੋਏ ਇਕ ਅੰਗਰੇਜ਼ ਸਵਾਣੀ ਨਾਲ ਮੇਲ ਹੋਇਆ। ਉਹ ਪੰਜਾਬੀ ਜੀਵਨ ਉੱਤੇ ਇਕ ਨਾਵਲ ਲਿਖਣ ਦੇ ਇਰਾਦੇ ਨਾਲ ਫ਼ਰੀਦਕੋਟ ਪਹੁੰਚੀ ਸੀ। ਗਿੱਧੇ ਦੀਆਂ ਬੋਲੀਆਂ ਸੁਣ-ਸਮਝ ਕੇ ਉਹ ਇਤਨੀ ਕਾਹਲੀ ਪੈ ਗਈ ਕਿ ਅੰਗਰੇਜ਼ੀ ਅਨੁਵਾਦ ਛਪਾਉਣ ਦੀ ਪੂਰੀ ਪੂਰੀ ਜ਼ਿੰਮੇਵਾਰੀ ਸੰਭਾਲਣ ਨੂੰ ਤਿਆਰ ਹੋ ਗਈ। ਅਨੁਵਾਦ ਰਾਹੀਂ ਅਸਲ ਸਾਹਿੱਤ ਤਾਂ ਪਹੁੰਚ ਨਹੀਂ ਸਕਦਾ ਪਰ ਕੁੱਝ ਵੰਨਗੀ ਜ਼ਰੂਰ ਪੱਲੇ ਪੈ ਜਾਂਦੀ ਹੈ। ਉਮਰ ਖ਼ੱਯਾਮ ਦੇ ਫਿਟਜ਼ਜੀਰਲਡੀ ਅਨੁਵਾਦ ਨੇ ਇਕ ਵਾਰੀ ਤਾਂ ਸਾਰੇ ਯੂਰਪ ਨੂੰ ਈਰਾਨ ਦਾ ਸ਼ੈਦਾਈ ਬਣਾ ਦਿੱਤਾ ਸੀ। ਰੂਸੀ ਲੇਖਕਾਂ ਨੂੰ ਅੰਗਰੇਜ਼ੀ ਵਿਚ ਪੜ੍ਹ ਪੜ੍ਹ ਕੇ ਹੀ ਅਸੀਂ ਰੂਸ ਬਾਰੇ ਖ਼ਾਸਾ ਕੁੱਛ ਜਾਣਨ ਲਗ ਪਏ ਹਾਂ। ਬਦੇਸੀ ਦੂਤ-ਘਰ ਆਖ਼ਰ ਐਵੇਂ ਤਾਂ ਨਹੀਂ ਆਪਣੇ ਦੇਸਾਂ ਦੇ ਸ਼ਾਹਕਾਰਾਂ ਦੇ ਅਨੁਵਾਦ ਮੁਫ਼ਤ ਦੇ ਭਾਅ ਵੰਡਦੇ ਫਿਰਦੇ? ਪੰਜਾਬੀ ਦੀ ਇੱਕੀ-ਦੁੱਕੀ ਰਚਨਾ ਦਾ ਇੱਕੀ-ਦੁੱਕੀ ਬੋਲੀ ਵਿਚ ਅਨੁਵਾਦ ਇਸ ਤਰ੍ਹਾਂ ਦਾ ਮਾਹੌਲ ਉਪਜਾਉਣ ਵਿਚ ਸਫਲ ਨਹੀਂ ਹੋ ਸਕਦਾ। ਪਰ ਜੇ ਇਹ ਅਨੁਵਾਦ ਲਗਾਤਾਰ ਹੁੰਦੇ ਰਹਿਣ [illegible] ਨਿਰਸੰਦੇਹ ਇਕ ਪੰਜਾਬ-ਹਿਤੈਸ਼ੀ ਮਾਹੌਲ

WWW.SIKHBOOKCLUB.COM

ਬਣਨ ਵਿਚ ਮਦਦ ਮਿਲੇਗੀ। ਜਿਸ ਦਾ ਆਰਥਿਕ ਲਾਭ ਵੱਖਰਾ ਹੋਵੇਗਾ ਤੇ ਮਾਣ-ਪ੍ਰਤਿਸ਼ਠਾ ਵਾਲਾ ਲਾਭ ਵੱਖਰਾ।

ਸ਼ਾਹਕਾਰਾਂ ਦੇ ਅਨੁਵਾਦਾਂ ਦੇ ਨਾਲ ਨਾਲ ਗ਼ੈਰ-ਭਾਸ਼ੀਆਂ ਨੂੰ ਪੰਜਾਬੀ ਸਿੱਖਣ-ਸਿਖਾਉਣ ਲਈ ਸਹਾਇਕ ਸਾਹਿੱਤ ਤਿਆਰ ਕਰਨ ਦੀ ਲੋੜ ਪਵੇਗੀ। ਫ਼ਰਜ਼ ਕਰੋ ਮੈਂ ਸਪੇਨੀ ਭਾਸ਼ਾ ਦੇ ਕਿਸੇ ਪ੍ਰਦੇਸ਼ ਵਿਚ ਪਹੁੰਚ ਜਾਵਾਂ ਤੇ ਉਹ ਭਾਸ਼ਾ ਆਉਂਦੀ ਨਾ ਹੋਵੇ ਤਾਂ ਮੈਨੂੰ ਕਿਸ ਤਰ੍ਹਾਂ ਦੀਆਂ ਸਹਾਇਕ ਕਿਤਾਬਾਂ ਦੀ ਲੋੜ ਪਵੇਗੀ ? ਉਹ ਕਿਤਾਬਾਂ ਜਿਹੜੀਆਂ ਇਹ ਦੱਸਣ ਕਿ ਉਹ ਰੋਟੀ ਨੂੰ ਕੀ ਆਖਦੇ ਹਨ ? ਪਾਣੀ ਨੂੰ ਕੀ ਕਹਿੰਦੇ ਹਨ ? ਹੋਟਲ ਨੂੰ ਕੀ ਕਹਿੰਦੇ ਹਨ ? ਜੇ ਕੋਈ ਇਸ ਤਰ੍ਹਾਂ ਦਾ ਬੁਨਿਆਦੀ ਪੰਜਾਬੀ-ਸਪੇਨੀ ਸ਼ਬਦ-ਸੰਗ੍ਰਹਿ ਛਪਿਆ ਹੋਵੇ ਤਾਂ ਮੇਰੇ ਲਈ ਕਾਫ਼ੀ ਸਹੂਲਤ ਹੋ ਜਾਵੇਗੀ। ਇਸੇ ਤਰ੍ਹਾਂ ਨਿੱਤ ਵਰਤੋਂ ਦੇ ਵਾਕ ਜਾਂ ਵਾਕ-ਅੰਸ਼ 'ਕੀ ਮੈਂ ਤੁਹਾਡਾ ਨਾਂ ਪੁੱਛ ਸਕਦਾ ਹਾਂ ?' 'ਮੇਰਾ ਨਾਂ... ਹੈ ਜੀ', 'ਮੌਸਮ ਬੜਾ ਸੁੰਦਰ ਹੈ ਜੀ', 'ਮੈਨੂੰ ਆਪਣਾ ਬਿੱਲ ਦਿਓ ਜੀ', 'ਮੈਂ ਫ਼ਲਾਣੀ ਥਾਂ ਜਾਣਾ ਹੈ ਜੀ', 'ਤੁਸੀਂ ਕਿੰਨੇ ਸੁੰਦਰ ਲਗ ਰਹੇ ਹੋ ?' 'ਮੈਂ ਤੁਹਾਨੂੰ ਪਿਆਰ ਕਰਦਾ ਹਾਂ', ਆਦਿ ਸਪੇਨੀ ਵਿਚ ਅਨੁਵਾਦ ਹੋਏ ਹੋਏ ਮਿਲ ਜਾਣ ਤਾਂ ਹੋਰ ਵੀ ਸਹੂਲਤ ਹੋ ਜਾਵੇਗੀ। ਇਸ ਲਈ ਪੰਜਾਬੀ ਦੇ ਪ੍ਰਸਾਰ ਦੇ ਪ੍ਰੋਗਰਾਮ ਵਿਚ ਦੇਸੀ ਤੇ ਬਦੇਸੀ ਭਾਸ਼ਾਵਾਂ ਤੋਂ ਪੰਜਾਬੀ ਵਿਚ ਪਰਿਆਇ-ਵਾਚੀ ਬੁਨਿਆਦੀ ਸ਼ਬਦ-ਕੋਸ਼ਾਂ ਅਤੇ ਵਾਕਾਵਲੀਆਂ ਦੀ ਥਾਂ ਵਿਸ਼ੇਸ਼ ਸਮਝੀ ਜਾਣੀ ਚਾਹੀਦੀ ਹੈ। ਸਭ ਤੋਂ ਪਹਿਲਾਂ ਇਹ ਪੁਸਤਕਾਂ ਭਾਰਤ ਦੀਆਂ ਦੇਸੀ ਬੋਲੀਆਂ ਵਾਸਤੇ ਤਿਆਰ ਹੋਣੀਆਂ ਚਾਹੀਦੀਆਂ ਹਨ, ਜਿਵੇਂ ਹਿੰਦੀ-ਪੰਜਾਬੀ, ਮਰਾਠੀ-ਪੰਜਾਬੀ, ਤਮਿਲ-ਪੰਜਾਬੀ, ਤੈਲਗੂ-ਪੰਜਾਬੀ, ਆਦਿ। ਇਸ ਤੋਂ ਪਿੱਛੋਂ ਹਿੰਦੁਸਤਾਨ ਦੇ ਗਵਾਂਢੀਆਂ ਦੀਆਂ ਬੋਲੀਆਂ ਵਿਚ, ਫੇਰ ਪ੍ਰਸਿੱਧ ਯੂਰਪੀ ਤੇ ਏਸ਼ੀਆਈ ਬੋਲੀਆਂ ਵਿਚ ਅਤੇ ਅੰਤ ਵਿਚ ਇਹ ਸਫ਼ਰੀ ਸ਼ਬਦਾਵਲੀਆਂ ਤੇ ਵਾਕਾਵਲੀਆਂ, ਦੁਨੀਆਂ ਦੀਆਂ ਸਾਰੀਆਂ ਭਾਸ਼ਾਵਾਂ ਵਿਚ ਤਿਆਰ ਹੋ ਜਾਣੀਆਂ ਚਾਹੀਦੀਆਂ ਹਨ। ਇਹ ਸੈਰ-ਸਪਾਟੇ ਕਰਨ ਵਾਲੇ ਯਾਤਰੀਆਂ ਜਾਂ ਮੁੱਢਲੇ ਸਿਖਾਂਦਰੂਆਂ ਦੇ ਕੰਮ ਆਉਣ ਵਾਲੀਆਂ ਕਿਤਾਬੜੀਆਂ ਹੋਣਗੀਆਂ। ਇਨ੍ਹਾਂ ਤੋਂ ਅਗਾਂਹ ਪਹੁੰਚਣ ਵਾਲੇ ਜਿਗਿਆਸੂਆਂ ਲਈ ਸੌਖੇ ਵਿਆਕਰਣ ਜਾਂ ਭਾਸ਼ਾ-ਬੋਧ ਤਿਆਰ ਹੋਣੇ ਚਾਹੀਦੇ ਹਨ।

ਇਨ੍ਹਾਂ ਸ਼ਬਦਾਵਲੀਆਂ ਤੇ ਵਾਕਾਵਲੀਆਂ ਵਿਚ ਸ਼ਬਦਾਂ ਅਤੇ ਵਾਕਾਂ ਦੇ ਸੰਗ੍ਰਹਿ ਦਾ ਕੰਮ ਸ਼ਾਇਦ ਏਨਾ ਔਖਾ ਨਾ ਹੋਵੇ, ਕਿਉਂਕਿ ਹੋਰਨਾਂ ਭਾਸ਼ਾਵਾਂ ਵਿਚ ਤਿਆਰ ਹੋਈਆਂ ਪੁਸਤਕਾਂ ਵਿਚੋਂ ਕਾਫ਼ੀ ਹੱਦ ਤਕ ਕੀਤਾ-ਕਿਤਾਇਆ ਮਿਲ ਸਕਦਾ ਹੈ,—ਭਾਵੇਂ ਏਥੇ ਵੀ ਇਹ ਘੋਖਣ ਦੀ ਲੋੜ ਜ਼ਰੂਰ ਪਵੇਗੀ ਕਿ ਅਸੀਂ ਕਿੰਨੇ ਕੁ ਵਾਹ ਪੈਣ ਵਾਲਿਆਂ ਬੰਦਿਆਂ ਲਈ ਇਹ ਕਿਤਾਬਾਂ ਤਿਆਰ ਕਰਨੀਆਂ ਹਨ ? ਮਸਲਨ, ਅੰਗਰੇਜ਼ੀ-ਪੰਜਾਬੀ ਸ਼ਬਦਾਵਲੀ ਅਤੇ ਵਾਕਾਵਲੀ, ਅਰਬੀ-ਪੰਜਾਬੀ ਸ਼ਬਦਾਵਲੀ ਜਾਂ ਵਾਕਾਵਲੀ ਨਾਲੋਂ ਜ਼ਰੂਰ ਭਿੰਨ ਹੋਵੇਗੀ। ਪਰ ਵਿਆਕਰਣ ਜਾਂ ਭਾਸ਼ਾ-ਬੋਧ ਦਾ ਜੁੱਸਾ ਕੋਈ ਤਗੜਾ ਜਾਣਕਾਰ ਹੀ ਥਾਪੇ ਤਾਂ ਠੀਕ ਹੋਵੇਗਾ। ਵਿਆਕਰਣ ਦਾ ਪਾਠ ਬਹੁਤ ਰੁੱਖਾ ਕੰਮ ਸਮਝਿਆ ਜਾਂਦਾ ਹੈ। ਇਸ ਨੂੰ ਸੌਖਾ ਤੇ ਦਿਲਚਸਪ ਬਣਾਉਣਾ ਇਕ ਹੁਨਰ ਹੈ। ਕਿਸੇ ਇਕ ਬੋਲੀ ਲਈ ਵਿਆਕਰਣ ਦਾ ਜੁੱਸਾ ਕੋਈ ਹੁਨਰਮੰਦ ਨਿਸਚਿਤ ਕਰ ਦੇਵੇ, ਅੱਗੋਂ ਦੂਜੀਆਂ ਬੋਲੀਆਂ ਲਈ ਕੰਮ ਸੌਖੇਰਾ ਹੋ ਸਕਦਾ ਹੈ। ਅੱਜਕਲ ਬਦੇਸੀਆਂ ਨੂੰ ਬੋਲੀਆਂ ਸਿਖਾਉਣ ਦੇ ਢੰਗ ਇੰਨੀ ਤਰੱਕੀ ਕਰ ਚੁੱਕੇ ਹਨ ਕਿ ਇਹ ਅਮਲ ਅਕਾਊ-ਥਕਾਊ ਹੋਣ ਦੀ ਥਾਂ ਕਾਫ਼ੀ ਸੁਖਦਾਇਕ ਤੇ ਸੁਆਦਲਾ ਬਣ ਚੁੱਕਾ ਹੈ। ਉਸ ਦਾ ਲਾਭ ਉਠਾਉਣਾ ਜ਼ਰੂਰੀ ਹੈ। ਇਹ ਸ਼ਬਦ-ਸੰਗ੍ਰਹਿ ਤੇ ਵਾਕਾਵਲੀਆਂ ਸਰਕਾਰ ਦੇ ਯਾਤਰੀ-ਸਵਾਗਤ ਵਿਭਾਗ ਦੇ ਵੀ ਕੰਮ

WWW.SIKHBOOKCLUB.COM Page 150

ਆਉਣਗੀਆਂ ਤੇ ਰੱਖਿਆ ਵਿਭਾਗ ਦੇ ਵੀ। ਕੁੱਝ ਹਾਲਤਾਂ ਵਿਚ ਸਾਨੂੰ ਇਹ ਵੀ ਨਿਰਣਾ ਕਰਨਾ ਪਵੇਗਾ ਕਿ ਅਸੀਂ ਆਪਣੀ ਯੋਜਨਾ ਨੂੰ ਵਧੇਰੇ ਸਫਲ ਬਣਾਉਣ ਲਈ ਪਾਠਕਾਂ ਦੀਆਂ ਲੋੜਾਂ ਨੂੰ ਮੁਖ ਰੱਖ ਕੇ ਆਪਣੇ ਕੰਮ ਨੂੰ ਤਿੰਨ ਚਾਰ ਸ਼੍ਰੇਣੀਆਂ ਵਿਚ ਕਿਉਂ ਨਾ ਵੰਡ ਲਈਏ ? ਮਸਲਨ :

1. ਇਕ ਲੜੀ ਪੰਜਾਬ ਤੋਂ ਬਾਹਰ ਵੱਸ ਚੁੱਕੇ ਪੰਜਾਬੀਆਂ ਦੇ ਬੱਚਿਆਂ ਲਈ। (ਕਈ ਥਾਵਾਂ ਉੱਤੇ ਪੰਜਾਬੀ ਆਬਾਦਕਾਰਾਂ ਦੀ ਗਿਣਤੀ ਲੱਖਾਂ ਤਕ ਪਹੁੰਚਦੀ ਹੈ, ਪਰ ਪੰਜਾਬੀ ਭਾਸ਼ਾ ਨਾਲ ਜਾਣਕਾਰੀ ਕਾਇਮ ਰੱਖਣ ਦੇ ਸਾਧਨ ਕੋਈ ਨਹੀਂ ਹਨ)।
2. ਪੰਜਾਬ ਤੋਂ ਬਾਹਰ ਵੱਸਦੇ ਪੰਜਾਬੀ ਬਾਲਿਗਾਂ ਲਈ ਵੱਖਰੀ ਲੜੀ।
3. ਗ਼ੈਰ-ਪੰਜਾਬੀ ਬਾਲਾਂ ਲਈ (ਜਿਵੇਂ ਰੂਸ ਦੇ ਕੁੱਝ ਸਕੂਲਾਂ ਵਿਚ ਬਾਲਾਂ ਨੂੰ ਗ਼ੈਰ-ਬੋਲੀਆਂ ਦੀ ਪੜ੍ਹਾਈ ਵੱਲ ਲਾਇਆ ਜਾਂਦਾ ਹੈ ਜਾਂ ਤਿਭਾਸ਼ੀ ਫ਼ਾਰਮੂਲੇ ਦੇ ਅਧੀਨ ਭਾਰਤ ਦੇ ਕੁੱਝ ਗ਼ੈਰ-ਪੰਜਾਬੀ ਪ੍ਰਾਂਤ ਪੰਜਾਬੀ ਜਾਰੀ ਕਰ ਸਕਦੇ ਹਨ)।
4. ਗ਼ੈਰ-ਪੰਜਾਬੀ ਸਿਆਣਿਆਂ ਲਈ।

ਇਨ੍ਹਾਂ ਦੇ ਨਾਲ ਹੀ ਵੱਡੇ ਕੋਸ਼ਾਂ ਦੀ ਯੋਜਨਾ ਵੀ ਚੱਲ ਪਵੇਗੀ।

ਇਹ ਕਹਿਣ ਦੀ ਲੋੜ ਨਹੀਂ ਕਿ ਇਨ੍ਹਾਂ ਕਿਤਾਬਾਂ ਦੀ ਛਪਾਈ ਕੈਸੀ ਹੋਵੇ। ਵਰਤਮਾਨ ਸਰਕਾਰੀ ਛਾਪਕ 'ਬਿੱਲੀ' ਦੀ ਮੂਰਤ ਛਾਪਣ ਤਾਂ ਬੱਚਿਆਂ ਤਕ ਪਹੁੰਚਦੀ-ਪਹੁੰਚਦੀ 'ਉੱਲੂ' ਬਣ ਜਾਂਦੀ ਹੈ; 'ਖ਼ਰਗੋਸ਼' ਤੇ 'ਬੱਕਰੀ' ਵਿਚ ਜ਼ਰਾ ਮਾਸਾ ਹੀ ਫ਼ਰਕ ਰਹਿ ਜਾਂਦਾ ਹੈ ਤੇ 'ਲੱਡੂ' 'ਸੇਬ' ਦੀ ਸ਼ਕਲ ਧਾਰ ਲੈਂਦੇ ਹਨ। (ਵੇਖੋ ਪੰਜਾਬੀ ਪਰਵੇਸ਼ਕਾ, 1966, ਡੀ.ਪੀ.ਆਈ. ਪੰਜਾਬ ਲਈ ਕੰਟਰੋਲਰ ਪ੍ਰਿੰਟਿੰਗ ਤੇ ਸਟੇਸ਼ਨਰੀ ਪੰਜਾਬ, ਚੰਡੀਗੜ੍ਹ ਨੇ ਛਾਪੀ ਤੇ ਪ੍ਰਕਾਸ਼ਤ ਕੀਤੀ)। ਇਹ ਕਹਿ ਹੀ ਲੈਣਾ ਚਾਹੀਦਾ ਹੈ ਕਿ ਇੱਕੀ-ਦੁੱਕੀ ਮਿਸਾਲ ਛੱਡ ਕੇ ਪੰਜਾਬੀ ਪ੍ਰਕਾਸ਼ਨ ਪਾਸ ਅਜੇ ਅੰਤਰ-ਰਾਸ਼ਟਰੀ ਪੱਧਰ ਦੀ ਛਪਾਈ ਦੇ ਸਾਧਨ ਤਾਂ ਕਿਤੇ ਰਹੇ, ਸੰਕਲਪ ਦੀ ਵੀ ਅਣਹੋਂਦ ਹੈ। ਉਪਰੋਕਤ ਕਿਤਾਬਾਂ ਪੰਜਾਬ ਦੀਆਂ ਤਾਕੀਆਂ ਹੋਣਗੀਆਂ, ਜੋ ਕਿਸੇ ਨਾ ਕਿਸੇ ਗੈਰ-ਭਾਸ਼ੀ ਜਨ-ਸਮੂਹ ਵੱਲ ਖੁੱਲ੍ਹਣਗੀਆਂ, ਸੋ ਅਸੀਂ ਇਹ ਬਰਦਾਸ਼ਤ ਨਹੀਂ ਕਰ ਸਕਦੇ ਕਿ ਜਿਨ੍ਹਾਂ ਤਾਕੀਆਂ ਦੇ ਖੋਲ੍ਹਣ ਪਿੱਛੇ ਇੰਨੀ ਵੱਡੀ ਯੋਜਨਾ ਕੰਮ ਕਰ ਰਹੀ ਹੋਵੇ ਤੇ ਜਿਨ੍ਹਾਂ ਦੀ ਸ਼ੁਭ ਇੱਛਾ ਆਪਣੇ ਵੱਲ ਕੇਂਦ੍ਰਿਤ ਕਰਨ ਲਈ ਇਹ ਸਾਰਾ ਅਡੰਬਰ ਰਚਿਆ ਗਿਆ ਹੋਵੇ, ਅਸੀਂ ਕੇਵਲ ਬੇਤੁਕੀ ਛਪਾਈ ਕਰ ਕੇ ਉਨ੍ਹਾਂ ਦੀ ਦੁਰ-ਇੱਛਾ ਦੇ ਭਾਗੀ ਬਣੀਏ। ਸੋ ਇਸ ਕੰਮ ਵਿਚ ਮਜ਼ਮੂਨ ਦੀ ਪੇਸ਼ਕਾਰੀ, ਸਿਆਹੀਆਂ ਦੀ ਚੋਣ, ਟਾਈਪ ਦੀ ਸੁਲੱਖਣਤਾ ਤੇ ਤਰਤੀਬ ਤੇ ਦੱਖ ਅਤੇ ਕਾਗ਼ਜ਼ ਦੀ ਵੰਨਗੀ, ਸਭ ਸਿਰੇ ਦੀਆਂ ਹੋਣਗੀਆਂ। ਜਿਹੜੇ ਚਾਰ ਕਦਮ ਪੁੱਟਣੇ ਹਨ, ਉਹ ਜੇ ਮੜਕ ਨਾਲ ਨਹੀਂ ਪੁੱਟੇ ਜਾਣੇ ਤਾਂ ਹਕੀਮ ਨੇ ਤਾਂ ਨਹੀਂ ਦੱਸਿਆ ਕਿ ਤੁਰਨਾ ਜ਼ਰੂਰ ਹੈ।

ਪੰਜਾਬੀ ਨੂੰ ਪੰਜਾਬ ਦੀਆਂ ਸਰਹੱਦਾਂ ਤੋਂ ਪਾਰ ਪਹੁੰਚਾਉਣ ਲਈ ਇਕ ਕੇਂਦਰੀ ਪੁਸਤਕ-ਭੰਡਾਰ ਦੀ ਲੋੜ ਪਵੇਗੀ, ਜਿਸ ਵਿਚ ਪੰਜਾਬੀ ਦੀਆਂ ਸਭ ਕੰਮ ਦੀਆਂ ਕਿਤਾਬਾਂ ਮੌਜੂਦ ਹੋਣਗੀਆਂ। ਬਲਕਿ ਕਈ ਬਹੁਤੀ ਮੰਗ ਵਾਲੀਆਂ ਕਿਤਾਬਾਂ ਦੀਆਂ ਕਈ ਕਈ ਕਾਪੀਆਂ ਹੋਣਗੀਆਂ। ਇਸ ਭੰਡਾਰ ਦੀਆਂ ਵੱਡੀਆਂ ਵੱਡੀਆਂ ਸ਼ਾਖ਼ਾਂ ਦੇਸ ਦੀਆਂ ਸਭ ਰਾਜਧਾਨੀਆਂ ਤੇ ਗਿਣਤੀ ਦੇ ਉਨ੍ਹਾਂ ਕੁੱਝ ਬਦੇਸਾਂ ਵਿਚ ਵੀ ਹੋਣਗੀਆਂ, ਜਿੱਥੇ ਪੰਜਾਬੀਆਂ ਦੀ ਗਿਣਤੀ ਅੱਗੇ ਹੀ ਕਾਫ਼ੀ ਹੈ। ਇਨ੍ਹਾਂ ਭੰਡਾਰਾਂ ਵਿਚੋਂ ਹਰ ਇੱਛਕ ਨੂੰ ਪੜ੍ਹਨ-ਪੜ੍ਹਾਉਣ ਲਈ ਲੋੜ ਦੀ ਕਿਤਾਬ ਨਿਸ਼ਚਿਤ ਸਮੇਂ ਲਈ ਮੁਫ਼ਤ ਮਿਲ ਜਾਇਆ ਕਰੇਗੀ। ਇਹ ਸੇਵਾ ਡਾਕ ਰਾਹੀਂ ਵੀ ਭੁਗਤਾਈ ਜਾਏਗੀ। ਇਕ ਯੋਜਨਾ ਇਸ ਭੰਡਾਰ ਦੀ ਇਹ ਹੋਵੇਗੀ ਕਿ ਜੇ

WWW.SIKHBOOKCLUB.COM 

ਸਕੂਲ, ਕਾਲਜ ਜਾਂ ਹੋਰ ਸਭ ਪ੍ਰਵਾਨਿਤ ਸੰਸਥਾਵਾਂ, ਕਿਤਾਬਾਂ ਉਧਾਰ ਲੈਣੀਆਂ ਚਾਹੁਣਗੀਆਂ ਉਨ੍ਹਾਂ ਨੂੰ ਇਹ ਕਿਤਾਬਾਂ ਖ਼ੁਸ਼ੀ ਨਾਲ ਭੇਜੀਆਂ ਜਾਣਗੀਆਂ ਤੇ ਜਿੰਨੀ ਦੇਰ ਉਹ ਇਹ ਸਨਦ ਦੇਈ ਜਾਣਗੀਆਂ ਕਿ ਕਿਤਾਬਾਂ ਵਰ੍ਹੇ ਵਿਚ ਘੱਟੋ-ਘੱਟ ਇਕ ਵਾਰੀ ਕਿਸੇ ਪਾਠਕ ਨੇ ਵਰਤੀਆਂ ਹਨ, ਓਨੀ ਦੇਰ ਕਿਤਾਬਾਂ ਉਨ੍ਹਾਂ ਦੇ ਪਾਸ ਹੀ ਰਹਿਣ ਦਿੱਤੀਆਂ ਜਾਣਗੀਆਂ। ਇਕ ਵਾਰ ਇਹ ਭੰਡਾਰ ਤੇ ਇਸ ਦੀਆਂ ਸ਼ਾਖ਼ਾਂ ਬਣ ਜਾਣ ਸਹੀ, ਫੇਰ ਇਸ ਦੇ ਅਧਿਕਾਰੀ ਇਸ ਦੇ ਪ੍ਰੋਗਰਾਮ ਨੂੰ ਆਪਣੇ ਆਪ ਨਿਯਮਿਤ ਤੇ ਵਿਗਸਿਤ ਕਰ ਕੇ ਆਪਣੀ ਲੋੜ ਨੂੰ ਆਪੇ ਸਿੱਧ ਕਰ ਲੈਣਗੇ।

ਹੁਣ ਅਸੀਂ ਪੰਜਾਬੀ ਸਿੱਖਣ ਦੇ ਸਾਧਨ ਮੁਹੱਈਆ ਕਰ ਦਿੱਤੇ ਹਨ। ਇੱਛਕ ਨੂੰ ਕਿਤਾਬਾਂ ਤਕ ਪਹੁੰਚਣ ਦੀ ਖੇਚਲ ਕਰਨ ਦੀ ਥਾਂ ਕਿਤਾਬਾਂ ਨੂੰ ਇੱਛਕ ਤਕ ਪਹੁੰਚਾਉਣ ਦਾ ਬੰਦੋਬਸਤ ਕਰ ਦਿੱਤਾ ਹੈ। ਫੇਰ ਵੀ ਇਕ ਲੋੜ ਹੋਰ ਪੈ ਸਕਦੀ ਹੈ ਤੇ ਉਹ ਹੈ ਬੋਲੀ ਨੂੰ ਬੋਲ ਕੇ ਦੱਸਣ ਵਾਲੇ ਉਸਤਾਦ ਦੀ। ਇਸ ਸੰਬੰਧ ਵਿਚ ਇਕ ਪ੍ਰਬੰਧ ਤਾਂ ਸੌਖਾ ਹੈ ਤੇ ਹੋਣਾ ਵੀ ਜ਼ਰੂਰ ਚਾਹੀਦਾ ਹੈ ਅਤੇ ਉਹ ਵੀ ਬਹੁਤ ਛੇਤੀ, ਉਹ ਹੈ ਬੋਲ-ਤਵੇ ਜਾਂ ਟੇਪਾਂ ਤਿਆਰ ਕਰਨੀਆਂ। ਇਨ੍ਹਾਂ ਨਾਲ ਸ਼ੁੱਧ ਉੱਚਾਰਣ ਤੇ ਠੀਕ ਵਿਆਕਰਣਿਕ ਰੂਪ ਸਿਖਾਉਣ ਦਾ ਕੰਮ ਅੱਖਾਂ ਤੋਂ ਲੰਘ ਕੇ ਕੰਨਾਂ ਤਕ ਜਾ ਪਹੁੰਚਦਾ ਹੈ, ਜਿਨ੍ਹਾਂ ਨਾਲ ਬੋਲ ਜਾਂ ਭਾਸ਼ਾ ਦਾ ਸਿੱਧਾ ਸੰਬੰਧ ਹੁੰਦਾ ਹੈ। ਇਨ੍ਹਾਂ ਬੋਲ-ਤਵਿਆਂ ਜਾਂ ਟੇਪਾਂ ਦੀ ਤਿਆਰੀ ਵਿਚ ਇਹ ਖ਼ਿਆਲ ਰੱਖਣਾ ਪਵੇਗਾ ਕਿ ਅਸੀਂ ਜਿਸ ਕਿਸੇ ਦੀ ਆਵਾਜ਼ ਦਾ ਤਵਾ ਭਰਨਾ ਹੈ ਉਸ ਦਾ ਲਹਿਜਾ ਠੇਠ ਕੇਂਦਰੀ ਹੋਵੇ। ਅਤੇ 'ਹੋੜੇ' ਤੇ 'ਕਨੌੜੇ', 'ਨੰਨੇ' ਤੇ 'ਣਾਣੇ', 'ਲੱਲੇ' ਤੇ 'ਲ਼ਾਲ਼ੇ', 'ਅੰਗ' ਤੇ 'ਅੰਙ', 'ਅੰਜ' ਤੇ 'ਅੰਞ', ਆਦਿ ਧੁਨੀਆਂ ਦੇ ਅਸਲੋਂ ਸ਼ੁੱਧ ਉੱਚਾਰਣ ਕਰ ਸਕਦਾ ਹੋਵੇ। ਇਨ੍ਹਾਂ ਤਵਿਆਂ ਦੇ ਬਾਵਜੂਦ ਜੋ ਸੁਆਦ ਕਿਸੇ ਹੱਡ-ਮਾਸ ਦੇ ਮਨੁੱਖ ਦੇ ਮੂੰਹੋਂ ਧੜਕਦੇ ਬੋਲ ਸੁਣ ਕੇ ਆਉਂਦਾ ਹੈ ਤੇ ਜੋ ਸਿੱਖਿਆ ਕੋਈ ਅਧਿਆਪਕ ਆਪ ਦੇ ਸਕਦਾ ਹੈ, ਉਸ ਦਾ ਮੁਕਾਬਲਾ ਨਿਰਜਿੰਦ ਮਸ਼ੀਨਾਂ ਨਹੀਂ ਕਰ ਸਕਦੀਆਂ। ਇਸ ਲਈ ਕੁੱਝ ਅਧਿਆਪਕਾਂ ਦੀ ਲੋੜ ਜ਼ਰੂਰ ਪਵੇਗੀ। ਭਾਰਤ ਵਿਚ ਤਾਂ ਇਹ ਪ੍ਰਬੰਧ ਸੌਖੇ ਹੀ ਹੋ ਸਕਦਾ ਹੈ। ਹਰ ਥਾਂ, ਜਿੱਥੇ ਵਿਦਿਆਰਥੀ ਮਿਲਣ ਦੀ ਆਸ ਹੋਵੇ, ਪੰਜਾਬੀ ਪੜ੍ਹਾਉਣ ਲਈ ਸ਼ਾਮ ਜਾਂ ਰਾਤ ਦੀਆਂ ਮੁਫ਼ਤ ਕਲਾਸਾਂ ਚਲਾਈਆਂ ਜਾ ਸਕਦੀਆਂ ਹਨ। ਬਲਕਿ ਇਹੋ ਜਿਹਾ ਪ੍ਰਬੰਧ ਹੋਣਾ ਚਾਹੀਦਾ ਹੈ ਕਿ ਜਿੱਥੇ ਕਿਤੇ ਦਸ ਪਾਠਕ ਤਿਆਰ ਹੋ ਜਾਣ, ਓਥੇ ਹੀ ਉਨ੍ਹਾਂ ਲਈ ਮੁਫ਼ਤ ਤੇ ਵਧੀਆ ਪੜ੍ਹਾਈ ਦਾ ਇੰਤਜ਼ਾਮ ਹੋ ਜਾਵੇ। ਸਾਧਾਰਣ ਲੋਕ-ਪੱਧਰ ਉੱਤੇ ਇਸ ਤਰ੍ਹਾਂ ਦਾ ਉੱਦਮ ਕਾਫ਼ੀ ਲਾਭਦਾਇਕ ਸਿੱਧ ਹੋ ਸਕਦਾ ਹੈ। ਪਰ ਇਕ ਹੋਰ ਪੱਧਰ ਵੀ ਹੈ ਤੇ ਉਹ ਹੈ ਵਿਸ਼੍ਵ-ਵਿਦਿਆਲਿਆਂ ਦੀ। ਚਾਹੇ ਇਸ ਵੇਲੇ ਕਈ ਵਿਸ਼੍ਵ-ਵਿਦਿਆਲਿਆਂ ਵਿਚ ਵੀ ਸੰਕੀਰਣਤਾ ਦਾ ਕਾਫ਼ੀ ਵਿਖਾਲਾ ਹੋ ਰਿਹਾ ਹੈ, ਫੇਰ ਵੀ ਸਾਨੂੰ ਇਹ ਸਮਝ ਕੇ ਤੁਰਨਾ ਚਾਹੀਦਾ ਹੈ ਕਿ ਵਿਸ਼੍ਵ-ਵਿਦਿਆਲੇ ਮੂਲ ਰੂਪ ਵਿਚ ਕਿਸੇ ਭਾਸ਼ਾ ਦੇ ਵਿਰੋਧੀ ਨਹੀਂ ਹੁੰਦੇ। ਇਹ ਵੀ ਵਿਸ਼੍ਵ-ਵਿਦਿਆਲਿਆਂ ਵਿਚ ਹੀ ਹੋ ਸਕਦਾ ਹੈ ਕਿ ਕਿਸੇ ਨਵੇਂ ਮਜ਼ਮੂਨ ਦੇ ਚਾਲੂ ਕਰਨ ਜਾਂ ਮਹਿੰਗੇ ਪਰ ਯੋਗ ਅਧਿਆਪਕਾਂ ਦੀ ਨਿਯੁਕਤੀ ਵੇਲੇ ਕੇਵਲ ਮਾਇਕ ਹਾਣ-ਲਾਭ ਨੂੰ ਹੀ ਮੁਖ ਨਾ ਰੱਖਿਆ ਜਾਵੇ, ਇਸ ਲਈ ਸਾਡਾ ਇਹ ਜਤਨ ਹੋਣਾ ਚਾਹੀਦਾ ਹੈ ਕਿ ਵੱਧ ਤੋਂ ਵੱਧ ਵਿਸ਼੍ਵ-ਵਿਦਿਆਲਿਆਂ ਵਿਚ ਪੰਜਾਬੀ ਭਾਸ਼ਾ ਤੇ ਜਾਂ ਸਾਹਿੱਤ ਦੇ ਅਧਿਐਨ ਲਈ, ਕੋਈ ਨਾ ਕੋਈ ਆਸਣ ਕਾਇਮ ਹੋਵੇ। ਅਸੀਂ ਸੰਗਠਿਤ ਉੱਦਮ ਕਰਾਂਗੇ ਤਾਂ ਯੂਰਪ ਤੇ ਰੂਸ ਦੇ ਪੁਰਾਣੇ ਵਿਦਿਆਲਿਆਂ ਵਿਚ ਜਿੱਥੇ ਸੰਸਕ੍ਰਿਤ ਦੇ ਪਠਨ-ਪਾਠਨ ਤੇ ਖੋਜ ਦੀ ਪੁਰਾਣੀ ਪ੍ਰਥਾ ਸਥਾਪਿਤ ਹੈ ਤੇ ਜਿੱਥੇ ਹੁਣ ਕੁੱਝ ਕੁੱਝ ਆਧੁਨਿਕ ਭਾਰਤੀ ਭਾਸ਼ਾਵਾਂ ਵੱਲ ਰੁਚੀ ਵਧਣ ਲੱਗ ਪਈ ਹੈ, ਪੰਜਾਬੀ ਨੂੰ ਸ਼ਾਮਿਲ ਕਰਵਾ ਲੈਣਾ ਅਸੰਭਵ ਨਹੀਂ ਹੋਵੇਗਾ

WWW.SIKHBOOKCLUB.COM Page 152

ਸਕੂਲ ਔਫ਼ ਓਰੀਐਂਟਲ ਐਂਡ ਐਫ਼ਰੀਕਨ ਸਟਡੀਜ਼, ਲੰਡਨ ਦੇ ਇਕ ਵਜ਼ੀਫ਼ਾ-ਖ਼ਾਰ ਸ੍ਰੀ ਸ਼ੈਕਲ ਨਾਲ, ਕੁੱਝ ਦਿਨ ਹੋਏ ਚੰਡੀਗੜ੍ਹ ਵਿਚ, ਮੁਲਾਕਾਤ ਹੋਈ ਸੀ। ਉਹ ਲਾਹੌਰ ਵਿਚ ਕੁੱਝ ਦਿਨ ਬਿਤਾ ਕੇ ਭਾਰਤੀ ਪੰਜਾਬ ਵਿਚ ਪੰਜਾਬੀ ਸਿੱਖਣ ਲਈ ਆਏ ਹੋਏ ਸਨ। ਉਹ ਪੰਜਾਬੀ ਬੋਲਣ ਦਾ ਮੁੱਢਲਾ ਝਾਕਾ ਦੂਰ ਕਰ ਚੁੱਕੇ ਸਨ ਤੇ ਅੱਗੋਂ ਲੰਡਨ ਜਾ ਕੇ ਖੋਜ ਵਾਲੇ ਪਾਸੇ ਪੈਣ ਦਾ ਇਰਾਦਾ ਰੱਖਦੇ ਸਨ। ਇਹ ਖ਼ੁਸ਼ੀ ਦੀ ਗੱਲ ਹੈ, ਕਿਉਂਕਿ ਇਹ ਲੰਡਨ ਦਾ ਉਹੀ ਸਕੂਲ ਹੈ ਜਿੱਥੇ ਕਿਸੇ ਵੇਲੇ ਪੰਜਾਬੀ ਦੇ ਕਿਸੇ ਨਾ ਕਿਸੇ ਪੱਖ ਵਿਚ ਪ੍ਰਬੀਨ ਵਿਦਵਾਨ ਅਧਿਆਪਨ ਦਾ ਕੰਮ ਕਰਦੇ ਹੁੰਦੇ ਸਨ। ਹੁਣ ਇਹ ਕੰਮ ਬਹੁਤ ਹੱਦ ਤਕ ਠੱਪ ਹੈ। ਇਹ ਸਾਡਾ ਫ਼ਰਜ਼ ਬਣਦਾ ਹੈ ਕਿ ਅਸੀਂ ਅਜਿਹੇ ਵਿਦਿਆਲਿਆਂ ਵਿਚ ਪੰਜਾਬੀ ਦੇ ਅਧਿਐਨ, ਅਧਿਆਪਨ ਤੇ ਖੋਜ ਦਾ ਪ੍ਰਬੰਧ ਚਾਲੂ ਕਰਾਉਣ ਵੱਲ ਕੁੱਝ ਹਿਲਜੁਲ ਕਰੀਏ। ਹੋਰ ਕੁੱਝ ਨਹੀਂ ਤਾਂ ਪੰਜਾਬ ਦੀਆਂ ਯੂਨੀਵਰਸਿਟੀਆਂ, ਕੁਝ ਹੋਰ ਚੋਣਵੀਆਂ ਯੂਨੀਵਰਸਿਟੀਆਂ ਦੇ ਨਾਲ, ਅਧਿਆਪਕ-ਵਟਾਂਦਰੇ ਦੇ ਪ੍ਰੋਗਰਾਮ ਹੀ ਚਾਲੂ ਕਰ ਸਕਦੀਆਂ ਹਨ। ਯੂਨੀਵਰਸਿਟੀਆਂ ਦੀ ਪੱਧਰ ਉੱਤੇ, ਜਾਗੀ ਹੋਈ ਪੰਜਾਬੀ, ਵਿਦਵਾਨਾਂ ਨੂੰ ਆਪਣੇ ਵੱਲ ਪ੍ਰੇਰਨ ਲਈ ਆਪੇ ਸਫਲ ਹੋ ਜਾਵੇਗੀ।

ਇਸੇ ਤਰ੍ਹਾਂ ਦਾ ਇਕ ਤਰੀਕਾ ਗ਼ੈਰ-ਭਾਸ਼ੀਆਂ ਨੂੰ ਵਜ਼ੀਫ਼ੇ ਦੇ ਕੇ ਪੰਜਾਬੀ ਸਿਖਾਉਣ ਦਾ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਚਾਰ ਪੰਜਾਬੀ ਨੌਜਵਾਨਾਂ ਨੂੰ ਉੱਤਰੀ ਤੇ ਦੱਖਣੀ ਭਾਰਤ ਦੀਆਂ ਚਾਰ ਬੋਲੀਆਂ ਸਿੱਖਣ ਲਈ ਵਜ਼ੀਫ਼ੇ ਦਿੱਤੇ ਸਨ, ਪਰ ਇਹ ਗੱਲ ਮੇਰੇ ਇਲਮ ਵਿਚ ਹੈ ਕਿ ਉਹ ਨੌਜਵਾਨ ਕਿਸੇ ਕਾਲਜ ਵਿਚ ਲੈਕਚਰਾਰ ਲਗ ਜਾਣ ਦਾ ਕੋਈ ਮੌਕਾ ਵੀ ਖੁੰਝਾਉਣਾ ਨਹੀਂ ਸਨ ਚਾਹੁੰਦੇ। ਇਹ ਤਜਰਬਾ ਪੂਰੀ ਤਰ੍ਹਾਂ ਸਫਲ ਨਹੀਂ ਹੋ ਸਕਿਆ, ਕਿਉਂਕਿ ਇਨ੍ਹਾਂ ਚਾਰਾਂ ਹੀ ਨੌਜਵਾਨਾਂ ਨੂੰ, ਵਾਪਸੀ ਉਪਰੰਤ, ਕਿਸੇ ਚੰਗੇ ਕੰਮ ਉੱਤੇ ਲਾਉਣ ਦੀ ਕੋਈ ਯੋਜਨਾ ਯੂਨੀਵਰਸਿਟੀ ਨੇ ਤਿਆਰ ਨਹੀਂ ਸੀ ਕੀਤੀ ਹੋਈ। ਆਪਣੇ ਭਵਿੱਖ ਨੂੰ ਅਨਿਸਚਿਤ ਵੇਖ ਕੇ ਇਨ੍ਹਾਂ ਵਿੱਚੋਂ ਕੋਈ ਵੀ, ਸਦਾ ਲਈ, ਇਨ੍ਹਾਂ ਵਿੱਚੋਂ ਇਕ ਦੋ ਸ਼ਬਦਾਂ ਵਿਚ, ਕਾਠ ਨਹੀਂ ਸੀ ਮਾਰਿਆ ਜਾਣਾ ਚਾਹੁੰਦਾ। ਅਸੀਂ ਵਜ਼ੀਫ਼ਿਆਂ ਵਾਲੀ ਜੋ ਯੋਜਨਾ ਪੇਸ਼ ਕੀਤੀ ਹੈ ਉਸ ਦੀ ਸਫਲਤਾ ਲਈ ਇਸ ਨੂੰ ਸ਼ਬਦ-ਸੰਗ੍ਰਹਿ, ਵਾਕਾਵਲੀਆਂ, ਵਿਆਕਰਣ ਤੇ ਕੋਸ਼, ਆਦਿ ਤਿਆਰ ਕਰਨ ਵਾਲੇ ਪਾਸੇ ਨਾਲ ਜੋੜਿਆ ਜਾਵੇਗਾ।

ਡਾਕਟਰ ਹਜ਼ਾਰੀ ਪ੍ਰਸਾਦਿ ਦ੍ਵਿਵੇਦੀ ਨੂੰ ਕੁੱਝ ਵਰ੍ਹੇ ਪੰਜਾਬ ਵਿਚ ਰਹਿਣ ਦਾ ਮੌਕਾ ਮਿਲਿਆ ਸੀ। ਏਥੋਂ ਕਾਸ਼ੀ ਜਾਣ ਲੱਗਿਆਂ ਉਨ੍ਹਾਂ ਇਕ ਗੱਲ ਵਾਰ-ਵਾਰ ਦੁਹਰਾਈ :

> ਪੰਜਾਬ ਵਿਚ ਆ ਕੇ ਵੱਸਣ ਤੋਂ ਪਹਿਲਾਂ, ਮੈਂ ਪੰਜਾਬ ਤੇ ਪੰਜਾਬੀਆਂ ਨੂੰ ਇੰਨਾ ਨਹੀਂ ਸਾਂ ਜਾਣਦਾ। ਮੈਂ ਇੱਥੇ ਆ ਕੇ ਹੀ ਪਤਾ ਲਾ ਸਕਿਆ ਹਾਂ ਕਿ ਪੰਜਾਬੀਆਂ ਵਰਗੇ ਮਿਲਾਪੜੇ, ਖੁੱਲ੍ਹ-ਦਿਲੇ, ਖ਼ੁਸ਼-ਰਹਿਣੇ, ਖ਼ੁਸ਼-ਮਿਜ਼ਾਜ ਤੇ ਹਾਸ-ਬਿਲਾਸੀ ਲੋਕ ਹੋਰ ਕਿਧਰੇ ਨਹੀਂ ਮਿਲਦੇ। ਦੀਵਾਨਾਂ ਵਿਚ, ਜਲਸਿਆਂ ਵਿਚ, ਮਹਿਫ਼ਿਲਾਂ ਵਿਚ ਹਾਸੇ ਦੇ ਫ਼ੁਹਾਰੇ ਛੁੱਟਦੇ ਮੈਂ ਦੇਖੇ ਹਨ; ਹਰ ਘਰ ਵਿਚ ਲਤੀਫ਼ੇਬਾਜ਼ੀ ਹੁੰਦੀ ਮੈਂ ਤੱਕੀ ਹੈ; ਹਰ ਥਾਂ, ਹਰ ਮੌਕੇ, ਹਰ ਉਮਰ ਦੇ ਬੰਦੇ ਵਿਚ ਹਾਸਾ-ਠੱਠਾ ਵੇਖਿਆ ਹੈ, ਤਾਂ ਕੇਵਲ ਪੰਜਾਬ ਵਿਚ ?

ਜਿਸ ਦਿਨ ਤੋਂ ਆਚਾਰੀਆ ਜੀ ਦੀ ਇਹ ਰਾਏ ਸੁਣੀ ਹੈ, ਉਸ ਦਿਨ ਤੋਂ ਮੇਰਾ ਵਿਚਾਰ ਬਣਿਆ ਹੈ ਕਿ ਪੰਜਾਬ ਦੀ ਸਿਫ਼ਾਰਸ਼ ਆਪ ਪੰਜਾਬ ਹੀ ਹੈ। ਜੇ ਕਿਸੇ ਤਰ੍ਹਾਂ ਅਸੀਂ ਵੱਧ ਤੋਂ [illegible]ੀਏ ਜਾਂ ਵੱਧ ਤੋਂ ਵੱਧ ਲੋਕਾਂ ਤਕ

WWW.SIKHBOOKCLUB.COM 

ਨੂੰ ਲੈ ਜਾਈਏ, ਤਾਂ ਪੰਜਾਬ ਦਾ ਤਣੁੱਕਾ ਵੱਜੇ ਬਿਨਾਂ ਨਹੀਂ ਰਹਿ ਸਕੇਗਾ। ਕੁੱਝ ਵਰ੍ਹੇ ਹੋਏ, ਰੋਮਾਨੀਆਂ ਦੇ ਲੋਕ-ਨਚਾਰਾਂ ਦੀ ਇਕ ਟੋਲੀ ਦਿੱਲੀ ਵਿਚ ਆਈ ਸੀ। ਭਾਰਤੀ ਸਾਹਿੱਤ ਅਕਾਡਮੀ ਵੱਲੋਂ ਉਨ੍ਹਾਂ ਨੂੰ ਜਿਹੜੇ ਲੋਕ-ਨਾਚ ਤੇ ਸ਼ਾਸਤ੍ਰੀ ਨਾਚ ਦਿਖਾਏ ਗਏ, ਉਨ੍ਹਾਂ ਵਿਚ ਭੰਗੜਾ ਸ਼ਾਮਿਲ ਸੀ। ਮੈਂ ਪੰਜਾਬ ਦੀ ਇਸ ਟੀਮ ਦੇ ਪ੍ਰਬੰਧਕ ਦੀ ਹੈਸੀਅਤ ਵਿਚ ਗਿਆ ਸਾਂ। ਨਾਚ-ਸਮਾਗਮ ਤੋਂ ਪਿੱਛੋਂ ਰੋਮਾਨੀਆਂ ਦੀਆਂ ਸੁੰਦਰੀਆਂ ਸਾਡੇ ਮੁੰਡਿਆਂ ਨੂੰ ਚੁੰਮ-ਚੁੰਮ ਕੇ ਫਾਵੀਆਂ ਹੋ ਗਈਆਂ; ਜੱਫੀਆਂ ਪਾ-ਪਾ ਰੱਜਣ ਵਿਚ ਨਹੀਂ ਸਨ ਆਉਂਦੀਆਂ, ਇਕੱਲੀ ਇਕੱਲੀ ਨੇ ਹਰ ਜੁਆਨ ਨਚਾਰ ਨਾਲ ਅੱਡ ਅੱਡ ਫ਼ੋਟੋ ਖਿਚਵਾਈ ਤੇ ਗਰੁੱਪ ਦੀ ਅੱਡ। ਸਾਡੇ ਮੁੰਡਿਆਂ ਕੋਲੋਂ, ਕਰੰਘੜੀਆਂ ਪਾ ਪਾ ਕੇ, ਪੈਰ-ਚਾਲਾਂ ਤੇ ਚਾਲ-ਬਦਲੀਆਂ ਸਿੱਖੀਆਂ। ਮੈਨੂੰ ਰੋਮਾਨੀਆਂ ਵਾਲਿਆਂ ਦਾ ਨਾਚ ਬੜਾ ਪਿਆਰਾ ਲੱਗਾ ਸੀ ਪਰ ਉਨ੍ਹਾਂ ਦੀ ਪ੍ਰਸੰਸਾ ਤੋਂ ਇਉਂ ਲਗ ਰਿਹਾ ਸੀ, ਜਿਵੇਂ ਉਹ ਸਾਡੇ ਮੁੰਡਿਆਂ ਦੇ ਹੁਨਰ ਤੋਂ ਬਲ-ਬਲ ਪਏ ਜਾਂਦੇ ਹਨ। ਸਾਰੇ ਹਿੰਦੋਸਤਾਨ ਦੇ ਲੋਕ-ਨਾਚ ਤੇ ਕੁੱਝ ਕੋਮਲ-ਮਲੂਕ ਨਾਚ ਉਨ੍ਹਾਂ ਨੇ ਵੇਖੇ, ਪਰ ਕਿਸੇ ਵੱਲ ਉਨ੍ਹਾਂ ਨੇ ਧਿਆਨ ਨਾ ਦਿੱਤਾ। ਉਨ੍ਹਾਂ ਦੇ ਮੈਨੇਜਰ ਨਾਲ ਗੱਲ ਕਰਦਿਆਂ, ਮੈਂ ਉਨ੍ਹਾਂ ਦੇ ਸਹਿਜ-ਨਾਚ ਦੇ ਮੁਕਾਬਲੇ ਉੱਤੇ, ਆਪਣੇ ਨਾਚ ਨੂੰ 'ਠੱਲ੍ਹਾ ਤੇ ਅਨਘੜ' ਦੱਸਿਆ, ਪਰ ਉਹ ਉਸ ਦੀ ਉਪਮਾ ਕਰਦਾ ਹੀ ਨਾ ਥੱਕੇ। ਹੁਣ ਮੈਂ ਸਾਰੇ ਹਿੰਦੁਸਤਾਨ ਵਿਚ ਆਪ ਤੁਰ ਫਿਰ ਕੇ ਵੇਖ ਲਿਆ ਹੈ ਤੇ ਮੇਰਾ ਵਿਸ਼ਵਾਸ ਬਣਦਾ ਹੈ ਕਿ ਜਿੰਨੀ ਦੇਰ ਸਾਡੇ ਅੰਦਰ ਭੰਗੜੇ ਵਾਲੀ ਜਾਨ ਹੈ, ਓਨੀ ਦੇਰ ਸਾਨੂੰ ਇਸ ਦੇ ਬਹੁਤਾ ਕੋਮਲ ਨਾ ਹੋਣ ਉੱਤੇ ਪਸ਼ੇਮਾਨ ਹੋਣ ਦੀ ਲੋੜ ਨਹੀਂ, ਸਗੋਂ ਇਕ ਸੁਮਾਣ ਆਪਣੇ ਅੰਦਰ ਪੈਦਾ ਕਰਨ ਦੀ ਲੋੜ ਹੈ ਕਿ ਇਹ ਜਾਨ ਹੋਰ ਕਿਸੇ ਕੋਲ ਹੋਵੇ ਜਾਂ ਨਾ ਸਾਡੇ ਕੋਲ ਜ਼ਰੂਰ ਹੈ, ਅਤੇ ਇਹੀ ਸਾਡੇ ਕਲਚਰ ਦਾ ਇਕ ਵੱਡਾ ਮਰਦਾਵਾਂ ਲੱਛਣ ਹੈ, ਜਿਸ ਤੋਂ ਸੰਗਣ-ਭੱਜਣ ਦੀ ਉੱਕਾ ਲੋੜ ਨਹੀਂ।

1967 ਦੇ ਅੰਤਲੇ ਦਿਨਾਂ ਵਿਚ ਬੰਬਈ ਵਿਚ ਪੰਜਾਬੀ ਸਾਹਿੱਤ ਅਕਾਡਮੀ ਦੀ ਜੋ ਸਾਲਾਨਾ ਕਾਨਫਰੰਸ ਹੋਈ ਸੀ ਉਸ ਨੇ ਹੋਰ ਕੁੱਝ ਸਵਾਰਿਆ ਹੋਵੇ ਜਾਂ ਨਾ, ਇਕ ਗੱਲ ਜ਼ਰੂਰ ਸਿੱਧ ਕਰ ਦਿੱਤੀ ਸੀ ਕਿ ਪੰਜਾਬ ਤੋਂ ਬਾਹਰ, ਜਿੱਥੇ ਕਿਤੇ ਪੰਜਾਬੀ ਘੁੱਗ ਵੱਸਦੇ ਹਨ, ਓਥੇ ਸਭਿਆਚਾਰਕ ਮੇਲਿਆਂ ਰਾਹੀਂ, ਅਸੀਂ ਆਪਣੇ ਤੇ ਬੇਗਾਨਿਆਂ ਪਾਸ ਬੜੀ ਆਸਾਨੀ ਨਾਲ ਪਹੁੰਚ ਸਕਦੇ ਹਾਂ। ਸੋ ਚਾਹੇ ਅਸੀਂ ਲੋਕਾਂ ਨੂੰ ਪੰਜਾਬ ਵਿਚ ਲਿਆਉਣ ਦਾ ਪ੍ਰਬੰਧ ਕਰੀਏ ਜਾਂ ਪੰਜਾਬ ਨੂੰ ਉਨ੍ਹਾਂ ਪਾਸ ਲੈ ਕੇ ਜਾਈਏ, ਇਹ ਪ੍ਰਬੰਧ ਹੋਣਾ ਜ਼ਰੂਰ ਚਾਹੀਦਾ ਹੈ, ਕਿਉਂਕਿ ਇਸ ਨਾਲ ਪੰਜਾਬੀ ਦੇ ਦੇਸਾਂਤਰ-ਪ੍ਰਵੇਸ਼ ਵਿਚ ਵੱਡਮੁੱਲੀ ਸਹਾਇਤਾ ਮਿਲਦੀ ਹੈ।

ਉੱਪਰ ਜਿਹੜਾ ਵੱਡਾ ਖ਼ਰਚੀਲਾ ਪ੍ਰੋਗਰਾਮ ਪੇਸ਼ ਕੀਤਾ ਗਿਆ ਹੈ ਉਹ ਉੱਚੀ ਪੱਧਰ ਦੀ ਕਲਪਣਾ, ਸਿਆਣਪ ਤੇ ਠਰ੍ਹੰਮੇ-ਭਰਪੂਰ ਅਗਵਾਈ ਦੀ ਮੰਗ ਕਰਦਾ ਹੈ। ਇਹ ਕੰਮ ਨਿਰੀ ਸ਼ੁਭ ਇੱਛਾ ਨਾਲ ਚੱਲਣ ਵਾਲਾ ਨਹੀਂ। ਇਸ ਦਾ ਮੁੱਢ ਰੱਖਣ ਤੇ ਇਸ ਨੂੰ ਭਲੀ-ਭਾਂਤ ਤੋਰਨ ਤੇ ਵਿਗਸਾਉਣ ਲਈ ਇਕ ਵੱਡੀ ਗ਼ੈਰ-ਸਰਕਾਰੀ ਸੰਸਥਾ ਥਾਪਣੀ ਪਵੇਗੀ। ਇਸ ਦੀ ਆਰੰਭਿਕ ਪੂੰਜੀ 50 ਕਰੋੜ ਤੋਂ ਇਕ ਅਰਬ ਤਕ ਹੋਵੇ ਤਾਂ ਅੱਛਾ ਹੈ। ਇਹ ਜ਼ਰੂਰੀ ਹੈ ਕਿ ਇਸ ਸੰਸਥਾ ਨੂੰ ਉਦਾਰ ਸਰਕਾਰੀ ਸਹਿਯੋਗ ਪ੍ਰਾਪਤ ਹੋਵੇ। ਇਹ ਤਦੇ ਹੀ ਸੰਭਵ ਹੈ ਜੇ ਇਸ ਤਰ੍ਹਾਂ ਦੀ ਸੰਸਥਾ ਦੀ ਦੂਰ ਅਤੇ ਦੇਰ ਤਕ ਮਾਰ ਕਰਨ ਵਾਲੀ ਉਪਯੋਗਤਾ ਬਾਰੇ ਸਾਨੂੰ ਪੂਰਾ ਚਾਨਣ ਹੋਵੇ। ਪੰਜਾਬ ਦੀ ਸਰਕਾਰ ਚਾਹੇ ਕੋਈ ਵੀ ਹੋਵੇ, ਵਰਤਮਾਨ ਘਰ-ਮੁਖੀ ਦਸ਼ਾ ਤੇ ਵਿੱਤ-ਸੰਕਟ ਦੇ ਹੁੰਦਿਆਂ, ਮੈਨੂੰ ਇਹ ਆਸ ਨਹੀਂ ਕਿ ਇਸ ਤਰ੍ਹਾਂ ਦੀ ਸੰਸਥਾ ਝੱਟ-ਪੱਟ ਹੋਂਦ

WWW.SIKHBOOKCLUB.COM ਕਹਿ ਸਕਦਾ ਕਿ ਇਸ ਵੇਲੇ ਦੇ 

ਅਧਿਕਾਰੀ ਇਸ ਤਰ੍ਹਾਂ ਦੀ ਸੰਸਥਾ ਦੇ ਦੂਰ-ਰਸੀ ਮਨੋਵਿਗਿਆਨਿਕ, ਆਰਥਿਕ ਤੇ ਸਭਿਆਚਾਰਕ ਪ੍ਰਭਾਵ ਨੂੰ ਪੂਰੀ ਤਰ੍ਹਾਂ ਸਮਝ ਸਕਦੇ ਹਨ, ਫੇਰ ਵੀ ਪੰਜਾਬੀ ਲੋਕਾਂ ਦੇ ਇਕ ਲੱਛਣ ਕਰਕੇ ਇਸ ਦੀ ਅੰਤਿਮ ਉਸਾਰੀ ਬਾਰੇ ਕਾਫ਼ੀ ਆਸਵੰਦ ਹਾਂ ਤੇ ਉਹ ਇਸ ਕਰਕੇ ਕਿ ਬਾਹਰ ਜਾ ਕੇ ਵੱਸ ਚੁੱਕੇ ਪੰਜਾਬੀ ਪਿਛਾਂਹ ਵੱਲ ਝਾਕਣ ਤੋਂ ਨਹੀਂ ਟਲਦੇ ਅਤੇ ਪੰਜਾਬ ਵਿਚ ਵੱਸਦੇ ਪੰਜਾਬੀ ਪਰੇ ਬਾਹਰ ਵੱਲ ਝਾਕਣ ਤੋਂ ਨਹੀਂ ਟਲਦੇ। ਇਸੇ ਦੁਵੱਲੀ ਝਾਕ ਵਿੱਚੋਂ ਅਜਿਹੀ ਸੰਸਥਾ ਦਾ ਜਨਮ ਕਦੀ ਨਾ ਕਦੀ ਹੋਵੇਗਾ ਜ਼ਰੂਰ। ਜਿਨ੍ਹਾਂ ਨੇ ਦੱਖਣ ਵਿਚ ਨਾਗਰੀ ਪ੍ਰਚਾਰ ਦੀ ਸੰਸਥਾ ਜਾਂ ਬਦੇਸਾਂ ਵਿਚ ਅੰਗਰੇਜ਼ੀ ਸਭਿਆਚਾਰ ਦਾ ਪ੍ਰਚਾਰ ਕਰਨ ਵਾਲੀ ਬ੍ਰਿਟਿਸ਼ ਕਾਉਂਸਿਲ ਦੇ ਕੰਮ ਨੂੰ ਧਿਆਨ ਨਾਲ ਵਾਚਿਆ ਹੈ, ਉਨ੍ਹਾਂ ਨੂੰ ਇਸ ਤਰ੍ਹਾਂ ਦੀ ਸੰਸਥਾ ਦੀ ਲੋੜ ਤੇ ਸਫਲਤਾ ਬਾਰੇ ਸਮਝਾਉਣਾ ਅਸਲੋਂ ਔਖਾ ਨਹੀਂ ਹੈ।

SIKHBOOKCLUB.COM

# ਦਸੌਰਾਂ ਵਿਚ ਪੰਜਾਬੀ ਬੋਲੀ ਤੇ ਸਭਿਆਚਾਰ*

ਪੰਜਾਬ ਵਿਚ ਪੰਜਾਬੀ ਬੋਲੀ ਦੇ ਨਾਂ ਉੱਤੇ ਬਣੀਆਂ ਸਭਾਵਾਂ ਵਿਚ ਇਹ ਚਰਚਾ ਹੁਣ ਆਮ ਚੱਲਦੀ ਹੈ ਕਿ ਪੰਜਾਬ ਦੇ ਰਾਜ-ਪ੍ਰਬੰਧ ਤੇ ਸਿੱਖਿਆ ਦੇ ਖੇਤਰਾਂ ਵਿਚ ਪੰਜਾਬੀ ਨੂੰ ਜਿਹੋ-ਜਿਹੀ ਤੇ ਜਿੰਨੀ ਥਾਂ ਮਿਲਣੀ ਚਾਹੀਦੀ ਸੀ, ਅਜੇ ਉਸ ਤੋਂ ਕਿਤੇ ਘੱਟ ਮਿਲੀ ਹੋਈ ਹੈ ਪਰ ਇਸ ਨੂੰ ਪੂਰੇ ਹੱਕ ਦਿਵਾਉਣ ਲਈ, ਪੰਜਾਬ ਸਰਕਾਰ ਨੂੰ ਜਿਨ੍ਹਾਂ ਤੱਭੀਆਂ ਸਰਗਰਮੀਆਂ ਨਾਲ ਮਜਬੂਰ ਕੀਤਾ ਜਾ ਸਕਦਾ ਹੈ, ਸਭਾਵਾਂ ਵੱਲੋਂ ਉਨ੍ਹਾਂ ਦੀ ਨਮੂਨੇ ਮਾਤਰ ਵਰਤੋਂ ਵੀ ਹੋਣ ਲੱਗ ਪਈ ਹੈ।

ਪੰਜਾਬ ਤੋਂ ਛੁੱਟ, ਭਾਰਤ ਦੇ ਹੋਰ ਰਾਜਾਂ ਵਿਚ, ਪੰਜਾਬੀ ਦੀ ਯੋਗ ਥਾਂ ਬਾਰੇ ਚਰਚਾ ਵੀ, ਕਦੀ ਪੰਜਾਬ ਦੀਆਂ ਸਭਾਵਾਂ ਵੱਲੋਂ ਤੇ ਕਦੀ ਆਪ ਇਨ੍ਹਾਂ ਰਾਜਾਂ ਦੇ ਪੰਜਾਬੀਆਂ ਵੱਲੋਂ ਛਿੜਦੀ ਹੀ ਰਹਿੰਦੀ ਹੈ, ਭਾਵੇਂ ਓਨੀ ਨਹੀਂ, ਜਿੰਨੀ ਚਾਹੀਦੀ ਹੈ।

ਪਰ ਭਾਰਤ ਤੋਂ ਬਾਹਰ ਦੇ ਜਿਨ੍ਹਾਂ ਦੇਸਾਂ ਵਿਚ ਪੰਜਾਬੀ ਬੋਲਣ ਵਾਲੇ ਲੋਕ ਕਾਫ਼ੀ ਗਿਣਤੀ ਵਿਚ ਵੱਸੇ ਹੋਏ ਹਨ, ਉਨ੍ਹਾਂ ਦੀਆਂ, ਪੰਜਾਬੀ ਬੋਲੀ ਤੇ ਸਭਿਆਚਾਰ ਦੀਆਂ ਲੋੜਾਂ ਬਾਰੇ, ਮੇਰੀ ਗਿਆਤ ਅਨੁਸਾਰ, ਸਰਕਾਰੀ ਪੱਧਰ ਉੱਤੇ ਕਦੀ ਕੋਈ ਅਰਥ-ਭਰਪੂਰ ਕਾਰਜ-ਕ੍ਰਮ ਨਹੀਂ ਉਲੀਕਿਆ ਗਿਆ। ਅਫ਼ਸੋਸ ਤਾਂ ਇਹ ਹੈ ਕਿ 'ਪੰਜਾਬੀ ਸਾਹਿੱਤ ਅਕਾਡਮੀ' ਜਾਂ 'ਕੇਂਦਰੀ ਪੰਜਾਬੀ ਲੇਖਕ ਸਭਾ' ਜਾਂ ਕਿਸੇ ਵੀ ਹੋਰ ਸਭਾ ਨੇ ਇਸ ਮਸਲੇ ਨੂੰ ਗੰਭੀਰ ਚਰਚਾ ਦਾ ਵਿਸ਼ਾ ਕਦੀ ਨਹੀਂ ਬਣਾਇਆ, ਹਾਲਾਂਕਿ ਇਹ ਸੰਸਥਾਵਾਂ, ਲੱਖਾਂ ਕਮਾਊ, ਤਜਰਬੇਕਾਰ ਤੇ ਸਿਆਣੇ ਪੰਜਾਬੀਆਂ ਦੇ ਸਦਾ ਲਈ ਪੰਜਾਬ ਤੋਂ ਟੁੱਟ ਜਾਣ ਦੇ ਖ਼ਤਰੇ ਤੋਂ ਅਨਜਾਣ ਨਹੀਂ ਮੰਨੀਆਂ ਜਾ ਸਕਦੀਆਂ।

ਕਦੀ ਕਦੀ, ਖ਼ੁਦ ਦਸੌਰਾਂ ਵਿਚ ਵੱਸਦੇ ਪੰਜਾਬੀਆਂ ਵੱਲੋਂ, ਦਸੌਰੀ ਸਕੂਲਾਂ ਵਿਚ ਬੱਚਿਆਂ ਲਈ ਪੰਜਾਬੀ ਦੀ ਪੜ੍ਹਾਈ ਦੀਆਂ ਸਹੂਲਤਾਂ ਦੀ ਮੰਗ ਦੀ ਖ਼ਬਰ ਪੜ੍ਹਨ ਨੂੰ ਮਿਲ ਜਾਂਦੀ ਹੈ, ਪਰ ਜਿਨ੍ਹਾਂ ਦੇਸਾਂ ਵਿਚ ਜਾਣ ਦਾ ਮੌਕਾ ਮੈਨੂੰ ਮਿਲਿਆ ਹੈ—ਇੰਗਲੈਂਡ, ਜਰਮਨੀ, ਅਮਰੀਕਾ, ਕੈਨੇਡਾ ਤੇ ਥਾਈਲੈਂਡ—ਓਥੋਂ ਦਾ ਮੇਰਾ ਅਨੁਭਵ ਇਹ ਹੈ ਕਿ ਜਿਸ ਥਾਂ ਹਾਲਾਤ, ਪੰਜਾਬੀ ਬੋਲੀ ਤੇ ਸਭਿਆਚਾਰ ਦੀ ਰੱਖਿਆ ਲਈ ਪੂਰੀ ਤਰ੍ਹਾਂ ਸੁਖਾਵੇਂ ਨਹੀਂ ਸਨ, ਉਸ ਥਾਂ ਪੰਜਾਬੀਆਂ ਵੱਲੋਂ, ਵੇਲੇ ਸਿਰ ਸਾਂਝਾ ਜ਼ੋਰ ਨਾ ਲੱਗਣ ਕਰਕੇ ਤੇ ਜਿੱਥੇ ਸੁਖਾਵੇਂ ਸਨ ਓਥੇ ਮੌਜੂਦ ਸਹੂਲਤਾਂ ਦਾ ਪੂਰਾ ਫ਼ਾਇਦਾ ਨਾ ਉਠਾ ਸਕਣ ਕਰਕੇ, ਬੋਲੀ ਤੇ ਸਭਿਆਚਾਰ ਦਾ ਭਵਿੱਖ ਸੁਰੱਖਿਅਤ ਨਹੀਂ ਕੀਤਾ ਜਾ ਸਕਿਆ।

---

* 1983 ਵਿਚ ਬੈਂਕੌਕ (ਥਾਈਲੈਂਡ) ਵਿਚ ਹੋਈ ਤੀਜੀ ਵਿਸ਼ਵ ਪੰਜਾਬੀ ਕਾਨਫ਼ਰੰਸ ਲਈ ਲਿਖਿਆ ਗਿਆ ਲੇਖ।

WWW.SIKHBOOKCLUB.COM

ਇਹ ਭਵਿੱਖ ਜੇ ਹੁਣ ਵਾਲੀ ਡਾਵਾਂ-ਡੋਲ ਹਾਲਤ ਵਿਚ ਹੀ ਰਹੇ ਤਾਂ ਕੁੱਝ ਚਿਰ ਪਿੱਛੋਂ ਇਸ ਦੇ ਬਿਲਕੁਲ ਲੋਪ ਹੋ ਜਾਣ ਦੀ ਸੰਭਾਵਨਾ ਤੋਂ ਇਨਕਾਰ ਕਰਨਾ ਔਖਾ ਲਗਦਾ ਹੈ।

ਉਂਜ ਤਾਂ ਮੈਂ ਇਕ ਵਾਰੀ ਅੱਗੇ ਵੀ, ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ ਦੇ ਪਰਚੇ *ਆਲੋਚਨਾ* ਰਾਹੀਂ ਦਸੌਰਾਂ ਵਿਚ ਪੰਜਾਬੀ ਬਾਰੇ ਆਪਣੇ ਕੁੱਝ ਵਿਚਾਰ ਪੇਸ਼ ਕਰ ਚੁੱਕਾ ਹਾਂ, ਪਰ ਵਿਸ਼ਵ ਪੰਜਾਬੀ ਕਾਨਫ਼ਰੰਸਾਂ ਦੀ ਨਵੀਂ ਲਹਿਰ ਨੇ ਮੈਨੂੰ ਇਹ ਮਸਲਾ ਅੱਗੇ ਨਾਲੋਂ ਕੁੱਝ ਵਡੇਰੇ ਪ੍ਰਸੰਗ ਵਿਚ ਵਿਚਾਰਨ ਲਈ ਪ੍ਰੇਰਿਆ ਹੈ।

ਵਿਸ਼ਵ ਕਾਨਫ਼ਰੰਸਾਂ ਦੀ ਬੜੀ ਵੱਡੀ ਦੇਣ ਮੰਨੀ ਜਾਵੇਗੀ ਜੇ ਇਨ੍ਹਾਂ ਕਰਕੇ ਦਸੌਰਾਂ ਵਿਚ ਰਹਿੰਦੇ ਪੰਜਾਬੀਆਂ ਦੀਆਂ ਬੋਲੀ ਤੇ ਸਭਿਆਚਾਰ ਦੀਆਂ ਲੋੜਾਂ ਦਾ ਨਿਤਾਰਾ ਤੇ ਨਿਰਣਾ ਹੋ ਜਾਵੇ, ਕਿਉਂਕਿ ਇਸ ਦੇ ਉਪਰੰਤ ਹੀ ਇਨ੍ਹਾਂ ਲੋੜਾਂ ਦੀ ਪੂਰਤੀ ਵੱਲ ਯੋਗ ਕਦਮ ਪੁੱਟੇ ਜਾ ਸਕਦੇ ਹਨ।

ਇਹ ਤਾਂ ਸਪਸ਼ਟ ਹੀ ਹੈ ਕਿ ਦਸੌਰੀ ਪੰਜਾਬੀਆਂ ਦੀਆਂ ਲੋੜਾਂ, ਪੰਜਾਬ ਵਿਚ ਵੱਸਦੇ ਪੰਜਾਬੀਆਂ ਦੀਆਂ ਲੋੜਾਂ ਨਾਲੋਂ ਵੱਖਰੀ ਤਰ੍ਹਾਂ ਦੀਆਂ ਹਨ, ਪਰ ਇਨ੍ਹਾਂ ਦੇ ਵੱਖਰੇਪਨ ਨੂੰ ਚੰਗੀ ਤਰ੍ਹਾਂ ਸਮਝਣ ਵਾਸਤੇ ਇਹ ਜਾਣਨਾ ਜ਼ਰੂਰੀ ਹੈ ਕਿ ਦਸੌਰੀ ਪੰਜਾਬੀ ਆਪਣੀ ਬੋਲੀ ਤੋਂ ਇਸ ਵੇਲੇ ਕੀ ਤੇ ਕਿੰਨਾ ਕੰਮ ਲੈ ਰਹੇ ਹਨ।

## 2

SIKHBOOKCLUB.COM

ਮੈਂ ਆਪ ਦਸੌਰੀ ਪੰਜਾਬੀ ਨਹੀਂ ਹਾਂ, ਪਰ ਕੁੱਝ ਅਨੁਮਾਨ ਦੇ ਆਧਾਰ ਉੱਤੇ ਤੇ ਕੁੱਝ ਆਪਣੇ ਤਜਰਬੇ ਦੇ ਆਸਰੇ ਕਹਿ ਸਕਦਾ ਹਾਂ ਕਿ ਦਸੌਰੀ ਪੰਜਾਬੀ, ਇਸ ਵੇਲੇ, ਆਪਣੀ ਬੋਲੀ ਬਹੁਤ ਕਰਕੇ ਅੱਗੇ-ਦੱਸੇ ਕੰਮਾਂ ਲਈ ਹੀ ਵਰਤਦੇ ਹਨ :

1. ਆਪਣੇ ਘਰ ਦੇ ਜੀਆਂ ਨਾਲ ਗੱਲ-ਬਾਤ ਲਈ ਤੇ ਪੰਜਾਬ ਵਿਚ ਜਾਂ ਕਿਤੇ ਹੋਰਥੇ ਰਹਿੰਦੇ ਰਿਸ਼ਤੇਦਾਰਾਂ ਤੇ ਮਿੱਤਰਾਂ ਨਾਲ ਚਿੱਠੀ-ਪੱਤਰ ਲਈ;
2. ਇੱਕੇ-ਦੁੱਕੇ ਦਸੌਰੀ ਪੰਜਾਬੀਆਂ ਤੇ ਮੇਲੀਆਂ-ਗੇਲੀਆਂ ਨਾਲ ਬੋਲ-ਚਾਲ ਲਈ ਜਾ ਪੰਜਾਬੀਆਂ ਦਿਆਂ ਇਕੱਠਾਂ ਵਿਚ ਬੋਲਣ ਲਈ;
3. ਪੰਜਾਬੀ ਦੇ ਅਖ਼ਬਾਰ ਪੜ੍ਹ ਕੇ ਪੰਜਾਬ ਦੀਆਂ ਖ਼ਬਰਾਂ ਨਾਲ ਜਾਣਕਾਰੀ ਦਾ ਝੱਸ ਪੂਰਾ ਕਰਨ ਲਈ;
4. ਪੰਜਾਬੀ ਰਿਸਾਲਿਆਂ ਤੇ ਕਿਤਾਬਾਂ ਦੇ ਪਾਠ ਰਾਹੀਂ ਆਪਣੇ ਧਾਰਮਿਕ ਜਾਂ ਸਾਹਿੱਤਿਕ ਸ਼ੌਕ ਪੂਰੇ ਕਰਨ, ਗਿਆਨ ਪ੍ਰਾਪਤ ਕਰਨ, ਮਨ ਪਰਚਾਉਣ ਜਾਂ ਵਿਹਲਾ ਸਮਾਂ ਬਿਤਾਉਣ ਲਈ;
5. ਟੇਪਾਂ ਜਾਂ ਰੀਕਾਰਡਾਂ ਤੋਂ ਕੀਰਤਨ ਤੇ/ਜਾਂ ਪੰਜਾਬੀ ਗੀਤ/ਗਾਣੇ ਸੁਣਨ ਲਈ;
6. ਪੰਜਾਬੀ ਫ਼ਿਲਮਾਂ ਵੇਖ ਕੇ ਮਨ ਪਰਚਾਉਣ ਲਈ; ਅਤੇ
7. ਗਿਣਤੀ ਦੇ ਕੁੱਝ ਖ਼ੁਸ਼ਕਿਸਮਤ ਬੰਦਿਆਂ ਦੀ ਹਾਲਤ ਵਿਚ, ਸਾਹਿੱਤ-ਰਚਨਾ ਲਈ।

ਇਨ੍ਹਾਂ ਤੋਂ ਛੁੱਟ ਹੋਰ ਵੀ ਕੁੱਝ ਕੰਮ ਹਨ, ਜਿਨ੍ਹਾਂ ਲਈ ਪੰਜਾਬੀ ਦੀ ਵਰਤੋਂ ਕੀਤੀ ਜਾਂਦੀ ਹੈ ਜਾਂ ਕਰਨ ਦੀ ਲੋੜ ਹੈ, ਜਿਵੇਂ ਪੰਜਾਬੀ ਦਾ ਅਧਿਆਪਨ, ਪਰ ਇਨ੍ਹਾਂ ਵੱਲ ਹੋਣ ਤੋਂ ਪਹਿਲਾਂ ਉੱਪਰਲੇ ਸੱਤਾਂ ਖੇਤਰਾਂ ਦੀ ਵਰਤਮਾਨ ਹਾਲਤ ਬਾਰੇ ਆਪਣੇ ਵਿਚਾਰ ਆਪਣੇ ਦੇਸੀ ਤੇ ਦਸੌਰੀ ਪੰਜਾਬੀ ਮਿੱਤਰਾਂ ਨਾਲ ਸਾਂਝੇ ਕਰ ਲੈਣੇ ਚਾਹੀਦੇ ਹਨ।

## 1. ਘਰ ਦੇ ਜੀਆਂ ਨਾਲ ਗੱਲ-ਬਾਤ ਤੇ ਚਿੱਠੀ-ਪੱਤਰ

ਆਪਣੇ ਦੇਸ ਵਾਂਗ, ਦਸੌਰਾਂ ਵਿਚ ਵੀ ਪੰਜਾਬੀ ਦਾ ਪੂਰਾ ਰਾਜ ਕੇਵਲ ਅਨਪੜ੍ਹ ਪੰਜਾਬੀ ਘਰਾਂ ਵਿਚ ਹੀ ਮਿਲਦਾ ਹੈ। ਹਿੰਦੁਸਤਾਨ ਦੇ ਹੋਣ ਭਾਵੇਂ ਪਾਕਿਸਤਾਨ ਦੇ, ਹਿੰਦੂ ਹੋਣ, ਭਾਵੇਂ ਸਿੱਖ ਤੇ ਭਾਵੇਂ ਮੁਸਲਮਾਨ, ਅਨਪੜ੍ਹ ਪਰਵਾਸੀ ਆਪਣਿਆਂ ਘਰਾਂ ਵਿਚ ਨਿਸੰਗ ਹੋ ਕੇ ਨਿਰੋਲ ਪੰਜਾਬੀ ਵਰਤਦੇ ਹਨ। ਇਸ ਲਈ ਉਨ੍ਹਾਂ ਵਿੱਚੋਂ ਬਹੁਤਿਆਂ ਦੇ ਬੱਚੇ, ਡੂੰਘੇ ਦਸੌਰੀ ਪ੍ਰਭਾਵਾਂ ਦੇ ਬਾਵਜੂਦ, ਪੰਜਾਬੀ ਬੋਲ ਤੇ ਸਮਝ ਸਕਦੇ ਹਨ, ਭਾਵੇਂ ਉਨ੍ਹਾਂ ਦੀ ਪੰਜਾਬੀ ਵਿਚ ਅੰਗਰੇਜ਼ੀ ਦੇ ਸ਼ਬਦਾਂ ਦੀ ਭਰਮਾਰ ਹੁੰਦੀ ਹੈ।

ਜਿੱਥੇ ਘਰ ਵਾਲੀ ਅਨਪੜ੍ਹ ਹੈ, ਘਰ ਵਾਲਾ ਭਾਵੇਂ ਕਿੰਨਾ ਪੜ੍ਹਿਆ ਹੋਇਆ ਹੋਵੇ, ਓਥੇ ਘਰ ਵਿਚ ਪੰਜਾਬੀ ਦੀ ਵਰਤੋਂ ਖ਼ਾਸੀ ਮਾਤਰਾ ਵਿਚ ਮਿਲ ਜਾਂਦੀ ਹੈ। ਇਸ ਦਾ ਅਪਵਾਦ ਮੈਂ ਕੇਵਲ ਥਾਈਲੈਂਡ ਵਿਚ ਵੇਖਿਆ ਹੈ, ਜਿੱਥੇ ਸਰਕਾਰ ਦੀਆਂ ਥਾਈ-ਮੁਖੀ ਭਾਸ਼ਾਈ ਨੀਤੀਆਂ ਦੇ ਨਤੀਜੇ ਵਜੋਂ, ਅਨਪੜ੍ਹ ਪੰਜਾਬੀ ਵੀ, ਆਪਣਿਆਂ ਘਰ ਦਿਆਂ ਜੀਆਂ ਨਾਲ, ਬਹੁਤੀ ਵਾਰੀ, ਥਾਈ ਭਾਸ਼ਾ ਵਿਚ ਹੀ ਗੱਲ-ਬਾਤ ਕਰਦੇ ਹਨ।

ਜਿੱਥੇ ਦੋਵੇਂ ਜੀ ਕਾਫ਼ੀ ਪੜ੍ਹੇ ਹੋਏ ਹੁੰਦੇ ਹਨ, ਖ਼ਾਸ ਕਰਕੇ ਅੰਗਰੇਜ਼ੀ-ਬੋਲਦੇ ਦੇਸਾਂ ਵਿਚ, ਓਥੇ ਪੰਜਾਬੀ ਦਾ ਸੰਘਾਰ ਆਮ ਹੈ। ਮਿਸਾਲ ਵਜੋਂ, ਮੈਂ ਆਪਣੇ ਦਸੌਰੀ ਸਫ਼ਰਾਂ ਵਿਚ ਕੁੱਝ ਪਾਕਿਸਤਾਨੀ ਪੰਜਾਬੀ ਮੁਸਲਮਾਨਾਂ ਨੂੰ ਮਿਲਿਆ ਹਾਂ, ਜੋ ਆਪਣਿਆਂ ਘਰਾਂ ਵਿਚ, ਵਾਹ-ਲੱਗਦੀ, ਨਿਰੋਲ ਉਰਦੂ ਵਿਚ ਗੱਲ-ਬਾਤ ਕਰਨ ਦਾ ਜਤਨ ਕਰਦੇ ਸਨ; ਕੁੱਝ ਪੰਜਾਬੀ ਹਿੰਦੂ, ਖ਼ਾਸ ਕਰਕੇ ਆਰੀਆ ਸਮਾਜੀ ਵੀਰ, ਆਪਣਿਆਂ ਘਰਾਂ ਵਿਚ ਕੇਵਲ ਹਿੰਦੀ ਦੀ ਵਰਤੋਂ ਹੁੰਦੀ ਹੀ ਵੇਖਣੀ ਚਾਹੁੰਦੇ ਸਨ ਅਤੇ ਕਈ ਹਿੰਦੂ, ਸਿੱਖ, ਮੁਸਲਮਾਨ ਤੇ ਈਸਾਈ ਪੰਜਾਬੀ ਭਰਾ ਆਪਣਿਆਂ ਬੱਚਿਆਂ ਨਾਲ ਕੇਵਲ ਅੰਗਰੇਜ਼ੀ ਵਿਚ ਗੱਲ-ਬਾਤ ਕਰਨ ਦਾ ਨੇਮ ਬੜੀ ਸਖ਼ਤੀ ਨਾਲ ਪਾਲਦੇ ਵੇਖੇ ਗਏ।

ਅਸਲ ਵਿਚ, ਇਹ ਨਕਸ਼ਾ ਹੈ ਤਾਂ ਆਪਣੇ ਦੇਸ ਪੰਜਾਬ ਦਾ ਪਰਤੌ ਹੀ, ਪਰ ਦਸੌਰਾਂ ਵਿਚ ਇਸ ਦਾ ਰਿਵਾਜ ਵੇਖ ਕੇ ਮੈਨੂੰ ਦੁੱਖ ਵੀ ਹੋਇਆ ਤੇ ਹੈਰਾਨੀ ਵੀ।

ਬਿਲਕੁਲ ਗੱਲ-ਬਾਤ ਵਾਲਾ ਹਾਲ ਹੀ ਚਿੱਠੀ-ਪੱਤਰ ਦਾ ਹੈ—ਫ਼ਰਕ ਹੈ ਤਾਂ ਇਹ ਕਿ ਪਿਛਲੀ ਪੀੜ੍ਹੀ ਦੇ ਬਹੁਤ ਸਾਰੇ ਅੰਗਰੇਜ਼ੀ ਤੋਂ ਅਨਜਾਣ ਹਿੰਦੂ-ਸਿੱਖ, ਮੁਸਲਮਾਨਾਂ ਵਾਂਗ, ਅਜੇ ਵੀ ਆਪਣੀਆਂ ਚਿੱਠੀਆਂ ਉਰਦੂ ਵਿਚ ਲਿਖਦੇ ਹਨ ਤੇ ਅੰਗਰੇਜ਼ੀ ਜਾਣਦੇ ਪਰਵਾਸੀ, ਖ਼ਾਸ ਕਰਕੇ ਉਨ੍ਹਾਂ ਦੀ ਨਵੀਂ ਪੀੜ੍ਹੀ, ਲਿਖਤੀ ਪੰਜਾਬੀ ਤੋਂ ਅਨਜਾਣ ਹੋਣ ਕਰਕੇ ਜਾਂ ਫ਼ੈਸ਼ਨ ਵਜੋਂ, ਆਪਣੀਆਂ ਸਾਰੀਆਂ ਚਿੱਠੀਆਂ, ਇਸ਼ਕ-ਮੁਸ਼ਕ ਦੀਆਂ ਚਿੱਠੀਆਂ ਸਮੇਤ, ਅੰਗਰੇਜ਼ੀ ਵਿਚ ਹੀ ਲਿਖਦੀ ਹੈ, ਭਾਵੇਂ ਇਹ ਅੰਗਰੇਜ਼ੀ ਕੌਡੀਓਂ ਖੋਟੀ ਕਿਉਂ ਨਾ ਹੋਵੇ।

ਸਪਸ਼ਟ ਹੈ ਕਿ ਜਿੱਥੇ ਇਹੋ ਜਿਹੀ ਹਾਲਤ ਹੋਵੇ, ਓਥੇ ਇਹ ਨਹੀਂ ਕਿਹਾ ਜਾ ਸਕਦਾ ਕਿ ਪੰਜਾਬੀ ਬੋਲੀ ਦੇ ਨੁਕਤੇ ਤੋਂ, ਪਰਵਾਸੀ ਪੰਜਾਬੀਆਂ ਵਿਚ ਘਰੋਗੀ ਬੋਲ-ਚਾਲ ਤੇ ਚਿੱਠੀ-ਪੱਤਰ ਦੇ ਸੰਬੰਧ ਵਿਚ ਕੋਈ ਖ਼ਾਸ ਵਿਚਾਰਨ-ਜੋਗ ਮਸਲਾ ਮੌਜੂਦ ਨਹੀਂ ਹੈ।

## 2. ਇਕੱਲੇ-ਦੁਕੱਲੇ ਨਾਲ ਵਿਚਾਰ-ਵਟਾਂਦਰੇ ਵੇਲੇ ਤੇ ਇਕੱਠਾਂ ਵਿਚ ਬੋਲਣ ਵੇਲੇ ਪੰਜਾਬੀ ਦੀ ਵਰਤੋਂ

... ਦੱਸ ਆਇਆ ਹਾਂ, ਕਰੀਬ-ਕਰੀਬ ...

WWW.SIKHBOOKCLUB.COM 

ਕੁੱਝ ਘਰ ਤੋਂ ਬਾਹਰ ਪਰਵਾਸੀ ਪੰਜਾਬੀਆਂ ਦੀ ਆਪੋ-ਵਿੱਚੀ ਦੀ ਗੱਲ-ਬਾਤ ਉੱਤੇ ਵੀ ਲਾਗੂ ਹੈ। ਇਕੱਠਾਂ ਦੀ ਗੱਲ ਕੁੱਝ ਵੱਖਰੀ ਹੈ। ਗੁਰਦੁਆਰਿਆਂ ਵਿਚ ਬਹੁਤ ਸਾਰਾ ਪ੍ਰੋਗਰਾਮ ਪੰਜਾਬੀ ਵਿਚ ਹੁੰਦਾ ਹੈ। ਆਮ ਤੌਰ ਉੱਤੇ, ਮਸੀਤਾਂ ਤੇ ਮੰਦਰਾਂ ਦੇ ਪ੍ਰੋਗਰਾਮ, ਕ੍ਰਮਵਾਰ ਉਰਦੂ ਤੇ ਹਿੰਦੀ ਵਿਚ ਨਿਭਾਏ ਜਾਂਦੇ ਹਨ ਤੇ ਕਿਤੇ ਕਿਤੇ ਅੰਗਰੇਜ਼ੀ ਜਾਂ ਸਥਾਨਕ ਬੋਲੀ ਵਿਚ।

ਇਸ ਵਰਤਾਰੇ ਦਾ ਇਕ ਕਾਰਨ ਇਹ ਹੈ ਕਿ ਗੁਰਦੁਆਰਿਆਂ ਵਿਚ, ਆਮ ਤੌਰ ਉੱਤੇ, ਸਿੱਖਾਂ ਜਾਂ ਪੰਜਾਬੀ ਤੇ ਸਿੰਧੀ ਸ਼ਰਧਾਲੂਆਂ ਦੀ ਸੰਗਤ ਹੁੰਦੀ ਹੈ, ਜੋ ਪੰਜਾਬੀ ਸਮਝਦੀ ਹੈ, ਪਰ ਮਸੀਤਾਂ ਤੇ ਮੰਦਰਾਂ ਵਿਚ, ਭਾਵੇਂ ਉਹ ਪੰਜਾਬੀਆਂ ਦੇ ਹੀ ਹੋਣ, ਕ੍ਰਮਵਾਰ ਗ਼ੈਰ-ਪੰਜਾਬੀ ਮੁਸਲਮਾਨ ਤੇ ਹਿੰਦੂ ਵੀ ਆ ਜੁੜਦੇ ਹਨ।

ਕਾਰਨ ਕੁੱਝ ਵੀ ਹੋਣ, ਇਸ ਵੇਲੇ ਦੀ ਸਹੀ ਹਾਲਤ ਇਹੋ ਹੈ ਕਿ ਆਪਸੀ ਗੱਲ-ਬਾਤ ਲਈ ਜਾਂ ਇਕੱਠਾਂ ਵਿਚ, ਪੰਜਾਬੀ ਪਰਵਾਸੀ, ਨੇਮ ਨਾਲ, ਪੰਜਾਬੀ ਨਹੀਂ ਵਰਤ ਰਹੇ ਤੇ ਨਾ ਇਸ ਦੀ ਵਰਤੋਂ ਦੇ ਹੱਕ ਵਿਚ ਉਨ੍ਹਾਂ ਦੀ ਕਿਸੇ ਸੰਸਥਾ ਵੱਲੋਂ ਕੋਈ ਪਹਿਰਾ ਹੀ ਦਿੱਤਾ ਜਾ ਰਿਹਾ ਹੈ।

### 3. ਖ਼ਬਰਾਂ ਲਈ ਪੰਜਾਬੀ ਅਖ਼ਬਾਰ ਪੜ੍ਹਨੇ

ਕੁੱਝ ਚਿਰ ਪਹਿਲਾਂ, ਗੁਰਮੁਖੀ ਅੱਖਰਾਂ ਵਿਚ ਛਪੇ ਰੋਜ਼ਾਨਾ ਪੰਜਾਬੀ ਅਖ਼ਬਾਰ ਸਿਰਫ਼ ਸਿੱਖ ਪੜ੍ਹਦੇ ਹੁੰਦੇ ਸਨ। ਜਦ ਤੋਂ ਪੰਜਾਬ ਦੇ ਸਕੂਲਾਂ ਵਿਚ ਪੰਜਾਬੀ ਨੂੰ ਲਾਜ਼ਮੀ ਮਜ਼ਮੂਨ ਦਾ ਦਰਜਾ ਮਿਲਿਆ ਹੈ, ਗੁਰਮੁਖੀ-ਪੰਜਾਬੀ ਅਖ਼ਬਾਰਾਂ ਦੇ ਪਾਠਕਾਂ ਵਿਚ ਕੁੱਝ ਹਿੰਦੂ ਵੀਰਾਂ ਦਾ ਵਾਧਾ ਹੋ ਗਿਆ ਹੈ, ਪਰ ਫ਼ਿਰਕੂ ਮਾਹੌਲ ਦੇ ਜ਼ਹਿਰੀ ਅਸਰ ਕਰਕੇ, ਆਮ ਤੌਰ ਉੱਤੇ, 'ਅਜੀਤ' ਜਾਂ 'ਅਕਾਲੀ ਪਤ੍ਰਿਕਾ' ਦੇ ਗਾਹਕ ਸਿੱਖ ਤੇ 'ਜੱਗ-ਬਾਣੀ' ਦੇ ਗਾਹਕ ਹਿੰਦੂ ਵੇਖੇ ਜਾਂਦੇ ਹਨ।

ਇਹ ਤਾਂ ਹੈ ਇਸ ਵੇਲੇ ਦੇ ਪੰਜਾਬ ਦੀ ਹਾਲਤ, ਪਰ ਪਰਵਾਸੀਆਂ ਵਿਚ ਵੀ ਪੰਜਾਬੀ ਦੇ ਅਖ਼ਬਾਰੀ ਪਾਠਕਾਂ ਦੀ ਬਹੁਤੀ ਗਿਣਤੀ ਸਿੱਖਾਂ ਦੀ ਹੀ ਹੈ ਤੇ ਗ਼ੈਰ-ਸਿੱਖ ਪੰਜਾਬੀ ਆਪਣਾ ਖ਼ਬਰਾਂ ਦਾ ਝੱਸ, ਵਧੇਰੇ ਕਰਕੇ, ਅੰਗਰੇਜ਼ੀ, ਉਰਦੂ ਜਾਂ ਹਿੰਦੀ ਦੇ ਅਖ਼ਬਾਰਾਂ ਤੋਂ ਹੀ ਪੂਰਾ ਕਰਦੇ ਹਨ। ਇਸ ਦਾ ਕਾਰਨ ਬਹੁਤ-ਸਾਰੇ ਗ਼ੈਰ-ਸਿੱਖ ਪੰਜਾਬੀਆਂ ਦਾ ਗੁਰਮੁਖੀ ਅੱਖਰਾਂ ਤੋਂ ਅਨਜਾਣ ਹੋਣਾ ਹੈ।

ਪਾਕਿਸਤਾਨ ਵਿਚ ਪੰਜਾਬੀ ਲਈ, ਫ਼ਾਰਸੀ ਅੱਖਰ ਵਰਤੇ ਜਾਂਦੇ ਹਨ, ਪਰ ਇਨ੍ਹਾਂ ਅੱਖਰਾਂ ਵਿਚ ਪੰਜਾਬੀ ਦਾ ਰੋਜ਼ਾਨਾ ਅਖ਼ਬਾਰ ਕੋਈ ਨਹੀਂ ਛਪਦਾ। ਅਖ਼ਬਾਰ, ਸਾਰੇ ਦੇ ਸਾਰੇ, ਉਰਦੂ ਵਿਚ ਹੀ ਛਪਦੇ ਹਨ। ਇਸ ਲਈ ਪਾਕਿਸਤਾਨ ਵਿਚ ਪੰਜਾਬੀ ਦੇ ਕੱਟੜ ਮੁਦੱਈਆਂ ਨੂੰ ਵੀ, ਮਜਬੂਰਨ, ਅੰਗਰੇਜ਼ੀ ਜਾਂ ਉਰਦੂ ਦੇ ਅਖ਼ਬਾਰ ਹੀ ਪੜ੍ਹਨੇ ਪੈਂਦੇ ਹਨ।

ਕੁੱਝ ਦੇਸਾਂ ਤੋਂ, ਖ਼ਾਸ ਕਰਕੇ ਇੰਗਲੈਂਡ ਤੋਂ, ਕਈ ਬੜੇ ਕਾਮਯਾਬ ਹਫ਼ਤਾਵਾਰੀ ਜਾਂ ਪੰਦਰਾਂ-ਰੋਜ਼ਾ ਪੰਜਾਬੀ ਅਖ਼ਬਾਰ ਨਿਕਲਦੇ ਹਨ, ਪਰ ਉਨ੍ਹਾਂ ਦੇ ਪਾਠਕ ਵੀ ਬਹੁਤ ਕਰਕੇ ਸਿੱਖ ਹੀ ਹਨ।

ਦਸੌਰਾਂ ਵਿਚ ਪੰਜਾਬੀ ਅਖ਼ਬਾਰਾਂ ਦੀ ਖਪਤ ਪੰਜਾਬੀ ਪਰਵਾਸੀਆਂ ਦੀ ਕੁੱਲ ਗਿਣਤੀ ਦੇ ਮੁਕਾਬਲੇ ਵਿਚ ਨਾਂ-ਮਾਤਰ ਹੈ।

ਤਾਤਪਰਜ ਇਹ ਹੈ ਕਿ ਮੌਜੂਦਾ ਹਾਲਤ ਵਿਚ ਇਹ ਦਾਅਵਾ ਨਹੀਂ ਕੀਤਾ ਜਾ ਸਕਦਾ ਕਿ ... ਤੀ ਨੂੰ ਪੰਜਾਬ ਦੇ ਨਾਲ ਜੋੜੀ ਰੱਖੇ

WWW.SIKHBOOKCLUB.COM

ਪੰਜਾਬੀ ਅਖ਼ਬਾਰ, ਕਿਸੇ ਸਾਂਝੇ ਸਹਾਇਕ ਸਾਧਨ ਦੀ ਸੇਵਾ ਨਿਭਾ ਰਹੇ ਹਨ।

ਹਿੰਦੁਸਤਾਨ ਜਾਂ ਪਾਕਿਸਤਾਨ ਦੇ ਰੇਡੀਓ-ਸਟੇਸ਼ਨਾਂ ਪਾਸ ਪੰਜਾਬੀ ਖ਼ਬਰਾਂ ਨਸ਼ਰ ਕਰਨ ਲਈ ਏਨੇ ਤਾਕਤਵਰ ਟ੍ਰਾਂਸਮਿਟਰ ਨਹੀਂ ਹਨ ਤੇ ਨਾ ਹੀ ਇਨ੍ਹਾਂ ਦੇਸਾਂ ਦੀਆਂ ਸਰਕਾਰਾਂ ਦੀ ਨੀਤੀ ਜਾਂ ਨੀਅਤ ਹੈ, ਖ਼ਾਸ ਕਰਕੇ ਭਾਰਤ ਦੀ ਕਿ ਦੇਸੀ ਖ਼ਬਰਾਂ ਦਸੌਰੀ ਕੰਨਾਂ ਤਕ ਪੰਜਾਬੀ ਵਿਚ ਪਹੁੰਚਾਈਆਂ ਜਾਣ।

ਸੋ ਇਹ ਪਾਸਾ ਵੀ ਦਸੌਰੀ ਪੰਜਾਬੀਆਂ ਦੀਆਂ ਅੱਖਾਂ ਤੇ ਕੰਨ ਦੀ ਪਹੁੰਚ ਤੋਂ ਪਰੇ-ਪਰੇਡੇ ਦਾ ਸਮਝਣਾ ਚਾਹੀਦਾ ਹੈ।

### 4. ਪੰਜਾਬੀ ਰਿਸਾਲੇ ਤੇ ਕਿਤਾਬਾਂ

ਦਸੌਰਾਂ ਵਿਚ ਪੰਜਾਬੀ ਰਿਸਾਲਿਆਂ ਦੀ ਖਪਤ, ਪੰਜਾਬੀ ਅਖ਼ਬਾਰਾਂ ਨਾਲੋਂ ਵਧੇਰੇ ਹੈ। ਅਖ਼ਬਾਰ ਤਾਂ, ਆਮ ਤੌਰ ਉੱਤੇ, ਗੁਰਦੁਆਰਿਆਂ ਦੀਆਂ ਜਾਂ ਹੋਰ ਲਾਇਬ੍ਰੇਰੀਆਂ ਵਿੱਚੋਂ ਹੀ ਪੜ੍ਹੇ ਜਾਂਦੇ ਹਨ, ਪਰ ਰਿਸਾਲੇ ਬਹੁਤ ਕਰਕੇ, ਸਿੱਧੇ ਘਰਾਂ ਦਿਆਂ ਪਤਿਆਂ ਉੱਤੇ ਮੰਗਵਾ ਲਏ ਜਾਂਦੇ ਹਨ।

ਇਹ ਰਿਸਾਲੇ ਹਿੰਦੁਸਤਾਨ ਤੋਂ ਵੀ ਆਉਂਦੇ ਹਨ ਤੇ ਖ਼ੁਦ ਦਸੌਰਾਂ ਵਿਚ ਵੀ ਛਪਦੇ ਹਨ। ਪਾਕਿਸਤਾਨ ਵਿਚ ਪੰਜਾਬੀ ਦੇ ਕੁੱਝ ਮਾਹਵਾਰੀ ਰਿਸਾਲੇ ਫ਼ਾਰਸੀ ਅੱਖਰਾਂ ਵਿਚ ਛਪਦੇ ਹਨ; ਪਰ ਅਜੇ ਉਨ੍ਹਾਂ ਦੇ ਪੈਰ ਉਨ੍ਹਾਂ ਦੇ ਆਪਣੇ ਦੇਸ ਵਿਚ ਵੀ ਪੱਕੇ ਨਹੀਂ ਲੱਗੇ ਹੋਏ। ਇਸ ਲਈ ਮੁਸਲਮਾਨ ਪੰਜਾਬੀ ਪਰਵਾਸੀ, ਜਦੋਂ ਵੀ ਪੜ੍ਹਦੇ ਹਨ, ਅੰਗਰੇਜ਼ੀ ਜਾਂ ਉਰਦੂ ਜਾਂ ਸਥਾਨਕ ਭਾਸ਼ਾ ਦੇ ਰਿਸਾਲੇ ਹੀ ਪੜ੍ਹਦੇ ਹਨ, ਪਾਕਿਸਤਾਨੀ ਪੰਜਾਬੀ ਰਿਸਾਲੇ ਉਨ੍ਹਾਂ ਤਕ ਪਹੁੰਚਦੇ ਹੀ ਬੜੇ ਘੱਟ ਹਨ।

ਦੇਵਨਾਗਰੀ ਅੱਖਰਾਂ ਵਿਚ ਪੰਜਾਬੀ ਰਿਸਾਲੇ ਹਨ ਹੀ ਨਹੀਂ, ਇਸ ਲਈ ਅਸਲ ਖਪਤ ਜਿੰਨੀ ਕੁ ਵੀ ਹੈ, ਗੁਰਮੁਖੀ-ਪੰਜਾਬੀ ਰਿਸਾਲਿਆਂ ਦੀ ਹੀ ਹੈ।

ਕਰੀਬ-ਕਰੀਬ ਇਹੀ ਗੱਲ, ਬਲਕਿ ਇਸ ਤੋਂ ਵੀ ਗਈ-ਗੁਜ਼ਰੀ, ਕਿਤਾਬਾਂ ਦੀ ਹੈ।

ਇੰਗਲੈਂਡ ਦੇ ਇਕ ਪਰਵਾਸੀ ਪੰਜਾਬੀ ਲੇਖਕ, ਸ੍ਰੀ ਸਵਰਨ ਚੰਦਨ ਆਪ ਲਾਇਬ੍ਰੇਰੀਅਨ ਹਨ। 1982 ਵਿਚ ਉਨ੍ਹਾਂ ਨੇ, ਆਪਣੇ ਲੰਡਨ ਵਾਲੇ ਘਰ ਵਿਚ, ਮੇਰੇ ਨਾਲ ਆਪਣਾ ਇਕ ਤਜਰਬਾ ਸਾਂਝਾ ਕੀਤਾ ਸੀ, ਜੋ ਇਸ ਵੇਲੇ ਸਭ ਨਾਲ ਸਾਂਝਾ ਕਰਨਜੋਗ ਹੈ:

ਚੰਦਨ ਹੁਰਾਂ ਬੜਾ ਜ਼ੋਰ ਲਾ ਕੇ, ਕਾਫ਼ੀ ਸਥਾਨਕ ਲਾਇਬ੍ਰੇਰੀਆਂ ਵਿਚ ਪੰਜਾਬੀ ਕਿਤਾਬਾਂ ਖ਼ਰੀਦਵਾਈਆਂ, ਪਰ ਜਦ ਲਗਾਤਾਰ ਦੋ ਵਰ੍ਹੇ ਕਿਸੇ ਪਾਠਕ ਵੱਲੋਂ ਇਨ੍ਹਾਂ ਦੀ ਕੋਈ ਮੰਗ ਨਾ ਹੋਈ ਤਾਂ, ਨੇਮਾਂ ਅਨੁਸਾਰ, ਇਹ ਸਾਰੀਆਂ ਕਿਤਾਬਾਂ, ਕਬਾੜ ਸਮਝ ਕੇ, ਰੱਦੀ ਵਿਚ ਸੁੱਟਣੀਆਂ ਪੈ ਗਈਆਂ।

ਪੰਜਾਬੀ ਕਿਤਾਬਾਂ, ਵਧੇਰੇ ਕਰਕੇ ਗੁਰਮੁਖੀ ਵਿਚ ਛਪਦੀਆਂ ਹਨ। ਇਸ ਲਈ, ਅਜੇ ਤਕ ਹਾਲਤ ਇਹੀ ਹੈ ਕਿ ਇਨ੍ਹਾਂ ਗਾਹਕਾਂ ਤੇ ਪਾਠਕਾਂ ਦੀ ਬਹੁ-ਗਿਣਤੀ ਗੁਰਮੁਖੀ ਜਾਣਨ ਵਾਲੇ ਪਰਵਾਸੀ ਸਿੱਖਾਂ ਦੀ ਹੀ ਹੈ।

ਪਾਕਿਸਤਾਨ ਵਿਚ ਫ਼ਾਰਸੀ ਅੱਖਰਾਂ ਵਿਚ ਕਿੱਸਿਆਂ ਤੋਂ ਵੱਖਰੇ ਰੰਗ ਦੀਆਂ ਕਿਤਾਬਾਂ ਛਾਪਣ ਦੇ ਟਾਵੇਂ-ਟਾਵੇਂ ਦਲੇਰ ਜਤਨ ਹੋਏ ਹਨ, ਪਰ ਉਨ੍ਹਾਂ ਦੀ ਹੈਸੀਅਤ, ਉਰਦੂ ਦੇ ਵਿਸ਼ਾਲ ਸਾਗਰ ਵਿਚ ਅਸਲੋਂ ਨਿਤਾਣੇ ਜਿਹੇ ਚੱਪੂਆਂ ਵਾਲੀ ਹੈ। ਇਕ ਤਾਂ ਇਹ ਕਿਤਾਬਾਂ ਛਪਦੀਆਂ ਹੀ ਕਾਫ਼ੀ ਘੱਟ ਗਿਣਤੀ ਵਿਚ ਹਨ, ਦੂਜੇ ਪਰਵਾਸੀ ਪੰਜਾਬੀ ਪਾਠਕਾਂ, ਖ਼ਾਸ ਕਰਕੇ ਮੁਸਲਮਾਨ

WWW.SIKHBOOKCLUB.COM

ਪਰਵਾਸੀਆਂ ਵੱਲੋਂ, ਇਨ੍ਹਾਂ ਦਾ ਕੋਈ ਉਚੇਚਾ ਸੁਆਗਤ ਨਹੀਂ ਹੋਇਆ। ਇਸ ਲਈ ਪਰਵਾਸੀ ਮੁਸਲਮਾਨ ਆਪਣੀ ਦਿਮਾਗ਼ੀ ਖ਼ੁਰਾਕ ਉਰਦੂ, ਅੰਗਰੇਜ਼ੀ ਜਾਂ ਸਥਾਨਕ ਭਾਸ਼ਾਵਾਂ ਤੋਂ ਹੀ ਲੈਂਦੇ ਹਨ, ਪੰਜਾਬੀ ਤੋਂ ਨਹੀਂ।

ਪਰਵਾਸੀ ਪੰਜਾਬੀ ਪਾਠਕਾਂ ਲਈ ਪੰਜਾਬੀ ਕਿਤਾਬਾਂ ਹਿੰਦੁਸਤਾਨ ਤੋਂ ਉਚੇਚੀਆਂ ਮੰਗਵਾਈਆਂ ਜਾਂਦੀਆਂ ਹਨ, ਜਿਸ ਕਰਕੇ ਇਹ ਸੌਦਾ ਕਾਫ਼ੀ ਮਹਿੰਗਾ ਵੀ ਪੈਂਦਾ ਹੈ।

ਅਨਪੜ੍ਹਤਾ, ਕਿਤਾਬਾਂ ਪੜ੍ਹਨ ਦੀ ਆਦਤ ਦੀ ਅਣਹੋਂਦ ਜਾਂ ਘਾਟ, ਕਿਤਾਬਾਂ ਦੀ ਮਹਿੰਗਾਈ, ਲਾਇਬ੍ਰੇਰੀਆਂ ਵਿਚ ਪੰਜਾਬੀ ਕਿਤਾਬਾਂ ਦੀ ਅਣਹੋਂਦ, ਬਹੁਤ ਸਾਰੇ ਪੰਜਾਬੀ ਪਰਵਾਸੀਆਂ ਦੀ ਗੁਰਮੁਖੀ ਨਾਲ ਨਾਵਾਕਫ਼ੀ ਤੇ ਛਪੀਆਂ ਪੰਜਾਬੀ ਕਿਤਾਬਾਂ ਵੱਲੋਂ ਪਰਵਾਸੀ ਪਾਠਕਾਂ ਦੇ ਸਾਰੇ ਸੁਆਦ ਤੇ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕਰਨ ਦੀ ਅਸਮਰੱਥਾ—ਇਹ ਸਾਰੇ ਕਾਰਨ ਰਲ ਕੇ ਸਾਨੂੰ ਇਸ ਨਤੀਜੇ ਉੱਤੇ ਪਹੁੰਚਾਉਂਦੇ ਹਨ ਕਿ ਦਸੌਰੀ ਪੰਜਾਬੀਆਂ ਵਿਚ ਰਿਸਾਲਿਆਂ ਤੇ ਕਿਤਾਬਾਂ ਦੀ ਖਪਤ ਜਿਹੋ-ਜਿਹੀ ਤੇ ਜਿੰਨੀ ਚਾਹੀਦੀ ਹੈ, ਓਹੋ ਜਿਹੀ ਇਸ ਵੇਲੇ ਨਹੀਂ ਹੈ।

## 5. ਕੀਰਤਨ ਤੇ ਗੀਤ/ਗਾਣੇ

ਕੀਰਤਨ, ਇਸ ਵੇਲੇ ਤਕ, ਸਾਰੇ ਪੰਜਾਬੀਆਂ ਦੀ ਸਾਂਝੀ ਚੀਜ਼ ਨਹੀਂ ਬਣ ਸਕਿਆ, ਇਸ ਲਈ ਇਸ ਦੀ ਗੁੰਜਾਰ ਗੁਰਦੁਆਰਿਆਂ ਤੇ ਮੰਦਰਾਂ ਵਿਚ ਹੀ ਸੁਣੀ ਜਾਂਦੀ ਹੈ, ਪਰ ਗਾਣੇ ਤੇ ਗੀਤ, ਖ਼ਾਸ ਕਰਕੇ ਲੋਕ-ਗੀਤ ਤੇ ਪੰਜਾਬੀ ਫ਼ਿਲਮਾਂ ਦੇ ਗਾਣੇ, ਪੰਜਾਬੀਆਂ ਦੀ ਸਾਂਝੀ ਜਾਇਦਾਦ ਹਨ ਤੇ ਟੇਪਾਂ, ਰੀਕਾਰਡਾਂ, ਵੀਡੀਓ ਕੈਸੈਟਾਂ ਤੇ ਫ਼ਿਲਮਾਂ ਨੇ ਸੁਰਿੰਦਰ ਕੌਰ, ਆਸਾ ਸਿੰਘ ਮਸਤਾਨਾ, ਨੂਰ ਜਹਾਂ, ਰੇਸ਼ਮਾਂ, ਮਹਿਦੀ ਹਸਨ, ਗ਼ੁਲਾਮ ਅਲੀ, ਰੂਨਾ ਲੈਲਾ ਤੇ ਨਾਹੀਦ ਅਖ਼ਤਰ ਵਰਗੀਆਂ ਗਾਇਕਾਵਾਂ ਤੇ ਗਾਇਕਾਂ ਦੇ ਗਾਏ ਹੋਏ ਕੁੱਝ ਮਸ਼ਹੂਰ ਗੀਤ ਅਨੇਕ ਦੇਸੀ ਤੇ ਦਸੌਰੀ ਪੰਜਾਬੀਆਂ ਦੇ ਬੁੱਲ੍ਹਾਂ ਉੱਤੇ ਲਿਆ ਬਿਠਾਏ ਹਨ।

ਇਕ ਤਾਂ ਗਾਉਣ ਲਈ ਲਿਪੀ ਦੀ ਬੰਦਸ਼ ਨਹੀਂ ਹੁੰਦੀ, ਦੂਜੇ ਇਨ੍ਹਾਂ ਦੀ ਬੋਲੀ ਹਰ ਇਕ ਨੂੰ ਸਮਝ ਆ ਜਾਣ ਵਾਲੀ ਹੁੰਦੀ ਹੈ, ਇਸ ਲਈ ਗੀਤਾਂ ਦੇ ਮਸ਼ਹੂਰ ਹੋਣ ਵਿਚ ਦੇਰ ਨਹੀਂ ਲਗਦੀ, ਪਰ ਜਿਹੜਾ ਸਭਿਆਚਾਰਕ ਗੰਦ, ਲਚਰ ਗਾਣਿਆਂ ਦੀਆਂ ਟੇਪਾਂ ਨੇ ਪੋਤੂ ਪੰਜਾਬ ਵਿਚ ਪਾਇਆ ਹੋਇਆ ਹੈ, ਅਫ਼ਸੋਸ ਹੈ, ਉਹੀ ਦਸੌਰੀ ਪੰਜਾਬੀ ਮਾਰਕਿਟ ਵਿਚ ਪੈਣਾ ਵੀ ਸ਼ੁਰੂ ਹੋ ਗਿਆ ਹੈ ਤੇ ਇਸ ਦੀ ਬਹੁਤ ਸਾਰੇ ਪਰਵਾਸੀਆਂ ਨੇ, ਮੇਰੇ ਪਾਸ ਸ਼ਿਕਾਇਤ ਵੀ ਕੀਤੀ ਸੀ।

## 6. ਫ਼ਿਲਮਾਂ

ਫ਼ਿਲਮ, ਬੋਲੀ ਤੇ ਸਭਿਆਚਾਰ ਦੇ ਪ੍ਰਚਾਰ ਦਾ ਬੜਾ ਬਲਵਾਨ ਸਾਧਨ ਹੈ।

ਭਾਰਤ ਵਿਚ ਬਣਨ ਵਾਲੀਆਂ ਪੰਜਾਬੀ ਫ਼ਿਲਮਾਂ ਦੀ ਗਿਣਤੀ ਬਹੁਤੀ ਨਹੀਂ ਹੈ ਤੇ ਜਿਹੜੀਆਂ ਬਣਦੀਆਂ ਵੀ ਹਨ, ਉਨ੍ਹਾਂ ਦੇ ਮਿਆਰ ਬਾਰੇ ਅਜੇ ਕਿਸੇ ਨੂੰ ਤਸੱਲੀ ਨਹੀਂ ਹੈ।

ਪਾਕਿਸਤਾਨੀ ਪੰਜਾਬੀ ਫ਼ਿਲਮਾਂ ਦੀ ਗਿਣਤੀ ਭਾਰਤ ਦੀਆਂ ਪੰਜਾਬੀ ਫ਼ਿਲਮਾਂ ਨਾਲੋਂ ਕਿਤੇ ਵੱਧ ਹੈ, ਪਰ ਉਨ੍ਹਾਂ ਵਿਚ ਮਾਰ-ਕੁਟਾਈ, ਹੱਲੇ-ਗੁੱਲੇ, ਉਧਾਲਿਆਂ ਤੇ ਕਤਲਾਂ ਤੋਂ ਇਲਾਵਾ ਹੋਰ ਕੁੱਝ ਬਹੁਤ ਘੱਟ ਹੁੰਦਾ ਹੈ।

ਜਿੱਥੋਂ ਤਕ ਪਰਵਾਸੀ ਪੰਜਾਬੀਆਂ ਦਾ ਸੰਬੰਧ ਹੈ, ਉਹ ਮੰਡੂਏ ਦੇ ਪਰਦੇ ਉੱਤੇ

WWW.SIKHBOOKCLUB.COM Page 161

ਪੰਜਾਬੀ ਬੋਲੀ ਦੀਆਂ ਫ਼ਿਲਮਾਂ ਉਸੇ ਸ਼ੌਕ ਨਾਲ ਵੇਖਦੇ ਹਨ, ਜਿਸ ਨਾਲ ਟੈਲੀਵਿਜਨ ਦੀ ਸਕਰੀਨ ਉੱਤੇ। ਪਰ ਉਨ੍ਹਾਂ ਦੀ ਮੁਸ਼ਕਲ ਇਹ ਹੈ ਕਿ ਪੰਜਾਬੀ ਫ਼ਿਲਮ ਕੋਈ ਮੰਡੂਏ ਵਾਲਾ ਮੰਗਵਾਏ ਜਾਂ ਟੀ.ਵੀ. ਉੱਤੇ ਵਿਖਾਈ ਜਾਵੇ ਤਾਂ ਹੀ ਵੇਖੀ ਜਾ ਸਕਦੀ ਹੈ, ਪਰ ਵਪਾਰ ਦੀ ਦ੍ਰਿਸ਼ਟੀ ਤੋਂ ਕਿਹੜੇ ਮੰਡੂਏ ਦਾ ਮਾਲਕ ਜਾਂ ਕਿਹੜੀ ਟੀ.ਵੀ. ਸੰਸਥਾ, ਹਿੰਦੁਸਤਾਨੀ ਜਾਂ ਅੰਗਰੇਜ਼ੀ ਫ਼ਿਲਮਾਂ ਦੀ ਥਾਂ, ਪੰਜਾਬੀ ਫ਼ਿਲਮਾਂ ਵਿਖਾ ਕੇ ਵੱਟਕ ਵੱਲੋਂ ਸੁਖ ਦੀ ਨੀਂਦਰ ਸੌਂ ਸਕਦੀ ਹੈ ? ਹੁਣ ਵੀਡੀਓ ਕੈਸੈਟਾਂ ਨਾਲ ਸ਼ਾਇਦ ਕੁੱਝ ਫ਼ਰਕ ਪਵੇ, ਪਰ ਉਹ ਵੀ ਕਿੰਨਾ ਕੁ ਪੈ ਸਕਦਾ ਹੈ ?

## 7. ਸਾਹਿੱਤ ਰਚਨਾ

ਪੰਜਾਬੀ ਜਗਤ, ਪਰਵਾਸੀ ਪੰਜਾਬੀਆਂ ਦੀ ਅਸਲ ਦੇਣ ਦਾ ਅਨੁਮਾਨ, ਹਿੰਦੁਸਤਾਨ ਤੇ ਪਾਕਿਸਤਾਨ ਤੋਂ ਬਾਹਰ ਗਏ ਉਨ੍ਹਾਂ ਲੇਖਕਾਂ ਤੋਂ ਲਾਉਂਦਾ ਹੈ, ਜੋ ਅਖ਼ਬਾਰਾਂ, ਰਿਸਾਲਿਆਂ, ਰੇਡੀਓ ਤੇ ਟੈਲੀਵਿਜਨ ਰਾਹੀਂ ਜਾਂ ਕਿਤਾਬਾਂ ਦੇ ਰੂਪ ਵਿਚ, ਆਪਣੀਆਂ ਮੌਲਿਕ ਰਚਨਾਵਾਂ ਪੇਸ਼ ਕਰਦੇ ਰਹਿੰਦੇ ਹਨ।

ਇਨ੍ਹਾਂ ਵਿਚ ਕੁੱਝ ਅਜਿਹੇ ਨਾਂ ਹਨ ਜੋ ਪੰਜਾਬੀ ਦੇ ਸਾਹਿੱਤਿਕ ਖੇਤਰ ਦੇ ਜਾਣੇ-ਪਛਾਣੇ ਨਾਵਾਂ ਨਾਲ ਆਪਣਾ ਬਰ ਮੇਚ ਸਕਦੇ ਹਨ।

ਇਨ੍ਹਾਂ ਪਰਵਾਸੀ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਵਿੱਚੋਂ, ਦੁਨੀਆ ਨੂੰ ਉਸ ਨਵੇਂ ਥੜੇ ਉੱਤੇ ਖੜੋ ਕੇ ਵੇਖਣ ਦਾ ਜਤਨ ਸਾਫ਼ ਝਲਕਦਾ ਹੈ, ਜੋ ਸਾਡੇ ਪੰਜਾਬੀ ਲੇਖਕਾਂ ਨੂੰ ਦਸੌਰਾਂ ਵਿਚ ਜਾ ਕੇ ਲੱਭਿਆ।

ਪਰ ਇਹ ਤਕਰੀਬਨ ਸਾਰੇ ਲੇਖਕ ਉਹ ਹਨ ਜੋ ਬਦੇਸਾਂ ਵੱਲ ਮੁਹਾਰਾਂ ਮੋੜਨ ਤੋਂ ਪਹਿਲਾਂ ਵੀ ਪੰਜਾਬੀ ਵਿਚ ਲਿਖਦੇ ਤੇ ਛਪਦੇ ਸਨ ਜਾਂ ਘੱਟੋ-ਘੱਟ ਲਿਖਣ ਦੀ ਉਮਰ ਤਕ ਪਹੁੰਚ ਚੁੱਕੇ ਹੋਏ ਹਨ। ਮਿਸਾਲ ਵਜੋਂ, ਇੰਗਲੈਂਡ ਦੇ ਰਘਬੀਰ ਢੰਡ, ਪ੍ਰੀਤਮ ਸਿੱਧੂ, ਬਲਬੀਰ ਸਿੰਘ ਕੰਵਲ, ਸਾਥੀ ਲੁਧਿਆਣਵੀ, ਤਰਸੇਮ ਨੀਲਗਿਰੀ, ਸਵਰਨ ਚੰਦਨ, ਅਵਤਾਰ ਜੰਡਿਆਲਵੀ, ਨਿਰੰਜਨ ਸਿੰਘ ਨੂਰ, ਸ਼ੇਰ ਜੰਗ ਜਾਂਗਲੀ, ਸ਼ਿਵਚਰਨ ਸਿੰਘ, ਸੰਤੋਖ ਸਿੰਘ ਸੰਤੋਖ, ਬਲਬੀਰ ਸੰਘੇੜਾ, ਆਦਿ; ਸਵੀਡਨ ਦੇ ਸਤੀ ਕੁਮਾਰ; ਅਮਰੀਕਾ ਦੇ ਗੁਰੂਮੇਲ, ਮਨਜ਼ੂਰ ਹੁਸੈਨ, ਆਦਿ; ਕੈਨੇਡਾ ਦੇ ਕੇਸਰ ਸਿੰਘ, ਰਵਿੰਦਰ ਰਵੀ, ਗੁਰਚਰਨ ਰਾਮਪੁਰੀ, ਅਜਮੇਰ ਰੋਡੇ, ਇਕਬਾਲ ਰਾਮੂਵਾਲੀਆ, ਸੁਖਜੀਤ, ਸੁਰਜੀਤ ਕਲਸੀ, ਗੁਰਦਿਆਲ ਸਿੰਘ ਕੰਵਲ, ਨਵਤੇਜ ਭਾਰਤੀ ਤੇ ਮਿੱਤਰ ਰਾਸ਼ਾ, ਆਦਿ ਅਤੇ ਕੀਨੀਆ ਦੇ ਅਜਾਇਬ ਕਮਲ ਤੇ ਸੋਹਨ ਸਿੰਘ ਜੋਸ਼, ਆਦਿ ਨੂੰ ਲਿਆ ਜਾ ਸਕਦਾ ਹੈ।

ਇਹ ਸੂਚੀ, ਜੋ ਮੁਕੰਮਲ ਨਹੀਂ, ਸਾਡੇ ਸਾਹਮਣੇ ਇਕ ਬੜਾ ਅਹਿਮ ਸਵਾਲ ਖੜਾ ਕਰਦੀ ਹੈ : ਇਨ੍ਹਾਂ ਵਿਚ ਇਕ ਲੇਖਕ ਵੀ ਅਜਿਹਾ ਨਹੀਂ ਹੈ ਜੋ ਦਸੌਰੀ ਵੱਸੇ ਪੰਜਾਬੀ ਮਾਪਿਆਂ ਦੀ ਸੰਤਾਨ ਹੋਵੇ ਤੇ ਜਿਸ ਨੇ ਦਸੌਰਾਂ ਵਿਚ ਹੀ ਪਲ ਕੇ ਪੰਜਾਬੀ ਬੋਲੀ ਨੂੰ ਆਪਣੇ ਪ੍ਰਗਟਾਵੇ ਦਾ ਮਾਧਿਅਮ ਬਣਾਇਆ ਹੋਵੇ। ਜਦੋਂ ਲੇਖਕਾਂ ਦਾ ਇਹ ਪੂਰ ਨਾ ਰਿਹਾ, ਓਦੋਂ ਪਰਵਾਸੀ ਪੰਜਾਬੀ ਸਾਹਿੱਤ ਨਾਂ ਦੀ ਕੋਈ ਚੀਜ਼ ਹੋਵੇਗੀ ਵੀ ਕਿ ਨਹੀਂ ?

WWW.SIKHBOOKCLUB.COM 

3

ਉਪਰੋਕਤ ਸਥਿਤੀ ਨੂੰ ਸਮਝਣ ਲਈ ਇਹ ਚੇਤੇ ਰੱਖਣ ਦੀ ਲੋੜ ਹੈ ਕਿ ਪਹਿਲੇ ਦੌਰ ਦੇ ਪਰਵਾਸੀ ਪੰਜਾਬੀ, ਦਸੌਰਾਂ ਵਿਚ ਜਾ ਕੇ ਵੀ ਦੇਸ-ਮੁਖੀ ਰਹੇ ਸਨ। ਉਹ ਖਿੜੇ-ਮੱਥੇ ਔਖਿਆਈਆਂ ਝਾਗਦੇ ਰਹੇ, ਸਿਰ-ਤੋੜ ਮਿਹਨਤ ਕਰ ਕੇ ਕਮਾਈਆਂ ਕਰਦੇ ਰਹੇ, ਤੰਗੀ-ਤੁਰਸ਼ੀ ਨਾਲ ਆਪਣਾ ਗੁਜ਼ਾਰਾ ਤੋਰਦੇ ਰਹੇ, ਪਰ ਆਪਣੀ ਬਚਤ ਦਾ ਵੱਡਾ ਹਿੱਸਾ ਘਰਦਿਆਂ ਨੂੰ ਭੇਜਦੇ ਰਹੇ।

ਅਕਾਲੀ ਲਹਿਰ, ਖਿਲਾਫ਼ਤ ਜਾਂ ਆਜ਼ਾਦੀ ਦੀ ਲਹਿਰ—ਪਰਵਾਸੀ ਪੰਜਾਬੀ ਹਰ ਲਹਿਰ ਵਿਚ ਹੁੰਮ-ਹੁਮਾ ਕੇ ਹਿੱਸਾ ਲੈਂਦੇ ਰਹੇ—ਉਨ੍ਹਾਂ ਨੇ ਪੈਸੇ ਭੇਜੇ, ਹਥਿਆਰ ਭੇਜੇ, ਅਖ਼ਬਾਰਾਂ-ਰਿਸਾਲਿਆਂ ਰਾਹੀਂ ਪ੍ਰਚਾਰ ਕੀਤਾ, ਕੈਦਾਂ ਕੱਟੀਆਂ ਤੇ ਫਾਹੇ ਵੀ ਲੱਗੇ। ਉਨ੍ਹਾਂ ਦੇ ਸਰੀਰ ਬਦੇਸਾਂ ਵਿਚ ਸਨ ਪਰ ਉਨ੍ਹਾਂ ਦੀਆਂ ਰੂਹਾਂ ਪੰਜਾਬ-ਹਿੰਦੁਸਤਾਨ ਵਿਚ ਸਨ। ਇਨ੍ਹਾਂ ਵਿੱਚੋਂ ਬਹੁਤੇ ਅਨਪੜ੍ਹ ਜਾਂ ਅੱਧ-ਪੜ੍ਹ ਸਨ ਤੇ ਖੇਤੀ ਜਾਂ ਦਿਹਾੜੀ ਦਾ ਕੋਈ ਕੰਮ ਕਰਦੇ ਸਨ। ਇਨ੍ਹਾਂ ਵਿੱਚੋਂ ਜਿਨ੍ਹਾਂ ਨੇ ਦਸੌਰਨਾਂ ਨਾਲ ਵਿਆਹ ਕਰਾ ਲਏ, ਉਨ੍ਹਾਂ ਦੀ ਸੰਤਾਨ, ਆਮ ਤੌਰ ਉੱਤੇ, ਪੰਜਾਬੀ ਤੋਂ ਅਣਭਿੱਜ ਰਹੀ, ਪਰ ਜਿਨ੍ਹਾਂ ਦੀਆਂ ਘਰ ਵਾਲੀਆਂ ਪੰਜਾਬਣਾਂ ਸਨ, ਉਨ੍ਹਾਂ ਦੇ ਬੱਚੇ ਪੰਜਾਬੀ ਬੋਲਦੇ ਸਨ, ਪਰ ਉਨ੍ਹਾਂ ਦੀ ਵੀ ਤੀਜੀ ਪੀੜ੍ਹੀ, ਆਮ ਤੌਰ ਉੱਤੇ, ਪੰਜਾਬ ਨਾਲੋਂ ਟੁੱਟੀ ਹੋਈ ਮਿਲਦੀ ਹੈ।

ਜਿਹੜੇ ਪੰਜਾਬੀ 1947 ਤੋਂ ਪਿੱਛੋਂ, ਖ਼ਾਸ ਕਰ ਕੇ 1960 ਤੋਂ ਪਿੱਛੋਂ, ਦਸੌਰਾਂ ਵਿਚ ਜਾ ਵੱਸੇ ਹਨ, ਉਨ੍ਹਾਂ ਵਿਚ ਉੱਚੀਆਂ ਡਿਗਰੀਆਂ ਵਾਲੇ ਅਧਿਆਪਕ, ਵਿਗਿਆਨੀ, ਡਾਕਟਰ, ਇੰਜੀਨੀਅਰ, ਵਕੀਲ, ਕਲਾਕਾਰ, ਵਪਾਰੀ ਤੇ ਵੱਖ ਵੱਖ ਪੇਸ਼ਿਆਂ ਵਿਚ ਸਿਖਲਾਈ ਲੈ ਚੁੱਕੇ ਪੇਸ਼ਾਵਰ ਲੋਕ ਕਾਫ਼ੀ ਗਿਣਤੀ ਵਿਚ ਸ਼ਾਮਿਲ ਹਨ, ਪਰ ਇਹ ਲੋਕ ਪਹਿਲੇ ਦੌਰ ਦੀ ਪੀੜ੍ਹੀ ਨਾਲੋਂ ਘੱਟ ਪਿਛਾਂਹ ਵੇਖਣ ਵਾਲੇ ਹਨ। ਉਹ ਆਪਣੇ ਤੇ ਆਪਣੇ ਬੱਚਿਆਂ ਦੇ ਖ਼ੁਸ਼ਹਾਲ ਜੀਵਨ ਤੋਂ ਬਚੇ-ਖੁਚੇ ਪੈਸੇ ਹੀ ਆਪਣੇ ਸੰਬੰਧੀਆਂ ਨੂੰ ਭੇਜਦੇ ਹਨ, ਬਲਕਿ ਬਹੁਤ ਵਾਰੀ ਕੁਝ ਵੀ ਨਹੀਂ ਭੇਜ ਸਕਦੇ।

ਭਾਰਤ ਜਾਂ ਪੰਜਾਬ ਵਿਚ ਹੋਈ ਇਨ੍ਹਾਂ ਦੀ ਆਪਣੀ ਪੜ੍ਹਾਈ ਤੇ ਸਿਖਲਾਈ ਵਿਚ ਬਹੁਤ ਸਾਰਾ ਹੱਥ ਅੰਗਰੇਜ਼ੀ ਦਾ ਸੀ ਤੇ ਜਿਹੜੇ ਓਦੋਂ ਯੂ.ਕੇ., ਅਮਰੀਕਾ ਜਾਂ ਕੈਨੇਡਾ ਵਿਚ ਜਾ ਵੱਸੇ, ਉਨ੍ਹਾਂ ਦੇ ਆਲੇ-ਦੁਆਲੇ ਤੇ ਆਂਢ-ਗੁਆਂਢ ਕੇਵਲ ਅੰਗਰੇਜ਼ੀ ਬੋਲੀ ਜਾਂਦੀ ਸੀ; ਸਕੂਲਾਂ ਤੇ ਕਾਲਜਾਂ ਵਿਚ ਸਾਰੀ ਪੜ੍ਹਾਈ ਅੰਗਰੇਜ਼ੀ ਰਾਹੀਂ ਸੀ, ਅਖ਼ਬਾਰ-ਰਿਸਾਲੇ ਵੀ ਇਸੇ ਬੋਲੀ ਵਿਚ ਹੁੰਦੇ ਸਨ; ਰੇਡੀਓ-ਟੈਲੀਵਿਜ਼ਨ ਤੋਂ ਵੀ ਇਸ ਬੋਲੀ ਦੀ ਬਰਖਾ ਹੁੰਦੀ ਸੀ ਤੇ ਬੱਚਿਆਂ ਨੂੰ ਨਵੀਂ ਭਾਸ਼ਾ ਦੀ ਔਖਿਆਈ ਤੋਂ ਬਚਾਉਣ ਦਾ ਪੱਜ ਬਣਾ ਕੇ, ਕਈ ਪਰਵਾਸੀ ਪੰਜਾਬੀ ਘਰਾਂ ਦੇ ਅੰਦਰ ਵੀ, ਬੱਚਿਆਂ ਨਾਲ, ਕੇਵਲ ਅੰਗਰੇਜ਼ੀ ਵਿਚ ਹੀ ਗੱਲ-ਬਾਤ ਕਰਨ ਲੱਗ ਪਏ।

ਇਸੇ ਤਰ੍ਹਾਂ ਦਾ, ਬਲਕਿ ਇਸ ਤੋਂ ਵੀ ਭਰਪੂਰ ਭਾਸ਼ਾਈ ਹੱਲਾ ਥਾਈਲੈਂਡ ਵਿਚ ਥਾਈ ਬੋਲੀ ਦਾ, ਮਲੇਸ਼ੀਆ ਵਿਚ ਮਲਾਈ ਦਾ ਤੇ ਸਿੰਗਾਪੁਰ ਵਿਚ ਅੰਗਰੇਜ਼ੀ ਦਾ ਹੈ।

ਜਦੋਂ ਬੱਚਿਆਂ ਨੂੰ ਦਿਹਾੜੀ ਵਿਚ ਘਰ ਦੇ ਅੰਦਰ ਜਾਂ ਬਾਹਰ, ਕਿਸੇ ਵੇਲੇ ਵੀ, ਪੰਜਾਬੀ ਬੋਲਣ ਦਾ ਮੌਕਾ ਨਾ ਮਿਲੇ ਤਾਂ ਉਹ ਪੰਜਾਬੀ ਕਿਵੇਂ ਤੇ ਕਿੱਥੋਂ ਸਿੱਖ ਲੈਣਗੇ ?

ਨਤੀਜਾ ਸਾਡੇ ਸਾਹਮਣੇ ਹੈ। ਮਾਪੇ, ਆਪਣੀ ਜਨਮ-ਭੂਮੀ ਨੂੰ ਜਿਸ ਮੋਹ ਨਾਲ ਚੇਤੇ

ਕਰ ਲੈਂਦੇ ਹਨ, ਬੱਚੇ ਉਸ ਤੋਂ ਉੱਕਾ ਕੋਰੇ ਹੁੰਦੇ ਹਨ ਤੇ ਜਿਸ ਤੇਜ਼ੀ ਨਾਲ ਦਸੌਰਾ ਦੇ ਦਰਵਾਜ਼ੇ ਪਰਵਾਸ ਦੇ ਇੱਛਕਾਂ ਲਈ ਬੰਦ ਹੋ ਰਹੇ ਹਨ, ਉਸ ਤੋਂ ਲਗਦਾ ਹੈ ਕਿ ਪਾਕਿਸਤਾਨੀ ਪੰਜਾਬ ਤੋਂ ਅਰਬ ਦੇਸਾਂ ਵੱਲ ਦੇ ਆਰਜ਼ੀ ਨਿਕਾਸ ਨੂੰ ਛੱਡ ਕੇ, ਹੋਰ ਕਿਸੇ ਦੇਸ ਵਿਚ, ਨਵੀਂ ਪੰਜਾਬੀ ਵੱਸੋਂ ਦਾ ਵਾਧਾ ਸ਼ਾਇਦ ਬਹੁਤਾ ਸੰਭਵ ਨਾ ਹੋਵੇ।

ਜੇ ਨਵੇਂ ਬਾਲਗ਼ ਪੰਜਾਬੀਆਂ ਨੇ ਯੂ.ਕੇ., ਅਮਰੀਕਾ, ਕੈਨੇਡਾ, ਥਾਈਲੈਂਡ, ਮਲੇਸ਼ੀਆ, ਸਿੰਗਾਪੁਰ ਜਾਂ ਕੀਨੀਆ, ਆਦਿ ਵਿਚ ਦਾਖ਼ਲ ਨਹੀਂ ਹੋ ਸਕਣਾ, ਤੇ ਪਹਿਲਾਂ ਜਾ ਕੇ ਵੱਸੇ ਹੋਏ ਸਾਹਿੱਤਕਾਰ ਪੰਜਾਬੀਆਂ ਦੀ ਸੰਤਾਨ ਵਿੱਚੋਂ ਕਿਸੇ ਦੀ ਪਹਿਲੀ, ਕਿਸੇ ਦੀ ਦੂਜੀ ਤੇ ਕਿਸੇ ਦੀ ਤੀਜੀ ਪੀੜ੍ਹੀ ਪੰਜਾਬੀ ਤੋਂ ਕੋਰੀ ਹੁੰਦੀ ਜਾਣੀ ਹੈ, ਤਾਂ ਦਸੌਰਾਂ ਵਿਚ ਮੌਲਿਕ ਪੰਜਾਬੀ ਰਚਨਾ ਦੀ ਆਯੂ ਬਾਰੇ ਭਵਿੱਸ਼-ਬਾਣੀ ਕਰਨ ਲਈ ਕਿਸੇ ਪੇਸ਼ਾਵਰ ਜੋਤਸ਼ੀ ਦੀ ਲੋੜ ਨਹੀਂ ਹੈ।

## 4

ਅਸੀਂ ਬੜੇ ਵੇਰਵੇ ਨਾਲ ਵੇਖ ਆਏ ਹਾਂ ਕਿ ਦਸੌਰਾਂ ਵਿਚ ਰਹਿੰਦੇ ਪੰਜਾਬੀਆਂ ਵਿਚ ਪੰਜਾਬੀ ਦੀ ਵਰਤੋਂ ਕਿਸ ਹੱਦ ਤਕ ਹੋ ਰਹੀ ਹੈ ਤੇ ਜੇ ਕਿਸੇ ਉਚੇਚੀ ਬਣੀ ਸੰਸਥਾ ਜਾਂ ਸੰਸਥਾਵਾਂ ਦੇ ਜੁੱਟ ਵੱਲੋਂ, ਨੇੜੇ ਤੇ ਦੂਰ ਦੇ ਨਿਸ਼ਾਨੇ ਮਿੱਥ ਕੇ, ਕੋਈ ਉਚੇਚਾ ਹੰਭਲਾ ਨਾ ਮਾਰਿਆ ਗਿਆ ਤਾਂ ਕੋਈ ਵੱਡੀ ਗੱਲ ਨਹੀਂ ਹੋਵੇਗੀ, ਜੇ ਇਹ ਵਰਤੋਂ ਘਟਦੀ ਘਟਦੀ ਅਸਲੋਂ ਹੀ ਘਟ ਜਾਵੇ ਤੇ ਜੇ, ਰੱਬ ਨਾ ਕਰੇ, ਪੰਜਾਬੀ ਬੋਲੀ ਦੀ ਸਾਂਝ ਦੀ ਤੰਦ ਹੀ ਜਰਜਰੀ ਹੋ ਗਈ ਤਾਂ ਪੰਜਾਬੀ ਸਭਿਆਚਾਰ ਦੀ ਸਾਂਝ ਬਹੁਤੀ ਦੇਰ ਸਤਾਣੀ ਕਿਵੇਂ ਰਹਿ ਸਕੇਗੀ ?

ਹੁਣ ਸਵਾਲ ਇਹ ਹੈ ਕਿ ਇਸ ਧੁੰਦਲੇ ਭਵਿੱਖ ਨੂੰ ਰੁਸ਼ਨਾਇਆ ਕਿਵੇਂ ਜਾਵੇ ? ਦਸੌਰਾਂ ਵਿਚ ਜਾ ਵੱਸੇ ਪੰਜਾਬੀਆਂ ਤੇ ਉਨ੍ਹਾਂ ਦੀ ਔਲਾਦ ਦਾ ਆਪਣੇ ਪੇਕੇ ਨਾਲ ਸਾਕ ਵੱਧ ਤੋਂ ਵੱਧ ਚਿਰ ਲਈ ਕਿਵੇਂ ਜੀਉਂਦਾ ਰੱਖਿਆ ਜਾਵੇ ?

ਕਦੀ ਕਦੀ ਮੈਨੂੰ ਇਕ ਝੱਲਾ ਜਿਹਾ ਖ਼ਿਆਲ ਆਉਂਦਾ ਹੈ ਕਿ ਜੇ ਇਸਲਾਮੀ ਪ੍ਰਭੁਤਾ ਵੇਲੇ, ਸਾਰੇ ਪੰਜਾਬੀਆਂ ਨੇ ਇਸਲਾਮ ਧਰਮ ਧਾਰਨ ਕਰ ਲਿਆ ਹੁੰਦਾ ਤਾਂ ਸੰਭਵ ਸੀ ਕਿ ਪੰਜਾਬ ਵਿਚ ਪੰਜਾਬੀ ਨਾਲ ਸ਼ਰੀਕਾ ਕਰਨ ਵਾਲੀ ਕਿਸੇ ਵੀ ਹੋਰ ਬੋਲੀ ਦੇ ਪੈਰ ਨਾ ਜੰਮਦੇ।

ਸਿੱਖ ਧਰਮ ਤਾਂ ਉਪਜ ਹੀ ਪੰਜਾਬ ਦੀ ਆਪਣੀ ਹੈ, ਸੋ ਜੇ ਕਿਤੇ ਪੰਜਾਬੀ-ਬੋਲਦੇ ਸਾਰੇ ਲੋਕ ਸਿੱਖੀ ਦੇ ਛਤਰ ਹੇਠ ਇਕੱਠੇ ਹੋ ਜਾਂਦੇ, ਫੇਰ ਹੋਰ ਵੀ ਵਧੇਰੀ ਸੰਭਾਵਨਾ ਸੀ ਕਿ ਪੰਜਾਬ ਵਿਚ ਕੇਵਲ ਪੰਜਾਬੀ ਦਾ ਹੀ ਰਾਜ ਹੁੰਦਾ।

ਉਸ ਸੂਰਤ ਵਿਚ, ਕਿਸੇ ਧਾਰਮਿਕ ਵਿਤਕਰੇ ਦੀ ਅਣਹੋਂਦ ਕਰਕੇ, ਬਹੁਤੇ ਪੰਜਾਬੀਆਂ ਨੂੰ, ਮਾ-ਬੋਲੀ ਹੋਣ ਕਰਕੇ, ਪੰਜਾਬੀ ਤਾਂ ਆਉਂਦੀ ਹੀ ਹੋਣੀ ਸੀ, ਇਸ ਲਈ ਪੰਜਾਬੀ ਭਾਸ਼ਾ ਪੜ੍ਹਨੀ-ਲਿਖਣੀ ਜਾਣਨ ਵਾਲਾ ਕੋਈ ਪਰਵਾਸੀ ਪੰਜਾਬੀ, ਆਪਣੀ ਬੋਲੀ ਦੇ ਮੋਹ ਤੋਂ ਸੱਖਣਾ ਨਹੀਂ ਸੀ ਹੋਣਾ।

ਪਰ ਠੋਸ ਅਸਲੀਅਤ ਇਹ ਹੈ ਕਿ ਪੰਜਾਬ ਇਕ-ਧਰਮੀ ਨਹੀਂ ਬਣਿਆ, ਉੱਤੋਂ ਬਦ-ਕਿਸਮਤੀ ਇਹ ਹੋਈ ਕਿ ਅੰਗਰੇਜ਼ ਹਾਕਮਾਂ ਨੇ ਪੰਜਾਬ ਦੀ ਸਿਆਸਤ ਨੂੰ ਮਜ਼ਹਬਾਂ ਜਾਂ ਫ਼ਿਰਕਿਆਂ ਦੀਆਂ ਤੰਗ ਤੇ ਇਕ ਦੂਜੇ ਨੂੰ ਕੱਟਦੀਆਂ ਨਾਲੀਆਂ ਵਿਚ ਵਗਣ ਲਾ ਦਿੱਤਾ।

[illegible] ਪੰਜਾਬ ਦੀ ਬੁਨਿਆਦੀ ਸਾਂਝੀ [illegible] ਦੀ ਠੀਕ ਸਮਝ ਤੇ ਪਕੜ ਹੁੰਦੀ ਤਾਂ ਉਹ, ਬੋਲੀ ਦੀ ਸਾਂਝ ਨੂੰ, ਕਿਸੇ ਹਾਲਤ ਵਿਚ, ਮਜ਼ਹਬ

WWW.SIKHBOOKCLUB.COM Page 164

ਦੇ ਆਧਾਰ ਵਾਲੀ ਸਿਆਸਤ ਦੀ ਬਲੀ ਨਾ ਚੜ੍ਹਨ ਦੇਂਦੇ, ਪਰ ਅਫ਼ਸੋਸ, ਇਉਂ ਨਾ ਹੋ ਸਕਿਆ, ਜਿਸ ਕਰਕੇ ਪੰਜਾਬ ਦੀ ਅਭਾਗੀ ਬੋਲੀ ਤੇ ਸੰਸਕ੍ਰਿਤੀ ਨੂੰ, ਸਿਆਸੀ ਖੇਤਰ ਵਿਚ, ਇਕ ਦੂਜੇ ਨਾਲ ਜੋੜਨ ਦੀ ਥਾਂ ਲੜਾਣ ਦਾ ਹਥਿਆਰ ਬਣਾ ਕੇ ਵਰਤਿਆ ਗਿਆ।

ਪੰਜਾਬ ਦੇ ਸੰਗਠਿਤ ਮੁਸਲਮਾਨ, ਜੋ ਗਿਣਤੀ ਵਿਚ ਬਾਕੀ ਸਾਰੇ ਪੰਜਾਬੀਆਂ ਤੋਂ ਵੱਧ ਸਨ, ਪੰਜਾਬੀ ਵੱਲ ਪਿੱਠ ਕਰ ਕੇ ਉਰਦੂ-ਮੁਖੀ ਬਣ ਬੈਠੇ ਤੇ ਸਿਆਣੇ ਬਿਆਣੇ ਸੰਗਠਿਤ ਪੰਜਾਬੀ ਹਿੰਦੂ, ਆਪਣੀ ਮਾਂ-ਬੋਲੀ ਦੇ ਬੁਲਾਰੇ ਹੋਣ ਦੀ ਥਾਂ ਹਿੰਦੀ-ਭਾਸ਼ੀ ਹੋਣ ਦਾ ਨੰਗਾ-ਚਿੱਟਾ ਝੂਠ ਮਾਰਨ ਲਗ ਪਏ।

ਸ਼ੁਕਰ ਇਹ ਹੋਇਆ ਕਿ ਸਿੱਖਾਂ ਨੇ ਪੰਜਾਬੀ ਡਟ ਕੇ ਅਪਣਾ ਲਈ, ਵਰਨਾ ਜੋ ਮਾੜੀ-ਮੋਟੀ ਥਾਂ ਅੱਜ ਪੰਜਾਬੀ ਨੂੰ ਮਿਲੀ ਦਿੱਸਦੀ ਹੈ, ਉਸ ਦਾ ਸਵਾਲ ਹੀ ਨਹੀਂ ਸੀ ਪੈਦਾ ਹੋਣਾ, ਪਰ ਜਿੱਥੇ ਇਨ੍ਹਾਂ ਵੱਲੋਂ ਹੋਈ ਸੇਵਾ ਲਈ ਸਾਨੂੰ ਇਨ੍ਹਾਂ ਦਾ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ, ਉਥੇ ਸਾਨੂੰ ਇਹ ਵੀ ਸਪਸ਼ਟ ਹੋਣਾ ਚਾਹੀਦਾ ਹੈ ਕਿ ਬੋਲੀਆਂ ਨੂੰ ਭਾਵੇਂ ਧਰਮ ਆਪਣਿਆਂ ਮੋਢਿਆਂ ਉੱਤੇ ਚੁੱਕਦੇ ਹੀ ਆਏ ਹਨ, ਜਿਵੇਂ ਅਰਧ-ਮਾਗਧੀ ਨੂੰ ਜੈਨ ਧਰਮ ਨੇ, ਪਾਲੀ ਨੂੰ ਬੁੱਧ ਧਰਮ ਨੇ, ਇਬਰਾਨੀ ਨੂੰ ਇਸਰਾਈਲੀ ਧਰਮ ਨੇ, ਅਰਬੀ ਨੂੰ ਇਸਲਾਮ ਧਰਮ ਨੇ ਤੇ ਲਾਤੀਨੀ ਨੂੰ ਈਸਾਈ ਧਰਮ ਨੇ, ਅਪਣਾਇਆ, ਫੇਰ ਵੀ ਇਨ੍ਹਾਂ ਸਾਰੀਆਂ ਬੋਲੀਆਂ ਦੇ ਇਤਿਹਾਸ ਸਾਖੀ ਹਨ ਕਿ ਬੋਲੀ, ਧਰਮ ਤੋਂ ਹੁਲਾਰਾ ਲੈਣ ਪਿੱਛੋਂ, ਉਸ ਦੀ ਬੁੱਕਲ ਵਿੱਚੋਂ ਬਾਹਰ ਨਿਕਲ ਕੇ, ਗਿਆਨ, ਸੁਗਿਆਨ ਤੇ ਵਿਗਿਆਨ ਦੇ ਵਿਸ਼ਾਲ ਗ਼ੈਰ-ਧਾਰਮਿਕ ਖੇਤਾਂ ਵੱਲ ਨਿਕਲ ਤੁਰਦੀ ਹੈ।

ਮੇਰਾ ਵਿਸ਼ਵਾਸ ਹੈ ਕਿ ਪੰਜਾਬ ਨੇ ਇਕ-ਧਰਮੀ ਕਦੀ ਨਹੀਂ ਬਣਨਾ, ਇਸ ਨੇ ਬਹੁ-ਧਰਮੀ ਹੀ ਰਹਿਣਾ ਹੈ ਤੇ ਭਵਿੱਖ ਵਿਚ ਇਸ ਦੇ ਲੋਕਾਂ ਦਾ ਆਮ ਰੁਖ਼, ਕਦੀ ਕਦੀ ਪੈਣ ਵਾਲੇ ਵਿਘਨਾਂ ਦੇ ਬਾਵਜੂਦ, ਸਹਿ-ਹੋਂਦ ਤੇ ਸੈਕੂਲਰਤਾ ਵਾਲੇ ਪਾਸੇ ਵੱਲ ਹੋਵੇਗਾ; ਇਸ ਲਈ ਜੇ ਪੰਜਾਬੀ ਬੋਲੀ ਨੇ ਬਣਨਾ ਹੀ ਹੈ ਤਾਂ ਆਪਸੀ ਸਾਂਝ, ਸਹਿ-ਹੋਂਦ ਤੇ ਸੈਕੂਲਰਤਾ ਦਾ ਸੰਦ ਬਣੇ, ਜਾਂ ਦੂਜੇ ਸ਼ਬਦਾਂ ਵਿਚ, ਇਕ ਪੰਜਾਬੀ ਕੌਮੀਅਤ ਦੀ ਉਸਾਰੀ ਦਾ ਸਾਧਨ ਬਣੇ, ਨਾ ਕਿ ਮਜ਼ਹਬਾਂ ਜਾਂ ਫ਼ਿਰਕਿਆਂ ਦੀ ਆਪਸੀ ਸਿਆਸੀ ਪੈਂਤੜੇਬਾਜ਼ੀ ਤੇ ਤਣਾਉ ਦਾ।

ਇਹ ਗੱਲ ਜਿੰਨੀ ਕਹਿਣੀ ਸੌਖੀ ਹੈ, ਓਨੀ ਹੀ ਅਮਲ ਵਿਚ ਲਿਆਉਣੀ ਔਖੀ ਹੈ, ਕਿਉਂਕਿ ਮਜ਼ਹਬ ਦੀ ਥਾਂ ਸੈਕੂਲਰ ਸਭਿਆਚਾਰ ਨੂੰ ਪਹਿਲ ਦੇਣੀ, ਜੀਵਨ ਦੇ ਸਮੁੱਚੇ ਆਦਰਸ਼ਾਂ ਤੇ ਉੱਦੇਸ਼ਾਂ ਵਿਚ ਜਾਂ ਜੀਵਨ ਦੇ ਵਿਆਪਕ ਫ਼ਲਸਫ਼ੇ ਵਿਚ ਇਨਕਲਾਬ ਲਿਆਉਣ ਵਰਗਾ ਕੰਮ ਹੁੰਦਾ ਹੈ।

ਤਜਰਬਾ ਦੱਸਦਾ ਹੈ ਕਿ ਸਿੰਘ ਸਭਾ, ਆਰੀਆ ਸਮਾਜ ਤੇ ਜਮਾਅਤਿ ਇਸਲਾਮੀ, ਆਦਿ ਵਾਲੀ ਸਿਆਸਤ ਨੇ ਪੰਜਾਬੀ ਬੋਲੀ ਨੂੰ ਡਾਕਟਰ ਸਰ ਮੁਹੰਮਦ ਇਕਬਾਲ, ਸਆਦਤ ਹਸਨ ਮੰਟੋ, ਯਸ਼ਪਾਲ, ਮੁਲਖ ਰਾਜ ਆਨੰਦ, ਕ੍ਰਿਸ਼ਨ ਚੰਦਰ ਤੇ ਰਾਜਿੰਦਰ ਸਿੰਘ ਬੇਦੀ ਵਰਗਿਆਂ ਦੀ ਆਲਮੀ ਪੱਧਰ ਦੀ ਮੌਲਿਕ ਪ੍ਰਤਿਭਾ ਤੋਂ ਵਾਂਝਿਆਂ ਰੱਖਿਆ ਹੈ, ਪਰ ਸਭ ਵਖੇਵਿਆਂ ਦੇ ਬਾਵਜੂਦ, ਬੋਲੀ ਤੇ ਸਭਿਆਚਾਰ, ਕਥਨੀ ਤੇ ਕਰਨੀ, ਇਤਿਹਾਸ ਤੇ ਵਿਹਾਰ ਆਦਿ ਦੀ ਪੱਧਰ ਉੱਤੇ, ਹਜ਼ਾਰਾਂ ਨਿੱਘੀਆਂ ਆਪਸੀ ਸਾਂਝਾਂ ਮੌਜੂਦ ਹਨ।

ਅੰਤਰ-ਰਾਸ਼ਟਰੀ ਪੰਜਾਬੀ ਕਾਨਫ਼ਰੰਸਾਂ ਦੀ ਲਹਿਰ ਦੇ ਆਗੂਆਂ ਦਾ ਫ਼ਰਜ਼ ਬਣਦਾ ਹੈ ਕਿ ਉਹ [illegible] ਤੇ ਪੰਜਾਬੀ ਬੋਲੀ ਤੇ ਇਸ ਦੇ [illegible] ਨੂੰ ਇਨ੍ਹਾਂ ਸਾਂਝਾਂ ਦੇ ਆਧਾਰ ਉੱਤੇ ਖੜਾ ਕਰ ਕੇ, ਇਨ੍ਹਾਂ ਦੇ ਪ੍ਰਚਾਰ ਤੇ ਪ੍ਰਸਾਰ ਵਿਚ, ਯੋਜਨਾਬੱਧ

WWW.SIKHBOOKCLUB.COM 

ਢੰਗ ਨਾਲ, ਜੁੱਟ ਜਾਣ।

ਪੰਜਾਬੀ ਕੌਮੀਅਤ ਦੀ ਭਾਵਨਾ ਦਾ ਆਧਾਰ ਪੰਜਾਬੀ ਭਾਸ਼ਾ ਤੇ ਉਸ ਦਾ ਸਭਿਆਚਾਰ ਹੈ—ਅਸੀਂ ਪੰਜਾਬੀ ਹਾਂ, ਕਿਉਂਕਿ ਅਸੀਂ ਪੰਜਾਬੀ ਬੋਲਦੇ ਹਾਂ ਤੇ ਪੰਜਾਬੀ ਬੋਲਣ ਵਾਲੇ ਇਕ ਨਿਸਚਿਤ ਭੂ-ਖੰਡ ਨਾਲ ਸੰਬੰਧਿਤ ਹਨ। ਇਸ ਭੂ-ਖੰਡ ਵਿਚ ਜੰਮਣ ਵਾਲੇ ਦੀ ਆਪਣੀ ਤੇ ਸੁਭਾਵਿਕ ਮਾਦਰੀ ਬੋਲੀ ਪੰਜਾਬੀ ਹੁੰਦੀ ਹੈ ਤੇ ਪੰਜਾਬ ਵਿਚ ਜੰਮਿਆਂ ਦੇ ਅਨੇਕ ਲੱਛਣ ਭਾਰਤ ਦੇ ਹੋਰ ਪ੍ਰਾਂਤਾਂ ਵਿਚ ਜੰਮੇ ਲੋਕਾਂ ਨਾਲੋਂ ਨਿਵੇਕਲੀ ਸਿਆਣ ਵਾਲੇ ਹਨ।

ਇਉਂ ਪੰਜਾਬੀਆਂ ਦਾ ਪੰਜਾਬ ਦੇਸ ਤੇ ਉਨ੍ਹਾਂ ਦੀ ਪੰਜਾਬੀ ਬੋਲੀ ਅਤੇ ਉਨ੍ਹਾਂ ਦਾ ਪੰਜਾਬੀਪੁਣਾ ਇਕ ਅਣਟੁੱਟ ਤ੍ਰਿਕੜੀ ਹੈ। ਇਸ ਤ੍ਰਿਕੜੀ ਦੀ ਅਣਟੁੱਟਤਾ ਦ੍ਰਿੜਾਉਣਾ ਹੀ ਅੰਤਰ-ਰਾਸ਼ਟਰੀ ਪੰਜਾਬੀ ਕਾਨਫ਼ਰੰਸਾਂ ਦਾ ਨਿਸ਼ਾਨਾ ਹੋਣਾ ਚਾਹੀਦਾ ਹੈ।

ਜਿਵੇਂ ਧਾਰਮਿਕ ਲੋਕਾਂ ਦਾ, ਆਪਣੇ ਧਰਮ ਨਾਲ ਜੁੜੀ ਬੋਲੀ ਨਾਲ ਅਣਟੁੱਟ ਤੇ ਜਜ਼ਬਾਤੀ ਗੰਢ-ਚਿਤਰਾਵਾ ਹੁੰਦਾ ਹੈ, ਕਰੀਬ-ਕਰੀਬ ਉਸੇ ਤਰ੍ਹਾਂ ਦੀ ਪ੍ਰਤਿਬੱਧ ਤੇ ਮਾਣ-ਭਰੀ ਪਕੜ ਸਾਨੂੰ ਆਪਣੀ ਪੰਜਾਬੀ ਕੌਮੀਅਤ ਤੇ ਪੰਜਾਬੀ ਸਭਿਆਚਾਰ ਲਈ ਪੈਦਾ ਕਰਨੀ ਪਵੇਗੀ ਤੇ ਇਹ ਗੱਲ ਪੱਲੇ ਬੰਨ੍ਹਣੀ ਪਵੇਗੀ ਕਿ ਪੰਜਾਬੀ ਕੌਮੀਅਤ ਦੀ ਪਛਾਣ ਤੇ ਪ੍ਰਗਟਾਵੇ ਦਾ ਸਭ ਤੋਂ ਵੱਡਾ ਚਿੰਨ੍ਹ ਤੇ ਸਾਧਨ ਪੰਜਾਬੀ ਭਾਸ਼ਾ ਹੈ। ਅਸੀਂ ਸਾਰੇ ਪੰਜਾਬੀ ਹਾਂ, ਸਾਡੀ ਸਾਰੇ ਪੰਜਾਬੀਆਂ ਦੀ ਕੌਮੀਅਤ ਪੰਜਾਬੀ ਹੈ, ਸਾਡੇ ਲੋਕ-ਗੀਤ, ਸਾਡੇ ਕਿੱਸੇ, ਸਾਡੀਆਂ ਬੁਝਾਰਤਾਂ ਤੇ ਸਾਡੀਆਂ ਗਾਲ੍ਹਾਂ ਇੱਕੋ ਹਨ; ਸਾਡਾ ਇਤਿਹਾਸ ਸਾਂਝਾ ਹੈ; ਸਾਡੇ ਦੁਖ-ਸੁਖ ਸਾਂਝੇ ਹਨ। ਸਾਡੀ ਬੋਲੀ ਇਕ ਹੈ, ਭਾਵੇਂ ਧਰਮ ਵੱਖੋ-ਵੱਖਰੇ ਤੇ ਸਿਆਸਤ ਕੁਝ ਪਈ ਹੋਵੇ।

ਦੁਨੀਆ ਭਰ ਵਿਚ ਜਿੱਥੇ ਕਿਤੇ ਕੋਈ ਪੰਜਾਬੀ ਬੈਠਾ ਹੈ—ਹਿੰਦੂ ਹੋਵੇ ਚਾਹੇ ਸਿੱਖ, ਮੁਸਲਮਾਨ ਹੋਵੇ ਚਾਹੇ ਈਸਾਈ, ਮਾਝੇ ਦਾ ਹੋਵੇ ਚਾਹੇ ਮਾਲਵੇ ਦਾ, ਭਾਪਾ ਹੋਵੇ ਚਾਹੇ ਜੱਟ, ਜੇ ਉਹ ਪੰਜਾਬੀ ਭਾਸ਼ਾਈ ਕੌਮੀਅਤ ਅਤੇ ਕਲਚਰ ਤੇ ਭਾਸ਼ਾ ਦੀ ਸਾਂਝ ਵਾਲੀ ਸੁਰ ਇਕਸਾਰ ਦੱਬਣ ਲੱਗ ਪਵੇ ਤਾਂ ਅੰਤਰ-ਰਾਸ਼ਟਰੀ ਕਾਨਫ਼ਰੰਸਾਂ ਦਾ ਕੰਮ ਕਿੰਨਾ ਸੌਖਾ ਹੋ ਜਾਵੇ!

## 5

ਮੈਨੂੰ ਏਥੇ ਤਾਸ਼ਕੰਦ ਦੀ ਸੰਨ 1978 ਦੀ ਇਕ ਆਪ-ਬੀਤੀ ਬਦੋ-ਬਦੀ ਚੇਤੇ ਆ ਰਹੀ ਹੈ। ਉਜ਼ਬੇਕ ਸਾਇੰਸ ਅਕੈਡਮੀ, ਤਾਸ਼ਕੰਦ ਦੇ ਮੀਤ ਪ੍ਰਧਾਨ ਦੇ ਘਰ (ਪ੍ਰਧਾਨ, ਵਜ਼ੀਰ ਸੀ) ਇਕ ਸ਼ਾਨਦਾਰ ਦਾਅਵਤ ਉੱਤੇ ਕੋਈ ਗੱਲ ਕਰਦਿਆਂ ਮੈਂ ਮੇਜ਼ਬਾਨ ਨੂੰ ਕਹਿ ਬੈਠਾ, "ਤੁਸੀਂ ਰੂਸੀ ਲੋਕ..." ਤੇ ਅੱਗੋਂ ਮੇਰੀ ਗੱਲ ਸੁਣੇ ਬਿਨਾਂ ਨੂਰੁੱਦ-ਦੀਨੌਫ਼ ਹੁਰੀਂ ਲੋਹੇ-ਲਾਖੇ ਹੋ ਕੇ, ਆਪਣੀ ਆਵਾਜ਼ ਕੁਝ ਉੱਚੀ ਤੇ ਰੁੱਖੀ ਕਰ ਕੇ ਬੋਲੇ, "ਅਸੀਂ ਰੂਸੀ ਨਹੀਂ ਹਾਂ, ਅਸੀਂ ਮਹਾਨ ਉਜ਼ਬੇਕ ਲੋਕ ਹਾਂ, ਉਜ਼ਬੇਕ।" ਗ਼ਲਤੀ ਮੇਰੀ ਸੀ, ਜੇ ਮੈਂ 'ਸੋਵੀਅਤ ਲੋਕ' ਕਹਿੰਦਾ ਤਾਂ ਠੀਕ-ਠਾਕ ਹੁੰਦਾ, ਪਰ ਜਿਸ ਫ਼ਖ਼ਰ-ਭਰੇ ਅੰਦਾਜ਼ ਨਾਲ ਉਜ਼ਬੇਕਿਸਤਾਨ ਦੀ ਸਾਇੰਸ ਅਕਾਡਮੀ ਦੇ ਮੀਤ ਪ੍ਰਧਾਨ ਨੇ ਆਪਣੇ ਉਜ਼ਬੇਕ ਹੋਣ ਉੱਤੇ, ਨਿਸੰਗ ਹੋ ਕੇ, ਗੌਰਵ ਪ੍ਰਗਟ ਕੀਤਾ, ਉਹ ਮੇਰੇ ਲਈ ਇਕ ਸਬਕ ਸੀ। ਮੈਂ ਜਿਹੜੇ ਤਕਰੀਬਨ ਦੋ ਹਫ਼ਤੇ ਤਾਸ਼ਕੰਦ ਤੇ ਸਮਰਕੰਦ ਤੇ ਬੁਖ਼ਾਰਾ ਵਿਚ ਬਿਤਾਏ, ਉਨ੍ਹਾਂ ਵਿਚ ਮੈਨੂੰ ਬਿਲਕੁਲ ਸਪਸ਼ਟ ਹੋ ਗਿਆ ਕਿ ਉਜ਼ਬੇਕ ਲੋਕਾਂ ਵਿਚ ਆਪਣੇ ਉਜ਼ਬੇਕੀ ਹੋਣ ਉੱਤੇ ਗੌਰਵ, ਉਜ਼ਬੇਕਿਸਤਾਨ ਦੀ ਇਕ ਵਿਆਪਕ ਤੇ ਪ੍ਰਤੱਖ ਵਿਸ਼ੇਸ਼ਤਾ ਹੈ।

WWW.SIKHBOOKCLUB.COM

ਇਹੀ ਅਨੁਭਵ ਮੈਨੂੰ ਆਪਣੇ ਦੋਭਾਸ਼ੀਏ ਤੋਂ ਹੋਇਆ, ਜੋ ਜਾਰਜੀਆ ਦਾ ਸੀ। ਜਿਸ ਵੇਲੇ ਦੋ ਘੁੱਟ ਵੋਦਕਾ ਦੇ ਉਸ ਦੇ ਅੰਦਰ ਜਾਂਦੇ, ਉਹ ਜਾਰਜੀਆ ਦੇ ਸੋਹਿਲੇ ਗਾਉਣੇ ਸ਼ੁਰੂ ਕਰ ਦੇਂਦਾ, "ਜਾਰਜੀਆ, ਜੋ ਦੁਨੀਆ ਦਾ ਸਭ ਤੋਂ ਖ਼ੂਬਸੂਰਤ ਦੇਸ ਹੈ, ਜਿਸ ਦੇ ਗੱਭਰੂ ਦੁਨੀਆ ਦੇ ਸਭ ਤੋਂ ਖ਼ੂਬਸੂਰਤ ਗੱਭਰੂ ਤੇ ਜਿੱਥੋਂ ਦੀਆਂ ਮੁਟਿਆਰਾਂ ਦੁਨੀਆ ਦੀਆਂ ਸਭ ਤੋਂ ਸੁਨੱਖੀਆਂ ਹੂਰਾਂ ਹੁੰਦੀਆਂ ਨੇ। ਤੁਸੀਂ ਜਾਰਜੀਆ ਨਹੀਂ ਵੇਖਿਆ ਤਾਂ ਕੁੱਝ ਵੀ ਨਹੀਂ ਵੇਖਿਆ। ਜਾਰਜੀਆ ਦਾ ਇਤਿਹਾਸ, ਜਾਰਜੀਆ ਦੀਆਂ ਲੋਕ-ਕਹਾਣੀਆਂ, ਜਾਰਜੀਆ ਦਾ ਮਹਾ-ਕਾਵਿ, ਜਾਰਜੀਆ ਦੀਆਂ ਰਵਾਇਤਾਂ, ਜਾਰਜੀਆ ਦਾ ਇਸ਼ਕ, ਜਾਰਜੀਆ ਦਾ..."। ਇਸ ਤਰ੍ਹਾਂ ਮੁਕਤ ਕੰਠ ਨਾਲ ਜਾਰਜੀਆ ਦੀ ਸੋਭਾ ਕਰੀ ਜਾਣ ਵਾਲਾ ਦੋਭਾਸ਼ੀਆ ਇਕ ਸੇਵਾ-ਮੁਕਤ ਫ਼ੌਜੀ ਸੀ ਤੇ ਉਸ ਨੂੰ ਯੂ.ਐਸ.ਐਸ.ਆਰ. ਦਾ ਸ਼ਹਿਰੀ ਹੋਣ ਅਤੇ ਆਪਣੇ ਦੇਸ ਲਈ ਕੀਤੀ ਕੁਰਬਾਨੀ ਉੱਤੇ ਵੀ ਘੱਟ ਮਾਣ ਨਹੀਂ ਸੀ।

ਜਿਸ ਤਰ੍ਹਾਂ ਸੋਵੀਅਤ ਰੂਸ ਦੇ ਇਕ ਸ਼ਹਿਰੀ ਦੀ ਹਾਲਤ ਵਿਚ ਉਸ ਦੀ ਉਜ਼ਬੇਕੀਅਤ ਨੇ ਤੇ ਦੂਜੇ ਦੀ ਹਾਲਤ ਵਿਚ ਉਸ ਦੀ ਜਾਰਜੀਅਤ ਨੇ, ਧਰਮ ਵਾਲੀ ਜਜ਼ਬਾਤੀ ਪਕੜ ਪ੍ਰਾਪਤ ਕਰ ਲਈ ਸੀ, ਉਸੇ ਤਰ੍ਹਾਂ ਜੇ ਅਸੀਂ ਪੰਜਾਬੀ ਵੀ ਆਪਣੇ ਪੰਜਾਬ, ਆਪਣੀ ਪੰਜਾਬੀਅਤ, ਆਪਣੇ ਪੰਜਾਬੀਪੁਣੇ, ਆਪਣੇ ਪੰਜਾਬੀ ਹੋਣ ਨਾਲ ਸੁਭਾਵਿਕ ਫ਼ਖ਼ਰ ਤੇ ਮਾਣ-ਮੱਤੀ ਜਜ਼ਬਾਤੀ ਪਕੜ ਪੈਦਾ ਕਰ ਲਈਏ ਤਾਂ, ਮੇਰਾ ਮਨ ਕਹਿੰਦਾ ਹੈ, ਪੰਜਾਬ ਦੀਆਂ ਕਈ ਝਗੜਾਲੂ ਗੁੰਝਲਾਂ ਆਪਣੇ ਆਪ ਹੱਲ ਹੋਣ ਵੱਲ ਤੁਰ ਪੈਣਗੀਆਂ।

ਪਰ ਸਾਡੇ ਦੇਸ ਦੀ ਤੇ ਪਾਕਿਸਤਾਨ ਦੀ ਵੀ ਮੁਸੀਬਤ ਇਹ ਹੈ ਕਿ ਤੁਸੀਂ ਪੰਜਾਬ ਦੀ ਗੱਲ ਕਰੋ ਸਹੀ, ਝੱਟ ਉੱਪਰੋਂ ਲੈ ਕੇ ਹੇਠਾਂ ਤਕ, ਸਾਰੇ ਨੇਤਾ, ਸੰਘ ਪਾੜ-ਪਾੜ ਕੇ, ਕਰੀਬ-ਕਰੀਬ ਨਿਰਲੱਜ ਸੁਰ ਵਿਚ, ਭਾਰਤ/ਪਾਕਿਸਤਾਨ ਦੀ ਅਖੰਡਤਾ ਤੇ ਰਾਸ਼ਟਰੀ ਏਕਤਾ ਤੇ ਦੇਸ-ਭਗਤੀ ਬਾਰੇ ਇਸ ਤਰ੍ਹਾਂ ਕੂਕਣਾ ਸ਼ੁਰੂ ਕਰ ਦੇਂਦੇ ਹਨ ਤੇ ਅੱਧੇ ਪੰਜਾਬੀ ਖ਼ੁਦ ਇਸ ਤਰ੍ਹਾਂ ਉਨ੍ਹਾਂ ਦੀ ਸੁਰ ਨਾਲ ਸੁਰ ਮਿਲਾਉਣੀ ਸ਼ੁਰੂ ਕਰ ਦੇਂਦੇ ਹਨ ਕਿ ਪੰਜਾਬ-ਪਿਆਰ ਦਾ ਨਾਂ ਲੈਣ ਵਾਲੇ ਸਾਰੇ ਲੋਕ, ਆਪਣੇ ਆਪ ਨੂੰ ਦੇਸ-ਧਰੋਹ ਤੇ ਏਕਤਾ-ਵਿਰੋਧ ਤੇ ਇਲਾਕਾਵਾਦ ਤੇ ਸੰਕੀਰਣਤਾ ਤੇ ਹੋਰ ਖ਼ਬਰੇ ਕਿਸ ਕਿਸ ਅਪਰਾਧ ਦੇ ਕਟਹਿਰੇ ਵਿਚ ਖੜਾ ਮਹਿਸੂਸ ਕਰਨ ਲਗ ਪੈਂਦੇ ਹਨ।

ਅੰਤਰ-ਰਾਸ਼ਟਰੀ ਪੰਜਾਬੀ ਕਾਨਫ਼ਰੰਸਾਂ ਨੇ ਜੇ ਪੰਜਾਬੀ ਦੇ ਭਵਿੱਖ ਸਵਾਰਨ ਦੀ ਕੋਈ ਸਾਰਥਕ ਗੱਲ ਛੇੜਨੀ ਹੈ ਤਾਂ ਭਾਰਤ/ਪਾਕਿਸਤਾਨ ਦੇ ਇਸ ਭੁਲੇਖੇ ਨਾਲ ਜੰਗੀ ਪੱਧਰ ਉੱਤੇ ਨਿਪਟਣਾ ਪਵੇਗਾ ਕਿ ਪੰਜਾਬ ਜਾਂ ਬੰਗਾਲ ਜਾਂ ਤਮਿਲਨਾਡੂ ਨਾਲ ਪਿਆਰ ਦਾ ਮਤਲਬ ਭਾਰਤ-ਵਿਰੋਧ ਹੈ ਤੇ ਪੰਜਾਬ ਜਾਂ ਸਿੰਧ ਜਾਂ ਬਲੋਚਿਸਤਾਨ ਨਾਲ ਪਿਆਰ ਦੀ ਗੱਲ ਕਰਨੀ ਪਾਕਿਸਤਾਨ ਨਾਲ ਦੁਸ਼ਮਣੀ ਕਮਾਉਣੀ ਹੈ। ਭਾਰਤ ਤੇ ਪਾਕਿਸਤਾਨ ਵੱਖ ਵੱਖ ਭਾਸ਼ਾਈ ਕੌਮੀਅਤਾਂ ਦੇ ਸੰਘ ਹਨ; ਇਨ੍ਹਾਂ ਭਾਸ਼ਾਈ ਕੌਮੀਅਤਾਂ ਨੂੰ ਪਛਾਣਨ ਵਿਚ ਉੱਕਾ ਕੋਈ ਔਖ ਨਹੀਂ ਹੁੰਦੀ ਤੇ ਇਨ੍ਹਾਂ ਦਾ, ਕੌਮੀਅਤਾਂ ਦੀ ਹੈਸੀਅਤ ਵਿਚ, ਹਜ਼ਾਰ-ਹਜ਼ਾਰ ਵਰ੍ਹੇ ਤੋਂ ਵੱਧ ਦਾ ਸੁਤੰਤਰ ਇਤਿਹਾਸ ਹੈ, ਇਹ ਸਾਰੀਆਂ ਭਾਸ਼ਾਈ ਕੌਮੀਅਤਾਂ ਮਹਾਨ ਭਾਰਤ ਦੇਸ ਜਾਂ ਮਹਾਨ ਪਾਕਿਸਤਾਨ ਦੇਸ ਦੀਆਂ ਹੀ ਭਾਸ਼ਾਈ ਕੌਮੀਅਤਾਂ ਹਨ ਤੇ ਆਪੋ-ਆਪਣਿਆਂ ਦੇਸਾਂ ਦੇ ਬਚਿੱਤਰ ਵਿਰਸੇ ਦੀਆਂ ਧਾੜ੍ਹੀਆਂ ਵੀ ਹਨ ਤੇ ਵਾਰਿਸ ਵੀ।

ਅਨੇਕਤਾ ਵਿਚ ਏਕਤਾ ਹੀ ਇਨ੍ਹਾਂ ਦੇਸਾਂ ਦੀ ਅਸਲ ਸ਼ਕਤੀ ਹੈ...

ਕੁਝ ਇਸ ਤਰ੍ਹਾਂ ਦਾ ਪ੍ਰਚਾਰ ਹੋ, ਜੋ ਭਾਰਤ-ਪਾਕਿਸਤਾਨ ਦੀਆਂ ਹੋਰ ਭਾਸ਼ਾਈ ਕੌਮੀਅਤਾਂ

WWW.SIKHBOOKCLUB.COM

ਨਾਲ ਮਿਲ ਕੇ, ਅੰਤਰ-ਰਾਸ਼ਟਰੀ ਪੰਜਾਬੀ ਕਾਨਫ਼ਰੰਸ ਨੂੰ ਆਪਣੇ ਜ਼ਿੰਮੇ ਲੈਣਾ ਪਵੇਗਾ ਤਾਂ ਜੋ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਪਿਆਰ ਦੇ ਨਿੰਬਲ ਅਮ੍ਰਿਤ ਨੂੰ ਨਿਰਮੂਲ ਦੂਸ਼ਣਾਂ ਨਾਲ ਗੰਦਲਾਉਣ ਵਾਲੇ ਸਵਾਰਥੀ ਤੇ ਪੈਂਤੜੇਬਾਜ਼ ਮੌਕਾ-ਤਾੜੂਆਂ ਨੂੰ ਠੱਲ੍ਹ ਪਾਈ ਜਾ ਸਕੇ।

6

ਇਹ ਤਾਂ ਹੋਈ ਇਕ ਮਾਹੌਲ ਉਸਾਰਨ ਵਾਲੀ ਗੱਲ, ਜੋ ਪੰਜਾਬ ਤੇ ਭਾਰਤ/ਪਾਕਿਸਤਾਨ ਵਿਚ ਵਰਤ ਰਹੀਆਂ ਪੰਜਾਬੀ-ਵਿਰੋਧੀ ਸਿਆਸੀ ਨੀਤੀਆਂ ਦਾ ਮੁਕਾਬਲਾ ਕਰਨ ਲਈ ਬਹੁਤ ਜ਼ਰੂਰੀ ਹੈ, ਪਰ ਇਸ ਦੇ ਨਾਲ ਹੀ ਕੁੱਝ ਐਸੇ ਠੋਸ ਕਦਮ ਚੁੱਕਣ ਦੀ ਲੋੜ ਹੈ, ਜੋ ਦਸੌਰੀ ਪੰਜਾਬੀਆਂ ਦੀਆਂ ਭਾਸ਼ਾਈ ਤੇ ਕਲਚਰੀ ਲੋੜਾਂ ਪੂਰੀਆਂ ਕਰਨ ਵਿਚ ਸਹਾਈ ਹੋਣ।

ਇਸ ਸੰਬੰਧ ਵਿਚ ਮੇਰਾ ਸਭ ਤੋਂ ਪਹਿਲਾ ਸੁਝਾ ਇਹ ਹੈ ਕਿ ਦਸੌਰੀ ਪੰਜਾਬੀ ਸਭਾਵਾਂ ਦੀ ਮਦਦ ਨਾਲ, ਦਸੌਰੀ ਪੰਜਾਬੀ ਲੋਕਾਂ ਵਿਚ, ਆਪਣੇ ਘਰਦਿਆਂ ਜੀਆਂ ਤੇ ਹੋਰ ਪੰਜਾਬੀਆਂ ਨਾਲ, ਇਕੱਲਿਆਂ-ਦੁਕੱਲਿਆਂ ਤੇ ਇਕੱਠਾਂ ਵਿਚ ਹਮੇਸ਼ਾ ਪੰਜਾਬੀ ਬੋਲਣ ਦੀ ਇਕ ਜ਼ਬਰਦਸਤ ਲਹਿਰ ਚਲਾਈ ਜਾਵੇ। ਬੱਚਿਆਂ ਨਾਲ ਪੰਜਾਬੀ ਵਿਚ ਗੱਲ-ਬਾਤ ਦੇ ਰਿਵਾਜ ਨੂੰ ਤਾਂ ਧਾਰਮਿਕ ਨੇਮ ਦੀ ਤਰ੍ਹਾਂ ਪੁਗਾਉਣਾ ਚਾਹੀਦਾ ਹੈ।

ਜੇ ਜਿਪਸੀ ਲੋਕ, ਸੈਂਕੜੇ ਵਰ੍ਹਿਆਂ ਤੋਂ ਵਿਗਸਿਤ ਦੇਸਾਂ ਵਿਚ ਰਹਿੰਦੇ ਹੋਏ, ਆਪਣੀ ਅਣਲਿਖੀ ਰੋਮਨੀ ਬੋਲੀ ਨੂੰ ਜੀਉਂਦਿਆਂ ਰੱਖ ਸਕਦੇ ਹਨ, ਜਾਂ ਕੁੱਝ ਹਜ਼ਾਰ ਬ੍ਰਹੂਈ ਆਪਣੀ ਬੋਲੀ, ਬਲੋਚੀ ਦੇ ਸਮੁੰਦਰ ਵਿਚ, ਜ਼ਿੰਦਾ ਰੱਖ ਸਕਦੇ ਹਨ ਤਾਂ ਇਸ ਦਾ ਕਾਰਨ ਇਹੀ ਹੈ ਕਿ ਇਹ ਲੋਕ ਘਰੋਗੀ ਗੱਲ-ਬਾਤ ਲਈ ਆਪਣੀ ਜੱਦੀ ਬੋਲੀ ਵਾਲੀ ਥਾਂ ਕਿਸੇ ਹੋਰ ਭਾਸ਼ਾ ਨੂੰ ਨਹੀਂ ਮੱਲਣ ਦੇਂਦੇ।

ਦਸੌਰੀ ਪੰਜਾਬੀਆਂ ਦਿਆਂ ਬੱਚਿਆਂ ਨੂੰ ਟਪਰੀ-ਵਾਸਾਂ ਜਾਂ ਭਾਸ਼ਾਈ ਘੱਟ-ਗਿਣਤੀ ਦੇ ਲੋਕਾਂ ਵਾਂਗ ਦੁਭਾਸ਼ੀ, ਤਿਭਾਸ਼ੀ ਜਾਂ ਚੁਭਾਸ਼ੀ ਬਣਨ ਤੋਂ ਡਰਨਾ ਨਹੀਂ ਚਾਹੀਦਾ। ਜਿਸ ਦੇਸ ਵਿਚ ਕੋਈ ਪੰਜਾਬੀ ਵੱਸਿਆ ਹੈ, ਉਸ ਦੀ ਬੋਲੀ ਤਾਂ ਸਿੱਖਣੀ ਹੀ ਸਿੱਖਣੀ ਹੈ; ਜੇ ਇਹ ਅੰਗਰੇਜ਼ੀ-ਭਾਸ਼ੀ ਦੇਸ ਨਹੀਂ ਤਾਂ ਅਗਰੇਜ਼ੀ ਨੂੰ ਇਕ ਅੰਤਰ-ਰਾਸ਼ਟਰੀ ਭਾਸ਼ਾ ਵਜੋਂ ਪੜ੍ਹਨਾ ਚਾਹੀਦਾ ਹੈ; ਭਾਰਤ ਦੀ ਤਾਲ-ਮੇਲ ਦੀ ਭਾਸ਼ਾ ਹਿੰਦੀ ਹੈ, ਉਸ ਨਾਲ ਵੀ ਗੁਜ਼ਾਰੇ ਜੋਗੀ ਜਾਣਕਾਰੀ ਹੋਣੀ ਹੀ ਚਾਹੀਦੀ ਹੈ। ਪੰਜਾਬੀ ਤਾਂ ਖ਼ੈਰ ਹੋਣੀ ਹੀ ਹੈ। ਇਹ ਕੋਈ ਗ਼ੈਰ-ਮਾਮੂਲੀ ਸਥਿਤੀ ਨਹੀਂ ਹੈ।

ਅੰਤਰ-ਰਾਸ਼ਟਰੀ ਪੰਜਾਬੀ ਲਹਿਰ ਦਾ ਇਕ ਨਤੀਜਾ ਇਹ ਨਿਕਲਣਾ ਚਾਹੀਦਾ ਹੈ ਕਿ ਜਿਹੜੇ ਪੰਜਾਬੀ ਮਾਪੇ ਅੱਗੇ ਆਪਣਿਆਂ ਬੱਚਿਆਂ ਨਾਲ ਅੰਗਰੇਜ਼ੀ, ਉਰਦੂ ਜਾਂ ਹਿੰਦੀ ਵਿਚ ਹੀ ਗੱਲ-ਬਾਤ ਕਰਦੇ ਸਨ, ਹੁਣ ਉਨ੍ਹਾਂ ਨੂੰ ਪੰਜਾਬੀ ਵਰਤੇ ਬਿਨਾਂ, ਭਾਈਚਾਰੇ ਵੱਲੋਂ ਬਾਈਕਾਟ ਦਾ ਖ਼ਤਰਾ ਦਿੱਸਣ ਲੱਗ ਪੈਣਾ ਚਾਹੀਦਾ ਹੈ। ਇਸ ਕੰਮ ਲਈ ਸਿਰਫ਼ ਇਕ ਧੁੱਸ ਦੀ ਲੋੜ ਹੈ, ਜਿਸ ਧੁੱਸ ਲਈ ਥਾਓਂ-ਥਾਈਂ ਸਾਂਝੀਆਂ ਪੰਜਾਬੀ ਸਭਾਵਾਂ ਕਾਇਮ ਕਰਨੀਆਂ ਪੈਣਗੀਆਂ, ਜੋ ਜ਼ਾਤੀ ਸੰਪਰਕ ਤੋਂ ਲੈ ਕੇ ਵਿਆਖਿਆਨਾਂ, ਬਹਿਸ-ਮੁਬਾਹਸਿਆਂ, ਗੋਸ਼ਟੀਆਂ, ਸੰਮੇਲਨਾਂ, ਬਲਕਿ ਦੁਵਰਕੀਆਂ, ਚੁਵਰਕੀਆਂ, ਟ੍ਰੈਕਟਾਂ, ਕਿਤਾਬਾਂ, ਫ਼ਿਲਮਾਂ ਤੇ ਨੁਮਾਇਸ਼ਾਂ ਆਦਿ ਰਾਹੀਂ ਆਪਣਾ ਦ੍ਰਿਸ਼ਟੀ-ਕੋਣ ਪੇਸ਼ ਕਰਦੀਆਂ ਰਹਿਣ।

WWW.SIKHBOOKCLUB.COM Page 168

(2) ਅੰਤਰ-ਰਾਸ਼ਟਰੀ ਪੰਜਾਬੀ ਲਹਿਰ ਦੇ ਸਾਹਮਣੇ ਇਕ ਹੋਰ ਕਾਰਜ ਇਹ ਹੋਣਾ

ਚਾਹੀਦਾ ਹੈ ਕਿ ਜੋ ਪੰਜਾਬੀ ਪਰਵਾਸੀ ਇਸ ਵੇਲੇ ਗੁਰਮੁਖੀ ਲਿਪੀ ਨਾ ਜਾਣਨ ਦੇ ਕਾਰਨ ਆਪਣੇ ਘਰਦਿਆਂ ਨੂੰ ਜਾਂ ਮਿੱਤਰਚਾਰੇ ਨੂੰ ਜ਼ਾਤੀ ਚਿੱਠੀਆਂ ਉਰਦੂ, ਹਿੰਦੀ ਤੇ ਅੰਗਰੇਜ਼ੀ ਜਾਂ ਕਿਸੇ ਹੋਰ ਬੋਲੀ ਵਿਚ ਲਿਖਦੇ ਹਨ, ਉਹ ਜਿੰਨਾ ਚਿਰ ਗੁਰਮੁਖੀ ਨਹੀਂ ਸਿੱਖ ਜਾਂਦੇ, ਓਨਾ ਚਿਰ ਉਨ੍ਹਾਂ ਨੂੰ ਕਿਸੇ ਵੀ ਲਿਪੀ ਵਿਚ ਪੰਜਾਬੀ ਬੋਲੀ ਅਪਣਾਉਣ ਲਈ ਤਿਆਰ ਕੀਤਾ ਜਾਵੇ।

ਏਥੇ ਇਕ ਮਿਸਾਲ ਦੇਣੀ ਉਚਿਤ ਹੋਵੇਗੀ। ਕੁੱਝ ਵਰ੍ਹੇ ਹੋਏ ਦੰਦਾਂ ਦੇ ਇਕ ਪਾਕਿਸਤਾਨੀ ਡਾਕਟਰ ਨਾਲ ਮੇਰੀ ਦੋਸਤੀ ਹੋ ਗਈ। ਉਸ ਨੇ ਮੈਨੂੰ ਇਕ ਲੰਮੀ-ਚੌੜੀ ਚਿੱਠੀ ਲਾਹੌਰੋਂ ਉਰਦੂ ਵਿਚ ਲਿਖੀ। ਮੈਂ ਉਰਦੂ ਦੀ ਥਾਂ ਫ਼ਾਰਸੀ ਅੱਖਰਾਂ ਵਿਚ ਪੰਜਾਬੀ ਲਿਖ ਕੇ ਉਸ ਦਾ ਉੱਤਰ ਭੇਜ ਦਿੱਤਾ। ਉਸ ਦੇ ਦਿਮਾਗ਼ ਵਿਚ ਸਾਰੀ ਉਮਰ ਕਦੀ ਇਹ ਖ਼ਿਆਲ ਫੁਰਿਆ ਹੀ ਨਹੀਂ ਸੀ ਕਿ ਫ਼ਾਰਸੀ-ਉਰਦੂ ਵਾਲੇ ਅੱਖਰਾਂ ਨੂੰ ਪੰਜਾਬੀ ਵਿਚ ਚਿੱਠੀ ਲਿਖਣ ਲਈ ਵੀ ਵਰਤਿਆ ਜਾ ਸਕਦਾ ਹੈ। ਮੇਰੀ ਚਿੱਠੀ ਨਾਲ ਉਸ ਦਾ ਝਾਕਾ ਖੁੱਲ੍ਹ ਗਿਆ ਤੇ ਉਸ ਨੇ ਵੀ ਮੈਨੂੰ ਅਗਲੀ ਚਿੱਠੀ ਪੰਜਾਬੀ ਵਿਚ ਹੀ ਲਿਖੀ ਤੇ ਨਾਲ ਹੀ ਇਕ ਉਚੇਚੀ ਟੂਕ ਵਿਚ ਦੱਸਿਆ ਕਿ ਭਾਵੇਂ ਮੈਂ ਪੰਜਾਬੀ ਵਿਚ ਅੱਗੇ ਕਦੀ ਵੀ ਨਹੀਂ ਸੀ ਲਿਖਿਆ, ਪਰ ਮੈਨੂੰ ਤਾਂ ਹੁਣ ਪਤਾ ਲੱਗਾ ਹੈ ਕਿ ਆਪਣੀ ਬੋਲੀ ਵਿਚ ਲਿਖਣ ਦਾ ਸੁਆਦ ਹੀ ਵੱਖਰਾ ਹੁੰਦਾ ਹੈ। ਹੁਣ ਉਹ ਆਪਣੀ ਹਰ ਚਿੱਠੀ ਬੜੇ ਚਟਖ਼ਾਰੇ ਲੈ ਲੈ ਕੇ ਪੰਜਾਬੀ ਵਿਚ ਲਿਖਦਾ ਹੈ—ਉਰਦੂ ਵਿਚ ਲਿਖਣ ਦਾ ਜਿਵੇਂ ਉਸ ਨੂੰ ਵੱਲ ਹੀ ਭੁੱਲ ਗਿਆ ਹੋਵੇ।

ਉਨ੍ਹਾਂ ਪਰਵਾਸੀ ਭਾਰਤੀ ਪੰਜਾਬੀਆਂ ਦੀ, ਜੋ ਗੁਰਮੁਖੀ ਨਹੀਂ ਜਾਣਦੇ, ਪਰ ਕੋਈ ਹੋਰ ਲਿਪੀ ਜਾਂ ਲਿਪੀਆਂ ਜਾਣਦੇ ਹਨ, ਗੁਰਮੁਖੀ ਵਰਣ-ਮਾਲਾ ਵਿਚ ਪੰਜਾਬੀ ਲਿਖਣ ਲਈ ਹੌਸਲਾ-ਅਫ਼ਜ਼ਾਈ ਹੋਣੀ ਚਾਹੀਦੀ ਹੈ।

ਜਿਹੜੀਆਂ ਪੰਜਾਬੀ ਸਭਾਵਾਂ ਸਥਾਪਿਤ ਕਰਨ ਲਈ ਉੱਪਰ ਸੁਝਾ ਦਿੱਤਾ ਗਿਆ ਹੈ, ਬੱਚਿਆਂ ਤੇ ਬਾਲਗਾਂ ਨੂੰ ਗੁਰਮੁਖੀ ਵਰਣ-ਮਾਲਾ ਸਿਖਾਉਣੀ ਵੀ ਉਨ੍ਹਾਂ ਦੇ ਉੱਦੇਸ਼ਾਂ ਵਿਚ ਸ਼ਾਮਿਲ ਹੋਣੀ ਚਾਹੀਦੀ ਹੈ। ਬਦਲੇ ਵਿਚ ਉਨ੍ਹਾਂ ਨੂੰ ਫ਼ਾਰਸੀ-ਉਰਦੂ ਲਿਪੀ ਸਿੱਖ ਲੈਣੀ ਚਾਹੀਦੀ ਹੈ।

(3) ਭਾਰਤੀ ਪੰਜਾਬ ਦੀ ਸਰਕਾਰ ਦੁਨੀਆ ਦੀ ਇੱਕੋ ਇੱਕ ਸਰਕਾਰ ਹੈ, ਜਿਸ ਨੇ ਪੰਜਾਬੀ ਨੂੰ ਸਰਕਾਰੀ ਬੋਲੀ ਦੀ ਪਦਵੀ ਦਿੱਤੀ ਹੋਈ ਹੈ, ਜਿਸ ਕਰਕੇ ਪੰਜਾਬ ਦੇ ਸਰਕਾਰੀ ਦਫ਼ਤਰਾਂ, ਕਚਹਿਰੀਆਂ ਤੇ ਯੂਨੀਵਰਸਿਟੀਆਂ ਦੇ ਕਈ ਇਮਤਿਹਾਨਾਂ ਵਿਚ ਇਸ ਨੂੰ ਮਾਧਿਅਮ ਵਾਲਾ ਮਰਾਤਬਾ ਮਿਲਿਆ ਹੋਇਆ ਹੈ, ਸੈਂਕੜੇ ਕਿਤਾਬਾਂ ਹਰ ਵਰ੍ਹੇ ਇਸ ਬੋਲੀ ਵਿਚ ਛਪਦੀਆਂ ਹਨ; ਰੋਜ਼ਾਨਾ ਅਖ਼ਬਾਰਾਂ ਵਿੱਚੋਂ ਜਲੰਧਰ ਦੇ ਇਕ ਦੈਨਿਕ ਦਾ ਦਾਅਵਾ ਹੈ ਕਿ ਉਸ ਦੀ ਹਰ ਰੋਜ਼ ਦੀ ਛਾਪ ਇਕ ਲੱਖ ਤੋਂ ਉੱਪਰ ਹੁੰਦੀ ਹੈ। ਇਹ ਸਭ ਕੁੱਝ ਗੁਰਮੁਖੀ ਅੱਖਰਾਂ ਵਿਚ ਹੋ ਰਿਹਾ ਹੈ। ਪੰਜਾਬੀ ਤੇ ਗੁਰਮੁਖੀ ਦੇ ਜੋੜ ਨੂੰ ਭਾਰਤ ਦੇ ਵਿਧਾਨ ਵਿਚ ਮਾਨਤਾ ਵੀ ਮਿਲ ਚੁੱਕੀ ਹੈ।

ਇਸ ਵੇਲੇ ਪਾਕਿਸਤਾਨ ਵਿਚ ਪੰਜਾਬੀ ਸਾਹਿੱਤ, ਉਰਦੂ-ਫ਼ਾਰਸੀ ਅੱਖਰਾਂ ਵਿਚ ਛਪਦਾ ਹੈ, ਪਰ ਇਨ੍ਹਾਂ ਅੱਖਰਾਂ ਵਿਚ ਛਪਦਾ ਪੰਜਾਬੀ ਸਾਹਿੱਤ, ਨਾ ਗਿਣਤੀ ਤੇ ਨਾ ਗੁਣ ਵਜੋਂ, ਗੁਰਮੁਖੀ ਵਿਚ ਛਪਦੇ ਪੰਜਾਬੀ ਸਾਹਿੱਤ ਦੇ ਨੇੜੇ-ਤੇੜੇ ਪਹੁੰਚਦਾ ਹੈ।

ਇਸ ਲਈ ਮੇਰਾ ਸੁਝਾਉ ਹੈ ਕਿ ਪਰਵਾਸੀ ਪੰਜਾਬੀਆਂ ਨੂੰ ਪ੍ਰੇਰਨ ਲਈ ਇਕ ਜ਼ੋਰਦਾਰ ਲਹਿਰ ਚਲਾਉਣੀ ਚਾਹੀਦੀ ਹੈ ਕਿ ਉਹ ਆਪੋ-ਆਪਣੇ ਹੱਠ ਤੇ ਤਅਸੁੱਬ ਤਿਆਗ ਕੇ, ਸਾਂਝੀ ਪੰਜਾਬੀਅਤ ਦੀ ਖ਼ਾਤਰ, ਪੰਜਾਬੀ-ਗੁਰਮੁਖੀ ਵਾਲਾ ਜੁੱਟ ਅਪਣਾ ਸਕਣ ਤਾਂ ਬਹੁਤ ਵਧੀਆ

WWW.SIKHBOOKCLUB.COM

ਗੱਲ ਹੋਵੇਗੀ, ਪਰ ਜੇ ਕਿਸੇ ਮਜਬੂਰੀ ਵੱਸ ਨਾ ਹੀ ਅਪਣਾ ਸਕਣ ਤਾਂ ਸ਼ੌਕੀਆ ਸਿੱਖਣ ਦਾ ਜਤਨ ਕਰ ਲੈਣ।

ਜੇ ਇਉਂ ਨਾ ਹੋਵੇ ਤਾਂ ਜਿਸ ਦਸੌਰੀ ਸਕੂਲ ਵਿਚ ਵੀ ਪੰਜਾਬੀਆਂ ਦੇ ਬੱਚੇ ਕਾਫ਼ੀ ਗਿਣਤੀ ਵਿਚ ਪੜ੍ਹਦੇ ਹੋਣਗੇ, ਉਸ ਵਿਚ ਪ੍ਰਬੰਧਕਾਂ ਨੂੰ ਪੰਜਾਬੀ ਭਾਸ਼ਾ ਦੇ ਅਧਿਆਪਨ ਦਾ ਪ੍ਰਬੰਧ, ਸਿੱਖਾਂ, ਮੁਸਲਮਾਨਾਂ ਤੇ ਹਿੰਦੂਆਂ ਦੀਆਂ ਲੋੜਾਂ ਨੂੰ ਮੁਖ ਰੱਖ ਕੇ, ਕ੍ਰਮਵਾਰ ਗੁਰਮੁਖੀ, ਉਰਦੂ-ਫ਼ਾਰਸੀ ਤੇ ਦੇਵਨਾਗਰੀ ਅੱਖਰਾਂ ਵਿਚ ਵੱਖ ਵੱਖ ਕਰਨਾ ਪਵੇਗਾ। ਪੰਜਾਬੀ ਵਾਲੀ ਘੰਟੀ ਵਿਚ ਢਾਈ ਟੋਟਰੂਆਂ ਲਈ ਤਿੰਨ ਵੱਖ ਵੱਖ ਕਮਰਿਆ, ਤਿੰਨ ਵੱਖ ਵੱਖ ਅਧਿਆਪਕਾਂ ਤੇ ਇੱਕੋ ਕਿਤਾਬ ਦੇ ਤਿੰਨ ਵੱਖ ਵੱਖ ਸੰਸਕਰਣਾਂ ਦਾ ਪ੍ਰਬੰਧ ਦੁਨੀਆ ਦਾ ਕਿਹੜਾ ਸਕੂਲ ਕਰ ਸਕਦਾ ਹੈ? ਸਿੱਖਿਆ ਪ੍ਰਬੰਧਕ ਜਾਣਦੇ ਹਨ ਕਿ ਇੱਕੋ ਭਾਸ਼ਾ ਦੀਆਂ ਵੱਖ ਵੱਖ ਲਿਪੀਆਂ ਨਾਲ ਸਕੂਲ ਦਾ ਕਾਰਜ-ਕ੍ਰਮ ਚਲਾਉਣਾ ਬਿਲਕੁਲ ਸੌਖਾ ਨਹੀਂ—ਬਲਕਿ ਸੰਭਵ ਹੀ ਨਹੀਂ ਹੈ। ਇਸ ਤੋਂ ਛੁੱਟ ਲਿਪੀਆਂ ਦੇ ਆਧਾਰ ਉੱਤੇ ਪੰਜਾਬੀਆਂ ਵਿਚ ਜਿਹੜਾ ਸਭਿਆਚਾਰਕ ਤੇ ਭਾਈਚਾਰਕ ਅਤੇ ਸਿਆਸੀ ਪਾੜਾ ਹੁਣ ਤਕ ਪਿਆ ਹੋਇਆ ਹੈ, ਸਾਡੇ ਬੱਚਿਆਂ ਨੂੰ ਵੀ ਉਸ ਦਾ ਵਾਰਿਸ ਬਣਨਾ ਪਵੇਗਾ ਤੇ ਇੱਕੋ ਸਾਂਝੀ ਪੰਜਾਬੀ ਕੌਮੀਅਤ ਵਾਲਾ ਸੁਫ਼ਨਾ ਕਦੀ ਵੀ ਠੋਸ ਹਕੀਕਤ ਨਹੀਂ ਬਣ ਸਕੇਗਾ, ਇਸ ਲਈ ਅੰਤਰ-ਰਾਸ਼ਟਰੀ ਪੰਜਾਬੀ ਕਾਨਫਰੰਸਾਂ ਦੀ ਲਹਿਰ ਨੂੰ ਗੱਜ-ਵੱਜ ਕੇ ਪੰਜਾਬੀ ਲਈ ਇੱਕੋ ਗੁਰਮੁਖੀ ਲਿਪੀ ਅਪਣਾਏ ਜਾਣ ਦੇ ਹੱਕ ਵਿਚ ਆਪਣਾ ਸਾਰਾ ਤਾਣ ਲਾਉਣ ਦਾ ਪ੍ਰੋਗਰਾਮ ਉਲੀਕਣਾ ਚਾਹੀਦਾ ਹੈ।

SIKHBOOKCLUB.COM

(4) ਵੰਡ ਤੋਂ ਪਹਿਲਾਂ ਦੇ ਪੰਜਾਬ ਵਿਚ ਸਿੱਖਾਂ ਦੀ ਗਿਣਤੀ ਮੁਸਲਮਾਨ ਤੇ ਹਿੰਦੂ ਵੀਰਾਂ ਤੋਂ ਬਹੁਤ ਘੱਟ ਹੁੰਦੀ ਸੀ, ਪਰ ਉਨ੍ਹਾਂ ਵਿਚ ਮੁਸਲਮਾਨਾਂ ਤੇ ਹਿੰਦੂਆਂ ਨਾਲੋਂ ਸਾਖਰਤਾ ਦੀ ਨਿਸਬਤ ਵੱਧ ਸੀ। ਅਨੁਮਾਨ ਲਾਇਆ ਗਿਆ ਹੈ ਕਿ ਇਸ ਦਾ ਵੱਡਾ ਕਾਰਨ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਦੇ ਪ੍ਰਬੰਧਕਾਂ ਦੀ ਇਕ ਸਿਆਣੀ ਨੀਤੀ ਸੀ, ਜਿਸ ਦੇ ਅਧੀਨ ਉਹ ਹਰ ਵਰ੍ਹੇ ਕਾਨਫ਼ਰੰਸ ਵਾਲੀ ਥਾਂ ਖ਼ਾਲਸਾ ਸਕੂਲ/ਕਾਲਜ ਖੁਲ੍ਹਾ ਦਿਆ ਕਰਦੇ ਸਨ।

ਬਦੇਸਾਂ ਵਿਚ ਬਹੁਤ ਘੱਟ ਸਕੂਲ ਹਨ ਜਿੱਥੇ ਪੰਜਾਬੀ ਦੀ ਪੜ੍ਹਾਈ ਦਾ ਬਾਕਾਇਦਾ ਪ੍ਰਬੰਧ ਮੌਜੂਦ ਹੈ, ਹਾਲਾਂਕਿ ਇੰਗਲੈਂਡ ਤੇ ਕੈਨੇਡਾ ਜਾਂ ਕਈ ਹੋਰ ਦੇਸਾਂ ਵਿਚ ਘੱਟ-ਗਿਣਤੀ ਦੇ ਲੋਕਾਂ ਦੀਆਂ ਬੋਲੀਆਂ ਦੇ ਅਧਿਆਪਨ ਦੀ ਸਹੂਲਤ, ਸਕੂਲਾਂ ਦੇ ਬਾਕਾਇਦਾ ਪ੍ਰੋਗਰਾਮ ਦੇ ਅੰਦਰ ਮੁਹੱਈਆ ਕਰਨ ਦੇ ਹੱਕ ਵਿਚ ਕਾਫ਼ੀ ਸੁਖਾਵਾਂ ਮਾਹੌਲ ਮੌਜੂਦ ਹੈ। (ਹੁਣ ਇੰਗਲੈਂਡ ਤੇ ਕੈਨੇਡਾ ਵਿਚ ਪੜ੍ਹਾਈ ਦਾ ਇੰਤਜ਼ਾਮ ਕਈ ਸਕੂਲਾਂ ਵਿਚ ਹੋ ਚੁੱਕਾ ਹੈ)।

ਜਿੱਥੇ ਕਿਤੇ ਇਹ ਪ੍ਰਬੰਧ ਹੋ ਚੁੱਕਾ ਹੈ ਓਥੇ ਪ੍ਰਬੰਧਕਾਂ ਨੂੰ ਸ਼ਿਕਾਇਤ ਰਹਿੰਦੀ ਹੈ ਕਿ ਪੰਜਾਬੀ ਬੱਚੇ ਇਸ ਦਾ ਪੂਰਾ ਲਾਭ ਨਹੀਂ ਉਠਾਉਂਦੇ। ਮਸਲਨ, ਟੋਰੰਟੋ (ਕੈਨੇਡਾ) ਵਿਚ ਹਫ਼ਤੇ ਵਿਚ ਇਕ ਦਿਨ ਪੰਜਾਬੀ ਪੜ੍ਹਾਉਣ ਦਾ ਪ੍ਰਬੰਧ ਤਾਂ ਮੌਜੂਦ ਹੈ, ਪਰ ਪੜ੍ਹਨ ਵਾਲੇ ਬੱਚੇ ਨਾ ਹੋਣ ਦੇ ਬਰਾਬਰ ਹੁੰਦੇ ਹਨ। ਇਹੋ ਜਿਹੀਆਂ ਥਾਵਾਂ ਉੱਤੇ ਪੰਜਾਬੀ ਮਾਪਿਆਂ ਨੂੰ ਪ੍ਰੇਰਨ ਦੀ ਲੋੜ ਹੈ, ਪਰ ਜਿੱਥੇ ਅਧਿਆਪਨ ਦਾ ਕੋਈ ਪ੍ਰਬੰਧ ਹੈ ਹੀ ਨਹੀਂ, ਓਥੇ ਅੰਤਰ-ਰਾਸ਼ਟਰੀ ਪੰਜਾਬੀ ਸੰਮੇਲਨਾਂ ਦੇ ਅਹੁਦੇਦਾਰਾਂ ਤੇ ਸਥਾਨਕ ਮਾਪਿਆਂ ਨੂੰ ਰਲ ਕੇ ਹਿੰਮਤ ਕਰਨੀ ਚਾਹੀਦੀ ਹੈ ਕਿ ਅਧਿਕਾਰੀਆਂ ਨੂੰ ਮਿਲ-ਮਿਲਾ ਕੇ ਇਸ ਸਹੂਲਤ ਦਾ ਪ੍ਰਬੰਧ ਕਰਾਉਣ।

ਜਿੰਨਾ ਚਿਰ ਇਹ ਪ੍ਰਬੰਧ ਹੋ ਨਹੀਂ ਜਾਂਦਾ, ਉਨਾ ਚਿਰ ਬੱਚਿਆਂ ਤੇ ਬਾਲਗਾਂ ਦੀ ਪੜ੍ਹਾਈ ਦੀ ਜ਼ਿੰਮੇਵਾਰੀ ਅੰਤਰ-ਰਾਸ਼ਟਰੀ ਸਭਾ ਨੂੰ ਆਪ ਓਟਣੀ ਚਾਹੀਦੀ ਹੈ। ਇਹ ਜ਼ਿੰਮੇਵਾਰੀ ਔਖੀ

WWW.SIKHBOOKCLUB.COM Page 170

ਨਹੀਂ ਹੋਣੀ ਚਾਹੀਦੀ ਕਿਉਂਕਿ ਇਸ ਤਰ੍ਹਾਂ ਦੇ ਪ੍ਰੋਗਰਾਮਾਂ ਨੂੰ ਸਫਲ ਬਣਾਉਣ ਲਈ ਯੂਨੈਸਕੋ ਨੂੰ ਟੋਹਿਆ ਜਾ ਸਕਦਾ ਹੈ। ਸ਼ੌਕੀਆ ਸੇਵਾ ਕਰਨ ਵਾਲੇ ਲੋਕ ਵੀ ਹਰ ਥਾਂ ਮੌਜੂਦ ਹੁੰਦੇ ਹਨ, ਸਿਰਫ਼ ਉਨ੍ਹਾਂ ਨਾਲ ਸੰਪਰਕ ਜੋੜਨਾ ਪੈਂਦਾ ਹੈ, ਜੋ ਬਹੁਤ ਔਖਾ ਕੰਮ ਨਹੀਂ ਹੋਣਾ ਚਾਹੀਦਾ।

(5) ਸਕੂਲ ਦਾ ਮਸਲਾ ਹੱਲ ਹੋ ਵੀ ਜਾਵੇ, ਤਾਂ ਵੀ ਪਾਠ-ਪੁਸਤਕਾਂ ਦਾ ਮਸਲਾ ਸਿਰ ਉੱਤੇ ਖੜਾ ਹੋਵੇਗਾ। ਪੰਜਾਬੀ ਵਿਚ, ਬਾਵਜੂਦ ਸਕੂਲਾਂ ਤੇ ਕਾਲਜਾਂ ਦੀ ਸਿੱਖਿਆ ਲਈ ਬਣੀਆਂ ਉਚੇਚੀਆਂ ਸੰਸਥਾਵਾਂ ਦੇ, ਸਕੂਲੀ ਤੇ ਕਾਲਜੀ ਪਾਠ-ਪੁਸਤਕਾਂ, ਸਿੱਖਿਆ ਦਾ ਸਾਧਨ ਘੱਟ ਤੇ ਕਮਾਈ ਦਾ ਸਾਧਨ ਵਧੇਰੇ ਸਮਝੀਆਂ ਜਾਂਦੀਆਂ ਹਨ।

ਇਹ ਪੁਸਤਕਾਂ ਤਿਆਰ ਕਰਨ ਵਾਲਿਆਂ ਨੂੰ ਪੈਸੇ, ਕਾਗ਼ਜ਼ ਵਾਲੇ ਨੂੰ ਪੈਸੇ, ਪਰੂਫ਼ ਪੜ੍ਹਨ ਵਾਲਿਆਂ ਨੂੰ ਪੈਸੇ, ਚਿਤਰਕਾਰਾਂ ਨੂੰ ਪੈਸੇ, ਛਾਪਣ ਵਾਲਿਆਂ ਨੂੰ ਪੈਸੇ, ਜਿਲਦਸਾਜ਼ਾਂ ਨੂੰ ਪੈਸੇ, ਢੋ-ਢੁਆਈ ਵਾਲਿਆਂ ਨੂੰ ਪੈਸੇ, ਵੇਚਣ ਵਾਲਿਆਂ ਨੂੰ ਪੈਸੇ ਅਤੇ ਲੋਕਾਂ ਵਿਚ ਇਹ ਗੱਲ ਆਮ ਚੱਲਦੀ ਹੈ ਕਿ ਇਨ੍ਹਾਂ ਸਾਰਿਆਂ ਦੇ ਪੈਸੇ ਖਰੇ ਤਾਹੀਓਂ ਹੁੰਦੇ ਹਨ, ਜੇ ਪੁਸਤਕ ਤਿਆਰ ਕਰਾਉਣ ਵਾਲੇ ਅਧਿਕਾਰੀਆਂ ਬਲਕਿ ਉਨ੍ਹਾਂ ਤੋਂ ਵੀ ਹੋਰ ਉੱਪਰ ਵਾਲਿਆਂ ਦਾ ਹਿੱਸਾ ਉਨ੍ਹਾਂ ਨੂੰ ਪਹਿਲਾਂ ਪਹੁੰਚ ਜਾਵੇ।

ਇਸੇ ਲਈ, ਦੱਸਿਆ ਜਾਂਦਾ ਹੈ, ਪਾਠ-ਪੁਸਤਕਾਂ ਦਾ ਕਾਗ਼ਜ਼ ਘਟੀਆ, ਛਪਾਈ ਘਟੀਆ, ਚਿਤਰ ਘਟੀਆ, ਜਿਲਦ ਘਟੀਆ ਤੇ ਪਰੂਫ਼ਾਂ ਦੀਆਂ ਵੀ ਸੈਂਕੜੇ ਗ਼ਲਤੀਆਂ ਹੁੰਦੀਆਂ ਹਨ। ਪਰ ਵੱਡੀ ਮੁਸੀਬਤ ਇਹ ਹੈ ਕਿ ਇਨ੍ਹਾਂ ਵਿਚ ਪਾਠ ਦੀ ਸਾਮੱਗਰੀ ਵੀ ਬਹੁਤੀ ਵਾਰੀ ਅਤਿ ਘਟੀਆ ਹੁੰਦੀ ਹੈ।

ਆਪਣੇ ਨਾਲ 'ਅੰਤਰ-ਰਾਸ਼ਟਰੀ' ਲੇਬਲ ਲਾਉਣ ਵਾਲੀ ਕਿਸੇ ਵੀ ਪੰਜਾਬੀ-ਦਾ-ਵਿਕਾਸ-ਲੋਚਦੀ ਸਭਾ ਨੂੰ ਹਰ ਪੰਜਾਬੀ ਵੱਸੋਂ ਵਾਲੇ ਦੇਸ ਦੀ ਸੰਸਕ੍ਰਿਤੀ ਨੂੰ ਮੁਖ ਰੱਖ ਕੇ ਉਚੇਚੀਆਂ ਪਾਠ-ਪੁਸਤਕਾਂ ਤਿਆਰ ਕਰਵਾਉਣ ਦੀ ਜ਼ਿੰਮੇਵਾਰੀ ਆਪਣੇ ਸਿਰ ਉੱਤੇ ਲੈਣੀ ਚਾਹੀਦੀ ਹੈ।

ਇੰਗਲੈਂਡ ਵਿਚ ਪਲਦੇ ਬੱਚਿਆਂ ਦੀ ਬਾਲ-ਦ੍ਰਿਸ਼ਟੀ ਨੂੰ ਜੋ ਦ੍ਰਿਸ਼ ਇੰਗਲੈਂਡ ਵਿਚ ਦਿੱਸਦਾ ਹੈ, ਉਹ ਥਾਈਲੈਂਡ ਵਿਚ ਪਲ ਰਹੇ ਪੰਜਾਬੀ ਬੱਚਿਆਂ ਦੀ ਬਾਲ-ਦ੍ਰਿਸ਼ਟੀ ਤੋਂ ਬਿਲਕੁਲ ਹੀ ਵੱਖਰਾ ਹੁੰਦਾ ਹੈ ਤੇ ਇਹ ਦੋਵੇਂ ਦ੍ਰਿਸ਼ ਭਾਰਤੀ ਜਾਂ ਪਾਕਿਸਤਾਨੀ ਪੰਜਾਬ ਤੋਂ ਅੱਡਰੀ ਵੰਨਗੀ ਦੇ ਹਨ।

ਬੱਚੇ ਦੀ ਵਧਦੀ ਉਮਰ ਤੇ ਉਸ ਦੇ ਅਨੁਭਵ ਦੇ ਪਸਾਰ ਤੇ ਮਿਆਰ ਵਿਚ ਵਾਧੇ ਦੇ ਅਨੁਕੂਲ, ਦਰਜਾ-ਬਦਰਜਾ ਵਧਦੀ ਸ਼ਬਦਾਵਲੀ ਵਿਚ, ਦੇਸ ਦੇ ਆਪਣੇ ਪ੍ਰਸੰਗ ਦਾ ਲਿਹਾਜ਼ ਰੱਖਦਿਆਂ, ਪੰਜਾਬ ਦੀ ਬੋਲੀ, ਉਸ ਦੇ ਬੋਲਣ ਵਾਲਿਆਂ, ਉਸ ਦੀ ਧਰਤੀ ਤੇ ਉਸ ਦੇ ਸਾਹਿੱਤ ਤੇ ਇਤਿਹਾਸ ਨਾਲ ਜਾਣਕਾਰੀ ਦੇਂਦੀਆਂ ਪਾਠ-ਪੁਸਤਕਾਂ ਤੇ ਸਹਾਇਕ ਪਾਠ-ਸਾਮੱਗਰੀ ਤਿਆਰ ਕਰਨ ਦਾ ਕੰਮ ਅਨੁਭਵੀ ਵਿਸ਼ੇਸ਼ੱਗਾਂ ਦੇ ਕਰਨ-ਗੋਚਰਾ ਹੁੰਦਾ ਹੈ। ਇਸ ਲਈ ਅੰਤਰ-ਰਾਸ਼ਟਰੀ ਪੰਜਾਬੀ ਸੰਸਥਾ ਦੇ ਕਰਤਿਆਂ-ਧਰਤਿਆਂ ਨੂੰ, ਦੇਸਵਾਰ, ਪਾਠ-ਪੁਸਤਕ ਯੋਜਨਾ ਸਿਰੇ ਚਾੜ੍ਹਨ ਤੇ ਅੱਗੋਂ ਨਵੀਆਂ, ਸੋਧੀਆਂ-ਸਵਾਰੀਆਂ, ਅੱਗੇ ਨਾਲੋਂ ਵਧੇਰੇ ਖ਼ੂਬਸੂਰਤ ਤੇ ਸਚਿੱਤਰ ਛਾਪਾਂ ਤਿਆਰ ਕਰਾਉਣ ਲਈ, ਸਿੱਖਿਆ-ਸ਼ਾਸਤਰੀਆਂ ਤੇ ਵਿਦਵਾਨਾਂ ਦੀ ਇਕ ਪੱਕੀ ਸਮਿਤੀ ਬਣਾਉਣੀ ਜ਼ਰੂਰੀ ਹੈ, ਜਿਸ ਵਿਚ, ਲੋੜ ਅਨੁਸਾਰ, ਦਸੌਰੀ ਪੰਜਾਬੀ ਵਿਦਵਾਨਾਂ ਦਾ ਸਹਿਯੋਗ ਪ੍ਰਾਪਤ ਕਰਨ ਦਾ ਪ੍ਰਬੰਧ ਹੋਵੇ ਤੇ ਜਿਸ ਦੇ ਖਾਤੇ ਵਿਚ ਖ਼ਾਸੀ ਤਗੜੀ ਰਕਮ ਵੀ ਮੌਜੂਦ ਹੋਵੇ।

WWW.SIKHBOOKCLUB.COM Page 171

ਜੇ ਇਸ ਸਮਿਤੀ ਦਾ ਕੰਮ ਇਕ ਵਾਰੀ ਰਵਾਂ ਹੋ ਜਾਵੇ ਤਾਂ ਹਰ ਦੇਸ ਦੀ ਲੋੜ ਅਨੁਸਾਰ, ਪੰਜਾਬੀ ਤੇ ਜਾਂ ਉਸ ਦੇਸ ਦੀ ਬੋਲੀ ਰਾਹੀਂ, ਪੰਜਾਬੀ ਸਿਖਾਉਣ ਲਈ ਪਾਠ-ਪੁਸਤਕਾਂ, ਇਕ-ਭਾਸ਼ੀ ਤੇ ਦੋ-ਭਾਸ਼ੀ ਕੋਸ਼, ਵਾਰਤਾਲਾਪ, ਮੁਹਾਵਰਾ ਕੋਸ਼, ਪੁਰਾਣੇ ਤੇ ਨਵੇਂ ਸਾਹਿੱਤ ਦੀਆਂ ਵੰਨਗੀਆਂ, ਨਕਸ਼ੇ, ਚਾਰਟ, ਸਾਰਣੀਆਂ, ਕਾਰਟੂਨ ਤੇ ਕੌਮਿਕ, ਆਦਿ ਤਿਆਰ ਹੁੰਦੇ ਰਹਿਣਗੇ।

(6) ਪਾਠ-ਪੁਸਤਕਾਂ ਦਾ ਸੰਬੰਧ ਬਹੁਤਾ ਪਾਠਕ ਦੀਆਂ ਅੱਖਾਂ ਨਾਲ ਹੁੰਦਾ ਹੈ, ਪਰ ਬੋਲੀ ਸਿਖਾਉਣ ਤੇ ਕਿਸੇ ਇਲਾਕੇ ਦੀ ਰਹਿਤ-ਬਹਿਤ ਨਾਲ ਪੂਰੀ ਜਾਣਕਾਰੀ ਦੇਣ ਲਈ ਅੱਜਕਲ ਕੰਨਾਂ ਦੀ ਜਾਂ ਅੱਖਾਂ ਤੇ ਕੰਨਾਂ ਦੀ ਰਲਵੀਂ ਸੇਵਾ ਵੀ ਆਮ ਲਈ ਜਾਣ ਲਗ ਪਈ ਹੈ, ਜਿਸ ਨਾਲ ਸਿੱਖਿਆ ਦੀ ਪ੍ਰਕਿਰਿਆ ਸੌਖੀ ਤੇ ਸੁਆਦਲੀ ਬਣ ਗਈ ਹੈ।

ਘਰ ਜਾਂ ਸਕੂਲ ਵਿਚ ਸਲਾਈਡਾਂ, ਟੇਪਾਂ, ਤਵਿਆਂ, ਫ਼ਿਲਮਾਂ ਤੇ ਵੀਡੀਓ ਕੈਸੇਟਾਂ ਵਰਗੀਆਂ ਜੁਗਤਾਂ ਰਾਹੀਂ ਜੋ ਕੁੱਝ ਬੱਚਿਆਂ ਤੇ ਵੱਡਿਆਂ ਦੇ ਦਿਲਾਂ-ਦਿਮਾਗ਼ਾਂ ਵਿਚ ਉੱਕਰਿਆ ਜਾ ਸਕਦਾ ਹੈ, ਪਿਛਲੀਆਂ ਪੀੜ੍ਹੀਆਂ ਉਸ ਦਾ ਸੁਫ਼ਨਾ ਵੀ ਨਹੀਂ ਸਨ ਲੈ ਸਕਦੀਆਂ। ਸਾਨੂੰ ਵੀ ਸਲਾਈਡਾਂ, ਟੇਪਾਂ, ਰੀਕਾਰਡਾਂ, ਫ਼ਿਲਮਾਂ, ਕਾਰਟੂਨਾਂ, ਆਦਿ ਰਾਹੀਂ ਪੰਜਾਬੀ ਬੋਲੀ ਤੇ ਸਭਿਆਚਾਰ ਬਾਰੇ ਜਾਣਕਾਰੀ ਦੇ ਸਕਣ ਵਾਲੀ ਸਾਮੱਗਰੀ ਮੁਹੱਈਆ ਕਰਨੀ ਚਾਹੀਦੀ ਹੈ ਤਾਂ ਜੋ ਪਰਵਾਸੀ ਪੰਜਾਬੀ ਬੱਚਿਆਂ ਦਾ ਲਹਿਜਾ, ਪੰਜਾਬੀ ਬੋਲਣ ਵੇਲੇ, ਪੰਜਾਬੀਆਂ ਵਰਗਾ ਹੋ ਸਕੇ, ਬਹੁਤਾ ਓਪਰਾ ਨਾ ਰਹੇ ਤੇ ਦੂਰ ਬੈਠੇ ਹੋਣ ਦੇ ਬਾਵਜੂਦ, ਪੰਜਾਬ ਤੇ ਪੰਜਾਬੀ ਨਾਲ ਵੱਧ ਤੋਂ ਵੱਧ ਵਾਕਫ਼ੀ ਹੋ ਜਾਵੇ।

ਜਿਸ ਤਰ੍ਹਾਂ ਦੀਆਂ ਸਲਾਈਡਾਂ ਤੇ ਫ਼ਿਲਮਾਂ ਪੰਜਾਬ ਦੇ ਜਲ-ਵਾਯੂ, ਪੰਜਾਬੀ ਲੋਕਾਂ, ਉਨ੍ਹਾਂ ਦੀ ਰਹਿਤ-ਬਹਿਤ, ਸੰਸਕ੍ਰਿਤੀ, ਆਰਥਿਕਤਾ ਤੇ ਇਤਿਹਾਸ, ਆਦਿ ਬਾਰੇ ਪੰਦਰਾਂ-ਪੰਦਰਾਂ ਜਾਂ ਵੀਹ-ਵੀਹ ਮਿੰਟਾਂ ਦੀਆਂ ਤਿਆਰ ਹੋਣੀਆਂ ਚਾਹੀਦੀਆਂ ਹਨ, ਉਨ੍ਹਾਂ ਬਾਰੇ ਕੁੱਝ ਸੁਝਾਉ ਪੇਸ਼ ਹਨ :

***(ੳ) ਪੰਜਾਬੀ-ਬੋਲਦੇ ਸਾਰੇ ਭਾਰਤੀ ਤੇ ਪਾਕਿਸਤਾਨੀ ਇਲਾਕੇ ਦਾ ਭੂਗੋਲਿਕ ਦਰਸ਼ਨ***

ਘੰਟੇ, ਸਵਾ ਘੰਟੇ ਦੀ ਇਕ ਵੱਡੀ ਫ਼ਿਲਮ ਤੋਂ ਛੁੱਟ, ਵੱਖ ਵੱਖ ਭੂਗੋਲਿਕ ਫ਼ੀਚਰਾਂ ਬਾਰੇ ਫ਼ਿਲਮਾਂ, ਜਿਵੇਂ ਪੰਜਾਬ ਦੇ ਦਰਿਆ, ਖੀਉੜੇ ਦੀਆਂ ਖਾਣਾਂ, ਖੰਡਰ ਹੋਏ ਸ਼ਹਿਰ (ਜਿਵੇਂ ਹੜੱਪਾ), ਲੋਪ ਹੋ ਰਹੇ ਰੁੱਖ (ਜਿਵੇਂ ਪੀਲੂ, ਪਲਾਹ, ਜੰਡ, ਫ਼ਰਵਾਂਹ, ਬੋੜ੍ਹ ਆਦਿ)।

***(ਅ) ਪੰਜਾਬ ਦੇ ਲੋਕ***

(ਜਿਵੇਂ ਸਿਰਕੀ-ਵਾਸੀ, ਨਿਹੰਗ, ਬਾਜ਼ੀਗਰ, ਭੰਡ, ਨਚਾਰ, ਹਲਵਾਈ, ਪਨਸਾਰੀ, ਪੁਜਾਰੀ, ਆਦਿ) ਕਿਰਸਾਨ (ਖੇਤੀ ਦੀ ਸਾਰੀ ਪ੍ਰਕਿਰਿਆ—ਵਾਹੁਣ-ਕਰਾਹੁਣ ਤੋਂ ਲੈ ਕੇ ਮੰਡੀ ਵਿਚ ਫ਼ਸਲ ਸੁੱਟਣ ਤਕ), ਪੰਜਾਬਣਾਂ, ਆਦਿ।

***(ੲ) ਰਹਿਣ-ਸਹਿਣ***

(ਮਚਾਨਾਂ ਤੇ ਛੰਨਾਂ-ਝੁੱਗੀਆਂ ਤੋਂ ਲੈ ਕੇ ਮਹਿਲਾਂ ਤਕ ਹਰ ਤਰ੍ਹਾਂ ਦੀਆਂ ਰਿਹਾਇਸ਼ਾਂ, ਜ਼ਨਾਨਾ ਤੇ ਮਰਦਾਨਾ ਪੁਸ਼ਾਕਾਂ (ਖ਼ਾਸ ਕਰਕੇ ਪੱਗਾਂ), ਪੇਂਡੂ ਸਵਾਣੀ (ਚੱਕੀ, ਗੋਹੇ-ਕੂੜੇ, ਰੇੜਕੇ, ਚਰਖੇ ਤੇ ਫੁਲਕਾਰੀ ਜਾਂ ਬਾਗ ਦੀ ਕਢਾਈ ਤੇ ਦਰੀਆਂ, ਖੇਸਾਂ ਦੀ ਬੁਣਾਈ ਸਣੇ), ਤਰ੍ਹਾਂ-ਤਰ੍ਹਾਂ ਦੀਆਂ ਰੋਟੀਆਂ

WWW.SIKHBOOKCLUB.COM 

ਪਕਾਉਣ ਦੇ ਢੰਗ, ਪੰਜਾਬੀ ਖੇਡਾਂ ਤੇ ਮਨ-ਪਰਚਾਵੇ, ਮੰਡੀਆਂ, ਤਿਉਹਾਰ, ਮੇਲੇ, ਲੋਕ-ਨਾਚ, ਲੋਕ-ਸਾਜ਼, ਲੋਕ-ਸੁਰਾਂ, ਕਵੀਸ਼ਰੀ ਦੇ ਮੁਕਾਬਲੇ, ਪ੍ਰਸਿੱਧ ਲੋਕ-ਕਹਾਣੀਆਂ, ਆਦਿ)।

*(ਸ) ਰੀਤਾਂ, ਰਸਮਾਂ, ਵਹਿਮ-ਭਰਮ, ਵਿਆਹ, ਨੜੋਏ, ਆਦਿ*

*(ਹ) ਧਰਮ-ਅਸਥਾਨ, ਕਿਲੇ, ਇਤਿਹਾਸਿਕ ਅਸਥਾਨ*

*(ਕ) ਪੁਰਾਣਾ ਤੇ ਨਵਾਂ ਸਾਹਿੱਤ, ਕਲਾਵਾਂ ਤੇ ਸ਼ਿਲਪ*

ਪ੍ਰਸਿੱਧ ਸਾਹਿੱਤਕਾਰਾਂ, ਚਿਤਰਕਾਰਾਂ, ਬੁੱਤਕਾਰਾਂ, ਕਢਾਈਕਾਰਾਂ, ਗੀਤਕਾਰਾਂ, ਵਿਦਵਾਨਾਂ ਤੇ ਉਸਰਈਆਂ, ਆਦਿ ਨਾਲ ਮੁਲਾਕਾਤਾਂ। ਸ੍ਰੀ ਗੁਰੂ ਗ੍ਰੰਥ ਸਾਹਿਬ, ਹੀਰ ਵਾਰਿਸ ਸ਼ਾਹ, ਕੰਧ-ਚਿਤਰ, ਮਿੱਟੀ ਦੇ ਭਾਂਡੇ ਤੇ ਖਿਡੌਣੇ, ਗਹਿਣੇ, ਲੱਕੜ ਦਾ ਕੰਮ, ਸੋਨੇ-ਚਾਂਦੀ ਦਾ ਕੰਮ, ਆਦਿ।

*(ਖ) ਪੰਜਾਬ ਦੇ ਗੁਰੂ, ਪੀਰ, ਭਗਤ, ਸ਼ਹੀਦ, ਪਹਿਲਵਾਨ, ਖਿਡਾਰੀ, ਵਿਗਿਆਨੀ, ਆਦਿ*

*(ਗ) ਪੰਜਾਬ ਦੇ ਪਿੰਡ*

*(ਘ) ਪੰਜਾਬ ਦੇ ਸ਼ਹਿਰ*

*(ਙ) ਪੰਜਾਬ ਦੇ ਇਤਿਹਾਸ ਦੀਆਂ ਝਾਕੀਆਂ*

ਪੰਜਾਬ ਸਰਕਾਰ ਨੇ ਸਭਿਆਚਾਰਕ ਮਾਮਲਿਆਂ ਦਾ ਇਕ ਵੱਖਰਾ ਵਿਭਾਗ ਥਾਪਿਆ ਹੋਇਆ ਹੈ, ਪੰਜਾਬ ਆਰਟਸ ਕਾਊਂਸਿਲ ਵੀ ਕਾਇਮ ਕੀਤੀ ਹੋਈ ਹੈ, ਜਿਸ ਦੀਆਂ ਅੱਗੋਂ ਤਿੰਨ ਬਾਹਵਾਂ ਹਨ—ਪੰਜਾਬ ਸਾਹਿੱਤ ਅਕਾਡਮੀ, ਪੰਜਾਬ ਲਲਿਤ ਕਲਾ ਅਕਾਡਮੀ ਤੇ ਪੰਜਾਬ ਸੰਗੀਤ-ਨਾਟਕ ਅਕਾਡਮੀ। ਪੰਜਾਬੀ ਸਾਹਿੱਤ ਅਕਾਡਮੀ ਤੇ ਕੇਂਦਰੀ ਪੰਜਾਬੀ ਲੇਖਕ ਸਭਾ ਵਰਗੀਆਂ ਕੁੱਝ ਗ਼ੈਰ-ਸਰਕਾਰੀ ਸੰਸਥਾਵਾਂ ਵੀ ਮੌਜੂਦ ਹਨ। ਪੰਜਾਬੀ ਯੂਨੀਵਰਸਿਟੀ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਐਕਟਾਂ ਅਨੁਸਾਰ ਪੰਜਾਬੀ ਦੀ ਉੱਨਤੀ ਇਨ੍ਹਾਂ ਯੂਨੀਵਰਸਿਟੀਆਂ ਦਾ ਇਕ ਬੁਨਿਆਦੀ ਮਨੋਰਥ ਹੈ। ਕੁੱਝ ਉਪਰੋਕਤ ਯੋਜਨਾਵਾਂ, ਆਪੋ-ਵਿੱਚੀ ਵੰਡ ਕੇ, ਇਨ੍ਹਾਂ ਸੰਸਥਾਵਾਂ ਨੂੰ ਆਪ ਸਿਰੇ ਚਾੜ੍ਹਨੀਆਂ ਚਾਹੀਦੀਆਂ ਹਨ ਤੇ ਕੁੱਝ ਲਈ ਦੇਸਵਾਸੀ ਤੇ ਪਰਵਾਸੀ ਪੰਜਾਬੀਆਂ ਪਾਸੋਂ ਸਹਿਯੋਗ ਲੈਣਾ ਚਾਹੀਦਾ ਹੈ।

ਜੇ ਪੰਜਾਬ ਸਰਕਾਰ ਦੀ ਦੂਰ-ਅੰਦੇਸ਼ੀ ਨਾਲ ਤਿਆਰ ਕੀਤੀ ਕੋਈ ਸਪਸ਼ਟ ਤੇ ਬੱਝਵੀਂ ਪੰਜਾਬ-ਹਿਤੈਸ਼ੀ ਸਭਿਆਚਾਰਕ ਨੀਤੀ ਹੁੰਦੀ ਤਾਂ ਨਿਰਸੰਦੇਹ ਅੱਜ ਸਾਨੂੰ ਇਸ ਤਰ੍ਹਾਂ ਦੇ ਬਹੁਤ ਸਾਰੇ ਪ੍ਰੋਗਰਾਮ ਤਿਆਰ ਹੋਏ-ਹਵਾਏ ਮਿਲ ਜਾਣੇ ਸਨ, ਪਰ ਕਿਉਂਕਿ ਸਰਕਾਰ ਨੇ ਕੁੱਝ ਨਹੀਂ ਕੀਤਾ ਤੇ ਸ਼ਾਇਦ ਕਰੇ ਵੀ ਨਾ, ਇਸ ਲਈ ਖ਼ੁਦ ਪੰਜਾਬੀਆਂ ਦਾ ਹੱਥ ਉੱਤੇ ਹੱਥ ਰੱਖ ਕੇ ਬੈਠੇ ਰਹਿਣ ਦਾ ਕੋਈ ਮਤਲਬ ਨਹੀਂ।

(7) ਪਾਠ-ਪੁਸਤਕਾਂ ਤੇ ਫ਼ਿਲਮਾਂ ਦੀ ਆਪਣੀ ਮਹੱਤਾ ਹੈ, ਪਰ ਪੰਜਾਬ ਤੇ ਪੰਜਾਬੀਪੁਣੇ ਦਾ ਜੋ ਨਿੱਘਾ ਤੇ ਰੁਸ਼ਨਾਉਣਾ ਇਹਸਾਸ, ਕਿਸੇ ਦਸੌਂਗੀ ਪੰਜਾਬੀ ਬੱਚੇ ਨੂੰ ਆਪਣੀਆਂ ਅੱਖਾਂ ਨਾਲ ਕੀਤੇ ਪੰਜਾਬ-ਦਰਸ਼ਨ ਤੋਂ ਹੋ ਸਕਦਾ ਹੈ, ਉਸ ਦਾ ਮੁਕਾਬਲਾ ਕੋਈ ਸੰਚਾਰ-ਸਾਧਨ ਨਹੀਂ ਕਰ ਸਕਦਾ। ਅੰਤਰ-ਰਾਸ਼ਟਰੀ ਪੰਜਾਬੀ ਕਾਨਫ਼ਰੰਸ ਦੀ ਇਕ ਸ਼ਾਖ਼ ਦਾ ਕੰਮ ਪਰਵਾਸੀ ਪੰਜਾਬੀ ਬੱਚਿਆਂ ਨੂੰ, ਤੇ ਜੇ ਉਨ੍ਹਾਂ ਦੇ ਮਾਪੇ ਖ਼ਾਹਿਸ਼ਮੰਦ ਹੋਣ ਤਾਂ ਉਨ੍ਹਾਂ ਨੂੰ ਵੀ, ਹਰ ਸਿਆਲ ਵਿਚ,

ਪੰਜਾਬੀ ਘਰਾਂ ਵਿਚ ਠਹਿਰਾਉਣ ਤੇ ਪੰਜਾਬ ਵਿਚ ਘੁਮਾਉਣ-ਫਿਰਾਉਣ ਦਾ ਹੋਣਾ ਚਾਹੀਦਾ ਹੈ। ਚੰਗੀ ਗੱਲ ਇਹ ਹੋਵੇਗੀ ਕਿ ਮੇਜ਼ਬਾਨ ਪੂਰਬੀ ਤੇ ਪੱਛਮੀ ਦੋਹਾਂ ਪੰਜਾਬਾਂ ਵਿੱਚੋਂ ਚੁਣੇ ਜਾਣ ਤੇ ਸੈਲ-ਸਪਾਟੇ ਦਾ ਪ੍ਰਬੰਧ ਵੀ ਸਾਰੇ ਪੰਜਾਬੀ-ਬੋਲਦੇ ਇਲਾਕੇ ਨੂੰ ਇਕ ਇਕਾਈ ਮੰਨ ਕੇ ਕੀਤਾ ਜਾਵੇ। ਹਰ ਟੋਲੀ ਵਿੱਚੋਂ ਦਸ ਫ਼ੀਸਦੀ ਬੱਚਿਆਂ ਨੂੰ, ਦੋ ਵਰ੍ਹਿਆਂ ਪਿੱਛੋਂ, ਮੁੜ ਕੇ ਪੰਜਾਬ ਦੇ ਪ੍ਰਾਹੁਣੇ ਬਣਨ ਦੀ ਖੁੱਲ੍ਹ ਹੋਣੀ ਚਾਹੀਦੀ ਹੈ ਤਾਂ ਜੋ ਪੰਜਾਬ ਨਾਲ ਉਨ੍ਹਾਂ ਦਾ ਸੰਬੰਧ ਹੋਰ ਪੀਡਾ ਹੋ ਜਾਵੇ। ਟੋਲੀ ਦੇ ਬੱਚਿਆਂ ਵਿਚ ਪੰਜਾਬ ਬਾਰੇ ਚਿਤਰਾਂ, ਕਾਰਟੂਨਾਂ, ਲੇਖਾਂ, ਆਦਿ ਦੇ ਬਾਕਾਇਦਾ ਇਨਾਮੀ ਮੁਕਾਬਲੇ, ਪੱਤਰ-ਵਿਹਾਰ ਰਾਹੀਂ ਕਰਵਾਏ ਜਾਣ; ਪੰਜਾਬ ਬਾਰੇ ਛਪੀਆਂ ਨਵੀਆਂ ਕਿਤਾਬਾਂ, ਪੁਰਾਤਨ ਕਾਲ ਦੀਆਂ ਲੱਭਤਾਂ ਤੇ ਸੰਸਾਰ ਭਰ ਵਿਚ ਪੰਜਾਬੀਆਂ ਦੀਆਂ ਪ੍ਰਾਪਤੀਆਂ, ਸਚਿੱਤਰ ਸੂਚਨਾ-ਪੱਤਰ ਰਾਹੀਂ, ਇਕ ਵਾਰੀ ਸੰਪਰਕ ਵਿਚ ਆ ਚੁੱਕੇ ਸਨੇਹੀਆਂ ਨੂੰ ਬਾਕਾਇਦਾ ਪਹੁੰਚਾਈਆਂ ਜਾਣ ਤੇ ਨੌਜਵਾਨ ਕੁੜੀਆਂ-ਮੁੰਡਿਆਂ ਵਿਚ ਆਪਸੀ ਲਿਖਾ-ਪੜ੍ਹੀ ਰਾਹੀਂ ਦੋਸਤਾਨਾ ਸੰਬੰਧ ਉਤਸਾਹਿਤ ਕਰਨ ਲਈ ਉਨ੍ਹਾਂ ਦੇ ਪਤੇ ਆਪਣੇ ਸਚਿੱਤਰ ਸੂਚਨਾ-ਪੱਤਰ ਵਿਚ ਛਾਪੇ ਜਾਣ ਤਾਂ ਜੋ ਬੱਚਿਆਂ ਤੇ ਨੌਜਵਾਨਾਂ ਨਾਲ ਪੱਕੇ ਸੰਬੰਧ ਕਾਇਮ ਹੋ ਸਕਣ। ਇਹੀ ਸੂਚਨਾ-ਪੱਤਰ, ਕੀਰਤਨ ਤੇ ਗਾਣਿਆਂ ਦੇ ਵਧੀਆ ਤੇ ਸੁਥਰੇ ਰੀਕਾਰਡਾਂ ਤੇ ਟੇਪਾਂ ਆਦਿ ਬਾਰੇ ਵੀ ਵਾਕਫ਼ੀ ਦੇ ਸਕਦਾ ਹੈ।

(8) ਆਪਣੇ ਦਸੌਰੀ ਪ੍ਰਾਹੁਣਿਆਂ ਦੇ ਬਿਸਰਾਮ ਲਈ ਪੰਜਾਬ ਸਰਕਾਰ ਨੂੰ ਚੋਣਵੀਆਂ ਥਾਵਾਂ ਉੱਤੇ ਖ਼ੂਬਸੂਰਤ ਟਿਕਾਣੇ ਉਸਾਰਨੇ ਚਾਹੀਦੇ ਹਨ, ਜਿੱਥੇ ਨਾਮ-ਮਾਤਰ ਖ਼ਰਚ ਨਾਲ, ਮਹੀਨਾ-ਦੋ-ਮਹੀਨੇ ਰਿਹਾ ਜਾ ਸਕੇ। ਹਰ ਟਿਕਾਣੇ ਵਿਚ ਪੰਜਾਬੀ ਜੀਵਨ ਦੀਆਂ ਵੱਖ ਵੱਖ ਝਾਕੀਆਂ ਦੇ ਵਿਕਾਊ ਚਿਤਰ ਮੌਜੂਦ ਹੋਣੇ ਚਾਹੀਦੇ ਹਨ ਤੇ ਚੋਣਵੀਆਂ ਪੁਸਤਕਾਂ ਤੇ ਟੇਪਾਂ, ਆਦਿ ਦੀ ਲਾਇਬ੍ਰੇਰੀ ਹੋਣੀ ਚਾਹੀਦੀ ਹੈ।

## 7

ਜੇ ਤਾਂ ਅੰਤਰ-ਰਾਸ਼ਟਰੀ ਪੰਜਾਬੀ ਕਾਨਫ਼ਰੰਸਾਂ ਦੇ ਅਧਿਕਾਰੀ ਕੋਈ ਪੱਕੀ ਸਕੱਤਰੇਤ ਕਾਇਮ ਕਰ ਕੇ ਉਪਰੋਕਤ ਵੰਨਗੀ ਦੇ ਕਾਰਜ ਹੱਥ ਵਿਚ ਲੈ ਸਕਦੇ ਹੋਣ, ਫੇਰ ਤਾਂ ਦਸੌਰਾਂ ਵਿਚ ਪੰਜਾਬੀ ਦੀ ਦੀਰਘ ਆਯੂ ਬਾਰੇ ਆਸਵੰਦ ਹੋਇਆ ਜਾ ਸਕਦਾ ਹੈ, ਵਰਨਾ ਇਹ ਤਾਂ ਸਾਨੂੰ ਪਤਾ ਹੀ ਹੈ ਕਿ ਦਸੌਰੀ ਬੋਲੀ ਬੋਲਣ ਵਾਲੇ ਬੇਲੀਆਂ, ਸਿੱਖਿਆ ਦੇ ਦਸੌਰੀ ਮਾਧਿਅਮ ਤੇ ਦਸੌਰੀ ਬੋਲੀ ਦੀਆਂ ਪੁਸਤਕਾਂ, ਰਿਸਾਲਿਆਂ, ਅਖ਼ਬਾਰਾਂ, ਰੇਡੀਓ ਤੇ ਟੀ.ਵੀ. ਦੇ ਮਾਹੌਲ ਵਿਚ ਕਿਸੇ ਪੰਜਾਬੀ ਬੱਚੇ ਦਾ ਪੰਜਾਬੀ-ਭਾਸ਼ੀ ਰਹਿ ਸਕਣਾ ਇਕ ਤਰ੍ਹਾਂ ਦੀ ਕਰਾਮਾਤ ਹੀ ਹੁੰਦੀ ਹੈ। ਸਾਨੂੰ ਬਚਾਉਣ ਵਾਲੀ ਇੱਕੋ ਗੱਲ ਹੈ ਕਿ ਏਸ਼ੀਆਈ-ਅਫ਼ਰੀਕੀ-ਚੀਨੀ ਬੰਦਾ, ਬਾਹਰ ਜਾ ਕੇ, ਭਾਵੇਂ ਕਿਸੇ ਵੀ ਗੋਰੇ ਦੇਸ ਦਾ ਸ਼ਹਿਰੀ ਬਣ ਜਾਵੇ, ਉਸ ਦੇਸ ਦੇ ਲੋਕ ਉਸ ਨੂੰ ਨਫ਼ਰਤ ਨਾਲ ਏਸ਼ੀਆਈ, ਅਫ਼ਰੀਕੀ ਜਾਂ ਚੀਨੀ ਹੀ ਦੱਸਦੇ ਰਹਿੰਦੇ ਹਨ, ਕਿਉਂਕਿ ਉਹ ਇਨ੍ਹਾਂ ਨੂੰ ਆਪਣੇ ਨਾਲੋਂ ਕੁੱਝ ਹੇਠਲੀ ਪੱਧਰ ਦੀਆਂ ਨਸਲਾਂ ਮੰਨਦੇ ਹਨ। ਨਾ ਸਾਡੇ ਬੰਦਿਆਂ ਦਾ ਰੰਗ ਓਥੋਂ ਦੇ ਬੰਦਿਆਂ ਵਰਗਾ ਹੈ, ਨਾ ਮੂੰਹ-ਮੁਹਾਂਦਰਾ ਉਨ੍ਹਾਂ ਵਰਗਾ ਹੈ ਤੇ, ਏਸੇ ਲਈ, ਉਨ੍ਹਾਂ ਸਮਾਜਾਂ ਦੇ ਅਸਲੋਂ ਅਨਿੱਖੜ ਅੰਗ ਵਜੋਂ ਪਰਵਾਨ ਹੋਣਾ ਬਹੁਤ ਸੌਖਾ ਨਹੀਂ।

ਅਜਿਹੀ ਹਾਲਤ ਵਿਚ ਪਿਛਲੇ ਘਰ ਦੀ ਯਾਦ ਨੇ ਤਾਂ ਵੱਢ-ਵੱਢ ਖਾਣਾ ਹੀ ਹੋਇਆ। ਦਸੌਰੀ ਪੰਜਾਬੀਆਂ ਦਾ ਜੇਰਵਾ, ਦਸੌਰਾਂ ਵਿਚ ਪੰਜਾਬੀ ਬੋਲੀ ਤੇ ਸਭਿਆਚਾਰ ਦੇ ਪ੍ਰਚਾਰ ਲਈ,

WWW.SIKHBOOKCLUB.COM 

ਖਾਦ ਦਾ ਕੰਮ ਦੇ ਸਕਦਾ ਹੈ। ਉੱਖੜਿਆ-ਉੱਖੜਿਆ ਮਹਿਸੂਸ ਕਰਨ ਵਾਲੇ ਪਰਵਾਸੀ ਪੰਜਾਬੀਆਂ ਨੂੰ ਇਕ ਪਛਾਣੇ ਜਾ ਸਕਣ ਵਾਲੇ ਵਿਅਕਤਿਤ੍ਵ ਲਈ ਕਿਸੇ ਸਤਾਣੀ ਜੜ੍ਹ ਤੇ ਕਿਸੇ ਸਤਕਾਰਿਤ ਢਾਸਣੇ ਦੀ ਲੋੜ ਹੁੰਦੀ ਹੈ। ਇਹ ਕੁੱਝ, ਜਿਸ ਲਈ, ਉਨ੍ਹਾਂ ਦੀ ਰੂਹ ਅੰਦਰੋ-ਅੰਦਰ ਲੁੱਛਦੀ ਤੇ ਵਿਲਕਦੀ ਰਹਿੰਦੀ ਹੈ, ਉਨ੍ਹਾਂ ਨੂੰ ਪੰਜਾਬ ਤੇ ਪੰਜਾਬੀਅਤ ਵਿੱਚੋਂ ਸਹਿਜੇ ਹੀ ਮਿਲ ਸਕਦਾ ਹੈ।

ਹੁਣ ਵੇਖਣਾ ਇਹ ਹੈ ਕਿ ਅੰਤਰ-ਰਾਸ਼ਟਰੀ ਪੰਜਾਬੀ ਕਾਨਫ਼ਰੰਸਾਂ ਦੇ ਮਹਿੰਗੇ ਮੰਚ, ਕੁੱਝ ਬੰਦਿਆਂ ਦੀ ਹਉਮੈ ਨੂੰ ਪੱਠੇ ਪਾਉਣ ਵਾਲੀਆਂ ਖੁਰਲੀਆਂ ਵਜੋਂ ਵਰਤੇ ਜਾਣੇ ਹਨ ਜਾਂ ਪਰਵਾਸੀ ਪੰਜਾਬੀਆਂ ਨੂੰ ਪੰਜਾਬ, ਪੰਜਾਬੀ ਤੇ ਪੰਜਾਬੀਆਂ ਨਾਲ ਜੋੜੀ ਰੱਖਣ ਦੇ ਸੰਦ ਪੈਦਾ ਕਰਨ ਵਾਲੀਆਂ ਵਰਕਸ਼ਾਪਾਂ ਵਜੋਂ।

SIKHBOOKCLUB.COM

# *ਵਿਦਵਾਨਾਂ ਦੀ ਥੁੜ**

ਪੰਜਾਬੀ ਦੀਆਂ ਥੁੜਾਂ ਬੇਅੰਤ ਹਨ; ਹੋਣੀਆਂ ਹੀ ਹੋਈਆਂ—ਘਰ ਦੀ ਰਾਣੀ ਹੋਣ ਦੇ ਬਾਵਜੂਦ ਇਸ ਨੂੰ ਸੈਂਕੜੇ ਵਰ੍ਹੇ ਦਾਸੀ ਬਣ ਕੇ ਜੁ ਰਹਿਣਾ ਪਿਆ ਹੈ। ਹੁਣ, ਜਿਵੇਂ ਰਾਤੋ-ਰਾਤ ਇਸ ਨੂੰ ਮੁੜ ਕੇ ਤਖ਼ਤ ਉੱਤੇ ਬਿਠਾ ਦਿੱਤਾ ਗਿਆ ਹੋਵੇ, ਉਸ ਦਾ ਖੁੱਸਿਆ ਰਾਣੀਪੁਣਾ ਬਹਾਲ ਹੁੰਦਾ ਲਗਦਾ ਹੈ। ਨਿਰਸੰਦੇਹ, ਉਸ ਨੇ ਰਾਜ ਚਲਾਉਣਾ ਹੈ, ਗਿਆਨ-ਵਿਗਿਆਨ ਦਾ ਮਾਧਿਅਮ ਬਣਨਾ ਹੈ, ਲੋਕਾਂ ਦੀ ਸੂਝ ਤੇ ਸੋਝੀ ਦੇ ਸੋਮਿਆਂ ਤੇ ਭਾਂਡਿਆਂ ਨੂੰ ਆਪਣੇ ਅਨੁਸਾਰੀ ਬਣਾਉਣਾ ਹੈ। ਜਿਹੜੇ ਵੀਰ ਇਹ ਸਮਝਦੇ ਹਨ ਕਿ ਕਿਸੇ ਬੋਲੀ ਦੀ ਤਾਜਪੋਸ਼ੀ, ਕਿਸੇ ਹਕੂਮਤ ਦੇ ਸਥਾਪਿਤ ਹੋਣ ਵਾਂਗ, ਰਾਜਕੀ ਏਲਾਨਾਂ ਨਾਲ ਹੀ ਮੁਕੰਮਲ ਹੋ ਜਾਂਦੀ ਹੈ, ਉਹ ਵੱਡੇ ਭਾਰੀ ਭੁਲੇਖੇ ਵਿਚ ਹਨ। ਬੋਲੀ ਨੂੰ, ਭਾਵੇਂ ਉਹ ਇਲਾਕੇ ਦੀ ਮਾਦਰੀ ਜ਼ਬਾਨ ਹੀ ਕਿਉਂ ਨਾ ਹੋਵੇ, ਰਾਜ-ਭਾਗ ਵਿਚ ਹਿੱਸਾ ਮਿਲਣ ਦੇ ਬਾਵਜੂਦ, ਸਮਾਜ ਵਿਚ ਸਾਦਰ ਤੇ ਸੁਯੋਗ ਅਸਥਾਨ ਪ੍ਰਾਪਤ ਕਰਨ ਲਈ ਸਖ਼ਤ ਘਾਲ ਤੇ ਘੋਲ ਕਰਨ ਦੀ ਲੋੜ ਪੈਂਦੀ ਹੈ। ਜਿਸ ਭਾਸ਼ਾ ਵਿਚ ਅੱਗੇ ਰਾਜ-ਪ੍ਰਬੰਧ, ਨਿਆਂ ਤੇ ਉਚੇਰੀ ਸਿੱਖਿਆ ਦਾ ਪ੍ਰਬੰਧ ਹੁੰਦਾ ਆਇਆ ਹੈ, ਉਸ ਦਾ ਸਾਡੀ ਸਾਰਿਆਂ ਦੀ ਸੁਰਤ ਉੱਤੇ ਛਾਏ ਹੋਣਾ ਕੁਦਰਤੀ ਹੈ। ਹੁਣ ਇਸ ਨੂੰ ਕੱਢਣਾ ਹੋਵੇ ਤਾਂ ਕਿਸ ਬਿਧ ਕੱਢਿਆ ਜਾਵੇ ? ਇਕ ਠੋਸ ਉਦਾਹਰਣ ਲੈ ਲਈਏ : ਭਾਰਤ ਦਾ ਉਚੇਰਾ ਨਿਆਂ ਅੰਗਰੇਜ਼ੀ ਭਾਸ਼ਾ ਰਾਹੀਂ ਹੁੰਦਿਆਂ ਸੌ ਵਰ੍ਹੇ ਤੋਂ ਉੱਪਰ ਹੋ ਗਏ ਹਨ। ਹੁਣ ਜਦੋਂ ਕੋਈ ਵਕੀਲ ਜਾਂ ਜੱਜ, ਅੰਗਰੇਜ਼ੀ ਨੂੰ ਛੱਡ ਕੇ, ਭਾਰਤ ਦੀ ਕਿਸੇ ਹੋਰ ਬੋਲੀ ਵਿਚ ਨਿਆਂ ਕਰਨ ਉੱਤੇ ਮਜਬੂਰ ਹੁੰਦਾ ਹੈ, ਤਾਂ ਇਉਂ ਲਗਦਾ ਹੈ ਜਿਵੇਂ ਕੋਈ ਮਨਤਾਰੂ, ਜਾਨ ਬਚਾਉਣ ਦੀ ਖ਼ਾਤਰ, ਹੱਥ ਪੈਰ ਮਾਰ ਰਿਹਾ ਹੋਵੇ। ਸਾਰੇ ਵਕੀਲ ਤੇ ਜੱਜ ਜਾਣਦੇ ਹਨ ਕਿ ਜਿਸ ਨਿਆਂ ਦੀ ਸਮੁੱਚੀ ਪ੍ਰਕਿਰਿਆ, ਬੋਲੀ ਦੇ ਬਦੇਸੀ ਹੋਣ ਦੇ ਕਾਰਨ, ਨਿਆਂ ਮੰਗਣ ਵਾਲਿਆਂ ਦੀ ਸਮਝ-ਸੂਝ ਤੋਂ ਬਾਹਰ ਰਹਿੰਦੀ ਹੈ, ਉਹ ਪਾਸਕੂ ਵਾਲੀ ਚੀਜ਼ ਹੈ, ਪਰ ਅਭਿਆਸ ਤੇ ਵਰਤੋਂ ਕਰਕੇ ਅੰਗਰੇਜ਼ੀ ਦੀ ਪੱਕ ਚੁੱਕੀ ਸ਼ਬਦਾਵਲੀ ਦੀ ਸਹੂਲਤ ਨਾ ਵਕੀਲ ਛੱਡਣੀ ਚਾਹੁੰਦਾ ਹੈ ਨਾ ਜੱਜ। ਦੇਸੀ ਭਾਸ਼ਾ ਵਿਚ ਬੋਲਣ ਦੀ ਪ੍ਰੇਰਨਾ ਕਰਨ ਵਾਲੇ ਨੂੰ ਉੱਤਰ ਮਿਲਦਾ ਹੈ : "ਚੰਗੇ-ਭਲੇ ਪੜ੍ਹੇ-ਗੁੜ੍ਹੇ ਬੰਦਿਆਂ ਨੂੰ ਅਨਪੜ੍ਹ ਬਣਾਉਣ ਦਾ ਜਤਨ ਕਿਉਂ ਕਰਦੇ ਹੋ ?"

ਇਉਂ, ਇਸ ਭੁਲੇਖੇ ਵਿਚ ਨਹੀਂ ਰਹਿਣਾ ਚਾਹੀਦਾ ਕਿ ਕਿਸੇ ਏਲਾਨ ਦਾ ਬਟਣ ਦੱਬਦੇ ਸਾਰ ਸਾਡੀ ਭਾਸ਼ਾ ਜਗਮਗਾ ਉੱਠੇਗੀ। ਅੰਗਰੇਜ਼ੀ ਦਾ ਭੂਤ ਤਾਂ ਸਾਡੇ ਜਤਨ ਦੇ ਬਾਵਜੂਦ, ਨਿਕਲਦਿਆਂ ਹੀ ਨਿਕਲੇਗਾ ਤੇ ਜਿੰਨੀ ਦੇਰ ਨਿਕਲਦਾ ਨਹੀਂ, ਸਾਡੀ ਸੁਤੰਤਰਤਾ 'ਅੰਗਰੇਜ਼ਿਆਈ' ਹੀ ਰਹੇਗੀ। ਇਸ ਲਈ, ਜੇ ਅਸੀਂ ਆਪਣੀਆਂ ਬੋਲੀਆਂ ਵਿਚ ਰਾਜ-ਬਲ ਉਪਜਾਉਣ ਦੇ ਸੱਚੇ ਚਾਹਵਾਨ ਹਾਂ ਤਾਂ ਸਭ ਤੋਂ ਪਹਿਲਾਂ ਸਾਡੇ ਪਾਸ ਆਪਣੀਆਂ ਥੁੜਾਂ ਤੇ

---

* [illegible] 1965 ਵਾਲੇ ਅੰਕ ਦਾ ਸੰਪਾਦਕੀ।

WWW.SIKHBOOKCLUB.COM

ਲੋੜਾਂ ਦਾ ਕ੍ਰਮਿਕ ਬਿਉਰਾ ਹੋਣਾ ਚਾਹੀਦਾ ਹੈ। ਨਿਰਸੰਦੇਹ, ਪੰਜਾਬੀ ਨੂੰ, ਰਾਜਕੀ ਪੱਧਰ ਉੱਤੇ ਹੋਰ ਭਾਰਤੀ ਭਾਸ਼ਾਵਾਂ ਨਾਲ ਪੂਰਾ ਤੋਲਿਆ ਜਾਣ ਲੱਗ ਪਿਆ ਹੈ ਤੇ ਅਸੀਂ ਆਪ ਵੀ ਇਸ ਨਾਲ ਕਿਸੇ ਪ੍ਰਕਾਰ ਦੇ ਵਿਤਕਰੇ ਵੱਲੋਂ ਬੜੇ ਚੌਕਸ ਹਾਂ, ਪਰ ਜਦੋਂ ਸਾਡੀ ਬੋਲੀ ਨੂੰ, ਹਰ ਤਰ੍ਹਾਂ ਦੀ ਜ਼ਿੰਮੇਵਾਰੀ ਸੰਭਾਲਣ ਜਾਂ ਮੁਕਾਬਲੇ ਦੇ ਮੈਦਾਨ ਵਿਚ ਨਿੱਤਰਨ ਦਾ ਮੌਕਾ ਮਿਲੇਗਾ ਤਾਂ ਕੀ ਅਸੀਂ ਹਰ ਪੱਖ ਵਿਚ ਉੱਚਤਮ ਪੱਧਰ ਕਾਇਮ ਰੱਖ ਸਕਾਂਗੇ ? ਮੈਨੂੰ ਵਿਸ਼ਵਾਸ ਹੈ ਕਿ ਇਹ ਪ੍ਰਾਪਤੀ ਅਸੰਭਵ ਨਹੀਂ, ਪਰ ਹੋਣ ਵਾਲੇ ਕੰਮ ਦੀ ਯੋਗ ਜਾਂਚ ਤੇ ਉਸ ਦੀ ਪੂਰਤੀ ਦੇ ਸਾਧਨਾਂ ਦੀ ਭਾਲ ਲਈ, ਸਰਕਾਰੀ ਤੇ ਗ਼ੈਰ-ਸਰਕਾਰੀ ਪੱਧਰ ਉੱਤੇ, ਆਪਣੀਆਂ ਥੁੜਾਂ ਵੱਲੋਂ ਸਚੇਤ ਹੋਣ ਦੀ ਬਾਹਲੀ ਲੋੜ ਹੈ। ਪੰਜਾਬੀ ਦੀਆਂ ਥੁੜਾਂ ਵੀ ਕਿਹੜਾ ਥੋੜੀਆਂ ਹਨ ? ਮੌਲਿਕ ਰਚਨਾਤਮਕ ਕ੍ਰਿਆ ਦੀ ਗੱਲ ਅਜੇ ਨਾ ਵੀ ਤੋਰੀ ਜਾਏ ਤਾਂ ਵੀ ਬੱਚੇ ਦੀ ਮੁੱਢਲੀ ਸਿੱਖਿਆ ਤੋਂ ਲੈ ਕੇ, ਹਰ ਮਜ਼ਮੂਨ ਦੀ ਉੱਚੀ ਤੋਂ ਉੱਚੀ ਸਿੱਖਿਆ ਤਕ ਦਾ ਸਾਰਾ ਪ੍ਰਬੰਧ ਪੰਜਾਬੀ ਵਿਚ ਹੋਣਾ ਹੈ; ਵਿਦਿਆਲਿਆਂ ਤੇ ਉਨ੍ਹਾਂ ਦੇ ਪਾਠ-ਕ੍ਰਮਾਂ ਦਾ ਪੁਨਰ-ਗਠਨ ਹੋਣਾ ਹੈ; ਪਾਠ-ਪੁਸਤਕਾਂ, ਹਵਾਲਾ-ਪੁਸਤਕਾਂ, ਕੋਸ਼ ਅਤੇ ਕਲਾ ਤੇ ਗਿਆਨ-ਵਿਗਿਆਨ ਦੇ ਉਚੇਰੇ ਸ਼ਾਸਤਰ ਤਿਆਰ ਹੋਣੇ ਹਨ; ਅੱਜ ਦੇ ਮਿਆਰਾਂ ਉੱਤੇ ਪੂਰੇ ਉਤਰਨ ਵਾਲੇ ਅਖ਼ਬਾਰ ਤੇ ਰਿਸਾਲੇ ਜਾਰੀ ਕੀਤੇ ਜਾਣੇ ਹਨ; ਵੱਡੇ ਛਾਪੇਖ਼ਾਨੇ ਕਾਇਮ ਹੋਣੇ ਹਨ; ਕਿਤਾਬਾਂ ਦੇ ਨਿਕਾਸ ਦਾ ਤਸੱਲੀ-ਬਖ਼ਸ਼ ਪ੍ਰਬੰਧ ਕੀਤਾ ਜਾਣਾ ਹੈ; ਵਪਾਰ ਤੇ ਰਾਜ ਦੀ ਪੱਧਰ ਉੱਤੇ ਇਸ ਭਾਸ਼ਾ ਦਾ ਸੰਤੋਖਜਨਕ ਸੰਚਾਰ ਹੋਣਾ ਹੈ—ਇਹ ਸਭ ਕੰਮ ਬੜੇ ਜ਼ਰੂਰੀ ਤੇ ਕਾਹਲੇ ਹਨ ਤੇ ਅਧਿਕਾਰੀਆਂ ਪਾਸੋਂ ਅਸੀਮ ਸ਼ਕਤੀ, ਸਹਿਨ-ਸ਼ੀਲਤਾ ਤੇ ਦੂਰ-ਅੰਦੇਸ਼ੀ ਦੀ ਮੰਗ ਕਰਦੇ ਹਨ, ਪਰ ਅਫ਼ਸੋਸ ਹੈ ਕਿ ਪੰਜਾਬੀ ਦੇ ਸ਼ੁਭਚਿੰਤਕ ਅਜੇ ਸ਼ੁਭ ਚਿੰਤਾ ਵਾਲੇ ਪੜਾਉ ਉੱਤੇ ਹੀ ਖੜੇ ਹਨ, ਜਦ ਕਿ ਸਮੇਂ ਨੇ ਉਨ੍ਹਾਂ ਦੀ ਇੱਛਾ ਨੂੰ, ਉਨ੍ਹਾਂ ਦੀ ਆਸ ਤੋਂ ਬਹੁਤ ਪਹਿਲਾਂ, ਪੂਰਤੀ ਦਾ ਵਰਦਾਨ ਦੇਣ ਦਾ ਫ਼ੈਸਲਾ ਕਰ ਲਿਆ ਜਾਪਦਾ ਹੈ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਜਦੋਂ ਦੇਸ ਅਜੇ ਪਰਾਧੀਨ ਹੀ ਸੀ ਤਾਂ ਪੰਡਿਤ ਨਹਿਰੂ ਜੀ ਦੀ ਪ੍ਰੇਰਨਾ ਨਾਲ ਕਾਂਗਰਸ ਨੇ ਭਾਰਤ ਦੀ ਆਰਥਿਕਤਾ ਦੀ ਯੋਜਨਾਪਰਕ ਉਸਾਰੀ ਲਈ, ਵਿਦਵਾਨਾਂ ਦੀ ਇਕ ਟੋਲੀ ਕਾਇਮ ਕਰ ਕੇ ਯੋਜਨਾ ਦਾ ਖਰੜਾ ਛਾਪ ਵੀ ਦਿੱਤਾ ਸੀ। ਪੰਜਾਬੀ ਵਾਲੇ ਇਸ ਤਰ੍ਹਾਂ ਦੀ ਕੋਈ ਅਗਾਊਂ ਸੋਚ ਨਹੀਂ ਸੋਚ ਸਕੇ ਪਰ ਡਰ ਹੈ ਕਿਤੇ ਪਛੇਤੀ ਸੋਚ ਤੋਂ ਵੀ ਨਾ ਪੱਛੜ ਜਾਣ।

ਜਿਵੇਂ ਅਸੀਂ ਉੱਪਰ ਕਹਿ ਆਏ ਹਾਂ, ਸਾਡੀਆਂ ਲੋੜਾਂ ਬੇਅੰਤ ਹਨ, ਪਰ ਲੋੜਾਂ ਸਿਰ ਲੋੜ, ਜਿਸ ਦੀ ਪੂਰਤੀ ਵਿਚ ਸਾਡੀਆਂ ਸਾਰੀਆਂ ਲੋੜਾਂ ਦੀ ਤ੍ਰਿਪਤੀ ਲੁਕੀ ਹੋਈ ਹੈ ਤੇ ਜਿਸ ਵੱਲ ਧਿਆਨ ਦਿਵਾਉਣ ਲਈ ਇਹ ਲੇਖ ਲਿਖਿਆ ਜਾ ਰਿਹਾ ਹੈ, ਯੋਗ ਬੰਦਿਆਂ ਜਾਂ ਵਿਦਵਾਨਾਂ ਦੀ ਹੈ। ਅੱਗੇ, ਸਾਨੂੰ ਪੰਜਾਬੀ ਦੇ ਹਿਤੈਸ਼ੀਆਂ ਦੀ ਲੋੜ ਸੀ, ਜਿਨ੍ਹਾਂ ਨੂੰ ਪੰਜਾਬੀ ਭਾਸ਼ਾ ਦੇ ਸਾਊਪੁਣੇ, ਉਸ ਵਿਚ ਸਾਹਿੱਤ ਦੀ ਹੋਂਦ ਤੇ ਇਸ ਸਾਹਿੱਤ ਦੀ ਉੱਤਮਤਾ ਦੀ ਵਕਾਲਤ ਕਰਨੀ ਪੈਂਦੀ ਸੀ, ਇਸ ਦੀ ਵਰਤੋਂ ਦੇ ਹੱਕ ਵਿਚ ਦਲੀਲਾਂ ਘੜਨੀਆਂ ਪੈਂਦੀਆਂ ਸਨ ਤੇ ਜਾਂ ਇਸ ਦੇ ਕਿਸੇ ਨਾ ਕਿਸੇ ਪੱਖ ਨਾਲ ਹਿਤਮਈ ਜਾਣ-ਪਛਾਣ ਕਰਾਉਣੀ ਪੈਂਦੀ ਸੀ, ਪਰ ਹੁਣ ਇਕਦਮ ਲੋੜ ਪੈ ਗਈ ਹੈ ਵਿਸ਼ੇਸ਼ੱਗਾਂ ਦੀ ਤੇ ਵਿਸ਼ੇਸ਼ੱਗ ਅਸੀਂ ਤਿਆਰ ਨਹੀਂ ਕਰ ਸਕੇ। ਕਿਸੇ ਨੇ ਦੂਰ-ਅੰਦੇਸ਼ੀ ਵਰਤ ਕੇ ਇਸ ਪਾਸੇ ਵੱਲ ਬਾਨ੍ਹਣੂ ਤਾਂ ਕੀ ਬੰਨ੍ਹਣੇ ਸਨ, ਸਗੋਂ ਇਸ ਅਮਲ ਦੇ ਰਸਤੇ ਵਿਚ ਬਾਕਾਇਦਾ ਰੁਕਾਵਟਾਂ ਪਾਈਆਂ ਗਈਆਂ। ਪੰਜਾਬ ਦੀ ਇਕ ਯੂਨੀਵਰਸਿਟੀ ਨੇ ਇਕ ਸੱਜਣ ਨੂੰ ਪੰਜਾਬੀ ਦੇ ਹਿਤਾਂ ਉੱਤੇ ਪਹਿਰਾ ਦੇਣ ਲਈ, ਇਕ ਚੁਥਾਈ [illegible] ਸ ਨੇ ਆਪਣਾ ਧਰਮ ਇਸੇ ਵਿਚ [illegible]

WWW.SIKHBOOKCLUB.COM 

ਕਿ ਕਿਸੇ ਨੂੰ ਪੰਜਾਬੀ ਦੇ ਲਾਗੇ ਹੀ ਨਾ ਲੱਗਣ ਦਿੱਤਾ ਜਾਵੇ। ਜਿਨ੍ਹਾ ਦਿਨਾਂ ਵਿਚ ਅਲਾਹਾਬਾਦ ਤੇ ਬਨਾਰਸ ਵਿੱਚੋਂ ਹਿੰਦੀ ਦੇ ਵਿਦਿਆਰਥੀ (ਜਿਹੜੇ ਹੁਣ ਸਾਰੇ ਭਾਰਤ ਦੀਆਂ ਯੂਨੀਵਰਸਿਟੀਆਂ ਉੱਤੇ ਛਾਏ ਹੋਏ ਹਨ) ਉੱਚੀਆਂ ਡਿਗਰੀਆਂ ਲੈ ਕੇ ਦਬਾ-ਦਬ ਪਾਸ ਹੋ ਰਹੇ ਸਨ, ਪੰਜਾਬੀ ਦਾ ਵੀਰ ਰਾਖਾ, ਸਲੋਤਰ ਫੜ ਕੇ, ਪੰਜਾਬੀ ਦੇ ਬੂਹੇ ਅੱਗੇ ਖੜਾ ਉਸ ਉੱਤੇ ਕਰੜਾ ਪਹਿਰਾ ਦੇ ਰਿਹਾ ਸੀ ਤਾਂ ਜੋ ਕੋਈ ਅੰਦਰ ਪੈਰ ਵੀ ਨਾ ਪਾ ਸਕੇ। ਇਸ ਨੀਤੀ ਦਾ ਫਲ ਜੋ ਨਿਕਲ ਸਕਦਾ ਸੀ ਉਹ ਸਪਸ਼ਟ ਹੈ ਕਿ ਪੰਜਾਬੀ ਭਾਸ਼ਾ ਦੇ ਨਾਂ ਉੱਤੇ, ਕੋਈ ਅੱਧਾ ਲੱਖ ਵਿਅਕਤੀਆਂ ਦੀ ਜੇਲ੍ਹ-ਯਾਤਰਾ ਤੇ ਕੁਰਬਾਨੀ ਪਿੱਛੋਂ ਬਣੀ ਯੂਨੀਵਰਸਿਟੀ, ਪੂਰੇ ਤਿੰਨ ਵਰ੍ਹੇ, ਕਿਸੇ ਪੰਜਾਬੀ ਪੜ੍ਹਾ ਸਕਣ ਵਾਲੇ ਆਚਾਰੀਆ ਦੀ ਭਾਲ ਵਿਚ ਯਭਕਦੀ ਫਿਰਦੀ ਰਹੀ। ਇਸ ਪਿਛੋਕੜ ਵਿਚ ਰੱਖ ਕੇ ਵੇਖਿਆਂ, ਇਸ ਗੱਲ ਉੱਤੇ ਪਸ਼ੇਮਾਨੀ ਨਹੀਂ ਹੋਣੀ ਚਾਹੀਦੀ ਕਿ ਸੁਯੋਗ ਤੇ ਸੁਸਿੱਖਿਅਤ ਵਿਦਵਾਨਾਂ ਦੀ ਥਾਂ ਅਜੇ ਵੀ ਨਿਰੇ ਹਿਤੈਸ਼ੀ ਹੀ ਕੰਮ ਸਾਰੀ ਜਾ ਰਹੇ ਹਨ ਤੇ ਵਿਸ਼ੇਸ਼ੱਗਾਂ ਦੀ ਥਾਂ ਬੁੱਤਾ ਸਾਰਨ ਵਾਲੇ ਸਾਂਭੀ ਬੈਠੇ ਹਨ। ਐਸੀ ਦਸ਼ਾ ਵਿਚ ਸ਼ਾਇਦ ਹਰ ਥਾਂ ਇਸੇ ਤਰ੍ਹਾਂ ਹੁੰਦਾ ਹੋਵੇਗਾ, ਪਰ ਅਸੀਂ ਸਮਝਦੇ ਹਾਂ ਕਿ ਜਿਨ੍ਹਾਂ ਨੂੰ ਸਮੇਂ ਨੇ ਇਸ ਵੇਲੇ ਰਾਜ-ਅਧਿਕਾਰ ਵਾਲੀਆਂ ਪਦਵੀਆਂ ਉੱਤੇ ਸਜਾਇਆ ਹੋਇਆ ਹੈ, ਜੇ ਉਨ੍ਹਾਂ ਕੋਲ ਅਸਲ ਵਿਦਵਤਾ ਦਾ ਸੰਕਲਪ ਤੇ ਉਸ ਦੀ ਸਰਬੰਗੀ ਘਾਟ ਦੀ ਚੇਤਨਾ ਹੀ ਨਾ ਹੋਈ ਤਾਂ ਸਾਡੀ ਬੋਲੀ ਦੇ ਭਵਿੱਖ ਦਾ ਕੀ ਬਣੇਗਾ?

ਵੈਸੇ ਤਾਂ ਹਰ ਅਧਿਆਪਕ ਆਪਣੀ ਜਮਾਤ ਦੇ ਛੋਟੇ ਜਿਹੇ ਘੇਰੇ ਵਿਚ ਪ੍ਰਤਿਨਿਧ ਵਿਦਵਾਨ ਹੁੰਦਾ ਹੈ, ਜਿਵੇਂ ਹਰ ਗ੍ਰੰਥੀ ਆਪਣੇ ਪਿੰਡ ਦੇ ਗੁਰਦੁਆਰੇ ਵਿਚ ਸਿੱਖ ਧਰਮ ਦਾ ਪ੍ਰਤਿਨਿਧ ਵਿਸ਼ੇਸ਼ੱਗ ਹੁੰਦਾ ਹੈ, ਪਰ ਜਿਨ੍ਹਾਂ ਵਿਦਵਾਨਾਂ ਨਾਲ ਕਿਸੇ ਭਾਸ਼ਾ ਦਾ ਕੱਦ-ਕਾਠ ਤੇ ਜਥ੍ਹਾ ਬਣਦਾ ਹੈ, ਜਿਹੋ ਜਿਹੇ ਦੀ ਵਿਦਿਆ ਦੀ ਅਪਾਰਤਾ ਨੂੰ ਸਾਡੇ ਲੋਕ 'ਸੂਰਜ' ਜਾਂ 'ਸਾਗਰ' ਨਾਲ ਉਪਮਾਉਂਦੇ ਆਏ ਹਨ, ਉਨ੍ਹਾਂ ਵਿਦਵਾਨਾਂ ਦੀ ਸਾਡੀ ਭਾਸ਼ਾ ਵਿਚ, ਸੱਚ-ਮੁੱਚ ਹੀ ਕਾਫ਼ੀ ਘਾਟ ਹੈ। ਬਲਵਾਨ ਚੇਤਾ; ਸ਼ਬਦ-ਸ਼ਕਤੀ ਤੇ ਉਸ ਦੀ ਬਚਿੱਤਰ ਅਰਥ-ਲੀਲ੍ਹਾ ਨੂੰ ਆਪਣੀ ਲੋੜ ਅਨੁਸਾਰ ਵਰਤਣ ਦੀ ਸੰਪੂਰਣ ਸਮਰੱਥਾ ਤੇ ਕੁਸ਼ਲਤਾ; ਭਰਪੂਰ, ਸਰਬ-ਪੱਖੀ ਤੇ ਨਿਸਚਿਤ ਜਾਣਕਾਰੀ; ਤੱਤ-ਚੁੰਬੀ, ਸਾਰ-ਗ੍ਰਾਹੀ ਬਿਰਤੀ; ਸਮੁੱਚੇ ਸਭਿਆਚਾਰਕ ਦ੍ਰਿਸ਼ ਦੀ ਨੀਂਹ ਵਿਚ ਚਿਣੀ ਦਾਰਸ਼ਨਿਕਤਾ; ਨਵੇਂ ਪੁਰਾਣੇ ਗਿਆਨ ਨੂੰ ਇਕ ਸੂਤਰ ਵਿਚ ਪਰੋ ਕੇ ਸੁਤੰਤਰ ਰਾਏ ਕਾਇਮ ਕਰ ਸਕਣ ਦੀ ਯੋਗਤਾ—ਇਹ ਹਨ ਵਿਦਵਾਨਾਂ ਦੇ ਕੁੱਝ ਪ੍ਰਤੱਖ ਗੁਣ। ਇਹ ਗੁਣ ਦਿਨਾਂ ਵਿਚ ਨਹੀਂ, ਵਰ੍ਹਿਆਂ-ਬੱਧੀ ਸਾਧਨਾ, ਕੁਰਬਾਨੀ ਤੇ ਕਮਾਈ ਪਿੱਛੋਂ ਪ੍ਰਾਪਤ ਹੁੰਦੇ ਹਨ। ਪੁਰਾਣੇ ਪੰਜਾਬ ਵਿਚ ਗੁਰੂਕੁਲਾਂ ਤੇ ਵਿਸ਼ਵ-ਵਿਦਿਆਲਿਆਂ ਕਰਕੇ ਵਿਦਿਆ-ਪ੍ਰਾਪਤੀ ਦਾ ਇਕ ਵਿਸ਼ੇਸ਼ ਮਾਹੌਲ ਹੁੰਦਾ ਸੀ, ਜਿਸ ਦੇ ਫਲ-ਸਰੂਪ ਧਰਮ-ਸ਼ਾਸਤਰ, ਵਿਆਕਰਣ, ਪਿੰਗਲ, ਕਾਨੂੰਨ, ਗਣਿਤ ਤੇ ਆਯੁਰਵੇਦ, ਆਦਿ ਦੇ ਖੇਤਰਾਂ ਵਿਚ ਅੱਡ ਅੱਡ ਪੱਧਤੀਆਂ ਚੱਲਦੀਆਂ ਸਨ, ਮਤ-ਮਤਾਂਤਰ ਇਕ ਦੂਜੇ ਦੀ ਪੁਣ-ਛਾਣ ਕਰਦੇ ਰਹਿੰਦੇ ਸਨ, ਨਵੀਆਂ ਤੇ ਦਲੇਰ ਸੋਚਾਂ ਸੋਚੀਆਂ ਜਾਂਦੀਆਂ ਸਨ। ਕਈ ਵਾਰੀ ਪ੍ਰਫੁਲਿਤ ਹੋਣ ਲਈ ਵਿਦਿਆ ਨੂੰ ਰਾਜ-ਦਰਬਾਰਾਂ ਵਿਚ ਵੀ ਹਾਜ਼ਰ ਹੋਣਾ ਪਿਆ, ਪਰ ਜਦੋਂ ਸਰਪ੍ਰਸਤੀ ਲਈ ਨਾ ਗੁਰੂਕੁਲ ਰਹੇ, ਨਾ ਵਿਸ਼ਵ-ਵਿਦਿਆਲੇ ਤੇ ਨਾ ਰਾਜ-ਦਰਬਾਰ ਹੀ, ਤਾਂ ਲੋਕਾਂ ਨੇ ਡੇਰਿਆਂ ਵਿਚ ਬੈਠੇ ਸਾਧੂਆਂ ਨੂੰ, ਅੰਨ-ਪਾਣੀ ਵੱਲੋਂ ਬੇਨਿਆਜ਼ ਕਰ ਕੇ, ਵਿਦਿਆ-ਪ੍ਰਾਪਤੀ ਲਈ ਉਤਸ਼ਾਹ ਤੇ ਵਿਹਲ ਦਿੱਤੀ, ਜਿਸ ਕਰਕੇ ਉਦਾਸੀਆਂ, ਨਿਰਮਲਿਆਂ, ਸੇਵਾ-ਪੰਥੀਆਂ ਵਰਗੀਆਂ [illegible] ਵਿਦਵਾਨ ਪੈਦਾ ਹੋਏ। ਇਹ [illegible]

WWW.SIKHBOOKCLUB.COM Page 178

ਵਿਦਿਆ ਪਿੱਛੇ ਜੀਵਨ-ਦਾਨ ਦੇਂਦੇ ਸਨ ਅਤੇ ਅਸਲੀ ਗੱਲ ਹੈ ਵੀ ਇਹੀ ਕਿ ਉੱਚ-ਕੋਟੀ ਦੀ ਵਿਦਵਤਾ, ਉਮਰ ਭਰ ਦੀ ਇਕ-ਪਰਤੀ ਲਗਨ, ਕਰੜੇ ਅਭਿਆਸ ਤੇ ਨਿਰੰਤਰ ਇਕਾਗਰਤਾ ਦਾ ਹੀ ਸਿੱਟਾ ਹੁੰਦੀ ਹੈ। ਵਿਦਿਆ ਦਾ ਅੰਤਿਮ ਪੜਾਉ ਕੋਈ ਨਹੀਂ ਹੁੰਦਾ, ਇਹ ਤਾਂ ਨਿਰੰਤਰ ਗਤੀ, ਨਿਰੰਤਰ ਖੋਜ, ਨਿਰੰਤਰ ਸਮਰਪਣ ਮੰਗਦੀ ਹੈ।

ਕੁੱਝ ਚਿਰ ਹੋਇਆ, ਸਾਨੂੰ ਜ਼ਿਲਾ ਸੰਗਰੂਰ ਦੇ ਇਕ ਨਿੱਕੇ ਜਿਹੇ ਪਿੰਡ 'ਜਨਾਲ' ਦੇ ਇਕ ਬ੍ਰਾਹਮਣ ਦੇਵਤੇ ਦੇ ਦਰਸ਼ਨਾਂ ਦਾ ਮੌਕਾ ਮਿਲਿਆ—ਤੇੜ ਇਕ ਛੋਟਾ ਜਿਹਾ ਪਰਨਾ, ਬਾਕੀ ਨੰਗ-ਧੜੰਗ; ਪੈਰ ਜੁੱਤੀਓਂ-ਵਾਹਣੇ; ਕੱਛ ਵਿਚ ਇਕ ਨਿੱਕੀ ਜਿਹੀ ਪੋਟਲੀ, ਜਿਸ ਵਿਚ ਇਕ ਦੋ ਪੋਥੀਆਂ ਤੇ ਇਕ ਧੋਤੀ; ਹਫ਼ਤੇ ਵਿਚ ਕੇਵਲ ਦੋ ਦਿਨ ਅੰਨ-ਆਹਾਰ, ਬਾਕੀ ਦਿਨ ਮੂੰਹ ਸੁੱਚਾ; ਉਮਰ ਪੰਜ ਘੱਟ ਸੱਤਰ ਵਰ੍ਹੇ; ਵਿਆਹ ਦੀ ਤਾਂ ਖ਼ੈਰ ਉਮਰ ਭਰ ਵਿਹਲ ਹੀ ਨਹੀਂ ਮਿਲੀ! ਸਾਰਾ ਘਰ ਸੰਸਕ੍ਰਿਤ, ਹਿੰਦੀ ਤੇ ਪੰਜਾਬੀ ਦੀਆਂ ਹੱਥ-ਲਿਖਤਾਂ ਤੇ ਪ੍ਰਕਾਸ਼ਨਾਂ ਨਾਲ ਇਤਨਾ ਜ਼ਿਆਦਾ ਤੂਸਿਆ ਹੋਇਆ ਕਿ ਭਰਾ, ਭਰਜਾਈ ਤੇ ਉਨ੍ਹਾਂ ਦੀ ਲਾਮ-ਡੋਰ ਦੇ ਵੱਸਣ ਲਈ ਥਾਂ ਹੀ ਕੋਈ ਨਹੀਂ ਸੀ ਰਹੀ, ਸੋ 'ਵਿਹਲੜ' ਤੇ 'ਪਾਗਲ' ਪੰਡਿਤ ਜੀ ਨੂੰ, ਘਰ ਦੇ ਛੰਦ ਸੁਣਨ ਤੋਂ ਬਚਣ ਲਈ, ਚਕ੍ਰਵਰਤੀ ਹੋਣਾ ਪਿਆ ਸੀ। ਪੰਡਿਤ ਜੀ ਨੇ ਦੱਸਿਆ, "ਮੈਂ ਆਪਣੇ 65 ਵਰ੍ਹਿਆਂ ਵਿੱਚੋਂ 55 ਵਰ੍ਹੇ ਵਿਦਿਆ ਸੰਚਿਤ ਕਰਨ ਉੱਤੇ ਲਾਏ ਹਨ, ਰਹਿੰਦੀ ਵੀ ਏਸੇ ਕੰਮ ਉੱਤੇ ਹੀ ਲੱਗੇਗੀ।" ਗੱਲ-ਬਾਤ ਕਰ ਕੇ ਇਉਂ ਲਗਦਾ ਸੀ ਜਿਵੇਂ ਸਾਰੀ ਗਿਆਤ ਸੰਸਕ੍ਰਿਤ ਵਿਦਿਆ ਇੱਕੋ ਬੰਦੇ ਦੇ ਢਿੱਡ ਵਿਚ ਸਾਂਭੀ ਪਈ ਹੈ। ਪੰਡਿਤ ਜੀ ਨੂੰ ਮਿਲ ਕੇ ਸਮਝ ਪੈ ਜਾਂਦੀ ਸੀ ਕਿ ਵਿਦਿਆ ਦੇ ਪਾਰਾਵਾਰ ਨਾ ਹੋਣ ਦਾ ਕੀ ਅਰਥ ਹੁੰਦਾ ਹੈ। ਪੰਡਿਤ ਜੀ ਵਰਗੀ ਲਗਨ ਹੀ ਮਹਾ ਵਿਦਵਾਨ ਤਿਆਰ ਕਰਦੀ ਹੈ ਤੇ ਕਿਸੇ ਮਹਾ ਵਿਦਵਾਨ ਦਾ ਮੇਲ, ਜੀਵਨ ਦਾ ਇਕ ਅਮੋਲਕ ਅਨੁਭਵ ਤੇ ਅਭੁੱਲ ਤਜਰਬਾ ਹੁੰਦਾ ਹੈ। ਜਿਸ ਕਿਸੇ ਨੇ ਸੁਰਗਵਾਸੀ ਸ੍ਰੀ ਰਾਹੁਲ ਸੰਕ੍ਰਿਤਜਾਯਨ, ਸ੍ਰੀ ਜਿਨ ਮੁਨੀ, ਡਾ. ਗੋਪੀ ਚੰਦ੍ਰ, ਡਾ. ਸੁਨੀਤੀ ਕੁਮਾਰ ਚੈਟਰਜੀ ਜਾਂ ਡਾ. ਦਾਮੋਦਰ ਕੋਸਾਂਭੀ, ਆਦਿ ਨੂੰ ਮਿਲ ਕੇ ਆਪਣੇ ਜੀਵਨ ਦੇ ਕੁੱਝ ਪਲ ਸਫਲ ਕੀਤੇ ਹਨ, ਉਹ ਅਨੁਮਾਨ ਲਾ ਸਕਦੇ ਹਨ ਕਿ ਪੰਜਾਬੀ ਦੇ ਖੇਤਰ ਵਿਚ ਦੀਰਘ ਤੇ ਵਿਸ਼ਾਲ ਵਿਦਵਤਾ ਦੀ ਘਾਟ ਕਰਕੇ ਅਸੀਂ ਕਿਨ੍ਹਾਂ ਚਾਨਣ-ਮੁਨਾਰਿਆਂ ਤੋਂ ਵਾਂਝੇ ਰਹਿ ਰਹੇ ਹਾਂ। ਬੰਗਲਾ, ਮਰਾਠੀ, ਗੁਜਰਾਤੀ, ਉਰਦੂ ਤੇ ਹਿੰਦੀ ਵਿਚ ਅਜੇਹੀ ਲਗਨ ਤੇ ਸਾਧਨਾ ਵਾਲੇ ਕੁੱਝ ਸਿਰੇ ਦੇ ਵਿਦਵਾਨ ਮੌਜੂਦ ਹਨ ਤੇ ਅੱਗੋਂ ਦੀਵੇ ਤੋਂ ਦੀਵਾ ਵੀ ਜਗ ਰਿਹਾ ਹੈ, ਪਰ ਪੰਜਾਬੀ ਬਾਰੇ ਸਾਨੂੰ ਇਸੇ ਤਰ੍ਹਾਂ ਦਾ ਦਾਅਵਾ ਕਰਦਿਆਂ ਅਜੇ ਝਾਕਾ ਆਉਂਦਾ ਹੈ।

ਸਰਵੱਗਤਾ ਦੇ ਲੱਛਣਾਂ ਵਾਲੀ ਵਿਦਵਤਾ ਦੀ ਆਪਣੀ ਹੀ ਇਕ ਸ਼੍ਰੇਣੀ ਹੈ ਤੇ ਉਸ ਦਾ ਅਸਥਾਨ ਵੀ ਆਪਣਾ ਹੀ ਹੈ। ਇਹ ਜ਼ਰੂਰੀ ਨਹੀਂ ਕਿ ਉਹ ਮਨਜ਼ੂਰ-ਸ਼ੁਦਾ ਵਿਦਿਆਲਿਆਂ ਵਿਚ ਹੀ ਪੈਦਾ ਹੋਵੇ, ਪਰ ਇਸ ਤੋਂ ਬਿਨਾਂ ਇਕ ਹੋਰ ਓਨੀ ਹੀ ਆਦਰਜੋਗ ਸ਼੍ਰੇਣੀ ਹੈ ਜਿਹੜੀ ਤਨ, ਮਨ ਤੇ ਧਨ ਅਰਪਿਤ ਕਰ ਕੇ ਵਿਦਿਆ ਦੇ ਕਿਸੇ ਵਿਸ਼ੇਸ਼ ਤੇ ਸੀਮਿਤ ਖੇਤਰ ਵਿਚ ਪ੍ਰਬੀਨਤਾ ਪ੍ਰਾਪਤ ਕਰਦੀ ਹੈ। ਇਸ ਸ਼੍ਰੇਣੀ ਦੀ ਉਪਜ ਵਿਚ ਸਭ ਤੋਂ ਵੱਧ ਸੇਵਾ ਖੋਜਸ਼ਾਲਾਵਾਂ ਜਾਂ ਵਿਸ਼ਵ-ਵਿਦਿਆਲਿਆਂ ਨੇ ਕੀਤੀ ਹੈ, ਜੋ ਵਿਦਿਆ ਦੀ ਸਰਪ੍ਰਸਤੀ ਵਜੋਂ, ਸਾਡੇ ਨਵੇਂ ਗੁਰੂਕੁਲ ਵੀ ਹਨ ਤੇ ਨਵੇਂ ਰਾਜ-ਦਰਬਾਰ ਵੀ। ਸਾਡਾ ਵਿਸ਼ਵਾਸ ਹੈ ਕਿ ਜਿੰਨੀ ਦੇਰ ਪੰਜਾਬ ਦੇ ਵਿਸ਼ਵ-ਵਿਦਿਆਲੇ, ਪੰਜਾਬੀ ਵਿਚ ਇਸ ਪ੍ਰਕਾਰ ਦੀ ਉਚੇਰੀ ਵਿਦਿਆ-ਪ੍ਰਾਪਤੀ ਵਾਸਤੇ ਸਾਜ਼ਗਾਰ ਹਾਲਾਤ ਪੈਦਾ ਨਹੀਂ ਕਰਦੇ, ਵਿਦਵਾਨਾਂ ਦੀ ਘਾਟ, ਪੰਜਾਬੀ ਦੀ ਉੱਨਤੀ ਦੇ ਰਾਹ ਵਿਚ [illegible] ਵਿਦਵਾਨਾਂ ਦੀ ਲੜੀ ਦੇ ਕਾਇ[illegible]

WWW.SIKHBOOKCLUB.COM

ਸਿੱਧਾ ਸੰਬੰਧ ਪੰਜਾਬ ਦੇ ਵਿਸ਼ਵ-ਵਿਦਿਆਲਿਆਂ ਜਾਂ ਖੋਜ-ਕੇਂਦਰਾਂ ਵਿਚ ਸੀਮਿਤ, ਨਿਸਚਿਤ ਵਿਸ਼ਿਆਂ ਉੱਪਰ ਬੱਝਵੇਂ ਅਧਿਐਨ ਤੇ ਬਾਕਾਇਦਾ ਖੋਜ ਦੀਆਂ ਸਹੂਲਤਾਂ ਨਾਲ ਹੈ। ਇਹ ਸਹੂਲਤਾਂ ਜਿੰਨੀਆਂ ਵੱਧ ਹੋਣਗੀਆਂ, ਓਨੀ ਹੀ ਇਸ ਘਾਟ ਦੇ ਛੇਤੀ ਪੂਰੇ ਜਾਣ ਦੀ ਆਸ ਬੱਝ ਸਕਦੀ ਹੈ।

ਇਸ ਵੇਲੇ ਪੰਜਾਬੀ ਵਿਚ ਉਚੇਰੀ ਖੋਜ ਦਾ ਕੁੱਝ ਪ੍ਰਬੰਧ ਪੰਜਾਬ, ਹਰਿਆਣੇ ਤੇ ਦਿੱਲੀ ਦੇ ਵਿਸ਼ਵ-ਵਿਦਿਆਲਿਆਂ ਵਿਚ ਮੌਜੂਦ ਹੈ। ਇਹ ਦੋ ਤਰ੍ਹਾਂ ਦਾ ਹੈ। ਇਕ ਢੰਗ ਪੱਲਿਓਂ ਵਜ਼ੀਫ਼ੇ ਦੇ ਕੇ ਕਿਸੇ ਨਿਸਚਿਤ ਵਿਸ਼ੇ ਉੱਤੇ ਖੋਜ ਕਰਾਉਣ ਦਾ ਹੈ, ਦੂਜਾ ਕਿਸੇ ਨੂੰ ਪਰਵਾਨ ਵਿਸ਼ੇ ਉੱਤੇ ਘਰ ਬੈਠਿਆਂ ਖੋਜ ਕਰਨ ਦੀ ਆਗਿਆ ਦੇਣ ਦਾ। ਸਪਸ਼ਟ ਹੈ ਕਿ ਮਾਇਕ ਇਮਦਾਦ ਦੇ ਕੇ ਕੰਮ ਕਰਾਉਣ ਵਿਚ ਅਧਿਆਪਕ ਤੇ ਵਿਦਿਆਰਥੀ ਦੁਹਾਂ ਦੀ ਵਧੇਰੇ ਤਸੱਲੀ ਹੋ ਸਕਦੀ ਹੈ ਤੇ ਖੋਜ ਦੀ ਪੱਧਰ ਦੇ ਉਚੇਰੇ ਹੋਣ ਦੀ ਸੰਭਾਵਨਾ ਵੀ ਵੱਧ ਹੁੰਦੀ ਹੈ ਪਰ ਪੰਜਾਬ, ਹਰਿਆਣੇ ਤੇ ਦਿੱਲੀ ਦੇ ਵਿਸ਼ਵ-ਵਿਦਿਆਲਿਆਂ, ਯੂ.ਜੀ.ਸੀ. ਤੇ ਸਰਕਾਰ ਦੇ ਭਾਸ਼ਾ ਵਿਭਾਗ, ਆਦਿ ਦੇ ਇਸ ਤਰ੍ਹਾਂ ਦੇ ਸਾਰੇ ਵਜ਼ੀਫ਼ਿਆਂ ਦੀ ਗਿਣਤੀ ਰਲਾ-ਮਿਲਾ ਕੇ ਤਿੰਨ ਚਾਰ ਹੀ ਬਣਦੀ ਹੈ। ਇਕ ਵਜ਼ੀਫ਼ੇ ਦੀ ਮਿਆਦ, ਆਮ ਤੌਰ ਉੱਤੇ, ਦੋ ਸਾਲ ਦੀ ਹੁੰਦੀ ਹੈ ਪਰ ਨਿਗਰਾਨ ਦੀ ਸਿਫ਼ਾਰਸ਼ ਉੱਤੇ ਇਸ ਸਮੇਂ ਨੂੰ ਵਧਾਇਆ ਵੀ ਜਾ ਸਕਦਾ ਹੈ। ਸੋ ਵਰਤਮਾਨ ਦਸ਼ਾ ਇਹ ਹੈ ਕਿ ਜੇ ਖੋਜ ਲਈ ਇਸ ਵਰ੍ਹੇ ਤਿੰਨ ਉਮੀਦਵਾਰਾਂ ਨੂੰ ਵਜ਼ੀਫ਼ੇ ਮਿਲ ਗਏ ਹੋਣ ਤਾਂ ਅਗਲੇ ਤਿੰਨ ਵਰ੍ਹੇ ਇਨ੍ਹਾਂ ਵਿਦਿਆਰਥੀਆਂ ਦੀ ਨਵੀਂ ਭਰਤੀ ਬੰਦ ਰਹੇਗੀ। ਸਾਡਾ ਤਜਰਬਾ ਤਾਂ ਸਗੋਂ ਇਹ ਹੈ ਕਿ ਇਹ ਕੱਛੂ-ਚਾਲ ਵੀ ਬਾਕਾਇਦਾ ਨਹੀਂ ਚੱਲਦੀ, ਕਿਉਂਕਿ ਜਿਸ ਨੂੰ ਵਜ਼ੀਫ਼ਾ ਮਿਲਦਾ ਹੈ ਉਹ ਇਸ ਨੂੰ ਕਾਲਜ ਦੀ ਨੌਕਰੀ ਦੇ ਰਾਹ ਵਿਚ ਇਕ ਦਮਦਮੇ ਵਜੋਂ ਹੀ ਵਰਤਦਾ ਹੈ। ਸਾਡੀ ਵਾਕਫ਼ੀ ਅਨੁਸਾਰ, ਹੁਣ ਤਕ, ਯੂਨੀਵਰਸਿਟੀਆਂ ਦੇ ਇਕ ਅੱਧ ਵਜ਼ੀਫ਼ਾਖ਼ਾਰ ਨੇ ਹੀ ਖੋਜ ਪੂਰੀ ਕੀਤੀ ਹੈ, ਬਾਕੀ ਸਭ ਵਿੱਚੇ ਛੱਡ ਜਾਂਦੇ ਰਹੇ ਹਨ। ਇਹੀ ਹਾਲ ਭਾਸ਼ਾ ਵਿਭਾਗ ਤੇ ਯੂ.ਜੀ.ਸੀ. ਦੇ ਵਜ਼ੀਫ਼ਿਆਂ ਦਾ ਰਿਹਾ ਹੈ। ਇਸ ਲਈ ਪੰਜਾਬ ਦੇ ਸ਼ਾਨਦਾਰ ਭਵਿੱਖ ਦੇ ਸੁਫ਼ਨੇ ਲੈਣ ਵਾਲੇ ਸੁਸਿੱਖਿਅਤ ਲੋਕਾਂ ਨੂੰ ਉਚੇਰੀ ਸਿੱਖਿਆ ਦੇ ਇਸ ਪੱਖ ਵੱਲ, ਜੋ ਪੰਜਾਬੀ ਭਾਸ਼ਾ ਦੇ ਖੇਤਰ ਵਿਚ ਵਿਦਵਤਾ ਦੇ ਪ੍ਰਵੇਸ਼ ਵਾਲੇ ਮਸਲੇ ਨਾਲ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ, ਤਿੱਖਾ ਤੇ ਫ਼ੌਰੀ ਧਿਆਨ ਦੇਣ ਦੀ ਲੋੜ ਹੈ, ਤਾਂ ਜੋ ਸਾਡੀ ਘਾਟ ਨੂੰ ਛੇਤੀ ਪੂਰਿਆਂ ਕਰਨ ਵਾਲਾ ਇਹ ਸੰਸਥਾਗਤ ਪ੍ਰਬੰਧ ਵਧੇਰੇ ਫਲਦਾਇਕ ਹੋ ਸਕੇ। ਸਾਡੇ ਵਿਚਾਰ ਵਿਚ ਕੁੱਝ ਅੜਿੱਕੇ, ਜਿਨ੍ਹਾਂ ਨੇ ਇਸ ਯੋਜਨਾ ਨੂੰ ਸਫਲ ਨਹੀਂ ਹੋਣ ਦਿੱਤਾ, ਇਹ ਹਨ:

(i) ਖੋਜਕਾਰਾਂ ਦੀ ਚੋਣ ਵੇਲੇ ਯੋਗਤਾ ਦੀ ਥਾਂ ਸਿਫ਼ਾਰਸ਼ ਜਾਂ ਹੋਰ ਅਣਸੰਬੰਧਿਤ ਗੱਲਾਂ ਦੀ ਵਧੇਰੇ ਪੁੱਛ-ਪ੍ਰਤੀਤ;

(ii) ਖੋਜ-ਵਿਸ਼ੇ ਦੀ ਚੋਣ ਵਿਚ ਉਮੀਦਵਾਰ ਦੀ ਸਮਰੱਥਾ ਜਾਂ ਰੁਚੀ ਨੂੰ ਅਜ਼ਮਾਏ ਬਿਨਾਂ ਉਸ ਉੱਤੇ ਅਧਿਕਾਰੀਆਂ ਦੇ ਮਨ-ਪਸੰਦ ਵਿਸ਼ੇ ਥੋਪਣ ਦੀ ਕਾਹਲ;

(iii) ਵਿਸ਼ਵ-ਵਿਦਿਆਲਿਆਂ ਵਿਚ ਉਚੇਰੀ ਖੋਜ ਬਾਰੇ ਬਣੇ ਨਿਯਮਾਂ ਵਿਚ ਲਚਕ ਦੀ ਅਣਹੋਂਦ;

(iv) ਯੋਗ ਤੇ ਹਮਦਰਦ ਅਗਵਾਈ ਅਤੇ ਖੋਜ-ਮਾਹੌਲ ਦੀ ਘਾਟ; ਅਤੇ

(v) ਵਿਸ਼ਵ-ਵਿਦਿਆਲਿਆਂ ਦੀਆਂ ਪ੍ਰਬੰਧਕੀ ਸਮਿਤੀਆਂ ਵਿਚ ਪੰਜਾਬੀ-ਮੁਖੀ ਮੈਂਬਰਾਂ ਦਾ ਅਭਾਵ, ਆਦਿ।

WWW.SIKHBOOKCLUB.COM 

ਜੋ ਕੁੱਝ ਹੋ ਚੁੱਕਾ ਹੈ, ਉਸ ਨੂੰ ਨਿੰਦਣ ਵਿਚ ਵਕਤ ਜ਼ਾਇਆ ਕਰਨ ਦੀ ਲੋੜ ਨਹੀਂ, ਉਂਝ

ਚੰਗਾ ਹੀ ਹੋਇਆ ਹੈ, ਕਿਉਂਕਿ ਬਹੁਤ ਮਜਬੂਰੀਆਂ ਵਿਚ ਹੋਇਆ ਹੈ, ਪਰ ਜਿਹੜੀਆਂ ਮਜਬੂਰੀਆਂ ਅੱਗੇ ਸਨ, ਹੁਣ ਉਹ ਘੱਟ ਹੀ ਹੋਈਆਂ ਹਨ, ਵਧੀਆਂ ਨਹੀਂ, ਇਸ ਲਈ ਮੌਜੂਦ ਸਹੂਲਤਾਂ ਦਾ ਪੰਜਾਬੀ ਨੂੰ ਪੂਰਾ ਲਾਭ ਪਹੁੰਚਣਾ ਹੀ ਚਾਹੀਦਾ ਹੈ। ਜਿਹੜੇ ਕਾਰਨ, ਅੱਗੇ, ਵਿਸ਼ਵ-ਵਿਦਿਆਲਿਆਂ ਵਿਚ ਵਿਸ਼ੇਸ਼ੱਗਾਂ ਦੀ ਉਪਜ ਦੇ ਰਾਹ ਵਿਚ ਅੜਿੱਕਾ ਬਣੇ ਰਹੇ ਹਨ ਉਨ੍ਹਾਂ ਨੂੰ ਸੂਝ, ਹਮਦਰਦੀ ਤੇ ਦੂਰ-ਅੰਦੇਸ਼ੀ ਨਾਲ, ਪਰ ਛੇਤੀ ਦੂਰ ਕਰਨਾ, ਵਿਸ਼ਵ-ਵਿਦਿਆਲਿਆਂ ਦੇ ਅਧਿਕਾਰੀਆਂ ਤੇ ਅਧਿਆਪਕਾਂ ਦਾ ਕੰਮ ਹੈ। ਪਰ ਜੇ ਅੱਗੇ ਵਾਂਗ ਓਥੇ ਕੋਤਾਹੀ ਹੁੰਦੀ ਦਿੱਸੇ ਤਾਂ ਜਾਗ੍ਰਿਤ ਲੋਕ-ਰਾਏ ਦੀ ਤਿਖੇਰੀ ਵਰਤੋਂ ਹਾਲਾਤ ਨੂੰ ਨੁੱਕ ਸਿਰ ਕਰਨ ਵਿਚ ਸਹਾਈ ਹੋ ਸਕਦੀ ਹੈ। ਜੋ ਕੁੱਝ ਅੱਗੇ ਹੁੰਦਾ ਰਿਹਾ ਹੈ, ਉਹ ਕਾਫ਼ੀ ਨਹੀਂ ਹੈ। ਆਪਣੇ ਪਛੜੇਵੇਂ ਨੂੰ ਦੂਰ ਕਰਨ ਲਈ, ਬਹੁਤਾ ਪੈਂਡਾ ਥੋੜੇ ਚਿਰ ਵਿਚ ਕੱਛਣ ਤੋਂ ਬਿਨਾਂ ਸਾਡਾ ਗੁਜ਼ਾਰਾ ਨਹੀਂ। ਸਾਡੀ ਇੱਛਾ ਹੈ ਕਿ ਵਿਦਵਤਾ ਦੀ ਉਪਜ ਲਈ ਬਾਹਰਲੇ ਹਾਲਾਤ ਨੂੰ ਅਸੀਂ ਜਿੰਨਾ ਵੱਧ ਸਾਜ਼ਗਾਰ ਬਣਾ ਸਕਦੇ ਹੋਈਏ, ਬਣਾਉਣ ਵਿਚ ਢਿੱਲ ਨਹੀਂ ਹੋਣੀ ਚਾਹੀਦੀ। ਮਸਲਨ :

(ੳ) ਪੰਜਾਬ ਵਿਸ਼ਵ-ਵਿਦਿਆਲੇ ਵਿਚ, ਘੱਟ ਤੋਂ ਘੱਟ, ਪੰਜ ਪੰਜ ਵਿਦਿਆਰਥੀ, ਫ਼ੀ ਵਰ੍ਹੇ ਦੇ ਹਿਸਾਬ ਨਾਲ, ਉਚੇਰੀ ਖੋਜ ਵਾਲੇ ਪ੍ਰੋਗਰਾਮ ਵਿਚ ਭਰਤੀ ਕੀਤੇ ਜਾਣ। ਤਿੰਨਾਂ ਵਰ੍ਹਿਆਂ ਦੇ ਅੰਦਰ-ਅੰਦਰ ਪਹਿਲਾ ਪੂਰ ਆਪਣਾ ਕੰਮ ਮੁਕਾ ਲਵੇਗਾ ਤੇ ਨਵੇਂ ਪੰਜਾਂ ਲਈ ਥਾਂ ਖ਼ਾਲੀ ਕਰ ਦੇਵੇਗਾ। ਇਸ ਤਰ੍ਹਾਂ ਹਰ ਵਰ੍ਹੇ ਪੰਜ ਵਿਦਿਆਰਥੀ ਪੰਜਾਬ ਯੂਨੀਵਰਸਿਟੀ ਵਿਚ ਉਚੇਰੀ ਖੋਜ ਦੇ ਕੰਮ ਉੱਤੇ ਲਾਏ ਜਾ ਸਕਿਆ ਕਰਨਗੇ। ਇਸ ਵੇਲੇ ਇਕ ਵਿਦਿਆਰਥੀ ਨੂੰ 250 ਰੁਪੈ ਮਾਹਵਾਰ ਮਿਲਦੇ ਹਨ, ਪੰਜ ਵਿਦਿਆਰਥੀਆਂ ਉੱਤੇ ਕੁੱਲ 1250 ਰੁਪੈ ਮਹੀਨਾ ਜਾਂ ਕੇਵਲ 15000 ਰੁਪੈ ਸਾਲਾਨਾ ਦਾ ਖ਼ਰਚ ਬਣਦਾ ਹੈ ਤੇ ਤਿੰਨ ਵਰ੍ਹਿਆਂ ਦਾ ਮਿਲਾ ਕੇ ਸਿਰਫ਼ 45000 ਰੁਪੈ ਦਾ। 45000 ਰੁਪੈ ਦੀ ਲਾਗਤ ਵਾਲੀ ਇਹ ਯੋਜਨਾ ਜੇ ਸਾਨੂੰ ਹਰ ਵਰ੍ਹੇ ਪੰਜਾਬੀ ਦੇ ਪੰਜ ਚੰਗੇ ਵਿਦਿਆਰਥੀ ਤਿਆਰ ਕਰ ਦੇਵੇ, ਜੋ ਆਪਣੇ ਆਪਣੇ ਸੀਮਿਤ ਖੇਤਰ ਵਿਚ ਵਿਸ਼ੇਸ਼ੱਗ ਹੋਣ ਤੇ ਜਿਨ੍ਹਾਂ ਵਿੱਚੋਂ ਕੁੱਝ ਨੂੰ ਸ਼ਾਇਦ ਅੱਗੇ ਤੋਂ ਅਗੇਰੇ ਵਧਣ ਦੀ ਕਾਫ਼ੀ ਚੇਟਕ ਵੀ ਲੱਗੀ ਹੋਵੇ, ਤਾਂ ਅਸੀਂ ਇਸ ਨੂੰ ਮਹਿੰਗਾ ਸੌਦਾ ਨਹੀਂ ਸਮਝਾਂਗੇ।

(ਅ) ਪੰਜਾਬੀ ਵਿਸ਼ਵ-ਵਿਦਿਆਲਾ, ਪਟਿਆਲਾ, ਏਲਾਨੀਆ ਤੌਰ ਉੱਤੇ, ਪੰਜਾਬੀ ਭਾਸ਼ਾ ਤੇ ਸਾਹਿੱਤ ਦੀ ਉੱਨਤੀ ਦਾ ਉੱਦੇਸ਼ ਲੈ ਕੇ ਹੋਂਦ ਵਿਚ ਆਇਆ ਹੈ। ਇਸ ਦੇ ਅਧਿਕਾਰੀਆਂ ਨੂੰ, ਕੇਵਲ ਪੰਜਾਬ ਵਿਸ਼ਵ-ਵਿਦਿਆਲੇ ਜਿੰਨੀ ਰਕਮ ਖ਼ਰਚ ਕਰਨ ਦੀ ਪ੍ਰੇਰਨਾ ਦੇ ਕੇ, ਅਸੀਂ ਉਨ੍ਹਾਂ ਦੇ ਜਨਮ ਦੇ ਮਨੋਰਥ ਦੀ ਹੱਤਕ ਨਹੀਂ ਕਰ ਸਕਦੇ। ਇਸ ਲਈ ਇਨ੍ਹਾਂ ਪਾਸੋਂ ਤਾਂ ਅਸੀਂ ਇਹੀ ਆਸ ਕਰਦੇ ਹਾਂ ਕਿ ਇਹ, ਉੱਪਰਲੇ ਹਿਸਾਬ ਨਾਲ, ਕੇਵਲ 105000 ਰੁਪੈ ਦੀ ਲਾਗਤ ਨਾਲ, ਹਰ ਵਰ੍ਹੇ, 11 ਖੋਜ-ਵਿਦਿਆਰਥੀ ਭਰਤੀ ਕਰਨ ਦੀ ਯੋਜਨਾ ਤਿਆਰ ਕਰਨ।

(ੲ) ਵਿਸ਼ਵ-ਵਿਦਿਆਲਿਆਂ, ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ; ਗੁਰੂ ਨਾਨਕ ਫ਼ਾਊਂਡੇਸ਼ਨ; ਗੁਰੂ ਗੋਬਿੰਦ ਸਿੰਘ ਫ਼ਾਊਂਡੇਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਅਜਿਹੀਆਂ ਸੰਸਥਾਵਾਂ ਨੂੰ ਨਿਸਚਿਤ ਵਿਸ਼ਿਆਂ ਉੱਤੇ ਇਸ ਤਰ੍ਹਾਂ ਦੀਆਂ ਛੋਟੀਆਂ-ਛੋਟੀਆਂ ਯੋਜਨਾਵਾਂ ਸ਼ੁਰੂ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਖੋਜ ਦਾ ਘੇਰਾ ਨਿਰੰਤਰ ਵਧਦਾ ਰਹੇ। ਮਸਲਨ, ਇਕ ਸੰਸਥਾ ਕੇਵਲ ਗੁਰੂ ਨਾਨਕ ਸਾਹਿਬ ਦੀ ਜਨਮ-ਸਾਖੀ ਤੇ ਉਸ ਨਾਲ ਸੰਬੰਧਿਤ ਸਮੱਸਿਆਵਾਂ ਨਜਿੱਠਣ ਦਾ ਕੰਮ ਅਪਣਾ ਲਵੇ ਤੇ ਸ਼ੁਰੂ ਵਿਚ ਪ੍ਰਬੰਧ ਭਾਵੇਂ ਕੇਵਲ ਦੋ ਖੋਜੀਆਂ ਦਾ ਹੀ ਹੋਵੇ, ਪਰ ਇਹ ਸਕੀਮ ਦੋ ਚਾਰ ਸਾਲ ਵਿਚ ਬੰਦ ਨਾ ਹੋ ਜਾਵੇ, ਸਗੋਂ ਤੁਰਦੀ ਰਹੇ; [illegible] ਤੇ ਉਸ ਦੇ ਸੰਪਾਦਨ ਤੇ ਪ੍ਰਕਾਸ਼ਨ [illegible]

WWW.SIKHBOOKCLUB.COM Page 181

ਸੁਤੰਤਰ, ਪੱਕੀ ਸੰਸਥਾ ਹੋਵੇ; ਪੰਜਾਬੀ ਦੀਆਂ ਉਪ-ਭਾਸ਼ਾਵਾਂ ਦੀ ਸੰਭਾਲ ਤੇ ਪੁਣ-ਛਾਣ ਲਈ ਅੱਡ ਪੱਕੀ ਸੰਸਥਾ; ਲੋਕ-ਸਾਹਿੱਤ ਦੀ ਸੰਭਾਲ ਤੇ ਪ੍ਰਸਾਰ ਲਈ ਇਕ ਹੋਰ ਪੱਕੀ ਸੰਸਥਾ, ਆਦਿ। ਇਹ ਸੰਸਥਾਵਾਂ ਕੇਵਲ ਸੁਝਾ-ਮਾਤਰ ਹਨ, ਵੈਸੇ ਇਸ ਤਰ੍ਹਾਂ ਦੀਆਂ ਬੜੀਆ ਸੰਸਥਾਵਾਂ ਸਥਾਪਿਤ ਹੋ ਸਕਦੀਆਂ ਹਨ। ਇਸ ਤਰ੍ਹਾਂ ਦੀਆਂ ਸੰਸਥਾਵਾਂ ਛੋਟੀਆਂ ਬੇਸ਼ੱਕ ਹੋਣ ਪਰ ਖੋਜ-ਕੇਂਦਰਾਂ ਦੀ ਉੱਚੀ ਤੋਂ ਉੱਚੀ ਕਸਵੱਟੀ ਉੱਤੇ ਪੂਰੀਆਂ ਉਤਰਨ ਵਾਲੀਆਂ ਹੋਣੀਆਂ ਚਾਹੀਦੀਆਂ ਹਨ। ਇਸ ਤਰ੍ਹਾਂ ਦੀਆਂ ਸੰਸਥਾਵਾਂ ਨਿਸਚਿਤ ਮਜ਼ਮੂਨਾਂ ਉੱਤੇ ਖੋਜ ਦਾ ਕੇਂਦ੍ਰਿਤ ਚਾਨਣ ਪਾਉਣ ਤੋਂ ਛੁੱਟ, ਹੌਲੀ ਹੌਲੀ, ਵਿਦਵਾਨਾਂ ਦੀ ਖਪਤ ਦਾ ਵੀ ਇਕ ਆਦਰਜੋਗ ਸਾਧਨ ਬਣ ਜਾਣਗੀਆਂ।

ਪੰਜਾਬੀ ਲੋਕਾਂ ਵਿਚ ਵਿਦਿਆ ਦੇ ਆਦਰ ਦੀ ਪਰੰਪਰਾ ਬੜੀ ਪੁਰਾਣੀ ਹੈ। ਅਸੀਂ ਸ਼ਬਦ ਨੂੰ ਪੂਜਣ, ਪੋਥੀ ਦੀ ਸਹੁੰ ਖਾਣ ਤੇ ਚੰਡੀ ਨੂੰ ਵੀ ਸਰਸਵਤੀ ਰਾਹੀਂ ਪ੍ਰਸੰਨ ਕਰਨ ਵਾਲੇ ਜੀਉੜੇ ਹਾਂ। ਇਸ ਲਈ ਜਿਵੇਂ ਏਸ ਆਦਰ ਤੇ ਅਦਬ ਦੀ ਆਦਤ ਹੇਠ ਸਾਡੇ ਅਨਪੜ੍ਹ ਲੋਕ, ਗੁਰਮੁਖੀ ਜਾਂ 'ਸ਼ਾਸਤ੍ਰੀ' ਵਿਚ ਲਿਖੇ ਕਿਸੇ ਪਾਟੇ ਪੁਰਾਣੇ ਪੁਰਜ਼ੇ ਨੂੰ ਵੀ, ਬਿਨਾਂ ਉਸ ਦਾ ਵੇਰਵਾ ਜਾਣੇ, ਸਿਰ ਅੱਖਾਂ ਉੱਤੇ ਟਿਕਾਉਂਦੇ ਆਏ ਹਨ, ਏਸੇ ਤਰ੍ਹਾਂ ਸਾਡੇ ਪੜ੍ਹੇ-ਲਿਖੇ ਲੋਕ, ਆਪਣੇ ਉਦਾਰ ਵਿਦਿਆ-ਹਿਤ ਦੇ ਕਾਰਨ, ਸਰਸਰੀ, ਸਤਹੀ, ਤਰਦੇ ਤਰਦੇ ਤੇ ਪਰਾਧਾਰਿਤ ਕੰਮ ਨੂੰ ਡੂੰਘੀ ਤੇ ਮੌਲਿਕ ਖੋਜ ਅਤੇ ਨਿਰੀ ਸੰਖਿਪਤ ਵਾਰਤਾ ਜਾਂ ਸਾਰ ਨੂੰ ਪੁਨਰ-ਜਾਂ-ਨਵ-ਵਿਆਖਿਆ ਦੇ ਜੈਕਾਰਿਆਂ ਨਾਲ ਨਿਵਾਜਦੇ ਆਏ ਹਨ। ਹੁਣ ਆਪਣੇ ਲੋਕਾਂ ਦੀ ਇਸ ਉਦਾਰ ਬਿਰਤੀ ਦਾ ਲਾਭ ਉਠਾਉਣ ਦਾ ਵੇਲਾ ਹੈ ਤੇ ਚੰਗੀ ਗੱਲ ਹੋਵੇਗੀ, ਜੇ ਵਿਦਿਆ ਦੇ ਵਾਧੇ ਲਈ ਉਪਰੋਕਤ ਪ੍ਰਕਾਰ ਦੀਆਂ ਯੋਜਨਾਵਾਂ ਦੀ ਸਫਲਤਾ ਲਈ ਅਸੀਂ ਉਨ੍ਹਾਂ ਦਾ ਹਾਰਦਿਕ ਤੇ ਮਾਇਕ ਸਹਿਯੋਗ ਪ੍ਰਾਪਤ ਕਰਨ ਦਾ ਉਪਰਾਲਾ ਕਰੀਏ। ਪਰ ਸਾਨੂੰ ਭਰੋਸਾ ਹੈ ਕਿ ਜਿਸ ਤਰ੍ਹਾਂ ਦੇ ਵਿਦਵਾਨ ਅਸੀਂ ਨਵੇਂ ਮਾਹੌਲ ਵਿਚ, ਉੱਭਰਦੇ ਵੇਖਣਾ ਚਾਹੁੰਦੇ ਹਾਂ, ਉਹ ਆਪ, ਛੇਤੀ ਛੇਤੀ, ਇਨ੍ਹਾਂ ਜੈਕਾਰਿਆਂ ਦੇ ਭਰਮਾਏ ਗ਼ਲਤਫ਼ਹਿਮੀਆਂ ਦਾ ਸ਼ਿਕਾਰ ਨਹੀਂ ਹੋ ਸਕਿਆ ਕਰਨਗੇ।

ਇਹ ਮੰਨਣ ਨੂੰ ਜੀ ਕਰਦਾ ਹੈ ਕਿ ਪੰਜਾਬ ਵਿਚ ਵਿਦਵਾਨਾਂ ਦੀ ਵਰਤਮਾਨ ਥੁੜ ਇਕ ਥੋੜ-ਚਿਰਾ ਲੱਛਣ ਹੈ। ਪੰਜਾਬੀਆਂ ਦੀ ਕੰਮ ਦੀ ਲਗਨ ਤੇ ਆਪਾ ਸਮਰਪਣ ਦੀ ਆਦਤ ਉੱਤੇ ਸਾਨੂੰ ਏਨਾ ਡੂੰਘਾ ਵਿਸ਼ਵਾਸ ਹੈ ਕਿ ਅਸੀਂ ਇਸ ਥੁੜ ਦੀ ਗੱਲ ਕਿਸੇ ਅੰਦੇਸ਼ੇ-ਭਰੇ ਝੋਰੇ ਕਰਕੇ ਨਹੀਂ ਬਲਕਿ ਇਕ ਕੂਕਦੀ ਲੋੜ ਦੀ ਆਸ-ਭਰੀ ਪੂਰਤੀ ਦਾ ਨਿਸ਼ਾਨਾ ਕਾਇਮ ਕਰਨ ਲਈ ਛੋਹੀ ਹੈ। ਸਾਡੇ ਲੇਖ ਦਾ ਦਿੱਸ-ਹੱਦਾ, ਪੰਜਾਬੀ ਭਾਸ਼ਾ ਤੇ ਸਾਹਿੱਤ ਦੇ ਖੇਤਰ ਵਿਚ ਵਿਸ਼ੇਸ਼ੱਗਾਂ ਦੀ ਤਿਆਰੀ ਦੇ ਕੁੱਝ ਉਪਰਾਲਿਆਂ ਤੋਂ ਪਰੇ ਨਹੀਂ ਜਾਂਦਾ, ਪਰ ਸੱਚ ਇਹ ਹੈ ਕਿ ਪੰਜਾਬ ਵਿਚ ਵਿਦਵਤਾ ਦਾ ਬਿਰਛ ਪੂਰੀ ਤਰ੍ਹਾਂ ਓਦੋਂ ਹੀ ਮੌਲੇਗਾ ਜਦੋਂ ਪੰਜਾਬੀ ਲੋਕ, ਪੰਜਾਬੀ ਵਿਚ, ਪੰਜਾਬੀ ਭਾਸ਼ਾ ਤੇ ਸਾਹਿੱਤ ਤੋਂ ਬਾਹਰ ਦੇ ਮਜ਼ਮੂਨਾਂ ਉੱਤੇ, ਆਪਣੀਆਂ ਮੌਲਿਕ, ਅਧਿਕਾਰੀ ਤੇ ਪ੍ਰਮਾਣਿਕ ਖੋਜਾਂ ਸਦਕਾ ਵਿਸ਼ਵ-ਪੱਧਰ ਦੀਆਂ ਕਿਰਤਾਂ ਨੂੰ ਜਨਮ ਦੇਣਾ ਸ਼ੁਰੂ ਕਰਨਗੇ। ਜਿੰਨੀ ਦੇਰ ਸਾਡੇ ਵਿਸ਼ਵ-ਵਿਦਿਆਲਿਆਂ ਦੀ ਦ੍ਰਿਸ਼ਟੀ ਕੇਵਲ ਵਿਗਿਆਨ ਦੇ ਪ੍ਰਸੰਗ ਵਿਚ ਵਿਸ਼ਵਾਰਥੀ ਤੇ ਭਾਸ਼ਾਵਾਂ ਜਾਂ ਹੋਰ ਸਮਾਜਿਕ ਮਜ਼ਮੂਨਾਂ ਲਈ ਪ੍ਰਾਂਤਕ ਰਹੇਗੀ, ਓਨੀ ਦੇਰ ਇਹ ਸੁਫ਼ਨਾ ਸ਼ਾਇਦ ਅਸਲੀਅਤ ਨਾ ਬਣ ਸਕੇ, ਪਰ ਇਹ ਗ਼ਲਤ ਹਠ ਆਖਿਰ ਕਿੰਨੀ ਦੇਰ ਚੱਲੇਗਾ ? ਵਿਸ਼ਵ-ਵਿਦਿਆਲੇ, ਵਿਸ਼ਵ-ਵਿਦਿਆਲੇ ਬਣ ਕੇ ਹੀ ਰਹਿਣਗੇ ਤੇ ਕਦੀ ਨਾ ਕਦੀ ਦੂਰ-ਦਰਸ਼ਤਾ ਇਨ੍ਹਾਂ ਦੇ ਮੁਖੀਆਂ ਦਾ ਪ੍ਰਮੁਖ ਲੱਛਣ ਬਣ ਕੇ ਰਹੇਗੀ। ਉਹ

WWW.SIKHBOOKCLUB.COM 

# ਬਾਲ-ਸਾਹਿੱਤ : ਕੀ ਤੇ ਕਿਵੇਂ ?*

ਮੈਂ ਸ਼ੁਕਰਗੁਜ਼ਾਰ ਹਾਂ ਪ੍ਰਬੰਧਕਾਂ ਦਾ ਕਿ ਉਨ੍ਹਾਂ ਨੇ ਅੱਜ ਵਾਲੇ ਬਾਲ-ਸਾਹਿੱਤ ਸੈਮੀਨਾਰ ਦੇ ਮੁੱਖ ਭਾਸ਼ਣ ਲਈ ਮੈਨੂੰ ਯਾਦ ਫ਼ਰਮਾਇਆ ਹੈ। ਬਾਲ-ਸਾਹਿੱਤ ਦੇ ਖੇਤਰ ਵਿਚ ਮੈਂ ਨਵਾਂ ਰੰਗਰੂਟ ਹਾਂ—ਹੁਣ ਤਕ ਮੇਰੀਆਂ ਗਿਣਤੀ ਦੀਆਂ ਛੇ ਪੋਥੀਆਂ ਹੀ ਛਪੀਆਂ ਹਨ, ਇਸ ਲਈ ਵੱਡੇ ਤੇ ਵੱਧ ਤਜਰਬੇਕਾਰ ਲੇਖਕਾਂ ਦੇ ਸਾਹਮਣੇ ਇਸ ਮੰਚ ਤੋਂ ਮੁਖ ਭਾਸ਼ਣ ਦੇਣ ਵੇਲੇ ਮੇਰੇ ਅੰਦਰ ਝਾਕੇ ਦਾ ਇਹਸਾਸ ਹੋਣਾ ਕੁਦਰਤੀ ਹੈ। ਮੈਂ ਕਹਾਣੀਕਾਰ ਹੁੰਦਾ ਤੇ ਆਪਣੀ ਕਹਾਣੀ ਨੂੰ ਬਾਲ-ਪਾਠਕਾਂ ਲਈ ਏਨਾ ਸੁਆਦਲਾ ਬਣਾਉਣ ਦੇ ਸਮਰੱਥ ਹੁੰਦਾ ਕਿ ਉਹ ਟਾਫ਼ੀਆਂ ਲਈ ਸਾਂਭੇ ਪੈਸੇ ਮੇਰੀਆਂ ਕਹਾਣੀਆਂ ਖ਼ਰੀਦਣ ਉੱਤੇ ਲਾ ਦੇਂਦੇ, ਤਾਂ ਗੱਲ ਹੋਰ ਹੁੰਦੀ, ਪਰ ਮੈਨੂੰ ਮੌਲਿਕ ਕਹਾਣੀ ਲਿਖਣ ਜਾਂ ਘੜਨ ਦੀ ਜਾਚ ਨਹੀਂ ਆਉਂਦੀ। ਜੇ ਮੈਂ ਕਵੀ ਹੁੰਦਾ ਤਾਂ ਵੀ ਮੈਂ ਬਾਲ-ਗੀਤ ਰਚ ਕੇ ਗੱਲ ਬਣਾ ਲੈਂਦਾ, ਪਰ ਮੇਰਾ ਤਾਂ ਇਹ ਖ਼ਾਨਾ ਵੀ ਖ਼ਾਲੀ ਹੈ। ਮੈਂ ਨਾਟਕ ਵੀ ਨਹੀਂ ਰਚਦਾ ਤੇ ਸਭ ਤੋਂ ਵੱਡੀ ਗੱਲ ਇਹ ਕਿ ਮੇਰੀਆਂ ਬਾਲ-ਪੋਥੀਆਂ ਪੈਸੇ ਕਮਾਉਣ ਲਈ ਨਹੀਂ ਸਨ ਲਿਖੀਆਂ ਗਈਆਂ। ਮੇਰੀਆਂ, ਜਿਨ੍ਹਾਂ ਪੰਜ ਬਾਲ-ਪੁਸਤਕਾਂ ਨੂੰ ਛਾਪਣ ਦੀ ਗੱਲ ਕਰਦਿਆਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਜ਼ਿੰਮੇਵਾਰ ਅਧਿਕਾਰੀ, ਹਮੇਸ਼ਾ, ਫ਼ਖ਼ਰੀਆ ਲਹਿਜਾ ਅਪਣਾ ਲੈਂਦੇ ਹਨ ਤੇ ਜਿਨ੍ਹਾਂ ਦੀਆਂ ਦਸ ਦਸ ਹਜ਼ਾਰ ਕਾਪੀਆਂ ਦੇ ਐਡੀਸ਼ਨ ਡੇੜ੍ਹ ਵਰ੍ਹੇ ਦੇ ਅੰਦਰ ਅੰਦਰ ਮੁੱਕਣ ਦੇ ਨੇੜੇ ਢੁੱਕੇ ਦੱਸੀਦੇ ਹਨ[1], ਉਨ੍ਹਾਂ ਦੇ ਸਾਰੇ ਹੱਕ, ਮੇਰੇ ਪਾਸੋਂ ਸਦਾ ਲਈ ਲੈ ਕੇ, ਮੈਨੂੰ ਤਾਂ ਉੱਕੇ-ਪੁੱਕੇ ਯਾਰਾਂ ਸੌ ਤੇ ਕੁੱਝ ਰੁਪਇਆਂ ਨਾਲ ਹੀ ਵਰਚਾ ਦਿੱਤਾ ਗਿਆ ਸੀ। ਮੈਂ ਆਪਣੇ ਹੱਥ ਦੇ ਹੋਰ ਸਾਰੇ ਕੰਮ ਛੱਡ ਕੇ, ਬਾਲ-ਖੇਤਰ ਵੱਲ ਮੋੜ ਕੱਟਿਆ ਤਾਂ ਕੇਵਲ ਇਸ ਕਰਕੇ ਕਿ ਮੈਨੂੰ ਪੰਜਾਬੀ ਵਿਚ ਬਾਲ-ਸਾਹਿੱਤ ਦੀ ਘਸਵੱਟੀ ਉੱਤੇ ਪੂਰੇ ਉਤਰਨ ਵਾਲੇ ਸਾਹਿੱਤ ਦੀ ਥੁੜ, ਬਲਕਿ ਅਣਹੋਂਦ, ਅੱਖ ਵਿਚ ਪਏ ਰੇਤ-ਕਿਣਕੇ ਵਾਂਗ, ਹਰ ਵੇਲੇ, ਰੜਕਦੀ ਹੁੰਦੀ ਸੀ ਤੇ ਕੇਂਦਰੀ ਪੰਜਾਬੀ ਲੇਖਕ ਸਭਾ, ਪੰਜਾਬੀ ਸਾਹਿੱਤ ਅਕਾਡਮੀ ਜਾਂ ਹੋਰ ਸਭਾਵਾਂ ਦਿਆਂ ਮੰਚਾਂ ਤੋਂ, ਜਦ ਵੀ ਕਦੀ ਮੌਕਾ ਮਿਲਦਾ, ਮੈਂ ਆਪਣੀ ਭਾਸ਼ਾ ਦੇ ਕਹਿੰਦੇ-ਕਹਾਉਂਦੇ ਲੇਖਕਾਂ ਨੂੰ ਹਮੇਸ਼ਾ ਵਾਸਤੇ ਪਾਉਂਦਾ ਕਿ ਤੁਸੀਂ ਪੰਜਾਬੀ-ਬੋਲਦੇ ਬਾਲਾਂ ਦੀ ਸਾਰ ਲਵੋ। ਸਿਆਣੇ ਨਰ-ਨਾਰੀ ਤਾਂ ਏਧਰ-ਓਧਰ ਵੀ ਮੂੰਹ ਮਾਰ ਕੇ ਆਪਣਾ ਡੰਗ ਟਪਾ ਲੈਂਦੇ ਹਨ, ਪਰ ਬੱਚੇ ਵਿਚਾਰੇ ਕਿਸ ਦੀ ਮਾਂ ਨੂੰ ਮਾਸੀ ਕਹਿਣ ? ਅਖ਼ੀਰ ਹੋਇਆ ਇਹ ਕਿ ਇਕ ਦਿਨ, ਮੇਰੇ ਆਪਣੇ ਮਨ ਨੇ ਹੀ ਮੈਨੂੰ ਬੜੀਆਂ ਲਾਅਨਤਾਂ ਪਾਈਆਂ ਤੇ ਕਿਹਾ, "ਵਾਹ ਓਏ, ਵੱਡਿਆ ਭਾਸ਼ਣਕਾਰਾ! ਤੇਰੇ ਆਪਣੇ ਪਿੜ-ਪੱਲੇ ਤਾਂ ਕੁੱਝ ਹੈ ਨਹੀਂ, ਫੇਰ ਤੂੰ ਕਿਹੜੇ ਮੂੰਹ

---

* 26.9.1991 ਨੂੰ ਚੰਡੀਗੜ੍ਹ ਵਿਚ ਹੋਏ ਬਾਲ-ਸਾਹਿੱਤ ਸੈਮੀਨਾਰ ਦਾ ਸੂਤਰੀ ਭਾਸ਼ਣ।

1. 1996 ਵਿਚ ਯੂਨੀਵਰਸਿਟੀ ਨੇ ਇਨ੍ਹਾਂ ਪੰਜਾਂ ਹੀ ਕਿਤਾਬਾਂ ਦੀ ਦਸ ਦਸ ਹਜ਼ਾਰ ਦੀ ਦੂਜੀ ਐਡੀਸ਼ਨ ਛਾਪ ਲਈ ਹੈ।

WWW.SIKHBOOKCLUB.COM 

ਨਾਲ ਕਿਸੇ ਨੂੰ ਮਿਹਣੇ ਮਾਰਦਾ ਫਿਰਦੈਂ ਤੇ ਕਿਸੇ ਨੂੰ ਦਿਸ਼ਾ-ਦਰਸ਼ਨ ਕਰਾਉਂਦਾ ਫਿਰਦੈਂ ? ਪਹਿਲਾਂ ਆਪ ਕੁੱਝ ਕਰ ਕੇ ਵਿਖਾ ਤੇ ਫੇਰ ਜਿਸ ਨੂੰ ਮਰਜ਼ੀ ਉ, ਜੋ ਕਹਿਣਾ ਈਂ ਜਮ ਜਮ ਕਹਿੰਦਾ ਫਿਰੀਂ।"

ਤੇ ਮੈਂ ਉਸੇ ਰਾਤ, ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਦੀ ਇਕ ਘਟਨਾ ਨੂੰ, ਬਾਲਾਂ ਲਈ ਇਕ ਬਾਤ ਦਾ ਰੂਪ ਦੇਣਾ ਸ਼ੁਰੂ ਕਰ ਲਿਆ। ਹੁਣ ਏਨਾ ਫ਼ਰਕ ਜ਼ਰੂਰ ਪਿਆ ਹੈ ਕਿ ਬਾਲ-ਸਾਹਿੱਤ ਦੀ ਰਚਨਾ ਵਾਸਤੇ ਸਮਾਂ ਕੱਢਣ ਲਈ ਕਿਸੇ ਸਥਾਪਿਤ ਮੌਲਿਕ ਲੇਖਕ ਨੂੰ ਬੇਨਤੀ ਕਰਾਂ ਤਾਂ ਪਿੱਛੋਂ ਮੇਰਾ ਮਨ ਮੈਨੂੰ ਲਾਅਨਤਾਂ ਨਹੀਂ ਪਾਉਂਦਾ।

ਮੇਰਾ ਮਤ ਹੈ ਕਿ ਜਿੰਨਾ ਚਿਰ ਲੇਖਕ ਆਪਣੇ ਲਿਖਣ ਦੇ ਹੁਨਰ ਨੂੰ ਕਸਬ ਨਹੀਂ ਬਣਾਉਂਦਾ, ਓਨਾ ਚਿਰ ਉਸ ਦੀ ਲਿਖਤ ਦੀ ਸਫਲਤਾ ਜਾਂ ਅਸਫਲਤਾ ਦਾ ਠੀਕ ਤੇ ਪੂਰਾ ਪਤਾ ਨਹੀਂ ਲਗ ਸਕਦਾ। ਮੈਂ ਜੋ ਕੁੱਝ ਕੀਤਾ ਹੈ ਉਹ ਕਸਬੀ ਲੇਖਕਾਂ ਵਾਲੀ ਤਕੜੀ ਉੱਤੇ ਤੁਲਣ ਜੋਗਾ ਹੈ ਕਿ ਨਹੀਂ, ਇਸ ਬਾਰੇ ਮੈਂ ਅਜੇ ਬੜੀ ਡੂੰਘੀ ਦੁਬਿਧਾ ਵਿਚ ਹਾਂ ਤੇ ਇਹੀ ਕਾਰਨ ਹੈ ਜਿਸ ਕਰਕੇ ਮੈਂ, ਅੱਜ ਵਾਲੀ ਜ਼ਿੰਮੇਵਾਰੀ ਨੂੰ ਪਰਵਾਨ ਕਰਨ ਤੋਂ ਪਹਿਲਾਂ, ਪ੍ਰਬੰਧਕਾਂ ਨਾਲ ਆਪਣੇ ਝਾਕੇ ਦੀ ਗੱਲ ਕੀਤੀ ਸੀ, ਪਰ ਜਿਵੇਂ ਮੇਲੇ ਵਿਚ ਫਿਰਦੇ ਜੱਟ ਨੇ ਮਠਿਆਈ ਦੇ ਫੱਕੇ ਨਾਲ ਦੰਦਾਂ ਹੇਠ ਜਾ ਫਸੇ ਫੜਫੜਾਉਂਦੇ ਭੂੰਡ ਨੂੰ ਕਿਹਾ ਸੀ, "ਹੁਣ ਤਾਂ ਭਾਵੇਂ ਚੀਂ ਕਰ ਭਾਵੇਂ ਪੀਂ, ਆਪਾਂ ਤਾਂ ਪੈਸੇ ਖਰਚੇ ਹੋਏ ਨੇ," ਓਵੇਂ ਹੀ ਮੈਂ ਵੀ ਕਹਿਨਾਂ, "ਮਿੱਤਰੋ ! ਝਾਕਾ ਬੇਸ਼ੱਕ ਹੈ ਸੀ, ਪਰ ਹੁਣ ਜਦ ਮੈਂ ਸੇਵਾ ਪਰਵਾਨ ਕਰ ਹੀ ਲਈ ਹੈ ਤਾਂ, ਚੰਗੀ ਜਾਂ ਮਾੜੀ, ਇਸ ਨੂੰ ਨਿਭਾਵਾਂਗਾ ਜ਼ਰੂਰ, ਬਸ਼ਰਤੇ ਕਿ ਆਪ ਦੀ ਸਹਿਣਸ਼ੀਲਤਾ ਮੇਰੇ ਅੰਗ-ਸੰਗ ਹੋਵੇ।"

SIKHBOOKCLUB.COM

## 2

ਆਪ ਜਾਣਦੇ ਹੀ ਹੋ ਕਿ ਸਾਹਿੱਤਿਕ ਉਪਜ ਦਾ ਸਰੋਕਾਰ ਤਿੰਨ ਧਿਰਾਂ ਨਾਲ ਹੁੰਦਾ ਹੈ। ਇਹ ਹਨ :

(1) ਸਾਹਿੱਤਕਾਰ ਆਪ;
(2) ਉਸ ਦੀ ਰਚਨਾ; ਅਤੇ
(3) ਉਸ ਦੀ ਰਚਨਾ ਦੇ ਪਾਠਕ ਜਾਂ ਸਰੋਤੇ।

ਸਾਹਿੱਤਕਾਰ, ਸਾਹਿੱਤ ਤੇ ਪਾਠਕ ਦੀ ਇਹ ਤਿਕੋਣ ਬੱਚਿਆਂ ਲਈ ਵੀ ਓਨੀ ਹੀ ਸਾਰਥਕ ਹੈ ਜਿੰਨੀ ਵੱਡਿਆਂ ਲਈ, ਪਰ ਇਕ ਬੜੇ ਵੱਡੇ ਫ਼ਰਕ ਨਾਲ। ਵੱਡਿਆਂ ਲਈ ਸਾਹਿੱਤ ਰਚਣ ਵਾਲੇ ਲੇਖਕਾਂ ਦੀਆਂ ਲਿਖਤਾਂ ਤੋਂ ਕਈ ਵਾਰੀ, ਇਵੇਂ ਦਾ ਪ੍ਰਭਾਵ ਪੈਂਦਾ ਹੈ, ਜਿਵੇਂ ਉਹ ਪਾਠਕ ਵਾਲੀ ਤੀਜੀ ਧਿਰ ਨੂੰ ਕੋਈ ਬਹੁਤੀ ਅਹਿਮੀਅਤ ਨਾ ਦੇਂਦੇ ਹੋਣ। ਪੰਜਾਬੀ ਦਾ ਕਵੀ ਹਰਨਾਮ, ਜੋ ਪਿੱਛੇ ਜਿਹੇ ਹੀ ਸਾਨੂੰ ਸਭ ਨੂੰ ਸਦਾ ਲਈ ਸ਼ੋਕਾਤੁਰ ਕਰ ਗਿਆ ਹੈ, ਆਮ ਪਾਠਕ ਨੂੰ ਟਿੱਚ ਜਾਣਦਾ ਹੁੰਦਾ ਸੀ। ਉਹ ਆਪਣੀ ਕਵਿਤਾ ਆਮ ਪਾਠਕ ਲਈ ਰਚਣ ਨੂੰ ਆਪਣੀ ਕਵਿਤਾ ਦੀ ਹੇਠੀ ਸਮਝਦਾ ਸੀ ਤੇ ਜਿਵੇਂ ਕਵੀ ਪਾਸੋਂ ਉਸ ਦੀ ਬੇਰੁਖ਼ੀ ਦਾ ਬਦਲਾ ਲੈਣਾ ਹੋਵੇ, ਸਾਧਾਰਨ ਪਾਠਕ ਵੀ ਉਸ ਦੀ ਰਚਨਾ ਦੀ ਕਿਸੇ ਖ਼ਾਸ ਉਤਸੁਕਤਾ ਨਾਲ ਉਡੀਕ ਨਹੀਂ ਸੀ ਕਰਦੇ। ਯੂਰਪ ਵਿਚ ਵੱਡੇ ਅੰਤਰ-ਰਾਸ਼ਟਰੀ ਜੁੱਧਾਂ ਤੋਂ ਪਿੱਛੋਂ, ਚਿਤਰਕਲਾ ਤੇ ਸਾਹਿੱਤ ਵਿਚ, ਖ਼ਾਸ ਕਰਕੇ ਕਵਿਤਾ ਤੇ ਨਾਵਲ ਦੇ ਖੇਤਰ ਵਿਚ, ਇਕ ਤੋਂ ਇਕ ਚੜ੍ਹਦੇ, ਏਨੇ ਰੂਪ-ਤੋੜ ਤਜਰਬੇ ਹੋਏ ਕਿ ਵੇਖਣ ਜਾਂ ਸੁਣਨ ਵਾਲਾ ਸਾਧਾਰਨ ਬੰਦਾ ਤਾਂ ਜਿਵੇਂ ਬਿਲਕੁਲ ਬੌਂਦਲ ਗਿਆ

WWW.SIKHBOOKCLUB.COM Page 184

ਗਿਆ ਤੇ ਵਿਰਲੇ ਵਿਰਲੇ ਕੁੰਜੀ-ਬਰਦਾਰ ਹੀ ਰਹਿ ਗਏ ਜੋ ਕਲਾਕਾਰਾਂ ਤੇ ਸਾਹਿੱਤਕਾਰਾਂ ਦੀਆਂ ਰਚਨਾਵਾਂ ਦੇ ਭਾਵਾਰਥਾਂ ਤਕ ਪਹੁੰਚਣ ਦਾ ਦਾਅਵਾ ਕਰ ਸਕਦੇ ਸਨ। ਕਲਾਕਾਰਾਂ ਜਾਂ ਲੇਖਕਾਂ ਵੱਲੋਂ ਊਲ-ਜਲੂਲ ਦੱਖ ਵਾਲੇ ਤਜਰਬਿਆਂ ਦਾ ਜਨਮ, ਜੰਗਾਂ ਵਿਚ ਵਾਪਰੀ ਆਤਮਾ ਤੇ ਕਾਇਆਂ ਦੀ ਵਿਆਪਕ ਭੰਨ-ਤੋੜ ਦੇ ਵਿਰੋਧ ਤੇ ਨਿਖੇਧ ਤੇ ਤ੍ਰਿਸਕਾਰ ਵਿੱਚੋਂ ਹੋਇਆ ਜਾਂ ਉਸ ਦੇ ਪ੍ਰਭਾਵ ਤੋਂ ਬਚ ਨਿਕਲਣ ਤੇ ਜਾਂ ਫੇਰ ਉਸ ਦੀ ਥਾਂ ਆਪਣਾ ਨਵਾਂ ਵਿਧਾਨ, ਨਵਾਂ ਆਚਾਰ-ਵਿਹਾਰ ਤੇ ਨਵੇਂ ਰੂਪ ਕਾਇਮ ਕਰਨ ਦੀ ਰੁਚੀ ਵਿੱਚੋਂ ਹੋਇਆ। ਕਾਰਨ ਕੁੱਝ ਵੀ ਬਣਿਆ ਹੋਵੇ, ਅਸੀਂ ਕਹਿ ਸਕਦੇ ਹਾਂ ਕਿ ਇਸ ਰੂਪਕ ਉਥੱਲ-ਪੁਥੱਲ ਦੇ ਨਤੀਜੇ ਵਜੋਂ ਆਮ ਪਾਠਕ ਵਾਲੀ ਧਿਰ ਦੀ ਅਹਿਮੀਅਤ ਨੂੰ ਕਾਫ਼ੀ ਸੱਟ ਵੱਜੀ। ਇਉਂ ਲੱਗਣ ਲਗ ਪਿਆ, ਜਿਵੇਂ ਸਾਹਿੱਤਕਾਰ ਨੇ ਕਿਸੇ ਹੋਰ ਨੂੰ ਪਾਠਕ ਬਣਾਉਣ ਦੀ ਥਾਂ, ਆਪਣੇ ਆਪ ਨੂੰ ਹੀ ਪਾਠਕ ਬਣਾ ਲਿਆ ਹੋਵੇ।

ਪਰ ਬਾਲ-ਪਾਠਕ ਦੀ ਸ਼ਾਨ ਵੇਖੋ ਕਿ ਜਿੰਨਾ ਚਿਰ ਉਸ ਨੂੰ ਰਚਨਾ-ਪ੍ਰਕਿਰਿਆ ਦਾ ਪੂਰਾ ਹਿੱਸਾ ਨਹੀਂ ਬਣਾਇਆ ਜਾਂਦਾ, ਉਹ ਬੇਨਿਆਜ਼ ਹੋ ਕੇ ਪਰੇਡੇ ਬੈਠਾ ਰਹਿੰਦਾ ਹੈ। ਲੇਖਕ ਦੀ ਤੀਬਰ ਇੱਛਾ ਹੁੰਦੀ ਹੈ ਕਿ ਉਹ ਮੇਰਾ ਪਾਠਕ ਬਣੇ ਪਰ ਬਾਲ-ਪਾਠਕ ਇਕ ਬੜੀ ਕਰੜੀ ਸ਼ਰਤ ਲਾਉਂਦਾ ਹੈ: "ਰੂਪ ਨੂੰ ਕੁਰੂਪ ਕਰ ਕੇ, ਵਿਗਾੜ ਕੇ ਜਾਂ ਬਦਲ ਕੇ ਮੇਰੀ ਪਹੁੰਚ ਤੋਂ ਬਹੁਤ ਪਰੇ ਦਾ ਨਹੀਂ ਬਣਾਓਗੇ।" ਜੰਗ, ਰੂਪ ਦਾ ਵੈਰੀ ਹੈ ਤੇ ਇਸ ਦੇ ਪ੍ਰਭਾਵ ਨੇ, ਜਿਵੇਂ ਕਿ ਮੈਂ ਹੁਣੇ ਇਸ਼ਾਰਾ ਕੀਤਾ ਹੈ, ਬਾਲਗ਼ਾਂ ਦੇ ਸਾਹਿੱਤ ਦੇ ਰੂਪਕ ਪੱਖ ਨੂੰ ਬੇਪਛਾਣ ਕਰ ਦੇਣ ਦੀ ਹਦ ਤਕ ਮਰੁੰਡਿਆ ਤੇ ਮਧੋਲਿਆ, ਪਰ ਸਾਰੀ ਦੁਨੀਆ ਵਿਚ, ਜੰਗਾਂ-ਜੁੱਧਾਂ ਦੇ ਬਾਵਜੂਦ, ਬਾਲ-ਸਾਹਿੱਤ ਦੀ ਰੂਪਕ ਤੰਦ ਸਾਬਤ-ਸਬੂਤ ਤੇ ਨਿਰਵਿਕਾਰ ਰਹੀ ਹੈ। ਇਸ ਦਾ ਮਤਲਬ ਇਹ ਹੈ ਕਿ ਮਨੁੱਖ ਦੇ ਬੱਚੇ ਦਾ ਇਕ ਮੂਕ ਐਲਾਨ ਦੁਨੀਆ ਦੀ ਹਰ ਭਾਸ਼ਾ ਦੇ ਹਰ ਸਾਹਿੱਤਕਾਰ ਤਕ ਪਹੁੰਚਿਆ ਹੋਇਆ ਹੈ ਕਿ 'ਮੇਰੇ ਨਾਲ ਗੱਲ ਕਰਨੀ ਜੇ ਤਾਂ ਸਿੱਧੀ ਤਰ੍ਹਾਂ ਕਰੋ; ਤੁਹਾਡੀ ਸਾਰੀ ਦੀ ਸਾਰੀ ਗੱਲ ਮੇਰੇ ਪੱਲੇ ਪੈਣੀ ਚਾਹੀਦੀ ਹੈ ਤਾਂ ਜੋ ਮੈਂ ਤੁਹਾਡਾ ਹਸਾਇਆ ਹੱਸ ਸਕਾਂ ਤੇ ਰੁਆਇਆ ਰੋ ਸਕਾਂ; ਰੇੜ੍ਹਨਾ ਚਾਹੋ ਤਾਂ ਰਿੜ੍ਹ ਪਵਾਂ ਤੇ ਉਡਾਉਣਾ ਚਾਹੋ ਤਾਂ ਉੱਡ ਪਵਾਂ; ਪ੍ਰਕਿਰਤੀ ਦੀ ਜਿਸ ਵਸਤ ਨਾਲ ਵੀ ਚਾਹੋ—ਬਨਸਪਤੀ, ਜੀਆ-ਜੰਤ, ਪੰਛੀ ਤੇ ਜਨੌਰ ਜਾਂ ਪੌਣ-ਪਾਣੀ—ਮੈਂ ਵਾਰਤਾਲਾਪ ਛੇੜ ਸਕਾਂ; ਦੇਵਾਂ-ਪਰੀਆਂ ਨਾਲ ਅਦਭੁਤ ਕਿਲਿਆਂ ਤੇ ਬਾਗਾਂ-ਬਗ਼ੀਚਿਆਂ ਦੀ ਸੈਰ ਲਈ, ਅਨਜਾਣੇ ਦੇਸਾਂ-ਦੇਸਾਂਤਰਾਂ ਵਿਚ ਘੁੰਮਦਾ ਫਿਰਾਂ ਤੇ ਜਿਸ ਸ਼ੈ ਨੂੰ ਵੀ ਚਾਹੋ ਪਛਾਣ ਤੇ ਸਮਝ ਸਕਾਂ। ਤੁਹਾਡਾ ਹਰ ਵਾਕ ਮੇਰੇ ਸਾਹਮਣੇ ਇਕ ਨਵਾਂ ਦ੍ਰਿਸ਼ ਖੋਲ੍ਹਦਾ ਹੈ, ਮੈਨੂੰ ਇਸ ਜੋਗਾ ਬਣਾਓ ਕਿ ਮੈਂ ਤੁਹਾਡੇ ਪਿਛਲੇ ਤੇ ਅਗਲੇ ਵਾਕਾਂ ਰਾਹੀਂ ਖੁੱਲ੍ਹਦੇ ਦੋਹਾਂ ਦ੍ਰਿਸ਼ਾਂ ਨੂੰ ਆਪੋ-ਵਿੱਚੀ ਜੋੜ ਸਕਾਂ—ਗੱਲ ਕੀ, ਮੈਂ ਹਰ ਗੱਲੇ, ਤੁਹਾਡੇ ਨਾਲ ਕਦਮ ਮਿਲਾ ਕੇ ਤੁਰ ਸਕਾਂ, ਤੁਹਾਡੇ ਪਿੱਛੇ ਨਾ ਰਹਾਂ, ਇਸ ਲਈ ਮੇਰੇ ਉੱਤੇ ਮਿਹਰਬਾਨੀ ਕਰੋ ਤੇ ਆਪਣੇ ਉਹ ਸਾਰੇ ਭਾਸ਼ਾਈ ਤੇ ਰੂਪਈ ਤਜਰਬੇ ਆਪਣੇ ਕੋਲ ਰੱਖੋ, ਜਿਨ੍ਹਾਂ ਨੇ ਤੁਹਾਡੀ ਗੱਲ ਦੇ ਸਾਰ ਜਾਂ ਸਮੁੱਚ ਨੂੰ, ਉਸ ਦੇ ਹਰ ਸ਼ਬਦਾਰਥ ਦੇ ਸਾਰੇ ਦੇ ਸਾਰੇ ਘੇਰੇ ਨੂੰ, ਮੇਰੀ ਪਹੁੰਚ ਤੋਂ ਰਤੀ-ਮਾਸਾ ਵੀ ਬਾਹਰ ਰੱਖਣਾ ਹੈ।'

ਦੁਨੀਆ ਭਰ ਦੇ ਸਾਹਿੱਤਕਾਰ, ਬਾਲਾਂ ਦੇ ਇਸ ਮੰਜਰਨਾਮੇ ਵਿਚਲੀ ਮੰਗ ਅੱਗੇ ਸਿਰ ਨਿਵਾਉਂਦੇ ਆਏ ਹਨ, ਜਿਵੇਂ ਉਨ੍ਹਾਂ ਨੇ ਵੀ ਇਕ ਅਣਲਿਖਿਆ ਅੰਤਰ-ਰਾਸ਼ਟਰੀ ਸਮਝੌਤਾ ਕੀਤਾ ਹੋਇਆ ਹੋਵੇ ਕਿ 'ਅਸੀਂ ਜਦ ਵੀ ਕਦੀ ਬਾਲਾਂ ਲਈ ਕਲਮ ਚੁੱਕਾਂਗੇ, ਉਨ੍ਹਾਂ ਦੇ ਬਰਾਬਰ
WWW.SIKHBOOKCLUB.COM ...ਠਕਾਂ ਲਈ, ਬੇ-ਪਛਾਣ ਕਰ ਦੇ...

ਰੂਪਕ ਤਜਰਬਿਆਂ ਨੂੰ ਵਰਜਿਤ ਸਮਝਾਂਗੇ ਤਾਂ ਜੋ ਸਾਡੇ ਸ਼ਬਦਾਂ ਦੇ ਅਰਥਾਂ ਦਾ ਸੰਚਾਰ ਉਨ੍ਹਾਂ ਤਕ ਨਿਰੰਤਰ ਤੇ ਨਿਰਬਿਲੰਬ ਹੋ ਸਕੇ।'

3

ਮਨੋਰਥਾਂ ਤੇ ਮਨੋਭਾਵਾ ਦਾ ਨਿਰੰਤਰ ਤੇ ਨਿਰਬਿਲੰਬ ਸੰਚਾਰ!

ਇਹੀ ਤਾਂ ਹੈ ਹਰ ਬਾਲ ਦੀ ਹਰ ਸਾਹਿੱਤਕਾਰ ਪਾਸੋਂ ਮੰਗ—ਸਿਰਫ਼ ਇਸ ਵਾਧੇ ਨਾਲ ਕਿ ਜੋ ਵੀ ਸਾਡੇ ਲਈ ਪਰੋਸਣਾ ਜੇ, ਉਹ ਸੁਆਦਲਾ ਜ਼ਰੂਰ ਹੋਵੇ। ਉੱਤੋਂ ਉੱਤੋਂ ਲਗਦੀ ਭਾਵੇਂ ਕਿੰਨੀ ਸੌਖੀ ਹੋਵੇ, ਬਾਲਾਂ ਦੀ ਇਹ ਮੰਗ, ਹੈ ਬੜੀ ਹੀ ਔਖੀ। ਸ਼ਬਦ ਦੇ ਜੋ ਅਰਥ-ਭਾਵ ਮੇਰੇ ਮਨ ਵਿਚ ਹਨ, ਉਹੀ, ਜਿਉਂ ਦੇ ਤਿਉਂ, ਬਾਲ-ਪਾਤਰ ਦੇ ਮਨ ਵਿਚ ਪਹੁੰਚ ਜਾਣ—ਇਸ ਅਮਲ ਦੀ ਔਖਿਆਈ ਉਹੀ ਜਾਣਦੇ ਹਨ, ਜੋ ਆਪਣੇ ਬਾਲ-ਪਾਠਕਾਂ ਦੀਆਂ ਲੋੜਾਂ ਬਾਰੇ ਪੂਰੀ ਜ਼ਿੰਮੇਵਾਰੀ ਨਾਲ ਚੌਕਸ ਹੋ ਕੇ ਰਚਨਾ ਕਰਦੇ ਹਨ। ਕਦੀ ਅਨਪੜ੍ਹ ਮਾਂ ਨੂੰ ਆਪਣੀ ਸੰਤਾਨ ਨਾਲ ਗੱਲ ਕਰਦਿਆਂ ਵੇਖੋ; ਕੁੱਛੜ ਦੇ ਅਬੋਲ ਬਾਲਕ ਲਈ ਉਸ ਦੀ ਭਾਸ਼ਾ ਹੋਰ ਹੁੰਦੀ ਹੈ ਤੇ ਤੋਤਲੇ ਬੋਲਾਂ ਵਾਲੇ ਸਿਖਾਂਦਰੂ ਲਈ ਹੋਰ। ਇਨ੍ਹਾਂ ਨਾਲ ਉਸ ਦੇ ਲਾਡ ਦੀ ਭਾਸ਼ਾ ਵੱਖਰੀ ਤੇ ਗ਼ੁੱਸੇ ਦੀ ਅਸਲੋਂ ਵੱਖਰੀ ਹੁੰਦੀ ਹੈ। ਅਧਿਆਪਕ ਜਾਣਦਾ ਹੈ ਕਿ ਕੱਚੀ ਪਹਿਲੀ ਤੇ ਚੌਥੀ ਜਮਾਤ ਦੇ ਬੱਚਿਆਂ ਦੀ ਬੋਲੀ ਵਿਚ ਢੇਰ ਫ਼ਰਕ ਹੁੰਦਾ ਹੈ ਤੇ ਇਸੇ ਤਰ੍ਹਾਂ ਕੈਮਿਸਟ ਦੀ ਬੋਲੀ ਇੰਜੀਨੀਅਰ ਨਾਲੋਂ ਤੇ ਚਿਤਰਕਾਰ ਦੀ ਪਕੌੜੇ ਵੇਚਣ ਵਾਲੇ ਨਾਲੋਂ ਤੇ ਸਰਕਾਰੀ ਅਫ਼ਸਰ ਦੀ ਰੇੜ੍ਹੀ ਵਾਲੇ ਨਾਲੋਂ ਫ਼ਰਕ ਵਾਲੀ ਹੁੰਦੀ ਹੈ ਤੇ ਜਿਨ੍ਹਾਂ ਦੇ ਬੋਲਾਂ ਦਾ ਮੁਕਾਬਲਾ ਹੋਰ ਕਿਸੇ ਸ਼੍ਰੇਣੀ ਨਾਲ ਹੋ ਹੀ ਨਹੀਂ ਸਕਦਾ, ਉਹ ਹਨ ਪੰਜਾਬ ਦੇ ਪੁਲਸੀਏ! (ਉਨ੍ਹਾਂ ਦੀ 'ਬੋਲੀ' ਨਹੀਂ ਹੁੰਦੀ 'ਬੋਲ' ਹੁੰਦੇ ਹਨ, ਜੋ ਕਈਆਂ ਨੂੰ 'ਕੁਬੋਲ' ਹੋਣ ਦਾ ਭੁਲੇਖਾ ਵੀ ਪਾਉਂਦੇ ਹਨ)। ਸਪਸ਼ਟ ਹੈ ਕਿ ਜਿਸ ਕਿਸੇ ਨੇ ਸਫਲ ਬਾਲ-ਸਾਹਿੱਤ ਰਚਣਾ ਹੈ, ਉਸ ਰਚਣਹਾਰ ਨੂੰ ਬਾਲਾਂ ਦੇ ਮੇਚੇ ਦੀ ਬੋਲੀ ਦੀ ਭਾਲ ਤਾਂ ਕਰਨੀ ਹੀ ਪੈਣੀ ਹੈ—ਉਸ ਦੇ ਪਾਠਕ ਦੀ ਉਮਰ ਕਿੰਨੀ ਹੈ ? ਉਹ ਕਿਸ ਭੂਗੋਲਿਕ ਤੇ ਸਮਾਜਿਕ ਮਾਹੌਲ ਵਿਚ ਪਲਿਆ ਹੋਇਆ ਹੈ ? ਉਸ ਦੀ ਮਾਦਰੀ ਉਪ-ਭਾਸ਼ਾ ਕਿਹੜੀ ਹੈ ? ਮੈਨੂੰ ਚੇਤੇ ਹੈ ਕਿ ਸਰਕਾਰੀ 'ਬਾਲ-ਬੋਧ' ਵਿਚ ਮੁਰਗ਼ੀ ਦੀ ਤਸਵੀਰ ਦੇ ਥੱਲੇ ਛਪਿਆ ਹੋਇਆ ਹੈ 'ਕੁੱਕੜੀ'—ਬਿਲਕੁਲ ਠੀਕ ਹੈ ਕਿ ਪੰਜਾਬੀ ਵਿਚ 'ਮੁਰਗ਼ੀ' ਨੂੰ ਕੁੱਕੜੀ ਹੀ ਕਿਹਾ ਜਾਂਦਾ ਹੈ, ਪਰ 'ਬਾਲ-ਬੋਧ' ਦਾ ਕਰਤਾ ਭੁੱਲ ਗਿਆ ਕਿ ਪੰਜਾਬ ਦੇ ਇਕ ਇਲਾਕੇ ਵਿਚ 'ਕੁੱਕੜੀ' ਸ਼ਬਦ ਮੱਕੀ ਦੀ 'ਛੱਲੀ' ਲਈ ਪ੍ਰਚਲਿਤ ਹੈ ਤੇ ਜਦੋਂ ਓਥੋਂ ਦੇ ਬੱਚੇ 'ਕੁੱਕੜੀ' ਸ਼ਬਦ ਦੇ ਉੱਪਰ 'ਛੱਲੀ' ਦੀ ਥਾਂ 'ਮੁਰਗ਼ੀ' ਦੀ ਤਸਵੀਰ ਵੇਖਣਗੇ ਤਾਂ ਉਨ੍ਹਾਂ ਲਈ ਸੰਚਾਰ ਦਾ ਕਿੰਨਾ ਵੱਡਾ ਮਸਲਾ ਖੜਾ ਹੋਵੇਗਾ ? ਆਖ਼ਰ ਲੇਖਕ ਦੇ ਸਾਹਮਣੇ ਕਿਹੜੀ ਐਸੀ ਮਜਬੂਰੀ ਹੈ ਜਿਸ ਕਰਕੇ ਉਸ ਨੇ ਇਸ ਤਰ੍ਹਾਂ ਦੇ ਭੰਬਲਭੂਸੇ ਵਿਚ ਪਾਉਣ ਵਾਲੇ ਸ਼ਬਦ ਭਾਸ਼ਾ ਸਿਖਲਾਈ ਦੀ ਮੁੱਢਲੀ ਪੁਸਤਕ ਵਿਚ ਜ਼ਰੂਰ ਘਸੋੜੇ ? ਮੇਰੇ ਸੁਵਰਗਵਾਸੀ ਮਿੱਤਰ ਈਸ਼ਵਰ ਚਿਤਰਕਾਰ ਨੂੰ ਇਕ ਵਾਰੀ ਆਪਣੀ ਇੱਜ਼ਤ ਬਚਾਉਣੀ ਔਖੀ ਹੋ ਗਈ ਸੀ, ਕਿਉਂਕਿ ਉਸ ਨੇ ਖੂਹ ਉੱਤੇ ਪਾਣੀ ਭਰਦੀ ਇਕ ਜਵਾਨ ਲੜਕੀ ਨੂੰ "ਨੀ ਕੁੜੀਏ!" ਕਹਿ ਦਿੱਤਾ ਸੀ। 'ਕੁੜੀ' ਅਸੀਂ 'ਲੜਕੀ' ਜਾਂ 'ਧੀ' ਨੂੰ ਕਹਿੰਦੇ ਹਾਂ, ਪਰ ਪਿੰਡੀ ਘੇਬ (ਜ਼ਿਲ੍ਹਾ ਕੈਂਬਲਪੁਰ, ਪੱਛਮੀ ਪੰਜਾਬ) ਵਿਚ ਇਸ ਦੇ ਅਰਥ ਹਨ 'ਨੂੰਹ'। 'ਬਾਲ-ਬੋਧ' ਤਿਆਰ ਕਰਨ ਵਾਲਾ ਜਿਹੜਾ [illegible] 'ਲੜਕੀ' ਦੇ ਅਰਥਾਂ ਵਿਚ 'ਕੁੜ[illegible]

WWW.SIKHBOOKCLUB.COM Page 186

ਦੀ ਵਰਤੋਂ ਕਰਦਾ ਹੈ, ਜਾਂ 'ਮੁਰਗੀ' ਦੇ ਅਰਥਾਂ ਵਿਚ 'ਕੁੱਕੜੀ' ਸ਼ਬਦ ਦੀ ਵਰਤੋਂ ਉੱਤੇ ਹਠ ਕਰਦਾ ਹੈ, ਉਹ ਕੁੱਝ ਚਿਰ ਲਈ ਆਪਣੇ ਕੰਮ ਤੋਂ ਛੁੱਟੀ ਲੈ ਲਵੇ ਤਾਂ ਬੱਚਿਆਂ ਉੱਪਰ ਵੱਡਾ ਇਹਸਾਨ ਕਰੇਗਾ।

ਮੈਨੂੰ 1990 ਵਿਚ ਸਿੰਗਾਪੁਰ ਜਾਣ ਦਾ ਮੌਕਾ ਮਿਲਿਆ। ਓਥੇ ਕੁੱਝ ਉਤਸਾਹੀ ਨੌਜਵਾਨਾਂ ਨੇ ਆਪਣੀ ਨਵੀਂ ਪਨੀਰੀ ਨੂੰ ਪੰਜਾਬੀ ਸਿਖਾਉਣ ਦੀ ਜ਼ੋਰਦਾਰ ਮੁਹਿੰਮ ਚਲਾਈ ਹੋਈ ਹੈ। ਉਨ੍ਹਾਂ ਨੇ ਪਾਠ-ਪੁਸਤਕਾਂ ਮੰਗਵਾ ਲਈਆਂ, ਪੰਜਾਬ ਸਕੂਲ ਸਿੱਖਿਆ ਬੋਰਡ ਪਾਸੋਂ ਤੇ ਆਪਣੇ ਲਈ ਇਕ ਨਵੀ ਮੁਸੀਬਤ ਖੜੀ ਕਰ ਲਈ। ਪੰਜਾਬ ਦੇ ਬੱਚਿਆਂ ਲਈ ਲਿਖੀਆਂ ਗਈਆਂ ਪਾਠ-ਪੁਸਤਕਾਂ ਵਿਚ ਜੇ ਲਿਖਿਆ ਹੋਵੇ 'ਮੱਝਾਂ ਛੱਪੜ ਵਿਚ ਨਹਾ ਰਹੀਆਂ ਹਨ' ਤਾਂ ਪਿੰਡਾਂ ਦੇ ਛੋਟੇ ਛੋਟੇ ਬਾਲ ਵੀ ਸਮਝ ਜਾਣਗੇ ਕਿ ਲੇਖਕ ਨੇ ਕਿਹੜਾ ਦ੍ਰਿਸ਼ ਚਿਤਰਿਆ ਹੈ। ਵੱਧ ਤੋਂ ਵੱਧ ਖੇਚਲ ਹੋਵੇਗੀ ਤਾਂ ਇਹ ਕਿ ਕਈਆਂ ਨੂੰ ਮੱਝ ਦੀ ਥਾਂ 'ਮਹਿੰ' ਦੀ ਵਧੇਰੇ ਛੇਤੀ ਸਮਝ ਆਵੇਗੀ ਤੇ 'ਹੈ' ਦੀ ਵਰਤੋਂ ਕੁੱਝ ਬਣਾਉਟੀ ਲੱਗੇਗੀ, ਪਰ ਸਿੰਗਾਪੁਰ ਦੇ ਅਜੋਕੇ ਬੱਚਿਆਂ ਨੇ, ਸਾਡੇ ਆਪਣੇ ਕੁੱਝ ਸ਼ਹਿਰੀ ਬੱਚਿਆਂ ਵਾਂਗ, ਨਾ ਮੱਝਾਂ ਵੇਖੀਆਂ ਹੁੰਦੀਆਂ ਹਨ ਤੇ ਨਾ ਛੱਪੜ ਦਾ ਹੀ ਕੋਈ ਸੰਕਲਪ ਉਨ੍ਹਾਂ ਦੀ ਚੇਤਨਾ ਵਿਚ ਉੱਭਰ ਸਕਦਾ ਹੈ। ਇਸ ਲਈ ਏਥੋਂ ਦੀਆਂ ਪਾਠ-ਪੁਸਤਕਾਂ, ਸਿੰਗਾਪੁਰੀ ਬੱਚਿਆਂ ਲਈ, ਸੰਚਾਰ ਦੇ ਨਵੇਂ ਮਸਲੇ ਖੜੇ ਕਰਦੀਆਂ ਹਨ, ਪੂਰਾ ਕੰਮ ਨਹੀਂ ਸਾਰਦੀਆਂ। ਅਸਲ ਵਿਚ ਇਹ ਮਸਲਾ ਸਿੰਗਾਪੁਰ ਦਾ ਹੀ ਨਹੀਂ, ਜਿੱਥੇ ਕਿਤੇ ਵੀ ਪੰਜਾਬੀ ਜਾ ਵੱਸੇ ਹਨ, ਓਥੇ ਓਥੇ ਹੀ ਇਹ ਮਸਲਾ ਖੜਾ ਹੋਇਆ ਪਿਆ ਹੈ, ਭਾਵੇਂ ਨਾ ਪੰਜਾਬ ਦੀ ਸਰਕਾਰ ਨੇ ਤੇ ਨਾ ਕਿਸੇ ਹੋਰ ਸੰਸਥਾ ਨੇ, ਅਜੇ ਉਨ੍ਹਾਂ ਦੀ ਔਖ ਨੂੰ ਸੌਖ ਵਿਚ ਬਦਲਣ ਲਈ ਕੋਈ ਕਦਮ ਚੁੱਕਿਆ ਹੈ।

ਇਹ ਤਾਂ ਹੋਈ ਪਾਠ-ਪੁਸਤਕਾਂ ਦੇ ਲੇਖਕਾਂ ਦੀ ਸਿਰਦਰਦੀ—ਕਿ ਪੰਜਾਬ ਦੇ ਅੰਦਰ ਪੰਜਾਬੀ-ਬੋਲਦੇ ਬੱਚਿਆਂ ਨੂੰ ਤੇ ਪੰਜਾਬ ਤੋਂ ਬਾਹਰ, ਪੰਜਾਬੀ ਮਾਪਿਆਂ ਦੇ ਬੱਚਿਆਂ ਨੂੰ, ਉਨ੍ਹਾਂ ਦੀ ਭਾਸ਼ਾਈ ਯੋਗਤਾ ਦੇ ਸਨਮੁਖ, ਪੰਜਾਬੀ, ਭਾਰਤੀ ਤੇ ਬਦੇਸੀ ਸਭਿਆਚਾਰਾਂ ਤੇ ਹੋਰ ਹਰ ਤਰ੍ਹਾਂ ਦੇ ਮੌਲਿਕ ਸਾਹਿੱਤ, ਇਤਿਹਾਸ, ਪੁਰਾਣ, ਧਰਮ, ਦਰਸ਼ਨ ਤੇ ਵਿਗਿਆਨ, ਆਦਿ ਨਾਲ, ਕਿਨ੍ਹਾਂ ਵਿਧੀਆਂ ਰਾਹੀਂ, ਕਿਸ ਕਿਸ ਮਾਤਰਾ ਵਿਚ ਤੇ ਕਿਹੋ ਜਿਹੀ ਭਾਸ਼ਾ ਦੁਆਰਾ ਸੁਸਿੱਖਿਅਤ ਕਰਨਾ ਹੈ।

ਪਰ ਮੌਲਿਕ ਲੇਖਕ ਨੂੰ, ਪਾਠ-ਪੁਸਤਕਾਂ ਤਿਆਰ ਕਰਨ ਵਾਲਿਆਂ ਨਾਲੋਂ ਕਿਤੇ ਵੱਧ ਲੋੜ ਪੈਂਦੀ ਹੈ ਬਾਲ-ਮਨੋਵਿਗਿਆਨ ਦੀ। ਬਾਲਾਂ ਦੀ ਸੰਗਤ ਵਿਚ ਬਿਤਾਇਆ ਸਮਾਂ, ਉਸ ਦੀ ਸੋਝੀ ਨੂੰ ਅਨੁਭਵੀ ਗੌਰਵ ਬਖ਼ਸ਼ ਸਕਦਾ ਹੈ ਤੇ ਅਗਵਾਈ ਲਈ ਮਿਲਦੀਆਂ ਕਿਤਾਬਾਂ ਨਾਲੋਂ ਕਿਤੇ ਵੱਧ, ਉਸ ਦੀ ਅਗਵਾਈ ਕਰ ਸਕਦਾ ਹੈ। ਉਸ ਨੇ ਜਿਨ੍ਹਾਂ ਪਾਠਕਾਂ ਨੂੰ ਸਾਹਮਣੇ ਰੱਖ ਕੇ ਲਿਖਣਾ ਹੈ, ਉਨ੍ਹਾਂ ਵਿਚ ਕੰਨ ਖੋਲ੍ਹ ਕੇ ਵਿਚਰਿਆ ਜਾਵੇ ਤਾਂ ਉਹ ਆਪ ਹੀ ਉਸ ਦੀ ਬੋਲੀ ਦਾ ਘੇਰਾ ਨਿਸਚਿਤ ਕਰ ਦੇਣਗੇ ਤੇ ਜੇ ਕਿਤੇ ਸਾਹਿੱਤਕਾਰ ਆਪਣੀ ਰਚਨਾ ਨੂੰ ਆਪਣੇ ਘਰ ਦੇ ਜਾਂ ਆਂਢ-ਗਵਾਂਢ ਦੇ ਬੱਚਿਆਂ ਉੱਤੇ ਪਰਖਣ ਦੀ ਆਦਤ ਬਣਾ ਲਵੇ ਤਾਂ ਸ਼ਾਇਦ ਉਸ ਨੂੰ ਕਿਸੇ ਹੋਰ ਦੀ ਸੇਧ ਦੀ ਲੋੜ ਹੀ ਨਾ ਰਹੇ। ਪਰ ਜੇ ਬੋਲੀ ਬਾਲ-ਪਾਠਕਾਂ ਦੀ ਉਮਰ ਤੇ ਸ਼ਬਦ-ਗਿਆਨ ਤੇ ਸਭਿਆਚਾਰਕ ਪਿਛੋਕੜ ਦੇ ਅਨੁਕੂਲ ਢਾਲ ਵੀ ਲਈ ਜਾਵੇ, ਤਾਂ ਵੱਡਾ ਮਸਲਾ ਇਹ ਖੜਾ ਹੁੰਦਾ ਹੈ ਕਿ ਉਸ ਵਿਚ [illegible]

4

ਵਿਸ਼ਿਆਂ ਲਈ ਬਾਲਾਂ ਦੀ ਭੁੱਖ ਦਾ ਅੰਤ ਕੋਈ ਨਹੀਂ ਹੁੰਦਾ। ਉਹ ਜਿਸ ਦੁਨੀਆ ਦਾ ਪਰਾਹੁਣਾ ਬਣਿਆ ਹੈ, ਉਸ ਨੂੰ ਲੇਖਕ ਤਾਂ ਕੁੱਝ ਨਾ ਕੁੱਝ ਜਾਣਦਾ-ਬੁੱਝਦਾ ਹੈ, ਪਰ ਉਸ ਲਈ ਇਸ ਦਾ ਹਰ ਪੱਖ ਨਵਾਂ ਹੈ। ਜ਼ਰਾ ਜਿੰਨੀ ਹੋਸ਼ ਸੰਭਾਲਣ ਤੋਂ ਬਾਅਦ ਬੱਚਾ ਹਰ ਕੰਮ ਆਪੇ ਕਰਨ ਲਈ ਹਠ ਕਰਨ ਲਗ ਪੈਂਦਾ ਹੈ। ਗਿਲਾਸ ਵਿੱਚੋਂ ਦੁੱਧ ਪੀਣ ਦਾ ਕੰਮ ਸਾਡੇ ਲਈ ਕਿੰਨਾ ਸੌਖਾ ਹੈ, ਪਰ ਜਦੋਂ ਬੱਚਾ ਆਪਣੀ ਗਲਾਸੀ ਫੜ ਕੇ 'ਆਪੇ', 'ਆਪੇ' ਦੀ ਰੱਟ ਲਾਉਣ ਲਗ ਪੈਂਦਾ ਹੈ ਤਾਂ ਅਸੀਂ ਕਾਹਲੇ ਪੈਂਦੇ ਹਾਂ, ਕਿਉਂਕਿ ਅਸੀਂ ਜਾਣਦੇ ਹੁੰਦੇ ਹਾਂ ਕਿ ਉਸ ਨੇ ਦੁੱਧ ਪੀਣਾ ਨਹੀਂ, ਡੋਲ੍ਹਣਾ ਹੈ। ਉਸ ਨੂੰ ਚਿਮਚੇ ਨਾਲ ਖੀਰ ਜਾਂ ਖਿਚੜੀ ਖਵਾਉਣ ਦਾ ਜਤਨ ਕਰੀਏ ਤਾਂ ਉਹ ਚਿਮਚਾ ਆਪਣੇ ਹੱਥ ਵਿਚ ਫੜਨ ਲਈ ਰਿਆੜ ਕਰਨ ਲਗ ਪੈਂਦਾ ਹੈ ਤੇ ਜੇ ਉਸ ਨੂੰ ਚਿਮਚਾ ਫੜਾ ਦੇਈਏ ਤਾਂ ਉਹ ਇਕ ਪਾਸੇ ਤਾਂ ਆਪਣੇ ਹੱਥ-ਮੂੰਹ ਤੇ ਸਾਰੇ ਕੱਪੜੇ ਲਬੇੜ ਲੈਂਦਾ ਹੈ ਤੇ ਦੂਜੇ ਪਾਸੇ ਚਿਮਚੇ ਮਾਰ ਮਾਰ ਕੇ ਸਾਰੀ ਖਿਚੜੀ, ਥਾਲੀ ਜਾਂ ਪਲੇਟ ਤੋਂ ਬਾਹਰ ਉਡਾ-ਉਡਾ ਕੇ ਤੇ ਖੜਾਕ ਪੈਦਾ ਕਰ-ਕਰ ਕੇ ਖ਼ੁਸ਼ ਹੁੰਦਾ ਹੈ। ਇਹ ਕੁੱਝ ਉਹ ਕਿਉਂ ਕਰਦਾ ਹੈ ? ਕਿਉਂਕਿ ਅਜੇ ਉਸ ਦੇ ਸਰੀਰ ਦੇ ਅੰਗਾਂ ਨੇ ਉਸ ਦੇ ਦਿਮਾਗ਼ ਵੱਲੋਂ ਜਾਰੀ ਹੋਏ ਹੁਕਮ ਅਨੁਸਾਰ, ਇੱਕੋ ਵੇਲੇ ਸਮਾਨ ਕਾਰਜ ਕਰਨ ਦਾ ਵੱਲ ਨਹੀਂ ਸਿੱਖਿਆ ਹੁੰਦਾ ਤੇ ਨਾ ਉਸ ਨੂੰ ਦਿਸ਼ਾਵਾਂ, ਫ਼ਾਸਲਿਆਂ ਤੇ ਭਾਰਾਂ, ਆਦਿ ਦੇ ਅਨੁਪਾਤਾਂ ਦਾ ਅਨੁਮਾਨ ਹੀ ਹੁੰਦਾ ਹੈ। ਚਿਮਚੇ ਨੂੰ ਚੁੱਕ ਕੇ ਮੂੰਹ ਤਕ ਪਹੁੰਚਾਉਣ ਲਈ ਕਿੰਨਾ ਜ਼ੋਰ ਲਾਉਣਾ ਹੈ ਤੇ ਇੱਕੋ ਵੇਲੇ ਹੱਥ, ਮੂੰਹ ਤੇ ਚਿਮਚੇ ਦੀ ਹਰਕਤ ਨੂੰ ਇੱਕੋ ਨਿਯਮ ਵਿਚ ਕਿਵੇਂ ਜੋੜਨਾ ਹੈ, ਉਹ ਨਹੀਂ ਜਾਣਦਾ। ਇਸ ਲਈ ਉਹ ਅਭਿਆਸ ਕਰਦਾ ਹੈ, ਇੱਕੋ ਗੱਲ ਮੁੜ-ਮੁੜ ਕਰਦਾ ਹੈ ਤੇ ਅਖ਼ੀਰ ਹੌਲੀ-ਹੌਲੀ ਸਫਲ ਵੀ ਹੋ ਜਾਂਦਾ ਹੈ। ਐਨ ਉਸੇ ਤਰ੍ਹਾਂ, ਜਿਵੇਂ ਮੈਂ ਕੁੱਝ ਲਿਖਦਾ ਹਾਂ, ਕੱਟ ਦੇਂਦਾ ਹਾਂ; ਫੇਰ ਲਿਖਦਾ ਹਾਂ, ਫੇਰ ਕੱਟ ਦੇਂਦਾ ਹਾਂ ਤੇ ਇਹ ਲਿਖਣ-ਕੱਟਣ ਦਾ ਅਭਿਆਸ ਪਤਾ ਨਹੀ ਕਿੰਨਾ ਚਿਰ ਚਲਦਾ ਰਹਿੰਦਾ ਹੈ, ਕਿਉਂਕਿ ਮੈਨੂੰ ਲਗਦਾ ਹੈ ਅਜੇ ਗੱਲ ਨਹੀਂ ਬਣ ਸਕੀ। ਸ਼ਬਦ ਮੇਰੀ ਇੱਛਾ ਅਨੁਸਾਰ ਵਾਕਬੰਦ ਨਹੀਂ ਹੋ ਰਹੇ। ਕਈ-ਕਈ ਵਾਰ ਕੱਟਣ-ਵੱਢਣ ਉਪਰੰਤ ਜਦੋਂ ਮੈਨੂੰ ਲੱਗਣ ਲਗ ਪੈਂਦਾ ਹੈ ਕਿ ਫ਼ਿਕਰੇ ਵਿਚ ਜਾਨ ਪੈ ਗਈ ਹੈ ਤੇ ਜਿਸ ਤਰ੍ਹਾਂ ਮੈਂ ਚਾਹੁੰਦਾ ਸਾਂ, ਇਸ ਦੀ ਘਾੜਤ ਉਸੇ ਤਰ੍ਹਾਂ ਦੀ ਘੜੀ ਹੋਈ ਹੈ ਤਾਂ ਖ਼ੁਸ਼ ਹੋ ਜਾਂਦਾ ਹਾਂ। ਅਸਲ ਵਿਚ ਮੈਂ ਬੱਚੇ ਵਾਲੇ ਅਭਿਆਸ ਦਾ ਹੀ ਇਕ ਤਰ੍ਹਾਂ ਦਾ ਪੁਨਰ-ਪ੍ਰਦਰਸ਼ਨ ਕਰ ਰਿਹਾ ਹੁੰਦਾ ਹਾਂ। ਇਸ ਸਾਰੇ ਕਾਰਜ ਨੂੰ ਮੁਖ ਰੱਖ ਕੇ ਮੈਂ ਬਾਲ-ਸਾਹਿੱਤ ਉਪਜਾਉਣ ਵਾਲੇ ਲੇਖਕ ਨੂੰ ਇਹ ਕਹਿਣਾ ਚਾਹਾਂਗਾ ਕਿ :

(1) ਬੱਚੇ ਲਈ ਛੰਦਾਬੰਦੀ ਵਿਚ ਲਿਖੋ ਜਾਂ ਵਾਰਤਕ ਵਿਚ, ਇਕ ਗੱਲ ਦਾ ਖ਼ਿਆਲ ਰੱਖਿਓ ਕਿ ਲਗਾਤਾਰ, ਨਿਰੰਤਰ, ਬਿਨਾਂ ਰੋਕ-ਟੋਕ ਵਾਲਾ ਬਿਆਨ, ਬਿਰਤਾਂਤ ਜਾਂ ਵਰਣਨ ਬਿਲਕੁਲ ਨਹੀਂ ਲਿਖਣਾ। ਗੱਲ ਦੀ ਤੰਦ ਟੁੱਟ-ਟੁੱਟ ਕੇ ਜੁੜਨੀ ਚਾਹੀਦੀ ਹੈ ਤਾਂ ਜੋ ਉਸ ਨੂੰ ਲੱਗੇ ਕਿ ਕਦਮ-ਕਦਮ ਉੱਤੇ ਨਵੀਂ ਗੱਲ ਹੋ ਰਹੀ ਹੈ। ਇਸ ਤਰ੍ਹਾਂ ਉਹ ਸਾਹ ਵੀ ਲੈਂਦਾ ਹੈ ਤੇ ਜੇ ਸ਼ਬਦਾਂ ਦਾ ਹੁਨਰਮੰਦ ਦੁਹਰਾਉ ਕੀਤਾ ਜਾਵੇ ਤਾਂ ਉਸ ਦਾ ਭਾਸ਼ਾ ਦਾ ਗਿਆਨ ਤੇ ਚੇਤਾ ਵੀ ਪੱਕਾ ਤੇ ਬਲਵਾਨ ਹੁੰਦਾ ਰਹਿੰਦਾ ਹੈ ਤੇ ਉਸ ਦਾ ਆਪਣਾ ਦੁਹਰਾਉ-ਤਿਹਰਾਉ ਦਾ ਝੱਸ ਵੀ, ਅਚੇਤ ਤੌਰ ਉੱਤੇ, ਪੂਰਾ ਹੋ ਜਾਂਦਾ ਹੈ;

(2) [illegible] ਰਚਨਾ ਕਿੰਨੀ ਵੀ ਸੁਆਦਲੀ ਹੋਵੇ, ਬੱਚਾ

WWW.SIKHBOOKCLUB.COM 

ਵਿੱਚੋ ਛੱਡ ਕੇ ਸੌਂ ਜਾਵੇਗਾ;

(3) ਤੀਜੀ ਗੱਲ ਇਹ ਕਿ ਰਚਨਾ ਵਿਚ ਨਾਟਕੀ ਕਾਰਜ ਹੋਵੇ ਤੇ ਬਾਲ-ਪਾਠਕ ਨੂੰ ਲੱਗੇ ਕਿ ਮੈਂ ਨਾਟਕ ਦਾ ਇਕ ਪਾਤਰ ਹੀ ਹਾਂ। ਇਸ ਨਾਲ ਉਸ ਦੇ ਅੰਦਰ ਹਰ ਕੰਮ ਨੂੰ ਖੇਡ ਵਿਚ ਬਦਲਣ ਵਾਲੀ ਰੁਚੀ ਦੀ ਤ੍ਰਿਪਤੀ ਹੁੰਦੀ ਹੈ ਤੇ ਉਹ ਆਪਣੇ ਧਿਆਨ ਨੂੰ ਖਿੰਡਣ ਤੋਂ ਰੋਕਣ ਦਾ ਜਤਨ ਕਰਦਾ ਹੈ।

## 5

ਇਹ ਤਾਂ ਹੋਈਆਂ ਵਿਧੀ ਦੀਆਂ ਕੁੱਝ ਗੱਲਾਂ, ਜਿਨ੍ਹਾਂ ਦਾ ਸਾਹਿੱਤਕਾਰ ਵੱਲੋਂ ਉਪਜਾਏ ਸਾਹਿੱਤ ਵਿਚ ਉਵੇਂ ਹੀ ਵਿਕਾਸ ਹੋਣਾ ਉਚਿਤ ਹੈ, ਜਿਵੇਂ ਬੱਚੇ ਦੇ ਆਪਣੇ ਸਰੀਰ ਜਾਂ ਦਿਲ-ਦਿਮਾਗ਼ ਦਾ ਹੁੰਦਾ ਹੈ। ਇਹੀ ਵਿਗਿਆਨਿਕ ਵਿਧੀ ਹੈ ਬਾਲ-ਸਾਹਿੱਤ ਉਪਜਾਉਣ ਦੀ—ਬੱਚੇ ਦੇ ਵਿਕਾਸ ਨੂੰ ਚੰਗੀ ਤਰ੍ਹਾਂ ਸਮਝ ਕੇ, ਆਪਣੀ ਰਚਨਾ ਨੂੰ ਬਾਲ ਦੀ ਵਿਕਾਸ-ਦਰ ਨਾਲ ਜੋੜਨਾ ਤੇ ਉਸ ਦੀਆਂ ਨਿੱਤ-ਵਧਦੀਆਂ-ਵਿਗਸਦੀਆਂ, ਫੈਲਦੀਆਂ ਤੇ ਬਦਲਦੀਆ ਜਜ਼ਬਾਤੀ, ਕਾਲਪਨਿਕ, ਬੌਧਿਕ, ਕਲਾਤਮਕ, ਸਦਾਚਾਰਕ ਤੇ ਭਾਸ਼ਾਈ ਲੋੜਾਂ ਦੀ ਤ੍ਰਿਪਤੀ ਤੇ ਅਗਲੇਰੇ ਵਿਕਾਸ ਲਈ, ਆਪਣੀਆਂ ਮੌਲਿਕ ਲਿਖਤਾਂ ਰਾਹੀਂ ਸਾਰਥਕ ਤੇ ਸਹਾਇਕ ਜਤਨ ਕਰਨੇ।

ਸਾਹਿੱਤਕਾਰਾਂ ਨੂੰ ਚੰਗੀ ਤਰ੍ਹਾਂ ਸਮਝਣ ਦੀ ਲੋੜ ਹੈ ਕਿ ਜਿਨ੍ਹਾਂ ਲਈ ਉਨ੍ਹਾਂ ਨੇ ਖੇਚਲ ਕਰਨੀ ਹੈ ਉਹ ਸਾਡੇ ਆਪਣੇ ਬੱਚੇ ਹਨ, ਸਾਡਾ ਆਪਣਾ ਹੱਡ-ਮਾਸ ਹਨ, ਸਾਡੀਆਂ ਰਵਾਇਤਾਂ ਅਨੁਸਾਰ ਬੱਚੇ ਨਾਲੋਂ ਵੱਧ ਕੀਮਤੀ ਕੋਈ ਹੋਰ ਸੰਪੱਤੀ ਨਹੀਂ ਹੁੰਦੀ। ਕੌਣ ਚਾਹੁੰਦਾ ਹੈ ਕਿ ਉਸ ਦਾ ਬੱਚਾ ਵੱਡਾ ਹੋ ਕੇ ਚੋਰ ਬਣੇ, ਵਾਟਮਾਰ ਬਣੇ, ਹਤਿਆਰਾ ਬਣੇ, ਨਿਰਦੋਸ਼ਾਂ ਦੀਆਂ ਜਾਨਾਂ ਲਵੇ, ਅਬਲਾਵਾਂ ਦੀ ਬੇਪਤੀ ਕਰੇ, ਦਾਰੂ ਵਿਚ ਗੁੱਟ ਹੋ ਕੇ ਗੰਦੀਆਂ ਨਾਲੀਆਂ ਵਿਚ ਡਿਗਦਾ ਫਿਰੇ, ਮੰਗਤਾ ਬਣੇ ਜਾਂ ਲਫੰਗਾ ਤੇ ਗੁੰਡਾ ਬਣੇ ? ਕੋਈ ਨਹੀਂ ਚਾਹੁੰਦਾ ਉਸ ਦੇ ਬੱਚੇ ਦਾ ਭਵਿੱਖ ਇਸ ਤਰ੍ਹਾਂ ਦਾ ਹੋਵੇ, ਪਰ ਅਸੀਂ ਜਾਣਦੇ ਹਾਂ ਕਿ ਕੁੱਝ ਬੱਚਿਆਂ ਨੂੰ ਸਾਡੇ ਸਮਾਜ ਦੀ ਕਾਣੀ ਬਣਤਰ ਇਸ ਹਨੇਰੇ ਪਾਸੇ ਵੱਲ ਧੱਕ ਦੇਂਦੀ ਹੈ ਤੇ ਕੁੱਝ ਹੋਰਨਾਂ ਦਾ ਬੇੜਾ ਗ਼ਰਕ, ਜ਼ਿੰਦਗੀ-ਦੀਆਂ-ਨਿਵਾਣਾਂ-ਵੱਲ-ਲਿਜਾਣ-ਵਾਲਾ ਸਾਹਿੱਤ ਕਰ ਦੇਂਦਾ ਹੈ। ਮਤੇ ਕੋਈ ਸਾਬਤ-ਸਬੂਤ ਬਚ ਨਿਕਲੇ, ਬਾਕੀ ਰਹਿੰਦੀ ਕਸਰ ਸਾਡੀਆਂ ਫ਼ਿਲਮਾਂ ਪੂਰਾ ਕਰ ਛੱਡਦੀਆਂ ਹਨ।

ਮੈਂ ਆਪਣੀ ਮਿਸਾਲ ਦੇਂਦਾ ਹਾਂ। ਮੈਂ ਗ਼ਰੀਬ ਪਰਿਵਾਰ ਵਿਚ ਜੰਮਿਆ-ਪਲਿਆ। ਚਾਹੀਦਾ ਤਾਂ ਇਹ ਸੀ ਕਿ ਜਿਉਂ ਹੀ ਬਚਪਨ ਦੀ ਕੁੰਜ ਲੱਥਦੀ, ਮੈਂ ਆਪਣੇ ਪਰਿਵਾਰਿਕ ਦਲਿੱਦਰ ਨੂੰ ਪਛਾੜਨ ਬਾਰੇ ਉੱਦਮਸ਼ੀਲ ਹੁੰਦਾ, ਪਰ ਜ਼ਿੰਦਗੀ ਦੇ ਉਸ ਖ਼ਾਸ ਅਹਿਮ ਪੜਾਉ ਉੱਤੇ ਜਿਹੜਾ ਸਾਹਿੱਤ ਮੈਨੂੰ ਸਕੂਲ ਦੀ ਲਾਇਬਰੇਰੀ ਵਿੱਚੋਂ ਮਿਲਦਾ ਰਿਹਾ ਉਹ ਕਲਪਨਾ ਨੂੰ ਤਾਂ ਬੇਸ਼ਕ ਤਿੱਖਾ ਕਰਦਾ ਸੀ ਪਰ ਠੋਸ ਹਕੀਕਤ ਦਾ ਮੁਕਾਬਲਾ ਕਰਨ ਦੀ ਪ੍ਰੇਰਨਾ ਤੋਂ ਪੂਰੀ ਤਰ੍ਹਾਂ ਸੱਖਣਾ ਹੁੰਦਾ ਸੀ। ਉਸ ਸਾਹਿੱਤ ਵਿਚ ਵੀ ਹਾਲਤ ਸੁਧਰਦੀ ਸੀ, ਪਰ ਜਾਦੂ ਦਾ ਦੀਵਾ ਰਗੜਨ ਨਾਲ; ਲਹਿਰ-ਬਹਿਰ ਹੋ ਜਾਂਦੀ ਸੀ, ਪਰ ਪਾਰਸ ਦੀ ਪੱਥਰੀ ਲੱਭਦੇ ਸਾਰ; ਰੰਕ ਤੋਂ ਰਾਣਾ ਬਣ ਜਾਈਦਾ ਸੀ, ਕਿਸੇ ਸਾਧ ਦੀ ਬਬੂਤੀ ਦੀ ਇਕ ਚੁਟਕੀ ਸਿਰ ਵਿਚ ... ਆਪਣੀ ਉਮਰ ਦੇ ਉਹ ਵਰ੍ਹੇ, ਜੋ ਸੰ...

WWW.SIKHBOOKCLUB.COM

ਨੂੰ ਹਾਕਾਂ ਮਾਰਦੇ ਰਹਿੰਦੇ ਹਨ, ਕਿਸੇ ਟੁੱਟੜ ਜਿਹੇ ਪੁਰਾਣੇ ਅੱਲਾਦੀਨੀ ਦੀਵੇ ਦੇ ਲੱਭ ਪੈਣ ਤੇ ਕੀਮੀਆਈ ਪੱਥਰੀ ਦੇ ਕਿਸੇ ਕਰਾਮਾਤੀ ਟੁਕੜੇ ਦੇ ਅਚਾਨਕ ਆ ਬਹੁੜਨ ਅਤੇ ਸਭ ਕੁੱਝ ਦਾ ਕਲਪ ਕਰ ਦੇਣ ਵਾਲੀ ਸਾਧ-ਸੁਆਹ ਆਪਣੇ ਸਿਰ ਵਿਚ ਪਵਾਉਣ ਦੀ ਉਡੀਕ ਵਿਚ ਵਿਅਰਥ ਲੰਘਾ ਦਿੱਤੇ। ਮੈਨੂੰ ਸੂਰਜਵੱਤ ਚਾਨਣ ਹੈ ਕਿ ਮੇਰੀ ਜਵਾਨੀ ਦੇ ਜੁਝਾਰ ਅੰਸ਼ ਨੂੰ ਮੂਰਛਿਤ ਕਰ ਦੇਣ ਦੀ ਜ਼ਿੰਮੇਵਾਰੀ ਉਸ ਸਾਹਿੱਤ ਦੀ ਸੀ, ਜਿਸ ਦੀਆਂ ਖ਼ੁਰਾਕਾਂ ਮੈਨੂੰ ਗ਼ਲਤ ਮੌਕੇ ਉੱਤੇ ਦੱਬ ਕੇ ਦਿੱਤੀਆਂ ਜਾਂਦੀਆਂ ਰਹੀਆਂ। ਸਾਡਾ ਰਚਿਆ ਸਾਹਿੱਤ ਜੇ ਬੱਚਿਆਂ ਨੂੰ ਗ਼ਲਤ ਰਾਹ ਉੱਤੇ ਤੁਰਨਾ ਸਿਖਾ ਸਕਦਾ ਹੈ, ਤਾਂ ਕੀ ਅਸੀਂ ਆਪਣੀਆਂ ਕਲਮਾਂ ਨੂੰ ਏਨੀਆਂ ਨਿਤਾਣੀਆਂ ਸਮਝਦੇ ਹਾਂ ਕਿ ਸਾਡਾ ਰਚਿਆ ਠੀਕ ਰਸਤੇ ਉੱਤੇ ਪਾਉਣ ਵਾਲਾ ਸਾਹਿੱਤ ਕਿਸੇ ਲਈ ਵੀ ਰਾਹ-ਦਰਸਾਊ ਸਾਬਤ ਨਹੀਂ ਹੋਵੇਗਾ ?

ਮਿੱਤਰੋ! ਇਸ ਵੇਲੇ ਸਾਰੇ ਦਾ ਸਾਰਾ ਖੇਤ ਖ਼ਾਲੀ ਪਿਆ ਹੋਇਆ ਹੈ। ਇਸ ਵਿਚ ਸੈਂਕੜੇ ਨਹੀਂ, ਹਜ਼ਾਰਾਂ ਲੇਖਕਾਂ ਲਈ ਥਾਂ ਹੈ। ਇਕ ਨੂੰ ਦੂਜੇ ਨਾਲ ਈਰਖਾ ਦੀ ਲੋੜ ਨਹੀਂ, ਕਿਉਂਕਿ ਵਿਸ਼ਿਆਂ ਤੇ ਵਿਧੀਆਂ ਦਾ ਅੰਤ ਕੋਈ ਨਹੀਂ। ਕੋਈ ਮਨੁੱਖੀ ਸਰੀਰ ਦੇ ਇਕ-ਇਕ ਅੰਗ ਉੱਤੇ ਹੀ ਲਿਖਣਾ ਸ਼ੁਰੂ ਕਰ ਦੇਵੇ ਤਾਂ ਉਸ ਪਾਸੋਂ ਸਾਰੀ ਉਮਰ ਵਿਚ ਇਹੀ ਇੱਕੋ ਵਿਸ਼ਾ ਹੀ ਨਹੀਂ ਮੁੱਕਣਾ; ਕੋਈ ਜਾਨਵਰ ਲੈ ਲਵੇ, ਕੋਈ ਪੰਛੀ ਲੈ ਲਵੇ, ਕੋਈ ਕੀੜੇ ਲੈ ਲਵੇ, ਕੋਈ ਫੁੱਲ ਲੈ ਲਵੇ, ਕੋਈ ਪਾਣੀ ਦੇ ਜੀਵ ਲੈ ਲਵੇ, ਕੋਈ ਅਕਾਸ਼ਾਂ ਵੱਲ ਤੁਰ ਪਵੇ; ਕੋਈ ਪਤਾਲ ਵਿਚ ਜਾ ਪਹੁੰਚੇ, ਕੋਈ ਮਸ਼ੀਨਾਂ ਤੇ ਸਾਇੰਸ ਦੀਆਂ ਕਾਢਾਂ ਲੈ ਬੈਠੇ, ਕੋਈ ਇਤਿਹਾਸ, ਕੋਈ ਜੀਵਨੀਆਂ, ਕੋਈ ਸਮਾਜਿਕ ਸੰਸਥਾਵਾਂ—ਗੱਲ ਕੀ, ਵਿਸ਼ਿਆਂ ਦਾ ਸੱਚ-ਮੁੱਚ ਹੀ ਅੰਤ ਕੋਈ ਨਹੀਂ। ਗੱਲ ਤਾਂ ਇਨ੍ਹਾਂ ਮਜ਼ਮੂਨਾਂ ਨੂੰ ਸੁਆਦਲਾ ਬਣਾਉਣ ਦੀ ਹੈ। ਬੱਚੇ ਨੂੰ ਤਾਂ, ਉਸ ਦੇ ਵਿਕਾਸ ਦੇ ਹਰ ਪੜਾਉ ਉੱਤੇ, ਸੋਝੀ ਨੂੰ ਵਿਸ਼ਾਲ ਤੇ ਸੁਹਿਰਦ ਬਣਾਉਣ ਵਾਲਾ ਤੇ ਉਸ ਦੀ ਸੂਝ ਨੂੰ ਪ੍ਰਚੰਡ ਕਰਨ ਵਾਲਾ ਸਾਹਿੱਤ ਚਾਹੀਦਾ ਹੁੰਦਾ ਹੈ। ਸਾਹਿੱਤਕਾਰ ਆਪਣੀ ਲਿਆਕਤ ਤੇ ਰੁਚੀ ਅਨੁਸਾਰ ਵਿਸ਼ਾ ਚੁਣ ਲਵੇ, ਉਸ ਨੂੰ ਕਿਹੜੇ ਸਾਹਿੱਤਿਕ ਭਾਂਡੇ ਵਿਚ ਪਰੋਸਣਾ ਹੈ, ਉਸ ਦਾ ਨਿਰਣਾ ਕਰ ਲਵੇ ਤੇ ਬੱਚੇ ਦੇ ਵਿਕਾਸ ਦੇ ਕਿਸ ਪੜਾਉ ਲਈ ਲਿਖਣਾ ਹੈ, ਇਸ ਦਾ ਫ਼ੈਸਲਾ ਕਰ ਲਵੇ, ਫੇਰ ਬਾਲ-ਸਾਹਿੱਤ ਵਿਚ ਉਸ ਦੇ ਪ੍ਰਵੇਸ਼ ਦਾ ਰਾਹ ਖੁੱਲ੍ਹਾ ਹੀ ਖੁੱਲ੍ਹਾ ਹੈ। ਉਹ ਗੀਤ ਲਿਖੇ, ਗਾਣੇ ਲਿਖੇ, ਛੰਦਾਬੰਦੀ ਵਿਚ ਲਿਖੇ, ਗੱਦ ਵਿਚ ਲਿਖੇ, ਵਾਰਤਾਲਾਪ ਵਿਚ ਲਿਖੇ, ਪ੍ਰਸ਼ਨੋਤਰੀ ਨੂੰ ਅਜ਼ਮਾਏ, ਬੁਝਾਰਤਾਂ ਲਿਖੇ, ਕਹਿ-ਮੁਕਰਨੀਆਂ ਲਿਖੇ, ਕਹਾਣੀਆਂ ਲਿਖੇ, ਲਤੀਫ਼ੇ ਲਿਖੇ, ਨਾਵਲ ਲਿਖੇ, ਨਾਟਕ ਲਿਖੇ—ਜੋ ਮਰਜ਼ੀ ਹੈ ਲਿਖੇ, ਚਾਰੇ ਚੱਕ ਜਗੀਰ ਉਸ ਦੀ ਹੈ। ਪਰ ਅੱਜ ਜਦੋਂ ਉਹ ਇਸ ਭਵਨ ਵਿੱਚੋਂ ਜਾਵੇ ਤਾਂ ਆਪਣੇ ਝੱਗੇ ਜਾਂ ਪੱਗ ਜਾਂ ਚੁੰਨੀ ਨੂੰ ਗੰਢ ਬੰਨ੍ਹ ਕੇ ਜਾਵੇ ਕਿ ਅਸੀਂ ਲਿਖਣ ਵਾਲੇ ਹੌਲੀ-ਹੌਲੀ ਜ਼ਿੰਦਗੀ ਦੇ ਮੰਚ ਦੇ ਪਿਛਲੇ ਪਾਸੇ ਵੱਲ ਖਿਸਕ ਰਹੇ ਹਾਂ, ਜਦ ਕਿ ਸਾਡੇ ਬਾਲ-ਪਾਠਕ ਬੜੀ ਤੇਜ਼ੀ ਨਾਲ ਇਸ ਦੇ ਅਗਲੇ ਪਾਸੇ ਵੱਲ ਵਧ ਰਹੇ ਹਨ। ਉਹ ਸਾਡਾ ਆਪਣਾ ਹੀ ਨਹੀਂ, ਇਸ ਧਰਤੀ ਦੀ ਸਾਰੀ ਖ਼ੂਬਸੂਰਤ ਜ਼ਿੰਦਗੀ ਦਾ ਭਵਿੱਖ ਹਨ। ਉਨ੍ਹਾਂ ਨੇ ਜਿਸ ਦੁਨੀਆ ਵਿਚ ਰਹਿਣਾ ਹੈ ਉਸ ਵਿਚ ਦੁੱਖ ਵੀ ਹੋਣਗੇ ਤੇ ਸੁਖ ਵੀ; ਇਕ ਅੱਖ ਹੱਸਦੀ ਹੋਵੇਗੀ ਤਾਂ ਦੂਜੀ ਰੋਂਦੀ ਵੀ ਹੋਵੇਗੀ; ਇਕ ਪਾਸੇ ਚੋਰ ਵੱਸਦੇ ਦਿੱਸਣਗੇ ਤਾਂ ਦੂਜੇ ਪਾਸੇ ਸਾਧ ਵੀ ਮਿਲ ਪੈਣਗੇ, ਪਰ ਚੇਤੇ ਰੱਖਣ ਵਾਲੀ ਗੱਲ ਇਹ ਹੈ ਕਿ ਇਹੋ ਬਚਪਨ ਦਾ ਥੋੜਾ ਜਿਹਾ ਸਮਾਂ ਹੀ ਹੈ, ਜਦੋਂ ਬਾਲ ਨਿਹਕਲੰਕ ਸੁਰਗ ਦੇ ਝੂਟੇ ਝੂਟ ਸਕਦਾ ਹੈ, ਜਿੱਥੇ ਉਸ ਨੂੰ ਹਰ ਕੋਈ ਅੱਖਾ ਉੱਤੇ ਬਿਠਾਉਂਦਾ ਹੈ ਤੇ ਉਸ ਦੇ [illegible] ਹੈ ਜਦੋਂ ਦੋਸਤੀਆਂ ਪੱਕੀਆਂ

WWW.SIKHBOOKCLUB.COM 

ਕੱਚੇ ਹੁੰਦੇ ਹਨ ਤੇ ਦਿਲਾਂ ਉੱਤੇ ਨਿਰਮਲਤਾ ਦਾ ਰਾਜ ਹੁੰਦਾ ਹੈ। ਸਾਹਿੱਤਕਾਰਾਂ ਦਾ ਕੰਮ ਹੈ ਕਿ ਆਪਣੀ ਕਿਸੇ ਰਚਨਾ ਨਾਲ ਉਸ ਦੇ ਦੁੱਧ ਵਿਚ ਕਾਂਜੀ ਘੋਲਣ ਦਾ ਕਾਰਨ ਨਾ ਬਣਨ ਤੇ ਨਾ ਉਸ ਦੀ ਚਾਨਣੀ ਨੂੰ ਮੱਸਿਆ ਦੀ ਛੂਹ ਲੱਗਣ ਦੇਣ। ਅਸੀਂ ਉਸ ਨੂੰ ਤੱਤੀ ਵਾ ਦੇ ਹਰ ਬੁੱਲ੍ਹੇ ਤੋਂ ਬਚਾਉਣਾ ਹੈ।

ਬੱਚਿਆਂ ਦੇ ਲੇਖਕਾਂ ਨੂੰ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਜਿਨ੍ਹਾਂ ਬੱਚਿਆਂ ਲਈ ਉਹ ਲਿਖ ਰਹੇ ਹਨ, ਉਨ੍ਹਾਂ ਨੇ ਅੱਜ ਦੀ ਦੁਨੀਆ ਵਿਚ ਹੀ ਨਹੀਂ, ਅੱਜ ਤੋਂ ਬਾਅਦ ਦੀ ਦੁਨੀਆ ਵਿਚ ਵੀ ਰਹਿਣਾ ਹੈ। ਇਹ ਦੁਨੀਆ ਜਿਹੋ ਜਿਹੀ ਵੀ ਹੋਵੇਗੀ, ਬਹੁਤੀ ਸੰਭਾਵਨਾ ਇਹ ਹੈ ਕਿ ਵਹਿਮਾਂ-ਭਰਮਾਂ ਨਾਲੋਂ ਸਾਇੰਸ ਨੂੰ ਵਧੇਰੇ ਪ੍ਰਵਾਨ ਕਰ ਕੇ ਤੁਰੇਗੀ। ਦੋ ਨੂੰ ਦੋ ਨਾਲ ਗੁਣਾ ਕਰਾਂਗੇ ਤਾਂ ਜੋੜ ਚਾਰ ਆਵੇਗਾ, ਪਾਣੀ ਡੋਲ੍ਹਾਂਗੇ ਤਾਂ ਨੀਵੇਂ ਪਾਸੇ ਵੱਲ ਹੀ ਵਗੇਗਾ ਤੇ ਸੇਬ ਜਦ ਵੀ ਰੁੱਖ ਤੋਂ ਡਿੱਗੇਗਾ..., ਇਹ ਸਭ ਸਾਇੰਸ ਦੀਆਂ ਬੁਨਿਆਦੀ ਗੱਲਾਂ ਹਨ ਤੇ ਠੋਸ ਹਕੀਕਤਾਂ ਹਨ। ਲੇਖਕਾਂ ਦਾ ਰੁਖ਼ ਬਾਲਾਂ ਨੂੰ ਵਹਿਮ-ਭਰਮ, ਜਾਦੂ-ਟੂਣੇ, ਕਰਾਮਾਤਾਂ ਤੇ ਅਨਹੋਣੀਆਂ ਦੇ ਚੱਕਰ ਵਿਚ ਫਸਾਉਣ ਦੀ ਥਾਂ ਵਿਗਿਆਨਿਕ ਨਜ਼ਰੀਆ ਅਪਣਾਉਣ ਵਾਲੇ ਪਾਸੇ ਹੋਵੇ ਤਾਂ ਉਹ ਆਪਣੇ ਪਾਠਕਾਂ ਨੂੰ ਦੁਨੀਆ ਦੀਆਂ ਠੋਸ ਹਕੀਕਤਾਂ ਦਾ ਸਾਹਮਣਾ ਕਰਨ ਦੇ ਯੋਗ ਬਣਨ ਵਿਚ ਵਧੇਰੇ ਸਹਾਈ ਹੋ ਸਕਣਗੇ।

ਅੰਤ ਵਿਚ ਮੈਂ ਨਿਸੰਗ ਹੋ ਕੇ ਕਹਿਣਾ ਚਾਹੁੰਦਾ ਹਾਂ ਕਿ ਮੈਂ ਪੁਰਾਣੀ ਪੀੜ੍ਹੀ ਦਾ ਬੰਦਾ ਹਾਂ, ਇਸ ਲਈ ਮੈਨੂੰ ਕੌੜਿਆਂ ਬੋਲਾਂ ਨਾਲੋਂ ਮਿੱਠੇ ਬੋਲ ਚੰਗੇ ਲਗਦੇ ਹਨ। ਖਰਾ ਬੰਦਾ, ਖੋਟੇ ਨਾਲੋਂ ਵਧੇਰੇ ਭਾਉਂਦਾ ਹੈ; ਬੇਈਮਾਨ ਨਾਲੋਂ ਈਮਾਨਦਾਰ ਬਹੁਤੀ ਖਿੱਚ ਪਾਉਂਦਾ ਹੈ; ਵਿਹਲੜ ਨਾਲੋਂ ਕਮਾਊ, ਆਲਸੀ ਨਾਲੋਂ ਉੱਦਮੀ, ਢਾਹੂ ਨਾਲੋਂ ਉਸਰਈਆ, ਝਗੜਾਲੂ ਨਾਲੋਂ ਅਮਨਪਸੰਦ, ਕਾਇਰ ਨਾਲੋਂ ਸੂਰਮਾ ਤੇ ਪੱਤਹੀਣ ਨਾਲੋਂ ਪਤਵੰਤਾ ਸੱਜਣ ਵਧੇਰੇ ਸ੍ਰੇਸ਼ਟ ਪ੍ਰਤੀਤ ਹੁੰਦਾ ਹੈ। ਤੇ ਜੇ ਤੁਸੀਂ ਮੈਨੂੰ, ਪੁਰਾਣੀਆਂ ਕਦਰਾਂ-ਕੀਮਤਾਂ ਵਾਲੇ ਨੂੰ, ਸਲਾਹ ਪੁੱਛੋਗੇ ਤਾਂ ਮੈਂ ਕਹਾਂਗਾ, ਮੇਰੇ ਸਾਹਿੱਤਕਾਰ ਵੀਰੋ! ਤੁਸੀਂ ਉਹ ਸਾਹਿੱਤ ਪੈਦਾ ਕਰੋ ਜਿਸ ਨੂੰ ਪੜ੍ਹ ਕੇ ਸਾਡੇ ਫੁੱਲਾਂ ਵਰਗੇ ਬੱਚੇ ਜਦੋਂ ਵੱਡੇ ਹੋਣ ਤਾਂ ਆਪਣੀ ਦੁਨੀਆ ਨੂੰ ਆਪਣੇ ਇਹੋ ਜਿਹੇ ਗੁਣਾਂ ਤੇ ਇਹੋ ਜਿਹੀਆਂ ਕਦਰਾਂ-ਕੀਮਤਾਂ ਨਾਲ ਮਹਿਕਾ ਦੇਣ ਜਿਨ੍ਹਾਂ ਕਰਕੇ ਕੇਵਲ ਉਹ ਆਪ ਹੀ ਜੀਉਣ-ਜੋਗੇ ਨਾ ਬਣਨ, ਸਗੋਂ ਜਿਨ੍ਹਾਂ ਧਿਰਾਂ ਦਾ ਅਸੀਂ ਸ਼ੁਰੂ ਵਿਚ ਜ਼ਿਕਰ ਕਰ ਆਏ ਹਾਂ, ਉਨ੍ਹਾਂ ਤਿੰਨਾਂ ਨੂੰ ਵੀ ਜੀਉਣ-ਜੋਗਾ ਬਣਾ ਦੇਣ। ਫੇਰ, ਤੁਹਾਡਾ ਕੀ ਖ਼ਿਆਲ ਹੈ, ਇਹ ਜੱਗ ਅੱਗੇ ਨਾਲੋਂ ਵਧੇਰੇ ਮਿੱਠਾ-ਮਿੱਠਾ ਨਹੀਂ ਲੱਗਣ ਲਗ ਪਵੇਗਾ?

# ਬਾਲ-ਸਾਹਿੱਤ ਟ੍ਰਸਟ ਤੇ ਪੰਜਾਬੀ ਬਾਲ-ਸਾਹਿੱਤ*

ਕੁੱਝ ਦਿਨ ਹੋਏ ਮੈਨੂੰ ਡਾ. ਆਤਮਜੀਤ ਸਿੰਘ, ਡਾਇਰੈਕਟਰ, ਪੰਜਾਬ ਰਾਜ ਯੂਨੀਵਰਸਿਟੀ ਪਾਠ-ਪੁਸਤਕ ਬੋਰਡ ਦਾ ਸਨੇਹਾ ਪਹੁੰਚਿਆ ਕਿ ਮੈਂ 'ਬਾਲ-ਸਾਹਿੱਤ ਟ੍ਰਸਟ' ਲਈ ਬੋਰਡ ਵੱਲੋਂ ਕਰਵਾਏ ਜਾ ਰਹੇ ਸੈਮੀਨਾਰ ਦਾ ਆਰੰਭਿਕ ਪੇਪਰ ਅੰਗਰੇਜ਼ੀ ਵਿਚ ਤਿਆਰ ਕਰ ਦਿਆਂ। ਮਜ਼ਮੂਨ ਹੋਵੇ ਪੰਜਾਬੀ ਬਾਲ-ਸਾਹਿੱਤ ਬਾਰੇ, ਸਰੋਤਿਆਂ ਦੀ ਭਾਰੀ ਬਹੁ-ਗਿਣਤੀ ਹੋਵੇ ਪੰਜਾਬੀਆਂ ਦੀ ਤੇ ਮੇਰੇ ਵਰਗਾ ਲੇਖਕ ਵੀ ਹੋਵੇ ਮਾੜੀ-ਮੋਟੀ ਪੰਜਾਬੀ ਜਾਣਨ ਵਾਲਾ, ਫੇਰ ਵੀ ਜੇ ਮੈਂ ਪੰਜਾਬੀ ਦੀ ਥਾਂ ਅੰਗਰੇਜ਼ੀ ਦੀ ਸ਼ਰਨ ਤਕਾਉਣ ਲਗ ਪਵਾਂ ਤਾਂ ਮੈਨੂੰ ਇਉਂ ਲੱਗੇਗਾ ਜਿਵੇਂ ਮੈਂ ਆਪਣੇ ਮਾਨਜੋਗ ਸਰੋਤਿਆਂ ਦਾ ਅਪਮਾਨ ਕਰ ਰਿਹਾ ਹੋਵਾਂ। ਮੇਰੀ ਮੁਸ਼ਕਲ ਇਹ ਹੈ ਕਿ ਮੈਂ ਆਪਣੇ ਇੱਜ਼ਤਦਾਰ ਸਰੋਤਿਆਂ ਦੀ ਮਾਨ-ਹਾਨੀ ਕਰਨ ਵਾਲੇ ਹੌਸਲੇ ਤੋਂ ਬਿਲਕੁਲ ਸੱਖਣਾ ਹਾਂ, ਇਸੇ ਲਈ ਮੈਂ ਪ੍ਰਧਾਨ, ਗਵਰਨਰ ਸਾਹਿਬ ਤੇ ਡਾਇਰੈਕਟਰ ਸਾਹਿਬ ਪਾਸੋਂ ਖਿਮਾ ਮੰਗ ਕੇ ਆਪ ਨਾਲ ਆਪਣੀ ਨਿਮਾਣੀ ਬੋਲੀ ਪੰਜਾਬੀ ਵਿਚ ਹੀ ਕੁੱਝ ਗੱਲਾਂ ਸਾਂਝੀਆਂ ਕਰਨ ਦੀ ਖੁੱਲ੍ਹ ਲੈਣ ਲੱਗਾ ਹਾਂ।

ਸਾਡੇ ਸਮਾਜਿਕ ਆਚਾਰ-ਵਿਹਾਰ ਵਿਚ ਬਾਲ-ਵਰੇਸ ਨੂੰ ਕੋਈ ਉਚੇਚੀ ਮਾਨਤਾ ਪ੍ਰਾਪਤ ਨਹੀਂ ਹੈ। ਮਿਸਾਲ ਵਜੋਂ, ਸੜਕਾਂ ਉੱਤੇ ਮਜ਼ਦੂਰੀ ਕਰਦੀਆਂ ਖ਼ਾਨਾ-ਬਦੋਸ਼ ਮਾਵਾਂ ਦੀ ਸੰਤਾਨ ਹੋਵੇ ਜਾਂ ਮਹਾਨਗਰਾਂ ਦੇ ਉੱਚ ਦਫ਼ਤਰਾਂ ਵਿਚ ਕੰਮ ਕਰਦੇ ਜੋੜਿਆਂ ਦੀ, ਆਪ ਨੂੰ ਇਨ੍ਹਾਂ ਦੀ ਸੰਭਾਲ, ਰਾਖੀ ਤੇ ਸਿੱਖਿਆ ਦਾ ਤਸੱਲੀ-ਬਖ਼ਸ਼ ਪ੍ਰਬੰਧ ਪੰਜਾਬ ਵਿਚ ਹੀ ਨਹੀਂ, ਸਾਰੇ ਭਾਰਤ ਵਿਚ, ਕਿਤੇ ਵੀ ਨਹੀਂ ਮਿਲੇਗਾ। ਬੱਚਿਆਂ ਦੀ ਸੁਖ-ਸਾਂਦ ਤੇ ਭਲਾਈ ਵਾਲੇ ਪ੍ਰਬੰਧਾਂ ਨੂੰ ਸ਼ਹਿਰਾਂ, ਰਾਜਾਂ ਜਾਂ ਕੇਂਦਰ ਦੇ ਕਾਰਜ-ਕ੍ਰਮਾਂ ਦੀ ਕਿਸੇ ਵੀ ਸੂਚੀ ਵਿਚ ਪਹਿਲ ਮਿਲੀ ਨਹੀਂ ਦਿੱਸਦੀ। ਬੱਸ ਹੋਵੇ ਜਾਂ ਗੱਡੀ, ਬੱਚਾ ਆਪਣੇ ਅੰਗ ਜ਼ਰਾ ਮੋਕਲੇ ਕਰ ਕੇ ਬੈਠਾ ਹੋਵੇ ਤਾਂ ਉਸ ਦੀ ਸੀਟ ਉੱਤੇ ਹਰ ਬੇਸੀਟੇ ਦੀ ਅੱਖ ਹੁੰਦੀ ਹੈ, ਭਾਵੇਂ ਘਰ ਦਿਆਂ ਨੇ ਉਸ ਦੀ ਅੱਧੀ ਟਿਕਟ ਹੀ ਕਿਉਂ ਨਾ ਕਟਾਈ ਹੋਈ ਹੋਵੇ ਤੇ ਜਿੰਨੀ ਦੇਰ ਉਸ ਵਿਚਾਰੇ ਨੂੰ ਝੋਲੀ ਵਿਚ ਬਿਠਾਉਣ ਦਾ ਲਾਰਾ ਲਾ ਕੇ ਖੜਾ ਨਹੀਂ ਕਰ ਦਿੱਤਾ ਜਾਂਦਾ ਜਾਂ ਧੱਕ ਕੇ ਪਰ੍ਹਾਂ ਨਹੀਂ ਖਿਸਕਾ ਦਿੱਤਾ ਜਾਂਦਾ, ਉਸ ਦੀ ਸੀਟ ਮੱਲਣ ਦੇ ਇੱਛਕਾਂ ਨੂੰ ਅਚਵੀ ਲੱਗੀ ਹੀ ਰਹਿੰਦੀ ਹੈ। ਬੈਠਕ ਵਿਚ ਜਾਂ ਵਿਹੜੇ ਵਿਚ ਘਰ ਦੇ ਸਾਰੇ ਜੀ ਜੁੜੇ ਬੈਠੇ ਹਨ ਤੇ ਗੱਪ-ਗਿਆਨ ਚੱਲ ਰਿਹਾ ਹੈ ਕਿ ਅਚਾਨਕ ਕਿਸੇ ਨੂੰ ਤਰੇਹ ਦਾ ਇਹਸਾਸ ਹੁੰਦਾ ਹੈ। ਝੱਟ ਕਾਕੇ ਜਾਂ ਕਾਕੀ ਨੂੰ ਪਾਣੀ ਲਿਆਉਣ ਲਈ ਆਵਾਜ਼ ਪੈ ਜਾਂਦੀ ਹੈ। ਜੇ ਕੋਈ ਪ੍ਰਾਹੁਣਾ ਆ ਵੱਜੇ, ਫੇਰ ਤਾਂ ਕਾਕੇ ਨੂੰ ਨਿੱਕੀਆਂ-ਮੋਟੀਆਂ ਵਗਾਰਾਂ ਭੁਗਤਾਉਣ ਲਈ ਮੁੰਡੂ ਵਾਲੀ ਸੇਵਾ ਨਿਭਾਉਣੀ ਹੀ ਪੈਂਦੀ ਹੈ। ਬੱਚੇ ਦੀ ਵਧਦੀ ਉਮਰ

---

* ਪੰਜਾਬ ਰਾਜ ਯੂਨੀਵਰਸਿਟੀ ਪਾਠ-ਪੁਸਤਕ ਬੋਰਡ ਵੱਲੋਂ ਬਣਾਏ ਗਏ 'ਬਾਲ-ਸਾਹਿੱਤ ਟ੍ਰਸਟ' ਦੇ 7 ਮਾਰਚ 1987 ਵਿਚ ਹੋਏ ਆਰੰਭਿਕ ਸਮਾਗਮ ਵਿਚ ਦਿੱਤਾ ਗਿਆ ਬੀਜ ਭਾਸ਼ਣ।

WWW.SIKHBOOKCLUB.COM

ਅਨੁਸਾਰ ਉਸ ਦੇ ਜਜ਼ਬਿਆਂ, ਕਲਪਣਾ, ਸੂਝ ਜਾ ਚੰਗ-ਮੰਦ ਦੀ ਸੋਝੀ ਦੇ ਚੁਹੱਦਿਆ ਨੂੰ ਹੌਲੀ ਹੌਲੀ ਵਿਸਤਾਰ ਜਾਂ ਸੇਧ ਦੇਂਦੇ ਰਹਿਣ ਲਈ, ਮਾਪਿਆਂ ਜਾਂ ਭੈਣਾਂ-ਭਰਾਵਾਂ ਪਾਸ ਨਾ ਕੋਈ ਸਮਾਂ ਹੁੰਦਾ ਹੈ ਨਾ ਗਿਆਨ, ਪਰ ਉਸ ਦੀ ਨਿੱਕੀ ਤੋਂ ਨਿੱਕੀ ਭੁੱਲ ਉੱਤੇ ਘਰ ਦੇ ਹਰ ਜੀ, ਬਲਕਿ ਗਲੀ ਮਹੱਲੇ ਵਾਲਿਆਂ ਨੂੰ ਵੀ, ਉਸ ਨੂੰ ਘੂਰਨ, ਛੁਟਿਆਉਣ, ਝਾੜ-ਝੰਬ ਕਰਨ, ਕੰਨ ਮਰੋੜਨ, ਬਲਕਿ ਪਾਸੇ ਸੇਕਣ ਤਕ ਦਾ ਹੱਕ ਰੱਬੋਂ ਹੀ ਮਿਲਿਆ ਹੋਇਆ ਸਮਝਿਆ ਜਾਂਦਾ ਹੈ। ਬੇ-ਸ਼ੁਮਾਰ ਮਾਰਖ਼ੋਰੇ ਮਾਪੇ, ਆਪਣੀਆਂ ਬਾਹਰਲੀਆਂ ਹਾਰਾਂ ਤੇ ਹੇਠੀਆਂ, ਮਾਨਸਿਕ ਗੁੰਝਲਾਂ ਤੇ ਜਜ਼ਬਾਤੀ ਗੰਢਾਂ ਦਾ ਫ਼ੌਰੀ ਹੱਲ, ਬੱਚਿਆਂ ਨੂੰ ਨਿੱਤ ਅਕਾਰਨ ਫੈਂਟਾ ਚਾੜ੍ਹਨ ਵਿੱਚੋਂ ਲੱਭਦੇ ਹਨ। ਬੱਚਾ ਆਪਣੇ ਵੱਡਿਆਂ ਦੀ ਕਹਿਣੀ ਤੇ ਕਰਨੀ ਵਿਚਲੀ ਵਿੱਥ ਨੂੰ ਅਤੇ ਜੋਗ ਤੇ ਅਜੋਗ ਦੇ ਭੇਦ ਨੂੰ ਵੱਡਿਆਂ ਵਾਂਗ ਹੀ ਤਾੜਦਾ-ਸਮਝਦਾ ਹੈ—ਇਸ ਨਿੱਕੇ ਜਿਹੇ ਤੱਥ ਦੇ ਅਗਿਆਨ ਕਰਕੇ ਮਾਪੇ ਬੱਚਿਆਂ ਦੇ ਸਾਹਮਣੇ ਉਹ ਕੁੱਝ ਕਰਦੇ ਰਹਿੰਦੇ ਹਨ, ਜਿਸ ਨੂੰ ਉਹ ਕਦੀ ਨਾ ਕਰਦੇ, ਜੇ ਉਨ੍ਹਾਂ ਦੀਆਂ ਸਭਿਆਚਾਰਕ ਕਦਰਾਂ ਵਿਚ ਬੱਚੇ ਦੀ ਸੁਤੰਤਰ, ਜਿਉਂਦੀ ਤੇ ਧੜਕਦੀ ਸ਼ਖ਼ਸੀਅਤ ਨੂੰ ਕੋਈ ਆਦਰ ਵਾਲੀ ਥਾਂ ਮਿਲੀ ਹੁੰਦੀ। ਜਰਮਨੀ ਵਿਚ ਮਾਮੂਲੀ ਤੋਂ ਮਾਮੂਲੀ ਕੰਮ ਨੂੰ ਪੇਸ਼ੇ ਵਜੋਂ ਅਪਣਾਉਣਾ ਹੋਵੇ ਤਾਂ ਵੀ ਬਾਕਾਇਦਾ ਸਿਖਲਾਈ ਦੀ ਸਨਦ ਪ੍ਰਾਪਤ ਕਰਨੀ ਪੈਂਦੀ ਹੈ। ਇਹੋ ਜਿਹੇ ਵਿਗਸਿਤ ਮੁਲਕ ਵਿਚ ਵੀ, ਮਾਪਿਆਂ ਨੂੰ, ਬਾਲਾਂ ਦੇ ਹਿਤ ਪਾਲਣ ਵਾਲੇ ਸੁਜੋਗ ਤੇ ਕੁਸ਼ਲ ਮਾਪੇ ਬਣਨ ਲਈ, ਕਿਸੇ ਤਰ੍ਹਾਂ ਦੀ ਸਿਖਲਾਈ ਲੈਣ ਲਈ ਮਜਬੂਰ ਨਹੀਂ ਕੀਤਾ ਜਾਂਦਾ। ਸਾਡੇ ਭਾਈਚਾਰੇ ਦੀ ਤਾਂ ਗੱਲ ਹੀ ਕੀ ਕਰਨੀ ਹੋਈ ? ਜਿੱਥੇ ਡਾਕਟਰੀ ਵਰਗਾ ਪੇਸ਼ਾ, ਬਿਨਾਂ ਕਿਸੇ ਸਿਖਲਾਈ ਦੇ ਖੁੱਲ੍ਹਮ-ਖੁੱਲ੍ਹਾ ਅਪਣਾਇਆ ਜਾ ਸਕਦਾ ਹੈ, ਓਥੇ ਮਾਪਿਆਂ ਪਾਸੋਂ ਇਹ ਆਸ ਰੱਖਣੀ ਕਿ ਉਹ ਬੱਚਿਆਂ ਦੇ ਮਾਨਸਿਕ, ਬੌਧਿਕ ਜਾਂ ਸਦਾਚਾਰਕ ਵਿਕਾਸ ਬਾਰੇ ਲਾਈ ਗਈ ਕਿਸੇ ਸ਼ਰਤ ਜਾ ਸੁਝਾ ਨੂੰ ਧਿਆਨਜੋਗ ਮਾਮਲਾ ਸਮਝਣਗੇ ਤੇ ਉਸ ਨੂੰ ਆਪਣੀ ਜ਼ਿੰਦਗੀ ਦੇ ਏਜੰਡੇ ਵਿਚ ਕਿਤੇ ਉੱਪਰਵਾਰ ਥਾਂ ਦੇਣਗੇ, ਸ਼ੇਖ਼ ਚਿੱਲੀ ਵਾਲੀ ਗੱਲ ਬਣ ਜਾਂਦੀ ਹੈ। ਸਾਨੂੰ ਇਹ ਮੰਨ ਕੇ ਹੀ ਤੁਰਨਾ ਪਵੇਗਾ ਕਿ ਅਜੇ ਬਾਲ-ਵਿਕਾਸ ਦੀ ਕਿਸੇ ਵੀ ਸਮੱਸਿਆ ਨੇ ਸਾਡੀ ਸਮਾਜਿਕ ਚੇਤਨਾ ਦਾ ਕੇਂਦਰ ਨਹੀਂ ਮੱਲਿਆ ਹੋਇਆ। ਬੱਚੇ ਦੀ ਅਸਲ ਥਾਂ ਸਮਾਜ ਦੀ ਕਿਸੇ ਪਸਿੱਤੀ ਜਿਹੀ ਬਾਹੀ ਵਿਚ ਜਾ ਲੱਭਦੀ ਹੈ, ਜਿੱਥੇ ਉਸ ਨੇ ਆਪਣੇ ਤੋਂ ਵਡੇਰਿਆਂ ਦੇ ਇਕ ਬੇ-ਪਛਾਣ ਵਾਧਰੇ ਵਜੋਂ ਦਿਨ-ਕਟੀ ਕਰਨੀ ਹੁੰਦੀ ਹੈ ਨਾ ਕਿ ਆਪਣੀ ਵੱਖਰੀ ਹੋਂਦ ਦੇ ਕਿਸੇ ਹੱਕੀ ਆਧਾਰ ਦੇ ਸਿਰ ਉੱਤੇ। 'ਪੰਜਾਬੀ ਬਾਲ-ਸਾਹਿੱਤ ਟ੍ਰਸਟ' ਦੇ ਨਾਂ ਤੋਂ ਲਗਦਾ ਹੈ ਕਿ ਇਹ ਬੱਚੇ ਨੂੰ ਇਕ ਸੁਤੰਤਰ ਤੇ ਧਿਆਨਜੋਗ ਇਕਾਈ ਮੰਨ ਕੇ ਤੁਰੇਗਾ ਤੇ ਬਾਲ-ਸ਼ਖ਼ਸੀਅਤ ਦੇ ਵਿਕਾਸ ਦੀਆਂ ਲੋੜਾਂ ਪੂਰਨ ਵਾਲਾ ਸਾਹਿੱਤ-ਉਪਜਾਇਕ ਸਾਧਨ। ਇਸ ਦਾਈਏ ਨਾਲ ਸਾਹਿੱਤਿਕ ਪਿੜ ਵਿਚ ਉਤਰਨ ਵਾਲੇ ਟ੍ਰਸਟ ਲਈ ਸ਼ੁਭ-ਚਿੰਤਕਾਂ ਵੱਲੋਂ ਢੇਰਾਂ ਦੇ ਢੇਰ ਸ਼ੁਭ-ਇੱਛਾਵਾਂ ਦੀ ਲੋੜ ਹੈ, ਕਿਉਂਕਿ ਜਿਸ ਅਹਿਮ ਕੰਮ ਨੂੰ ਮਾਪਿਆਂ ਨੇ ਪਹਿਲ ਦੇ ਜੋਗ ਨਹੀਂ ਸਮਝਿਆ, ਇਹ ਉਸ ਦੀ ਜ਼ਿੰਮੇਵਾਰੀ ਸਾਂਭਣ ਦਾ ਹੀਆ ਕਰਨ ਲੱਗਾ ਹੈ। ਉਂਜ ਚੰਗੀ ਗੱਲ ਹੋਵੇਗੀ ਜੇ ਟ੍ਰਸਟ ਨੂੰ ਪਹਿਲਾਂ ਹੀ ਕੰਨ ਹੋਏ ਹੋਣ ਕਿ ਬੱਚੇ ਦੀ ਹੋਂਦ-ਮਾਤਰ ਲਈ ਸਤਕਾਰ ਤੇ ਉਸ ਦੀ ਸ਼ਖ਼ਸੀਅਤ ਦੇ ਵਿਕਾਸ ਦੀ ਜ਼ਿੰਮੇਵਾਰੀ ਨੂੰ ਉਚੇਚੀ ਮਾਨਤਾ ਦੇਣ ਦਾ ਖ਼ਿਆਲ, ਸਾਡੀ ਦੇਸੀ ਸੰਸਕ੍ਰਿਤੀ ਦੀਆਂ ਮੂਲ ਧਾਰਨਾਵਾਂ ਤੋਂ ਕੁੱਝ ਹਟਵੀਂ ਤਰ੍ਹਾਂ ਦਾ ਹੋਣ ਕਰਕੇ, ਟ੍ਰਸਟ ਦਾ ਕੰਮ ਬਹੁਤ ਸੁਖੱਲਾ ਨਹੀਂ ਹੋਣ ਲੱਗਾ।

WWW.SIKHBOOKCLUB.COM

ਬਾਲ-ਸਾਹਿੱਤ ਟ੍ਰਸਟ ਨੇ ਜੋ ਕੰਮ ਕਰਨਾ ਹੈ, ਉਸ ਦਾ ਖੇਤਰ-ਖਿਲਾਰ ਇਸ ਦੇ

ਅਧਿਕਾਰੀਆਂ ਵੱਲੋਂ ਨਿਸਚਿਤ ਹੋ ਹੀ ਚੁੱਕਾ ਹੋਵੇਗਾ। ਮੇਰਾ, ਉਸ ਵਿਚ ਦਖ਼ਲ ਦੇਣ ਦਾ ਕੋਈ ਇਰਾਦਾ ਨਹੀਂ, ਪਰ ਇਕ ਸੁਝਾ ਜ਼ਰੂਰ ਦੇਣਾ ਹੈ, ਭਾਵੇਂ ਦੂਰ ਦੇ ਨਿਸ਼ਾਨੇ ਵਜੋਂ ਹੀ ਰੱਖਿਆ ਜਾਵੇ ਕਿ ਮਾਪਿਆਂ ਦੀ ਬਾਲਾਂ ਵੱਲ ਉਪੇਖਿਆ ਜਾਂ ਦਮਨ ਦੀ ਰੁਚੀ ਨੂੰ ਬਾਲ-ਹਿਤ, ਬਾਲ-ਸਤਕਾਰ ਤੇ ਬਾਲ-ਵਿਕਾਸ ਵਿਚ ਬਦਲਣ ਵਾਲਾ ਨਿਸ਼ਾਨਾ ਟ੍ਰਸਟ ਦੇ ਮਨੋਰਥ-ਪੱਤਰ ਵਿਚ ਜ਼ਰੂਰ ਰੱਖਿਆ ਜਾਵੇ। ਸਮਾਜਿਕ ਸੁਭਾ ਵਿਚ ਇਹੋ ਜਿਹੇ ਗੁਣਾਤਮਕ ਪਰਿਵਰਤਨ ਦੁਖਦਾਈ ਹੱਦ ਤਕ ਜਿੱਲ੍ਹੇ ਹੁੰਦੇ ਹਨ, ਕਿਉਂਕਿ ਉਨ੍ਹਾਂ ਦੀ ਨਿਰਭਰਤਾ ਕਈ ਕਾਰਨਾਂ ਉੱਤੇ ਹੁੰਦੀ ਹੈ, ਪਰ ਘਬਰਾਉਣ ਦੀ ਲੋੜ ਨਹੀਂ, ਕਿਉਂਕਿ ਸਮੇਂ ਦੀ ਤੋਰ ਇਸ ਤਬਦੀਲੀ ਵਾਲੇ ਪਾਸੇ ਦੀ ਹੈ। ਹਾਲ ਦੀ ਘੜੀ, ਟ੍ਰਸਟ ਨੂੰ ਚਾਹੀਦਾ ਹੈ ਕਿ ਬਾਲਕ-ਸਮਾਜ ਵੱਲ ਬਾਲਗ-ਸਮਾਜ ਦੀਆਂ ਵਰਤਮਾਨ ਧਾਰਨਾਵਾਂ ਦੀ ਪਰਵਾਹ ਨਾ ਕਰਦਿਆਂ, ਬਾਲਾਂ ਦਾ ਹਾਣੀ ਬਣਨ ਦਾ ਵੱਲ ਸਿੱਖੇ; ਆਪਣੇ ਆਲੇ-ਦੁਆਲੇ ਦੀ ਦੁਨੀਆ ਨੂੰ ਨਵੇਂ ਸਿਰਿਓਂ ਬਾਲ-ਅੱਖਾਂ ਵਾਲੀ ਅਮੁੱਕ ਉਤਸੁਕਤਾ ਨਾਲ ਵੇਖਣ ਤੇ ਸਮਝਣ ਦਾ ਜਤਨ ਕਰੇ ਤੇ ਤਿਤਲਈ ਰੰਗਾਂ ਵਾਲੀਆਂ ਬਾਲ-ਖ਼ੁਸ਼ੀਆਂ ਤੇ ਬਾਲ-ਗ਼ਮੀਆਂ ਦੇ ਛਿਨ-ਭੰਗਰੀ ਸੁਭਾ ਨੂੰ ਆਪਣੇ ਅੰਦਰ ਵਸਾ ਕੇ ਸਾਹਿੱਤ-ਰਚਨਾ ਦੇ ਖੇਤਰ ਵਿਚ ਪੈਰ ਧਰੇ। ਜੇ ਟ੍ਰਸਟ ਨੂੰ ਪਤਾ ਹੈ ਤਾਂ ਬਹੁਤ ਤੁਸ਼ਟੀਦਾਇਕ ਗੱਲ ਹੈ, ਪਰ ਜੇ ਨਹੀਂ ਪਤਾ ਤਾਂ ਆਪਣੇ ਕਿੱਤੇ ਦੇ ਮੁੱਢ ਵਿਚ ਹੀ ਇਸ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਬੱਚਾ ਭਾਵੇਂ ਨੰਗ-ਮਲੰਗ ਘਰ ਦਾ ਹੋਵੇ, ਭਾਵੇਂ ਰੱਜੇ-ਪੁੱਜੇ ਘਰ ਦਾ, ਝੂਟਿਆਂ ਲਈ ਉਸ ਨੂੰ ਉਹੀ ਸਤਰੰਗੀ ਪੀਂਘ ਚਾਹੀਦੀ ਹੁੰਦੀ ਹੈ, ਜਿਹੜੀ ਗਿੱਦੜ-ਗਿੱਦੜੀ ਆਪਣੇ ਵਿਆਹ ਵੇਲੇ ਅਕਾਸ਼ ਵਿਚ ਪਾਉਂਦੇ ਹਨ; ਉਸ ਦੀ ਜ਼ਿਦ ਹੁੰਦੀ ਹੈ ਕਿ ਅਕਾਸ਼-ਗੰਗਾ ਵਿਚ ਚੰਨ ਦੀ ਬੇੜੀ ਠਿੱਲ੍ਹੇ ਤਾਂ ਉਹ ਉਸ ਵਿਚ ਸਜ ਕੇ ਸੈਰ ਕਰਨ ਨਿਕਲੇ; ਜਦੋਂ ਉਸ ਦਾ ਜੀ ਦੇਸਾਂ, ਪਰਬਤਾਂ ਤੇ ਸਾਗਰਾਂ ਦੇ ਉੱਪਰ ਦੀ ਉੱਡਣ ਉੱਤੇ ਕਰਦਾ ਹੈ ਤਾਂ ਉਹ ਟਪੂਸੀ ਮਾਰ ਕੇ ਪਰੀਆਂ ਦੇ ਕੰਧਾੜੇ ਚੜ੍ਹ ਜਾਂਦਾ ਹੈ ਤੇ ਸੂਰਮਗਤੀ ਦਿਖਾਉਣ ਵੇਲੇ ਭਿਆਨਕ ਦੈਂਤਾਂ ਤੇ ਦਾਨਵਾਂ ਨਾਲ ਜਾ ਮੱਥਾ ਡਾਹੁੰਦਾ ਹੈ; ਜੜ੍ਹ ਹੋਵੇ ਜਾਂ ਚੇਤਨ ਉਸ ਦੇ ਬੁਲਾਇਆਂ ਹਰ ਚੀਜ਼ ਵਿਚ ਭਾਸ਼ਿਕ ਸ਼ਕਤੀ ਆ ਹਾਜ਼ਰ ਹੁੰਦੀ ਹੈ; ਹਵਾ ਵਿਚ ਸੁਫ਼ਨ-ਮਹਿਲ ਉਸਾਰ ਕੇ ਤੇ ਨਿਰੋਲ ਰੇਤ ਦੇ ਘਰ ਬਣਾ ਕੇ ਉਸ ਦੀਆਂ ਅੱਖਾਂ ਵਿਚ ਖ਼ੁਸ਼ੀ ਦੇ ਫ਼ਾਨੂਸ ਜਗਮਗਾ ਉੱਠਦੇ ਹਨ; ਉਸ ਦੀ ਚਮਤਕਾਰੀ ਛੁਹ ਵਾਸਤਵ ਦੇ ਚੰਦੋਏ ਵਿਚ ਸੁਫ਼ਨਿਆਂ ਦੇ ਫੁੱਲ ਨਿਰੰਤਰ ਚਿਤਰਦੀ ਹੀ ਰਹਿੰਦੀ ਹੈ; ਕਤੂਰੇ ਹੋਣ ਭਾਵੇਂ ਬਲੂੰਗੜੇ, ਸਹੇ ਹੋਣ ਭਾਵੇਂ ਮੇਮਣੇ—ਇਹ ਉਸ ਦੇ ਮਾਂ-ਜਾਏ ਭੈਣ-ਭਰਾ ਹੁੰਦੇ ਹਨ; ਤਿਤਲੀਆਂ, ਟਟਹਿਣਿਆਂ, ਚੀਚ-ਵਹੁਟੀਆਂ ਪਿੱਛੇ ਉਹ ਤਰਲੋ-ਮੱਛੀ ਹੋ ਜਾਂਦਾ ਹੈ; ਗੀਟੇ, ਬਿੱਕਰੀਆਂ, ਬੰਟੇ ਤੇ ਗੁੱਡੀਆਂ-ਪਟੋਲੇ ਉਸ ਲਈ ਕਾਰੂੰ ਦੇ ਖ਼ਜ਼ਾਨੇ ਤੋਂ ਵੱਧ ਕੀਮਤੀ ਹੁੰਦੇ ਹਨ; ਉਸ ਨੂੰ ਹਰ ਨਵੀਂ ਸ਼ੈ ਬਾਰੇ ਮਾੜੀ-ਮੋਟੀ ਜਾਣਕਾਰੀ ਪ੍ਰਾਪਤ ਕਰ ਕੇ ਰੱਜ ਨਹੀਂ ਆ ਜਾਂਦਾ, ਸਗੋਂ ਉਸ ਦੀ ਭੁੱਖ ਤਿਖੇਰੀ ਹੋ ਜਾਂਦੀ ਹੈ। ਗੱਲ ਕੀ, ਉਸ ਦੀ ਦੁਨੀਆ ਸਾਡੀ ਦੁਨੀਆ ਤੋਂ ਬਹੁਤ ਵੱਖਰੀ ਹੁੰਦੀ ਹੈ, ਉਸ ਦੀਆਂ ਕੀਮਤਾਂ ਸਾਡੀਆਂ ਕੀਮਤਾਂ ਤੋਂ ਵੱਖਰੀਆਂ ਹੁੰਦੀਆਂ ਹਨ ਤੇ ਉਸ ਦਾ ਤਰਕ ਸਾਡੇ ਤਰਕ ਤੋਂ ਅਸਲੋਂ ਵੱਖਰਾ ਹੁੰਦਾ ਹੈ। ਪੰਜਾਬੀ ਦਾ ਜਿਹੜਾ ਥੋੜਾ ਬਹੁਤਾ ਬਾਲ-ਸਾਹਿੱਤ ਬਜ਼ਾਰ ਵਿਚ ਮਿਲਦਾ ਹੈ, ਉਸ ਵਿੱਚੋਂ ਬਹੁਤਾ ਨਾ ਤਾਂ ਉਸ ਦੇ ਬਾਲ-ਜਗਤ ਦੇ ਪੂਰੇ ਵਾਸਤਵ ਨੂੰ ਪ੍ਰਗਟਾਉਂਦਾ ਹੈ, ਨਾ ਉਸ ਦੇ ਤਰਕ ਨੂੰ ਪੂਰੀ ਤਰ੍ਹਾਂ ਪਰਵਾਨ ਕਰ ਕੇ ਤੁਰਦਾ ਹੈ ਤੇ ਨਾ ਉਸ ਦੇ ਗਿਆਨ ਦੀ ਭੁੱਖ ਨੂੰ ਹੀ ਤ੍ਰਿਪਤਾਉਂਦਾ ਤੇ ਤਿਖੇਰਾ ਕਰਦਾ ਹੈ। ਹੋਰ ਤਾਂ ਹੋਰ, ਇਹ ਸਾਹਿੱਤ ਉਸ ਦੀ ਪਕੜ ਵਿਚ ਆ ਜਾਣ ਵਾਲੀ ਬੋਲੀ ਦੇ ਘੇਰੇ ਦੇ ਅੰਦਰ-ਅੰਦਰ ਰਹਿਣ ਦਾ ਵੀ ਪੂਰਾ ਜਤਨ ਨਹੀਂ ਕਰਦਾ।

WWW.SIKHBOOKCLUB.COM Page 194

ਵਿਸ਼ਣੂ ਸ਼ਰਮਾ ਨੇ ਭਾਰਤ ਦੀ ਧਰਤੀ ਉੱਤੇ ਬੈਠ ਕੇ 'ਪੰਚਤੰਤ੍ਰ' ਰਚਿਆ ਤੇ ਗ੍ਰਿੱਮ ਭਰਾਵਾਂ, ਜੈਕਬ ਤੇ ਵਿਲਹੈਲਮ ਨੇ, ਜਰਮਨ ਧਰਤੀ ਉੱਤੇ ਬੈਠ ਕੇ ਆਪਣੀਆਂ 'ਕਹਾਣੀਆਂ' ਨੂੰ ਜਨਮ ਦਿੱਤਾ। ਦੋਨਾਂ ਦੇ ਤਜਰਬਿਆਂ ਵਿਚ ਸਮੇਂ, ਸੰਸਕ੍ਰਿਤੀ, ਪ੍ਰਕ੍ਰਿਤਿਕ ਪਿਛੋਕੜ, ਬੋਲੀ ਤੇ ਸ਼ੈਲੀ ਦੇ ਢੇਰ ਸਾਰੇ ਫ਼ਰਕ ਹਨ ਪਰ ਬਲਿਹਾਰ ਜਾਈਏ ਇਨ੍ਹਾਂ ਲੇਖਕਾਂ ਦੀ ਮੌਲਿਕਤਾ ਦੇ, ਜਿਸ ਨੇ ਉਹ ਸਮੱਗਰੀ ਲੱਭੀ ਤੇ ਪਰੋਸਣ ਲਈ ਉਹ ਭਾਂਡੇ ਘੜੇ ਕਿ ਬੱਚੇ ਤਾਂ ਬੱਚੇ, ਬਿਰਧਾਂ ਤਕ ਨੂੰ ਇਨ੍ਹਾਂ ਦੀ ਪਰੋਸੀ ਖ਼ੁਰਾਕ ਇਕਸਾਰ ਰਾਸ ਆਉਣ ਵਾਲੀ ਬਣ ਗਈ ਹੈ। ਅਵਤਾਰਾਂ ਵਾਂਗ, ਇਹੋ ਜਿਹੇ ਸ਼ਾਹਕਾਰਾਂ ਦਾ ਅਵਤਰਣ ਤਾਂ ਕਦੀ ਕਦਾਈਂ ਹੀ ਹੁੰਦਾ ਹੈ, ਪਰ ਇਸ ਵਰਗ ਦੇ ਸ਼ਾਹਕਾਰਾਂ ਤੋਂ ਬਾਲ-ਸਾਹਿੱਤ ਦੇ ਗੁਣਾਂ-ਲੱਛਣਾਂ ਦਾ ਕੁੱਝ ਨਾ ਕੁੱਝ ਤਾਂ ਪਤਾ ਲਗ ਹੀ ਜਾਂਦਾ ਹੈ। ਟ੍ਰਸਟ ਨੇ ਪੰਜਾਬ ਦੇ ਬਾਲਾਂ ਦਾ ਮਸੀਹਾ ਬਣਨਾ ਹੈ ਤਾਂ ਇਸ ਨੂੰ ਬਾਲ-ਵਿਕਾਸ ਦੀਆਂ ਦਿਸ਼ਾਵਾਂ ਦਾ ਨਿਰਣਾ ਕਰ ਕੇ ਹਰ ਦਿਸ਼ਾ ਦੇ ਉਮਰਵਾਰ ਪੜਾਉ ਨਿਸਚਿਤ ਕਰਨੇ ਪੈਣਗੇ ਤਾਂ ਜੋ ਉਨ੍ਹਾਂ ਦਿਸ਼ਾਵਾਂ ਤੇ ਪੜਾਵਾਂ ਦੇ ਅਨੁਕੂਲ ਸਾਹਿੱਤ ਰਚਿਆ ਜਾ ਸਕੇ। ਟ੍ਰਸਟ ਪਾਸ ਬਾਲ-ਸਾਹਿੱਤ ਦੇ ਕੁੱਝ ਨਿਪੁਣ ਮੀਮਾਂਸਕ ਹੋਣੇ ਚਾਹੀਦੇ ਹਨ ਤਾਂ ਜੋ ਉਹ ਦੱਸ ਸਕਣ ਕਿ ਬੱਚੇ ਨੂੰ ਚਿੜੀ-ਕਾਂ ਦੇ ਬਿੰਬਾਂ ਰਾਹੀਂ ਕਿਸ ਉਮਰ ਵਿਚ ਇਹ ਚੇਤਨਾ ਦੇਣੀ ਹੈ ਕਿ ਸਾਂਝੇਦਾਰੀ ਵਿਚ ਰੋਂਦ ਨਹੀਂ ਮਾਰਨੀ ਚਾਹੀਦੀ; ਪਰਉਪਕਾਰ ਤੇ ਨਿਮਰਤਾ ਦਾ ਸੁਨੇਹਾ ਦੇਣ ਲਈ ਕਿਸ ਉਮਰ ਦੇ ਬੱਚਿਆਂ ਸਾਹਮਣੇ ਮਹਾਰਾਜਾ ਰਣਜੀਤ ਸਿੰਘ ਨੂੰ ਕਣਕ ਦੀ ਬੋਰੀ ਚੁਕਾਉਣੀ ਹੈ? ਕਿਸ ਉਮਰ ਦੇ ਬੱਚਿਆਂ ਦੇ ਸਨਮੁਖ ਡੱਕੀ ਹੋਈ ਸ਼ਹਿਜ਼ਾਦੀ ਨੂੰ ਬੰਦੀ ਵਿੱਚੋਂ ਛੁਡਾਉਣ ਲਈ, ਸ਼ਹਿਜ਼ਾਦੇ ਪਾਸੋਂ ਦਿਉ ਦਾ ਸੰਘਾਰ ਕਰਵਾਉਣਾ ਹੈ? ਕਿਸ ਉਮਰ ਵਿਚ ਚੰਨ ਦੀ ਭੂਗੋਲਿਕ ਸੈਰ ਕਰਾਉਣੀ ਹੈ ਤੇ ਕਿਸ ਉਮਰ ਵਿਚ ਅੱਖ ਦੀ ਬਣਤਰ ਦੇ ਸਾਰੇ ਵੇਰਵੇ ਨਾਲ ਜਾਣਕਾਰੀ ਦੇਣੀ ਹੈ ਜਾਂ ਪ੍ਰਮਾਣਿਕ ਕੰਪਿਊਟਰੀ ਭੇਤਾਂ ਉੱਤੇ ਝਾਤ ਪਵਾਉਣੀ ਹੈ।

ਮੇਰਾ ਯਕੀਨ ਹੈ ਕਿ, ਉਮਰ ਅਨੁਸਾਰ, ਬੱਚੇ ਦੀ ਮਾਂ-ਬੋਲੀ ਰਾਹੀਂ, ਪ੍ਰਤੱਖ ਤੋਂ ਲੈ ਕੇ ਅਪ੍ਰਤੱਖ ਤਕ, ਸਥੂਲ ਤੋਂ ਲੈ ਕੇ ਸੂਖਮ ਤਕ, ਸਾਕਾਰ ਤੋਂ ਲੈ ਕੇ ਨਿਰਾਕਾਰ ਤਕ, ਬਿੰਬ ਤੋਂ ਲੈ ਕੇ ਸੰਬੋਧ ਤਕ ਤੇ ਤੱਥ ਤੋਂ ਲੈ ਕੇ ਸਿੱਧਾਂਤ ਤਕ, ਸਭ ਕੁੱਝ ਉਸ ਦੇ ਪੱਲੇ ਪਾਇਆ ਜਾ ਸਕਦਾ ਹੈ। ਸ਼ਰਤ ਇੱਕੋ ਹੈ ਕਿ ਕਹਿਣ ਜਾਂ ਲਿਖਣ ਵਾਲਾ ਆਪਣੇ ਵਿਸ਼ੇ ਨੂੰ ਅੰਦਰੋਂ-ਬਾਹਰੋਂ ਪੂਰੀ ਤਰ੍ਹਾਂ ਜਾਣਦਾ ਹੋਵੇ ਤੇ ਉਸ ਨੂੰ ਬੱਚੇ ਦੇ ਅਨੁਭਵ ਵਾਲੀ ਬੋਲੀ ਵਿਚ ਆਪਣੀ ਗੱਲ ਕਹਿਣ ਜਾਂ ਲਿਖਣ ਦੀ ਜਾਚ ਹੋਵੇ। ਵਿਸ਼ੇਸ਼ੱਗ ਤੋਂ ਬੱਚੇ ਤਕ ਦੀ ਗਿਆਨ-ਯਾਤਰਾ ਦੇ ਸਾਰੇ ਅਮਲ ਨੂੰ ਤਿੰਨ ਹਿਸਿਆਂ ਵਿਚ ਵੰਡਿਆ ਜਾ ਸਕਦਾ ਹੈ:

(1) ਕਹਿਣਾ ਕੀ ਹੈ? ਜਾਂ ਦੂਜੇ ਸ਼ਬਦਾਂ ਵਿਚ, ਬੱਚੇ ਦੀ ਕਿਸ ਲੋੜ ਦੀ ਪੂਰਤੀ ਕੀਤੀ ਜਾਣੀ ਹੈ?

(2) ਉਪਰੋਕਤ ਮੰਤਵ ਨੂੰ ਪੂਰੀ ਕੁਸ਼ਲਤਾ ਨਾਲ ਸਿਰੇ ਚਾੜ੍ਹਨ ਲਈ ਕਿਸ ਤਰ੍ਹਾਂ ਦਾ ਭਾਸ਼ਾਈ ਮਾਧਿਅਮ ਵਰਤਣਾ ਹੈ?

(3) ਗੱਲ ਕਹਿਣ ਦੀ ਕਿਹੜੀ ਜੁਗਤ ਅਪਣਾਈ ਜਾਵੇ ਜਾਂ ਕਿਹੜਾ ਸਾਹਿੱਤਿਕ ਰੂਪ ਵਰਤੋਂ ਵਿਚ ਲਿਆਂਦਾ ਜਾਵੇ, ਜਿਸ ਨਾਲ ਬੱਚਾ ਗਿਆਨ-ਪ੍ਰਾਪਤੀ ਦਾ ਮੂਕ ਪਾਤਰ ਬਣਨ ਦੀ ਥਾਂ ਇਸ ਸਾਰੇ ਅਮਲ ਦਾ ਸਿੱਧਾ ਭਾਈਵਾਲ ਬਣ ਜਾਵੇ? ਜਾਂ ਇਉਂ ਕਹਿ ਲਈਏ ਕਿ ਗਿਆਨ ਨੂੰ ਬੱਚੇ ਦੇ ਹੱਡਾਂ ਵਿਚ ਰਚਾਉਣ ਦੇ ਅਮਲ ਨੂੰ ਉਸ ਦੀ ਖੇਡ ਤੇ ਖੋਜ-ਬਿਰਤੀ ਨਾਲ ਕਿਵੇਂ ਜੋੜਿਆ ਜਾਵੇ?

ਵਿਸ਼ਾ, ਧਿਆਨ ਖਿੱਚ ਲੈਣ ਵਾਲੀ ਵਿਧਾ ਤੇ ਸਮਝ ਵਿਚ ਆ ਜਾਣ ਵਾਲੀ ਬੋਲੀ—

WWW.SIKHBOOKCLUB.COM Page 195

ਇਹ ਬੱਚਿਆਂ ਲਈ ਤਿਆਰ ਕੀਤੇ ਜਾਂਦੇ ਸਾਹਿੱਤ ਦੀਆਂ ਮੋਟੀਆਂ ਕਸਵੱਟੀਆਂ ਹਨ। ਇਨ੍ਹਾਂ ਉੱਤੇ ਪੂਰਾ ਉਤਰਦਾ ਸਾਹਿੱਤ ਬੱਚੇ ਨੂੰ ਬਾਹੋਂ ਫੜ ਕੇ ਬਿਠਾ ਲੈਂਦਾ ਹੈ ਪਰ ਜੇ ਇਹ ਕਿਸੇ ਇਕ ਪੱਖੋਂ ਵੀ ਕਸਰਵੰਦਾ ਹੋਵੇ ਤਾਂ ਬੱਚਾ ਕਿਤਾਬ ਨੂੰ ਚਲਾ ਕੇ ਮਾਰਦਾ ਹੈ। ਹਰ ਬੱਚੇ ਨੇ ਵੱਡੇ ਹੋਣਾ ਹੁੰਦਾ ਹੈ, ਪਰ ਸਵਾਲਾਂ ਦਾ ਸਵਾਲ ਇਹ ਹੈ ਕਿ ਵੱਡੇ ਹੋ ਕੇ ਉਸ ਨੇ ਸਮਾਜ ਦਾ ਤੰਦਰੁਸਤ ਤੇ ਲਾਭਦਾਇਕ ਅੰਗ ਬਣਨਾ ਹੈ ਕਿ ਰੋਗੀ ਤੇ ਦੁਖਦਾਇਕ ਅੰਗ ? ਇਹ ਨਿਰਣਾ ਨਿਰਭਰ ਕਰਦਾ ਹੈ ਉਸ ਦੀ ਸ਼ਖ਼ਸੀਅਤ ਨੂੰ ਉਸਾਰਨ ਵਾਲੇ ਵੱਖ ਵੱਖ ਅੰਸ਼ਾਂ ਉੱਤੇ। ਉੱਤਮ ਤੇ ਦਿਲਕਸ਼ ਬਾਲ-ਸਾਹਿੱਤ ਦੀ ਲੋੜ ਇਸ ਕਰਕੇ ਹੈ ਕਿ ਜੇ ਮਾਪੇ, ਦੋਸਤ, ਅਧਿਆਪਕ ਤੇ ਸਮਾਜਿਕ ਆਲਾ-ਦੁਆਲਾ, ਬੱਚੇ ਦੀ ਸ਼ਖ਼ਸੀਅਤ ਦੇ ਸੰਤੁਲਿਤ ਵਿਕਾਸ ਵਿਚ ਸਹਾਈ ਹਨ ਤਾਂ ਇਹ ਉਨ੍ਹਾਂ ਦੇ ਹੱਥ ਮਜ਼ਬੂਤ ਕਰੇ, ਪਰ ਜੇ ਸਹਾਈ ਨਹੀਂ ਹਨ ਤਾਂ ਬੱਚੇ ਦੇ ਦਿਲ-ਦਿਮਾਗ਼ ਨੂੰ ਵਿੰਗੇ ਹੋਣ ਤੋਂ ਬਚਾਵੇ। ਹਰ ਬੱਚੇ ਦੇ ਅੰਦਰ ਗਿਆਨ-ਪ੍ਰਾਪਤੀ ਲਈ ਬੜਾ ਉਤਸੁਕ ਤੇ ਅੱਤ ਸੂਖਮ ਜੰਤਰ ਲੱਗਾ ਹੋਇਆ ਹੁੰਦਾ ਹੈ, ਸ਼ਖ਼ਸੀਅਤ ਦੇ ਸਮਤੋਲ ਵਿਕਾਸ ਲਈ ਜਿਸ ਤਰ੍ਹਾਂ ਦੇ ਕੱਚੇ ਮਸਾਲਿਆਂ ਦੀ ਲੋੜ ਪੈਂਦੀ ਹੈ ਉਹ ਵੀ ਕਾਫ਼ੀ ਹੱਦ ਤਕ ਉਸ ਦੇ ਅੰਦਰ ਮੌਜੂਦ ਹੁੰਦੇ ਹਨ। ਸਾਹਿੱਤ ਨੇ, ਕਿਸੇ ਸਿਆਣੇ ਅਧਿਆਪਕ ਵਾਂਗ, ਕਦੀ ਪ੍ਰੇਰਨਾ ਹੁੰਦਾ ਹੈ, ਕਦੀ ਸੁਝਾਉਣਾ ਹੁੰਦਾ ਹੈ, ਕਦੀ ਟੁੰਬਣਾ ਹੁੰਦਾ ਹੈ, ਕਦੀ ਰੋਸ਼ਨੀ ਪਾਉਣੀ ਹੁੰਦੀ ਹੈ, ਕਦੀ ਸੇਧ ਦੇਣੀ ਹੁੰਦੀ ਹੈ ਤੇ ਕਦੀ ਕੇਵਲ ਕੁਤਕੁਤਾੜੀ ਕਰਨੀ ਹੁੰਦੀ ਹੈ। ਸ਼ਖ਼ਸੀਅਤ ਦੇ ਵਿਕਾਸ ਦੇ ਮਾਮਲੇ ਵਿਚ ਬਾਲ-ਸਾਹਿੱਤ ਨੇ ਬਾਲ ਦਾ ਸਹਾਇਕ ਮਿੱਤਰ ਬਣਨਾ ਹੁੰਦਾ ਹੈ। ਇਹ ਜ਼ਰੂਰੀ ਹੈ ਕਿ ਇਹ ਸਹਾਇਕ ਮਿੱਤਰ, ਬਾਲ ਦਾ ਹਾਣੀ ਹੋਵੇ। ਜਿਉਂ ਜਿਉਂ ਬਾਲ ਦੀ ਉਮਰ ਵਧਦੀ ਹੈ, ਉਸ ਦੇ ਮਿੱਤਰ ਦੀ ਉਮਰ ਵੀ ਵਧਣੀ ਚਾਹੀਦੀ ਹੈ, ਨਹੀਂ ਤਾਂ ਉਹ ਉਸ ਦੇ ਹਾਣ ਦਾ ਨਹੀਂ ਰਹੇਗਾ। 'ਟ੍ਰਸਟ' ਨੂੰ ਇਹ ਪਤਾ ਲਾਉਣਾ ਪਵੇਗਾ ਕਿ ਉਸ ਦਾ ਵਾਹ ਬਾਲ-ਵਰੇਸ ਦੇ ਕੁੱਲ ਕਿੰਨੇ ਪੜਾਵਾਂ ਜਾਂ ਘੇਰਿਆਂ ਨਾਲ ਪੈਣਾ ਹੈ ਤੇ ਵਿਸ਼ੇ, ਵਿਧਾ ਤੇ ਬੋਲੀ ਦੀ ਦ੍ਰਿਸ਼ਟੀ ਤੋਂ, ਹਰ ਪੜਾਅ ਜਾਂ ਘੇਰੇ ਦੀਆਂ ਲੋੜਾਂ ਵਿਚ ਕਿਨ੍ਹਾਂ ਵੱਖ ਵੱਖ ਵਾਧਿਆਂ ਦੀ ਲੋੜ ਪੈਣੀ ਹੈ। ਦੁਨੀਆ ਵਿਚ ਅਨੰਤ ਵਿਸ਼ੇ ਹਨ ਤੇ ਬੱਚਾ ਹਰ ਇਕ ਨੂੰ ਜੀ-ਆਇਆਂ ਕਹਿ ਸਕਦਾ ਹੈ, ਕਿਉਂਕਿ ਉਸ ਲਈ ਸਭ ਕੁੱਝ ਨਵਾਂ ਹੁੰਦਾ ਹੈ। ਗੱਲ ਤਾਂ ਵਿਸ਼ੇ ਦੀ ਪੇਸ਼ਕਾਰੀ ਦੀ ਹੈ, ਜੋ ਉਮਰ ਅਨੁਸਾਰ ਬਦਲੇਗੀ। ਅੱਗੋਂ ਪੇਸ਼ਕਾਰੀ ਦੇ ਢੰਗ ਵੀ ਅਨੇਕ ਹਨ, ਪਰ ਕਿਹੜਾ ਢੰਗ, ਪੰਜਾਬੀ ਬੱਚਿਆਂ ਦੇ ਕਿਸ ਪੜਾਉ ਜਾਂ ਘੇਰੇ ਦਾ ਧਿਆਨ ਖਿੱਚਣ ਲਈ ਵਧੇਰੇ ਸਫਲ ਹੁੰਦਾ ਹੈ, ਇਸ ਦਾ ਨਿਰਣਾ ਵੀ ਟ੍ਰਸਟ ਨੂੰ, ਲੇਖਕਾਂ ਦੀ ਮਦਦ ਤੇ ਖੇਤਰ-ਅਧਿਐਨ ਨਾਲ ਕਰਨਾ ਪੈਣਾ ਹੈ। ਇਕ ਗੱਲ ਪੱਕੀ ਹੈ ਕਿ ਕਹਾਣੀ ਤੇ ਕਾਰਜ ਦੇ ਅੰਸ਼ ਬੱਚੇ ਨੂੰ ਬਹੁਤ ਕੀਲਦੇ ਹਨ। ਬਾਲ-ਵਰੇਸ ਦੇ ਹਰ ਫੈਲਦੇ ਘੇਰੇ ਦੇ ਅਨੁਕੂਲ ਫੈਲਦੀ ਪੰਜਾਬੀ ਸ਼ਬਦਾਵਲੀ ਉੱਤੇ ਅਜੇ ਕੋਈ ਬਾਕਾਇਦਾ ਕੰਮ ਨਹੀਂ ਹੋਇਆ ਪਰ ਹੈ ਇਹ ਬਹੁਤ ਜ਼ਰੂਰੀ, ਕਿਉਂਕਿ ਹਾਣ ਦੀ ਬੋਲੀ ਤੋਂ ਬਿਨਾਂ, ਬੱਚੇ ਨੂੰ ਵਿਸ਼ੇ ਤੇ ਵਿਧਾ ਦਾ ਸੰਗਮ ਵੀ ਪੂਰੀ ਤਰ੍ਹਾਂ ਨਹੀਂ ਪੋਹ ਸਕਦਾ। 'ਟ੍ਰਸਟ' ਨੂੰ ਇਹ ਕੰਮ ਕਰਨਾ ਹੀ ਪੈਣਾ ਹੈ ਤਾਂ ਜੋ ਲੇਖਕਾਂ ਨੂੰ ਬਾਲਾਂ ਦੇ ਸ਼ਬਦਾਰਥ-ਅਨੁਭਵ ਦੇ ਨਾਲ ਨਾਲ ਆਪਣੇ ਕਲਮੀ ਜੌਹਰ ਵਿਖਾਉਣ ਲਈ ਕਿਹਾ ਜਾ ਸਕੇ। ਬੋਲੀ ਦੇ ਆਪਣੇ ਵੱਖਰੇ ਮਸਲੇ ਵੀ ਹਨ, ਜਿਵੇਂ ਬਾਲ-ਸਾਹਿੱਤ ਵਿਚ ਉਪਭਾਸ਼ਾ ਦੀ ਵਰਤੋਂ ਕਰਨੀ ਹੈ ਕਿ ਮਿਆਰੀ ਜਾਂ ਕਿਤਾਬੀ ਭਾਸ਼ਾ ਦੀ ਤੇ ਜੇ ਉਪਭਾਸ਼ਾ ਦੀ ਵਰਤੋਂ ਕਰਨੀ ਹੈ ਤਾਂ ਕਿਸ ਹਦ ਤਕ ? 'ਕਰਦਾ ਹੈ', 'ਕਰਦਾ ਏ', 'ਕਰਦਾ ਐ', 'ਕਰਦੈ' ਤੇ 'ਕਰਦਾ ਇਆ' ਵਿੱਚੋਂ 'ਟ੍ਰਸਟ' ਨੂੰ ਕਿਹੜਾ ਰੂਪ ਪਰਵਾਨ ਹੋਵੇਗਾ ? ਸ਼ਬਦਾਂ ਦੇ ਦੁਹਰਾਉ, ਤਿਹਰਾਉ, ਆਦਿ ਦੀ ਜੁਗਤ ਬਾਲ-ਵਰੇਸ ਦੇ ਕਿਸ ਪੜਾਉ ਜਾਂ ਘੇਰੇ ਤਕ

WWW.SIKHBOOKCLUB.COM 

ਜਾਰੀ ਰੱਖਣੀ ਹੈ ? ਛਪਾਈ ਵੇਲੇ ਕਿਸ ਪੁਆਇੰਟ ਦੇ ਟਾਈਪ ਦੀ ਵਰਤੋਂ ਕਿਸ ਪੜਾਉ ਜਾਂ ਘੇਰੇ ਤਕ ਜਾਰੀ ਰੱਖਣੀ ਹੈ ? ਲਿਖਤ ਵਿਚ ਚਿੱਟੇ-ਕਾਲੇ ਤੇ ਰੰਗੀਨ ਚਿਤਰਾਂ ਦੀ ਗਿਣਤੀ ਹੇਠੋਂ ਉੱਪਰ ਵੱਲ ਕਿਸ ਨਿਸਬਤ ਨਾਲ ਘਟਣੀ ਹੈ ? ਇਹੋ ਜਿਹੇ ਨਿੱਕੇ-ਮੋਟੇ ਸਵਾਲਾਂ ਬਾਰੇ ਟ੍ਰਸਟ ਨੂੰ ਸਪਸ਼ਟ ਨੀਤੀ ਅਪਣਾਉਣੀ ਪਵੇਗੀ ਕਿਉਂਕਿ ਅੱਜ ਤੋਂ ਪਹਿਲਾਂ ਭਾਵੇਂ ਭਾਈ ਵੀਰ ਸਿੰਘ, ਨਾਨਕ ਸਿੰਘ, ਗੁਰਬਖ਼ਸ਼ ਸਿੰਘ (ਪ੍ਰੀਤ ਲੜੀ), ਸੋਹਣ ਸਿੰਘ ਸੀਤਲ, ਅੰਮ੍ਰਿਤਾ ਪ੍ਰੀਤਮ, ਕਰਤਾਰ ਸਿੰਘ ਦੁੱਗਲ, ਬਲਵੰਤ ਗਾਰਗੀ ਤੇ ਗੁਰਦਿਆਲ ਸਿੰਘ ਵਰਗੇ ਪ੍ਰਮੁੱਖ ਸਾਹਿੱਤਕਾਰ ਬਾਲ-ਸਾਹਿੱਤ ਰਚਦੇ ਰਹੇ ਹਨ ਤੇ ਲਾਲ ਸਿੰਘ ਗੁਜਰਾਂਵਾਲੀਏ ਤੇ ਧਨਵੰਤ ਸਿੰਘ ਸੀਤਲ ਵਰਗਿਆਂ ਨੇ ਆਪਣੇ ਸਾਰੇ ਜੀਵਨ ਹੀ ਇਸ ਪਾਸੇ ਸਮਰਪਿਤ ਕੀਤੇ ਹੋਏ ਸਨ, ਪਰ ਅੱਜ ਤੋਂ ਬਾਅਦ, ਪੰਜਾਬੀ ਬਾਲ-ਸਾਹਿੱਤ ਦੇ ਮਾਮਲੇ ਵਿਚ ਹਰ ਕਿਸੇ ਨੇ 'ਟ੍ਰਸਟ' ਨੂੰ ਹੀ ਵਿਸ਼ੇਸ਼ੱਗ ਸਮਝਣਾ ਹੈ।

ਮੇਰੀ ਇੱਛਾ ਵੀ ਹੈ ਤੇ ਅਰਦਾਸ ਵੀ ਕਿ 'ਬਾਲ-ਸਾਹਿੱਤ ਟ੍ਰਸਟ' ਲੋਕਾਂ ਦੀ ਇਸ ਆਸ ਉੱਤੇ ਪੂਰਾ ਉਤਰੇ।

SIKHBOOKCLUB.COM

# ਪੰਜਾਬ ਵਿਚ ਹੱਥ-ਲਿਖਤਾਂ ਦੇ ਭੰਡਾਰ*

ਪੰਜਾਬ ਵਿਚ ਅਜੇ ਵੀ ਬੜੀਆਂ ਹੱਥ-ਲਿਖਤਾਂ ਮਿਲ ਜਾਂਦੀਆਂ ਹਨ।

ਅਸਲ ਵਿਚ ਲਿਖਤਾਂ ਦੇ ਬਹੁਤੇ ਭੰਡਾਰ ਪੱਛਮੀ ਪੰਜਾਬ ਵਿਚ ਹੁੰਦੇ ਸਨ। ਮੁਲਤਾਨ, ਝੰਗ, ਭੇਰਾ, ਚਨਿਓਟ, ਦੀਪਾਲਪੁਰ, ਸਿਆਲਕੋਟ, ਲਾਹੌਰ, ਕਸੂਰ ਆਦਿ ਪੁਰਾਣੀ ਸਭਿਅਤਾ ਦੇ ਸਾਰੇ ਘੁੱਗ-ਵੱਸਦੇ ਪੰਜਾਬੀ ਕੇਂਦਰ, ਪੱਛਮੀ ਪੰਜਾਬ ਵਿਚ ਸਨ। ਪਠਾਣੀ ਪ੍ਰਦੇਸ, ਧੰਨੀ-ਪੋਠੋਹਾਰ, ਥਲ ਦਾ ਇਲਾਕਾ ਅਤੇ ਨੀਲੀ, ਸਾਂਦਲ ਤੇ ਕਿੜਾਨਾ ਬਾਰਾਂ—ਗੱਲ ਕੀ, ਕਾਬਲ ਨਦੀ ਤੋਂ ਲੈ ਕੇ ਰਾਵੀ ਤਕ ਦਾ ਪ੍ਰਦੇਸ਼ ਜਿਵੇਂ ਕਦੀ ਬੁੱਧ ਮੱਤ ਦੇ ਸਤੂਪਾਂ, ਵਿਹਾਰਾਂ ਅਤੇ ਵਿਦਿਆਲਿਆਂ ਤੇ ਪੁਸਤਕਾਲਿਆਂ ਲਈ ਦੂਰ ਦੂਰ ਜਾਣਿਆ ਜਾਂਦਾ ਸੀ, ਉਵੇਂ ਹੀ, ਇਸਲਾਮੀ ਯੁਗ ਵਿਚ ਇਸ ਦੇ ਮਦਰੱਸੇ, ਮਕਤਬ, ਮਸੀਤਾਂ ਤੇ ਮਜ਼ਾਰ ਸਰਬ-ਵਿਖਿਆਤ ਸਨ। ਮਗਰੋਂ ਜਦੋਂ ਸਿੱਖ ਧਰਮ ਦੀ ਜੈਜੈਕਾਰ ਹੋਈ ਤਾਂ ਬਹੁਤ ਕਰਕੇ ਇਹੀ ਕੇਂਦਰ ਗੁਰਮੁਖੀ ਸਾਹਿੱਤ, ਸਿੱਖ ਵਿਦਿਆ ਤੇ ਪੰਜਾਬੀ ਪ੍ਰਚਾਰ ਦੇ ਗੜ੍ਹ ਬਣੇ। ਉਦਾਸੀਆਂ, ਸੇਵਾ-ਪੰਥੀਆਂ, ਨਿਰੰਕਾਰੀਆਂ, ਆਦਿ ਦੇ ਬੜੇ ਬੜੇ ਤਗੜੇ ਗੜ੍ਹ ਇਨ੍ਹਾਂ ਇਲਾਕਿਆਂ ਵਿਚ ਸਨ। ਮੱਧ-ਏਸ਼ੀਆ ਤੋਂ ਭਾਰਤ ਤੇ ਭਾਰਤ ਤੋਂ ਮੱਧ ਏਸ਼ੀਆ ਵੱਲ ਲੰਘਦੇ ਵਪਾਰ-ਮਾਰਗਾਂ ਉੱਤੇ ਟਿਕੇ ਹੋਣ ਕਰਕੇ, ਪੱਛਮੀ ਪੰਜਾਬ ਦੀਆਂ ਅਨੇਕ ਵਸਤੀਆਂ, ਵਿਚਾਰ-ਵਟਾਂਦਰੇ ਤੇ ਸਾਂਸਕ੍ਰਿਤਿਕ ਆਦਾਨ-ਪ੍ਰਦਾਨ ਦੀਆਂ ਮੰਡੀਆਂ ਸਨ। ਲੋਕਾਂ ਵਿਚ ਵਪਾਰ-ਕੁਸ਼ਲਤਾ ਕਾਫ਼ੀ ਸੀ ਜਿਸ ਕਰਕੇ ਪੜ੍ਹਿਆਂ-ਲਿਖਿਆਂ ਦੀ ਮਾਤਰਾ ਵੀ ਬਾਕੀ ਥਾਵਾਂ ਨਾਲੋਂ ਵੱਧ ਸੀ। ਇਤਿਹਾਸ ਦੇ ਇਨ੍ਹਾਂ ਸਾਰੇ ਤੱਥਾਂ ਨੇ ਪੱਛਮੀ ਪੰਜਾਬ ਨੂੰ, ਲਿਖਤ-ਪੜ੍ਹਤ ਦੇ ਸੰਬੰਧ ਵਿਚ, ਪੂਰਬੀ ਪੰਜਾਬ ਦਾ ਮੁਰੈਲ ਬਣਾ ਦਿੱਤਾ ਸੀ। ਦੇਸ ਦੀ ਵੰਡ ਤੋਂ ਪਹਿਲਾਂ ਜਿਨ੍ਹਾਂ ਮਿੱਤਰਾਂ ਨੇ ਪੱਛਮੀ ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਨੂੰ ਗਾਹਿਆ ਹੋਇਆ ਹੈ, ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਓਥੋਂ ਦੇ ਮੰਦਿਰਾਂ, ਗੁਰਦੁਆਰਿਆਂ, ਡੇਰਿਆਂ ਤੇ ਧਰਮਸਾਲਾਵਾਂ ਵਿਚ ਲਿਖਤਾਂ ਦੇ ਬੜੇ ਬੜੇ ਵੱਡੇ ਭੰਡਾਰ ਹੁੰਦੇ ਸਨ। ਖ਼ਾਸ ਖ਼ਾਸ ਪਰਿਵਾਰਾਂ ਤੇ ਵਿਅਕਤੀਆਂ ਪਾਸ ਵੀ ਬੇਅੰਤ ਗ੍ਰੰਥ ਪ੍ਰਾਪਤ ਸਨ। ਮੱਧ-ਕਾਲ ਦੇ ਪੰਜਾਬੀ ਸਾਹਿੱਤ ਦੇ ਇਤਿਹਾਸ ਵਿਚ ਜਿਨ੍ਹਾਂ ਲੇਖਕਾਂ ਦਾ ਕੋਈ ਵੀ ਅਸਥਾਨ ਹੈ, ਉਨ੍ਹਾਂ ਦੀ ਸੂਚੀ ਵਿਚ ਪੱਛਮੀ ਤੇ ਕੇਂਦਰੀ ਪੰਜਾਬ ਦੇ ਲੇਖਕਾਂ ਦੀ ਸਪਸ਼ਟ ਬਹੁ-ਗਿਣਤੀ ਹੈ। ਇਨ੍ਹਾਂ ਲੇਖਕਾਂ ਜਾਂ ਇਨ੍ਹਾਂ ਦੇ ਵਾਰਿਸਾਂ ਨੂੰ ਹੀ ਲੈ ਲਈਏ ਤਾਂ ਵੀ ਅਨੇਕ ਘਰਾਣੇ ਅਜਿਹੇ ਨਿਕਲ ਸਕਦੇ ਸਨ, ਜਿਨ੍ਹਾਂ ਪਾਸੋਂ ਪੁਰਾਤਨ ਲਿਖਤੀ ਸਾਹਿੱਤ ਮਿਲ ਜਾਂਦਾ ਸੀ। ਇਸ ਸਾਰੇ ਵਿਆਪਕ ਲਿਖਤੀ ਮਸਾਲੇ ਵਿੱਚੋਂ ਕੇਵਲ ਉਹੀ ਰਚਨਾਵਾਂ ਬਚ ਸਕੀਆਂ ਹਨ ਜੋ :

(ੳ) ਕਿਸੇ ਦੇਸੀ ਜਾਂ ਬਦੇਸੀ ਸਿਆਣੇ ਦੀਆਂ ਨਜ਼ਰਾਂ ਨੂੰ ਭਾ ਗਈਆਂ ਤੇ ਕਿਸੇ ਨਾ ਕਿਸੇ

---

* ਆਲੋਚਨਾ (ਲੁਧਿਆਣਾ) ਦੇ ਜਨਵਰੀ-ਮਾਰਚ 1967 ਵਾਲੇ ਅੰਕ ਵਿਚ ਛਪਿਆ ਸੰਪਾਦਕੀ।

WWW.SIKHBOOKCLUB.COM

ਦੇਸੀ ਜਾਂ ਬਦੇਸੀ ਪੁਸਤਕਾਲੇ ਵਿਚ ਜਾ ਪਹੁੰਚੀਆਂ;

(ਅ) ਜੋ ਕਿਸੇ ਨਾ ਕਿਸੇ ਤਰ੍ਹਾਂ ਛਾਪੇ ਦਾ ਵੇਸ ਧਾਰਨ ਵਿਚ ਸਫਲ ਹੋ ਗਈਆਂ;

(ੲ) ਜਾਂ ਕਿਸੇ ਧਾਰਮਿਕ ਤੇ ਭਾਵੁਕ ਸੰਬੰਧ ਕਰਕੇ ਕੀਮਤੀ ਸਮਝੀਆਂ ਗਈਆਂ ਤੇ ਕਿਸੇ ਨਾ ਕਿਸੇ ਤਰ੍ਹਾਂ ਪਾਕਿਸਤਾਨ ਤੋਂ ਕੱਢ ਲਿਆਂਦੀਆਂ ਗਈਆਂ।

ਅਫ਼ਸੋਸ ਇਹ ਹੈ ਕਿ 1947 ਤਕ, ਪੰਜਾਬ ਵਿਚ, ਇਨ੍ਹਾਂ ਅਨਮੋਲ ਲਿਖਤਾਂ ਨੂੰ ਇਕੱਤਰ ਕਰਨ ਲਈ ਕੋਈ ਸੰਗਠਿਤ, ਬਾਕਾਇਦਾ ਤੇ ਵਿਸਤ੍ਰਿਤ ਜਾਂ ਸੰਸਥਾਗਤ ਅੰਦੋਲਨ ਕਦੀ ਵੀ ਨਹੀਂ ਸੀ ਚਲਾਇਆ ਗਿਆ।

ਸੋ ਅਸੀਂ ਕਹਿ ਸਕਦੇ ਹਾਂ ਕਿ, ਬਿਨਾਂ ਕੁੱਝ ਵਿਰਲੀਆਂ ਤੇ ਭਾਗਵਾਨ ਲਿਖਤਾਂ ਦੇ, ਜਿਨ੍ਹਾਂ ਦਾ ਕੁੱਝ ਬਿਉਰਾ ਉੱਪਰ ਆ ਚੁੱਕਾ ਹੈ, ਬਾਕੀ ਸਭ ਦੀਆਂ ਸਭ ਲਿਖਤਾਂ ਜਿੱਥੇ ਕਿਤੇ ਸਨ, ਓਥੇ ਦੀਆਂ ਓਥੇ ਧਰੀਆਂ-ਧਰਾਈਆਂ ਰਹਿ ਗਈਆਂ ਜਾਂ ਮਾਲਕਾਂ ਨੇ 'ਬੇਅਦਬੀ ਤੋਂ ਡਰਦਿਆਂ' ਜਲ-ਪ੍ਰਵਾਹ ਕਰ ਦਿੱਤੀਆਂ ਜਾਂ ਅਗਨ-ਭੇਟ ਹੋ ਗਈਆਂ।

ਪਾਕਿਸਤਾਨ ਦੀ ਕਾਇਮੀ ਤੋਂ ਪਹਿਲਾਂ, ਪੰਜਾਬੀਅਤ ਦੀ ਚੇਤਨਾ ਬਹੁਤ ਘੱਟ ਮੁਸਲਮਾਨ ਰਾਜਨੀਤੱਗਾਂ ਵਿਚ ਜਾਗੀ ਹੋਈ ਸੀ ਤੇ ਪਾਕਿਸਤਾਨ ਦੇ ਸੰਕਲਪ ਨੂੰ ਸਾਕਾਰ ਕਰਨ ਵਿਚ ਪੰਜਾਬੀਪੁਣੇ ਨੇ ਕੋਈ ਕੰਮ ਨਹੀਂ ਸੀ ਸਾਰਿਆ, ਸੋ ਉਥੱਲ-ਪੁਥੱਲ ਵੇਲੇ ਪਾਕਿਸਤਾਨ ਵਿਚ ਰਹਿ ਗਈਆਂ ਤਕਰੀਬਨ ਸਾਰੀਆਂ ਹੱਥ-ਲਿਖਤਾਂ, ਖ਼ਾਸ ਕਰ ਕੇ ਗੁਰਮੁਖੀ ਦੀਆਂ, ਨਸ਼ਟ ਹੋ ਗਈਆਂ ਜਾਂ ਸੰਭਾਲ ਖੁਣੋਂ ਪਈਆਂ ਖ਼ਰਾਬ ਹੋ ਗਈਆਂ ਜਾਂ ਰੁਲ ਜਾਣ ਦਿੱਤੀਆਂ ਗਈਆਂ। ਪਾਕਿਸਤਾਨ ਬਣ ਜਾਣ ਉਪਰੰਤ ਹਿੰਦੂ ਤੇ ਸਿੱਖ ਵੱਸੋਂ ਦਾ ਪੱਛਮੀ ਪੰਜਾਬ ਵਿੱਚੋਂ ਤੇ ਮੁਸਲਮਾਨ ਵੱਸੋਂ ਦਾ ਪੂਰਬੀ ਪੰਜਾਬ ਵਿੱਚੋਂ ਜਿੰਨਾ ਮੁਕੰਮਲ ਉਜਾੜਾ ਹੋਇਆ, ਓਨਾ ਸ਼ਾਇਦ ਅੱਗੇ ਕਦੀ ਵੀ ਨਾ ਹੋਇਆ ਹੋਵੇ। ਇਸ ਲਈ ਜੋ ਲਿਖਤਾਂ ਪਾਕਿਸਤਾਨ ਵਿਚ ਰਹਿ ਗਈਆਂ ਤੇ ਵੇਲੇ ਸਿਰ ਸੰਭਾਲੀਆਂ ਹੀ ਨਹੀਂ ਸਨ ਜਾ ਸਕੀਆਂ, ਉਨ੍ਹਾਂ ਦੇ ਹੁਣ ਹੱਥ ਆਉਣ ਦੀ ਸੰਭਾਵਨਾ ਕਰੀਬ-ਕਰੀਬ ਖ਼ਤਮ ਹੋ ਗਈ ਲਗਦੀ ਹੈ। ਜੇ ਇਕ ਗੰਗਾ ਸਿੰਘ ਬੇਦੀ, ਇਕ ਰਾਤ ਕਿਸੇ ਪੱਛਮੀ ਪੰਜਾਬੀ ਦੇ ਘਰ ਸੌਂ ਕੇ ਉਸ ਦੀ ਛੱਤ ਦੇ ਬਾਲਿਆਂ ਵਿੱਚੋਂ 'ਹੀਰ ਦਮੋਦਰ' ਲੱਭ ਸਕਦਾ ਹੈ ਤਾਂ ਕੌਣ ਅਨੁਮਾਨ ਲਾ ਸਕਦਾ ਹੈ ਕਿ ਇਸ ਦੁਸ਼ਟ ਘੱਲੂਘਾਰੇ ਨੇ ਕਿੰਨੇ ਹੋਣਹਾਰ ਸਾਹਿੱਤਕਾਰਾਂ ਤੇ ਉਨ੍ਹਾਂ ਦੀਆਂ ਕਿੰਨੀਆਂ ਹੋਣਹਾਰ ਲਿਖਤਾਂ ਦੇ ਜੀਣ-ਥੀਣ ਦੇ ਅਧਿਕਾਰ ਖੋਹ ਲਏ। ਇਸ ਅਪਾਰ ਕੌਮੀ ਘਾਟੇ ਦਾ ਕੁੱਝ ਅਨੁਮਾਨ ਤਾਂ ਹੀ ਲਗ ਸਕਦਾ ਹੈ ਜੇ ਅਸੀਂ ਸਾਹਿੱਤ ਦੀ ਦੁਨੀਆ ਨੂੰ ਕੁੱਝ ਅਚਾਨਕ ਲੱਭੇ ਗ੍ਰੰਥਾਂ ਦੀ ਦੇਣ ਤੋਂ ਸੱਖਣਾ ਫ਼ਰਜ਼ ਕਰਕੇ ਵੇਖੀਏ। ਮਸਲਨ, ਭਰਤ ਦਾ 'ਨਾਟਯ ਸ਼ਾਸਤ੍ਰ', ਕੌਟਲਯ ਦਾ 'ਅਰਥ ਸ਼ਾਸਤ੍ਰ' ਤੇ ਅਬਦੁੱਰ-ਰਹਿਮਾਨ ਦਾ 'ਸੰਦੇਸ਼ ਰਾਸਕ' ਜੇ ਲੋਪ ਹੀ ਰਹਿੰਦੇ ਤਾਂ ਸਾਡੀ ਮਾਨਸਿਕ ਦੁਨੀਆ ਹੁਣ ਨਾਲੋਂ ਕਿੰਨੀ ਗ਼ਰੀਬ ਹੁੰਦੀ।

ਪਰ ਜੋ ਕੁੱਝ ਨਸ਼ਟ ਹੋ ਚੁੱਕਾ ਹੈ, ਉਸ ਉੱਤੇ ਝੂਰੀ ਜਾਣ ਦਾ ਕੋਈ ਲਾਭ ਨਹੀਂ। ਲੇਖਕਾਂ ਵੱਲੋਂ ਪਾਕਿਸਤਾਨ ਦੀਆਂ ਯੂਨੀਵਰਸਿਟੀਆਂ, ਸਾਹਿੱਤਿਕ ਸੰਸਥਾਵਾਂ, ਬਲਕਿ ਸਰਕਾਰ ਨੂੰ ਵੀ ਹੱਥ-ਲਿਖਤਾਂ ਦੀ ਭਾਲ ਦੀ ਮੁਹਿੰਮ ਚਲਾਉਣ ਦੀ ਪ੍ਰੇਰਨਾ ਦਿੱਤੀ ਜਾਣੀ ਚਾਹੀਦੀ ਹੈ, ਤਾਂ ਜੋ ਬਚੀ-ਖੁਚੀ ਸਾਮੱਗਰੀ ਬਚਾਈ ਜਾ ਸਕੇ। ਇਸ ਸੰਬੰਧ ਵਿਚ ਪਾਕਿਸਤਾਨ ਵਿਚ ਤਾਂ ਜੋ ਹੋਣਾ ਹੈ ਜਾਂ ਨਹੀਂ ਹੋਣਾ, ਉਹ ਸਾਡੇ ਏਧਰਲਿਆਂ ਦੇ ਵੱਸ ਦੀ ਗੱਲ ਨਹੀਂ ਪਰ ਪੂਰਬੀ ਜਾਂ ਭਾਰਤੀ ਪੰਜਾਬ ਵਿਚ ਜੋ ਕਰਨਾ ਹੈ, ਅਸੀਂ ਹੀ ਕਰਨਾ ਹੈ ਤੇ ਇਹ ਸਤਰਾਂ ਇਸ ਪੰਜਾਬ ਵਿਚ ਕੀਤੇ ਜਾਣ ਵਾਲੇ ਕੰਮ ਨੂੰ ਛੇਤੀ ਤੋਂ ਛੇਤੀ ਸਿਰੇ ਚਾੜ੍ਹਨ ਦੀ ਲੋੜ ਨੂੰ ਮਹਿਸੂਸ ਕਰਾਉਣ ਦੀ ਇੱਛਾ ਨਾਲ ਲਿਖੀਆਂ ਗਈਆਂ ਹਨ। ਮੰਨ ਲਿਆ ਕਿ ਪੱਛਮੀ ਪੰਜਾਬ ਵਿਚ ਸਾਹਿੱਤ

WWW.SIKHBOOKCLUB.COM 

ਦੀ ਧਾਰਾ ਘਰ ਘਰ ਨੂੰ ਸਿੰਜਦੀ ਸੀ ਪਰ ਇਸ ਦੇ ਇਹ ਅਰਥ ਨਹੀਂ ਹਨ ਕਿ ਏਧਰਲੇ ਪੰਜਾਬ ਵਿਚ ਸਾਹਿੱਤ ਦੀ ਔੜ ਹੀ ਤੁਰੀ ਆਈ ਹੈ। ਭਾਰਤ ਦੇ ਹੁਣ ਵਾਲੇ ਪੰਜਾਬੀ-ਬੋਲਦੇ ਪ੍ਰਦੇਸ਼ ਵਿਚ ਅੰਮ੍ਰਿਤਸਰ ਸਾਹਿੱਤ ਦਾ ਘਰ ਸੀ। ਸਿੱਖੀ ਦੇ ਤੇਜ-ਪ੍ਰਤਾਪ ਨਾਲ, ਅੰਮ੍ਰਿਤਸਰ, ਨਵ-ਜਾਗੇ ਪੰਜਾਬ ਦੀ ਧਾਰਮਿਕ ਰਾਜਧਾਨੀ ਬਣ ਗਿਆ ਸੀ ਇਸ ਕਰਕੇ ਇਸ ਕੇਂਦਰ ਤੋਂ ਕਈ ਲਹਿਰਾਂ, ਪ੍ਰਤਿ-ਲਹਿਰਾਂ ਪੈਦਾ ਹੋਈਆਂ। ਸਿੱਖ ਰਿਆਸਤਾਂ ਪੂਰਬੀ ਪੰਜਾਬ ਵਾਲੇ ਪਾਸੇ ਵਾਕਿਆ ਸਨ, ਚਾਹੇ ਉਨ੍ਹਾਂ ਵਿਚੋਂ ਬਹੁਤਿਆਂ ਨੂੰ ਲਿਖਤਾਂ ਸੰਭਾਲਣ ਦਾ ਕੋਈ ਸ਼ੌਕ ਨਹੀਂ ਸੀ। ਫੇਰ ਵੀ ਪਟਿਆਲੇ ਘਰਾਣੇ ਦਾ ਲਿਖਤੀ ਸੰਗ੍ਰਿਹ, ਰਿਆਸਤਾਂ ਦੀ ਛਤਰ-ਛਾਇਆ ਹੇਠ ਵੱਸਦੇ ਉਦਾਸੀ ਤੇ ਨਿਰਮਲੇ ਡੇਰੇ, ਜਿਨ੍ਹਾਂ ਵਿੱਚੋਂ ਕਈਆਂ ਦੇ ਸੰਗ੍ਰਿਹ ਬੜੇ ਆਦਰਜੋਗ ਸਨ, ਰਿਆਸਤਾਂ ਦੇ ਸਿੱਖ ਰਾਜ-ਪ੍ਰਬੰਧ ਦਾ ਸਿੱਟਾ ਸਨ। ਦਮਦਮਾ ਸਾਹਿਬ ਤੇ ਕਈ ਹੋਰ ਸਿੱਖ ਅਸਥਾਨ ਗੁਰਮੁਖੀ ਵਿਦਿਆ ਦੇ ਪ੍ਰਸਾਰ ਦੇ ਗੜ੍ਹ ਸਨ। ਇਨ੍ਹਾਂ ਤੋਂ ਛੁੱਟ ਨਿਹੰਗਾਂ, ਨਾਮਧਾਰੀਆਂ, ਮਹਿਮਾਸ਼ਾਹੀਆਂ, ਦੀਵਾਨਿਆਂ ਤੇ ਗ਼ਰੀਬਦਾਸੀਆਂ, ਆਦਿ ਦੇ ਪੱਕੇ ਅੱਡੇ ਏਸੇ ਪਾਸੇ ਹੋਣ ਦੇ ਕਾਰਨ ਅਤੇ ਉਦਾਸੀਆਂ ਤੇ ਨਿਰਮਲਿਆਂ ਦੇ ਵੱਡੇ ਕੇਂਦਰਾਂ ਦੀ ਹੋਂਦ ਦੇ ਕਾਰਨ ਕਾਫ਼ੀ ਗਿਣਤੀ ਵਿਚ ਲਿਖਤਾਂ ਤਿਆਰ ਹੋਈਆਂ। ਕੁੱਝ ਗ੍ਰੰਥ, ਗ੍ਰੰਥੀਆਂ, ਨਿਹੰਗਾਂ, ਅਕਾਲੀ ਲਹਿਰ ਵਿਚ ਭਾਗ ਲੈਣ ਵਾਲੇ ਵਿਅਕਤੀਆਂ ਜਾਂ ਸਾਹਿੱਤ ਤੇ ਇਤਿਹਾਸ ਦੇ ਰਸੀਆਂ, ਵੈਦਾਂ, ਪਾਂਧਿਆਂ ਤੇ ਜੋਤਸ਼ੀਆਂ, ਧਾਰਮਿਕ ਸ਼ੌਕ ਵਾਲੇ ਲੋਕਾਂ, ਬਲਕਿ ਪਿੰਡ ਦੇ ਬੋਨਿਆਂ ਪਾਸ ਵੀ ਸੁਰੱਖਿਅਤ ਹੁੰਦੇ ਸਨ। ਇਸ ਤੋਂ ਬਿਨਾਂ ਪੇਸ਼ਾ-ਵਰ ਲਿਖਾਰੀ ਘਰਾਣਿਆਂ ਵਿੱਚੋਂ ਤੇ ਲਿਖਤਾਂ ਜੋੜਨ ਦੇ ਠਰਕ ਵਾਲੇ ਵਿਅਕਤੀਆਂ ਦੇ ਘਰਾਂ ਵਿੱਚੋਂ ਵੀ ਕੁੱਝ ਲਿਖਤਾਂ ਲੱਭ ਪੈਂਦੀਆਂ ਹਨ। ਇਸ ਤਰ੍ਹਾਂ, ਸਾਡੇ ਮੌਜੂਦਾ ਭਾਰਤੀ ਪੰਜਾਬ ਦੇ ਵੀ ਕਈ ਖੂੰਜੇ ਹਨ, ਜਿਨ੍ਹਾਂ ਵਿਚ ਕਿਸੇ ਵੇਲੇ ਲਿਖਤਾਂ ਥੋਕ ਦੇ ਹਿਸਾਬ ਨਾਲ ਤਿਆਰ ਹੋਇਆ ਕਰਦੀਆਂ ਸਨ ਤੇ ਕੋਈ ਵੱਡੀ ਗੱਲ ਨਹੀਂ ਕਿ ਜੇ ਵੇਲੇ ਸਿਰ ਸੰਭਾਲ ਦਾ ਕੋਈ ਪ੍ਰਬੰਧ ਕਰ ਲਿਆ ਜਾਵੇ ਤਾਂ ਹਾਲੇ ਵੀ, ਜੋ ਕੁੱਝ ਸਿਉਂਕ ਤੇ ਸਿੱਲ੍ਹ, ਹੜ੍ਹ ਤੇ ਹਨੇਰੀ ਜਾਂ ਪੈਸੇ ਤੇ ਨਜ਼ਰ ਜਾਂ ਥਾਂ ਦੀ ਤੰਗੀ ਅਤੇ ਅਨਪੜ੍ਹਤਾ ਤੇ ਅਗਿਆਨ ਦੇ ਹੱਥੋਂ ਬਚ ਰਿਹਾ ਹੈ, ਉਹ ਅੱਗੋਂ ਨਸ਼ਟ ਹੋਣੋਂ ਬਚ ਜਾਵੇ। ਇਸ ਉੱਦਮ ਦੀ ਕਿੰਨੀ ਕਾਹਲੀ ਲੋੜ ਹੈ, ਇਸ ਦਾ ਅਨੁਭਵ ਸੰਪਾਦਕ ਦੇ ਕੁੱਝ ਤਜਰਬਿਆਂ ਤੋਂ ਹੋ ਸਕਦਾ ਹੈ:

ਅਸਥਾਨ: ਡੇਰਾ ਬਾਬਾ ਨਾਨਕ, ਜ਼ਿਲਾ ਗੁਰਦਾਸਪੁਰ: ਬੇਦੀਆਂ ਦੀ ਇਕ ਪੱਕੀ, ਖ਼ਸਤਾ ਹਵੇਲੀ। ਅਗਵਾਈ ਕਰਨ ਵਾਲੇ ਸਨ ਜਸਵੰਤ ਸਿੰਘ ਰਾਹੀ, ਜੋ ਹੁਣ ਸਮਾ ਚੁੱਕੇ ਹਨ:

> ਤੁਸੀਂ ਇਕ ਦਿਨ ਪਹਿਲਾਂ ਕਿਉਂ ਨਾ ਆ ਗਏ? ਅਜੇ ਕੱਲ੍ਹ ਈ ਖੱਦੀਆਂ ਪੋਥੀਆਂ ਦੇ ਦੋ ਭਰੇ ਹੋਏ ਕੋਠਿਆਂ ਦਾ ਕਬਾੜ ਰਾਵੀ ਵਿਚ ਸੁਟਾਇਐ। ਗੱਡੇ ਵਾਲੇ ਨੂੰ ਦਸ ਰੁਪਈਏ ਦੇਣੇ ਪਏ। ਪੋਥੀਆਂ ਦੀ ਬੇਅਦਬੀ ਹੋ ਰਹੀ ਸੀ ਤੇ ਥਾਂ ਦੀ ਸਾਨੂੰ ਸਖ਼ਤ ਲੋੜ ਸੀ...।

ਲੋਪੋਂ, ਜ਼ਿਲ੍ਹਾ ਲੁਧਿਆਣਾ:

> ਜੀ ਪੋਥੀਆਂ ਤਾਂ ਬੜੀਆਂ ਸਨ ਪਰ ਸਾਡੇ ਨਾਲ ਤਾਂ ਤਮਾਸ਼ਾ ਹੀ ਬੜਾ ਹੋਇਆ ਸੀ। ਪੋਥੀਆਂ ਬੜੇ ਪਿਆਰ ਨਾਲ ਰੁਮਾਲਿਆਂ ਵਿਚ ਵਲ੍ਹੇਟ ਕੇ ਰੱਖੀਆਂ ਹੋਈਆਂ ਸਨ। ਢੱਕਣ ਖੋਲ੍ਹੀਏ ਤਾਂ ਰੁਮਾਲਿਆਂ ਦੀਆਂ ਗੰਢਾਂ ਜਿਉਂ ਦੀਆਂ ਤਿਉਂ ਬੱਝੀਆਂ ਦਿੱਸਣ, ਅਸੀਂ ਨਿਸਚਿੰਤ ਹੋ ਜਾਈਏ, ਬਈ ਸਭ ਠੀਕ-ਠਾਕ ਐ ਪਰ ਚਾਣਚੱਕ ਪਤਾ ਲੱਗਾ ਭਈ

ਹੇਠੋਂ ਸਿਉਂਕ ਸਭ ਕੁੱਝ ਚਟਮ ਕਰ ਚੁੱਕੀ ਐ ਤੇ ਅਸੀਂ ਉੱਪਰ ਦੀਆਂ ਗੰਢਾਂ ਵੇਖ ਕੇ ਹੀ ਖ਼ੁਸ਼ ਹੋਈ ਜਾਂਦੇ ਸਾਂ...।

ਜ਼ਿਲਾ ਪਟਿਆਲੇ ਦਾ ਪਿੰਡ ਸੰਗਤਪੁਰਾ :

ਪੋਥੀ ਸਾਡੇ ਬਜ਼ੁਰਗਾਂ ਤੋਂ ਤੁਰੀ ਆਉਂਦੀ ਐ। ਅਸੀਂ ਵਰ੍ਹੇ ਦੇ ਵਰ੍ਹੇ, ਧੂਪ-ਦੀਪ ਦੇ ਛੱਡਦੇ ਆਂ, ਰੁਮਾਲਾ ਵੀ ਚਾੜ੍ਹਦੇ ਆਂ। ਅਸੀਂ ਆਪ ਵੇਖੀ ਨਹੀਂ, ਘੱਟੋ ਘੱਟ ਤਿੰਨ ਪਿਛਲੀਆਂ ਪੀੜ੍ਹੀਆਂ ਨੇ ਵੀ ਨਹੀਂ ਵੇਖੀ, ਜੋ ਵੇਖੇਗਾ ਉਹ ਅੰਨ੍ਹਾ ਹੋ ਜਾਏਗਾ...।

ਬਠਿੰਡੇ ਜ਼ਿਲੇ ਦਾ ਇਕ ਪਿੰਡ :

ਪੋਥੀਆਂ ਦਾ ਕੁੱਝ ਨਾ ਪੁੱਛੋ; ਵੱਡੇ ਸੰਤਾਂ ਨੂੰ ਜਾਨ ਨਾਲੋਂ ਪਿਆਰੀਆਂ ਸਨ, ਪਰ ਪਿਛਲੇ ਹੜ੍ਹਾਂ ਵਿਚ ਅੱਠ ਦਿਨ ਪਾਣੀ ਵਿਚ ਈ ਡੁੱਬੀਆਂ ਰਹੀਆਂ। ਕੁੱਝ ਗਲ ਗਈਆਂ ਤੇ ਕੁੱਝ ਦੇ ਪੱਤਰੇ ਆਪੋ-ਵਿੱਚੀਂ ਜੁੜ ਗਏ। ਅਸੀਂ ਸਾਰੀਆਂ ਜਲ-ਪ੍ਰਵਾਹ ਕਰ ਦਿੱਤੀਆਂ...।

ਅੰਮ੍ਰਿਤਸਰ ਜ਼ਿਲੇ ਵਿਚ ਨਿਹੰਗਾਂ ਦਾ ਇਕ ਡੇਰਾ :

...ਇਕ ਪ੍ਰਾਣੀ ਲਿਖਤੀ ਪੋਥੀਆਂ ਦੀ ਛੱਟ ਲੈ ਆਇਆ। ਵੇਖੀਆਂ ਤਾਂ ਨਿਰੀ ਕੱਚੀ ਬਾਣੀ। ਅਸੀਂ ਬਸੰਤਰ ਦੇਵਤਾ ਦੀ ਭੇਟ ਕਰ ਦਿੱਤੀਆਂ। ਖ਼ਾਲਸੇ ਦਾ ਕੰਮ ਐ ਕੱਚੀਆਂ-ਪਿੱਲੀਆਂ ਲਿਖਤਾਂ ਦੇ ਨੇੜੇ ਨਾ ਜਾਵੇ...।

ਉਦਾਸੀਆਂ ਦਾ ਇਕ ਡੇਰਾ, ਜ਼ਿਲਾ ਸੰਗਰੂਰ :

...ਪਿਛਲੇ ਚੁਮਾਸੇ ਵਿਚ ਸਭ ਲਿਖਤੀ ਪੋਥੀਆਂ ਕਨਖਲ ਵਾਲੇ ਲੈ ਗਏ। ਬਾਕੀ ਡੇਰਿਆਂ ਨੂੰ ਵੀ ਇਹੀ ਹੁਕਮ ਸੀ ਕਿ ਪੋਥੀਆਂ ਓਥੇ ਭੇਜ ਦਿਓ...।

ਆਨੰਦਪੁਰ ਸਾਹਿਬ, ਜ਼ਿਲਾ ਰੋਪੜ :

...ਅਸੀਂ ਗੁਰੂ ਬੰਸ ਹਾਂ, ਅਸੀਂ ਦੇਂਦੇ ਨਹੀਂ; ਲੈਂਦੇ ਹਾਂ। ਇਹ ਪੋਥੀਆਂ ਜਿਹੜੀਆਂ ਤੁਸੀਂ ਵੇਖੀਆਂ ਨੇ, ਸਾਰੀਆਂ ਨਹੀਂ। ਅੰਦਰ ਹੋਰ ਬਥੇਰਾ ਮਾਲ ਪਿਐ। ਇਹ ਵੱਖਰੀ ਗੱਲ ਹੈ ਕਿ ਅਸੀਂ ਇਨ੍ਹਾਂ ਦੀ ਪੂਰੀ ਸੰਭਾਲ ਨਹੀਂ ਕਰ ਸਕਦੇ ਜਾਂ ਪੜ੍ਹਨ ਦੀ ਵਿਹਲ ਨਹੀਂ ਕੱਢ ਸਕਦੇ...।

ਜੋ ਕੋਈ ਵੀ ਲਿਖਤੀ ਗ੍ਰੰਥਾਂ ਦੇ ਇਕੱਤਰ ਕਰਨ ਵਾਲੀ ਸਮੱਸਿਆ ਨਾਲ ਥੋੜ੍ਹਾ-ਬਹੁਤ ਵੀ ਸੰਬੰਧਿਤ ਹੈ ਉਸ ਲਈ ਨਿਤ ਦਿਹਾੜੇ ਲਿਖਤੀ ਮਸਾਲੇ ਦੇ ਲੋਪ ਹੋ ਜਾਣ ਤੇ ਕਾਫ਼ੀ ਮਸਾਲੇ ਦੇ ਅਜੇ ਪਏ ਹੋਏ ਹੋਣ ਦੀਆਂ ਕਹਾਣੀਆਂ ਕੋਈ ਨਵੀਆਂ ਨਹੀਂ ਹੁੰਦੀਆਂ, ਪਰ ਸਦਾ ਲਈ ਹੱਥੋਂ ਨਿਕਲ ਗਏ ਭੰਡਾਰ ਦੀ ਜਦੋਂ ਵੀ ਸੋ ਮਿਲਦੀ ਹੈ, ਖੋਜੀ ਹਉਕਾ ਲਏ ਬਿਨਾਂ ਨਹੀਂ ਰਹਿ ਸਕਦਾ ਤੇ ਜਦੋਂ ਵੀ ਅਜੇ ਤਕ ਬਚੇ ਪਏ ਭੰਡਾਰ ਦਾ ਪਤਾ ਲਗਦਾ ਹੈ ਤਾਂ ਉਸ ਦੀ ਭਾਵੀ ਦੁਰਦਸ਼ਾ ਦਾ ਨਕਸ਼ਾ ਜ਼ਰੂਰ ਉਸ ਦੀਆਂ ਅੱਖਾਂ ਅੱਗੋਂ ਲੰਘ ਜਾਂਦਾ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਹੱਥ-ਲਿਖਤਾਂ ਵੱਲ ਫ਼ੌਰੀ ਧਿਆਨ ਦੇਣ ਦੀ ਲੋੜ ਹੈ ਤੇ ਹਰ ਦਿਹਾੜੀ ਦੀ ਢਿੱਲ ਸਾਡੇ ਸਾਹਿੱਤ, ਸਾਡੇ ਇਤਿਹਾਸ, ਸਾਡੇ ਆਚਾਰ-ਵਿਹਾਰ—ਗੱਲ ਕੀ, ਸਾਨੂੰ ਸਾਡੀ ਭਾਵੁਕ, ਬੌਧਿਕ ਤੇ ਅਧਿਆਤਮਿਕ ਪ੍ਰਾਪਤੀ ਤੋਂ ਵਾਂਝਿਆਂ ਰੱਖਣ ਦਾ ਸਾਧਨ ਬਣ ਸਕਦੀ ਹੈ। ਭਾਸ਼ਾ ਵਿਭਾਗ, ਪਟਿਆਲਾ ਦੇ ਇਕ ਕਰਮਚਾਰੀ ਨੂੰ ਆਪਣੇ ਸੰਬੰਧੀਆਂ ਦੇ ਘਰ ਜ਼ਿਲਾ ਬਠਿੰਡੇ ਦੇ ਇਕ ਪਿੰਡ ਵਿਚ ਇਕ ਰਾਤ ਕੱਟਣ ਦਾ ਮੌਕਾ ਮਿਲਿਆ। ਆਲੇ ਵਿਚ ਇਕ ਪੋਥੀ ਖ਼ਸਤਾ ਹਾਲਤ ਵਿਚ ਰੁਲਦੀ ਪਈ ਦਿੱਸੀ। ਇਹ ਲਿਜਾ ਕੇ ਉਸ ਨੇ ਆਪਣੇ ਵਿਭਾਗ ਕੋਲ ਵੇਚ ਦਿੱਤੀ। ਇਹ ਗ੍ਰੰਥ ਅਨੇਕ ਫੁਟਕਲ ਰਚਨਾਵਾਂ ਦਾ ਇਕ ਪੁਰਾਤਨ ਸੰਗ੍ਰਹਿ ਹੈ। ਪੰਜਾਬੀ ਦੀ ਪੁਰਾਤਨ ਗੱਦ ਦਾ ਜੋ ਅਮੋਲਕ ਭੰਡਾਰ ਇਸ ਪੋਥੀ ਵਿੱਚੋਂ ਮਿਲਿਆ ਹੈ, ਹੋਰ ਅਜੇ ਤਕ ਕਿਤੋਂ ਨਹੀਂ ਮਿਲਿਆ। ਜੇ ਇਹ ਪੋਥੀ ਨਾ ਮਿਲਦੀ ਤਾਂ ਅਸੀਂ ਇਹੋ ਕਹਿੰਦੇ

WWW.SIKHBOOKCLUB.COM 

ਰਹਿੰਦੇ ਕਿ ਪੰਜਾਬੀ ਵਿਚ ਗੱਦ-ਰਚਨਾ ਦਾ ਅਭਿਆਸ ਬਹੁਤ ਘੱਟ ਸੀ, ਪਰ ਇਸ ਦੇ ਲੱਭਣ ਪਿੱਛੋਂ ਸਾਡੇ ਸਾਹਿੱਤ ਦੇ ਸਾਰੇ ਇਤਿਹਾਸ ਇਕ ਦਮ ਪੁਰਾਣੇ ਹੋ ਗਏ ਹਨ।

ਇਸੇ ਤਰ੍ਹਾਂ, ਇਕ ਵਿਕ੍ਰੇਤਾ ਪਾਸੋਂ ਪ੍ਰਾਪਤ ਕੀਤੇ ਇਕ ਗ੍ਰੰਥ ਦੀ ਫਰੋਲਾ-ਫਰਾਲੀ ਕਰਨ ਉਪਰੰਤ ਸੰਪਾਦਕ ਨੂੰ ਪਤਾ ਲੱਗਾ ਕਿ ਜਿਸ ਨੂੰ ਉਹ ਗੁਰਬਾਣੀ ਦਾ ਸੰਗ੍ਰਿਹ ਸਮਝ ਕੇ ਛੱਡ ਹੀ ਬੈਠਾ ਸੀ, ਉਹ ਬਠਿੰਡੇ ਜ਼ਿਲੇ ਦੇ ਹਰੀਏ ਜੱਟ ਦੀ ਸੰਪੂਰਣ ਰਚਨਾਵਲੀ ਹੈ ਜੋ, ਨਿਰਸੰਦੇਹ, ਆਪਣੇ ਰਚਨਾਤਮਕ ਗੁਣਾਂ ਸਦਕਾ, ਸਤਾਰ੍ਹਵੀਂ ਸਦੀ ਦੇ ਪੰਜਾਬ ਦੀਆਂ ਸਿਰਮੌਰ ਰਚਨਾਵਾਂ ਵਿੱਚੋਂ ਹੈ।

ਲਿਖਤਾਂ ਅਜੇ ਵੀ ਪ੍ਰਾਪਤ ਹਨ—ਪੰਜਾਬ ਵਿਚ ਵੀ ਤੇ ਪੰਜਾਬ ਤੋਂ ਬਾਹਰ ਵੀ। ਉੱਤਰ ਪ੍ਰਦੇਸ, ਰਾਜਸਥਾਨ, ਗੁਜਰਾਤ ਤੇ ਬਿਹਾਰ ਦੇ ਲਿਖਤ-ਭੰਡਾਰਾਂ ਵਿੱਚੋਂ ਪੁਰਾਤਨ ਤੇ ਮੱਧਕਾਲੀ ਪੜਾਵਾਂ ਦਾ ਪੰਜਾਬੀ ਸਾਹਿੱਤ ਮਿਲ ਸਕਦਾ ਹੈ; ਪਾਂਡਿਆਂ, ਚਾਰਣਾਂ, ਭੱਟਾਂ ਤੇ ਬਾਣੀਆਂ ਦੀਆਂ ਪੁਰਾਣੀਆਂ ਵਹੀਆਂ ਵਿਚ ਬੜਾ ਅਮੋਲਕ ਖ਼ਜ਼ਾਨਾ ਮੌਜੂਦ ਹੈ; ਪੁਰਾਣੀਆਂ ਸੰਗਤਾਂ ਤੇ ਧਰਮਸਾਲਾਵਾਂ ਇਕ ਹੋਰ ਸੋਮਾ ਹਨ; ਕਾਬਲ ਵਿੱਚੋਂ ਕਾਫ਼ੀ ਕੀਮਤੀ ਮਸਾਲਾ ਮਿਲਣ ਦੀ ਆਸ ਹੈ (ਹੁਣ ਤਾਂ 'ਸੀ' ਹੀ ਕਹਿਣਾ ਪਵੇਗਾ—ਲੇਖਕ); ਸੋਵੀਅਤ ਰੂਸ ਵਿੱਚੋਂ ਵੀ ਕੁੱਝ ਪੰਜਾਬੀ ਲਿਖਤਾਂ ਮਿਲ ਚੁੱਕੀਆਂ ਹਨ—ਖ਼ੁਦ ਸੰਪਾਦਕ ਪਾਸ 'ਵੈਰਾਗ ਪ੍ਰਕਰਣ' ਦਾ ਇਕ ਖਰੜਾ ਪਿਆ ਹੈ ਜਿਸ ਦੇ ਅੰਤ ਵਿਚ ਇਹ ਸੂਚਨਾ ਦਰਜ ਹੈ :

"ਪੂਰਨ ਭਈ ਮਿਤੀ ਜੇਠ ਵਡੀ ਪੰਚਮੀ ਸੰਮਤ 1939 ਆਰਤਵਾਰ ਸੁਭ ਦਿਨ ਸੁਭ ਘਰੀ...ਪੋਥੀ ਲਿਖੀ ਬੁਖਾਰੇ ਮੱਝਿ...
ਦੋਹਰਾ॥ ਯਹ ਪੋਸਤਕ ਪੂਰਨ ਭਇਓ ਆਮੂ ਜਲ ਕੇ ਪਾਹਿ॥
ਧਰਤੀ ਤੁਰਕਿਸਤਾਨ ਕੀ ਨਗਰ ਭੁਖਾਰੇ ਮਾਹਿ॥"

ਇਹ ਸਭ ਖਿੰਡੀਆਂ ਪੁੰਡੀਆਂ ਲਿਖਤਾਂ ਇਕੱਤਰ ਹੋਣੀਆਂ ਚਾਹੀਦੀਆਂ ਹਨ।

ਜਦ ਤੋਂ ਗੁਰਮੁਖੀ, ਪੰਜਾਬ ਦੇ ਸਾਹਿੱਤ ਦੀ ਲਿਪੀ ਬਣੀ ਹੈ, ਪੰਜਾਬ ਦਾ ਸਾਹਿੱਤ ਸਾਧੂਆਂ ਤੇ ਘਰ-ਬਾਰੀਆਂ ਰਾਹੀਂ ਦੂਰ ਦੂਰ ਤਕ ਪਹੁੰਚਿਆ ਹੈ। ਜੇ ਇਹ ਪਤਾ ਹੋਵੇ ਕਿ ਪਿਛਲੇ ਦਿਨਾਂ ਵਿਚ ਵਧੀਆ ਕਾਗ਼ਜ਼ ਕਿੰਨੀ ਔਖੀ ਤਰ੍ਹਾਂ ਤਿਆਰ ਹੁੰਦਾ ਸੀ, ਚੰਗੀ ਸਿਆਹੀ ਕਿੰਨੀ ਮੁਸ਼ਕਿਲ ਨਾਲ ਬਣਦੀ ਸੀ ਤੇ ਦੀਵੇ ਦੀ ਮੱਧਮ ਲੋ ਵਿਚ ਅੱਖਾਂ ਗਾਲ-ਗਾਲ ਕੇ ਪੱਤਰੇ ਲਿਖਣ ਜਾਂ ਸੁੰਦਰ ਵੇਲਾਂ ਤੇ ਚਿਤਰ ਬਣਾਉਣ ਵਾਲਾ ਸ਼ਿੰਗਾਰ ਕਿੰਨੇ ਸਬਰ ਵਾਲਾ ਕੰਮ ਸੀ ਅਤੇ ਇਸੇ ਕਰਕੇ ਇਕ ਇਕ ਲਿਖਤ ਕਿੰਨੀ ਮੁੱਲਵਾਨ ਵਸਤ ਹੁੰਦੀ ਸੀ, ਤਾਂ ਇਨ੍ਹਾਂ ਲਿਖਤਾਂ ਨੂੰ ਰੁਲਦਿਆਂ ਜਾਂ ਨਸ਼ਟ ਹੁੰਦਿਆਂ ਵੇਖ ਕੇ ਲਾਪਰਵਾਹੀ ਜਾਰੀ ਰੱਖਣੀ ਕਿਸੇ ਪਥਰੀਲੇ ਮੱਥੇ ਵਾਲੇ ਜੋਧੇ ਦਾ ਹੀ ਕੰਮ ਹੋ ਸਕਦਾ ਹੈ।

ਲਿਖਤਾਂ ਦੀ ਖੋਜ, ਪ੍ਰਾਪਤੀ ਤੇ ਸੰਭਾਲ ਵੱਲ ਸਾਡਾ ਸੰਗਠਿਤ ਧਿਆਨ ਏਸੇ ਵੇਲੇ, ਬਲਕਿ ਹੁਣੇ ਜਾਣਾ ਚਾਹੀਦਾ ਹੈ।

ਹੁਣ ਤਕ ਜੋ ਉੱਦਮ ਹੋਏ ਹਨ ਉਹ ਕਿਸੇ ਹਾਲਤ ਵਿਚ ਤਸੱਲੀਬਖ਼ਸ਼ ਨਹੀਂ ਕਹੇ ਜਾ ਸਕਦੇ। ਪੰਜਾਬ ਯੂਨੀਵਰਸਿਟੀ, ਲਾਹੌਰ ਵਿਚ ਕੁੱਝ ਲਿਖਤਾਂ ਹੈ ਸਨ (ਹੁਣ ਇਹ ਨਿਖਸਮੀਆਂ ਪਈਆਂ ਹਨ) ਪਰ ਗੁਰਮੁਖੀ-ਪੰਜਾਬੀ ਲਿਖਤਾਂ ਨੂੰ ਆਪ ਓਥੇ ਪਹੁੰਚਣਾ ਪੈਂਦਾ ਸੀ, ਲਿਖਤਾਂ ਪਾਸ ਪਹੁੰਚਣ ਦੀ ਨਾ ਕਿਸੇ ਅਧਿਕਾਰੀ ਦੀ ਯੋਜਨਾ ਸੀ, ਨਾ ਸੰਸਥਾ ਦੀ। ਸ਼ੈਰਾਨੀ ਸੰਗ੍ਰਹਿ ਵਰਗਾ ਕੋਈ ਲਿਖਤੀ ਖ਼ਜ਼ਾਨਾ ਪੰਜਾਬੀ ਭਾਗ ਵਿਚ ਨਹੀਂ ਸੀ ਪਹੁੰਚ ਸਕਿਆ। ਪੰਜਾਬ ਪਬਲਿਕ ਲਾਇਬ੍ਰੇਰੀ, ਲਾਹੌਰ ਵਿਚ ਕਾਫ਼ੀ ਲਿਖਤਾਂ ਸਨ ਜੋ ਸਰ ਅਤਰ ਸਿੰਘ ਭਦੌੜ ਦੇ ਸੰਗ੍ਰਹਿ

WWW.SIKHBOOKCLUB.COM 

ਤੋਂ ਆਈਆਂ ਸਨ, ਪਰ ਇਸ ਲਾਇਬ੍ਰੇਰੀ ਦਾ ਮਾਲ-ਮੱਤਾ, ਬਹੁਤ ਕਰ ਕੇ, ਭਦੌੜੀ ਸੰਗ੍ਰੈਹ ਤਕ ਹੀ ਸੀਮਿਤ ਰਿਹਾ। ਸੁਰਗਵਾਸੀ ਭਾਈ ਤਖ਼ਤ ਸਿੰਘ ਜੀ ਦੇ ਸਿੱਖ ਕੰਨਿਆ ਮਹਾ ਵਿਦਿਆਲਾ, ਫ਼ੀਰੋਜ਼ਪੁਰ ਦੀਆਂ ਕੁੱਝ ਲਿਖਤਾਂ ਹੜ੍ਹ ਵਿਚ ਰੁਲ ਗਈਆਂ, ਕੁੱਝ ਸੰਭਾਲ ਖੁਣੋਂ ਉੱਡ-ਪੁੱਡ ਗਈਆਂ। ਖ਼ਾਲਸਾ ਕਾਲਜ, ਅੰਮ੍ਰਿਤਸਰ ਦੇ ਸਿੱਖ ਇਤਿਹਾਸ ਖੋਜ-ਵਿਭਾਗ ਨੂੰ ਸ. ਕਰਮ ਸਿੰਘ ਤੇ ਡਾ. ਗੰਡਾ ਸਿੰਘ ਨੇ ਕਾਫ਼ੀ ਜ਼ੋਰ ਲਾ ਕੇ ਉਸਾਰਿਆ ਪਰ ਪੈਸੇ ਦੀ ਥੁੜ ਨੇ ਨਾ ਲਿਖਤਾਂ ਦੀ ਸੰਭਾਲ ਹੀ ਪੂਰੀ ਹੋਣ ਦਿੱਤੀ ਤੇ ਨਾ ਸੰਗ੍ਰਹਿ ਵਿਚ ਹੀ ਕੋਈ ਵਾਧਾ ਹੋ ਸਕਿਆ। ਸੁਣਿਆ ਹੈ, ਇਸ ਨੂੰ ਖੋਰਾ ਲੱਗਣਾ ਸ਼ੁਰੂ ਹੋ ਚੁੱਕਾ ਹੈ। ਸਿੱਖ ਰੈਫ਼ਰੈਂਸ ਲਾਇਬ੍ਰੇਰੀ, ਅੰਮ੍ਰਿਤਸਰ ਲਈ ਗੁਰਦੁਆਰਿਆਂ, ਧਰਮਸਾਲਾਵਾਂ ਦਾ ਬੜਾ ਵੱਡਾ ਸੋਮਾ ਖੁੱਲ੍ਹਾ ਸੀ, ਪਰ ਉਨ੍ਹਾਂ ਨੇ ਉਸ ਦਾ ਵੀ ਲਾਭ ਨਹੀਂ ਉਠਾਇਆ, ਵਰਨਾ ਡੇਰਾ ਬਾਬਾ ਨਾਨਕ ਦੇ ਗੁਰਦੁਆਰੇ ਦੀ ਆਦਿ ਗ੍ਰੰਥ ਵਾਲੀ ਤੇ ਸੰਗਰੂਰ ਦੇ ਗੁਰਦੁਆਰੇ ਦੀ ਦਸਮ ਗ੍ਰੰਥ ਵਾਲੀ ਹੱਥ-ਲਿਖਤ ਦੀਆਂ ਅਨੂਪਮ ਵੇਲਾਂ ਵਾਲੀਆਂ ਕਲਾ-ਕਿਰਤਾਂ, ਬਿਨਾਂ ਸੰਭਾਲ ਓਥੇ ਕਿਵੇਂ ਪਈਆਂ ਰਹਿੰਦੀਆਂ? ਡੇਰਾ ਬਾਬਾ ਨਾਨਕ ਵਾਲੀ ਬੀੜ ਮੇਰੇ ਲਿਖਣ ਉੱਤੇ, ਸਿੱਖ ਰੈਫ਼ਰੈਂਸ ਲਾਇਬ੍ਰੇਰੀ ਵਿਚ ਲੈ ਆਂਦੀ ਗਈ ਸੀ ਪਰ ਜਿੱਥੇ ਬਾਕੀ ਗਈਆਂ, ਓਥੇ ਸਾਕਾ 'ਨੀਲਾ ਤਾਰਾ' ਵੇਲੇ, ਇਹ ਬੇਹੱਦ ਖ਼ੂਬਸੂਰਤ ਵੇਲਾਂ ਵਾਲੀ ਬੀੜ ਵੀ ਮਹਾਰਾਣੀ ਇੰਦਿਰਾ ਦੀ ਕਰੋਪੀ ਦਾ ਸ਼ਿਕਾਰ ਹੋ ਗਈ। ਸੰਗਰੂਰ ਵਾਲਾ ਗ੍ਰੰਥ ਚੁੱਕਿਆ ਗਿਆ, ਕੋਈ ਲੈ ਗਿਆ, ਪਤਾ ਨਹੀਂ। ਪੰਜਾਬੀ ਵਿਭਾਗ, ਪਟਿਆਲਾ ਪਾਸ ਸਾਧਨਾਂ ਦੀ ਏਨੀ ਨਹੀਂ ਜਿੰਨੀ ਸੋਧ-ਭਰੀ ਲਗਨ ਦੀ ਘਾਟ ਸੀ, ਵਰਨਾ ਜਿਸ ਅਮੋਲਕ ਪੋਥੀ ਦਾ ਅਸੀਂ ਉੱਪਰ ਜ਼ਿਕਰ ਕਰ ਆਏ ਹਾਂ ਉਸ ਦੀ ਹਾਲਤ ਵਿਭਾਗ ਦੇ ਪੁਸਤਕਾਲੇ ਵਿਚ ਪਹੁੰਚਣ ਤੋਂ ਪਿੱਛੋਂ ਏਨੀ ਕਿਉਂ ਰੁਲੀ ਹੋਈ ਹੁੰਦੀ? ਸੈਂਟ੍ਰਲ ਪਬਲਿਕ ਲਾਇਬ੍ਰੇਰੀ, ਪਟਿਆਲਾ ਨੂੰ ਗਵਰਨਰ ਸ੍ਰੀ ਸੀ.ਪੀ.ਐਨ. ਸਿੰਘ ਰਾਹੀਂ ਹੱਥ-ਲਿਖਤਾਂ ਖ਼ਰੀਦਣ ਲਈ ਕੁੱਝ ਰਕਮ ਮਿਲੀ ਸੀ ਜਿਸ ਨਾਲ ਕੁੱਝ ਚੋਣਵੀਆਂ ਲਿਖਤਾਂ ਪ੍ਰਾਪਤ ਕੀਤੀਆਂ ਗਈਆਂ ਅਤੇ ਭੂਪਿੰਦਰ ਪਬਲਿਕ ਲਾਇਬ੍ਰੇਰੀ, ਪਟਿਆਲਾ ਤੇ ਪੰਜਾਬ ਆਰਕਾਈਵਜ਼ ਤੋਂ ਵੀ ਕੁੱਝ ਲਿਖਤਾਂ ਪਹੁੰਚੀਆਂ, ਪਰ ਹੁਣ ਅੱਗੋਂ ਕੰਮ ਠੱਪ ਪਿਆ ਹੈ। ਪੰਜਾਬ ਸਟੇਟ ਆਰਕਾਈਵਜ਼, ਪਟਿਆਲਾ ਵਿਚ ਪੋਥੀਆਂ ਦੀ ਵਿਗਿਆਨਿਕ ਸੰਭਾਲ ਦਾ ਕੁੱਝ ਪ੍ਰਬੰਧ ਮੌਜੂਦ ਹੈ, ਪਰ ਕੰਮ ਦੀ ਮਾਤਰਾ ਮੌਜੂਦਾ ਬਜਟ ਅਨੁਸਾਰ, ਕਰਮਚਾਰੀਆਂ ਦੀ ਵਿੱਤ ਤੋਂ ਬਾਹਰ ਦੀ ਹੈ; ਨਾਲੇ ਇਸ ਵਿਭਾਗ ਦੀ ਰੁਚੀ ਬਹੁਤ ਕਰਕੇ ਇਤਿਹਾਸਿਕ ਮੁੱਲ ਵਾਲੀਆਂ ਲਿਖਤਾਂ ਇਕੱਤਰ ਕਰਨ ਵੱਲ ਹੈ। ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਆਪਣੀ ਛੋਟੀ ਉਮਰ ਵਿਚ ਇਸ ਪਾਸੇ ਅਜੇ ਕੋਈ ਆਦਰਜੋਗ ਕੰਮ ਨਹੀਂ ਕਰ ਸਕੀ; ਨਾਮਧਾਰੀਆਂ ਦਾ ਜੀਵਨ ਨਗਰ ਵਾਲਾ ਸੰਗ੍ਰੈਹ ਸਭ ਲਈ ਖੁੱਲ੍ਹਾ ਨਹੀਂ ਹੈ। ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ ਦੀਆਂ ਕੁੱਝ ਕੀਮਤੀ ਲਿਖਤੀ ਪੋਥੀਆਂ ਪੀ-ਐਚ.ਡੀ. ਕਰਨ ਵਾਲਿਆਂ ਦੇ ਟੇਟੇ ਚੜ੍ਹ ਚੁੱਕੀਆਂ ਹਨ ਤੇ ਜਿਹੜੀ ਕੋਈ ਬਚੀ ਹੈ, ਉਹ ਕਿਸੇ ਖੋਖੇ ਵਿਚ ਬੰਦ ਪਈ ਹੋਵੇਗੀ। (ਮੈਨੂੰ ਯਕੀਨ ਹੈ ਕਿ ਪ੍ਰਿੰਸੀਪਲ ਪ੍ਰੇਮ ਸਿੰਘ ਬਜਾਜ ਨੇ ਊਤਿਆ ਹੋਇਆ ਆਵਾ ਹੁਣ ਤਕ ਠੀਕ ਕਰ ਲਿਆ ਹੋਵੇਗਾ)। ਸੰਗਰਹੀਏ (ਰਾਜਸਥਾਨ) ਤੇ ਸਾਧੂ ਆਸ਼੍ਰਮ ਹੁਸ਼ਿਆਰਪੁਰ ਅਤੇ ਬੁੱਢਾ ਦਲ ਦੇ ਸੰਗ੍ਰੈਹਾਂ ਵਿਚ ਵੀ ਕੁੱਝ ਲਿਖਤੀ ਪੋਥੀਆਂ ਮੌਜੂਦ ਹਨ।

ਬਹੁਤ ਸਾਰੇ ਵਿਅਕਤੀਗਤ ਪੁਸਤਕਾਲੇ ਰੁਲ ਗਏ ਹਨ, ਜਿਵੇਂ ਸੰਤ ਜੁਆਲਾ ਸਿੰਘ ਪਟਿਆਲਾ, ਸੁੱਚਾ ਸਿੰਘ ਖੋਜੀ ਜਾਂ ਨਿਹੰਗ ਸ਼ਮਸ਼ੇਰ ਸਿੰਘ ਗੁੜੇ ਦੇ ਤੇ, ਕਿਸੇ ਹੱਦ ਤਕ, ਬਾਬਾ ਪ੍ਰੇਮ ਸਿੰਘ ਹੋਤੀ ਵਾਲਿਆਂ ਦਾ ਵੀ, ਪਰ ਭਾਈ ਕਾਨ੍ਹ ਸਿੰਘ ਤੇ ਭਾਈ ਵੀਰ ਸਿੰਘ ਦੇ ਸੰਗ੍ਰੈਹ ਸੁਰੱਖਿਅਤ ਰਹੇ ਹਨ। ਭਾਈ ਕਾਨ੍ਹ ਸਿੰਘ ਜੀ ਦਾ ਸੰਗ੍ਰੈਹ, ਉਨ੍ਹਾਂ ਦੇ ਸੁਪੁੱਤਰ ਹਰੀ ਜੀ ਦੀ

WWW.SIKHBOOKCLUB.COM 

ਸਿਆਣਪ ਨੇ, ਪੰਜਾਬੀ ਯੂਨੀਵਰਸਿਟੀ ਵਿਚ ਪਹੁੰਚਾ ਦਿੱਤਾ ਤੇ ਭਾਈ ਵੀਰ ਸਿੰਘ ਦੇ ਸੰਗ੍ਰਿਹ ਦੀ ਸੰਭਾਲ ਦੀਆਂ ਵਿਉਂਤਾਂ ਬਣ ਰਹੀਆਂ ਹਨ। (ਹੁਣ ਇਹ ਪੁਸਤਕਾਂ ਭਾਈ ਵੀਰ ਸਿੰਘ ਸਾਹਿੱਤ ਸਦਨ, ਗੋਲ ਮਾਰਕੀਟ, ਨਵੀਂ ਦਿੱਲੀ ਵਿਚ ਸੁਰੱਖਿਅਤ ਹਨ)। ਡਾ. ਗੰਡਾ ਸਿੰਘ ਦਾ ਅਮੋਲਕ ਸੰਗ੍ਰੈਹ ਉਚੇਚਾ ਧਿਆਨ ਮੰਗਦਾ ਹੈ (ਇਹ ਸੰਗ੍ਰੈਹ ਪੰਜਾਬੀ ਯੂਨੀਵਰਸਿਟੀ, ਪਟਿਆਲਾ ਪਾਸ ਪਹੁੰਚ ਚੁੱਕਾ ਹੈ)। ਗਿਆਨੀ ਗੁਰਦਿੱਤ ਸਿੰਘ, ਸ਼ਮਸ਼ੇਰ ਸਿੰਘ ਅਸ਼ੋਕ, ਪਿਆਰਾ ਸਿੰਘ ਪਦਮ, ਗੋਬਿੰਦ ਸਿੰਘ ਲਾਂਬਾ, ਸੁਰਿੰਦਰ ਸਿੰਘ ਕੋਹਲੀ, ਹਰਨਾਮ ਸਿੰਘ ਸ਼ਾਨ, ਆਦਿ ਦੇ ਨਿੱਕੇ ਮੋਟੇ ਸੰਗ੍ਰਿਹ ਉੱਪਰ-ਕਥਿਤ ਵਰਗ ਦੇ ਨਹੀਂ ਬਣ ਸਕੇ। ਇਨ੍ਹਾਂ ਸਤਰਾਂ ਦੇ ਲੇਖਕ ਦੀ ਹੁਣ ਤਕ ਦੀ ਸਭ ਤੋਂ ਵੱਡੀ ਕਮਾਈ ਉਹ 1000 ਲਿਖਤਾਂ ਹਨ ਜੋ ਪਿੰਡੋ-ਪਿੰਡ ਫਿਰ ਕੇ ਇਕੱਠੀਆਂ ਕੀਤੀਆਂ ਹੋਈਆਂ ਹਨ ਪਰ ਇਨ੍ਹਾਂ ਦੀ ਯੋਗ ਸੰਭਾਲ ਦੇ ਸਾਧਨ ਕਿੱਥੇ ਹਨ ?

ਉੱਪਰ ਦਿਤੇ ਸਾਰੇ ਥਹੁ-ਥਿੱਤੇ ਇਸ ਵੱਡੀ ਸਮੱਸਿਆ ਦੀ ਹੋਂਦ ਦੇ ਸੂਚਕ ਹਨ। ਇਕੱਠੀਆਂ ਹੋਣ ਵਾਲੀਆਂ ਲਿਖਤਾਂ ਅਜੇ ਵੀ ਬਥੇਰੀਆਂ ਪਈਆਂ ਹਨ। ਇਨ੍ਹਾਂ ਨੂੰ ਇਕ ਥਾਂ ਕਰਨ ਦੀ ਯੋਜਨਾ, ਨਿਰੀ ਇੱਛਾ ਦੀ ਪੱਧਰ ਤੋਂ ਉੱਠ ਕੇ ਨਿੱਗਰ ਰੂਪ ਵੱਲ ਤੁਰਨੀ ਚਾਹੀਦੀ ਹੈ। ਹੱਥ-ਲਿਖਤਾਂ ਲਈ ਪੰਜਾਬ ਵਿਚ ਇਕ ਵੱਡੇ, ਕੇਂਦਰੀ ਪੁਸਤਕਾਲੇ ਦੀ ਨੀਂਹ ਰੱਖੀ ਜਾਣੀ ਚਾਹੀਦੀ ਹੈ। ਸਾਡੇ ਸੰਕਲਪ ਅਨੁਸਾਰ ਇਸ ਪੁਸਤਕਾਲੇ ਵਿਚ ਨਿਰੋਲ ਪੰਜਾਬ ਦੀਆਂ ਲਿਖਤਾਂ ਹੀ ਹੋਣਗੀਆਂ ਜਾਂ ਲਿਖਤਾਂ ਦੀਆਂ ਮਾਈਕ੍ਰੋ ਫ਼ਿਲਮਾਂ, ਜੋ ਦੁਨੀਆ ਦੀ ਹਰ ਨੁੱਕਰ ਵਿੱਚੋਂ ਇਕੱਤਰ ਕੀਤੀਆਂ ਜਾਣਗੀਆਂ। ਇਹ ਕੇਂਦਰ ਪੰਜਾਬ ਬਾਰੇ, ਖ਼ਾਸ ਕਰ ਕੇ ਪੰਜਾਬੀ ਬਾਰੇ, ਉਚੇਰੀ ਖੋਜ ਦਾ ਇਕ ਵੱਡਾ ਕੇਂਦਰ ਹੋਵੇਗਾ। ਇਸ ਪੁਸਤਕਾਲੇ ਦੇ ਕਰਮਚਾਰੀ ਪਿੰਡੋ-ਪਿੰਡ ਜਾ ਕੇ ਅਤੇ ਆਪਣੇ ਦੇਸ ਦੀਆਂ ਤੇ ਬਦੇਸਾਂ ਦੀਆਂ ਲਾਇਬ੍ਰੇਰੀਆਂ ਫਰੋਲ ਕੇ ਆਪਣੀ ਲਾਇਬ੍ਰੇਰੀ ਨੂੰ ਲਿਖਤਾਂ ਤੇ ਮਾਈਕ੍ਰੋ ਫ਼ਿਲਮਾਂ ਨਾਲ ਲਗਾਤਾਰ ਭਰਦੇ ਰਹਿਣਗੇ। ਵਿਦਵਾਨ ਇਨ੍ਹਾਂ ਲਿਖਤਾਂ ਦੇ ਸੰਪਾਦਨ ਵੱਲ ਰੁਚਿਤ ਹੋਣਗੇ। ਇਹ ਇਕ ਐਸੀ ਥਾਂ ਬਣ ਜਾਏਗੀ ਜਿੱਥੇ ਹੱਥ-ਲਿਖਤਾਂ ਦੇ ਸੁਆਮੀ, ਪੱਕੀ ਸੰਭਾਲ ਤੋਂ ਖ਼ੁਸ਼ ਹੋ ਕੇ, ਆਪਣੇ ਲਿਖਤੀ ਸੰਗ੍ਰਿਹ ਦਾਨ ਕਰਿਆ ਕਰਨਗੇ ਜਾਂ ਵੇਚ ਦਿਆ ਕਰਨਗੇ। ਹੌਲੀ ਹੌਲੀ, ਇਹ ਕੇਂਦਰ ਇਕ ਪਾਸੇ ਜੰਮੂ-ਕਸ਼ਮੀਰ, ਹਿਮਾਚਲ, ਤਿੱਬਤ ਤੇ ਚੀਨ; ਦੂਜੇ ਪਾਸੇ ਪਾਕਿਸਤਾਨ, ਅਫ਼ਗਾਨਿਸਤਾਨ, ਈਰਾਨ ਤੇ ਏਸ਼ਿਆਈ ਰੂਸ ਤੇ ਤੀਜੇ ਪਾਸੇ ਸਾਰੇ ਉੱਤਰੀ ਭਾਰਤ ਦੀਆਂ ਅੱਡ ਅੱਡ ਭਾਸ਼ਾਵਾਂ ਦੀਆਂ ਪੁਰਾਤਨ ਲਿਖਤਾਂ ਦਾ ਭੰਡਾਰ ਬਣਨ ਦਾ ਜਤਨ ਕਰੇਗਾ ਤਾਂ ਜੋ ਪੰਜਾਬ ਦੇ ਲੰਮੇ ਤੇ ਭਰਪੂਰ ਇਤਿਹਾਸ ਦੀ ਉਣਾਈ ਵਿਚ ਜਿਸ ਰੰਗ ਦਾ ਤਾਣਾ-ਪੇਟਾ ਲੱਗਿਆ ਮਿਲਦਾ ਹੈ, ਉਸ ਬਾਰੇ ਹਰ ਪ੍ਰਕਾਰ ਦੀ ਖੋਜ ਸਾਡੇ ਘਰ ਦੇ ਵਿਚ ਹੀ ਸੰਭਵ ਹੋਵੇ। ਇਸ ਦੇ ਆਰੰਭਿਕ ਖਰਚ ਦਾ ਅਨੁਮਾਨ ਕੋਈ ਇਕ ਕਰੋੜ ਦੇ ਏੜ ਗੇੜ ਵਿਚ ਹੋਵੇਗਾ।

ਇਸ ਉੱਦਮ ਦਾ ਸ੍ਰੀ ਗਣੇਸ਼ ਕੌਣ ਕਰੇ ? ਅੱਜ ਦੀ ਵਿਆਪਕ ਰੁਚੀ ਸਰਕਾਰ ਵੱਲ ਝਾਕਣ ਦੀ ਹੈ। ਸਾਡਾ ਵਿਚਾਰ ਹੈ ਕਿ ਇਸ ਤਰ੍ਹਾਂ ਦੀ ਝਾਕ ਛੇਤੀ ਫਲੀਭੂਤ ਨਹੀਂ ਹੋਣ ਲੱਗੀ। ਜੇ ਮੁੱਢ ਬੱਝਿਆ ਹੋਵੇ ਤਾਂ ਯੂ.ਜੀ.ਸੀ., ਪੰਜਾਬ ਦੀ ਸਰਕਾਰ, ਕੇਂਦਰੀ ਸਰਕਾਰ, ਦਾਨੀ ਸੱਜਣ ਤੇ ਸੰਸਥਾਵਾਂ ਸਭ ਬਹੁੜ ਪੈਣਗੀਆਂ। ਪਰ ਜੇ ਸਰਕਾਰ ਵੱਲੋਂ ਮੋੜ੍ਹੀ ਗੱਡੇ ਜਾਣ ਦੀ ਆਸ ਵਿਚ ਹੀ ਰਹੇ ਤਾਂ ਪਤਾ ਨਹੀਂ ਕਿੰਨਾ ਚਿਰ ਉਡੀਕਣਾ ਪਵੇ। ਇਸ ਲਈ ਸਾਡੀ ਪ੍ਰੇਰਣਾ ਹੈ ਕਿ ਜਿਨ੍ਹਾਂ ਵਿਦਵਾਨਾਂ ਨੂੰ ਹੱਥ-ਲਿਖਤਾਂ ਦੇ ਮੁੱਲ ਦੀ ਸਮਝ ਹੈ, ਜਿਨ੍ਹਾਂ ਨੂੰ ਸਾਹਿੱਤ, ਸਭਿਅਤਾ ਤੇ ਸੰਸਕ੍ਰਿਤੀ ਦੇ ਖੇਤਰ ਵਿਚ ਲਿਖਤੀ ਅੱਖਰ ਦੀ ਮਹਾਨਤਾ ਦਾ ਪਤਾ ਹੈ ਤੇ ਜਿਨ੍ਹਾਂ ਨੇ ਆਪਣੀ

WWW.SIKHBOOKCLUB.COM Page 204

ਬੇਗਰਜ਼ ਲਗਨ, ਸਿਰ-ਸੁੱਟਵੀਂ ਘਾਲ ਤੇ ਬੇਅੰਤ ਖ਼ਰਚ ਸਦਕਾ ਇਸ ਪਾਸੇ ਦਾ ਕੁੱਝ ਪੈਂਡਾ ਅੱਗੇ ਹੀ ਮੁਕਾਇਆ ਹੋਇਆ ਹੈ, ਉਨ੍ਹਾਂ ਨੂੰ ਮੈਦਾਨ ਵਿਚ ਨਿੱਤਰਨਾ ਚਾਹੀਦਾ ਹੈ। ਪਟਨੇ ਦੀ ਖ਼ੁਦਾ ਬਖ਼ਸ਼ ਲਾਇਬ੍ਰੇਰੀ ਦਾ ਇਤਿਹਾਸ ਰਾਹ-ਦਿਸੇਰਾ ਹੈ। ਪਹਿਲ ਦਾ ਸਿਹਰਾ ਡਾ. ਗੰਡਾ ਸਿੰਘ ਦੇ ਸਿਰ ਉੱਤੇ ਬੱਝੇਗਾ ਕਿ ਕਿਸੇ ਹੋਰ ਦੇ ਸਿਰ ਉੱਤੇ, ਇਹ ਸਮਾਂ ਦੱਸੇਗਾ, ਪਰ ਇਹ ਚੰਗੀ ਤਰ੍ਹਾਂ ਸਮਝ ਲੈਣ ਦੀ ਲੋੜ ਹੈ ਕਿ ਲਿਖਤਾਂ ਦੀ ਸੰਭਾਲ ਬਾਰੇ ਸਾਡੀ ਚੇਤਾਵਨੀ ਵੱਲੋਂ ਹੋਰ ਢਿੱਲ, ਨਵੇਂ ਪੰਜਾਬ ਦੇ ਗੌਰਵ ਦੀ ਉਸਾਰੀ ਵਿਚ, ਵਿਘਨਕਾਰੀ ਸਿੱਧ ਹੋ ਸਕਦੀ ਹੈ।

SIKHBOOKCLUB.COM

# ਪੋਥੀਆਂ ਦੀ ਭਾਲ*

ਮੇਰਾ ਇਹ ਲੈਕਚਰ ਡਾ. ਮਹਿੰਦਰ ਸਿੰਘ ਰੰਧਾਵਾ ਦੀ ਪ੍ਰੇਰਨਾ ਦੀ ਉਪਜ ਹੈ। ਉਨ੍ਹਾਂ ਨੇ ਮੈਨੂੰ ਖਰੜਿਆਂ ਦੀ ਭਾਲ ਵਿਚ ਕੀਤੇ ਸਫ਼ਰਾਂ ਨੂੰ ਕਲਮਬੰਦ ਕਰਨ ਦਾ ਮਸ਼ਵਰਾ ਦਿੱਤਾ ਸੀ। ਮੈਨੂੰ ਅਫ਼ਸੋਸ ਹੈ ਕਿ ਨਿੱਤ ਦੇ ਰੁਝੇਵਿਆਂ ਨੇ ਮੈਨੂੰ ਅੱਜ ਤੋਂ ਪਹਿਲਾਂ ਇਸ ਪਾਸੇ ਵੱਲ ਧਿਆਨ ਨਹੀਂ ਦੇਣ ਦਿੱਤਾ, ਪਰ ਭਲਾ ਹੋਵੇ ਪੰਜਾਬੀ ਸਾਹਿੱਤ ਅਕਾਡਮੀ ਦੇ ਜਰਨੈਲ ਸਕੱਤਰ ਸਾਹਿਬ ਦਾ ਜਿਨ੍ਹਾਂ ਨੇ ਮਗਰ ਪੈ ਕੇ ਮੇਰੇ ਪਾਸੋਂ ਇਹ ਲੈਕਚਰ ਤਿਆਰ ਕਰਵਾ ਲਿਆ ਹੈ। ਹੁਣ ਮੈਨੂੰ ਮਹਿਸੂਸ ਹੋ ਰਿਹਾ ਹੈ ਕਿ ਜੇ ਮੈਂ ਰੰਧਾਵਾ ਸਾਹਿਬ ਦੇ ਆਖੇ ਲਗ ਕੇ ਹੱਥ-ਲਿਖਤਾਂ ਦੀ ਭਾਲ ਵਿਚ ਪਿੰਡ-ਪਿੰਡ, ਸ਼ਹਿਰ-ਸ਼ਹਿਰ, ਝੱਲਿਆਂ ਵਾਂਗ ਰੁਲਦੇ ਫਿਰਨ ਵਾਲੀਆਂ ਆਪਣੀਆਂ ਸਾਰੀਆਂ ਦਿਲਚਸਪ ਕਹਾਣੀਆਂ ਲਿਖ ਦੇਂਦਾ ਤਾਂ ਹੋ ਸਕਦਾ ਸੀ ਉਹ ਸਰੋਤਿਆਂ ਜਾਂ ਪਾਠਕਾਂ ਨੂੰ ਰਸੀਲੀਆਂ ਲਗਦੀਆਂ। ਪਰ ਜੋ ਕੁੱਝ ਜਿਵੇਂ ਹੋ ਗਿਆ ਹੈ, ਸਮਝ ਲਈਏ ਠੀਕ ਹੀ ਹੋ ਗਿਆ ਹੈ, ਵਰਨਾ ਮੈਨੂੰ ਝੋਰਾ ਹੰਢਾਉਣਾ ਪਵੇਗਾ, ਜੋ ਮੈਂ ਹੰਢਾਉਣਾ ਨਹੀਂ ਚਾਹੁੰਦਾ।

ਅੱਜ ਮੈਂ ਆਪ ਨਾਲ ਆਪਣੇ ਕੇਵਲ ਤਿੰਨ ਅਜਿਹੇ ਅਨੁਭਵ ਸਾਂਝੇ ਕਰਾਂਗਾ ਜੋ ਲਿਖਤੀ ਪੋਥੀਆਂ ਦੇ ਮੇਰੇ ਵਰਗੇ ਗ਼ੈਰ-ਪੇਸ਼ਾਵਰ ਸ਼ਿਕਾਰੀਆਂ ਦੀਆਂ ਮੁਸ਼ਕਲਾਂ ਦੀ ਜਾਣਕਾਰੀ ਦੇਣ ਦੇ ਨਾਲ ਨਾਲ, ਆਸ ਹੈ ਸਰੋਤਿਆਂ ਦੀ ਸੁਰਤ ਨੂੰ ਆਪਣੇ ਤੋਂ ਲਾਂਭੇ ਨਹੀਂ ਜਾਣ ਦੇਣਗੇ। ਉਂਜ ਤਾਂ ਇਸ ਤਰ੍ਹਾਂ ਦੇ ਅਨੁਭਵਾਂ ਨਾਲ ਮੇਰੇ ਚੇਤੇ ਦੀ ਪਟਾਰੀ ਭਰੀ ਪਈ ਹੈ, ਪਰ ਉਮੀਦ ਹੈ ਆਪ ਬੋਹਲ ਵਿੱਚੋਂ ਇਨ੍ਹਾਂ ਤਿੰਨਾਂ ਦਾਣਿਆਂ ਨੂੰ ਹੀ ਪਰਵਾਨ ਕਰਨ ਦੀ ਕਿਰਪਾ ਕਰੋਗੇ।

ਮੇਰੇ ਪਹਿਲੇ ਅਨੁਭਵ ਦਾ ਤਅੱਲੁਕ ਜ਼ਿਲਾ ਪਟਿਆਲੇ ਦੇ ਇਕ ਛੋਟੇ ਜਿਹੇ ਪਿੰਡ ਸੰਗਤਪੁਰੇ ਨਾਲ ਹੈ।

ਵਿਧਾਨ ਸਭਾ ਤੇ ਲੋਕ ਸਭਾ ਦੀਆਂ ਚੋਣਾਂ ਹੋ ਕੇ ਹਟੀਆਂ ਸਨ। ਮਹਿੰਦਰ ਕਾਲਜ, ਪਟਿਆਲਾ ਦੇ ਤਕਰੀਬਨ ਸਾਰੇ ਪ੍ਰੋਫ਼ੈਸਰ, ਵੱਖੋ-ਵੱਖ ਚੋਣ-ਹਲਕਿਆਂ ਵਿਚ ਚੋਣ-ਅਫ਼ਸਰੀ ਦੀ ਸੇਵਾ ਤੋਂ ਵਿਹਲੇ ਹੋ ਕੇ ਤਾਜ਼ੇ-ਤਾਜ਼ੇ ਮੁੜੇ ਸਨ। ਸਾਰੇ ਜਣੇ ਵੋਟਰਾਂ, ਏਜੰਟਾਂ, ਉਮੀਦਵਾਰਾਂ ਤੇ ਪਾਰਟੀਆਂ ਦੇ ਸੁਆਦਲੇ ਚੁਟਕਲਿਆਂ ਨਾਲ ਛਲਕਦੇ ਪਏ ਸਨ। ਸਟਾਫ਼ ਦਾ ਕਮਰਾ ਉੱਚੇ ਹਾਸਿਆਂ ਨਾਲ ਛਣਕ ਰਿਹਾ ਸੀ ਕਿ ਗੁਰਸੇਵਕ ਸਿੰਘ, ਆਪਣੇ ਮਜ਼ੇਦਾਰ ਤਜਰਬੇ ਦੀ ਵਾਰਤਾ ਵਿੱਚੇ ਛੱਡ ਕੇ ਮੈਨੂੰ ਸੰਬੋਧਿਤ ਹੋਇਆ, "ਸੱਚ ਪ੍ਰੀਤਮ! ਮੈਂ ਭੁੱਲ ਨਾ ਜਾਵਾਂ, ਮੇਰੇ ਹਲਕੇ ਦੇ ਇਕ ਸੋਢੀਆਂ ਦੇ ਪਿੰਡ ਵਿਚ ਇਕ ਪੋਥੀ ਪਈ ਐ, ਜਿਸ ਦੇ ਨਾਂ ਬਾਰਾਂ ਪਿੰਡ ਲੱਗੇ ਹੋਏ ਨੇ। ਤੂੰ ਵੇਖਣੀ ਹੋਵੇ ਤਾਂ ਜਾ ਆਈਂ ਕਦੀ, ਪਰ ਉਹ ਵਿਖਾਉਂਦੇ ਨਹੀਂ।"

ਮੈਂ ਪਿੰਡ ਦਾ ਨਾਂ-ਪਤਾ ਪੁੱਛਿਆ ਤਾਂ ਕਹਿਣ ਲੱਗਾ, "ਪਿੰਡ ਦਾ ਨਾਂ ਤਾਂ ਚੇਤੇ ਨਹੀਂ

---

* ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ ਵੱਲੋਂ—13-11-1994 ਨੂੰ ਚੰਡੀਗੜ੍ਹ ਵਿਚ ਕਰਵਾਇਆ ਗਿਆ, 'ਡਾ. ਮਹਿੰਦਰ ਸਿੰਘ ਰੰਧਾਵਾ ਯਾਦਗਾਰੀ ਭਾਸ਼ਣ'।

WWW.SIKHBOOKCLUB.COM

ਰਿਹਾ, ਪਰ ਸਰਹੰਦ ਤੋਂ ਪਹਿਆ ਪਾਟਦੈ। ਸੋਢੀਆਂ ਦਾ ਪਿੰਡ ਪੁੱਛ ਲਈਂ।"

ਗੁਰਸੇਵਕ ਸਿੰਘ ਨੇ ਤਾਂ ਆਪਣੀ ਮਨੋਰੰਜਕ ਵਾਰਤਾ ਦੀ ਅੱਧ-ਵਿਚਕਾਰੋਂ ਤੋੜੀ ਤੰਦ ਫੇਰ ਜੋੜ ਲਈ, ਜਿਸ ਕਰਕੇ ਇਕ ਵਾਰੀ ਫੇਰ ਹਾਸੇ ਦੇ ਫੁਹਾਰੇ ਛੁੱਟਣੇ ਸ਼ੁਰੂ ਹੋ ਗਏ, ਪਰ ਮੈਂ ਸਰਹੰਦ ਤੋਂ ਸੋਢੀਆਂ ਦੇ ਕਿਸੇ ਗੁਮਨਾਮ ਪਿੰਡ ਵੱਲ ਜਾਂਦੇ ਕੱਚੇ ਰਸਤਿਆਂ ਦੇ ਚਕਾਬੂ ਵਿਚ ਗਵਾਚ ਚੁੱਕਾ ਸਾਂ ਤੇ ਉੱਕਾ ਪਤਾ ਨਹੀਂ ਸੀ ਕਿ ਗੁਰਸੇਵਕ ਸਿੰਘ ਆਪਣੀ ਅਵਾਜ਼ ਦੀ ਉੱਚਤਮ ਸੁਰ ਵਿਚ ਕੀ ਕਹੀ ਜਾ ਰਿਹਾ ਹੈ। ਮੈਂ ਕਾਲਿਜ ਤੋਂ ਮੁੜਿਆ ਤਾਂ ਇਹ ਘੁੱਗ-ਵੱਸਦਾ ਪਿੰਡ ਮੇਰੇ ਨਾਲ ਮੇਰੇ ਘਰ ਦੇ ਅੰਦਰ ਆ ਵੜਿਆ। ਉਸ ਰਾਤ ਮੇਰੀ ਅੱਖ ਲੱਗੀ ਤਾਂ ਸੁਫ਼ਨੇ ਵਿਚ ਵੀ ਮੈਂ ਅਣਪਛਾਤੇ ਕੱਚੇ ਰਾਹਾਂ ਦੀ ਧੂੜ ਫੱਕਦਾ ਵਿਚਰਿਆ।

ਅਗਲੇ ਦਿਨ ਮੈਂ ਫੇਰ ਗੁਰਸੇਵਕ ਸਿੰਘ ਦੇ ਦੁਆਲੇ ਹੋ ਗਿਆ, "ਯਾਰ, ਜ਼ਰਾ ਆਪਣੇ ਕਾਗ਼ਜ਼-ਪੱਤਰ ਫਰੋਲ ਕੇ ਦੱਸ, ਪਿੰਡ ਦਾ ਨਾਂ ਕੀ ਐ?"

"ਓ ਬਾਈ, ਤੈਨੂੰ ਦੱਸਿਆ ਤਾਂ ਸੀ ਕਿ ਸੋਢੀਆਂ ਦਾ ਪਿੰਡ ਐ; ਨਾਂ ਮੈਨੂੰ ਚੇਤੇ ਨਹੀਂ। ਕਿੰਨੇ ਕੁ ਪਿੰਡ ਹੋਣੇ ਨੇ ਸੋਢੀਆਂ ਦੇ? ਕਦੀ ਜਾਣਾ ਹੋਇਆ ਤਾਂ ਮੈਂ ਨਾਲ ਚੱਲਿਆ ਚੱਲੂੰ।"

ਏਨੀ ਖੇਚਲ ਨਾ ਮੈਂ ਕਿਸੇ ਨੂੰ ਦੇ ਸਕਦਾ ਸਾਂ ਤੇ ਨਾ ਕਿਸੇ ਏਨੀ ਖੇਚਲ ਝੱਲਣੀ ਹੀ ਹੁੰਦੀ ਹੈ। ਮੇਰਾ ਤਜਰਬਾ ਮੈਨੂੰ ਸਿਖਾ ਚੁੱਕਾ ਸੀ ਕਿ ਇਹੋ ਜਿਹੀ ਉਦਾਰ ਪੇਸ਼ਕਸ਼ ਦਾ ਮਤਲਬ ਆਮ ਤੌਰ ਉੱਤੇ ਇਹ ਹੁੰਦਾ ਹੈ ਕਿ "ਸ੍ਰੀਮਾਨ ਜੀ, ਤੁਸੀਂ ਹੁਣ ਮੇਰੇ ਮਗਰੋਂ ਲਹਿ ਜਾਓ!"

ਦੋ ਕੁ ਦਿਨ ਹੀ ਲੰਘੇ ਹੋਣਗੇ ਕਿ ਪੰਜਾਬ ਯੂਨੀਵਰਸਿਟੀ ਵੱਲੋਂ ਇਕ ਮੀਟਿੰਗ ਦੀ ਸੂਚਨਾ ਆ ਗਈ। ਮੀਟਿੰਗ ਜਲੰਧਰ ਵਿਚ ਹੋਣੀ ਸੀ।

ਮੈਂ ਮੀਟਿੰਗ ਤੋਂ ਇਕ ਦਿਨ ਪਹਿਲਾਂ ਕਾਲਜ ਦਾ ਕੰਮ ਭੁਗਤਾਉਂਦੇ ਸਾਰ ਘਰ ਆ ਕੇ ਇਕ ਦੋ ਮੰਨੀਆਂ ਉਂਗਲੀਆਂ-ਨਿਗਲੀਆਂ ਤੇ ਬਸ ਫੜ ਕੇ ਸਰਹੰਦ ਜਾ ਉਤਰਿਆ।

ਮੌਸਮ ਵਧੀਆ ਸੀ—ਨਾ ਗਰਮੀ ਨਾ ਸਰਦੀ, ਪਰ ਮੈਨੂੰ ਲੱਗਿਆ ਜਿਵੇਂ ਸੰਝ, ਸੂਰਜ ਵੱਲ ਪਿੱਠ ਕਰ ਕੇ ਚੰਦਰਮਾ ਵੱਲ ਉੱਲਰਨ ਲਈ ਤਿਆਰੀ ਕੱਸ ਰਹੀ ਹੈ। ਮੈਨੂੰ ਆਪਣੀ ਹਮਾਕਤ, ਜੁੱਤੀ ਵਿਚ ਫਸੇ ਰੋੜੇ ਵਾਂਗ ਰੜਕਣ ਲੱਗ ਪਈ। ਕੀ ਪੁੱਛਾਂ ਤੇ ਕਿਸ ਨੂੰ ਪੁੱਛਾਂ? ਇਕ ਬੜੇ ਚੌੜੇ ਮੰਜੇ ਉੱਤੇ ਬਿਸਰਾਮ ਕਰ ਰਹੇ ਦੋ ਤਿੰਨ ਬੋਝਲ ਢਿੱਡਾਂ ਵਾਲੇ ਸਰੀਰਾਂ ਨੂੰ ਪੁੱਛਿਆ, "ਏਥੇ ਕਿਤੇ ਨੇੜੇ ਕੋਈ ਸੋਢੀਆਂ ਦਾ ਪਿੰਡ ਵੀ ਹੈ?"

ਉਨ੍ਹਾਂ ਨੂੰ ਕੋਈ ਪਤਾ ਨਹੀਂ ਸੀ। ਉਨ੍ਹਾਂ ਵਿੱਚੋਂ ਇਕ ਨੇ ਪੰਚਰ ਲਾਉਣ ਵਾਲੇ ਮਿਸਤਰੀ ਵੱਲ ਇਸ਼ਾਰਾ ਕਰ ਕੇ ਕਿਹਾ, "ਔਹ ਸੁਰੈਣੇ ਕੋਲੋਂ ਪਤਾ ਕਰੋ।"

ਮੈਂ ਸੁਰੈਣ ਸਿੰਘ ਨੂੰ ਜਾ ਟੱਕਰਿਆ। "ਸੁਰੈਣ ਸਿੰਘ ਜੀ, ਏਥੇ ਨੇੜੇ-ਤੇੜੇ ਕੋਈ ਸੋਢੀਆਂ ਦਾ ਪਿੰਡ ਵੀ ਹੈ, ਭਲਾ?"

"ਹਾਂਹੋ ਜੀ, ਆਹ ਕੱਚੀ ਸੜਕ ਐਨ ਸਿੱਧੀ ਸੋਢੀਆਂ ਦੇ ਪਿੰਡ ਦੇ ਬਿੱਚ ਜਾਊ।" ਉਹ ਬੋਲਿਆ।

"ਵਾਟ ਕਿੰਨੀ ਕੁ ਐ?" ਮੈਂ ਪੁੱਛਿਆ।

"ਹੋਊ ਪੰਜ ਚਾਰ ਕੋਹ।" ਉਸ ਦਾ ਜਵਾਬ ਸੀ।

"ਕੋਈ ਬਸ ਜਾਊ ਐਸ ਵੇਲੇ ਓਧਰ?"

"ਬਾਗਰੂ-ਬਾਗਰੂ ਕਰੋ ਜੀ, ਨਾ ਬਸ ਨਾ ਟਾਂਗਾ। ਬੱਸ, ਦੁਪਹੀਆ ਉੱਡਦਾ ਜਾਂਦੈ, ਫਰਨ ਫਰਨ।"

ਮੈਂ ਪਹੇ ਦੇ ਸਿਰ ਉੱਤੇ ਜਾ ਕੇ ਪੰਜ ਸੱਤ ਮਿੰਟ ਬੇਸੋਚ ਖੜ੍ਹਾ ਰਿਹਾ, ਜਿਵੇਂ ਕਿਸੇ ਚਮਤਕਾਰ

WWW.SIKHBOOKCLUB.COM

ਦੀ ਉਡੀਕ ਕਰ ਰਿਹਾ ਹੋਵੇ ਤੇ ਫੇਰ ਤਿੱਖੀ ਤੋਰ ਪੈਦਲ ਤੁਰ ਪਿਆ।

ਮਸਾਂ ਫ਼ਰਲਾਂਗ ਦਾ ਪੈਂਡਾ ਕੱਢਿਆ ਹੋਵੇਗਾ ਕਿ ਪਿੱਛੋਂ ਇਕ ਸਾਈਕਲ ਦਾ ਖੜਾਕ ਆਇਆ। ਜਦੋਂ ਨੇੜਿਓਂ ਲੰਘਣ ਲੱਗਾ ਤਾਂ ਮੈਂ ਪੁੱਛਿਆ, "ਕਿੱਥੇ ਜਾਣੈ, ਵੀਰ ਮੇਰੇ ?"

"ਸੰਗਤਪੁਰੇ।" ਕਹਿ ਕੇ ਉਹ ਅੱਗੇ ਲੰਘ ਚੱਲਿਆ ਸੀ, ਜਦੋਂ ਮੈਂ ਪਿੱਛੋਂ ਦੀ ਹਾਕ ਮਾਰ ਕੇ ਕਿਹਾ :

"ਕੀ ਗੱਲ ਯਾਰਾ, ਬਹੁਤ ਕਾਹਲ ਐ ? ਗੱਲ ਤਾਂ ਸੁਣ ਜਾ।" ਉਹ ਖੜਾ ਹੋ ਗਿਆ ਤੇ ਬੋਲਿਆ, "ਦੱਸੋ, ਸਰਦਾਰ ਜੀ।"

ਮੈਂ ਕਿਹਾ, "ਜਾਣਾ ਤਾਂ ਮੈਂ ਵੀ ਓਥੇ ਈ ਐ, ਜਿੱਥੇ ਤੂੰ, ਪਰ ਮੇਰੇ ਕੋਲ ਤਾਂ ਸਵਾਰੀ ਕੋਈ ਨਹੀਂ। ਤੇਰਾ ਸਾਈਕਲ ਦੋ ਸਵਾਰੀਆਂ ਢੋ ਲਊ ?" ਤੇ ਉਸ ਦਾ ਜਵਾਬ ਉਡੀਕੇ ਬਿਨਾਂ ਮੈਂ ਆਪਣੀ ਗੱਲ ਜਾਰੀ ਰੱਖਦਿਆਂ ਕਿਹਾ, "ਵਾਟ ਕਾਫ਼ੀ ਐ, ਅੱਧਾ ਪੈਂਡਾ ਮੈਂ ਚਲਾ ਲਊਂ ਤੇ ਅੱਧਾ, ਵੀਰ ਮੇਰੇ, ਤੂੰ ਚਲਾ ਲਈਂ।"

ਉਹ ਭਲਾ ਲੋਕ ਝਟ ਬੋਲਿਆ, "ਕੋਈ ਨਾ, ਸਰਦਾਰ ਜੀ, ਤੁਸੀਂ ਪਿੱਛੇ ਬੈਠ ਜਾਓ, ਆਹ ਤਾਂ ਪਿੰਡ ਖੜ੍ਹੈ, ਤੁਸੀਂ ਕਿਉਂ ਚਲਾਉਗੇ, ਮੈਂ ਕਿਹੜਾ ਥੱਕ ਜਾਣੈ ?"

ਮੈਂ ਛਾਲ ਮਾਰ ਕੇ ਉਸ ਦੇ ਕੈਰੀਅਰ ਉੱਤੇ ਬੈਠ ਗਿਆ।

ਨਾਨਕਸ਼ਾਹੀ ਇੱਟਾਂ ਦਾ ਡਾਟਦਾਰ ਦਰਵਾਜ਼ਾ ਸੀ, ਜਿੱਥੇ ਉਸ ਭਲੇ ਮਾਣਸ ਨੇ ਜਾ ਕੇ ਖੜਾ ਕੀਤਾ ਆਪਣਾ ਸਾਈਕਲ।

ਸੰਗਤਪੁਰੇ ਨਾਂ ਤੋਂ ਮੈਂ ਤਾੜ ਗਿਆ ਸਾਂ ਕਿ ਇਹ ਪਿੰਡ ਬਾਬਾ ਪਿਰਥੀ ਚੰਦ ਜਾਂ ਉਨ੍ਹਾਂ ਦੀ ਸੰਤਾਨ ਵਿੱਚੋਂ ਕਿਸੇ ਦਾ ਵਸਾਇਆ ਹੋਇਆ ਹੋਵੇਗਾ। ਸੰਗਤ, ਸੰਗਤਪੁਰੇ, ਆਦਿ ਨਾਵਾਂ ਵਾਲੇ ਪਿੰਡ ਬਠਿੰਡੇ ਵੱਲ ਵੀ ਮੌਜੂਦ ਹਨ। ਦਰਵਾਜ਼ੇ ਨੇ ਇਸ ਦੀ ਪੁਰਾਤਨਤਾ ਦੀ ਹਾਮੀ ਭਰੀ।

ਦਰਵਾਜ਼ੇ ਵਿਚ ਖੜੋਤਿਆਂ ਸਾਹਮਣੇ ਹੱਟੀਆਂ ਉੱਤੇ ਜਗਦੀਆਂ ਬੱਤੀਆਂ ਨੇ ਇਹਸਾਸ ਕਰਾਇਆ ਕਿ ਹਨੇਰਾ ਤਾਂ ਖ਼ਾਸਾ ਹੋ ਗਿਆ ਹੈ। ਖੁੱਲ੍ਹੇ ਅਸਮਾਨ ਥੱਲੇ ਹਨੇਰੇ ਨੂੰ ਚਾਨਣ ਦੀ ਜਾਗ ਲੱਗੀ ਹੁੰਦੀ ਹੈ। ਉਹ ਘੁੱਪ ਕਦੀ ਨਹੀਂ ਹੁੰਦਾ। ਜੇ ਚੰਨ ਦੀ ਚਾਨਣੀ ਨਾ ਹੋਵੇ ਤਾਂ ਵੀ ਉਸ ਨੂੰ ਕੂਲੀ ਤੇ ਸੁਖਾਵੀਂ ਲੋ ਆਪਣੀ ਬੁੱਕਲ ਵਿਚ ਵਲ੍ਹੇਟੀ ਰੱਖਦੀ ਹੈ। ਇਸ ਦੇ ਉਲਟ ਬਿਜਲੀ ਦੀਆਂ ਬੱਤੀਆਂ ਹਨੇਰੇ ਨੂੰ ਕਾਲਾ, ਸੰਘਣਾ ਤੇ ਡਰਾਉਣਾ ਬਣਾ ਦੇਂਦੀਆਂ ਹਨ।

ਮੈਂ ਅੰਦਰ ਬਜ਼ਾਰ ਵੱਲ ਕਦਮ ਪੁੱਟਿਆ। ਅੱਗੋਂ ਇਕ ਸਿੱਖ ਆਉਂਦਾ ਦਿੱਸਿਆ ਜਿਸ ਨੇ ਆਪਣੀ ਪੱਗ ਸਿਰੋਂ ਲਾਹ ਕੇ ਕੱਛ ਵਿਚ ਮਾਰੀ ਹੋਈ ਸੀ। ਉਹ ਕੋਲੋਂ ਲੰਘਣ ਲੱਗਾ ਤਾਂ ਮੈਂ ਹਵਾ ਵਿਚ ਬੋਲ ਸੁੱਟੇ, "ਸੋਢੀ ਸਾਹਬ ?"

"ਹਾਂ ਜੀ।" ਉਹ ਬੋਲ ਕੇ ਮੇਰੇ ਮੂੰਹ ਵੱਲ ਵੇਖਣ ਲਗ ਪਿਆ, "ਹੁਕਮ ਕਰੋ।"

"ਮੈਂ ਤੁਹਾਨੂੰ ਪਟਿਆਲਿਓਂ ਮਿਲਣ ਆਇਆਂ ਤੇ ਤੁਸੀਂ ਘਰੋਂ ਭੱਜ ਚੱਲੇ ਓ। ਮੈਂ ਭੱਜਣ ਨਹੀਂ ਜੇ ਦੇਣਾ। ਮੈਂ ਤਾਂ ਸਗੋਂ ਰਾਤ ਨੂੰ ਵੀ ਤੁਹਾਡੇ ਕੋਲ ਈ ਰਹਿਣੈ।"

"ਧੰਨ ਭਾਗ", ਉਸ ਨੇ ਕਿਹਾ ਤੇ ਓਥੋਂ ਹੀ ਆਪਣੇ ਘਰ ਵੱਲ ਪਰਤ ਪਿਆ।

ਸੋਢੀ ਸਾਹਿਬ ਦਾ ਨਾਂ ਅਮਰੀਕ ਸਿੰਘ ਸੀ। ਰੋਟੀ ਤਿਆਰ ਕਰਨ ਬਾਰੇ ਆਪਣੀ ਘਰ ਵਾਲੀ ਨੂੰ ਸਨੇਹਾ ਦੇ ਕੇ ਉਹ ਮੇਰੇ ਕੋਲ ਬਰਾਂਡੇ ਵਿਚ ਡੱਠੇ ਮੰਜੇ ਉੱਤੇ ਆ ਬੈਠਾ।

ਮੈਂ ਉਸ ਨੂੰ ਆਪਣੀ ਜਾਣ-ਪਛਾਣ ਕਰਾਈ ਤੇ ਦੱਸਿਆ ਕਿ ਉਸ ਪੋਥੀ ਦੇ ਦਰਸ਼ਨਾਂ [illegible] ੱਗੇ ਹੋਏ ਦੱਸੀਦੇ ਨੇ।

WWW.SIKHBOOKCLUB.COM

ਉਸ ਨੇ ਦੱਸਿਆ, "ਪੋਥੀ ਤਾਂ ਸੰਗਤਪੁਰੇ ਤੋਂ ਦੋ-ਤਿੰਨ ਕੋਹ ਪਰੇ ਇਕ ਵੱਖਰੇ ਡੇਰੇ ਵਿਚ 'ਗੁਰੂ ਜੀ' ਪਾਸ ਐ ਤੇ ਸਾਲ ਵਿਚ ਇੱਕੋ ਵਾਰੀ ਵਿਖਾਈ ਜਾਂਦੀ ਐ—ਉਹ ਵੀ ਰੁਮਾਲਿਆਂ ਵਿਚ ਵਲ੍ਹੇਟੀ ਦੀ ਵਲ੍ਹੇਟੀ। ਕਹਿੰਦੇ ਨੇ ਖੁੱਲ੍ਹੀ ਨੂੰ ਜਿਹੜਾ ਵੇਖ ਲਊ, ਅੰਨ੍ਹਾ ਹੋ ਜਾਊ। ਸੋ ਹਰ ਵਰ੍ਹੇ ਮੇਲੇ ਉੱਤੇ ਨਵਾਂ ਰੁਮਾਲਾ ਚਾੜ੍ਹ ਕੇ, ਫੇਰ ਸਾਂਭ ਦਿੱਤੀ ਜਾਂਦੀ ਐ।"

ਓਦੋਂ ਤਕ ਮੇਰਾ ਸੋਢੀ ਅਮਰੀਕ ਸਿੰਘ ਨਾਲ ਅੱਛਾ ਯਰਾਨਾ ਹੋ ਚੁੱਕਾ ਸੀ। ਅਸੀਂ ਰਲ ਕੇ ਰੋਟੀ ਖਾਧੀ। ਮੈਂ ਸੋਢੀ ਸਾਹਿਬ ਨੂੰ ਦੱਸ ਦਿੱਤਾ ਕਿ ਅਗਲੇ ਦਿਨ ਪੂਰੇ ਬਾਰਾਂ ਵਜੇ ਜਲੰਧਰ ਪਹੁੰਚਣਾ ਮੇਰੀ ਮਜਬੂਰੀ ਹੈ, ਪਰ ਜਾਣ ਤੋਂ ਪਹਿਲਾਂ ਮੈਂ ਪੋਥੀ ਦੇ ਦਰਸ਼ਨਾਂ ਲਈ ਹੰਭਲਾ ਜ਼ਰੂਰ ਮਾਰਨਾ ਚਾਹੁੰਦਾ ਹਾਂ।

ਅਮਰੀਕ ਸਿੰਘ ਹੁਰਾਂ ਮੇਰੀ ਮਜਬੂਰੀ ਦੇ ਚੌਖਟੇ ਵਿਚ ਮੇਰੀ ਲੋੜ ਨੂੰ ਫਿੱਟ ਕਰਨ ਲਈ ਆਪਣੀ ਸੋਚ ਦੇ ਘੋੜੇ ਦੁੜਾਉਣੇ ਸ਼ੁਰੂ ਕੀਤੇ। ਅਖ਼ੀਰ ਚੁਟਕੀ ਵਜਾ ਕੇ ਬੋਲੇ, "ਅੱਛਾ, ਮੈਂ ਕਰਦਾਂ ਕੁੱਝ। ਤੁਸੀਂ ਲੇਟੋ, ਮੈਂ ਹੁਣੇ ਆਇਆ।"

ਕੋਈ ਅੱਧੇ ਪੌਣੇ ਘੰਟੇ ਪਿੱਛੋਂ ਸੋਢੀ ਸਾਹਿਬ ਮੁੜ ਆਏ। ਉਨ੍ਹਾਂ ਨੇ ਦੱਸਿਆ ਕਿ ਮੈਂ ਪੰਜ ਮੋਅਤਬਰ ਸੋਢੀਆਂ ਨੂੰ ਤਿਆਰ ਕਰ ਆਇਆਂ। ਉਹ ਸਵੇਰੇ ਪੰਜ ਵਜੇ ਸਾਡੇ ਨਾਲ 'ਗੁਰੂ ਜੀ' ਵੱਲ ਚੱਲਣਗੇ। ਵੇਖੋ, ਜੇ ਕੰਮ ਬਣ ਜਾਏ, ਪਰ ਤੁਹਾਨੂੰ ਸਵੇਰੇ ਪੰਜ ਵਜੇ ਤਕ ਤਿਆਰ ਹੋਣਾ ਪਊ।

ਮੈਂ ਉਨ੍ਹਾਂ ਨੂੰ ਆਪਣੇ ਵੱਲੋਂ ਤਸੱਲੀ ਕਰਾ ਦਿੱਤੀ ਤਾਂ ਉਹ ਮੇਰੀਆਂ ਰਾਤ ਦੀਆਂ ਲੋੜਾਂ ਬਾਰੇ ਪੁੱਛ ਕੇ ਤੇ ਫ਼ਤਿਹ ਬੁਲਾ ਕੇ ਸੌਣ ਚਲੇ ਗਏ।

ਮੈਂ ਸਵੇਰੇ ਨਹਾ ਧੋ ਕੇ ਪੰਜ ਵਜੇ ਤੋਂ ਪਹਿਲਾਂ ਤਿਆਰ ਸਾਂ, ਜਦੋਂ ਉਹ ਮੇਰੀ ਖ਼ਬਰ-ਸਾਰ ਲੈਣ ਆਏ।

15 ਮਿੰਟਾਂ ਵਿਚ ਸਾਰੀ ਵਹੀਰ, 'ਗੁਰੂ ਸਾਹਿਬ' ਵੱਲ ਚਾਲੇ ਪਾ ਚੁੱਕੀ ਸੀ। ਅਸੀਂ ਏਧਰ-ਓਧਰ ਦੀਆਂ ਗੱਲਾਂ ਕਰਦੇ ਜਾ ਰਹੇ ਸਾਂ। ਹਲਕੀ, ਸੁਖਾਵੀਂ, ਤਨ-ਭਾਉਂਦੀ ਹਵਾ ਰੁਮਕ ਰਹੀ ਸੀ। ਤ੍ਰੇਲ-ਭਿੱਜੀ ਮਿੱਟੀ ਤੇ ਸਿੱਲ੍ਹੀ ਬਨਸਪਤੀ ਦੀ ਗੰਧ ਨਾਲ ਲੱਦੀ ਹੋਈ ਹਵਾ ਦਿਮਾਗ਼ਾਂ ਵਿਚ ਤਰਾਵਟ ਲਿਆ ਰਹੀ ਸੀ। ਅਸਲੋਂ ਸ਼ੁੱਧ ਤੇ ਨਿਰਮਲ ਹਵਾ ਵਿਚ ਤੜਕਸਾਰ ਦੀ ਸੈਰ ਕੀ ਸੀ, ਨਿਰੇ ਦੇਸੀ ਘਿਉ ਦੇ ਘੁੱਟ ਸਨ।

ਮੈਂ ਸਾਰਾ ਰਾਹ ਆਪਣੀ ਘੜੀ ਵੇਖ ਵੇਖ ਆਪਣੀ ਤੋਰ ਤਿੱਖੀ ਕਰਦਾ ਆਪਣੇ ਸਾਥੀਆਂ ਨੂੰ ਵੀ ਬਿਨਾਂ ਬੋਲੇ ਖੁਰੀ ਚੁੱਕਣ ਉੱਤੇ ਮਜਬੂਰ ਕਰਦਾ ਰਿਹਾ।

ਅਖ਼ੀਰ ਦਿੱਸਹੱਦੇ ਉੱਤੇ ਕੋਠੇ ਉੱਭਰਨ ਲੱਗ ਪਏ। ਵਹੀਰ ਵਿੱਚੋਂ ਇਕ ਦੀ ਨਿਗਾਹ ਕੁੱਝ ਵਧੇਰੇ ਹੀ ਤੇਜ਼ ਲਗਦੀ ਸੀ। ਉਸ ਨੇ ਇਕ ਖੇਤ ਵੱਲ ਇਸ਼ਾਰਾ ਕਰਦਿਆਂ ਕਿਹਾ, "ਲੌ, ਗੁਰੂ ਜੀ ਤਾਂ ਗੋਡੀ ਕਰੀ ਜਾਂਦੇ ਨੇ।" ਉਸ ਦੀ ਅਵਾਜ਼ ਉੱਤੇ 'ਗੁਰੂ ਜੀ', ਜੋ ਵੱਧ ਤੋਂ ਵੱਧ 20 ਵਰ੍ਹਿਆਂ ਦੇ ਜਵਾਨ ਹੋਣਗੇ, ਆਪਣਾ ਕੰਮ ਵਿੱਚੇ ਛੱਡ ਕੇ ਸਾਡੇ ਵੱਲ ਆ ਗਏ ਤੇ ਆਪਣੇ ਘਰ ਤਕ ਸਾਡੀ ਅਗਵਾਈ ਕੀਤੀ।

ਅਸੀਂ ਸਾਰੇ ਉਨ੍ਹਾਂ ਦੀ ਬੈਠਕ ਵਿਚ ਸਜ ਗਏ। ਸਾਰਿਆਂ ਨਾਲੋਂ ਵੱਡੇ ਸੋਢੀ ਸਾਹਿਬ ਨੇ ਗੱਲ ਸ਼ੁਰੂ ਕੀਤੀ:

"ਇਹ ਸਰਦਾਰ ਸਾਹਿਬ ਪਟਿਆਲਿਓਂ ਆਏ ਨੇ। ਇਨ੍ਹਾਂ ਨੂੰ ਸਰਕਾਰ ਨੇ ਭੇਜਿਐ। ਪੋਥੀ ਦੇ ਨਾਂ ਲੱਗੇ ਪਿੰਡਾਂ ਦੀ ਪੜਤਾਲ ਹੋ ਰਹੀ ਐ। ਕਿਸੇ ਨੇ ਰਪਟ ਕੀਤੀ ਐ ਬਈ ਪੋਥੀ [illegible] ਬੈਠੇ ਨੇ। ਇਨ੍ਹਾਂ ਨੂੰ ਪੋਥੀ ਦਿਖਾ[illegible]

WWW.SIKHBOOKCLUB.COM Page 209

ਦਾ ਭਰਮ ਦੂਰ ਕਰ ਦਿਓ।"

ਇਹ ਗੱਲ ਸੁਣਦੇ ਸਾਰ ਮੇਰਾ ਅੰਦਰ ਬੈਠਣ ਲਗ ਪਿਆ। ਕਿਤੇ ਗੱਲ ਉਲਟੀ ਨਾ ਪੈ ਜਾਏ। ਮੈਂ ਉਨ੍ਹਾਂ ਨੂੰ ਗੱਲ ਸ਼ੁਰੂ ਕਰਨ ਦਾ ਵੱਲ ਨਹੀਂ ਸੀ ਸਿਖਾਇਆ। ਇਹ ਬਜ਼ੁਰਗਾਂ ਦੀ ਆਪਣੀ ਕਾਢ ਸੀ।

ਗੁਰੂ ਜੀ ਮੇਰੇ ਸਰਕਾਰੀ ਮਿਸ਼ਨ ਦੀ ਗੱਲ ਸੁਣ ਕੇ ਤੜਪ ਉੱਠੇ। ਇਕਦਮ ਲਾਵਾ ਫੁੱਟਿਆ, "ਅਸੀ ਪੋਥੀ ਨਹੀਂ ਵਿਖਾਉਣੀ, ਸਰਕਾਰ ਨੂੰ ਕਹੋ, ਕਰ ਲਵੇ ਜੋ ਕਰਨੈ।"

"ਜਾਹ-ਜਾਂਦੀਆ" ਮੇਰਾ ਮਨ ਚੀਕਿਆ, "ਮੇਰੇ ਤਾਂ ਆਪ-ਸਹੇੜੇ ਹਮੈਤੀਆਂ ਨੇ ਹੀ ਮੇਰੇ ਸਾਰੇ ਗੰਢੇ ਗਾਲ ਦਿੱਤੇ ਨੇ!" ਪਰ ਇਸ ਤੋਂ ਪਹਿਲਾਂ ਕਿ ਮੇਰੇ.ਹਮੈਤੀਆਂ ਵਿੱਚੋਂ ਕੋਈ ਇਸ ਸਤਾਰ ਦੀ ਤਾਰ ਵਰਗੇ ਖਿੱਚੇ ਹੋਏ ਮਾਹੌਲ ਨੂੰ ਵਿਗਾੜਦਾ, ਮੈਂ ਹਾਲਤ ਨੂੰ ਸਾਂਭਣ ਦੀ ਕੋਸ਼ਿਸ਼ ਕੀਤੀ :

"ਵੇਖੋ, ਗੁਰੂ ਜੀ! ਇਹ ਤਾਂ ਹੋਏ ਤੁਹਾਡੀ ਬਰਾਦਰੀ ਦੇ ਬਜ਼ੁਰਗ, ਇਹ ਤੁਹਾਡੇ ਨਾਲ ਮਖ਼ੌਲ ਕਰਨ ਤਾਂ ਇਨ੍ਹਾਂ ਦਾ ਹੱਕ ਬਣਦੈ। ਨਾ ਮੈਨੂੰ ਸਰਕਾਰ ਨੇ ਭੇਜਿਐ ਤੇ ਨਾ ਮੈਂ ਕੋਈ ਪਿੰਡਾਂ ਦੀ ਜਾਂ ਪੋਥੀ ਦੀ ਤਫ਼ਤੀਸ਼ ਕਰਨ ਆਇਆਂ। ਮੈਂ ਤਾਂ ਪੜ੍ਹਾਉਣ ਵਾਲਾ ਇਕ ਗ਼ਰੀਬ ਉਸਤਾਦ ਆਂ। ਪਟਿਆਲੇ ਵਿਚ ਪੰਜਾਬੀ ਪੜ੍ਹਾਉਂਦਾਂ ਤੇ ਚੋਣਾਂ ਵਿਚ ਮੇਰੇ ਜਿਹੜੇ ਸਾਥੀ ਦੀ ਡਿਊਟੀ ਏਧਰ ਲੱਗੀ ਸੀ, ਉਸ ਤੋਂ ਤੁਹਾਡੀ ਪੋਥੀ ਦਾ ਪਤਾ ਲੱਗਿਆ, ਸੋ ਮੈਂ ਉਚੇਚਾ ਇਸ ਦੇ ਦਰਸ਼ਨਾਂ ਲਈ ਆ ਪਹੁੰਚਿਆਂ। ਰਾਤੀਂ ਸ. ਅਮਰੀਕ ਸਿੰਘ ਪਾਸ ਰਿਹਾਂ ਤੇ ਕਿਉਂਕਿ ਇਕ ਜ਼ਰੂਰੀ ਮੀਟਿੰਗ ਉੱਤੇ ਜਲੰਧਰ ਪਹੁੰਚਣੈ, ਇਸ ਲਈ ਸਵੇਰੇ-ਸਵੇਰੇ ਹਾਜ਼ਰ ਹੋਇਆਂ। ਇਨ੍ਹਾਂ ਬਜ਼ੁਰਗਾਂ ਨੇ ਮੇਰੀ ਅਗਵਾਈ ਕਰਨ ਦੀ ਕਿਰਪਾ ਕੀਤੀ ਐ। ਇਨ੍ਹਾਂ ਨੂੰ ਵੀ ਆਸ ਹੋਵੇਗੀ ਪੋਥੀ ਦੇ ਦਰਸ਼ਨ ਕਰ ਕੇ ਆਪਣਾ ਜਨਮ ਸਫਲਾ ਕਰ ਲੈਣ ਦੀ।"

'ਗੁਰੂ ਜੀ' ਬੜੀ ਨਰਮ ਆਵਾਜ਼ ਵਿਚ ਬੋਲੇ, "ਪਰ ਮੇਰੇ ਭਾਈ-ਬੰਦ ਤਾਂ ਸਭ ਜਾਣਦੇ ਨੇ ਕਿ ਪੋਥੀ ਦੇ ਦਰਸ਼ਨ ਸਾਲ ਵਿਚ ਇੱਕੋ ਵਾਰ ਕਰਾਈਦੇ ਨੇ।"

ਏਨੇ ਨੂੰ 'ਗੁਰੂ ਜੀ' ਦੀ ਮਾਤਾ ਸਾਰਿਆਂ ਵਾਸਤੇ ਖੱਟੀ ਲੱਸੀ ਲੈ ਕੇ ਆ ਗਈ। ਅਸੀਂ ਸਾਰਿਆਂ ਨੇ ਰੱਜ ਕੇ ਲੱਸੀ ਪੀਤੀ। ਮਾਤਾ ਜੀ ਚਲੇ ਗਏ ਤਾਂ ਮੈਂ ਫੇਰ ਗੱਲ ਅੱਗੇ ਤੋਰੀ। ਮੈਨੂੰ ਆਪਣੀ ਘੜੀ ਛਾਲਾਂ ਮਾਰ ਮਾਰ ਕੇ ਅੱਗੇ ਦੌੜਦੀ ਦਿੱਸ ਰਹੀ ਸੀ।

"ਤੁਸੀਂ ਦਰਸ਼ਨ ਕਦੋਂ ਕਰਾਉਂਦੇ ਹੋ ? ਮੈਂ ਓਦੋਂ ਆ ਜਾਂਗਾ। ਹੋਰ ਕੁੱਝ ਨਹੀਂ ਤਾਂ ਅੱਖਰਾਂ ਦੀਆਂ ਸ਼ਕਲਾਂ ਤਾਂ ਵੇਖ ਈ ਲਾਂਗਾ।" ਮੈਂ ਕਿਹਾ, ਹਾਲਾਂਕਿ ਰੁਮਾਲਿਆਂ ਵਿਚ ਵਲ੍ਹੇਟੀ ਪੋਥੀ ਦੇ ਦਰਸ਼ਨਾਂ ਵਾਲੀ ਸਾਰੀ ਕਹਾਣੀ ਮੈਨੂੰ ਅਮਰੀਕ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਸੁਣਾ ਦਿੱਤੀ ਹੋਈ ਸੀ।

ਗੁਰੂ ਜੀ ਨੇ ਮੇਲੇ ਦੀਆਂ ਤਰੀਕਾਂ ਦੱਸੀਆਂ, ਜੋ ਮੈਨੂੰ ਇਸ ਵੇਲੇ ਚੇਤੇ ਨਹੀਂ ਪਰ ਨਾਲ ਹੀ ਬੋਲੇ, "ਅਸੀਂ ਅੱਖਰ ਨਹੀਂ ਵਿਖਾਉਂਦੇ, ਬੰਦ ਪੋਥੀ ਦੇ ਦਰਸ਼ਨ ਕਰਾਉਂਦੇ ਆਂ ਤੇ ਹਰ ਵਰ੍ਹੇ ਨਵਾਂ ਰੁਮਾਲਾ ਚਾੜ੍ਹ ਕੇ ਸਾਲ ਭਰ ਲਈ ਸੰਤੋਖ ਦੇਂਦੇ ਆਂ।"

ਮੈਂ ਕਿਹਾ, "ਤੁਸੀਂ ਪੋਥੀ ਨੂੰ ਖੱਦਰ ਦੇ ਰੁਮਾਲਿਆਂ ਵਿਚ ਕਿਉਂ ਵਲ੍ਹੇਟਦੇ ਓ, ਕੀਮਤੀ ਰੇਸ਼ਮੀ ਰੁਮਾਲਿਆਂ ਵਿਚ ਕਿਉਂ ਨਹੀਂ ਵਲ੍ਹੇਟਦੇ ?" ਮੈਂ 'ਗੁਰੂ ਜੀ' ਨੂੰ ਉਲਝਾਉਣ ਲਈ ਆਪਣਾ ਜਾਲ ਫੈਲਾਉਣਾ ਸ਼ੁਰੂ ਕਰ ਦਿੱਤਾ ਸੀ।

"ਤੁਹਾਨੂੰ ਕਿਸ ਨੇ ਕਿਹੈ, ਅਸੀਂ ਖੱਦਰ ਵਰਤਦੇ ਆਂ ? ਅਸੀਂ ਤਾਂ ਸਭ ਤੋਂ ਸੁਹਣਾ ਰੇਸ਼ਮੀ ਰੁਮਾਲ ਚੁਣ ਕੇ ਵਰਤਦੇ ਆਂ।"

"ਪੋਥੀ ਦਾ ਪ੍ਰਕਾਸ਼ ਤੁਸੀਂ ਆਪ ਤਾਂ ਕੀਤਾ ਈ ਹੋਵੇਗਾ ?"

"ਨਹੀਂ।"

"ਤੁਹਾਡੇ ਪਿਤਾ ਜੀ ਨੇ ?"

"ਨਹੀਂ।"

"ਉਨ੍ਹਾਂ ਦੇ ਪਿਤਾ ਜੀ ਨੇ ?"

"ਨਹੀਂ। ਮੈਨੂੰ ਆਪਣੇ ਦਾਦੇ ਤਕ ਦਾ ਪਤੈ, ਉਨ੍ਹਾਂ ਤੋਂ ਪਿਛਲਿਆਂ ਦਾ ਕੋਈ ਪਤਾ ਨਹੀਂ। ਪੋਥੀ ਨੂੰ ਖੋਲ੍ਹ ਕੇ ਵੇਖਣ ਜਾਂ ਵਿਖਾਉਣ ਦਾ ਸਾਨੂੰ ਹੁਕਮ ਨਹੀਂ।"

'ਗੁਰੂ ਜੀ' ਦੇ ਸਾਰੇ ਜਵਾਬ ਮੇਰੀ ਸੋਚੀ ਤਰਕੀਬ ਨੂੰ ਸਫਲ ਬਣਾਉਣ ਵਾਲੇ ਸਨ।

"ਪਰ ਤੁਹਾਨੂੰ ਇਹ ਵੀ ਹੁਕਮ ਐ ਕਿ ਰੇਸ਼ਮੀ ਰੁਮਾਲਿਆਂ ਵਿਚ ਵਲ੍ਹੇਟੀ ਪੋਥੀ ਨੂੰ ਕਿਸੇ ਬਕਸੇ ਜਾਂ ਟਰੰਕੀ ਵਿਚ ਨਹੀਂ ਰੱਖਣਾ।

"ਨਹੀਂ, ਅਸੀਂ ਉਸ ਲਈ ਬੜੀ ਸੁਹਣੀ ਟਰੰਕੀ ਬਣਾਈ ਹੋਈ ਐ, ਉਸ ਵਿਚ ਤਾਲਾ ਲਾ ਕੇ ਰੱਖਦੇ ਆਂ।"

"ਬਾਹਰ ਫੱਟੇ ਉੱਤੇ ਪਈ ਹੋਈ ਦੀ ਬੇਅਦਬੀ ਨਹੀਂ ਹੁੰਦੀ ?"

"ਬੇਅਦਬੀ ਕਿਵੇਂ ਹੋਵੇਗੀ ? ਅਸੀਂ ਰਜਾਈਆਂ ਵਾਲੇ ਸੰਦੂਖ ਵਿਚ ਸਾਂਭ ਕੇ ਰੱਖਦੇ ਆਂ। ਪੋਥੀ ਸਾਨੂੰ ਜਾਨ ਨਾਲੋਂ ਪਿਆਰੀ ਐ! ਇਹ ਸਾਡਾ ਗੁਰੂ ਵੀ ਐ, ਪੀਰ ਵੀ ਐ।"

"ਜਾਨ ਨਾਲੋਂ ਪਿਆਰੀ ਐ ਤਾਂ ਵੇਖਦੇ ਕਿਉਂ ਨਹੀਂ ?"

"ਕਿਉਂਕਿ ਜਿਹੜਾ ਵੇਖੇਗਾ, ਉਹ ਅੰਨ੍ਹਾ ਹੋ ਜਾਵੇਗਾ। ਇਹ ਗੁਰੂ ਸਾਹਿਬ ਦਾ ਹੁਕਮ ਐ।"

SIKHBOOKCLUB.COM

ਮੈਂ 'ਗੁਰੂ ਜੀ' ਨੂੰ ਜਿਸ ਮਕੜੀ-ਜਾਲ ਵਿਚ ਫਸਾਉਣਾ ਚਾਹੁੰਦਾ ਸਾਂ, ਉਸ ਵਿਚ ਉਹ ਪੂਰੀ ਤਰ੍ਹਾਂ ਫਸ ਚੁੱਕੇ ਸਨ, ਸੋ ਇਕ ਝਟਕੇ ਨਾਲ ਗੱਲ-ਬਾਤ ਦਾ ਰੁਖ਼ ਬਦਲਦਿਆਂ ਮੈਂ ਬੋਲਿਆ :

"ਗੁਰੂ ਜੀ, ਖਿਮਾ ਕਰਨਾ, ਮੈਂ ਗੱਲ ਤਾਂ ਕੌੜੀ ਕਰਨ ਲੱਗਾਂ, ਪਰ ਹੈ ਸੱਚੀ। ਮੈਨੂੰ ਸਮਝ ਨਹੀਂ ਆ ਰਹੀ ਕਿ ਤੁਹਾਡੀ ਗਤੀ ਕਿਵੇਂ ਹੋਵੇਗੀ ? ਤੁਸੀਂ ਜ਼ਬਾਨੀ ਜਮ੍ਹਾ-ਖ਼ਰਚ ਤਾਂ ਇਹ ਕਰਦੇ ਓ ਬਈ ਅਸੀਂ ਪੋਥੀ ਨੂੰ ਆਪਣੀ ਜਾਨ ਤੋਂ ਵੱਧ ਪਿਆਰ ਕਰਦੇ ਆਂ; ਗੁਰੂ ਮੰਨਦੇ ਆਂ, ਪੀਰਾਂ ਵਾਂਗ ਪੂਜਦੇ ਆਂ, ਪਰ ਅਸਲ ਵਿਚ ਆਪਣੇ ਏਸ ਗੁਰੂ-ਪੀਰ ਦੇ ਕੋਮਲ ਅੰਗਾਂ ਵਿਚ ਕੀੜੇ ਚਲਾ ਛੱਡੇ ਨੇ! ਮੈਂ ਬਥੇਰੇ ਸੋਢੀ-ਬੇਦੀ ਸਾਹਿਬਜ਼ਾਦਿਆਂ ਨੂੰ ਜਾਣਦਾਂ, ਜਿਨ੍ਹਾਂ ਕੋਲ ਪੋਥੀਆਂ ਹੈਗੀਆਂ ਨੇ, ਉਹ ਵੀ ਦਾਅਵਾ ਕਰਦੇ ਨੇ ਬਈ ਅਸੀਂ ਆਪਣੀਆਂ ਪੋਥੀਆਂ ਦਾ ਬਹੁਤ ਸਤਕਾਰ ਕਰਦੇ ਆਂ ਤੇ ਕਈ ਵਿਖਾਉਂਦੇ ਵੀ ਨਹੀਂ, ਪਰ ਮੈਂ ਇਹ ਤਮਾਸ਼ਾ ਕਿਤੇ ਨਹੀਂ ਵੇਖਿਆ ਕਿ 'ਪੋਥੀ' ਨਾਲ ਮੂੰਹੋਂ ਤਾਂ ਕਰੋ ਇਕ ਤਰ੍ਹਾਂ ਦਾ ਵਰਤਾਰਾ ਤੇ ਅਮਲ ਵਿਚ ਕਰੋ ਬਿਲਕੁਲ ਦੂਜੀ ਤਰ੍ਹਾਂ ਦਾ।"

ਮੈਂ ਰੇਸ਼ਮੀ ਕੱਪੜਿਆਂ ਬਾਰੇ ਆਪਣੀ ਮਾਂ ਤੇ ਸੁਪਤਨੀ ਦੇ ਸਾਰੇ ਤਜਰਬੇ ਦਾਉ ਉੱਤੇ ਲਾ ਦਿੱਤੇ ਸਨ। ਜਿਹੋ ਜਿਹੇ ਹਾਲਾਤ ਵਿਚ ਪੋਥੀ ਰੱਖੀ ਹੋਈ ਸੀ, ਉਹੋ ਜਿਹੇ ਹਾਲਾਤ ਵਿਚ ਲੇਹੇ ਨੇ ਤਾਂ ਹੋਣਾ ਹੀ ਹੋਣਾ ਸੀ। ਮੇਰੇ ਵੱਲੋਂ ਬਾਜ਼ੀ ਲਗ ਚੁੱਕੀ ਸੀ। ਹੁਣ ਕੀੜਿਆਂ ਨੂੰ ਧਿਆਨ ਦਾ ਕੇਂਦਰ ਬਣਾ ਕੇ ਭਿਆਨਕ ਨਕਸ਼ਾ ਉਘਾੜਨਾ ਬਾਕੀ ਰਹਿੰਦਾ ਸੀ।

ਮੇਰੇ ਨਾਲ ਆਈ ਸੰਗਤ ਵਿੱਚੋਂ ਇਕ ਬਜ਼ੁਰਗ ਬੋਲਿਆ, "ਤੁਸੀਂ ਕੋਈ ਜੋਤਸ਼ੀ ਜੇ ਬਈ ਸੰਦੂਖ ਵਿਚ ਪਈ, ਰੁਮਾਲਾਂ ਵਿਚ ਵਲ੍ਹੇਟੀ, ਜੰਦਰਿਆਂ ਵਿਚ ਬੰਦ ਪੋਥੀ ਨੂੰ ਲੱਗੇ ਕੀੜਿਆਂ ਦਾ ਪਤਾ ਲਾ ਸਕਦੇ ਓ।"

ਮੈਂ ਆਪਣੀ ਸੁਰ ਕੁੱਝ ਉੱਚੀ ਕਰ ਕੇ ਕਿਹਾ, "ਤੁਸੀਂ ਵੀ ਏਥੇ ਤੇ ਮੈਂ ਵੀ ਏਥੇ। ਤੁਹਾਨੂੰ ਨਹੀਂ ਪਤਾ, ਪਰ ਪੋਥੀਆਂ ਮੇਰੇ ਨਾਲ ਗੱਲਾਂ ਕਰਦੀਆਂ ਨੇ। 'ਗੁਰੂ ਜੀ' ਵਾਲੀ ਪੋਥੀ ਨੇ ਵੀ ਮੈਨੂੰ ਸਨੇਹਾ ਪੁਚਾ ਦਿੱਤੈ। ਉਸ ਨੂੰ ਇੱਜ਼ਤ ਨਾਲ ਰੱਖਣ ਵਾਲਾ ਪਾਜ ਹੁਣ ਉੱਘੜ ਚੁੱਕੈ। ਮੈਨੂੰ ਤਾਂ ਸ਼ਰਮ ਆ ਰਹੀ ਐ ਕਿ ਗੁਰੂ-ਅੰਸ਼ ਹੋ ਕੇ, ਪੋਥੀ ਦੇ ਰਖਵਾਲੇ ਅਖਵਾ ਕੇ ਤੇ ਪੋਥੀ ਦੀ ਕਮਾਈ ਖਾ ਕੇ ਵੀ ਕੋਈ ਬੰਦਾ ਪੋਥੀ ਦਾ ਏਨਾ ਨਿਰਾਦਰ ਕਰ ਸਕਦੈ ?"

ਮੇਰੇ ਏਸ ਜਾਣ-ਬੁੱਝ ਕੇ ਚਲਾਏ ਅਣਿਆਲੇ ਤੀਰ ਉੱਤੇ 'ਗੁਰੂ ਜੀ' ਭਖ ਉੱਠੇ। ਉਨ੍ਹਾਂ ਦਾ ਚਿਹਰਾ ਗੁੱਸੇ ਨਾਲ ਤਮਤਮਾ ਉੱਠਿਆ ਤੇ ਬੜੀ ਖਰ੍ਹਵੀ ਸੁਰ ਵਿਚ ਬੋਲੇ :

"ਤੁਹਾਨੂੰ ਮੇਰੀ ਪੰਚੈਤ ਦੇ ਸਾਹਮਣੇ ਮੇਰੇ ਉੱਤੇ ਝੂਠੀਆਂ ਤੁਹਮਤਾਂ ਲਾਉਣ ਦਾ ਹੱਕ ਕਿਸ ਨੇ ਦਿੱਤੈ ? ਤੁਸੀਂ ਕੌਣ ਓ, ਇਸ ਤਰ੍ਹਾਂ ਦੇ ਝੂਠੇ ਅਲਜ਼ਾਮ ਲਾ ਕੇ ਸਾਨੂੰ ਬਦਨਾਮ ਕਰਨ ਵਾਲੇ ?"

ਮੈਂ ਅੰਦਰੋਂ ਸੰਤੁਸ਼ਟ ਸਾਂ ਕਿਉਂਕਿ ਸਾਰੀ ਕਾਰਵਾਈ ਮੇਰੀ ਸੋਚੀ-ਸਮਝੀ ਯੋਜਨਾ ਅਨੁਸਾਰ ਚੱਲ ਨਿਕਲੀ ਸੀ। ਮੈਂ ਬੜੀ ਅਧੀਨਗੀ ਨਾਲ ਬੋਲਿਆ :

"ਮੈਂ ਤੁਹਾਡੇ ਚਰਨਾਂ ਦੀ ਧੂੜ ਆਂ, ਪਰ ਜੇ ਮੇਰੀ ਗੱਲ ਗ਼ਲਤ ਨਿਕਲੇ ਤਾਂ ਮੈਨੂੰ ਬੇਸ਼ਕ ਕੰਨੋਂ ਫੜ ਕੇ ਬਾਹਰ ਕੱਢ ਦੇਣਾ।"

ਗੁੱਸੇ ਨਾਲ ਕੰਬਦੇ 'ਗੁਰੂ ਜੀ' ਆਪਣੀ ਕੁਰਸੀ ਵਿੱਚੋਂ ਹਨੇਰੀ ਵਾਂਗ ਉੱਡ ਕੇ ਵਿਹੜੇ ਦੀ ਖੂਹੀ ਉੱਤੇ ਪਹੁੰਚੇ, ਡੋਲ ਠਾਹ ਕਰ ਕੇ ਸੁੱਟਿਆ ਤੇ ਕੱਢ ਕੇ ਆਪਣੇ ਉੱਤੇ ਚਾਰ ਛਿੱਟੇ ਜਿਹੇ ਸੁੱਟ ਲਏ ਤੇ ਸਿੱਧੇ ਆਪਣੇ ਕੋਠੇ ਵਿਚ ਵੜ ਕੇ ਸੰਦੂਕ ਨੂੰ ਜਾ ਪਏ। ਮਿੰਟਾਂ ਵਿਚ ਪੋਥੀ ਵਾਲੀ ਟਰੰਕੀ ਆਪਣੇ ਹੱਥ ਵਿਚ ਲਟਕਾਈ ਬੈਠਕ ਵਿਚ ਆ ਧਮਕੇ। ਅੰਦਰ ਪੈਰ ਧਰਦੇ ਸਾਰ ਉਨ੍ਹਾਂ ਨੇ ਵਿਹੜੇ ਵੱਲ ਖੁੱਲ੍ਹਦਾ ਵੱਡਾ ਦਰਵਾਜ਼ਾ ਫਾੜ੍ਹ ਕਰ ਕੇ ਬੰਦ ਕੀਤਾ, ਅੰਦਰੋਂ ਕੁੰਡਾ ਲਾ ਦਿੱਤਾ ਅਤੇ ਮੇਜ਼ ਉੱਤੇ ਟਰੰਕੀ ਰੱਖ ਕੇ ਗਰਜੇ, "ਵਿਖਾਓ ਇਕ ਵੀ ਕੀੜਾ, ਨਹੀਂ ਤਾਂ ਮੇਰੇ ਨਾਲੋਂ ਬੁਰਾ ਕੋਈ ਨਹੀਂ ਹੋਣ ਲੱਗਾ।"

ਬੈਠਕ ਵਿਚ ਪੋਥੀ ਦੇ ਪ੍ਰਵੇਸ਼ ਨਾਲ ਹੀ ਸਾਰੀ ਪੰਚਾਇਤ ਮੰਜਿਆਂ ਉੱਤੋਂ ਉੱਠ ਕੇ ਪੋਥੀ ਵੱਲ ਵਧੀ, ਮੱਥੇ ਟੇਕੇ, ਮਾਇਆ ਚਾੜ੍ਹੀ ਤੇ ਇਕ ਪਾਸੇ ਜਾ ਕੇ ਭੁੰਞੇ ਬੈਠ ਗਏ। 'ਗੁਰੂ ਜੀ' ਵੀ ਆਪਣੀ ਕੁਰਸੀ ਦੇ ਕੋਲ ਥੱਲੇ ਬੈਠ ਗਏ।

ਉਨ੍ਹਾਂ ਨੇ ਟਰੰਕੀ ਦੀ ਚਾਬੀ ਮੇਰੇ ਵੱਲ ਵਗਾਹ ਕੇ ਮਾਰੀ ਤੇ ਆਪ ਪੋਥੀ ਵੱਲ ਪਿੱਠ ਕਰ ਲਈ। ਸਾਰੀ ਪੰਚਾਇਤ ਨੇ ਵੀ ਪਿੱਠਾਂ ਮੋੜ ਲਈਆਂ। ਹਰ ਇਕ ਨੂੰ ਅੰਨ੍ਹੇ ਹੋਣ ਦਾ ਡਰ ਸੀ।

ਏਨੇ ਨੂੰ 'ਗੁਰੂ ਜੀ' ਦੀ ਮਾਤਾ ਨੇ ਵਿਹੜੇ ਵਿੱਚੋਂ ਬੰਦ ਦਰਵਾਜ਼ੇ ਉੱਤੇ ਦੁਹੱਥੜ ਮਾਰ ਮਾਰ ਕੇ, ਰੋਣਹਾਕੀ ਆਵਾਜ਼ ਵਿਚ ਚੀਕਣਾ ਸ਼ੁਰੂ ਕਰ ਦਿੱਤਾ, "ਪੁੱਤ ! ਪੋਥੀ ਨਹੀਂ ਵਿਖਾਉਣੀ, ਪਾਪ ਹੁੰਦੈ। ਕੋਈ ਹਰਜ-ਮਰਜ ਹੋ ਗਿਆ ਤਾਂ ਕੀ ਕਰਾਂਗੇ ?"

ਉਹ ਜਿਉਂ ਜਿਉਂ ਦਰਵਾਜ਼ਾ ਕੁੱਟਦੀ ਤੇ ਤਰਲਿਆਂ ਤੋਂ ਧਮਕੀ ਜਾਂ ਧੌਂਸ ਵੱਲ ਸਰਕਦੀ ਜਾਂਦੀ, ਤਿਉਂ ਤਿਉਂ ਮੇਰੀਆਂ ਉਂਗਲਾਂ ਟਰੰਕੀ ਦਾ ਤਾਲਾ ਖੋਲ੍ਹ ਕੇ ਉਸ ਦਾ ਇਕ ਤੋਂ ਬਾਅਦ ਦੂਜਾ ਰੁਮਾਲਾ ਖੋਲ੍ਹਣ ਲਈ ਕਾਹਲੀਆਂ ਹੁੰਦੀਆਂ ਜਾਂਦੀਆਂ ਪਰ ਮੇਰਾ ਦਿਲ ਬੈਠਦਾ ਜਾਂਦਾ—ਕਿਤੇ 'ਗੁਰੂ ਜੀ' ਆਪਣੀ ਮਾਤਾ ਦੀ ਗੱਲ ਉੱਤੇ ਕੰਨ ਨਾ ਧਰ ਲੈਣ !

ਮੈਂ ਮਾਤਾ ਦੀ ਜੀਭ ਦੇ ਹਮਲੇ ਦਾ ਮੁਕਾਬਲਾ ਆਪਣੇ ਅਧਿਆਪਕੀ ਤਜਰਬੇ ਨਾਲ ਕਮਾਏ ਅੱਥਰ੍ਹਕ ਬਲਾ ਨਾਲ ਕਰਨਾ ਸ਼ੁਰੂ ਕਰ ਦਿੱਤਾ। ਇਕ ਪਲ ਲਈ ਵੀ ਮੈਂ ਬੋਲਣੋਂ ਨਾ

WWW.SIKHBOOKCLUB.COM 

ਹਟਿਆ ਤਾਂ ਜੋ 'ਗੁਰੂ ਜੀ' ਤੇ ਪੰਚਾਇਤ ਦੇ ਮੈਂਬਰ ਮਾਤਾ ਵੱਲ ਧਿਆਨ ਦੇਣ ਦੀ ਥਾਂ ਮੇਰੇ ਵੱਲ ਰੁਚਿਤ ਹੋਏ ਰਹਿਣ। ਮੈਂ ਵੱਡੀ ਸੁਰ ਇਹ ਦੱਬੀ ਹੋਈ ਸੀ ਕਿ, "ਮੈਂ ਅਕਲ ਦਾ ਅੰਨ੍ਹਾ ਤਾਂ ਅੱਗੇ ਈ ਆਂ, ਐਨਕਾਂ ਕਰਕੇ ਅੱਧਾ ਅੰਨ੍ਹਾ ਅੱਖਾਂ ਵੱਲੋਂ ਵੀ ਸਮਝ ਲਓ, ਪਰ ਪੋਥੀ ਸਾਹਿਬ ਦੀ ਸੇਵਾ ਵਿਚ ਜੇ ਪੂਰਾ ਅੰਨ੍ਹਾ ਵੀ ਹੋਣਾ ਪਿਆ ਤਾਂ ਵੀ ਕੀ ਡਰ ਐ..."

ਮੇਰੇ ਭਾਗਾਂ ਨੂੰ, ਜਿਉਂ ਹੀ ਮੈਂ ਟਰੰਕੀ ਦਾ ਤਾਲਾ ਖੋਲ੍ਹ ਕੇ ਉਸ ਦਾ ਢੱਕਣ ਉੱਪਰ ਚੁੱਕਿਆ, ਮੈਨੂੰ ਸਾਹਮਣੇ ਇਕ ਦੁੰਬੇ ਜਿੱਡਾ ਲੇਹਾ ਬੈਠਿਆ ਦਿੱਸਿਆ। ਮੇਰੀ ਜਾਨ ਵਿਚ ਜਾਨ ਆਈ। ਹੁਣ ਮੇਰੀ ਲੱਤ ਉੱਤੇ ਸੀ। 'ਗੁਰੂ ਸਾਹਿਬ' ਦੀ ਮੁੱਛ ਥੱਲੇ ਕਰਨੀ ਜ਼ਰੂਰੀ ਸੀ, ਵਰਨਾ ਪੋਥੀ ਵੇਖਣ ਵਿਚ ਕਿਸੇ ਵੇਲੇ ਵੀ ਵਿਘਨ ਪੈ ਸਕਦਾ ਸੀ। ਮੈਂ ਉੱਚੀ ਸਾਰੀ ਬੋਲਿਆ, "ਲੱਖ ਲੱਖ ਸ਼ੁਕਰ ਹੈ ਵਾਹਿਗੁਰੂ ਦਾ ਤੇ ਧੰਨਵਾਦ ਹੈ 'ਪੋਥੀ ਸਾਹਿਬ' ਦਾ, ਜਿਨ੍ਹਾਂ ਨੇ ਇਹ ਕਰਾਮਾਤ ਕਰ ਵਿਖਾਈ ਐ।"

ਲੇਹਾ ਮੈਂ ਆਪਣੇ ਖੱਬੇ ਹੱਥ ਦੀ ਹਥੇਲੀ ਉੱਤੇ ਟਿਕਾ ਕੇ ਪਹਿਲਾਂ 'ਗੁਰੂ ਜੀ' ਵੱਲ ਗਿਆ। "ਵੇਖੋ, ਗੁਰੂ ਜੀ, ਇਹ ਜੇ ਨਮੂਨਾ ਕੀੜਿਆਂ ਦਾ, ਜੋ ਪੋਥੀ ਸਾਹਿਬ ਦੇ ਸਰੀਰ ਵਿਚ ਕੁਰਬਲ-ਕੁਰਬਲ ਕਰ ਰਹੇ ਨੇ" ਤੇ ਫੇਰ ਪੰਚਾਇਤ ਦੇ ਇਕ ਇਕ ਮੈਂਬਰ ਨੂੰ ਉਸ ਕੀੜੇ ਦੀ ਨੁਮਾਇਸ਼ ਕਰਾ ਕੇ, ਮੈਂ ਫੇਰ ਆਪਣੀ ਸੀਟ ਉੱਤੇ ਆ ਬੈਠਾ, ਪਰ ਬੋਲਣ ਦਾ ਪ੍ਰਵਾਹ ਨਿਰੰਤਰ ਜਾਰੀ ਰੱਖਿਆ ਤਾਂ ਜੋ ਪਿੱਠ ਕਰ ਕੇ ਬੈਠੀ ਇਸ ਸੰਗਤ ਦਾ ਧਿਆਨ ਕਿਸੇ ਹੋਰ ਪਾਸੇ ਨਾ ਚਲਿਆ ਜਾਵੇ।

"ਸਾਡੇ ਗੁਰੂ ਸਾਹਿਬ ਤਾਂ ਫ਼ਰਮਾਉਂਦੇ ਨੇ 'ਪੋਥੀ ਪਰਮੇਸਰ ਕਾ ਥਾਨ'। ਪੋਥੀ ਨੂੰ ਉੱਚਾ ਤੇ ਆਪਣੇ ਆਪ ਨੂੰ ਨੀਵਾਂ ਰੱਖਦੇ ਸਨ। ਅਸੀਂ ਗੁਰੂ ਗ੍ਰੰਥ ਸਾਹਿਬ ਨੂੰ 'ਜ਼ਾਹਰਾ ਗੁਰੂ' ਮੰਨਦੇ ਆਂ ਤੇ ਜਿਹੜੇ ਪੋਥੀ ਦੇ ਸਰੀਰ ਵਿੱਚੋਂ ਕਿਰਮ ਕੱਢਣ ਦੀ ਥਾਂ ਉਸ ਵਿਚ ਕਿਰਮ ਚਲਾਉਂਦੇ ਹੋਣ, ਉਨ੍ਹਾਂ ਦਾ ਤਾਂ ਰੱਬ ਈ ਰਾਖੈ। ਇਕ ਨਿਆਣੀ ਜਿਹੀ ਕੀੜੀ ਕੀ ਚੀਜ਼ ਹੁੰਦੀ ਐ ਪਰ ਜੇ ਕਿਤੇ ਚੱਕ ਵੱਢ ਲਵੇ ਤਾਂ ਕਿੰਨੀ ਪੀੜ ਮਨਾਈਦੀ ਐ! ਤੇ ਜੇ ਕਿਸੇ ਦੇ ਪਿੰਡੇ ਵਿਚ ਜ਼ਖ਼ਮ ਹੋ ਜਾਣ ਤੇ ਹਰ ਜ਼ਖ਼ਮ ਵਿਚ ਹਜ਼ਾਰਾਂ ਕੀੜੇ ਚੱਲ ਰਹੇ ਹੋਣ ਤਾਂ ਜ਼ਰਾ ਸੋਚੋ ਖ਼ਾਂ, ਕੀ ਹਾਲ ਹੁੰਦਾ ਹੋਵੇਗਾ ਉਸ ਬੰਦੇ ਦਾ ? ਆਪਣੇ ਕਿਸੇ ਡੰਗਰ ਦਾ ਜ਼ਖ਼ਮ ਵਿਗੜ ਜਾਏ ਤੇ ਉਸ ਵਿਚ ਕੀੜੇ ਪੈ ਜਾਣ ਤਾਂ ਉਸ ਨੂੰ ਹਸਪਤਾਲ ਲੈ ਜਾਈਦੈ ਜਾਂ ਮੱਲ੍ਹਮ ਘਰ ਲੈ ਆਈਦੀ ਐ, ਪਰ ਇਹ ਪੋਥੀ ਵਿਚਾਰੀ ਕਿਸ ਦੀ ਮਾਂ ਨੂੰ ਜਾ ਕੇ ਮਾਸੀ ਕਹੇ ?"

ਜਦੋਂ ਮੇਰੀ ਜ਼ਬਾਨ, ਉਨ੍ਹਾਂ ਦੀ ਖਪਤ ਲਈ, ਵੱਧ ਤੋਂ ਵੱਧ ਭਿਆਨਕ ਨਕਸ਼ੇ ਵਾਹ ਰਹੀ ਸੀ, ਮੇਰੀਆਂ ਉਂਗਲਾਂ ਬਿਜਲਈ ਫੁਰਤੀ ਨਾਲ ਪੋਥੀ ਦੇ ਚੀਰਹਰਨ ਵਿਚ ਰੁੱਝੀਆਂ ਹੋਈਆਂ ਸਨ। ਰੁਮਾਲੇ ਉੱਤੇ ਰੁਮਾਲਿਆਂ ਦੇ ਲੇਅ ਚੜ੍ਹੇ ਹੋਏ ਸਨ ਤੇ ਲੇਹੇ ਦਾ ਵੀ ਕੋਈ ਅੰਤ ਨਹੀਂ ਸੀ। ਇਕ ਦੋ ਵਾਰੀ ਮੁੱਠੀਆਂ ਭਰ ਭਰ ਉਨ੍ਹਾਂ ਨੂੰ ਜਾ ਜਾ ਕੇ ਵਿਖਾਈਆਂ। 'ਗੁਰੂ ਜੀ' ਜਿਹੜੇ ਪਹਿਲਾਂ ਸ਼ੇਰ ਬਣੇ ਹੋਏ ਸਨ, ਖਿਸਿਆਨੀ ਬਿੱਲੀ ਬਣੇ ਨੀਵੀਂ ਪਾਈ ਬੈਠੇ ਸਨ।

ਮੇਰੀ ਘੜੀ, ਜਿਹੜੀ ਪਹਿਲਾਂ ਰੱਸਾ ਤੁੜਾ ਕੇ ਦੁੜੰਗੇ ਮਾਰ ਰਹੀ ਸੀ, ਹੁਣ ਅਸਲੋਂ ਸ਼ਾਂਤ ਸੀ।

ਅਖ਼ੀਰ ਵੱਡੇ ਸਾਰੇ ਰੁਮਾਲਾਂ ਦੇ ਢੇਰ ਵਿੱਚੋਂ ਇਕ ਕਿਤਾਬੀ ਆਕਾਰ ਦੀ ਛੋਟੀ ਜਿਹੀ ਸਜਿਲਦ ਪੋਥੀ ਨਿਕਲ ਆਈ।

ਮੈਂ ਹੋਲੀ ਹੋਲੀ ਪਹਿਲੇ ਪੱਤਰੇ ਤੋਂ ਅੰਤਲੇ ਪੱਤਰੇ ਤਕ ਵਰਕ-ਗਰਦਾਨੀ ਕੀਤੀ; ਬਹੁਤੀ ਗੁਰਬਾਣੀ ਸੀ, ਪਰ ਕੁੱਝ 'ਛੇਵੀਂ' ਪਾਤਸ਼ਾਹੀ ਦੇ ਸ਼ਬਦ ਸਨ ਤੇ ਕੁੱਝ 'ਸੱਤਵੀਂ' ਤੇ 'ਅੱਠਵੀਂ'

WWW.SIKHBOOKCLUB.COM Page 213

ਪਾਤਸ਼ਾਹੀ ਦੇ। ਮੈਨੂੰ ਪਤਾ ਲੱਗ ਗਿਆ ਕਿ ਇਹ ਕਿਸੇ ਮੀਣੇ ਆਗੂ ਦਾ ਗੁਟਕਾ ਹੈ। 'ਗੁਰੂ ਜੀ' ਦੇ ਵਡੇਰਿਆਂ ਨੇ ਰਿਆਸਤੀ ਰਾਜਿਆਂ ਦੀ ਅੰਧ-ਵਿਸ਼ਵਾਸੀ ਬਿਰਤੀ ਦਾ ਚੰਗਾ ਲਾਭ ਉਠਾਇਆ ਸੀ। ਮੈਨੂੰ ਪੋਥੀ ਦੀ ਵੱਡੀ ਅਹਿਮੀਅਤ ਇਸ ਦੀ ਬਾਬਾ ਪਿਰਥੀ ਚੰਦ 'ਛੇਵੀਂ ਪਾਤਸ਼ਾਹੀ' ਦੀ ਰਚਨਾ ਵਾਲੀ ਪ੍ਰਤੀਤ ਹੋਈ, ਕਿਉਂਕਿ ਓਦੋਂ ਤਕ ਮੈਂ 'ਛੇਵੀਂ' ਪਾਤਸ਼ਾਹੀ ਦੀ ਰਚਨਾ ਕਿਸੇ ਖਰੜੇ ਵਿਚ ਨਹੀਂ ਸੀ ਵੇਖੀ ਤੇ ਅੱਜ ਵੀ ਵਿਰਲੇ ਖਰੜਿਆਂ ਵਿਚ ਹੀ ਮਿਲਦੀ ਹੈ।

ਮੇਰਾ ਕੰਮ ਸਰ ਗਿਆ ਸੀ। ਮੈਂ ਰੁਮਾਲੇ ਝਾੜ ਕੇ ਪੋਥੀ ਫੇਰ ਜਿਉਂ ਦੀ ਤਿਉਂ ਵਲ੍ਹੇਟ ਦਿੱਤੀ ਤੇ ਜਦੋਂ ਟਰੰਕੀ ਨੂੰ ਤਾਲਾ ਲਾ ਦਿੱਤਾ ਤਾਂ 'ਗੁਰੂ ਜੀ' ਤੇ ਪੰਚਾਇਤ ਨੇ ਟਰੰਕੀ ਵੱਲ ਮੂੰਹ ਕਰ ਕੇ ਦੋਬਾਰਾ ਮੱਥੇ ਟੇਕੇ।

ਇਸ ਤੋਂ ਅੱਗੇ ਮੇਰੀ ਭਾਜੜ ਦੀ ਕਹਾਣੀ ਸ਼ੁਰੂ ਹੁੰਦੀ ਹੈ। ਮੈਂ 'ਸ਼ੁਕਰਗੁਜ਼ਾਰ' 'ਗੁਰੂ ਜੀ' ਤੋਂ ਕਿਵੇਂ ਵਿਦਾ ਲਈ, ਪੰਚਾਇਤ ਦਾ ਸ਼ੁਕਰੀਆ ਕਰ ਕੇ ਅਮਰੀਕ ਸਿੰਘ ਨੂੰ ਨਾਲ ਲੈ ਕੇ ਕਿਵੇਂ ਭੱਜਿਆ, ਅਮਰੀਕ ਸਿੰਘ ਦੇ ਨਾਸ਼ਤੇ ਦੇ ਤਰਲਿਆਂ ਨੂੰ ਕਿਵੇਂ ਅਣਸੁਣਿਆ ਕੀਤਾ ਤੇ ਉਸ ਦੇ ਮੋਟਰ ਸਾਈਕਲ ਉੱਤੇ ਸੰਗਤਪੁਰੇ ਤੋਂ ਸਰਹੰਦ ਤੇ ਸਰਹੰਦ ਤੋਂ ਜਲੰਧਰ ਕਿਵੇਂ ਪਹੁੰਚਿਆ ਤੇ ਮੋਟਰ-ਅੱਡੇ ਤੋਂ ਵੇਲੇ ਸਿਰ ਮੀਟਿੰਗ ਵਿਚ ਕਿਵੇਂ ਜਾ ਪਹੁੰਚਿਆ, ਇਹ ਵੀ ਇਕ ਸੁਆਦਲੀ ਘਟਨਾ-ਲੜੀ ਹੈ, ਪਰ ਕਿਉਂਕਿ ਇਸ ਦਾ ਮੇਰੇ ਪੋਥੀ ਵਾਲੇ ਮਿਸ਼ਨ ਨਾਲ ਕੋਈ ਤਅਲੁੱਕ ਨਹੀਂ, ਇਸ ਲਈ ਚੁੱਪ ਹੀ ਭਲੀ ਹੈ।

ਹੁਣ ਮੈਂ ਆਪ ਨੂੰ ਸਰਹੰਦ ਤੋਂ ਅੱਗੇ ਖੰਨੇ ਤਕ ਚੱਲਣ ਦੀ ਖੇਚਲ ਦੇਣ ਲੱਗਾ ਹਾਂ, ਪਰ ਖੰਨਾ ਤਾਂ ਉਹ ਥਾਂ ਹੈ ਜਿੱਥੇ ਪੋਥੀ ਦੇ ਸ਼ਿਕਾਰ ਦਾ ਅੰਤਿਮ ਦ੍ਰਿਸ਼ ਸਿਰੇ ਚੜ੍ਹਿਆ ਸੀ। ਓਥੇ ਪਹੁੰਚਣ ਤੋਂ ਪਹਿਲਾਂ ਵੀ ਮੇਰੇ ਪੈਰਾਂ ਦੇ ਚੱਕਰ ਨੇ ਮੇਰੇ ਸਬਰ ਦਾ ਕਾਫ਼ੀ ਇਮਤਿਹਾਨ ਲਿਆ ਸੀ। ਵਾਕਿਆ ਇਉਂ ਹੋਇਆ :

ਮੇਰੇ ਕਿਸੇ ਸਿਹਾਣੂੰ ਨੇ, ਜਿਸ ਦੀ ਸ਼ਨਾਖ਼ਤ ਦੇ ਸਾਰੇ ਨਕਸ਼ ਸਮੇਂ ਨੇ ਪੂਰੀ ਤਰ੍ਹਾਂ ਘਸਾ ਛੱਡੇ ਹਨ, ਮੈਨੂੰ ਪਟਿਆਲੇ ਵਿਚ ਦੱਸ ਪਾਈ ਕਿ ਇਕ ਵੱਡ-ਆਕਾਰੀ ਲਿਖਤੀ ਗ੍ਰੰਥ ਸਨਾਮ ਦੇ ਨੇੜੇ ਪਿੰਡ ਢੰਡੋਲੀ ਖ਼ੁਰਦ ਵਿਚ ਪਿਆ ਹੋਇਆ ਹੈ। ਮੈਂ ਪੜਤਾਲ ਲਈ ਅਗਲੇ ਐਤਵਾਰ ਬਸ ਫੜ ਕੇ ਉਸ ਪਿੰਡ ਵਿਚ ਜਾ ਵੱਜਾ। ਓਥੋਂ ਪਤਾ ਲੱਗਾ ਕਿ ਗ੍ਰੰਥ ਤਾਂ ਪਿੰਡ ਦੇ ਵਕੀਲ ਸਰਦਾਰ ਰਾਜਦੇਵ ਸਿੰਘ ਹੁਰੀਂ ਪਟਿਆਲੇ ਲਿਜਾ ਚੁੱਕੇ ਹਨ। ਪਿੰਡ ਤੋਂ ਇਹ ਵੀ ਪਤਾ ਲਗ ਗਿਆ ਕਿ ਉਨ੍ਹਾਂ ਦੀ ਕੋਠੀ ਬਹੇੜਾ ਰੋਡ ਉੱਤੇ ਹੈ। ਮੈਂ ਪਟਿਆਲੇ ਆ ਕੇ ਉਨ੍ਹਾਂ ਨੂੰ ਜਾ ਫੜਿਆ। ਉਨ੍ਹਾਂ ਤੋਂ ਪਤਾ ਲੱਗਾ ਕਿ ਗ੍ਰੰਥ ਤਾਂ ਉਨ੍ਹਾਂ ਪਾਸੋਂ ਸਰਦਾਰ ਗਿਆਨ ਸਿੰਘ ਰਾੜੇਵਾਲੇ ਨੇ ਦਰਸ਼ਨਾਂ ਲਈ ਮੰਗਵਾ ਲਿਆ ਸੀ।

ਜਿਉਂ ਜਿਉਂ ਗ੍ਰੰਥ ਪੌੜੀ ਦੇ ਉੱਪਰਲੇ ਡੰਡਿਆਂ ਉੱਤੇ ਚੜ੍ਹਦਾ ਜਾ ਰਿਹਾ ਸੀ, ਤਿਉਂ ਤਿਉਂ ਮੇਰੀ ਉਤਸੁਕਤਾ ਵਿਚ ਵੀ ਵਾਧਾ ਹੁੰਦਾ ਜਾ ਰਿਹਾ ਸੀ।

ਕੁੱਝ ਚਿਰ ਬਾਅਦ ਸਰਦਾਰ ਗਿਆਨ ਸਿੰਘ ਨਾਲ ਮੇਲ ਦਾ ਸਬੱਬ ਬਣਿਆ ਤਾਂ ਮੈਂ ਵਕੀਲ ਸਾਹਿਬ ਵਾਲੇ ਗ੍ਰੰਥ ਬਾਰੇ ਪੁੱਛ ਕੀਤੀ। ਉਨ੍ਹਾਂ ਨੇ ਫ਼ਰਮਾਇਆ, "ਉਹ ਗ੍ਰੰਥ ਹੁਣ ਕਿੱਥੇ ਐ, ਇਸ ਬਾਰੇ ਠੀਕ-ਠੀਕ ਤਾਂ ਸਰਦਾਰਨੀ ਸਾਹਿਬਾ ਈ ਦੱਸ ਸਕਦੇ ਨੇ।"

ਕੁੱਝ ਦਿਨਾਂ ਪਿੱਛੋਂ ਸਰਦਾਰਨੀ ਸਾਹਿਬਾ ਦੇ ਦਰਸ਼ਨਾਂ ਲਈ ਹਾਜ਼ਰ ਹੋਇਆ। ਉਨ੍ਹਾਂ ਦੱਸਿਆ, "ਗ੍ਰੰਥ ਤਾਂ ਜੀ ਬੜਾ ਵਧੀਆ ਸੀ, ਪਰ ਪਿਆ ਸੀ ਸਾਡੇ ਸਮਾਣੀਆ ਦਰਵਾਜ਼ੇ ਵਾਲੇ ਘਰ ਦੇ ਥੱਲੇ ਵਾਲੇ ਕਮਰੇ ਦੀ ਅਲਮਾਰੀ ਵਿਚ। ਜਦੋਂ ਐਹ ਪਿਛਲਾ ਹੜ੍ਹ ਆਇਆ

WWW.SIKHBOOKCLUB.COM

ਤਾਂ ਬਾਕੀ ਦੇ ਸਮਾਨ ਨਾਲ ਉਹ ਗ੍ਰੰਥ ਵੀ ਪਾਣੀ ਵਿਚ ਡੁੱਬਿਆ ਰਿਹਾ। ਮੈਂ ਤਾਂ ਇਸ ਬੇਅਦਬੀ ਤੋਂ ਬੜੀ ਡਰੀ, ਸੋ ਉਸ ਨੂੰ ਖੰਨੇ ਦੇ ਗੁਰਦੁਆਰੇ ਵਿਚ ਭਿਜਵਾ ਦਿੱਤਾ।"

"ਕਿਹੜੇ ਗੁਰਦੁਆਰੇ ?"

"ਲੈਨੋਂ ਪਾਰ ਆਲੇ ਗੁਰਦੁਆਰੇ।"

"ਕੀ ਉਹ ਗੁਰੂ ਗ੍ਰੰਥ ਸਾਹਿਬ ਦੀ ਲਿਖਤੀ ਬੀੜ ਸੀ ?"

"ਕਾਹਨੂੰ; ਉਹ ਤਾਂ ਕੁੱਝ ਹੋਰ ਈ ਸੀ।"

ਮੇਰਾ ਪਹਿਲਾ ਦਸੇਰਾ ਇਹ ਜਾਣਦਾ ਸੀ ਕਿ ਪਿੰਡ ਵਿਚ ਕੋਈ ਲਿਖਤੀ ਗ੍ਰੰਥ ਹੈ, ਪਰ ਉਹ ਕਿਹੜਾ ਗ੍ਰੰਥ ਹੈ, ਇਸ ਬਾਰੇ ਉਸ ਦਾ ਗਿਆਨ, ਅਗਿਆਨ ਦੀਆਂ ਸਰਹੱਦਾਂ ਪਾਰ ਨਹੀਂ ਸੀ ਕਰ ਸਕਿਆ। ਮੇਰੇ ਮਿੱਤਰ ਸਰਦਾਰ ਰਾਜਦੇਵ ਸਿੰਘ ਵੀ, ਜੋ ਪਟਿਆਲੇ ਦੇ ਚੋਟੀ ਦੇ ਵਕੀਲਾਂ ਵਿਚ ਗਿਣੇ ਜਾਂਦੇ ਹਨ ਤੇ ਸਿੱਖ ਹਲਕਿਆਂ ਵਿਚ ਢੇਰ ਸਤਕਾਰ ਦੇ ਹੱਕੀ ਪਾਤਰ ਹਨ[1], ਇਸ ਗ੍ਰੰਥ ਦੀ ਪ੍ਰਕਿਰਤੀ ਬਾਰੇ ਕੁੱਝ ਨਹੀਂ ਸਨ ਜਾਣਦੇ। ਇਹੀ ਹਾਲ ਇਲਮ-ਦੋਸਤ, ਉੱਚ-ਪਦਵੀਏ ਸਰਦਾਰ ਗਿਆਨ ਸਿੰਘ ਰਾੜੇਵਾਲਾ ਦਾ ਸੀ। ਇਕੱਲੇ ਸਰਦਾਰਨੀ ਸਾਹਿਬਾ ਸਨ, ਜਿਨ੍ਹਾਂ ਤੋਂ ਇਹ ਇਸ਼ਾਰਾ ਮਿਲਿਆ ਕਿ ਖੰਨੇ ਦੇ ਗੁਰਦੁਆਰੇ ਵਿਚ ਪਹੁੰਚਾਇਆ ਗ੍ਰੰਥ, ਗੁਰੂ ਗ੍ਰੰਥ ਸਾਹਿਬ ਨਹੀਂ ਸੀ ਤੇ ਇਹੋ ਨਿੱਕੀ ਜਿਹੀ ਸੂਚਨਾ ਅੰਤ ਵਿਚ ਉਸ ਗ੍ਰੰਥ ਦੇ ਮੇਰੇ ਪੁਸਤਕਾਲੇ ਵਿਚ ਪਹੁੰਚਣ ਦਾ ਕਾਰਨ ਬਣੀ।

ਇਸ ਵਾਰੀ ਵੀ ਸ਼ਿਕਾਰ ਉੱਤੇ ਚੜ੍ਹਨ ਦਾ ਮੇਰਾ ਤਰੀਕਾ ਪਹਿਲਾਂ ਵਾਲਾ ਹੀ ਸੀ। ਪਟਿਆਲਿਓਂ ਬਸ ਫੜੀ ਤੇ ਖੰਨੇ ਜਾ ਉਤਰਿਆ। ਜਾਂਦਿਆਂ ਰੇਲਵੇ ਲਾਈਨ ਤੋਂ ਪਾਰ ਦੇ ਗੁਰਦੁਆਰੇ ਦਾ ਪਤਾ ਲਿਆ ਤੇ ਪੁੱਛਦਾ-ਪੁਛਾਉਂਦਾ ਟਿਕਾਣੇ ਉੱਤੇ ਜਾ ਪਹੁੰਚਿਆ। ਬੜਾ ਸ਼ਾਨਦਾਰ ਗੁਰਦੁਆਰਾ ਸੀ। ਜਿੱਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਸੀ, ਉਸ ਦੇ ਐਨ ਉੱਪਰਵਾਰ ਰਾਤ ਨੂੰ ਬੀੜਾਂ ਦੇ ਸੁਖਾਸਣ ਲਈ ਇਕ ਮਿਆਨੀ ਬਣੀ ਹੋਈ ਸੀ। ਬਾਅਦ ਵਿਚ ਮੈਂ ਗ੍ਰੰਥੀ ਸਿੰਘ ਪਾਸੋਂ ਤਸਦੀਕ ਵੀ ਕਰਵਾ ਲਈ ਕਿ ਮਿਆਨੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੇ ਸੁਖਾਸਣ ਲਈ ਬਣੀ ਹੋਈ ਹੈ।

ਗ੍ਰੰਥੀ ਸਿੰਘ, ਆਮ ਗ੍ਰੰਥੀਆਂ ਵਾਂਗ, ਚੰਗੀ ਪਲੀ ਹੋਈ ਦੇਹ ਵਾਲਾ ਵਿਅਕਤੀ ਸੀ, ਜਿਸ ਦਾ ਪੇਟ, ਕੁੱਝ ਤਾਂ ਬਚ ਗਏ ਜਾਂ ਬਚਾ ਲਏ ਗਏ ਕੜਾਹ ਪ੍ਰਸ਼ਾਦ ਦੀ ਗੋਲਕ ਬਣਨ ਦੀ ਮਜਬੂਰੀ ਕਰਕੇ ਤੇ ਕੁੱਝ ਭਾੜੇ ਦੇ ਪਾਠਾਂ ਲਈ ਕੀਤੀਆਂ ਲੰਮੀਆਂ ਬੈਠਕਾਂ ਕਰਕੇ, ਉਸ ਦੀ ਆਪਣੀ ਛਾਤੀ ਤੋਂ ਅੱਗੇ ਵਧ ਚੁੱਕਾ ਸੀ ਤੇ ਇਸ ਵਿਚ ਹੋਰ ਵਾਧੇ ਦੀ ਸੰਭਾਵਨਾ ਤੋਂ ਕਿਸੇ ਹਾਲਤ ਵਿਚ ਇਨਕਾਰ ਨਹੀਂ ਸੀ ਕੀਤਾ ਜਾ ਸਕਦਾ। ਉਸ ਦੀ ਚਿੱਟੀ ਪੁਸ਼ਾਕ, ਨੀਲੀ ਦਸਤਾਰ, ਕਾਲੇ ਗਾਤਰੇ ਵਿਚ ਲਟਕਦੀ ਕਿਰਪਾਨ ਤੇ ਭਰਵੇਂ ਚਿਹਰੇ ਉੱਤੇ ਉੱਗੇ ਦਾੜ੍ਹੇ ਤੇ ਮੁਛਹਿਰਿਆਂ ਦੀ ਲਿਸ਼ਕਦੀ ਫ਼ਸਲ ਉਸ ਦੀ ਸ਼ਖ਼ਸੀਅਤ ਨੂੰ ਪ੍ਰਭਾਵਸ਼ਾਲੀ ਬਣਾ ਰਹੀ ਸੀ। ਮੈਂ ਅਨੁਮਾਨ ਲਾਇਆ ਕਿ ਇਹ ਸਿੰਘ ਆਪਣੀਆਂ ਪੁਰਾਣੀਆਂ ਰਵਾਇਤਾਂ ਤੇ ਕਦਰਾਂ-ਕੀਮਤਾਂ ਉੱਤੇ ਪਹਿਰਾ ਦੇਣ ਵਾਲਾ ਹੈ। ਸੋ ਮੈਂ ਆਪਣੇ ਹਮਲੇ ਦਾ ਪੈਂਤੜਾ ਤਿਆਰ ਕਰ ਕੇ ਸਭ ਤੋਂ ਪਹਿਲਾਂ ਆਪਣੀ ਜਾਣ-ਪਛਾਣ ਕਰਾਈ ਤੇ ਇਸ ਨਾਲ ਪਰਸਪਰ ਗੱਲ-ਬਾਤ ਦਾ ਬਾਨ੍ਹਣੂੰ ਬੰਨ੍ਹ ਲਿਆ।

"ਤੁਸੀਂ ਕਿੰਨੇ ਚਿਰ ਤੋਂ ਏਥੇ ਸੇਵਾ ਕਰ ਰਹੇ ਓ ? ਇਸ ਤੋਂ ਪਹਿਲਾਂ ਕਿੱਥੇ ਸਾਓ ? ਸਵੇਰੇ

---

1. ਅਫ਼ਸੋਸ, ਇਹ 23 ਮਾਰਚ, 1996 ਨੂੰ [illegible] ਸਿਧਾਰ ਚੁੱਕੇ ਹਨ।

WWW.SIKHBOOKCLUB.COM 

ਕਿੰਨੇ ਵਜੇ ਉੱਠਣਾ ਪੈਂਦੈ ? ਰਾਗੀ ਜੱਥਾ ਵੀ ਰੱਖਿਆ ਹੋਇਐ ਕਿ ਨਹੀਂ ? ਕਮੇਟੀ ਕੈਸੀ ਐ ? ਮੈਂਬਰਾਂ ਵਿਚ ਸੁਲਹ-ਸਫ਼ਾਈ ਰਹਿੰਦੀ ਐ ਕਿ ਖਟਪਟੀ ਚਲਦੀ ਐ ? ਆਏ ਗਏ ਦੇ ਠਹਿਰਨ ਦਾ ਕੋਈ ਪ੍ਰਬੰਧ ਹੈ ? ਲੰਗਰ ਦਾ ਕੋਈ ਬੰਦੋਬਸਤ ? ਕੁੜੀਆਂ ਵਾਜਾ ਸਿੱਖਣ ਆਉਂਦੀਆਂ ਨੇ ? ਗੁਰਦੁਆਰੇ ਦੀ ਪੱਕੀ ਆਮਦਨ ਕਿੱਥੋਂ ਆਉਂਦੀ ਐ ? ਤੁਸੀਂ ਭਾਈ ਸੰਤੋਖ ਸਿੰਘ ਦੀ ਕਥਾ ਵੀ ਕਰਦੇ ਓ ਕਿ ਨਹੀਂ ? ਗਿਆਨੀ ਗਿਆਨ ਸਿੰਘ ਦੀ 'ਤਵਾਰੀਖ਼' ਪੜ੍ਹੀ ਹੋਈ ਜੇ ? ਪ੍ਰੋ. ਸਾਹਿਬ ਸਿੰਘ ਦੇ 'ਦਰਪਣ' ਦਾ ਸਾਰਾ ਸੈੱਟ ਰੱਖਿਆ ਹੋਇਆ ਜੇ ਕਿ ਨਹੀਂ ? ਗੁਰੂ ਗ੍ਰੰਥ ਸਾਹਿਬ ਦੇ ਜਿਨ੍ਹਾਂ ਅਰਥਾਂ ਦਾ ਪਤਾ ਨਾ ਲੱਗੇ, ਉਨ੍ਹਾਂ ਬਾਰੇ ਗਿਆਨ ਕਿੱਥੋਂ ਲੈਂਦੇ ਓ ?" ਇਸ ਤਰ੍ਹਾਂ ਦੇ ਕੁੱਝ ਚੱਜ ਦੇ ਤੇ ਕੁਝ ਬੇਚੱਜ ਦੇ ਸਵਾਲ ਪੁੱਛਦਿਆਂ-ਪੁੱਛਦਿਆਂ ਮੈਂ ਇਕਦਮ ਆਪਣੇ ਮਤਲਬ ਵੱਲ ਮੋੜ ਕੱਟਿਆ :

"ਗਿਆਨੀ ਜੀ, ਤੁਹਾਡਾ ਗੁਰਦੁਆਰਾ ਬੜਾ ਸ਼ਾਨਦਾਰ ਐ; ਤੁਸੀਂ ਗੁਰਦੁਆਰੇ ਦੀ ਮਰਿਆਦਾ ਵੀ ਸਿੱਖੀ ਅਸੂਲਾਂ ਅਨੁਸਾਰ ਚਲਾਉਣ ਦਾ ਜਤਨ ਕਰ ਰਹੇ ਓ। ਆਪ ਚੰਗੇ ਸੁਲਝੇ ਹੋਏ ਗਿਆਨੀ ਓ, ਪਰ ਇਕ ਗੱਲ ਦੀ ਸਮਝ ਨਹੀਂ ਆਈ ਕਿ ਜਿਸ ਕੱਚੀ ਬਾਣੀ ਦੇ ਵਿਰੁੱਧ ਗੁਰੂ ਗ੍ਰੰਥ ਸਾਹਿਬ ਵਿਚ ਕਰੜੀਆਂ ਹਿਦਾਇਤਾਂ ਮੌਜੂਦ ਨੇ, ਉਸ ਨੂੰ ਗੁਰਦੁਆਰੇ ਵਿਚ ਗੁਰੂ ਗ੍ਰੰਥ ਸਾਹਿਬ ਨਾਲੋਂ ਵੱਧ ਮਾਨਤਾ ਕਿਉਂ ਦਿੱਤੀ ਜਾਂਦੀ ਐ ?"

ਮੇਰੇ ਸਿੱਧੇ ਦੂਸ਼ਣ ਨਾਲ ਇਕ ਵਾਰੀ ਤਾਂ ਗ੍ਰੰਥੀ ਸਿੰਘ ਜੀ ਨੂੰ ਆਪਣੇ ਪੈਰਾਂ ਥੱਲਿਓਂ ਜ਼ਮੀਨ ਖਿਸਕਦੀ ਪ੍ਰਤੀਤ ਹੋਈ, ਪਰ ਝੱਟ ਸੰਭਲ ਕੇ ਗੜ੍ਹਕਵੀਂ ਆਵਾਜ਼ ਵਿਚ ਗੱਜੇ, "ਇਹ ਬਿਲਕੁਲ ਝੂਠ ਐ। ਅਸੀਂ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੁਜਾਰੀ ਆਂ, ਅਸੀਂ ਕੱਚੀ ਬਾਣੀ ਨੂੰ ਗੁਰਦੁਆਰੇ ਦੇ ਹਾਲ ਵਿਚ ਤਾਂ ਕੀ, ਇਸ ਦੀ ਚਾਰ-ਦੀਵਾਰੀ ਦੇ ਅੰਦਰ ਵੀ ਨਹੀਂ ਫਟਕਣ ਦੇਂਦੇ।"

ਮੈਂ ਕਿਹਾ, "ਤੁਸੀਂ ਪੱਕੀ ਗੱਲ ਕਰ ਰਹੇ ਓ ਨਾ ?"

ਗ੍ਰੰਥੀ ਸਿੰਘ ਨੇ ਬੜੀ ਤਸੱਲੀ ਨਾਲ ਉੱਤਰ ਦਿੱਤਾ, "ਪੱਕੀ ਵਰਗੀ ਪੱਕੀ ? ਪਰ ਤੁਹਾਡੇ ਕੰਨ ਕਿਸ ਨੇ ਭਰੇ ਨੇ ?"

"ਮੈਨੂੰ ਤਾਂ ਇਸ ਦੀ ਕਨਸੋ ਪਟਿਆਲੇ ਵਿਚ ਈ ਪਈ ਸੀ ਤੇ ਇਕ ਅੱਧੇ ਦਾ ਤਾਂ ਵਿਸ਼ਵਾਸ ਸੀ ਕਿ ਭਾਈ ਸਾਹਿਬ ਜਿੱਥੇ ਬੀੜਾਂ ਸੰਤੋਖਦੇ ਨੇ, ਓਥੇ ਕੱਚੀ ਬਾਣੀ ਦੀ ਬੀੜ ਨੂੰ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੇ ਉੱਪਰ ਰੱਖ ਕੇ ਸਤਕਾਰ ਦੇਂਦੇ ਨੇ।"

ਸਪਸ਼ਟ ਹੈ ਕਿ ਇਹ 'ਇਕ ਅੱਧਾ' ਬੰਦਾ ਮੈਂ ਆਪ ਸਾਂ।

ਗ੍ਰੰਥੀ ਸਿੰਘ ਹੁਰੀਂ ਊਜ ਲਾਉਣ ਵਾਲੇ ਅਨਜਾਣੇ ਬੰਦੇ ਉੱਤੇ ਕਚੀਚੀਆਂ ਵੱਟਣ ਲਗ ਪਏ। ਉਨ੍ਹਾਂ ਦੀ ਸਿੱਖ ਰਹੁਰੀਤ ਉੱਤੇ ਸਿੱਧਾ ਹਮਲਾ ਹੋ ਰਿਹਾ ਸੀ। ਉਨ੍ਹਾਂ ਦੀ ਰਹਿਤ ਨੂੰ ਕੁਰਹਿਤ ਦੱਸ ਕੇ ਉਨ੍ਹਾਂ ਦੇ ਵਿਰੁੱਧ ਭੰਡੀ-ਪ੍ਰਚਾਰ ਕੀਤਾ ਜਾ ਰਿਹਾ ਸੀ।

"ਕੁੱਝ ਚਿਰ ਪਹਿਲਾਂ ਏਥੇ ਕੰਮ ਕਰਦੇ ਇਕ ਸੇਵਾਦਾਰ ਨੂੰ ਮੇਰੀ ਸ਼ਿਕਾਇਤ ਉੱਤੇ ਨੌਕਰੀ ਤੋਂ ਕੱਢ ਦਿੱਤਾ ਗਿਆ ਸੀ। ਉਹ ਪਟਿਆਲੇ ਚਲਾ ਗਿਆ ਸੀ। ਇਹ ਉਸੇ ਦੀ ਸ਼ਰਾਰਤ ਲਗਦੀ ਐ।" ਇਹ ਉਨ੍ਹਾਂ ਦਾ ਅੰਦਾਜ਼ਾ ਸੀ। ਮੈਂ ਚੁੱਪ ਕਰ ਰਿਹਾ। ਪਰ ਉਹ ਉੱਬਲ ਰਹੇ ਸਨ, ਸੋ ਬਿੰਦ ਕੁ ਪਿੱਛੋਂ ਬੋਲੇ, "ਆਓ, ਤੁਹਾਨੂੰ ਵਿਖਾਈਏ ਅਸੀਂ ਬੀੜਾਂ ਕਿੰਨੇ ਅਦਬ ਨਾਲ ਸੰਤੋਖਦੇ ਆਂ।" ਤੇ ਉਨ੍ਹਾਂ ਨੇ ਅੱਗੇ ਲੱਗ ਕੇ ਮੈਨੂੰ ਪੌੜੀਆਂ ਵਾਲੇ ਪਾਸੇ ਤੋਰ ਲਿਆ। ਉੱਪਰ ਪਹੁੰਚ ਕੇ ਉਨ੍ਹਾਂ ਨੇ ਮਿਆਨੀ ਦਾ ਦਰਵਾਜ਼ਾ ਖੋਲ੍ਹਿਆ। ਅੰਦਰਵਾਰ, ਹੇਠੋਂ ਲੈ ਕੇ ਉੱਪਰ ਤਕ, WWW.SIKHBOOKCLUB.COM ਸੁਗੰਧ ਨੇ ਦਿਮਾਗ਼ ਮੁਅੱਤਰ ਕਰ 

ਗ੍ਰੰਥੀ ਸਿੰਘ ਜੀ ਨੇ ਪੀੜ੍ਹੇ ਦੇ ਤਾਬਿਆ ਬੈਠ ਕੇ ਚਿੱਟਾ ਰੁਮਾਲਾ ਚੁੱਕਿਆ। ਥੱਲੇ ਇਕ ਦੂਜੇ ਦੇ ਉੱਤੇ ਬੜੇ ਕਰੀਨੇ ਨਾਲ ਸਜਾਈਆਂ ਤਿੰਨ ਬੀੜਾਂ ਚਿੱਟਿਆਂ ਰੁਮਾਲਿਆਂ ਵਿਚ ਵਲ੍ਹੇਟੀਆਂ ਦਿੱਸੀਆਂ।

ਓਥੇ ਖੜੋਤਿਆਂ ਮੈਨੂੰ ਕਦੀ ਲਗ ਰਿਹਾ ਸੀ ਕਿ ਮੈਂ ਬਾਜ਼ੀ ਹਾਰ ਗਿਆਂ, ਪਰ ਅਗਲੇ ਹੀ ਪਲ ਲੱਗਣ ਲਗ ਪੈਂਦਾ ਕਿ ਮੈਨੂੰ ਹੁਣੇ ਆਪਣੀ ਜਿੱਤ ਦਾ ਜੈਕਾਰਾ ਛੱਡਣਾ ਪਵੇਗਾ।

ਜਿੱਤ ਦੇ ਇਹਸਾਸ ਨਾਲ ਗ੍ਰੰਥੀ ਸਿੰਘ ਜੀ ਚੁੱਕਿਆ ਹੋਇਆ ਰੁਮਾਲਾ ਮੁੜ ਕੇ ਬੀੜਾਂ ਉੱਤੇ ਪਾਉਣ ਵਾਲੇ ਹੀ ਸਨ ਕਿ ਮੈਂ ਆਪ ਤਾਬਿਆ ਬੈਠਣ ਦੀ ਆਗਿਆ ਮੰਗੀ। ਉਹ ਬੜੀ ਖ਼ੁਸ਼ੀ ਨਾਲ ਖਿਸਕ ਕੇ ਪਰੇ ਹੋ ਗਏ। ਮੈਂ ਸਭ ਤੋਂ ਉੱਪਰਲੀ ਬੀੜ ਦੇ ਰੁਮਾਲੇ ਵਿੱਚੋਂ ਬੀੜ ਕੱਢ ਕੇ ਵੇਖੀ, ਛਾਪੇ ਵਾਲਾ ਸਰੂਪ ਸੀ। ਮੈਂ ਮੁੜ ਕੇ ਰੁਮਾਲੇ ਵਿਚ ਵਲ੍ਹੇਟ ਕੇ ਉਹ ਬੀੜ ਬੜੇ ਅਦਬ ਨਾਲ ਪੀੜ੍ਹੇ ਦੇ ਇਕ ਪਾਸੇ ਧਰ ਦਿੱਤੀ। ਦੂਜੀ ਬੀੜ ਬਾਹਰਲੇ ਚਿੱਟੇ ਰੁਮਾਲੇ ਵਿੱਚੋਂ ਕੱਢੀ ਤਾਂ ਅੰਦਰੋਂ ਇਕ ਹੋਰ ਘਸਮੈਲਾ ਜਿਹਾ ਚਿੱਟਾ ਰੁਮਾਲਾ ਨਜ਼ਰ ਪਿਆ। ਮੈਨੂੰ ਪੱਕ ਹੋ ਗਿਆ ਕਿ ਮੇਰੀ ਯਾਤਰਾ ਪੁੱਗਣ ਲੱਗੀ ਹੈ। ਰੁਮਾਲੇ ਨੂੰ ਗੰਢ ਪਈ ਹੋਈ ਸੀ। ਖੋਲ੍ਹੀ ਤਾਂ ਬੀੜਾਂ ਵਾਲੇ ਆਕਾਰ ਦੇ ਮਰੁੰਡੇ ਹੋਏ ਦੋ ਚਾਰ ਪੱਤਰੇ ਉੱਪਰ ਪਏ ਦਿੱਸੇ। ਹੜ੍ਹ ਵਾਲੇ ਪਾਣੀ ਦੇ ਦਸਖ਼ਤ ਹਰ ਪੱਤਰੇ ਉੱਤੇ ਸਪਸ਼ਟ ਦਿੱਸ ਰਹੇ ਸਨ। ਗ੍ਰੰਥੀ ਜੀ ਬੋਲੇ, "ਇਹ ਲਿਖਤੀ ਬੀੜ ਸਰਦਾਰ ਗਿਆਨ ਸਿੰਘ ਰਾੜੇਵਾਲਾ ਦੇ ਘਰੋਂ ਆਈ ਹੋਈ ਐ।"

ਹੁਣ ਮੇਰੀ ਵਾਰੀ ਸੀ ਬੋਲਣ ਦੀ। ਮੈਂ ਕਿਹਾ, "ਸਿੰਘ ਸਾਹਿਬ, ਉਰੇ ਹੋਵੋ, ਮੈਂ ਤੁਹਾਨੂੰ ਇਸ ਬੀੜ ਦਾ ਨਮੂਨਾ ਵਿਖਾਵਾਂ।"

ਜਦੋਂ ਉਹ ਸਰਕ ਕੇ ਮੇਰੇ ਨੇੜੇ ਹੋ ਗਏ ਤਾਂ ਮੈਂ ਕਿਹਾ, "ਇਹ ਪੱਤਰਾ ਕੁੱਝ ਸਾਫ਼ ਐ, ਤੁਸੀਂ ਪੜ੍ਹੋ ਖਾਂ ਭਲਾ।"

ਉਨ੍ਹਾਂ ਨੇ ਇਕ ਇਕ ਅੱਖਰ ਜੋੜ ਕੇ ਪੜ੍ਹਨਾ ਸ਼ੁਰੂ ਕੀਤਾ। ਜਦੋਂ ਦੋ ਚਾਰ ਸਤਰਾਂ ਪੜ੍ਹ ਬੈਠੇ ਤਾਂ ਮੈਂ ਪੁੱਛਿਆ, "ਇਹ ਤੁਕਾਂ ਗੁਰੂ ਗ੍ਰੰਥ ਸਾਹਿਬ ਦੀਆਂ ਨੇ ?"

ਬੋਲੇ ਬਿਨਾਂ, ਉਨ੍ਹਾਂ ਨੇ ਨਾਂਹ ਵਿਚ ਸਿਰ ਹਿਲਾ ਦਿੱਤਾ।

ਮੈਂ ਕਿਹਾ, "ਇਹੋ ਤਾਂ ਹੈ ਕੱਚੀ ਬਾਣੀ, ਜੋ ਗੁਰੂ ਗ੍ਰੰਥ ਸਾਹਿਬ ਦੀਆਂ ਦੋ ਬੀੜਾਂ ਦੇ ਵਿਚਕਾਰ ਸਾਂਭ ਕੇ ਰੱਖੀ ਹੋਈ ਐ। ਇਹ ਬਾਬਾ ਪਿਰਥੀ ਚੰਦ ਦੇ ਪੁੱਤਰ ਮਨੋਹਰ ਦਾਸ ਦੀ ਰਚਨੈ ਤੇ ਇਸ ਵਿਚ ਉਸ ਨੇ ਆਪਣੇ ਲਈ 'ਨਾਨਕ' ਸ਼ਬਦ ਦੀ ਵਰਤੋਂ ਉਸੇ ਤਰ੍ਹਾਂ ਕੀਤੀ ਹੋਈ ਐ, ਜਿਵੇਂ ਪਹਿਲੇ ਪੰਜ ਗੁਰੂ ਸਾਹਿਬਾਨ ਤੇ ਗੁਰੂ ਤੇਗ ਬਹਾਦਰ ਸਾਹਿਬ ਗੁਰੂ ਗ੍ਰੰਥ ਸਾਹਿਬ ਵਿਚ ਕਰਦੇ ਨੇ। ਜੇ ਇਹ 'ਕੱਚੀ ਬਾਣੀ' ਨਹੀਂ ਤਾਂ, ਸਿੰਘ ਸਾਹਿਬ, ਮੈਨੂੰ ਦੱਸੋ 'ਕੱਚੀ ਬਾਣੀ' ਹੋਰ ਕਿਸ ਨੂੰ ਕਹੀਦੈ ? ਜੇ ਕੱਲ੍ਹ ਨੂੰ ਸ਼੍ਰੋਮਣੀ ਕਮੇਟੀ ਨੂੰ ਪਤਾ ਲਗ ਜਾਵੇ ਕਿ ਖੰਨੇ ਦਾ ਗ੍ਰੰਥੀ ਸਿੰਘ ਕੱਚੀ ਬਾਣੀ ਦੇ ਪਾਟੇ ਪੱਤਰਿਆਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਉੱਪਰ ਰੱਖ ਕੇ ਰੋਜ਼ ਧੂਫ਼-ਦੀਪ ਦੀ ਸੇਵਾ ਕਰਦੈ ਤਾਂ ਤੁਹਾਡਾ ਕੀ ਬਣੂੰ ? ਜੇ ਮੈਂ ਅਖ਼ਬਾਰਾਂ ਵਿਚ ਛਾਪ ਦਿਆਂ ਕਿ ਖੰਨੇ ਦੇ ਲੈਨੋਂ ਪਾਰ ਵਾਲੇ ਸ਼ਾਨਦਾਰ ਗੁਰਦੁਆਰੇ ਵਿਚ ਇਹੋ ਜਿਹਾ ਕੁਫ਼ਰ ਤੋਲਿਆ ਜਾ ਰਿਹੈ ਤਾਂ ਸਾਰੇ ਪੰਥ ਵਿਚ ਅੱਗ ਨਹੀਂ ਲਗ ਜਾਊ ?"

ਮੈਨੂੰ ਬਿਲਕੁਲ ਸਾਫ਼ ਦਿੱਸ ਰਿਹਾ ਸੀ ਕਿ ਗ੍ਰੰਥੀ ਸਿੰਘ ਸਾਹਿਬ ਵਿਚ ਇਨ੍ਹਾਂ ਕਥਿਤ ਖੁਨਾਮੀਆਂ ਨੂੰ ਝੱਲਣ ਦਾ ਬਲ ਨਹੀਂ ਸੀ। ਮੈਂ ਤੀਜੀ ਬੀੜ ਨੂੰ ਫਰੋਲਣ ਦੀ ਲੋੜ ਨਾ ਸਮਝੀ। ਮੈਂ ਉੱਪਰਲੀ ਪਹਿਲੀ ਬੀੜ, ਹੇਠਲੀ ਤੀਜੀ ਬੀੜ ਦੇ ਉੱਤੇ ਟਿਕਾ ਕੇ ਮਿਹਰਬਾਨ ਵਾਲਾ ਗ੍ਰੰਥ ਉਸ ਦੇ ਮੈਲੇ ਰੁਮਾਲੇ ਵਿਚ ਬੰਨ੍ਹਿਆ ਤੇ ਪੀੜ੍ਹੇ ਦੇ ਥੱਲੇ ਰੱਖ ਕੇ ਉੱਠ ਖੜੋਤਾ। ਮਰਿਆਦਾ ਪਾਲ

WWW.SIKHBOOKCLUB.COM 

ਗ੍ਰੰਥੀ ਸਿੰਘ ਜੀ ਨੂੰ ਆਪਣੀ ਭੁੱਲ ਬਖ਼ਸ਼ਾਉਣ ਲਈ ਰਾਹ ਨਹੀਂ ਸੀ ਲੱਭ ਰਿਹਾ। ਉਨ੍ਹਾਂ ਨੂੰ ਇਹ ਅਹਿਸਾਸ ਕੁਤਰ-ਕੁਤਰ ਖਾਈ ਜਾ ਰਿਹਾ ਸੀ ਕਿ ਕਿਸੇ ਅਪ੍ਰਮਾਣਿਕ ਹੱਥ-ਲਿਖਤ ਨੂੰ, ਬਿਨਾਂ ਪੜ੍ਹੇ, ਗੁਰੂ ਗ੍ਰੰਥ ਸਾਹਿਬ ਦੀ ਬੀੜ ਮੰਨ ਲੈਣ ਨੇ ਉਨ੍ਹਾਂ ਪਾਸੋਂ ਇਕ ਬੱਜਰ ਭੁੱਲ ਕਰਵਾ ਦਿੱਤੀ ਸੀ।

ਮੈਂ ਮਿਆਨੀ ਤੋਂ ਬਾਹਰ ਨਿਕਲਣ ਲੱਗਾ ਤਾਂ ਗ੍ਰੰਥੀ ਜੀ ਬੜੀ ਮਸਕੀਨ ਜਿਹੀ ਸੁਰ ਵਿਚ ਬੋਲੇ, "ਪ੍ਰੋਫ਼ੈਸਰ ਸਾਹਿਬ, ਤੁਸੀਂ ਦਾਸ ਉੱਤੇ ਬੜਾ ਉਪਕਾਰ ਕੀਤੈ। ਦਾਸ ਪਾਸੋਂ ਹੋ ਰਹੇ ਪਾਪ ਤੋਂ ਦਾਸ ਨੂੰ ਬਚਾਇਐ। ਮੈਂ ਪਿਛਲੇ ਅਵਗੁਣ ਬਖ਼ਸ਼ਣ ਲਈ, ਬਖ਼ਸ਼ਿੰਦ ਗੁਰੂ ਅੱਗੇ ਜੋਦੜੀਆਂ ਕਰਾਂਗਾ ਪਰ ਤੁਸੀਂ ਇਹ ਦੱਸਣ ਦੀ ਕਿਰਪਾ ਕਰੋ ਕਿ ਅਸੀਂ ਇਸ ਪਾਪ ਦੀ ਗੱਠੜੀ ਦਾ ਕਰੀਏ ਕੀ ?"

ਮੈਂ ਕਿਹਾ, "ਸਿੰਘ ਸਾਹਿਬ, ਮੇਰਾ ਮਨ ਤਾਂ ਇਹ ਕਹਿੰਦੈ ਕਿ ਤੁਸੀਂ ਇਸ ਰਚਨਾ ਨੂੰ ਗੁਰਦੁਆਰੇ ਵਿਚ ਨਾ ਰੱਖੋ। ਜੇ ਚਾਹੋ ਤਾਂ ਮੈਂ ਆਪਣੇ ਨਾਲ ਇਹ ਵੇਖਣ ਲਈ ਲੈ ਜਾਨਾਂ ਕਿ ਇਹ 'ਨਾਨਕ' ਹੋਣ ਦਾ ਦਾਅਵਾ ਕਰਨ ਵਾਲਾ ਮੀਣਾ ਲੇਖਕ ਇਸ ਪੋਥੀ ਵਿਚ ਆਖਦਾ ਕੀ ਐ ?"

ਭਾਈ ਜੀ ਦੇ ਸਿਰ ਤੋਂ ਜਿਵੇਂ ਬੜਾ ਵੱਡਾ ਭਾਰ ਲੱਥ ਗਿਆ। ਉਹਨਾਂ ਨੇ ਉਹ ਪੋਥੀ ਫ਼ਰਸ਼ ਤੋਂ ਚੁੱਕ ਕੇ ਮੇਰੇ ਹੱਥ ਫੜਾਈ ਤੇ ਮੇਰਾ ਧੰਨਵਾਦ ਕੀਤਾ ਕਿ ਮੈਂ ਗੁਰਦੁਆਰੇ ਦੀ ਪਵਿੱਤਰਤਾ ਕਾਇਮ ਰੱਖਣ ਵਿਚ ਸਹਾਇਤਾ ਕੀਤੀ ਸੀ।

ਮੈਨੂੰ ਚੇਤੇ ਹੈ ਕਿ ਮੈਂ ਮੱਥਾ ਟੇਕ ਕੇ ਬਾਹਰ ਨਿਕਲਿਆ ਤਾਂ ਬੱਸ-ਅੱਡੇ ਉੱਤੇ ਪਹੁੰਚਣ ਤਕ ਪਿਛਾਂਹ ਪਰਤ ਕੇ ਵੀ ਨਹੀਂ ਸੀ ਵੇਖਿਆ, ਮਤੇ ਕੋਈ ਪੋਥੀ ਮੁੜਵਾਉਣ ਵਾਲਾ ਆਉਂਦਾ ਹੋਵੇ।

ਇਸ ਤਰ੍ਹਾਂ ਵਾਧਾ ਹੋਇਆ ਇਸ ਖੰਡਿਤ ਗ੍ਰੰਥ ਦਾ ਮੇਰੇ ਹੱਥ-ਲਿਖਤਾਂ ਦੇ ਭੰਡਾਰ ਵਿਚ।

ਅਗਲਾ ਕਿੱਸਾ ਸੰਗਰੂਰ ਜ਼ਿਲ੍ਹੇ ਦਾ ਹੈ। ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਕਿਸੇ ਇਮਤਿਹਾਨ ਦਾ ਇਨਸਪੈਕਟਰ ਬਣ ਕੇ ਮੈਨੂੰ ਸੰਗਰੂਰ ਜਾਣਾ ਪਿਆ। ਮੈਂ ਆਪਣੇ ਆਪ ਨਾਲ ਇਹ ਮਤਾ ਪਕਾ ਲਿਆ ਕਿ ਸਵੇਰ ਦਾ ਇਮਤਿਹਾਨ ਭੁਗਤਾ ਕੇ ਮੈਂ ਸੰਗਰੂਰ ਵਿਚ ਹੀ ਚੱਕਰ ਲਾਵਾਂਗਾ ਤੇ ਦੋ ਵਜੇ ਸ਼ੁਰੂ ਹੋਣ ਵਾਲੇ ਇਮਤਿਹਾਨ ਦਾ ਮੁਆਇਨਾ ਛੇਤੀ ਮੁਕਾ ਕੇ ਦਿੜ੍ਹਬੇ ਨਾਂ ਦੇ ਕਸਬੇ ਵਿਚ ਪਹੁੰਚ ਜਾਵਾਂਗਾ ਕਿਉਂਕਿ ਓਥੋਂ ਦੇ ਇਕ ਡੇਰੇ ਵਿਚ ਕਈ ਖਰੜਿਆਂ ਦੀ ਹੋਂਦ ਦੀ ਭਿਣਕ ਮੇਰੇ ਕੰਨਾਂ ਵਿਚ ਪੈ ਚੁੱਕੀ ਸੀ।

ਮੈਂ ਸਵੇਰ ਦੀ ਡਿਊਟੀ ਭੁਗਤਾ ਕੇ ਡਾ. ਕ੍ਰਿਸ਼ਨਾ ਕੁਮਾਰੀ, ਗ੍ਰੰਥੀ ਚੰਦਨ ਸਿੰਘ ਜੀ ਤੇ ਕਰਤਾਰ ਸਿੰਘ ਜੀ ਦਰਵੇਸ਼ ਵਰਗੇ ਸੰਗਰੂਰ ਦੇ ਇਲਮੀ ਹਲਕੇ ਵਿਚ ਜਾਣੇ ਜਾਂਦੇ ਵਿਅਕਤੀਆਂ ਨੂੰ ਮਿਲਿਆ, ਕੁੱਝ ਖਰੜੇ ਵੇਖੇ ਤੇ ਕੁੱਝ ਖਰੜਿਆਂ ਬਾਰੇ ਚਰਚਾ ਸੁਣ, ਕਰ ਕੇ ਆਪਣੇ ਕੰਨ-ਰਸ ਨੂੰ ਸੰਤੁਸ਼ਟ ਕੀਤਾ।

ਦੁਪਹਿਰ ਦੇ ਇਮਤਿਹਾਨ ਵਿਚ ਮੈਂ ਪੂਰੇ 2 ਵਜੇ ਜਾ ਧਮਕਿਆ, ਇਕ ਦੋ ਚੱਕਰ ਕਮਰਿਆਂ ਦੇ ਲਾਏ ਤੇ ਬੱਸ ਫੜ ਕੇ ਦਿੜ੍ਹਬੇ ਨੂੰ ਜਾਂਦੀ ਸੜਕ ਦੇ ਕੰਢੇ ਉੱਤੇ ਜਾ ਉਤਰਿਆ। ਦਿੜ੍ਹਬੇ ਦਾ ਪੈਂਡਾ, ਅੱਗੇ ਵਾਂਗ ਹੀ, ਕਿਸੇ ਗ਼ੈਬੀ ਸ਼ਕਤੀ ਨੇ ਕਿਸੇ ਸਾਈਕਲ ਵਾਲੇ ਮਿਹਰਬਾਨ ਨੂੰ ਭੇਜ ਕੇ ਕਟਾ ਦਿੱਤਾ। ਦਿੜ੍ਹਬੇ ਪਹੁੰਚ ਕੇ ਮੈਂ ਗੁਰਦੁਆਰੇ ਦੇ ਭਾਈ ਜੀ ਨੂੰ ਮਿਲਿਆ, ਸਰਪੰਚ ਦੇ ਦੁਆਲੇ ਵੀ ਹੋਇਆ। ਦੋਹਾਂ ਪਾਸੋਂ ਡੇਰੇ ਦੀਆਂ ਪੋਥੀਆਂ ਦੀ ਤਸਦੀਕ ਹੋਈ, ਪਰ ਪਤਾ [illegible]ਏ ਹੋਏ ਹਨ ਤੇ ਉਹ ਸ਼ਾਮ ਨੂੰ ਪਰ[illegible]

WWW.SIKHBOOKCLUB.COM 

ਮੈਂ ਉਨ੍ਹਾਂ ਦੀ ਉਡੀਕ ਵਿਚ ਕੁੱਝ ਸਮਾਂ ਸਰਪੰਚ ਦੇ ਘਰ ਲੰਘਾਇਆ, ਓਥੇ ਹੀ ਰੋਟੀ ਖਾਧੀ ਤੇ ਇਕ ਵਾਰੀ ਫੇਰ ਸਾਰੇ ਪਿੰਡ ਦੀ ਗਿਰਦੌਰੀ ਕਰਨ ਲਈ ਨਿਕਲ ਪਿਆ। ਇਕ ਵੈਦ ਜੀ ਪਾਸੋਂ ਪਤਾ ਲੱਗਾ ਕਿ ਦਿੜ੍ਹਬੇ ਤੋਂ ਥੋੜੀ ਦੂਰ ਇਕ ਪਿੰਡ ਹੈ ਜਿਸ ਦੇ ਇਕ ਸੋਢੀ ਪਰਿਵਾਰ ਪਾਸ ਇਕ ਬੜੀ ਪੁਰਾਣੀ ਪੋਥੀ ਪਈ ਹੋਈ ਹੈ। ਮੈਂ ਕਾਫੀ ਦੇਰ ਮਹੰਤ ਜੀ ਦੀ ਉਡੀਕ ਕੀਤੀ। ਸਰਪੰਚ ਹੁਰਾਂ ਸੁਨੇਹਾ ਦੇ ਕੇ ਉਚੇਚਾ ਬੰਦਾ ਵੀ ਭੇਜਿਆ ਪਰ ਬੰਦੇ ਨੇ ਵਾਪਸ ਆ ਕੇ ਦੱਸਿਆ ਕਿ ਮਹੰਤ ਜੀ ਤਾਂ ਖੇਤਾਂ ਤੋਂ ਹੀ ਸੰਗਰੂਰ ਵੱਲ ਚਲੇ ਗਏ ਹਨ। ਮੈਂ ਨਾਲ ਦੇ ਪਿੰਡ ਵਿਚ ਆਪਣੀ ਕਿਸਮਤ ਅਜ਼ਮਾਉਣ ਦਾ ਫ਼ੈਸਲਾ ਕੀਤਾ। ਇਹ ਵਾਰਤਾ ਲਿਖਣ ਵੇਲੇ ਮੇਰੀ ਪੁਰਾਣੀ ਡਾਇਰੀ ਮੇਰੇ ਸਾਹਮਣੇ ਨਹੀਂ ਹੈ, ਇਸ ਲਈ ਮੈਂ ਪਿੰਡ ਦਾ ਨਾਂ ਦੱਸਣ ਤੋਂ ਅਸਮਰਥ ਹਾਂ, ਪਰ ਇਹ ਦੱਸ ਸਕਦਾ ਹਾਂ, ਕਿ ਰੱਬ-ਸਬੱਬੀਂ ਬਹੁੜੇ ਕਿਸੇ ਸਾਈਕਲ ਵਾਲੇ ਦੀ ਉਦਾਰਤਾ ਨੇ ਮੈਨੂੰ ਖਾਓ-ਪੀਓ ਵੇਲੇ ਪਿੰਡ ਵਿਚ ਪਹੁੰਚਾ ਦਿੱਤਾ ਸੀ। ਇਕ ਤਾਂ ਉਸ ਦੇ ਨਾਲ ਹੋਣ ਕਰਕੇ ਪਿੰਡ ਦੇ ਕੁੱਤਿਆਂ ਤੋਂ ਬਚਾਉ ਰਿਹਾ, ਦੂਜੇ ਹਨੇਰੇ ਵਿਚ ਜਿਸ ਘਰ ਦੀ ਭਾਲ ਸੀ, ਉਸ ਨੂੰ ਲੱਭਣ ਦੀ ਔਖ ਤੋਂ ਬਚ ਗਿਆ। ਮੈਨੂੰ ਘਰ ਦੇ ਬੂਹੇ ਉੱਤੇ ਪਹੁੰਚਾ ਕੇ ਉਹ ਪਰਸੁਆਰਥੀ ਬੰਦਾ ਆਪਣੇ ਪੈਂਡੇ ਪੈ ਗਿਆ। ਮੈਂ ਦਰ ਉੱਤੇ ਥੱਪ-ਥੱਪ ਕੀਤੀ। ਕਿਸੇ ਨੇ ਕੋਠੇ ਤੋਂ ਝਾਕ ਕੇ ਪੁੱਛਿਆ, "ਕਿਹੜੈਂ ਬਈ ?"

ਮੈਂ ਉਤਾਂਹ ਵੱਲ ਮੂੰਹ ਕਰ ਕੇ ਕਿਹਾ, "ਮੈਂ ਪਟਿਆਲਿਓਂ ਆਇਆਂ।"

ਕੁੱਝ ਪਲਾਂ ਪਿੱਛੋਂ ਕਿਸੇ ਨੇ ਬੂਹਾ ਖੋਲ੍ਹਿਆ ਤੇ ਮੈਨੂੰ ਲਾਲਟੈਨ ਦੇ ਚਾਨਣ ਵਿਚ ਪੌੜੀਆਂ ਚਾੜ੍ਹ ਕੇ ਉੱਪਰ ਖੁੱਲ੍ਹੇ ਕੋਠੇ ਉੱਤੇ ਲੈ ਗਿਆ। ਉੱਪਰ ਇਕ ਸੁਆਣੀ ਰੋਟੀਆਂ ਪਕਾ ਰਹੀ ਸੀ ਤੇ ਬਾਕੀ ਦਾ ਸਾਰਾ ਟੱਬਰ ਇਕ ਮੰਜੇ ਤੋਂ ਮੇਜ਼ ਦਾ ਕੰਮ ਲੈ ਕੇ ਉਸ ਦੇ ਦੁਆਲੇ ਬੈਠਾ ਰੋਟੀ ਦੀ ਉਡੀਕ ਕਰ ਰਿਹਾ ਸੀ। ਨੌਜਵਾਨ ਨੇ ਮੈਨੂੰ ਵੀ ਸਾਰਿਆਂ ਦੇ ਨਾਲ ਬੈਠ ਜਾਣ ਦੀ ਸੁਲਾਹ ਮਾਰੀ। ਮੈਂ ਵੀ ਹੱਥ ਧੋ ਕੇ ਉਹਨਾਂ ਵਿਚ ਸ਼ਾਮਿਲ ਹੋ ਗਿਆ।

ਘਰ ਦੀ ਮੁਖੀਆ ਇਕ ਸਿਆਣੀ ਉਮਰ ਦੀ ਮਾਤਾ ਸੀ ਕਿਉਂਕਿ ਜਿਹੜਾ ਜਵਾਨ ਮੁੰਡਾ ਮੈਨੂੰ ਉੱਪਰ ਲਿਆਇਆ ਸੀ ਉਸ ਤੋਂ ਵੱਡੀ ਉਮਰ ਦਾ ਕੋਈ ਹੋਰ ਬੰਦਾ ਓਥੇ ਦਿੱਸ ਨਹੀਂ ਸੀ ਰਿਹਾ। ਸਿਆਣੀ ਉਮਰ ਦੀ ਤੀਵੀਂ ਨੇ ਮੇਰਾ ਅਤਾ-ਪਤਾ ਪੁੱਛਿਆ; ਮੈਂ ਦੱਸਿਆ। ਨਾਲ ਇਹ ਵੀ ਦੱਸ ਦਿੱਤਾ ਕਿ "ਕਿਸੇ ਦੀ ਦੱਸ ਉੱਤੇ ਮੈਂ ਤੁਹਾਡੇ ਪਾਸ ਸਾਂਭੀ ਹੋਈ ਪੋਥੀ ਦੇ ਦਰਸ਼ਨਾਂ ਦੀ ਖ਼ਾਤਰ ਹਾਜ਼ਰ ਹੋਇਆਂ। ਏਥੇ ਪਹੁੰਚਦਿਆਂ ਕੁਵੇਲਾ ਹੋ ਗਿਐ ਕਿਉਂਕਿ ਮੇਰੇ ਪਾਸ ਕੋਈ ਸਵਾਰੀ ਨਹੀਂ ਸੀ। ਤੁਹਾਡੇ ਪਿੰਡ ਦਾ ਫ਼ਲਾਣਾ ਬੰਦਾ ਜੇ ਮੈਨੂੰ ਸਾਈਕਲ ਦੇ ਪਿੱਛੇ ਨਾ ਬਿਠਾਉਂਦਾ ਤਾਂ ਪਤਾ ਨਹੀਂ ਮੈਂ ਏਥੇ ਕਿਵੇਂ ਤੇ ਕਦੋਂ ਪਹੁੰਚਦਾ ਜਾਂ ਪਹੁੰਚ ਵੀ ਸਕਦਾ ਕਿ ਨਾ। ਭਲਾ ਹੋਵੇ ਉਸ ਦਾ ਕਿ ਉਸ ਨੇ ਮੈਨੂੰ ਵੇਲੇ ਸਿਰ ਤੁਹਾਡੇ ਕੋਲ ਪਹੁੰਚਾ ਦਿੱਤਾ। ਸਿਆਣੇ ਠੀਕ ਈ ਕਹਿੰਦੇ ਨੇ: ਦਾਣੇ-ਦਾਣੇ ਉੱਤੇ ਮੁਹਰ ਲੱਗੀ ਹੁੰਦੀ ਐ।"

ਬਜ਼ੁਰਗ ਤੀਵੀਂ ਨੇ ਮੇਰੀ ਗੱਲ ਬੜੇ ਠਰੰਮ੍ਹੇ ਨਾਲ ਸੁਣੀ ਤੇ ਬੋਲੀ, "ਪੋਥੀ ਪੜ੍ਹਨ ਵਾਲੇ ਤਾਂ ਚੱਲ ਵੱਸੇ, ਹੁਣ ਤਾਂ ਵਿਚਾਰੀ ਪਤਾ ਨਹੀਂ ਕਿਹੜੇ ਹਾਲੀਂ ਕਿੱਥੇ ਪਈ ਹੋਈ ਐ?"

ਮੇਰਾ ਚਿੱਤ ਖ਼ੁਸ਼ ਹੋ ਗਿਆ—ਇਕ ਤਾਂ ਜਿਨ੍ਹਾਂ ਨੂੰ ਪੋਥੀ ਦੀ ਪਕੜ ਸੀ, ਉਹ ਨਹੀ ਸਨ ਰਹੇ, ਦੂਜੇ ਪੋਥੀ ਘਰ ਵਿਚ ਹੀ ਪਈ ਸੀ ਤੇ ਉਸ ਦੇ ਮਾਲਕ ਮੈਨੂੰ ਟਾਲਣ ਦਾ ਜਤਨ ਨਹੀਂ ਸਨ ਕਰ ਰਹੇ।

ਮੈਂ ਜਵਾਬ ਵਿਚ ਕਿਹਾ, "ਮਾਤਾ ਜੀ, ਮੈਂ ਕੱਲ੍ਹ ਸਵੇਰੇ ਆਪਣੀ ਡਿਊਟੀ ਉੱਤੇ ਹਾਜ਼ਰ ਹੋਣੈ। ਜੇ ਮੈਂ ਵੇਲੇ ਸਿਰ ਨਾ ਪਹੁੰਚਿਆ ਤਾਂ ਮੇਰੀ ਗ਼ੈਰ-ਹਾਜ਼ਰੀ ਲੱਗ ਜਾਊ। ਮੈਂ ਬਿਨਾਂ ਕਿਸੇ

WWW.SIKHBOOKCLUB.COM Page 219

ਸਵਾਰੀ ਦੇ ਪ੍ਰਬੰਧ ਦੇ, ਰੱਬ ਉੱਤੇ ਡੋਰੀ ਸੁੱਟ ਕੇ ਤੁਹਾਡੇ ਦਰ ਤਕ ਪਹੁੰਚ ਗਿਆਂ। ਪਹਿਲਾਂ ਕਿਸੇ ਸਾਈਕਲ ਵਾਲੇ ਨੇ ਦਿੜ੍ਹਬੇ ਤਕ ਪਹੁੰਚਾਇਆ ਤੇ ਅੱਗੋਂ ਤੁਹਾਡੇ ਪਿੰਡ ਦਾ ਸਾਊ ਬੰਦਾ ਟੱਕਰ ਗਿਆ। ਇਹ ਸਾਰੇ ਸ਼ੁਭ ਸ਼ਗਨ ਦੱਸਦੇ ਪਏ ਨੇ ਕਿ ਮੈਂ ਤੁਹਾਡੇ ਘਰੋਂ ਨਿਰਾਸ ਨਹੀਂ ਮੁੜਨਾ।"

ਮਾਤਾ ਜੀ ਨੇ ਬੜੀ ਮਿੱਠੀ ਸੁਰ ਵਿਚ ਕਿਹਾ, "ਤੁਸੀਂ ਬੜੀ ਖੇਚਲ ਕੀਤੀ ਐ। ਮੈਂ ਤੁਹਾਨੂੰ ਨਿਰਾਸ ਨਹੀਂ ਮੋੜਨਾ ਚਾਹੁੰਦੀ ਪਰ ਤੁਹਾਨੂੰ ਪਤੈ ਰਾਤ-ਬਰਾਤੇ ਪੋਥੀ ਕਿਵੇਂ ਲੱਭ ਲਾਂਗੇ ? ਖ਼ਬਰੇ ਕਿੱਥੇ ਧਰੀ ਹੋਈ ਐ ? ਜਦੋਂ ਦੇ ਪੜ੍ਹਨ ਵਾਲੇ ਗੁਜਰੇ ਨੇ, ਸਾਡੇ ਵਿੱਚੋਂ ਤਾਂ ਕਿਸੇ ਨੇ ਖੋਲ੍ਹ ਕੇ ਵੀ ਨਹੀਂ ਵੇਖੀ। ਸੋ ਮੈਨੂੰ ਲਗਦੈ, ਤੁਹਾਨੂੰ ਇਕ ਵਾਰੀ ਫੇਰ ਖੇਚਲ ਕਰਨੀ ਪਊ।"

ਮੈਂ ਪੈਰ ਹੇਠ ਆਏ ਬਟੇਰੇ ਨੂੰ ਕਿਸੇ ਹਾਲਤ ਵਿਚ ਛੱਡਣਾ ਨਹੀਂ ਸਾਂ ਚਾਹੁੰਦਾ। ਕੱਲ੍ਹ ਕਿਸ ਨੇ ਵੇਖਿਐ ? ਕੱਲ੍ਹ ਨਾਮ ਕਾਲ ਦਾ। ਮੇਰੇ ਦਿਮਾਗ਼ ਦੀ ਫਿਰਕੀ ਦੀ ਚਾਲ ਬੜੀ ਤਿੱਖੀ ਹੋ ਗਈ। ਮੈਂ ਕਿਹੜੀ ਦਲੀਲ ਦਿਆਂ ਕਿ ਮਾਤਾ ਜੀ ਕੁੱਝ ਢਿੱਲੇ ਪੈ ਜਾਣ। ਮੈਂ ਅਜੇ ਕੋਈ ਸ਼ਬਦ ਮੂੰਹੋਂ ਨਹੀਂ ਸੀ ਕੱਢਿਆ ਕਿ ਉਨ੍ਹਾਂ ਦੀ ਮੰਡੇ ਲਾਹੁੰਦੀ ਨੂੰਹ, ਮਾਤਾ ਜੀ ਵੱਲ ਮੂੰਹ ਕਰ ਕੇ ਬੋਲੀ, "ਮਾਂ ਜੀ, ਪੋਥੀ ਤਾਂ ਕੋਠੀ ਵਿਚ ਪਈ ਹੋਈ ਐ; ਜਿੱਦਣ ਥੱਲਿਓਂ ਬਾਗ ਕੱਢਣਾ ਪਿਆ ਸੀ, ਓਦਣ ਮੈਂ ਰੁਮਾਲੇ ਵਿਚ ਬੱਝੀ ਹੋਈ ਵੇਖੀ ਸੀ।"

ਮੈਂ ਮਨ ਹੀ ਮਨ ਵਿਚ ਉਸ ਸੁਆਣੀ ਨੂੰ ਅਸੀਸ ਦਿੱਤੀ : ਭਲਾ ਹੋਵੇ ਤੇਰਾ; ਤੂੰ ਬੜੇ ਵੇਲੇ ਸਿਰ ਪੱਕਰੀ ਏਂ। ਢੇਰ ਵੱਡੇ ਸੰਦੂਕ ਨੂੰ ਉਹ 'ਕੋਠੀ' ਕਹਿੰਦੇ ਸਨ। ਮੈਂ ਝੱਟ ਇਸ ਨਵੀਂ ਸੂਚਨਾ ਦੀ ਕੰਨੀ ਫੜ ਲਈ ਤੇ ਮਾਤਾ ਜੀ ਵੱਲ ਤਰਲਾ ਸੁੱਟਿਆ, "ਮਾਤਾ ਜੀ, ਖੇਚਲ ਤਾਂ ਤੁਹਾਨੂੰ ਬਹੁਤ ਹੋਵੇਗੀ ਤੇ ਹੁੱਸੜ ਵੀ ਬੜੈ ਪਰ ਜੇ ਕਾਕਾ ਜੀ ਲਾਲਟੈਨ ਫੜਨ ਤੇ ਮੈਨੂੰ ਹੁਕਮ ਦਿਓ ਤਾਂ ਮੈਂ ਕੋਠੀ ਵਿਚ ਵੜ ਕੇ ਪੋਥੀ ਵਾਲੀ ਗੰਢ ਲੱਭ ਲਿਆਵਾਂ।"

ਹੋ ਸਕਦਾ ਹੈ, ਮਾਤਾ ਜੀ ਦਾ ਸੁਭਾ ਹੀ ਬਹੁਤ ਚੰਗਾ ਹੋਵੇ, ਜਾਂ ਖ਼ਬਰੇ ਉਸ ਦਿਨ ਉਨ੍ਹਾਂ ਦੀ ਸੁਰਤ ਕਿਸੇ ਬੜੇ ਸਵੱਲੇ ਘਰ ਵਿਚ ਵੱਸ ਰਹੀ ਸੀ, ਕਹਿਣ ਲੱਗੀ, "ਇਹ ਕਿਵੇਂ ਹੋ ਸਕਦੈ ਕਿ ਅਸੀਂ ਤੁਹਾਨੂੰ ਖੇਚਲ ਦੇਈਏ। ਜੇ ਖੇਚਲ ਕਰਨੀਓਂ ਹੈ ਤਾਂ ਅਸੀਂ ਆਪ ਕਰਾਂਗੇ, ਤੁਹਾਥੋਂ ਪਿਡਾਣੇ ਵਗਾਰ ਕਰਾਉਣੀ ਐਂ ?"

ਮੈਂ ਪੋਲੇ ਜਿਹੇ ਕਿਹਾ, "ਮੇਰਾ ਜੀ ਨਹੀਂ ਕਰਦਾ, ਤੁਹਾਨੂੰ ਏਸ ਵੇਲੇ ਖੇਚਲ ਦਿੱਤੀ ਜਾਏ, ਪਰ ਕੀ ਕਰਾਂ ?"

ਮਾਤਾ ਜੀ ਦੀ ਥਾਂ ਉਨ੍ਹਾਂ ਦੀ ਨੂੰਹ ਬੋਲੀ, "ਵੇ ਵੀਰਾ ! ਅਸੀਂ ਮਾਂ ਜੀ ਨੂੰ ਖੇਚਲ ਨਹੀਂ ਦੇਣੀ, ਪੋਥੀ ਤਾਂ ਮਹੀਓਂ ਕੱਢ ਕੇ ਲਿਆਊਂ।"

ਮੈਂ ਉੱਤਰ ਦਿੱਤਾ, "ਭੈਣ, ਪਹਿਲਾਂ ਰੋਟੀ ਤਾਂ ਖਾ ਲੈ, ਪੋਥੀ ਪਿੱਛੋਂ ਕੱਢ ਲਵਾਂਗੇ। ਸਾਰੀ ਰਾਤ ਆਪਣੇ ਕੋਲ ਪਈ ਐ। ਮੈਂ ਕਿਹੜਾ ਐਸੇ ਵੇਲੇ ਤੁਰ ਚੱਲਿਆਂ ?"

ਰੋਟੀ ਤੋਂ ਵਿਹਲੇ ਹੋ ਕੇ ਅਸੀਂ ਸਾਰੇ ਗਰਮੀ ਵਿਚ ਚੁਬਾਰੇ ਦੇ ਅੰਦਰ ਜਾ ਵੜੇ। ਜੁਆਨ ਨੇ ਲਾਲਟੈਨ ਆਪਣੇ ਹੱਥ ਵਿਚ ਫੜੀ ਹੋਈ ਸੀ ਤੇ ਉਸ ਦੀ ਘਰ ਵਾਲੀ ਨੇ, ਇਕ ਪੀਪੇ ਉੱਤੇ ਖੜੇ ਹੋ ਕੇ ਸੰਦੂਕ ਉੱਤੋਂ ਢੇਰ ਸਾਰਾ ਨਿੱਕ-ਸੁੱਕ ਲਾਹਿਆ। ਫੇਰ ਦੋਹਾਂ ਜੀਆਂ ਨੇ ਰਲ ਕੇ ਉਸ ਦਾ ਢੱਕਣ ਚੁੱਕਿਆ। ਸੁਆਣੀ ਸੰਦੂਕ ਦੇ ਵਿਚ ਵੜੀ ਤੇ ਇਕ ਇਕ ਕਰ ਕੇ ਰਜਾਈਆਂ-ਤੁਲਾਈਆਂ ਆਪਣੇ ਘਰ ਵਾਲੇ ਨੂੰ ਫੜਾਉਂਦੀ ਗਈ। ਮੈਂ ਲਾਲਟੈਨ ਫੜੀ ਥੰਮ੍ਹ ਦੀ ਤਰ੍ਹਾਂ ਅਹਿੱਲ ਖੜਾ ਸਾਂ। ਏਨੇ ਨੂੰ ਮਾਤਾ ਜੀ ਵੀ ਅੰਦਰ ਆ ਵੜੇ ਤੇ ਇਸ ਸਾਰੇ ਦ੍ਰਿਸ਼ ਨੂੰ ਵੇਖਣ ਲਗ ਪਏ।

ਮੈਂ ਹੈਰਾਨ ਹੋ ਰਿਹਾ ਸਾਂ ਕਿ ਏਨੇ ਕੱਪੜੇ ਏਸ ਛੋਟੇ ਜਿਹੇ ਪਰਿਵਾਰ ਨੇ ਕੀ ਕਰਨੇ ਹੁੰਦੇ ਨੇ ? ਫੇਰ ਖ਼ਿਆਲ ਆਇਆ ਕਿ ਮਾਤਾ ਜੀ ਦੇ ਵਿਆਹ ਦੇ ਕੱਪੜੇ, ਬਲਕਿ ਉਨ੍ਹਾਂ ਦੀ ਸੱਸ ਦੇ ਵੇਲੇ ਦੇ ਲੱਤੇ ਵੀ ਤਾਂ ਏਸੇ ਕੋਠੀ ਵਿਚ ਪਏ ਹੋਣਗੇ।

ਕੋਈ ਅੱਧੀ ਰਾਤ ਦਾ ਵਕਤ ਹੋਵੇਗਾ ਜਦੋਂ ਸੁਆਣੀ ਦੇ ਸੱਜੇ ਪੈਰ ਦੀਆਂ ਉਂਗਲਾਂ ਨੇ, ਪੋਥੀ ਦੀ ਗੰਢ ਦੀ ਹੋਂਦ ਦੀ ਖ਼ਬਰ ਉਸ ਦੇ ਦਿਮਾਗ਼ ਤਕ ਪਹੁੰਚਾਈ ਤੇ ਅੱਗੋਂ ਉਸ ਨੇ ਇਹ ਖ਼ੁਸ਼ਖ਼ਬਰੀ ਸਾਡੇ ਨਾਲ ਸਾਂਝੀ ਕੀਤੀ। ਇਸ ਤੋਂ ਬਾਅਦ ਪੋਥੀ ਦੀ ਗੰਢ ਨੂੰ ਮੇਰੇ ਹੱਥਾਂ ਵਿਚ ਪਹੁੰਚਦਿਆਂ ਦੇਰ ਨਾ ਲੱਗੀ। ਮੇਰਾ ਚਿਤ ਇਸ ਨੂੰ ਵੇਖਣ ਲਈ ਬਹੁਤ ਕਾਹਲਾ ਪਿਆ ਹੋਇਆ ਸੀ, ਪਰ ਮੇਰੇ ਸਬਰ ਨੇ ਮੇਰਾ ਬੜਾ ਸਾਥ ਦਿੱਤਾ ਤੇ ਜਿੰਨੀ ਦੇਰ ਉਨ੍ਹਾਂ ਨੇ ਸਾਰੇ ਕੱਪੜੇ ਸੰਦੂਕ ਵਿਚ ਸਾਂਭ ਨਾ ਲਏ, ਓਨੀ ਦੇਰ ਮੈਂ ਲਾਲਟੈਨ ਫੜ ਕੇ ਖੜਾ ਰਿਹਾ। ਅਸੀਂ ਸਾਰੇ ਮੁੜ੍ਹਕੇ ਨਾਲ ਤਰ-ਬ-ਤਰ ਹੋਏ ਪਏ ਸਾਂ ਤੇ ਹੁੱਸੜ ਨਾਲ ਹਰ ਇਕ ਦਾ ਜੀਅ ਬਹੁਤ ਕਾਹਲਾ ਪਿਆ ਹੋਇਆ ਸੀ, ਪਰ ਸਾਰੇ ਆਪੋ-ਆਪਣੀ ਡਿਊਟੀ ਅਡੋਲ ਹੋ ਕੇ ਭੁਗਤਾ ਰਹੇ ਸਨ।

ਵਿਹਲੇ ਹੋ ਕੇ ਜਦੋਂ ਲਾਲਟੈਨ ਦੇ ਚਾਨਣ ਵਿਚ ਪੋਥੀ ਖੋਲ੍ਹੀ ਤਾਂ ਬੜੀ ਵਧੀਆ ਹਾਲਤ ਵਿਚ ਮਿਹਰਬਾਨ ਦੀ ਰਚਨਾ ਦਾ ਹਰਿ ਜੀ ਵੱਲੋਂ ਹੋਇਆ ਸਟੀਕ ਸੰਪਾਦਨ ਨਿਕਲਿਆ। ਰਾਤੀਂ ਮੈਨੂੰ ਚਾਰ ਘੰਟੇ ਬੜੀ ਚੈਨ ਨਾਲ ਨੀਂਦਰ ਆਈ। ਸਵੇਰੇ ਤੜਕਸਾਰ ਮੈਂ ਉੱਠ ਕੇ ਨਹਾ-ਧੋ ਲਿਆ; ਮਾਤਾ ਜੀ ਨਾਸ਼ਤੇ ਤੋਂ ਬਿਨਾਂ ਘਰੋਂ ਬਾਹਰ ਪੈਰ ਧਰਨ ਦੀ ਇਜਾਜ਼ਤ ਨਹੀਂ ਸਨ ਦੇ ਰਹੇ, ਇਸ ਲਈ ਨਾਸ਼ਤਾ ਕੀਤਾ। ਸਾਰੇ ਪਰਿਵਾਰ ਦਾ ਧੰਨਵਾਦ ਕੀਤਾ। ਮਾਤਾ ਜੀ ਦਾ ਜੁਆਨ ਸੁਪੁੱਤਰ ਮੈਨੂੰ ਸਾਈਕਲ ਉੱਤੇ ਦਿੜ੍ਹਬੇ ਵਾਲੇ ਰਾਹ ਤੋਂ ਵੱਖਰੇ ਛੋਟੇ ਰਸਤੇ ਬੱਸਾਂ ਵਾਲੇ ਮੋੜ ਤਕ ਛੱਡ ਗਿਆ।

SIKHBOOKCLUB.COM

ਪੋਥੀ ਤਾਂ ਮੈਂ ਘਰ ਲੈ ਆਂਦੀ ਤੇ ਉਸ ਦੀ ਸਿਹਤ ਵੇਖ ਕੇ ਮੈਨੂੰ ਖ਼ੁਸ਼ੀ ਵੀ ਬੜੀ ਹੋਈ ਪਰ ਮੈਨੂੰ ਕੀ ਪਤਾ ਸੀ ਉਸ ਦਾ ਪਾਠ ਕਰਨਾ ਜਾਂ ਉਸ ਉੱਤੇ ਕੰਮ ਕਰਨਾ ਮੇਰੇ ਭਾਗਾਂ ਵਿਚ ਨਹੀਂ ਹੈ। ਮੇਰੇ ਨਾਲ ਕੁਦਰਤ ਨੇ ਪਹਾੜ ਜਿੱਡੀ ਝੇਡ ਕੀਤੀ ਕਿਉਂਕਿ ਚੋਰਾਂ ਲਈ ਮੋਰ ਪਹਿਲਾਂ ਹੀ ਤਿਆਰ ਕਰ ਰੱਖੇ ਸਨ। ਮੇਰੇ ਮਿੱਤਰ ਗਿਆਨੀ ਗੁਰਦਿੱਤ ਸਿੰਘ ਉਸ ਦੁਰਲੱਭ ਖਰੜੇ ਸਮੇਤ ਪੰਜ ਬੜੇ ਹੀ ਕੀਮਤੀ ਖਰੜੇ ਮੇਰੇ ਪਾਸੋਂ ਮਾਂਗਵੇਂ ਲੈ ਗਏ ਪਰ ਜਿਵੇਂ ਡਾ. ਗੰਡਾ ਸਿੰਘ ਉਨ੍ਹਾਂ ਨੂੰ ਮਾਂਗਵੇਂ ਦਿੱਤੇ ਖਰੜਿਆਂ ਦਾ ਹੇਰਵਾ ਆਪਣੇ ਨਾਲ ਲੈ ਗਏ ਹਨ, ਮੈਨੂੰ ਵੀ ਚਾਨਣ ਹੋ ਚੁੱਕਾ ਹੈ ਕਿ ਇਹ ਹੇਰਵਾ ਮਸਾਣਾਂ ਤਕ ਨਾਲ ਹੀ ਲਿਜਾਣਾ ਪੈਣਾ ਹੈ। ਪੋਥੀਆਂ ਇਕੱਠੀਆਂ ਕਰਨ ਵਾਲਾ ਹਰ ਨਾ-ਤਜਰਬੇਕਾਰ ਰੰਗਰੂਟ ਇਸ ਤਰ੍ਹਾਂ ਦੇ ਕੌੜੇ ਤਜਰਬੇ ਵਿੱਚੋਂ ਲੰਘ ਕੇ ਹੀ ਸਿੱਖਦਾ ਹੈ ਕਿ ਸਾਡੀਆਂ ਲੋਕੋਕਤੀਆਂ ਪੋਥੀ ਨੂੰ ਪਰ ਘਰ ਭੇਜਣ ਤੋਂ ਐਵੇਂ ਨਹੀਂ ਵਰਜਦੀਆਂ ਆਈਆਂ।

ਨਮੂਨੇ ਵਜੋਂ ਮੈਂ ਅੱਜ ਆਪ ਨੂੰ ਉਸ ਪ੍ਰਕਿਰਿਆ ਨਾਲ ਜਾਣੂੰ ਕਰਾਉਣ ਦਾ ਜਤਨ ਕੀਤਾ ਹੈ ਜਿਸ ਰਾਹੀਂ ਮੈਂ ਪੋਥੀ-ਪ੍ਰਾਪਤੀ ਦੀਆਂ ਕੁੱਝ ਔਖੀਆਂ ਮੁਹਿੰਮਾਂ ਸਰ ਕਰਦਾ ਰਿਹਾ ਹਾਂ। ਇਹ ਤਿੰਨੇ ਵੱਖ ਵੱਖ ਕਿਸਮ ਦੀਆਂ ਮਿਸਾਲਾਂ ਹਨ, ਫੇਰ ਵੀ ਇਨ੍ਹਾਂ ਦੀ ਪ੍ਰਕਿਰਤੀ ਬਹੁਤ ਹੱਦ ਤਕ ਸਮਾਨ ਹੈ, ਮਸਲਨ, ਮੈਨੂੰ ਪਤਾ ਸੀ ਕਿ ਪੋਥੀ ਫਲਾਣੀ ਥਾਂ ਪਈ ਹੈ ਤੇ ਇਹ ਵੀ ਪਤਾ ਸੀ ਕਿ ਮੈਂ ਵੇਖਣੀ ਹੈ ਜਾਂ ਹਥਿਆਉਣੀ ਹੈ। ਹਾਲਾਤ ਸਾਜ਼ਗਾਰ ਬਣਦੇ ਗਏ; ਇਹ ਮੇਰੇ ਲੇਖਾਂ ਦੀ ਗੱਲ ਕਹਿ ਲਓ, ਪਰ ਖੜੇ ਪੈਰ, ਇਹ ਫ਼ੈਸਲਾ ਕਰਨਾ ਕਿ ਮੁਕਾਬਲੇ ਦੀ ਧਿਰ ਉੱਤੇ ਕਿਸ ਤਰ੍ਹਾਂ ਦੇ ਮਨੋਵਿਗਿਆਨਿਕ ਵਾਰ ਦੀ ਲੋੜ ਹੈ ਜਾਂ ਪੋਥੀ ਨਾਲ ਉਸ ਦੀ ਮਾਲਕੀ ਵਾਲੀ ਪਕੜ ਨੂੰ ਕਿਵੇਂ ਢਿੱਲਾ ਕੀਤਾ ਜਾ ਸਕਦਾ ਹੈ—ਇਸ ਕਾਰਜ ਲਈ ਲੋੜੀਂਦੀ

WWW.SIKHBOOKCLUB.COM Page 221

ਮੌਕਾ-ਸ਼ਨਾਸੀ, ਹਾਜ਼ਰ-ਜਵਾਬੀ, ਦੂਰ-ਅੰਦੇਸ਼ੀ ਤੇ ਪੈਂਤੜੇ ਦੀ ਫੁਰਤੀਲੀ ਚੋਣ ਵਰਗੇ ਗੁਣ ਕੁੱਝ ਤਾਂ ਪੋਥੀ-ਭਾਲਕ ਦੀ ਸ਼ਖ਼ਸੀਅਤ ਦੀ ਮੌਲਿਕ ਉਸਾਰੀ ਦਾ ਹਿੱਸਾ ਹੁੰਦੇ ਹਨ ਪਰ ਬਹੁਤੇ ਵੱਖ ਵੱਖ ਖੇਤਰੀ ਤਜਰਬਿਆਂ ਵਿੱਚੋਂ ਲੰਘਣ ਨਾਲ ਆਪਣੇ ਆਪ ਆ ਜਾਂਦੇ ਹਨ। ਮੈਦਾਨ ਵਿਚ ਉਤਰੇ ਬਿਨਾਂ ਬੰਦਾ ਇਕਦਮ ਨਹੀਂ ਤਾੜ ਸਕਦਾ ਕਿ ਮਾਲਕ ਪੋਥੀ ਦੇ ਕੇ ਆਪਣੇ ਆਪ ਨੂੰ ਜ਼ਹਿਮਤ ਤੋਂ ਬਚਿਆ ਮਹਿਸੂਸ ਕਰੇਗਾ ਜਾਂ ਕੁੱਝ ਪੈਸੇ ਲੈ ਕੇ ਦੇਵੇਗਾਂ ਜਾਂ ਭਾਰੀ ਰਕਮ ਦੇਣ ਵਾਲੇ ਗਾਹਕ ਦੀ ਉਡੀਕ ਵਿਚ ਬੈਠਾ ਹੈ ਜਾਂ ਸਿਰਫ਼ ਦਿਖਾਵੇਗਾ ਤੇ ਦੇਵੇਗਾ ਨਹੀਂ ਜਾਂ ਪੋਥੀਆਂ ਦਿਖਾਉਣ ਤੋਂ ਵੀ ਇਨਕਾਰ ਕਰੇਗਾ ਜਾਂ ਉਨ੍ਹਾਂ ਦੀ ਹੋਂਦ ਤੋਂ ਹੀ ਮੁਕਰ ਜਾਵੇਗਾ।

ਮੇਰੇ ਸਾਧਨ ਰੰਧਾਵਾ ਸਾਹਿਬ ਵਾਲੇ ਨਹੀਂ ਸਨ—ਉਹ ਟੂਰ ਬਣਾ ਕੇ ਸਰਕਾਰੀ ਕਾਰ ਉੱਤੇ ਆਪਣੀ ਮਰਜ਼ੀ ਅਨੁਸਾਰ ਜਾ ਸਕਦੇ ਸਨ, ਡਾਕ ਬੰਗਲਿਆਂ ਵਿਚ ਠਹਿਰਦੇ ਸਨ, ਅਫ਼ਸਰ ਲੋਕ ਉਨ੍ਹਾਂ ਦੀ ਸਵਾਰੀ ਦੇ ਪਹੁੰਚਣ ਤੋਂ ਪਹਿਲਾਂ ਤਸਵੀਰਾਂ ਦੇ ਮਾਲਕਾਂ ਨੂੰ ਤਿਆਰ ਕਰ ਛੱਡਦੇ ਸਨ ਤੇ ਅਜਾਇਬ ਘਰਾਂ ਤੇ ਹੋਰ ਸਰਕਾਰੀ ਜਾਂ ਗ਼ੈਰ-ਸਰਕਾਰੀ ਇਦਾਰਿਆਂ ਦਿਆਂ ਖ਼ਜ਼ਾਨਿਆ ਵਿੱਚੋਂ ਭਾਰੀਆਂ ਰਕਮਾਂ ਤਾਰ ਕੇ ਤਸਵੀਰਾਂ ਖ਼ਰੀਦ ਲਈਆਂ ਜਾਂਦੀਆਂ ਸਨ। ਇਸੇ ਲਈ ਉਨ੍ਹਾਂ ਦੇ ਦੌਰਿਆਂ ਪਿੱਛੋਂ ਸਾਰੇ ਇਲਾਕੇ ਵਿਚ ਚਿਤਰਾਂ ਦੇ ਭਾਉ ਇਕਦਮ ਚੜ੍ਹ ਜਾਇਆ ਕਰਦੇ ਸਨ। ਇਨ੍ਹਾਂ ਦੇ ਮੁਕਾਬਲੇ ਵਿਚ ਮੈਂ, ਨੰਗੋ-ਨੰਗ ਚੁਤਾਲ ਸੋ, ਗਰਮੀ ਦੀਆਂ ਛੁੱਟੀਆਂ ਵਿਚ ਨਿਕਲਦਾ ਤੇ ਅੱਗ ਵਰ੍ਹਦੀ ਵਿਚ ਪੈਦਲ ਜਾਂ ਕਿਸੇ ਦੇ ਸਾਈਕਲ ਉੱਤੇ, ਪਿੰਡੋ-ਪਿੰਡ ਘੁੰਮਦਾ ਸਾਂ ਜਾਂ ਮੀਟਿੰਗਾਂ ਤੇ ਮੁਆਇਨਿਆਂ ਦੇ ਅੱਗੋਂ-ਪਿਛੋਂ ਸਮਾਂ ਕੱਢ ਕੇ, ਅਜਨਬੀ ਪਿੰਡਾਂ ਵਿਚ ਜਾ ਪਹੁੰਚਦਾ ਤੇ ਘਰ-ਘਰ ਦਾ ਬੂਹਾ ਖੜਕਾਉਂਦਾ ਹੁੰਦਾ ਸਾਂ। ਮੈਨੂੰ ਜਿਨ੍ਹਾਂ ਜੁਗਤਾਂ ਤੇ ਗੁਣਾਂ ਦੀ ਲੋੜ ਪੈਂਦੀ ਸੀ, ਰੰਧਾਵਾ ਸਾਹਿਬ ਨੂੰ ਉਨ੍ਹਾਂ ਤੋਂ ਬਿਲਕੁਲ ਵੱਖਰੀ ਤਰ੍ਹਾਂ ਦੇ ਗੁਣਾਂ ਦੀ ਲੋੜ ਸੀ। ਇਸ ਲਈ ਕੋਈ ਨੇਮ ਨਹੀਂ ਬਣਾਇਆ ਜਾ ਸਕਦਾ ਕਿ ਪੋਥੀਆਂ ਦੇ ਗ਼ੈਰ-ਪੇਸ਼ਾਵਰ ਭਾਲਕ ਵਿਚ ਫ਼ਲਾਣਾ ਗੁਣ ਜ਼ਰੂਰ ਹੋਣਾ ਚਾਹੀਦਾ ਹੈ।

ਸਾਧਨਾਂ ਅਨੁਸਾਰ ਇਨ੍ਹਾਂ ਗੁਣਾਂ ਵਿਚ ਫੇਰ-ਬਦਲ ਹੋ ਜਾਂਦਾ ਹੈ।

ਫੇਰ ਵੀ, ਮੇਰੇ ਖ਼ਿਆਲ ਵਿਚ ਸਭ ਤੋਂ ਜ਼ਰੂਰੀ ਹੈ ਲਗਨ—ਕਿ ਮੈਂ ਸੁਆਰਥ ਲਈ ਨਹੀਂ, ਪਰਸੁਆਰਥ ਲਈ ਕੰਮ ਕਰ ਰਿਹਾ ਹਾਂ। ਇਹ ਕੌਮ ਦੀ ਸੇਵਾ ਹੈ, ਜਿਸ ਦੀ ਅਹਿਮੀਅਤ ਸਾਹਿੱਤਿਕ, ਸਭਿਆਚਾਰਕ ਤੇ ਇਤਿਹਾਸਿਕ ਹੈ, ਇਹ ਵਗਾਰ ਨਹੀਂ ਤੇ ਨਾ ਵਪਾਰ ਹੀ ਹੈ। ਪੇਸ਼ਾਵਰ ਲੋਕ ਵੀ ਪਿੰਡਾਂ ਵਿਚ ਜਾਂਦੇ ਹਨ, ਡੇਰਿਆਂ ਵਿਚ ਜਾਂਦੇ ਹਨ, ਨਕਦ ਰਕਮਾਂ ਦੇ ਆਉਂਦੇ ਹਨ ਤੇ ਨਫ਼ਾ ਕਮਾ ਕੇ ਪੋਥੀ ਉਸ ਨੂੰ ਫੜਾ ਦੇਂਦੇ ਹਨ, ਜਿਸ ਦਾ ਬਟੂਆ ਮੋਟਾ ਹੁੰਦਾ ਹੈ। ਉਨ੍ਹਾਂ ਦੀ ਨਿਗਾਹ ਪੋਥੀ ਦੀ ਵੱਟਕ ਉੱਤੇ ਹੁੰਦੀ ਹੈ, ਪਰ ਜਿਨ੍ਹਾਂ ਨੇ, ਮੇਰੇ ਵਾਂਗ, ਪੋਥੀਆਂ ਵੇਚਣ ਲਈ ਇਕੱਤਰ ਨਹੀਂ ਕਰਨੀਆਂ ਹੁੰਦੀਆਂ, ਉਨ੍ਹਾਂ ਲਈ ਪੋਥੀਆਂ ਆਪਣੇ ਆਪ ਵਿਚ ਹੀ ਮੁੱਲਵਾਨ ਸ਼ੈਆਂ ਹੁੰਦੀਆਂ ਹਨ ਤੇ ਜਦੋਂ ਵੀ ਮੈਨੂੰ ਕਿਸੇ ਵੀ ਪੱਖੋਂ ਮੁੱਲਵਾਨ ਰਚਨਾ ਨੂੰ ਕਾਲ ਦੇ ਜਬਾੜ੍ਹਿਆਂ ਵਿੱਚੋਂ ਬਚਾ ਲੈਣ ਦਾ ਮੌਕਾ ਮਿਲਿਆ ਹੈ, ਓਦੋਂ ਹੀ ਮੈਨੂੰ ਰੱਜ ਕੇ ਰੂਹਾਨੀ ਖ਼ੁਸ਼ੀ ਮਾਣਨ ਦਾ ਅਨੁਭਵ ਹੁੰਦਾ ਰਿਹਾ ਹੈ।

ਮੈਂ ਇਹ ਕੰਮ ਆਪਣੀ ਮਰਜ਼ੀ ਨਾਲ ਸਹੇੜਿਆ ਸੀ ਤੇ ਬੜੀ ਲਗਨ ਤੇ ਅਪਣੱਤ ਨਾਲ ਕਰਦਾ ਰਿਹਾ ਹਾਂ। ਇਸ ਲਈ ਤਨ ਦਾ ਸੁਖ ਕਦੀ ਨਹੀਂ ਵੇਖਿਆ, ਵਿੱਤ ਅਨੁਸਾਰ ਖ਼ਰਚੇ ਦਾ ਹਿਸਾਬ ਵੀ ਕਦੀ ਨਹੀਂ ਲਾਇਆ। ਇਕ ਗੱਲ ਹੋਰ ਇਹ ਹੈ ਕਿ ਮੈਂ ਨਿਰਾਸ ਮੁੜਨ ਦੇ ਦੁੱਖ [illegible] ਝੋਲੀ ਲੈ ਕੇ ਮੁੜਨਾ ਇਸ ਤਲ[illegible]

WWW.SIKHBOOKCLUB.COM Page 222

ਇਕ ਸਿੱਕੇਬੰਦ ਹਿੱਸਾ ਹੈ।

ਮੇਰੀ ਗੁਰਪੁਰੀ ਸਿਧਾਰ ਚੁੱਕੀ, ਸਬਰ-ਸ਼ੁਕਰ ਦੀ ਮੂਰਤ ਸੁਪਤਨੀ, ਜਦੋਂ ਕਦੀ ਰਿਹਾਇਸ਼ੀ ਥਾਂ ਦੀ ਥੁੜ ਤੋਂ ਛਿੱਥੀ ਪੈ ਜਾਂਦੀ ਸੀ ਤਾਂ ਕਿਹਾ ਕਰਦੀ ਸੀ, "ਜੇ ਮੈਨੂੰ ਵਿਆਹ ਤੋਂ ਪਹਿਲਾਂ ਪਤਾ ਹੁੰਦਾ ਕਿ ਸਾਰੀ ਉਮਰ ਪੋਥੀਆਂ ਨੇ ਘਰ ਦੇ ਅੰਦਰ ਤੇ ਸਾਰੇ ਟੱਬਰ ਨੇ ਘਰ ਦੇ ਬਾਹਰ ਦਿਨ-ਕਟੀ ਕਰਨੀ ਹੈ ਤਾਂ ਕੀ ਮੈਂ ਤੁਹਾਡੇ ਨਾਲ ਫੇਰੇ ਲੈ ਸਕਦੀ ਸਾਂ ?" ਓਦੋਂ ਤਾਂ ਮੈਂ ਚੁੱਪ ਕਰ ਕੇ ਪਿੱਠ ਲਵਾ ਲੈਂਦਾ ਰਿਹਾ, ਪਰ ਹੁਣ ਜਦੋਂ ਉਹ ਆਪਣਾ ਸਫ਼ਰ ਮੁਕਾ ਕੇ ਮੈਨੂੰ ਆਪਣੀ ਆਖ਼ਰੀ ਫ਼ਤਿਹ ਬੁਲਾ ਚੁੱਕੀ ਹੈ, ਮੇਰਾ ਜੀ ਕਰਦਾ ਹੈ ਉਹ ਸਾਹਮਣੇ ਹੋਵੇ ਤੇ ਮੈਂ ਉਸ ਨੂੰ ਸੁਣਾਵਾਂ :

> "ਪਿਆਰੀਏ ! ਤੂੰ ਆਪਣੇ ਸਾਰੇ ਸਾਕ ਤੋੜ ਕੇ ਸਦਾ ਲਈ ਮੇਰੇ ਪੱਲੇ ਲੱਗਣ ਦਾ ਬਚਨ ਦਿੱਤਾ ਸੀ, ਪਰ ਇਹ ਤੂੰ ਕੀ ਕੀਤਾ ? ਅੱਖ ਨਾਲ ਗੱਲ ਕੀਤੇ ਬਿਨਾਂ ਮੇਰੇ ਸਾਰੇ ਦੀਵੇ ਬੁਝਾ ਕੇ ਤੁਰ ਗਈਓਂ ? ਤੇਰੀ ਗ਼ੈਰ-ਹਾਜ਼ਰੀ ਵਿਚ ਤੇਰੀਆਂ ਇਹ ਸੌਂਕਣਾਂ (ਪੋਥੀਆਂ) ਮੇਰੇ ਕੋਲ ਨਾ ਹੁੰਦੀਆਂ ਤਾਂ ਮੇਰੀ ਦਿਨ-ਕਟੀ ਕਿਸ ਦੇ ਸਹਾਰੇ ਹੁੰਦੀ ?"

ਮੈਂ ਜਾਣਦਾ ਹਾਂ ਕਿ ਆਪਣੀ ਪਤਨੀ ਵਾਂਗ, ਮੈਂ ਵੀ ਏਥੇ ਬੈਠੇ ਨਹੀਂ ਰਹਿਣਾ, ਪਰ ਮੈਂ ਇਹ ਕਿਸੇ ਹਾਲਤ ਵਿਚ ਨਹੀਂ ਚਾਹੁੰਦਾ ਕਿ ਜਿਨ੍ਹਾਂ ਪੋਥੀਆਂ ਨੂੰ ਮੈਂ ਸਦਾ ਲਈ ਨਸ਼ਟ ਹੋਣ ਤੋਂ ਬਚਾਇਆ ਹੈ, ਉਹ ਵੀ ਮੇਰੀ ਪਤਨੀ ਤੇ ਮੇਰੇ ਵਾਲੇ ਰਾਹ ਤੁਰ ਜਾਣ।

ਰੱਬ ਰਾਖਾ ਹੋਵੇ, ਇਨ੍ਹਾਂ ਦਾ !

SIKHBOOKCLUB.COM

# *ਪੰਜਾਬੀ ਹੱਥ-ਲਿਖਤਾਂ ਦੀ ਭਾਲ ਤੇ ਸੰਭਾਲ**

ਮੈਂ ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਸਾਹਿੱਤ ਅਧਿਐਨ ਵਿਭਾਗ ਦੇ ਮੁਖੀ ਡਾ. ਅਜਮੇਰ ਸਿੰਘ ਤੇ ਉਨ੍ਹਾਂ ਦੇ ਵਿਭਾਗੀ ਸੰਗੀਆਂ ਦਾ ਸ਼ੁਕਰਗੁਜ਼ਾਰ ਹਾਂ ਕਿ ਉਨ੍ਹਾਂ ਨੇ ਹੱਥ-ਲਿਖਤਾਂ ਨਾਲ ਸੰਬੰਧਿਤ ਇਸ ਸੈਮੀਨਾਰ ਦਾ ਬੀਜ ਭਾਸ਼ਣ ਦੇਣ ਲਈ ਮੈਨੂੰ ਯਾਦ ਕੀਤਾ ਹੈ।

ਲਗਦਾ ਹੈ, ਇਸ ਤਰ੍ਹਾਂ ਕਰ ਕੇ ਡਾ. ਸਾਹਿਬ ਨੇ ਹੱਥ-ਲਿਖਤਾਂ ਦੀ ਭਾਲ ਤੇ ਸੰਭਾਲ ਨਾਲ ਮੇਰੀ ਸਾਰੀ ਉਮਰ ਦੀ ਲਗਨ ਨੂੰ ਮਾਨਤਾ ਦੇਣ ਦਾ ਜਤਨ ਕੀਤਾ ਹੈ। ਮੇਰਾ ਅੰਦਾਜ਼ਾ ਹੈ ਕਿ ਮੇਰੀ 'ਖਰੜਾ-ਬਿਰਤੀ' ਕਿਸੇ ਹਾਜ਼ਰ ਵਿਦਵਾਨ ਪਾਸੋਂ ਗੁੱਝੀ ਨਹੀਂ ਹੋਣੀ, ਪਰ ਕਿਉਂਕਿ ਨੌਜਵਾਨ ਖੋਜੀਆਂ ਦੀ ਜਾਣਕਾਰੀ ਲਈ ਮੈਨੂੰ ਆਪਣੀ ਇਸ ਲਗਨ ਬਾਰੇ ਕੁੱਝ ਸ਼ਬਦ ਕਹਿਣ ਦਾ ਹੁਕਮ ਹੋਇਆ ਹੈ, ਇਸ ਲਈ, ਆਸ ਹੈ, ਵਿਦਵਾਨਾਂ ਦੀ ਏਥੇ ਜੁੜ ਬੈਠੀ ਸੰਗਤ, ਮੈਨੂੰ ਆਪਣੇ ਬਾਰੇ ਕੁੱਝ ਗੱਲਾਂ ਕਰ ਲੈਣ ਦੀ ਖੁੱਲ੍ਹ ਦੇਵੇਗੀ।

ਆਪਣੀ ਮੁਲਾਜ਼ਮਤ ਦੇ ਦੌਰਾਨ, ਜਦ ਕਦੀ ਵੀ ਮੈਨੂੰ ਕਿਸੇ ਡੇਰੇ ਜਾਂ ਘਰ ਵਿਚ ਹੱਥ-ਲਿਖਤ ਦੀ ਹੋਂਦ ਦੀ ਸੂੰਘ ਮਿਲਦੀ ਰਹੀ, ਮੈਂ ਉਸ ਨੂੰ ਨਸ਼ਟ ਹੋਣ ਤੋਂ ਬਚਾਉਣ ਲਈ ਆਪਣੀ ਪਹੁੰਚ ਵਿਚਲਾ ਹਰ ਸੰਭਵ ਉਪਰਾਲਾ ਕਰਦਾ ਰਿਹਾ। ਮੁੱਲ ਮਿਲੀ ਤਾਂ ਮੁੱਲ ਤਾਰਿਆ, ਮੁਫ਼ਤ ਮਿਲੀ ਤਾਂ ਧੰਨਵਾਦ ਕਰ ਕੇ ਸਾਂਭ ਲਈ, ਮਾਂਗਵੀਂ ਮਿਲੀ ਤਾਂ ਵੀ ਲੈ ਆਂਦੀ; ਜੇ ਨਿਜੀ ਲਾਇਬ੍ਰੇਰੀ ਲਈ ਨਾ ਮਿਲ ਸਕੀ ਤਾਂ ਕਿਸੇ ਯੂਨੀਵਰਸਿਟੀ ਦੀ ਲਾਇਬ੍ਰੇਰੀ ਦਾ ਜਾਂ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਦਾ ਰਾਹ ਦੱਸਣ ਦੀ ਕੋਸ਼ਿਸ਼ ਕੀਤੀ ਪਰ ਜਦੋਂ ਵੇਖਿਆ ਕਿ ਕਿਸੇ ਪੈਂਤੜੇ ਤੋਂ ਵੀ ਸਫਲਤਾ ਨਹੀਂ ਮਿਲ ਰਹੀ ਤਾਂ ਹੱਥ-ਲਿਖਤਾਂ ਵੇਚਣ ਵਾਲਿਆਂ ਨੂੰ ਆਪਣੇ ਲੱਭੇ ਟਿਕਾਣਿਆਂ ਦੀ ਸੂਹ ਦੇ ਦਿੱਤੀ। ਆਪਣੇ ਹੂੰਝਾ-ਫੇਰ ਜਤਨ ਦੇ ਨਾਲ ਨਾਲ ਮੈਂ ਆਪਣੇ ਵਿਦਿਆਰਥੀਆਂ ਤੇ ਸੰਪਰਕ ਵਿਚ ਆਉਣ ਵਾਲੇ ਹਰ ਸੂਝਵਾਨ ਵਿਅਕਤੀ ਨੂੰ, ਹਰ ਤਰ੍ਹਾਂ ਦੀਆਂ ਹੱਥ-ਲਿਖਤਾਂ ਇਕੱਠੀਆਂ ਕਰਨ ਦੀ ਪ੍ਰੇਰਨਾ ਵੀ ਦੇਂਦਾ ਰਿਹਾ।

ਜਦੋਂ ਪੰਜਾਬੀ ਸਾਹਿੱਤ ਅਕਾਡਮੀ ਦੇ ਰਿਸਾਲੇ *ਆਲੋਚਨਾ* ਦੇ ਸੰਪਾਦਨ ਦੀ ਸੇਵਾ ਮੇਰੇ ਜ਼ਿੰਮੇ ਲੱਗੀ ਹੋਈ ਸੀ, ਓਦੋਂ ਮੈਂ ਇਕ ਸੰਪਾਦਕੀ ਲਿਖਿਆ ਸੀ, ਜਿਸ ਦਾ ਸਿਰਲੇਖ ਸੀ "ਹੱਥ-ਲਿਖਤਾਂ ਦੀ ਸੰਭਾਲ"। ਉਸ ਲੇਖ ਵਿਚ ਮੈਂ ਆਪਣੇ ਕੁੱਝ ਹੱਡੀਂ-ਝਾਗੇ, ਅੱਖੀਂ-ਡਿੱਠੇ ਤੇ ਕੰਨੀਂ-ਸੁਣੇ ਅਨੁਭਵਾਂ ਦੇ ਹਵਾਲੇ ਦੇ ਦੇ ਕੇ ਇਹ ਦ੍ਰਿੜਾਉਣ ਦਾ ਜਤਨ ਕੀਤਾ ਸੀ ਕਿ ਪੰਜਾਬ ਦੇ ਲਿਖਤੀ ਭੰਡਾਰ, ਥੋਕ ਦੇ ਹਿਸਾਬ ਨਾਲ, ਨਸ਼ਟ ਹੋਈ ਜਾ ਰਹੇ ਹਨ, ਇਸ ਲਈ ਇਨ੍ਹਾਂ ਦੀ ਸੁਰੱਖਿਆ ਵੱਲ ਜੰਗੀ ਪੱਧਰ ਉੱਤੇ ਧਿਆਨ ਦੇਣ ਦੀ ਲੋੜ ਹੈ। ਜੈ ਸਿੰਘ ਦੀ

---

* ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ 29.3.1993 ਨੂੰ ਹੱਥ-ਲਿਖਤਾਂ ਬਾਰੇ ਕਰਵਾਏ ਗਏ ਸੈਮੀਨਾਰ ਦਾ ਬੀਜ ਭਾਸ਼ਣ।

WWW.SIKHBOOKCLUB.COM

ਇਕ ਅਣਛਪੀ ਰਚਨਾ ਨੂੰ ਲੜੀਵਾਰ *ਆਲੋਚਨਾ* ਵਿਚ ਛਾਪਣ ਦਾ ਸਿਲਸਿਲਾ ਵੀ ਓਦੋਂ ਹੀ ਸ਼ੁਰੂ ਕੀਤਾ ਸੀ।

ਮੈਨੂੰ ਇਹ ਲਗਨ ਕਿਵੇਂ ਲੱਗੀ, ਮੈਨੂੰ ਚੇਤੇ ਨਹੀਂ, ਪਰ ਏਨੀ ਗੱਲ ਪੱਕੀ ਹੈ ਕਿ ਦੇਸ ਦੀ ਵੰਡ ਤੋਂ ਪਹਿਲਾਂ ਮੇਰੇ ਪਾਸ ਕੁੱਝ ਬੜੇ ਕੀਮਤੀ ਖਰੜੇ ਹੁੰਦੇ ਸਨ, ਜਿਵੇਂ ਸੋਲ੍ਹਵੀਂ ਸਦੀ ਦੇ ਅੰਤਲੇ ਦਹਾਕੇ ਦੀ ਵਾਰਤਕ ਦਾ ਇਕ ਤਾਰੀਖ਼ਦਾਰ ਖਰੜਾ ਸੀ ਤੇ ਪਰਣਾਮੀ ਮਤ ਦੇ ਬੜੇ ਦੁਰਲੱਭ ਅਤੇ, ਆਮ ਤੌਰ ਉੱਤੇ ਗੁਪਤ ਰੱਖੇ ਜਾਂਦੇ, ਬੜੀ ਬਰੀਕ ਪਰ ਸੁੰਦਰ ਲਿਖਾਈ ਦੇ ਦੋ ਮੁਕੰਮਲ ਗ੍ਰੰਥ ਸਨ ਅਤੇ ਮੇਰੇ ਪਿਤਾ ਜੀ ਦੀਆਂ ਅਣ-ਛਪੀਆਂ ਕਾਵਿ-ਰਚਨਾਵਾਂ ਦੇ ਦੋ ਤਿੰਨ ਗੁਟਕੇ ਸਨ। ਇਹ ਤੇ ਹੋਰ ਬਹੁਤ ਦੁਰਲੱਭ ਲਿਖਤਾਂ 1947 ਦੇ ਫ਼ਸਾਦਾਂ ਵਿਚ ਲਾਹੌਰ ਰਹਿ ਗਈਆਂ। ਮੇਰੇ ਲਈ ਇਹ ਇਕ ਪੂਰਾ ਨਾ ਹੋ ਸਕਣ ਵਾਲਾ ਨੁਕਸਾਨ ਸੀ। ਇਸ ਦੁਰਘਟਨਾ ਨੇ ਮੇਰੇ ਅੰਦਰ ਖਰੜਿਆਂ ਦੀ ਸੰਭਾਲ ਦੀ ਲੋੜ ਦੇ ਇਹਸਾਸ ਨੂੰ ਬੇਹਦ ਤਿੱਖਾ ਕਰ ਦਿੱਤਾ। ਏਧਰਲੇ ਪੰਜਾਬ ਵਿਚ ਆ ਕੇ, ਜਦ ਵੀ ਤੇ ਜਿੱਥੇ ਕਿਤੇ ਖਰੜਿਆਂ ਦਾ ਪਤਾ ਲਗਦਾ ਰਿਹਾ, ਮੈਂ ਉਨ੍ਹਾਂ ਦੀ ਸੰਭਾਲ ਲਈ ਤਰਲੋ-ਮੱਛੀ ਹੁੰਦਾ ਰਿਹਾ ਤੇ ਜਿੰਨਾ ਚਿਰ ਉਹ ਮੇਰੀ ਆਪਣੀ ਜਾਂ ਕਿਸੇ ਹੋਰ ਲਾਇਬ੍ਰੇਰੀ ਵਿਚ ਸੁਰੱਖਿਅਤ ਨਹੀਂ ਸਨ ਹੋ ਜਾਂਦੇ, ਓਨਾ ਚਿਰ ਮੇਰੀ ਨੀਂਦਰ ਉਚਾਟ ਹੋਈ ਰਹਿੰਦੀ ਸੀ।

ਮੈਨੂੰ ਮਹਿੰਦਰ ਕਾਲਜ, ਪਟਿਆਲਾ ਵਿਚ 1950 ਤੋਂ 1963 ਤਕ ਪੰਜਾਬੀ ਪੜ੍ਹਾਉਣ ਦਾ ਮੌਕਾ ਮਿਲਿਆ। ਡੀ.ਪੀ.ਆਈ. ਦੀ ਆਗਿਆ ਲੈ ਕੇ ਮੈਂ ਕਾਲਜ ਲਈ ਵੀ ਕੁੱਝ ਖਰੜੇ ਤੇ ਦੁਰਲੱਭ ਪੁਸਤਕਾਂ ਖ਼ਰੀਦੀਆਂ ਸਨ। ਮੈਨੂੰ ਯਕੀਨ ਹੈ ਕਿ ਇਹ ਨਗ ਇਸ ਕਾਲਜ ਦੀ ਲਾਇਬ੍ਰੇਰੀ ਵਿਚ ਮੌਜੂਦ ਹੋਣਗੇ। ਪਟਿਆਲੇ ਦੀ ਸੈਂਟ੍ਰਲ ਪਬਲਿਕ ਲਾਇਬ੍ਰੇਰੀ ਨੂੰ ਖਰੜੇ ਖ਼ਰੀਦਣ ਲਈ ਕੁੱਝ ਰਕਮ ਉਸ ਵੇਲੇ ਦੇ ਗਵਰਨਰ ਵੱਲੋਂ ਮਨਜ਼ੂਰ ਹੋਈ ਤਾਂ ਖਰੜਿਆਂ ਦੀ ਚੋਣ ਤੇ ਖ਼ਰੀਦ ਦੀ ਸੇਵਾ ਮੇਰੇ ਜ਼ਿੰਮੇ ਲੱਗੀ। ਇਸ ਲਾਇਬ੍ਰੇਰੀ ਦੀਆਂ ਕਈ ਅਨੂਪਮ ਹੱਥ-ਲਿਖਤਾਂ, ਜਿਵੇਂ ਸੰਮਤ 1747 ਬਿਕਰਮੀ ਦੀ ਪੁਰਾਤਨ ਜਨਮਸਾਖੀ (ਖਰੜਾ ਨੰਬਰ 2913), ਮੇਰੀਆਂ ਖ਼ਰੀਦੀਆਂ ਹੋਈਆਂ ਹਨ। ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ ਨਾਲ ਸੰਬੰਧ ਜੁੜਿਆ ਤਾਂ ਉਸ ਦੀ ਲਾਇਬ੍ਰੇਰੀ ਵਿਚ ਹੱਥ-ਲਿਖਤਾਂ ਦੀ ਖ਼ਰੀਦ ਦਾ ਕੰਮ ਸ਼ੁਰੂ ਕਰਵਾ ਦਿੱਤਾ। ਭਾਰਤੀ ਸਾਹਿੱਤ ਅਕਾਡਮੀ, ਨਵੀਂ ਦਿੱਲੀ ਦਾ ਸਲਾਹਕਾਰ ਬਣਿਆ ਤਾਂ ਉਸ ਨੂੰ ਵੀ ਪੰਜਾਬੀ ਦੀਆਂ ਹੱਥ-ਲਿਖਤਾਂ ਦੀ ਖ਼ਰੀਦਾਰੀ ਵੱਲ ਲਾਇਆ। ਪੈਪਸੂ ਸਰਕਾਰ ਦੇ ਪੁਰਾਲੇਖ ਵਿਭਾਗ ਵੱਲੋਂ, ਇਤਿਹਾਸਿਕ ਦਸਤਾਵੇਜ਼ਾਂ ਤੇ ਹੋਰ ਹੱਥ-ਲਿਖਤਾਂ ਦੀ ਭਾਲ ਲਈ ਇਕ ਕਮੇਟੀ ਥਾਪੀ ਗਈ, ਜਿਸ ਦਾ ਮੈਨੂੰ ਵੀ ਮੈਂਬਰ ਬਣਾਇਆ ਗਿਆ। ਹੋਰ ਕੋਈ ਮੈਂਬਰ ਹਿੱਲਿਆ ਜਾਂ ਨਾ, ਮੈਂ ਕਈ ਪਿੰਡਾਂ ਦੇ ਦੌਰੇ ਕੀਤੇ ਤੇ ਹਰ ਦੌਰੇ ਦੀ ਰਪੋਟ ਇਸ ਵਿਭਾਗ ਨੂੰ, ਆਪਣੀਆਂ ਸਿਫ਼ਾਰਸ਼ਾਂ ਸਮੇਤ ਭੇਜਦਾ ਰਿਹਾ। ਵਿਭਾਗ ਨੇ ਮੇਰੀ ਨਿਸ਼ਾਨਦਿਹੀ ਵਾਲੀਆਂ ਕਈ ਵਸਤਾਂ ਪ੍ਰਾਪਤ ਕੀਤੀਆਂ। ਜਲੰਧਰ ਦੇ ਇਕ ਪਿੰਡ ਰਸੂਲਪੁਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਕ ਬੀੜ ਮਿਲੀ ਜਿਸ ਉੱਤੇ ਰਾਣੀ ਜਿੰਦਾਂ ਦੀ ਇਕ ਦਾਸੀ ਦੀ ਮਲਕੀਅਤ ਹੋਣ ਦੀ ਸੂਚਨਾ ਦਿੱਤੀ ਹੋਈ ਸੀ। ਨਵੀਂ ਬੀੜ ਦੇ ਕੇ ਇਸ ਬੀੜ ਨੂੰ ਪ੍ਰਾਪਤ ਕਰਨ ਦਾ ਸੁਝਾਉ ਮੈਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਲਿਖ ਭੇਜਿਆ ਸੀ। ਮੈਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਚ ਕੰਮ ਕਰਨ ਦਾ ਮੌਕਾ ਮਿਲਿਆ ਤਾਂ ਓਥੇ ਵੀ ਯੂਨੀਵਰਸਿਟੀ ਲਾਇਬ੍ਰੇਰੀ ਵਿਚ ਖਰੜਿਆਂ ਦੀ ਖ਼ਰੀਦ ਦਾ ਕੰਮ ਜ਼ੋਰ-ਸ਼ੋਰ ਨਾਲ ਸ਼ੁਰੂ ਕਰਵਾ ਦਿੱਤਾ। ਇਸ ਯੂਨੀਵਰਸਿਟੀ ਦੇ ਸ਼ਾਨਦਾਰ ਹੱਥ-ਲਿਖਤ [illegible] ਵੱਧ ਭਾਵੇਂ ਹੋਵੇ, ਕਿਸੇ ਤੋਂ ਘੱਟ ਨਹੀਂ

WWW.SIKHBOOKCLUB.COM 

ਕਹੀ ਜਾ ਸਕਦੀ।

ਮੈਂ ਇਹ ਤਾਂ ਨਹੀਂ ਕਹਿੰਦਾ ਕਿ ਮੇਰੀਆਂ ਇਨ੍ਹਾਂ ਸਰਗਰਮੀਆਂ ਨਾਲ ਖਰੜਿਆਂ ਦੀ ਸੰਭਾਲ ਦੇ ਹੱਕ ਵਿਚ ਕੋਈ ਪੰਜਾਬ-ਵਿਆਪੀ ਲਹਿਰ ਚੱਲ ਪਈ, ਪਰ ਏਨਾ ਜ਼ਰੂਰ ਹੋਇਆ ਕਿ ਖੋਜ ਦੇ ਬਿਖੜੇ ਪੈਂਡੇ ਦੇ ਕੁੱਝ ਪਾਂਧੀਆਂ ਨੇ ਮੇਰੇ ਦੀਵੇ ਤੋਂ ਆਪਣੇ ਦੀਵੇ ਜਗਾਉਣ ਦੀ ਪ੍ਰੇਰਨਾ ਲੈ ਲਈ। ਇਨ੍ਹਾਂ ਵਿੱਚੋਂ ਇਕ ਹਨ ਮੇਰੇ ਵਿਦਵਾਨ ਮਿੱਤਰ ਡਾ. ਅਜਮੇਰ ਸਿੰਘ, ਜੋ ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਸਾਹਿੱਤ ਅਧਿਐਨ ਵਿਭਾਗ ਦੇ ਵਰਤਮਾਨ ਮੁਖੀ ਹਨ।

ਇਉਂ ਲਗਦਾ ਹੈ ਕਿ ਹੱਥ-ਲਿਖਤਾਂ ਦੇ ਕਿਸੇ ਵੀ ਪੱਖ ਨੂੰ ਗੰਭੀਰ ਅਕਾਦਮਿਕ ਗੋਸ਼ਟ ਦਾ ਵਿਸ਼ਾ ਬਣਾਉਣ ਦਾ ਫੁਰਨਾ, ਸਭ ਤੋਂ ਪਹਿਲਾਂ, ਪੰਜਾਬੀ ਯੂਨੀਵਰਸਿਟੀ ਦੇ ਅਧਿਕਾਰੀਆਂ ਨੂੰ ਹੀ ਫੁਰਿਆ ਹੈ। ਪੰਜਾਬ ਦੀ ਹਰ ਯੂਨੀਵਰਸਿਟੀ ਵਿਚ ਉਚੇਰੇ ਕਾਰਜਾਂ ਦੇ ਪ੍ਰੋਗਰਾਮ ਚਾਲੂ ਹਨ। ਇਨ੍ਹਾਂ ਵਿੱਚੋਂ ਬਹੁਤ ਸਾਰੇ ਪ੍ਰੋਗਰਾਮਾਂ ਵਿਚ ਹੱਥ-ਲਿਖਤਾਂ ਦੀ ਲੋੜ ਪੈਂਦੀ ਹੈ। ਇਸ ਲਈ ਚਾਹੀਦਾ ਤਾਂ ਇਹ ਸੀ ਕਿ ਯੂਨੀਵਰਸਿਟੀਆਂ ਵਿਚ ਹੱਥ-ਲਿਖਤਾਂ ਦੇ ਕਿਸੇ ਨਾ ਕਿਸੇ ਪੱਖ ਉੱਤੇ ਚਾਨਣ ਕੇਂਦਰਿਤ ਕਰਨ ਲਈ ਇਸ ਤਰ੍ਹਾਂ ਦੇ ਸੈਮੀਨਾਰ ਹੁੰਦੇ ਹੀ ਰਹਿੰਦੇ, ਪਰ ਇਉਂ ਹੋਇਆ ਨਹੀਂ। ਆਸ ਹੈ ਕਿ ਇਸ ਸੈਮੀਨਾਰ ਦੀ ਸਫਲਤਾ ਨੂੰ ਵੇਖ ਕੇ ਹੋਰ ਯੂਨੀਵਰਸਿਟੀਆਂ, ਭਾਸ਼ਾ ਵਿਭਾਗ, ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ ਤੇ ਕੇਂਦਰੀ ਪੰਜਾਬੀ ਲੇਖਕ ਸਭਾ ਵਰਗੀਆਂ ਸੰਸਥਾਵਾਂ ਵੀ ਇਸ ਖੇਤਰ ਬਾਰੇ ਆਪਣੀ ਚੁੱਪ ਨੂੰ ਤੋੜਨਾ ਸ਼ੁਰੂ ਕਰ ਲੈਣਗੀਆਂ। ਸਾਡੇ ਸਾਰਿਆਂ ਵੱਲੋਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਇਸ ਪਾਸੇ ਵੱਲ ਪੁੱਟੇ ਪਹਿਲੇ ਕਦਮ ਉੱਤੇ ਨਿੱਘੀ ਵਧਾਈ ਦੇਣੀ ਬਣਦੀ ਹੈ।

ਪੰਜਾਬੀ ਸਾਹਿੱਤ ਅਧਿਐਨ ਵਿਭਾਗ ਨੇ ਅੱਜ ਦੇ ਸੈਮੀਨਾਰ ਦਾ ਵਿਸ਼ਾ ਹੱਥ-ਲਿਖਤਾਂ ਦੇ ਸੰਪਾਦਨ ਦੀ ਵਿਧੀ ਨਾਲ ਜੋੜਿਆ ਹੋਇਆ ਹੈ। ਸੰਪਾਦਨ ਉਸੇ ਲਿਖਤ ਦਾ ਸੰਭਵ ਹੈ ਜੋ ਅਜੇ ਨਸ਼ਟ ਨਹੀਂ ਹੋਈ ਤੇ ਕਿਤੇ ਨਾ ਕਿਤੇ ਸਾਂਭੀ ਪਈ ਹੈ ਅਤੇ ਹੈ ਵੀ ਕਿਸੇ ਨਾ ਕਿਸੇ ਸੰਪਾਦਕ ਦੀ ਪਹੁੰਚ ਵਿਚ। ਜੇ ਹੱਥ-ਲਿਖਤ ਕਿਸੇ ਨਿਜੀ ਲਾਇਬ੍ਰੇਰੀ ਵਿਚ ਮੌਜੂਦ ਤਾਂ ਹੋਵੇ, ਪਰ ਖੋਜੀ ਜਾਂ ਸੰਪਾਦਕ ਨੂੰ ਉਸ ਉੱਤੇ ਘੋਖਵੀਂ ਨਜ਼ਰ ਮਾਰਨ ਤੇ ਉਸ ਨੂੰ ਲੋਕਾਂ ਦੇ ਸਾਹਮਣੇ ਲਿਆਉਣ ਦੀ ਆਗਿਆ ਨਾ ਮਿਲ ਸਕੇ ਤਾਂ ਵਿਚਾਰਾ ਸੰਪਾਦਕ ਸਰੋਵਰ ਦੇ ਕੰਢੇ ਖੜੋਤਾ ਹੋਇਆ ਵੀ ਤ੍ਰਿਖਾਵੰਤ ਹੀ ਰਹੇਗਾ। ਇਸ ਲਈ ਮੇਰਾ ਜੀ ਕਰਦਾ ਹੈ ਕਿ ਮੈਂ ਸੰਪਾਦਨ ਦੀ ਵਿਧੀ ਦੀ ਕੋਈ ਗੱਲ ਛੇੜਨ ਤੋਂ ਪਹਿਲਾਂ ਹੱਥ-ਲਿਖਤਾਂ ਦੇ ਕੁੱਝ ਮੁੱਢਲੇ ਪੱਖਾਂ ਬਾਰੇ ਆਪ ਨਾਲ ਆਪਣੇ ਵਿਚਾਰ ਸਾਂਝੇ ਕਰ ਲਵਾਂ।

ਅੱਜ ਛਾਪੇ ਦੇ ਰਿਵਾਜ, ਹੂ-ਬ-ਹੂ ਉਤਾਰਿਆਂ ਦੀਆਂ ਮਸ਼ੀਨੀ ਸਹੂਲਤਾਂ, ਆਵਾਜਾਈ, ਲਿਜਾਈ-ਢੁਆਈ ਤੇ ਪੁਚਾਈ ਦੇ ਸਾਧਨਾਂ ਦੀ ਅਤਿਅੰਤ ਤਿੱਖੀ ਤੋਰ ਦੇ ਕਾਰਨ ਇੱਕੋ ਰਚਨਾ ਇੱਕੋ ਵੇਲੇ ਲੱਖਾਂ ਲੋਕਾਂ ਦਿਆਂ ਹੱਥਾਂ ਵਿਚ ਪਹੁੰਚ ਸਕਦੀ ਹੈ। ਇਸ ਲਈ ਸਧਾਰਨ ਪਾਠਕ ਹੱਥ-ਲਿਖਤ ਦੀ ਥਾਂ ਟਾਈਪ ਦੀ ਜਾਂ ਛਾਪੇ ਦੀ ਸਾਫ਼ ਤੇ ਛੇਤੀ ਪੜ੍ਹੀ ਜਾਣ ਵਾਲੀ ਲਿਖਤ ਨੂੰ ਵਧੇਰੇ ਪਸੰਦ ਕਰਦਾ ਹੈ। ਗੁਰਮੁਖੀ ਦੀ ਪੁਰਾਣੀ ਲਿਖਾਈ ਨਿਰੰਤਰ ਚਲਦੀ ਸੀ, ਉਸ ਵਿਚ ਪਦ-ਛੇਦ ਦਾ ਰਿਵਾਜ ਨਹੀਂ ਸੀ ਹੁੰਦਾ। ਇਸ ਲਈ ਪੁਰਾਣੀਆਂ ਲਿਖਤਾਂ ਦਾ ਪਾਠ ਕਰਨਾ ਅੱਜ ਵਿਸ਼ੇਸ਼ੱਗਾਂ ਦਾ ਕੰਮ ਬਣ ਚੁੱਕਾ ਹੈ। ਉੱਨੀਵੀਂ ਸਦੀ ਦੇ ਦੂਜੇ ਅੱਧ ਤੋਂ ਹੱਥ-ਲਿਖਤਾਂ ਦੀ ਵਰਤੋਂ ਘਟਣੀ ਸ਼ੁਰੂ ਹੋਈ। ਪਹਿਲਾਂ ਤਾਂ ਕਲਮੀ ਕਿਤਾਬਾਂ ਦੀ ਛਾਂ ਛਪੀਆਂ ਕਿਤਾਬਾਂ ਦੇ ਪ੍ਰਵੇਸ਼ ਦੀ ਚਾਲ ਸੁਸਤ ਰਹੀ, ਪਰ ਛੇਤੀ ਹੀ ਛਾਪੇ ਨੇ ਹੱਥ-ਲਿਖਤਾਂ ਨੂੰ ਮੈਦਾਨ ਵਿੱਚੋਂ [illegible] ਲੱਗੀ। ਇਹੀ ਨਹੀਂ, ਹੱਥ-

WWW.SIKHBOOKCLUB.COM

ਦੀ ਕਦਰ-ਕੂਤ ਵਧਣ ਦੀ ਥਾਂ, ਉਨ੍ਹਾਂ ਦੀ ਬੇਕਦਰੀ ਹੋਣ ਲਗ ਪਈ। ਅਜਿਹੇ ਮਾਹੌਲ ਵਿਚ ਹੱਥ-ਲਿਖਤਾਂ ਦੇ ਭੰਡਾਰਾਂ ਦਾ ਨੁਕਸਾਨ ਹੋਣਾ ਕੁਦਰਤੀ ਸੀ। ਬਹੁਤ ਘੱਟ ਲੋਕਾਂ ਵਿਚ ਕਿਸੇ ਪੁਸਤਕ ਦੇ ਪੁਰਾਤਨ ਹੱਥ-ਲਿਖਤੀ ਸਰੂਪ ਨੂੰ ਸੁਰੱਖਿਅਤ ਕਰਨ ਦੀ ਭਾਵਨਾ ਜਾਗਦੀ ਰਹੀ। ਜਿਨ੍ਹਾਂ ਲੋਕਾਂ ਲਈ ਗੁਰਮੁਖੀ ਅੱਖਰਾਂ ਦਾ ਨਿਰਾਦਰ ਅਸਹਿ ਸੀ, ਉਹ ਆਪਣੀਆਂ ਬਿਰਧ ਪੁਸਤਕਾਂ ਦਾ ਸਸਕਾਰ ਕਰ ਕੇ ਆਪਣਾ ਅੱਗਾ ਸਵਾਰਨ ਦਾ ਪ੍ਰਬੰਧ ਕਰ ਲੈਂਦੇ ਰਹੇ! ਹੈਰਾਨੀ ਦੀ ਗੱਲ ਇਹ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵੱਲੋਂ ਇਹ ਕਾਰਜ ਹੁਣ ਵੀ ਨਿਰੰਤਰ ਕੀਤਾ ਜਾ ਰਿਹਾ ਹੈ।

ਵੀਹਵੀਂ ਸਦੀ ਦਾ ਆਰੰਭ ਠੀਕ ਸਮਾਂ ਸੀ ਹੱਥ-ਲਿਖਤਾਂ ਨੂੰ ਸੰਭਾਲਣ ਦਾ, ਪਰ ਵੇਲੇ ਸਿਰ ਇਨ੍ਹਾਂ ਦੀ ਸੰਭਾਲ ਨਾ ਹੋਣ ਦੇ ਕਾਰਨ ਅਨੇਕ ਪੋਥੀਆਂ ਰੱਦੀ ਵਜੋਂ ਹੂੰਝੀਆਂ ਗਈਆਂ ਜਾਂ ਗਾਚਨੀ ਵਿਚ ਗਾਲ ਕੇ ਬੋਹੀਏ ਬਣਾਉਣ ਦੇ ਕੰਮ ਆਈਆਂ ਤੇ ਜਾਂ ਫੇਰ 'ਬੇਅਦਬੀ ਤੋਂ ਬਚਾਉਣ ਦੀ ਖ਼ਾਤਰ' ਨਦੀਆਂ-ਨਾਲਿਆਂ ਵਿਚ ਰੋੜ੍ਹ ਦਿੱਤੀਆਂ ਗਈਆਂ। ਵਿਆਪਕ ਨਿਕਦਰੀ ਦੇ ਕਾਰਨ ਖੋਟ ਦੇ ਨਾਲ ਖਰਾ ਸੋਨਾ ਵੀ ਨਸ਼ਟ ਹੁੰਦਾ ਰਿਹਾ।

ਜੇ ਕਿਤੇ ਇਹ ਚੇਤਨਾ ਸਾਡੇ ਲੋਕਾਂ ਵਿਚ ਆਮ ਹੁੰਦੀ ਕਿ ਸਾਡੇ ਪੇਸ਼ਾਵਰ ਲਿਖਾਰੀਆਂ ਨੂੰ ਹੱਥਾਂ ਨਾਲ ਲਿਖ ਕੇ ਪੋਥੀਆਂ ਤਿਆਰ ਕਰਨ ਲਈ ਬੜਾ ਔਖਾ ਹੋਣਾ ਪੈਂਦਾ ਸੀ, ਤਾਂ ਵੀ ਹੋ ਸਕਦਾ ਸੀ ਕਈ ਪੋਥੀਆਂ, ਲੇਖਕਾਂ ਤੇ ਲਿਖਾਰੀਆਂ ਦੀ ਘਾਲ ਦੇ ਸਤਕਾਰ ਵਜੋਂ ਹੀ ਨਸ਼ਟ ਹੋਣ ਤੋਂ ਬਚ ਰਹਿੰਦੀਆਂ ਪਰ ਬਦਲੇ ਹੋਏ ਹਾਲਾਤ ਵਿਚ ਕਿਸ ਨੂੰ ਲੋੜ ਜਾਂ ਵਿਹਲ ਸੀ ਇਹ ਚੇਤੇ ਰੱਖਣ ਦੀ ਕਿ ਬੀਤੇ ਸਮੇਂ ਵਿਚ ਅੱਛੀ ਵੰਨਗੀ ਦੇ ਲਿਖਣਜੋਗ ਤੇ ਹੰਢਣਸਾਰ ਕਾਗਜ਼ ਦੀ ਬੜੀ ਥੁੜ ਹੁੰਦੀ ਸੀ; ਅੱਛੀ ਸਿਆਹੀ, ਜੋ ਬਰਸਾਤ ਵਿਚ ਆਹਮੋ-ਸਾਹਮਣੇ ਦੇ ਲਿਖੇ ਹੋਏ ਪੱਤਰਿਆਂ ਨੂੰ ਇਕ ਦੂਜੇ ਨਾਲ ਚਿਪਕਣ ਨਾ ਦੇਂਦੀ, ਬਜ਼ਾਰੋਂ ਮਿਲਦੀ ਨਹੀਂ ਸੀ ਤੇ ਆਪ ਬਣਾਉਣੀ ਹਾਰੀ-ਸਾਰੀ ਦਾ ਕੰਮ ਨਹੀਂ ਸੀ (ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਅਨੇਕ ਲਿਖਤੀ ਬੀੜਾਂ ਦੇ ਅੰਤ ਵਿਚ 'ਸਿਆਹੀ ਕੀ ਬਿਧਿ' ਵਾਲਾ ਇੰਦਰਾਜ ਇਸੇ ਲਈ ਜ਼ਰੂਰੀ ਸਮਝਿਆ ਜਾਂਦਾ ਸੀ[1])। ਇਕਸਾਰ, ਸਾਫ਼-ਸਾਫ਼, ਸ਼ੁੱਧ ਤੇ ਸੁੰਦਰ ਲਿਖਾਈ ਕਰ ਸਕਣ ਵਾਲਾ ਲਿਖਾਰੀ ਕਿਸਮਤ ਨਾਲ ਹੀ ਮਿਲਦਾ ਸੀ ਅਤੇ ਹੰਢਣਸਾਰ ਜਿਲਦ ਬੰਨ੍ਹ ਸਕਣ ਵਾਲਾ ਪੇਸ਼ਾਵਰ ਜਿਲਦਸਾਜ਼ ਲੱਭਣਾ ਉਸ ਤੋਂ ਵੀ ਮੁਸ਼ਕਲ ਕੰਮ ਹੁੰਦਾ ਸੀ। ਦਿਨੇ ਸੂਰਜ ਦੇ ਚਾਨਣ ਵਿਚ ਤਾਂ ਚਲੋ ਲਿਖਾਰੀ ਕੰਮ ਕਰ ਲੈਂਦਾ ਸੀ, ਪਰ ਰਾਤ ਨੂੰ ਕੰਮ ਕਰਨ ਲਈ ਕੌੜੇ ਤੇਲ ਵਾਲੇ ਦੀਵੇ ਹੀ ਹੁੰਦੇ ਸਨ। ਇਉਂ ਲੇਖਕਾਂ ਤੇ ਲਿਖਾਰੀਆਂ ਕੋਲ, ਕੰਮ ਵਾਲਾ ਸਮਾਂ ਸਾਡੇ ਨਾਲੋਂ ਅੱਧਾ ਵੀ ਨਹੀਂ ਸੀ ਹੁੰਦਾ।

---

1. ਮਸਲਨ, ਲੇਖਕ ਦੀ ਨਿਜੀ ਲਾਇਬ੍ਰੇਰੀ ਵਿਚ ਸੁਰੱਖਿਅਤ ਸੰਮਤ 1884 (1827 ਈ.) ਦੀ ਲਿਖੀ ਬੀੜ ਦੇ ਅੰਤ ਵਿਚ ਇਹ ਨੁਸਖ਼ਾ ਦਿੱਤਾ ਹੋਇਆ ਹੈ:
   ਸਿਆਹੀ ਕੀ ਬਿਧਿ॥
   ੧. ਬੋਲੁ
   ੨. ਗੂੰਦ ਕਿੱਕਰ ਕਾ ਸਿਰਸਾਹੀ ਦੋਇ
   ੧. ਇਕ ਰਤੀ ਲਾਜਵਰਦ
   ੧. ਇਕ ਰਤੀ ਸੁਇਨਾ
   ਬਿਜੇ ਸਾਰ ਕਾ ਪਾਣੀ ਤਾਂਮੇ ਕਾ ਭਾਂਡਾ ਨਿੰਮ ਕੀ ਲਕੜੀ
   [illegible] ਦਿਨ ਵੀਹ [illegible]॥

WWW.SIKHBOOKCLUB.COM

ਸਮੇਂ ਦੀ ਬਦਲੀ ਨਾਲ ਹੱਥ-ਲਿਖਤਾਂ ਨੂੰ ਵਾਪਰਨ ਵਾਲਾ ਨੁਕਸਾਨ ਇਕ ਵੰਨਗੀ ਦਾ ਹੈ। ਨੁਕਸਾਨ ਪੁਚਾਉਣ ਵਾਲੀਆਂ ਹੋਰ ਧਿਰਾਂ ਵੀ ਬਥੇਰੀਆਂ ਸਨ। ਮਸਲਨ, ਮਕਾਨ, ਆਮ ਤੌਰ ਉੱਤੇ, ਕੱਚੇ ਹੁੰਦੇ ਸਨ, ਜੋ ਬਰਸਾਤ ਵਿਚ ਡਿੱਗਣ ਤੋਂ ਬਚ ਰਹਿੰਦੇ ਤਾਂ ਚੋਣ ਤੋਂ ਨਹੀਂ ਸਨ ਬਚ ਸਕਦੇ; ਹੜ੍ਹ ਆਉਂਦਾ ਤਾਂ ਸਾਰਾ ਪਿੰਡ ਮਿੱਟੀ ਦੀ ਢੇਰੀ ਬਣ ਜਾਂਦਾ। ਕਾਲ ਪੈਂਦਾ ਜਾ ਮਹਾਮਾਰੀ ਆ ਪੈਂਦੀ ਤਾਂ ਪਿੰਡਾਂ ਦੇ ਪਿੰਡ ਖ਼ਾਲੀ ਹੋ ਜਾਂਦੇ; ਲੁੱਟ ਮਾਰ ਹੁੰਦੀ, ਅੱਗਾਂ ਲਗਦੀਆਂ, ਘਰ ਛੱਡ ਕੇ ਨੱਸਣਾ ਪੈਂਦਾ ਤੇ ਜੇ ਏਨਾ ਕੁੱਝ ਹੋਣ ਦੇ ਬਾਵਜੂਦ ਕੁੱਝ ਹੱਥ-ਲਿਖਤਾਂ ਬਚ ਹੀ ਰਹਿੰਦੀਆਂ ਤਾਂ ਉਨ੍ਹਾਂ ਨੂੰ ਚਟਮ ਕਰਨ ਲਈ ਸਿਉਂਕ ਦੇ ਲੱਖਾਂ ਭੁੱਖੜੇ-ਮਾਰੇ ਕਾਮੇ ਆਪਣੇ ਢਿੱਡ ਵਜਾਉਂਦੇ ਹਰ ਵੇਲੇ ਹਾਜ਼ਰ ਹੁੰਦੇ ਸਨ।

ਇਕ ਇਤਿਹਾਸਿਕ ਘਟਨਾ ਹੈ ਕਿ ਸ਼ਹਿਨਸ਼ਾਹ ਬਾਬਰ ਆਪਣੀ 'ਤੁਜ਼ਕ' ਲਿਖ ਰਿਹਾ ਸੀ ਕਿ ਅੱਚਨਚੇਤ ਝੱਖੜ ਨੇ ਆ ਘੇਰਿਆ। ਸਾਂਭਦਿਆਂ-ਸਾਂਭਦਿਆਂ ਵੀ ਉਸ ਦੇ ਲਿਖੇ ਹੋਏ ਕਈ ਪੱਤਰੇ ਵਾ-ਵਰੋਲੇ ਦੀ ਲਪੇਟ ਵਿਚ ਆ ਗਏ। ਸਾਰੇ ਸ਼ਾਹੀ ਜਤਨਾਂ ਦੇ ਬਾਵਜੂਦ ਇਹ ਪੱਤਰੇ ਕਿਤੋਂ ਨਾ ਲੱਭ ਸਕੇ ਤੇ ਨਾ ਸ਼ਹਿਨਸ਼ਾਹ ਇਨ੍ਹਾਂ ਨੂੰ ਦੁਬਾਰਾ ਲਿਖਣ ਦਾ ਸਮਾਂ ਕੱਢ ਸਕਿਆ। ਇਹ ਲੋਪ ਹੋਏ ਪੱਤਰੇ ਉਨ੍ਹਾਂ ਤਰੀਕਾਂ ਦੇ ਸਨ, ਜਿਨ੍ਹਾਂ ਵਿਚ ਗੁਰੂ ਨਾਨਕ ਸਾਹਿਬ ਨਾਲ ਮੇਲ ਦੇ ਜ਼ਿਕਰ ਦੀ ਸੰਭਾਵਨਾ ਸੀ। ਜੇ ਅੱਜ ਵਾਂਗ ਕਮਰਿਆਂ ਦੇ ਅੰਦਰ ਦੇ ਮੌਸਮ ਨੂੰ ਆਪਣੀ ਲੋੜ ਅਨੁਸਾਰ ਢਾਲ ਸਕਣ ਦੇ ਜੰਤਰ ਬਾਬਰ ਵੇਲੇ ਮੌਜੂਦ ਹੁੰਦੇ ਤਾਂ ਝੱਖੜ ਉਸ ਦਾ ਕੁੱਝ ਨਹੀਂ ਸੀ ਵਿਗਾੜ ਸਕਦਾ ਪਰ ਉਨ੍ਹਾਂ ਦਿਨਾਂ ਵਿਚ ਜੋ ਬਾਬਰ ਨਾਲ ਇਹ ਕੁੱਝ ਵਾਪਰ ਸਕਦਾ ਸੀ ਤਾਂ ਪਿੰਡਾਂ ਦੇ ਖੁੱਲ੍ਹੇ ਨਜ਼ਾਰਿਆਂ ਵਿਚ ਰੁੱਖਾਂ ਥੱਲੇ ਬੈਠ ਕੇ ਲਿਖਣ ਵਾਲਿਆਂ ਨੂੰ ਹਨੇਰੀਆਂ ਤੇ ਝੱਖੜ ਆਪਣੇ ਕਾਗਜ਼-ਪੱਤਰ ਸੰਭਾਲਣ ਦਾ ਮੌਕਾ ਕਿੱਥੇ ਦੇਂਦੇ ਹੋਣਗੇ?

ਲਗਦੇ ਹੱਥ ਇਕ ਕਹਾਣੀ ਸਿਉਂਕ ਦੀ ਵੀ ਸੁਣ ਲਵ। ਮੈਂ ਇਕ ਪਿੰਡ ਵਿਚ ਖਰੜਿਆਂ ਦੀ ਭਾਲ ਵਿਚ ਗਿਆ। ਘਰ ਦੀ ਸੁਆਣੀ ਨੇ ਮੈਨੂੰ ਆਪਣੇ ਗੁਜ਼ਰ ਚੁੱਕੇ ਸਹੁਰੇ ਦੀਆਂ ਕਿਤਾਬਾਂ ਦੇ ਬੰਦ ਸੰਦੂਕ ਦੇ ਸਾਹਮਣੇ ਜਾ ਖੜਾ ਕੀਤਾ। "ਤੁਸੀਂ, ਵੀਰ ਜੀ! ਬਿਸ਼ੱਕ ਇਹ ਸਾਰੀਆਂ ਪੋਥੀਆਂ ਲੈ ਜਾਓ; ਅਸੀਂ ਸਾਰੇ ਅਨਪੜ੍ਹ ਢੱਗੇ ਆਂ, ਸਾਡੇ ਵਿੱਚੋਂ ਕਿਸੇ ਦੇ ਕੰਮ ਦੀਆਂ ਨਹੀਂ," ਉਸ ਨੇ ਕਿਹਾ ਤੇ ਤਾਲਾ ਖੋਲ੍ਹ ਦਿੱਤਾ।

ਮੈਂ ਦੁਰਲੱਭ ਖ਼ਜ਼ਾਨਾ ਹੱਥ ਲੱਗਣ ਦੀ ਆਸ ਨਾਲ ਸੰਦੂਕ ਦਾ ਢੱਕਣ ਖੋਲ੍ਹਿਆ। ਵਿਚ ਘਸਮੈਲੇ ਕੱਪੜਿਆਂ ਦੀਆਂ ਗੰਢੜੀਆਂ ਪਈਆਂ ਦਿੱਸੀਆਂ, ਹਰੇਕ ਗੰਢੜੀ ਦੇ ਉੱਤੇ ਗੰਢ ਬੱਝੀ ਹੋਈ ਸੀ। ਮੇਰਾ ਚਿਤ ਖਿੜ ਗਿਆ। ਦੁਰਲੱਭ ਲਿਖਤਾਂ ਸੰਭਾਲ ਕੇ ਰੱਖੀਆਂ ਸਨ ਕਿਸੇ ਕਦਰਦਾਨ ਨੇ। ਮੈਂ ਵਿੱਚੋ ਪਏ ਇਕ ਬਸਤੇ ਦੀ ਗੰਢ ਹੌਲੀ ਹੌਲੀ ਖੋਲ੍ਹੀ ਤੇ ਜਦੋਂ ਹੱਥ ਵਿਚਲੇ ਲੜਾਂ ਨੂੰ ਉੱਪਰ ਵੱਲ ਚੁੱਕਣਾ ਚਾਹਿਆ ਤਾਂ ਚਾਰੇ ਦੇ ਚਾਰੇ ਲੜ ਮੇਰੇ ਹੱਥ ਵਿਚ ਆ ਗਏ ਤੇ ਸਾਹਮਣੇ ਪੋਥੀਆਂ ਦੀ ਥਾਂ ਸਿਉਂਕ ਦੀ ਲਿਆਂਦੀ ਹੋਈ ਮਿੱਟੀ ਦੀ ਇਕ ਤਹਿ ਨਜ਼ਰ ਪਈ। ਮੈਂ ਸਮਝ ਗਿਆ ਕਿ ਕਾਰਾ ਤਾਂ ਸਾਰੇ ਬਕਸੇ ਦੇ ਖਰੜਿਆਂ ਉੱਤੇ ਵਰਤ ਚੁੱਕਾ ਹੋਵੇਗਾ। ਸਾਰੇ ਸੰਦੂਕ ਵਿਚ ਇਕ ਵੀ ਪੱਤਰਾ ਨਹੀਂ ਸੀ ਬਚਿਆ। ਸੰਦੂਕ ਦਾ ਵੀ ਬਾਹਰਲਾ ਛਿੱਲੜ ਜਿਹਾ ਹੀ ਬਚਿਆ ਸੀ, ਲੱਕੜ ਸਾਰੀ ਖਾਧੀ ਜਾ ਚੁੱਕੀ ਸੀ।

ਸਾਡੇ ਪੁਰਾਣੇ ਲੇਖਕਾਂ ਤੇ ਲਿਖਾਰੀਆਂ ਨੂੰ ਵੀ ਇਹੋ ਜਿਹੇ ਦਿਲਤੋੜ ਨਜ਼ਾਰਿਆਂ ਦੇ ਤਜਰਬੇ ਜ਼ਰੂਰ ਹੋਏ ਹੋਣਗੇ ਤੇ ਕਿਉਂਕਿ ਉਨ੍ਹਾਂ ਤੋਂ ਵੱਧ ਪੋਥੀਆਂ ਦੀ ਕਦਰ ਹੋਰ ਕੋਈ ਨਹੀਂ ਸੀ ਜਾਣ ਸਕਦਾ, ਇਸ ਲਈ ਉਹ ਇਨ੍ਹਾਂ ਦੀ ਰਾਖੀ ਲਈ ਕਈ ਤਰ੍ਹਾਂ ਦੀਆਂ ਜੁਗਤਾਂ ਲੱਭਦੇ ਤੇ ਵਰਤਦੇ ਰਹੇ। ਮਸਲਨ, ਪੋਥੀ ਦੇ ਆਦਿ ਤੇ ਅੰਤ ਵਿਚ ਢੇਰ ਸਾਰੇ ਖ਼ਾਲੀ ਪੱਤਰੇ

WWW.SIKHBOOKCLUB.COM 

ਦੇਣੇ ਤਾਂ ਜੋ ਸਿੱਲ੍ਹ ਤੇ ਸਿਉਂਕ ਤੋਂ ਕੁੱਝ ਬਚਾਉ ਰਹੇ; ਅਖਾਣ ਘੜੇ ਗਏ ਜਿਨ੍ਹਾਂ ਰਾਹੀਂ ਪੋਥੀਆਂ ਨੂੰ ਪਰਾਏ ਹੱਥਾਂ ਵਿਚ ਜਾਣ ਤੋਂ ਵਰਜਿਆ ਹੋਇਆ ਸੀ, ਜਿਵੇਂ :

ਪੋਥੀ, ਲਿਖਣ[2], ਨਾਰ,
ਪਰ ਘਰ ਗਈ ਨ ਬਾਹੁੜੇ।

ਲੋਕ, ਵਿਚਾਰੇ ਵਹਿਮੀ-ਭਰਮੀ ਹੁੰਦੇ ਸਨ, ਇਸ ਲਈ ਦੁਰ-ਅਸੀਸਾਂ ਤੇ ਸਰਾਪਾਂ ਦੇ ਡਰਾਵਿਆਂ ਦੀ ਮਦਦ ਵੀ ਲਈ ਜਾਂਦੀ, ਜਿਵੇਂ ਇਹ ਅਵਾਈ ਉਡਾ ਦਿੱਤੀ ਜਾਂਦੀ ਸੀ ਕਿ ਜੋ ਕੋਈ ਫ਼ਲਾਣੀ ਪੋਥੀ ਦਾ ਪਾਠ ਕਰੇਗਾ, ਉਹ ਅੰਨ੍ਹਾ ਹੋ ਜਾਵੇਗਾ। ਵਿਚਲੀ ਗੱਲ ਇਹ ਹੁੰਦੀ ਸੀ ਕਿ ਜੇ ਬਹੁਤੇ ਬੰਦਿਆਂ ਨੇ ਇਸ ਨੂੰ ਵਰਤਣਾ-ਹੰਢਾਉਣਾ ਸ਼ੁਰੂ ਕਰ ਦਿੱਤਾ ਤਾਂ ਇਕ ਤਾਂ ਇਸ ਦੇ ਘਸਣ-ਪਾਟਣ ਦਾ ਡਰ ਰਹੇਗਾ ਤੇ ਦੂਜੇ ਪੁਸਤਕ ਦੇ ਰਹੱਸ ਦੇ ਮਰ ਜਾਣ ਦਾ ਖ਼ਤਰਾ ਹੋਵੇਗਾ।

ਇਸ ਤਰ੍ਹਾਂ ਦੀ ਵਾੜਬੰਦੀ ਆਖ਼ਰ ਕਿੰਨੀਆਂ ਕੁ ਪੋਥੀਆਂ ਦੀ ਕੀਤੀ ਜਾ ਸਕਦੀ ਸੀ ? ਅਤੇ ਹਰ ਭਰਮੀ ਡਰਾਵੇ ਦੀ ਵੀ ਇਕ ਔਧ ਹੁੰਦੀ ਹੈ ਤੇ ਸਿੱਲ੍ਹ ਜਾਂ ਸਿਉਂਕ ਨੇ ਤਾਂ ਕਾਗ਼ਜ਼ੀ ਵਾੜਾਂ ਨੂੰ ਕਦੀ ਕੁੱਝ ਸਮਝਿਆ ਹੀ ਨਹੀਂ। ਪਰ ਜਦੋਂ ਮਹਿਮੂਦ ਗ਼ਜ਼ਨਵੀ ਜਾਂ ਬਾਬਰ ਜਾਂ ਨਾਦਰ ਸ਼ਾਹ ਜਾਂ ਅਹਿਮਦ ਸ਼ਾਹ ਅਬਦਾਲੀ ਵਰਗੇ ਜਰਵਾਣੇ ਆ ਪੈਣ ਜਾਂ 1947 ਵਰਗੇ ਘੱਲੂਘਾਰੇ ਤੇ ਸਾਰੀ ਦੀ ਸਾਰੀ ਵੱਸੋਂ ਦੇ ਉਜਾੜੇ ਜਾਂ ਤਬਾਦਲੇ ਵਰਗੀਆਂ ਦੁਰਘਟਨਾਵਾਂ ਵਾਪਰ ਜਾਣ ਤਾਂ ਹੱਥ-ਲਿਖਤਾਂ ਦਾ ਵਾਲੀ-ਵਾਰਸ ਕੋਈ ਨਹੀਂ ਬਣਦਾ। ਪੰਜਾਬ ਵਿਚ ਜੰਮਿਆਂ ਨੂੰ ਨਿੱਤ ਮੁਹਿੰਮਾਂ ਬਣਦੀਆਂ ਹੀ ਰਹਿੰਦੀਆਂ ਹਨ, ਫੇਰ ਵੀ ਪਿੰਡਾਂ ਵਿਚ ਬੈਠੇ ਕਈ ਸਿਦਕੀ ਕਵੀ ਤੇ ਗੱਦਕਾਰ ਹਜ਼ਾਰਾਂ ਸਫ਼ੇ ਲਿਖਦੇ ਰਹੇ ਹਨ। ਪੰਜਾਬ ਦਿਆਂ ਉਜਾੜਿਆਂ ਵਿਚ ਕਿੰਨੀਆਂ ਪੋਥੀਆਂ ਨਸ਼ਟ ਹੋ ਗਈਆਂ, ਇਸ ਦਾ ਹਿਸਾਬ ਕਦੀ ਕੋਈ ਨਹੀਂ ਲਾ ਸਕੇਗਾ। ਜਦ ਕਦੀ ਮੈਂ ਇਸ ਅਮੁੱਲ ਖ਼ਜ਼ਾਨੇ ਦੀ ਬਰਬਾਦੀ ਬਾਰੇ ਸੋਚਦਾ ਹਾਂ ਤਾਂ ਪੰਜਾਬ ਦੇ ਘੋਰ ਕਲਚਰੀ ਨੁਕਸਾਨ ਦੀ ਚੇਤਨਾ ਇਕ ਚੀਸ ਦਾ ਰੂਪ ਧਾਰ ਲੈਂਦੀ ਹੈ ਤੇ ਮੈਨੂੰ ਬਚ ਰਹੀਆਂ ਪੋਥੀਆਂ ਨੂੰ, ਛੇਤੀ ਤੋਂ ਛੇਤੀ ਨਸ਼ਟ ਹੋਣ ਤੋਂ ਬਚਾ ਲੈਣ ਦੀ ਏਨੀ ਡਾਢੀ ਕਾਹਲ ਪੈਣੀ ਸ਼ੁਰੂ ਹੋ ਜਾਂਦੀ ਹੈ ਕਿ ਕਈ ਵਾਰੀ ਮੇਰੀ ਨੀਂਦਰ ਹਰਾਮ ਹੋ ਜਾਂਦੀ ਹੈ।

ਸੰਗਰੂਰ ਦੇ ਇਕ ਗੁਰਦੁਆਰੇ ਵਿਚ ਦਸਮ ਗ੍ਰੰਥ ਦਾ ਇਕ ਲਿਖਤੀ ਸਰੂਪ ਵੇਖਿਆ। ਉਸ ਦੀ ਲਿਖਤ ਤਾਂ ਭਾਵੇਂ ਬਹੁਤ ਦਿਲਕਸ਼ ਨਹੀਂ ਸੀ, ਪਰ ਉਸ ਦੇ ਹਾਸ਼ੀਏ ਤੇ ਸਤਰਾਂ ਦੇ ਵਿਚਕਾਰ ਬਣੀਆਂ ਵੱਖ ਵੱਖ ਵੇਲਾਂ ਦੀ ਖ਼ੂਬਸੂਰਤੀ ਦਾ ਕੋਈ ਅੰਤ ਨਹੀਂ ਸੀ। ਉਸ ਦੇ ਅੰਤ ਵਿਚ ਪੁਰਾਣੇ ਆਨੰਦਪੁਰ ਦਾ ਇਕ ਬਹੁਰੰਗੀ ਚਿਤਰ ਬਣਿਆ ਹੋਇਆ ਸੀ। ਪਹਿਲੀ ਵਾਰ ਇਸ ਗ੍ਰੰਥ ਨੂੰ ਇਕੱਲਿਆਂ ਵੇਖਿਆਂ ਤਾਂ ਜੀ ਬੜਾ ਖ਼ੁਸ਼ ਹੋਇਆ, ਦੂਜੀ ਵਾਰ ਡਾ. ਗੰਡਾ ਸਿੰਘ ਜੀ ਦੇ ਨਾਲ ਜਾ ਕੇ ਵੇਖਿਆ ਤਾਂ ਇਸ ਦੀ ਸੁਰੱਖਿਆ ਤੇ ਸੰਭਾਲ ਬਾਰੇ ਸੋਚਦੇ ਰਹੇ ਪਰ ਤੀਜੀ ਵਾਰ ਗਿਆ ਤਾਂ ਉਹ ਖਰੜਾ ਲੋਪ ਹੋ ਚੁੱਕਾ ਸੀ ਤੇ ਕੋਈ ਵੀ ਉਸ ਦੇ ਓਥੇ ਹੋਣ ਦੀ ਹਾਮੀ ਭਰਨ ਨੂੰ ਤਿਆਰ ਨਹੀਂ ਸੀ। ਵਿਰਸੇ ਵੱਲੋਂ ਵਿਆਪਕ ਅਣਗਹਿਲੀ ਦੀ ਇਹ ਇਕ ਮਿਸਾਲ ਹੈ। ਮੈਨੂੰ ਯਕੀਨ ਹੈ, ਤੁਹਾਡੇ ਵਿੱਚੋਂ ਹਰ ਇਕ ਇਸ ਤਰ੍ਹਾਂ ਦਾ ਕੋਈ ਨਾ ਕੋਈ ਆਪ-ਹੰਢਾਇਆ ਤਜਰਬਾ ਸੁਣਾ ਸਕਦਾ ਹੈ। ਮੈਨੂੰ ਡੇਰਾ ਬਾਬਾ ਨਾਨਕ ਦੇ ਗੁਰਦੁਆਰੇ ਦੀ ਇਕ ਗੱਲ ਚੇਤੇ ਆ ਗਈ ਹੈ। ਗ੍ਰੰਥੀ ਸਿੰਘ ਨੇ ਦੱਸਿਆ ਕਿ ਸਾਰੇ ਖਰੜੇ ਸਾਂਭ ਕੇ ਵੱਖਰੀ ਕੋਠੜੀ ਵਿਚ

2 ਕਲਮ।

WWW.SIKHBOOKCLUB.COM 

ਰੱਖੇ ਹੋਏ ਹਨ। ਮੈਂ ਵੇਖਣ ਲਈ ਹਠ ਕੀਤਾ ਤਾਂ ਉਹ ਬਾਲਣ ਵਾਲੇ ਕੋਠੇ ਵਿਚੋਂ ਦੋ ਬੋਰੀਆਂ ਘੜੀਸ ਲਿਆਇਆ। ਇਨ੍ਹਾਂ ਵਿਚ ਇਕ ਗੁਰੂ ਗ੍ਰੰਥ ਸਾਹਿਬ ਦੀ ਲਿਖਤੀ ਬੀੜ ਨਿਕਲੀ ਜਿਸ ਦੀ ਲਿਖਾਈ, ਸੰਗਰੂਰੀ ਦਸਮ ਗ੍ਰੰਥ ਵਾਂਗ, ਬਹੁਤ ਸੁੰਦਰ ਨਹੀਂ ਸੀ, ਪਰ ਜਿਸ ਦੇ ਹਾਸ਼ੀਏ ਤੇ ਸਤਰਾਂ ਵਿਚ ਅਤਿਅੰਤ ਖ਼ੂਬਸੂਰਤ ਹਲਕੇ ਰੰਗਾਂ ਨਾਲ ਵੇਲਾਂ ਚਿਤਰੀਆਂ ਹੋਈਆਂ ਸਨ। ਇਨ੍ਹਾਂ ਵੇਲਾਂ ਦੀ ਕਲਾ ਏਨੀ ਕਮਾਲ ਦੀ ਸੀ ਕਿ ਮੈਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਇਕ ਚਿੱਠੀ ਲਿਖ ਕੇ ਸੁਝਾਉ ਦਿੱਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਹ ਸਰੂਪ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਵਿਚ ਰਖਵਾ ਦਿਓ ਤੇ ਹੋ ਸਕੇ ਤਾਂ ਗ੍ਰੰਥ ਦਾ ਇਕ ਫ਼ੈਨਸੀ ਐਡੀਸ਼ਨ ਇਸ ਵੇਲ ਵਾਲਾ ਛਾਪਿਆ ਜਾਵੇ। ਬਾਅਦ ਵਿਚ ਸ. ਸ਼ਮਸ਼ੇਰ ਸਿੰਘ ਅਸ਼ੋਕ ਹੁਰਾਂ ਦੱਸਿਆ ਕਿ ਬੀੜ ਤਾਂ ਅਸੀਂ ਲੈ ਆਂਦੀ ਸੀ, ਪਰ ਇਸ ਤੋਂ ਪਹਿਲਾਂ ਕਿ ਉਸ ਦੇ ਫ਼ੋਟੋ-ਉਤਾਰਿਆਂ ਦਾ ਪ੍ਰਬੰਧ ਹੋ ਸਕਦਾ, ਸਾਕਾ 'ਨੀਲਾ ਤਾਰਾ' ਵਾਪਰ ਗਿਆ। ਹੁਣ ਪਤਾ ਨਹੀਂ, ਉਹ ਬੀੜ ਕਿਤੇ ਪਈ ਹੈ ਕਿ ਨਸ਼ਟ ਹੋ ਚੁੱਕੀ ਹੈ। ਪਰ ਇਕ ਇਤਿਹਾਸਿਕ ਗੁਰਦੁਆਰੇ ਵਿਚ ਇਸ ਤਰ੍ਹਾਂ ਦੀ ਦੁਰਲੱਭ ਬੀੜ ਦਾ ਬਾਲਣ ਵਾਲੀ ਕੋਠੜੀ ਵਿਚ ਇਕ ਬੋਰੀ ਵਿਚ ਸੁੱਟਿਆ ਹੋਣਾ, ਸਾਡੀ ਮੂੜ੍ਹ, ਬਲਕਿ ਅਸਲੋਂ ਨਿਰਜੋਤ ਬਿਰਤੀ ਦਾ ਚੰਗਾ ਸ਼ੀਸ਼ਾ ਹੈ।

ਹੱਥ-ਲਿਖਤਾਂ, ਆਖ਼ਰ ਕਿਤਾਬਾਂ ਹੀ ਤਾਂ ਹੁੰਦੀਆਂ ਹਨ, ਜਿਨ੍ਹਾਂ ਦੀ ਤਿਆਰੀ ਵਿਚ ਕਈ ਪੇਸ਼ਾਵਰਾਂ ਨੇ ਹੱਥ ਵਟਾਇਆ ਹੁੰਦਾ ਹੈ। ਰਚਣਹਾਰ ਰਚਦਾ ਹੈ; ਲਿਖਾਰੀ ਕਾਗਜ਼ ਨੂੰ ਘੋਟ ਕੇ ਸਵਾਹਰਾ ਕਰਦਾ ਤੇ ਲਿਸ਼ਕਾਉਂਦਾ, ਲੱਕੜ ਦੀ ਪੱਧਰੀ ਤਖ਼ਤੀ ਵਿਚ ਪਰੋਏ ਗੀਲ ਦੇ ਮੋਟੇ ਧਾਗਿਆਂ ਉੱਤੇ ਕਾਗ਼ਜ਼ ਰੱਖ ਕੇ ਉਸ ਨੂੰ ਕਿਸੇ ਚੀਜ਼ ਨਾਲ ਜ਼ੋਰ ਦੀ ਰਗੜਦਾ ਹੈ ਤਾਂ ਜੋ ਕਾਗ਼ਜ਼ ਉੱਤੇ ਅਦਿੱਖ ਲੀਹਾਂ ਪੈ ਜਾਣ। ਫੇਰ ਉਹ ਕਾਲੀ ਤੇ ਲਾਲ ਸਿਆਹੀਆਂ ਤਿਆਰ ਕਰਨ ਵੱਲ ਲਗਦਾ ਹੈ। ਸੋਧ-ਸੁਧਾਈ ਲਈ ਹੜਤਾਲ ਆਪਣੇ ਕੋਲ ਤਿਆਰ ਰੱਖਦਾ ਹੈ ਤੇ ਅੰਤ ਵਿਚ ਲਿਖਣ ਬੈਠਦਾ ਹੈ; ਚਿਤਰਕਾਰ, ਵੇਲਾਂ, ਬੂਟਿਆਂ, ਰੇਖਾਵਾਂ ਤੇ ਚਿਤਰਾਂ ਨਾਲ ਲਿਖਾਰੀ ਦੇ ਖਰੜੇ ਨੂੰ ਸਜਾਉਂਦਾ ਹੈ; ਸ਼ੀਰਾਜ਼ੇ ਬੰਨ੍ਹਣ ਵਾਲਿਆਂ ਤੇ ਚੰਮਕਾਰਾਂ ਦੀ ਸਹਾਇਤਾ ਨਾਲ, ਜਿਲਦਸਾਜ਼ ਜਿਲਦਬੰਦੀ ਕਰਦਾ ਹੈ। ਇਕ ਤਿਆਰ ਹੱਥ-ਲਿਖਤ ਨਸ਼ਟ ਹੁੰਦੀ ਹੈ ਤਾਂ ਇਨ੍ਹਾਂ ਸਾਰੇ ਕਲਾਕਾਰਾਂ ਦੀ ਮਿਹਨਤ ਦਾ ਸਬੂਤ ਸਦਾ ਲਈ ਇਸ ਜਗ ਤੋਂ ਉਠ ਜਾਂਦਾ ਹੈ। ਕੀ ਪਤਾ ਕਿਹੜੀ ਹੱਥ-ਲਿਖਤ ਵਿੱਚੋਂ ਕਿਹੜੀ ਅਜੇ ਤਕ ਅਗਿਆਤ ਪਈ ਅਦੁੱਤੀ ਰਚਨਾ ਸਾਹਮਣੇ ਆ ਜਾਵੇ ? ਗੁਰੂ ਨਾਨਕ ਦੇਵ ਦੇ ਜੀਉਂਦੇ ਜੀ ਕਰਤਾਰਪੁਰ (ਸਿਆਲਕੋਟ) ਵਿਚ ਸਾਹਿੱਤ-ਰਚਨਾ ਦਾ ਪ੍ਰਵਾਹ ਚੱਲ ਪਿਆ ਸੀ। ਓਦੋਂ ਓਥੇ ਘਰ ਦੇ ਵਹੀ-ਖਾਤੇ ਮੌਜੂਦ ਹੋਣਗੇ ਤੇ ਚਿੱਠੀ-ਪੱਤਰ ਵੀ ਆਉਂਦੇ-ਜਾਂਦੇ ਹੋਣਗੇ। ਉਨ੍ਹਾਂ ਦੇ ਸਿੱਖ-ਸੇਵਕ ਮੌਲਿਕ ਰਚਨਾਵਾਂ ਵੀ ਕਰਦੇ ਸਨ ਤੇ ਹੋਰਨਾਂ ਦੀਆਂ ਰਚਨਾਵਾਂ ਦੇ ਸੰਕਲਨ ਵੀ ਜ਼ਰੂਰ ਤਿਆਰ ਕਰਦੇ ਹੋਣਗੇ। ਕਈ ਕਾਪੀਆਂ ਰਚਨਾਵਾਂ ਨਾਲ ਭਰੀਆਂ ਹੋਈਆਂ ਤੇ ਕੁੱਝ ਵਿਕੋਲਿੱਤਰੇ ਤਾਅ, ਜਿਨ੍ਹਾਂ ਉੱਤੇ ਰਚਨਾਵਾਂ ਲਿਖੀਆਂ ਹੋਈਆਂ ਹੋਣਗੀਆਂ, ਮੌਜੂਦ ਹੋਣਗੇ। ਪਰ ਸਾਡੇ ਪਾਸ ਨਾ ਇਨ੍ਹਾਂ ਦੀ ਹੋਂਦ ਦਾ ਕੋਈ ਸਬੂਤ ਮੌਜੂਦ ਹੈ ਤੇ ਨਾ ਖ਼ੁਦ ਗੁਰੂ ਨਾਨਕ ਦੇਵ ਦੇ ਆਪਣੇ ਜਾਂ ਕਿਸੇ ਮੁਨੀਮ ਜਾਂ ਸਿੱਖ ਦੇ ਹੱਥਾਂ ਦੀ ਲਿਖਤ ਦਾ ਇਕ ਵੀ ਨਮੂਨਾ ਸਾਂਭਿਆ ਹੋਇਆ ਹੈ। ਜੇ ਕੱਲ੍ਹ ਨੂੰ ਕੋਈ ਖੋਜੀ ਕਿਸੇ ਬੁੱਢੇ ਸੰਦੂਕ ਵਿੱਚੋਂ ਕਰਤਾਰਪੁਰ ਦੀ ਕੋਈ ਵਹੀ ਲੱਭ ਲਵੇ ਤਾਂ ਮੈਨੂੰ ਬੇਹੱਦ ਖ਼ੁਸ਼ੀ ਤਾਂ ਹੋਵੇਗੀ, ਪਰ ਬਹੁਤ ਹੈਰਾਨੀ ਨਹੀਂ ਹੋਣ ਲੱਗੀ ਕਿਉਂਕਿ ਮੈਨੂੰ ਬਹੁਤ ਕੀਮਤੀ ਲਿਖਤਾਂ ਇਸੇ ਤਰ੍ਹਾਂ ਅਚਾਨਕ ਅਜਿਹੀਆਂ ਥਾਵਾਂ ਤੋਂ ਮਿਲਦੀਆਂ ਰਹੀਆਂ ਹਨ, ਜਿੱਥੋਂ ਕੁੱਝ ਵੀ ਪ੍ਰਾਪਤ ... ਮਾਲਕਾਂ ਨੂੰ ਵੀ ਇਸ ਦੀ ...

WWW.SIKHBOOKCLUB.COM

ਕੋਈ ਖ਼ਬਰ-ਸਾਰ ਨਹੀਂ ਸੀ। ਇਸੇ ਲਈ ਮੈਂ ਚਾਹੁੰਦਾ ਹਾਂ ਕਿ ਪੱਛਮੀ ਤੇ ਪੂਰਬੀ ਪੰਜਾਬ ਦਾ ਹਰ ਲਿਖਿਆ-ਪੜ੍ਹਿਆ ਪੰਜਾਬੀ, ਪੋਥੀਆਂ ਦੀ ਭਾਲ ਤੇ ਸੰਭਾਲ ਨੂੰ ਆਪਣਾ ਪਰਮ ਪਵਿੱਤਰ ਫ਼ਰਜ਼ ਬਣਾ ਲਵੇ ਤੇ ਸੰਸਥਾਵਾਂ ਇਸ ਨੂੰ ਆਪਣਾ ਪੱਕਾ ਨਿਸ਼ਾਨਾ ਬਣਾ ਲੈਣ। ਇਕ ਰਾਮਪੁਰ ਲਾਇਬ੍ਰੇਰੀ ਦੇ ਸੁਰਗਵਾਸੀ ਪਰਮ ਵਿਦਵਾਨ ਲਾਇਬ੍ਰੇਰੀਅਨ ਜਨਾਬ ਅਰਸ਼ੀ ਸਾਹਿਬ ਨਾਲ ਖਰੜਿਆਂ ਦੀ ਗੱਲ ਹੋ ਰਹੀ ਸੀ ਤਾਂ ਉਨ੍ਹਾਂ ਨੇ ਦੱਸਿਆ ਕਿ ਇਕ ਖਰੜੇ ਦਾ ਪੱਤਰਾ ਪੱਤਰਾ ਫੋਲਦਿਆਂ ਜਦੋਂ ਨਵੀਂ ਲਿਖਤ-ਸ਼ੈਲੀ ਦਾ ਪੱਤਰਾ ਆਇਆ ਤਾਂ ਸ਼ੱਕ ਪਿਆ ਕਿ ਕਿਸੇ ਨੇ ਇੱਕੋ ਜਿਲਦ ਵਿਚ ਦੋ ਵੱਖਰੇ ਵੱਖਰੇ ਖਰੜੇ ਨਾ ਨੂੜ ਦਿੱਤੇ ਹੋਣ। ਜਦੋਂ ਘੋਖਣਾ ਸ਼ੁਰੂ ਕੀਤਾ ਤਾਂ ਦੂਜਾ ਖਰੜਾ, ਜੋ ਸਿਰਨਾਂਵਿਓਂ ਬਿਨਾਂ ਪਹਿਲੇ ਖਰੜੇ ਦਾ ਭਾਗ ਬਣਿਆ ਪਿਆ ਸੀ, ਕੁਰਾਨ ਸ਼ਰੀਫ਼ ਦਾ ਸ਼ਾਇਦ ਸਭ ਤੋਂ ਪਹਿਲਾ ਤੇ ਪੁਰਾਣਾ ਪਰਮਾਰਥ ਨਿਕਲਿਆ, ਜਿਸ ਦਾ ਹਵਾਲਾ ਤਾਂ ਪੁਰਾਣੀਆਂ ਕਿਤਾਬਾਂ ਵਿਚ ਮਿਲਦਾ ਸੀ, ਪਰ ਉਤਾਰਾ ਕਿਤੇ ਵੀ ਮੌਜੂਦ ਨਹੀਂ ਸੀ।

ਬਾਬਾ ਫ਼ਰੀਦ ਜੀ ਨੇ 13ਵੀਂ ਸਦੀ ਈਸਵੀ ਵਿਚ ਆਪਣਾ ਚੋਲਾ ਛੱਡਿਆ ਤੇ ਗੁਰੂ ਨਾਨਕ ਦੇਵ ਨੇ 15ਵੀਂ ਸਦੀ ਦੇ ਅੰਤਲੇ ਦਹਾਕੇ ਤੋਂ ਆਪਣੇ ਮਿਸ਼ਨ ਦੇ ਪ੍ਰਚਾਰ ਵਿਚ ਤੇਜ਼ੀ ਸ਼ੁਰੂ ਕੀਤੀ। ਪੰਜਾਬੀ ਸਾਹਿੱਤ ਦੇ ਇਤਿਹਾਸਾਂ ਅਨੁਸਾਰ ਇਹ ਤਕਰੀਬਨ ਤਿੰਨ ਸਦੀਆਂ ਗੁੰਗੀਆਂ ਹੀ ਲੰਘੀਆਂ, ਹਾਲਾਂਕਿ ਇਹ ਬਿਲਕੁਲ ਅਨਹੋਣੀ ਗੱਲ ਹੈ। ਜਨਮਸਾਖੀਆਂ, ਕਈ ਰਚਨਾਕਾਰਾਂ ਦੇ ਨਾਂ ਸੁਝਾਉਂਦੀਆਂ ਹਨ, ਜਿਵੇਂ ਬਹਾਵਦੀ (ਬਹਾਉਦ-ਦੀਨ ਜ਼ਕਰੀਆ) ਤੇ ਸ਼ਾਹ ਸ਼ਰਫ਼ ਤੇ ਰੁਕਨਦੀਨ, ਆਦਿ। ਕੁੱਝ ਪੂਰਬਵਰਤੀ, ਸਮਕਾਲੀ ਤੇ ਪਰਵਰਤੀ ਲੇਖਕਾਂ ਦੇ ਨਾਂ ਸੂਫ਼ੀ ਸਾਹਿੱਤ ਵਿਚ ਮਿਲ ਜਾਂਦੇ ਹਨ, ਪਰ ਇਨ੍ਹਾਂ ਸਾਰਿਆਂ ਦੀਆਂ ਰਚਨਾਵਾਂ ਦੇ ਸੰਗ੍ਰਹਿ ਹੈਨ ਕਿੱਥੇ ? ਇਹ ਤਾਂ ਹੋ ਨਹੀਂ ਸਕਦਾ ਕਿ ਤਿੰਨ ਸਦੀਆਂ ਪੰਜਾਬੀਆਂ ਨੇ ਮੂੰਹ ਉੱਤੇ ਪੱਟੀਆਂ ਬੰਨ੍ਹੀ ਰੱਖੀਆਂ ਹੋਣ! ਫ਼ਰਜ਼ ਕਰੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਸੇਖ ਫਰੀਦ' ਜੀ ਦੀ ਬਾਣੀ ਨਾ ਸਾਂਭੀ ਗਈ ਹੁੰਦੀ ਤਾਂ ਫ਼ਰੀਦ ਜੀ ਦਾ ਨਾਂ ਵੀ ਬਹਾਵਦੀ ਵਾਲੀ ਅਣਗੌਲੀ ਸ਼੍ਰੇਣੀ ਵਿਚ ਹੀ ਪਿਆ ਰਹਿ ਜਾਣਾ ਸੀ। ਗੁਰੂ ਨਾਨਕ ਦੇਵ ਦੀ ਬਾਣੀ ਤੋਂ ਤੇ ਬਾਬਾ ਫ਼ਰੀਦ ਤੇ ਉਨ੍ਹਾਂ ਦੇ ਮੁਰੀਦਾਂ ਦੇ ਮਲਫ਼ੂਜ਼ਾਂ ਤੋਂ ਸਾਫ਼ ਦਿੱਸਦਾ ਹੈ ਕਿ ਪੰਜਾਬ ਦੇ ਧਾਰਮਿਕ-ਦਾਰਸ਼ਨਿਕ-ਸਭਿਆਚਾਰਕ ਨਕਸ਼ੇ ਵਿਚ ਸਿੱਧਾਂ, ਨਾਥਾਂ ਤੇ ਜੋਗੀਆਂ ਨੇ, ਆਪਣੇ ਲਈ ਬੜਾ ਆਦਰਜੋਗ ਸਥਾਨ ਬਣਾਇਆ ਹੋਇਆ ਸੀ। ਇਨ੍ਹਾਂ ਦੀਆਂ ਰਚਨਾਵਾਂ ਦੇ ਨਮੂਨੇ, ਏਧਰ-ਓਧਰ ਖਿੱਲਰੇ ਹੋਏ, ਬਥੇਰੇ ਮਿਲ ਜਾਂਦੇ ਹਨ, ਪਰ ਪੰਜਾਬੀ-ਭਾਸ਼ੀ ਇਲਾਕੇ ਵਿਚ ਨਾ ਕੋਈ ਬੱਝਵਾਂ ਖੋਜ ਦਾ ਕੰਮ ਹੋਇਆ ਹੈ, ਨਾ ਕੋਈ ਉਨ੍ਹਾਂ ਦੀਆਂ ਰਚਨਾਵਾਂ ਦਾ ਭਰਪੂਰ ਸੰਗ੍ਰਹਿ ਹੀ ਤਿਆਰ ਹੋ ਸਕਿਆ ਹੈ।

ਮੈਨੂੰ ਉੱਕਾ ਕੋਈ ਸ਼ੱਕ ਨਹੀਂ ਕਿ ਪੰਜਾਬ ਦੇ ਬੇ-ਉਪਜ ਫ਼ਰਜ਼ ਕੀਤੇ ਜਾਣ ਵਾਲੇ ਸਮੇਂ ਵਿਚ ਵੀ ਮੌਲਿਕ ਰਚਿਆਰ ਓਨੇ ਹੀ ਸਰਗਰਮ ਰਹੇ ਹੋਣਗੇ ਜਿੰਨੇ ਕਿ ਬਾਬਾ ਫ਼ਰੀਦ ਵੇਲੇ ਤੇ ਉਨ੍ਹਾਂ ਤੋਂ ਪਹਿਲਾਂ ਰਹੇ ਹੋਣਗੇ ਜਾਂ ਗੁਰੂ ਨਾਨਕ ਦੇਵ ਵੇਲੇ ਤੇ ਉਨ੍ਹਾਂ ਤੋਂ ਬਾਅਦ ਦਿੱਸਦੇ ਹਨ। ਬਾਬਾ ਫ਼ਰੀਦ ਤੋਂ ਪਹਿਲਾਂ ਦਾ ਪਤਾ ਤਾਂ ਅੱਦਹਮਾਨ (ਅਬਦੁੱਰ-ਰਹਿਮਾਨ ਮੁਲਤਾਨੀ) ਦੀ ਰਚਨਾ ਤੋਂ ਲਗ ਜਾਂਦਾ ਹੈ ਤੇ ਗੁਰੂ ਨਾਨਕ ਦੇਵ ਦੇ ਵੇਲੇ ਦੀ ਰਚਨਾ ਦਾ, ਉਨ੍ਹਾਂ ਦੇ ਸਮਕਾਲੀ ਸਾਈਂ ਦਾਸ (ਬੱਦੋ ਕੀ ਗੁਸਾਈਂ) ਦੀ ਢੇਰ ਸਾਰੀ ਰਚਨਾ ਤੋਂ, ਜਿਸ ਬਾਰੇ ਸਾਡੇ ਬਹੁਤ ਸਾਰੇ ਸਾਹਿੱਤ-ਇਤਿਹਾਸਕਾਰ ਤੇ ਅਧਿਆਪਕ, ਪਤਾ ਨਹੀਂ ਕਿਉਂ, ਚੁੱਪ ਵੱਟੀ ਰੱਖਦੇ ਹਨ, ਹਾਲਾਂਕਿ ਇਨ੍ਹਾਂ ਦੀ ਗੁਸਾਈਂ ਗੁਰਬਾਣੀ ਨੂੰ ਛਪਿਆਂ ਅੱਜ 30 ਵਰ੍ਹੇ ਹੋ ਚੱਲੇ ਹਨ

WWW.SIKHBOOKCLUB.COM Page 231

ਹਾਸ਼ਮ ਦੀ ਹਿੰਦੀ ਰਚਨਾ ਦਾ ਜ਼ਿਕਰ-ਮਾਤਰ ਤਾਂ ਮਿਲਦਾ ਹੈ, ਪਰ ਜ਼ਿਕਰ ਕਰਨ ਵਾਲਿਆਂ ਨੇ ਉਸ ਦੀ ਕਿਸੇ ਹਿੰਦੀ ਰਚਨਾ ਦੇ ਦਰਸ਼ਨ ਕੀਤੇ ਪ੍ਰਤੀਤ ਨਹੀਂ ਹੁੰਦੇ। ਖ਼ੁਸ਼ਕਿਸਮਤੀ ਨਾਲ ਮੇਰੇ ਨਿਜੀ ਸੰਗ੍ਰਹਿ ਵਿਚ ਉਸ ਦੀ ਇਕ ਹਿੰਦੀ ਰਚਨਾ ਮੌਜੂਦ ਹੈ ਤੇ ਜੇ ਸੁੱਖ ਰਹੀ ਤਾਂ ਛੇਤੀ ਹੀ ਇਸ ਦਾ ਸੰਪਾਦਨ ਕਰ ਕੇ ਆਪ ਦੇ ਸਨਮੁਖ ਪੇਸ਼ ਕਰਾਂਗਾ। ਹਰੀ ਦਾਸ, ਜਿਸ ਦੀ ਰਚਨਾ ਦੇ ਸੰਪਾਦਨ ਨੂੰ ਮੈਂ ਅੰਤਿਮ ਪੜਾਉ ਉੱਤੇ ਪਹੁੰਚਾ ਚੁੱਕਾ ਹਾਂ, ਪੰਜਾਬ ਦੇ ਮਹਾ-ਕਵੀਆਂ ਵਿੱਚੋਂ ਹੋਇਆ ਹੈ। ਜੇ ਇਸ ਮਹਾ-ਕਵੀ ਦੀਆਂ ਰਚਨਾਵਾਂ ਦੇ ਕਈ ਸੰਕਲਨ ਅੱਜ ਤੋਂ ਕਰੀਬ ਚਾਲੀ ਸਾਲ ਪਹਿਲਾਂ ਮੇਰੇ ਹੱਥ ਨਾ ਲਗਦੇ ਤਾਂ ਪੰਜਾਬੀ ਬੁੱਧੀਮਾਨ ਸ਼ਾਇਦ ਇਸ ਦੇ ਨਾਂ ਤੋਂ ਵੀ ਅਨਜਾਣ ਰਹਿੰਦੇ।

ਇਸ ਤਰ੍ਹਾਂ ਦੀਆਂ ਬੇਸ਼ੁਮਾਰ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ, ਜਿਨ੍ਹਾਂ ਤੋਂ ਇਹ ਪ੍ਰਤੱਖ ਹੋ ਜਾਂਦਾ ਹੈ ਕਿ ਜੇ ਹੱਥ-ਲਿਖਤਾਂ ਦੀ ਸੰਭਾਲ ਹੋ ਜਾਵੇ ਤਾਂ ਸਾਡੇ ਸਾਹਿੱਤਿਕ ਤੇ ਸਭਿਆਚਾਰਕ ਇਤਿਹਾਸ ਦੇ ਬਹੁਤ ਸਾਰੇ ਖੱਪੇ ਭਰੀਜਣ ਦੀ ਸੰਭਾਵਨਾ ਜਾਗ ਪਵੇਗੀ, ਪਰ ਜੇ ਇਨ੍ਹਾਂ ਨੂੰ ਬੇਧਿਆਨੀ ਦਾ ਸ਼ਿਕਾਰ ਹੋਣ ਦਿੱਤਾ ਗਿਆ ਤਾਂ ਕਿਸੇ ਨੂੰ ਸੁਫ਼ਨਾ ਵੀ ਨਹੀਂ ਆਉਣਾ ਕਿ ਪੰਜਾਬ ਦੇਸ ਵਿਚ ਸਾਹਿੱਤ ਦੇ ਏਡੇ ਵੱਡੇ ਵੱਡੇ ਸਿਰਜਣਹਾਰ ਹੋ ਚੁੱਕੇ ਹਨ, ਜਿਨ੍ਹਾਂ ਵਿੱਚੋਂ ਕੁੱਝ ਦਾ ਮੈਂ ਪਹਿਲਾਂ ਜ਼ਿਕਰ ਕਰ ਆਇਆ ਹਾਂ ਤੇ ਇਸ ਸਾਹਿੱਤ ਦੀ ਝੋਲੀ ਵਿਚ ਕਵਿਤਾ, ਜਨਮ-ਸਾਖੀ, ਬਚਨ, ਪਰਮਾਰਥ, ਮਹਾਤਮ, ਆਦਿ ਤੋਂ ਛੁੱਟ ਆ ਜਾਂਦੇ ਹਨ, ਬ੍ਰਹਮ ਗਿਆਨ, ਫ਼ਲਸਫ਼ਾ, ਆਯੁਰਵੇਦ, ਜੋਤਿਸ਼, ਵਿਆਕਰਣ, ਛੰਦ-ਅਲੰਕਾਰ ਸ਼ਾਸਤਰ ਅਤੇ ਅਨੁਵਾਦ।

SIKHBOOKCLUB.COM

ਹੁਣ ਮੈਂ ਇਹ ਫ਼ਰਜ਼ ਕਰ ਲੈਂਦਾ ਹਾਂ ਕਿ ਯੂਨੀਵਰਸਿਟੀਆਂ ਦੇ ਅਧਿਕਾਰੀਆਂ ਨੂੰ ਹੱਥ-ਲਿਖਤਾਂ ਦੇ ਗੌਰਵ ਦਾ ਪੂਰਾ ਗਿਆਨ ਹੈ ਤੇ ਇਸੇ ਲਈ ਉਹ ਇਨ੍ਹਾਂ ਦੀ ਭਾਲ ਵਿੱਚ ਅੱਗੇ ਨਾਲੋਂ ਵੱਧ ਤਤਪਰਤਾ ਦੀ ਵਰਤੋਂ ਕਰਨਗੇ। ਪਰ ਜੇ ਮੇਰਾ ਖੇਤਰੀ ਤਜਰਬਾ ਕੋਈ ਅਗਵਾਈ ਦੇ ਸਕਦਾ ਹੋਵੇ ਤਾਂ ਮੰਨਣਾ ਪਵੇਗਾ ਕਿ ਮਾਮੂਲੀ ਦਿੱਸਣ ਵਾਲੇ ਕੰਮ ਵਿਚ ਵੀ ਖ਼ਾਸੀ ਵਿਸ਼ੇਸ਼ੱਗਤਾ ਦੀ ਲੋੜ ਹੈ। ਜਿਵੇਂ 'ਪਾਣੀ ਮਹਾਰਾਜ' ਦੀ ਸੋਟੀ ਰਾਜਸਥਾਨ ਦੇ ਥਲਾਂ ਵਿਚ ਪਾਣੀ ਦੇ ਭੰਡਾਰ ਉੱਤੇ ਆਪਣੇ ਆਪ ਜਾ ਟਿਕਦੀ ਦੱਸੀ ਜਾਂਦੀ ਹੈ, ਤਿਵੇਂ ਹੀ ਹੱਥ-ਲਿਖਤਾਂ ਦੇ ਅਭਿਆਸੀ ਖੋਜੀ ਦਾ ਛੇਵਾਂ ਇੰਦਰਾ ਉਸ ਨੂੰ ਹੱਥ-ਲਿਖਤ ਦੇ ਸਿਰ ਉੱਤੇ ਜਾ ਖੜਾ ਕਰਦਾ ਹੈ।

ਇਸ ਮਾਮਲੇ ਵਿਚ ਮੈਨੂੰ, ਕਾਫ਼ੀ ਭੁਕਾਈ ਪਿੱਛੋਂ ਸਮਝ ਆਈ ਕਿ ਵੱਸੋਂ ਵਿਚ ਪਹੁੰਚ ਕੇ ਟੋਹਣ ਦਾ ਕੰਮ ਕਿਵੇਂ ਸ਼ੁਰੂ ਕਰਨਾ ਹੈ। ਖਰੜੇ ਭਾਲਣ ਦੇ ਕੰਮ ਵਿਚ ਅਜੇ ਨਵਾਂ ਰੰਗਰੂਟ ਸਾਂ ਕਿ ਯੂਨੀਵਰਸਿਟੀ ਵੱਲੋਂ ਮੇਰੀ ਡਿਊਟੀ ਸਮਾਣੇ ਵਿਚ ਹੋ ਰਹੇ ਇਕ ਇਮਤਿਹਾਨ ਉੱਤੇ ਛਾਪਾ ਮਾਰਨ ਦੀ ਲੱਗ ਗਈ। ਇਮਤਿਹਾਨ ਸ਼ੁਰੂ ਹੁੰਦੇ ਸਾਰ ਮੈਂ ਇਮਤਿਹਾਨ ਵਾਲੇ ਇਹਾਤੇ ਵਿਚ ਪਹੁੰਚ ਗਿਆ। ਕਮਰਿਆਂ ਵਿਚ ਅੱਧਾ ਘੰਟਾ ਚੱਕਰ ਲਾਏ, ਕਾਗ਼ਜ਼ਾਂ ਦਾ ਢਿੱਡ ਪੂਰਿਆ ਤੇ ਚੁੱਪ-ਚੁਪੀਤੇ ਬਾਹਰ ਖਿਸਕ ਆਇਆ। ਮੈਂ ਸਮਾਣੇ ਵਿਚ ਪਹਿਲੀ ਵਾਰੀ ਗਿਆ ਸਾਂ। ਬੜੇ ਸ਼ਾਨਦਾਰ ਪੁਰਾਣੇ ਮਹੱਲਾਂ ਦੇ ਖੋਲਿਆਂ ਦੇ ਵਿੱਚੋਂ ਲੰਘਦਿਆਂ ਬੰਦੇ ਬਹਾਦਰ ਦੇ ਕਾਰਨਾਮਿਆਂ ਦੀ ਫ਼ਿਲਮ ਮੇਰੀਆਂ ਅੱਖਾਂ ਅੱਗੋਂ ਲੰਘਦੀ ਰਹੀ। ਮੈਂ ਨਗਰ ਦੇ ਇਕ ਬੰਨਿਓਂ ਸ਼ੁਰੂ ਹੋ ਗਿਆ ਤੇ ਇਕ ਇਕ ਘਰ ਤੇ ਇਕ ਇਕ ਹੱਟੀ, ਬਲਕਿ ਖੋਖੇ ਵਾਲਿਆਂ ਤਕ, ਹੱਥ-ਲਿਖਤਾਂ ਬਾਰੇ ਪੁੱਛਾਂ ਕਰਦਾ ਅੱਗੇ ਲੰਘਦਾ ਗਿਆ। ਤਕਰੀਬਨ ਪੰਜਾਂ ਘੰਟਿਆਂ ਵਿਚ ਮੈਂ ਸਾਰਾ ਸਮਾਣਾ ਗਾਹ ਮਾਰਿਆ ਪਰ ਕਿਤੇ ਵੀ ਖ਼ੈਰ ਨਾ ਪਈ। ਲੋਕਾਂ ਕੋਲੋਂ ਪਤਾ ਲੱਗਾ

WWW.SIKHBOOKCLUB.COM Page 232

ਕਿ ਦੇਸ ਦੀ ਵੰਡ ਤੋਂ ਪਹਿਲਾਂ ਇਸ ਨਗਰ ਵਿੱਚ ਇਕ ਵੀ ਸਿੱਖ-ਘਰ ਨਹੀਂ ਸੀ ਹੁੰਦਾ। ਜਿੰਨੇ ਸਿੱਖ ਹੁਣ ਵੱਸੇ ਹੋਏ ਹਨ, ਉਹ ਸਭ ਬਾਹਰੋਂ ਆਏ ਹੋਏ ਹਨ। ਨਿਰਾਸ ਹੋ ਕੇ ਨਗਰ ਤੋਂ ਬਾਹਰ ਨਿਕਲਿਆ ਤਾਂ ਫਿਰਨੀ ਤੋਂ ਪਾਰ ਇਕ ਹਲਟ ਚੱਲ ਰਿਹਾ ਸੀ। ਗਾਧੀ ਉੱਤੇ ਇਕ ਅੱਧਖੜ ਉਮਰ ਦਾ ਸਿੱਖ ਉਂਘਲਾ ਰਿਹਾ ਸੀ। ਮੈਂ ਖੂਹ ਤੋਂ ਠੰਢਾ ਪਾਣੀ ਪੀਤਾ ਤੇ ਰੁੱਖਾਂ ਦੀ ਛਾਵੇਂ ਡੱਠੇ ਹੋਏ ਮੰਜੇ ਉੱਤੇ ਬੈਠ ਗਿਆ। ਬਜ਼ੁਰਗ ਆਪਣੀ ਗਾਧੀ ਤੋਂ ਉਤਰ ਕੇ ਮੇਰੇ ਕੋਲ ਆ ਬੈਠਾ। ਅਸੀ ਗੱਲੀਂ ਲਗ ਗਏ। ਮੈਂ ਆਪਣੀ ਧੁਨ ਦਾ ਪੱਕਾ, ਇਹ ਜਾਣਦਿਆਂ ਵੀ, ਕਿ ਮੇਰੇ ਸਾਹਮਣੇ ਬੈਠੇ ਸਰੀਰ ਨਾਲ ਹੱਥ-ਲਿਖਤਾਂ ਦਾ ਦੂਰ ਦਾ ਵਾਸਤਾ ਵੀ ਨਹੀਂ ਹੋ ਸਕਦਾ, ਉਸ ਨਾਲ ਆਪਣਾ ਰੋਣਾ ਛੋਹ ਲਿਆ। ਪਤਾ ਲੱਗਿਆ ਕਿ ਉਹ ਇਕੱਲਾ ਸਿੱਖ ਸੀ ਜਿਸ ਦਾ ਪਰਿਵਾਰ ਬੰਦੇ ਬਹਾਦਰ ਤੋਂ ਪਹਿਲਾਂ ਦਾ ਸਮਾਣੇ ਵਿਚ ਵੱਸਦਾ ਸੀ। ਉਸ ਕੋਲ ਪੋਥੀ ਨਹੀਂ ਸੀ, ਪਰ ਅਚਾਨਕ, ਜਿਵੇਂ ਇਕ ਚਾਨਣ ਦੀ ਲੀਕ ਨੇ ਉਸ ਦੇ ਚੇਤੇ ਨੂੰ ਵਿੰਨ੍ਹ ਦਿੱਤਾ ਹੋਵੇ, ਉਸ ਨੇ ਆਪਣੀ ਪਤਨੀ ਨੂੰ ਅਵਾਜ਼ ਮਾਰੀ ਤੇ ਨਿਜ਼ਾਮ ਦੀਨ ਵਾਲੀ ਟਰੰਕੀ ਲਿਆਉਣ ਲਈ ਕਿਹਾ। ਛੋਟੀ, ਦੋ-ਪੁੜੇ ਢੱਕਣ ਵਾਲੀ ਟਰੰਕੀ ਨੂੰ ਲੱਗੀ ਤਾਲੀ ਦੀ ਚਾਬੀ ਲੱਭ ਕੇ ਜਦੋਂ ਉਸ ਨੂੰ ਖੋਲ੍ਹਿਆ ਗਿਆ ਤਾਂ ਉਸ ਵਿੱਚੋਂ ਇਕ ਸੌ ਪੰਜ ਅਸਲ ਸ਼ਾਹੀ ਫ਼ਰਮਾਨ ਤੇ ਅਰਜ਼ਦਾਸ਼ਤਾਂ ਇਸ ਤਰ੍ਹਾਂ ਨਿਕਲੀਆਂ, ਜਿਵੇਂ ਜਾਦੂਗਰ ਦੇ ਟੋਪ ਵਿੱਚੋਂ ਰੰਗ-ਬਿਰੰਗੀਆਂ ਝਾਲਰਾਂ, ਕਬੂਤਰ ਤੇ ਸਹੇ ਨਿਕਲਦੇ ਹਨ। ਇਨ੍ਹਾਂ ਵਿੱਚ ਇਕ ਸ਼ਹਿਨਸ਼ਾਹ ਜਹਾਂਗੀਰ ਕਿ ਖ਼ਬਰੇ ਸ਼ਾਹਜਹਾਨ ਦਾ, ਸੁਨਹਿਰੀ ਫ਼ਰਮਾਨ ਸੀ, ਕੁੱਝ ਫ਼ੱਰੁਖ਼ਸੀਅਰ ਦੇ ਸਨ ਤੇ ਬਾਕੀ ਦੇ ਬੰਦੇ ਬਹਾਦਰ ਤੋਂ ਬਾਅਦ, ਮੁੜ-ਵਸੇਬੇ ਲਈ ਵਿਧਵਾ ਪਠਾਣੀਆਂ, ਰੰਡੇ ਪਠਾਣਾਂ ਤੇ ਘਰ-ਬਾਰ ਗਵਾ ਚੁੱਕੇ ਸਮਾਣਾ-ਵਾਸੀਆਂ ਦੀਆਂ, ਸਰਕਾਰੀ ਸਹਾਇਤਾ ਲਈ ਅਰਜ਼ੀ-ਨਵੀਸਾਂ ਪਾਸੋਂ ਲਿਖਵਾਈਆਂ ਅਰਜ਼ਦਾਸ਼ਤਾਂ ਸਨ, ਜਿਨ੍ਹਾਂ ਉੱਤੇ ਵੱਖ ਵੱਖ ਦਫ਼ਤਰਾਂ ਦੀਆਂ ਮੁਹਰਾਂ ਲੱਗੀਆਂ ਹੋਈਆਂ ਸਨ। ਇਨ੍ਹਾਂ ਤੋਂ ਇਲਾਵਾ ਮਹਾਰਾਣੀ ਵਿਕਟੋਰੀਆ ਦੇ ਵੇਲੇ ਦੇ ਦੋ ਪੈਸੇ ਵਾਲੇ ਲਿਫ਼ਾਫ਼ੇ ਸਨ ਜਿਨ੍ਹਾਂ ਵਿਚ ਕੁੱਝ ਚਿੱਠੀਆਂ ਟੁੰਗੀਆਂ ਹੋਈਆਂ ਸਨ ਤੇ ਇਕ ਪੈਸੇ ਵਾਲੇ ਪੋਸਟ ਕਾਰਡ ਸਨ।

ਇਹ ਸਾਰਾ ਖ਼ਜ਼ਾਨਾ ਉਸ ਸਿੱਖ ਦਾ ਇਕ ਪਠਾਣ ਪੁਲਸੀਆ ਦੋਸਤ, ਦੇਸ ਦੀ ਵੰਡ ਵੇਲੇ, ਵਾਪਸੀ ਦੀ ਆਸ ਵਿਚ, ਉਸ ਨੂੰ ਸੰਭਾਲ ਗਿਆ ਸੀ ਪਰ ਭਾਗਾਂ ਨੇ ਵਿਚਾਰੇ ਨਿਜ਼ਾਮ ਦੀਨ ਨੂੰ ਆਪਣੀਆਂ ਇਨ੍ਹਾਂ ਕੀਮਤੀ ਦਸਤਾਵੇਜ਼ਾਂ ਦੀ ਸਾਰ ਲੈਣ ਦੀ ਵਿਹਲ ਨਹੀਂ ਸੀ ਦਿੱਤੀ। ਉਸ ਵਿਚਾਰੇ ਨੂੰ ਕੀ ਪਤਾ ਸੀ ਕਿ ਇਨ੍ਹਾਂ ਉੱਤੇ ਸਮੇਂ ਨੇ ਮੇਰਾ ਨਾਂ ਲਿਖ ਛੱਡਿਆ ਸੀ! ਬਜ਼ੁਰਗ ਨੇ ਇਹ ਸਾਰੇ ਕਾਗ਼ਜ਼ ਮੇਰੀ ਝੋਲੀ ਵਿਚ ਪਾ ਦਿੱਤੇ ਤੇ ਮੈਂ ਉਸ ਤੋਂ ਛੁੱਟੀ ਲੈ ਕੇ ਆਪਣੇ ਘਰ ਪਟਿਆਲੇ ਆ ਗਿਆ। ਮੈਂ ਕਾਰਡ-ਲਿਫ਼ਾਫ਼ੇ ਆਪਣੇ ਪਾਸ ਰੱਖ ਕੇ, ਸਾਰੀਆਂ ਇਤਿਹਾਸਿਕ ਮਹੱਤਾ ਵਾਲੀਆਂ ਕੀਮਤੀ ਦਸਤਾਵੇਜ਼ਾਂ, ਆਪਣੇ ਗਵਾਂਢੀ ਡਾ. ਗੰਡਾ ਸਿੰਘ ਜੀ ਨੂੰ ਫੜਾ ਦਿੱਤੀਆਂ। ਰੱਬ ਜਾਣੇ ਇਹ ਉਨ੍ਹਾਂ ਦੀ ਲਾਇਬ੍ਰੇਰੀ ਸਾਂਭਣ ਵਾਲਿਆਂ ਨੇ ਰਿਕਾਰਡ ਵਿਚ ਦਰਜ ਕਰ ਲਈਆਂ ਹਨ ਜਾਂ ਕਿਤੇ ਵਿੱਚੇ ਰੁਲ-ਖਪ ਗਈਆਂ ਹਨ! ਹਾਂ, ਇਕ ਗੱਲ ਯਕੀਨੀ ਹੈ ਕਿ ਸ਼ਹਿਨਸ਼ਾਹ ਦਾ ਖ਼ੂਬਸੂਰਤ ਸੁਨਹਿਰੀ ਲਿਖਤ ਵਾਲਾ ਫ਼ਰਮਾਨ ਉਨ੍ਹਾਂ ਦੀ ਲਾਇਬ੍ਰੇਰੀ ਵਿੱਚੋਂ ਨਿਕਲ ਕੇ ਅਮਰੀਕਾ ਦੇ ਕਿਸੇ ਅਜਾਇਬ ਘਰ ਜਾਂ ਧਨਾਢ ਸੇਠ ਪਾਸ ਪਹੁੰਚ ਚੁੱਕਾ ਹੋਵੇਗਾ।

ਜਦੋਂ ਮੈਨੂੰ ਇਸ ਖੇਤਰ ਦਾ ਕੁੱਝ ਤਜਰਬਾ ਹੋ ਗਿਆ ਤਾਂ ਕੰਮ ਕੁੱਝ ਸੌਖਾ ਹੋ ਗਿਆ। ...ਣੀ ਸੁੰਘ ਲੈਣ ਦੀ ਗੱਲ ਕਰ ਆ...

WWW.SIKHBOOKCLUB.COM

ਹਾਂ, ਉਸੇ ਤਰ੍ਹਾਂ, ਬਹੁਤੀ ਵਾਰੀ ਮੇਰੇ ਪੈਰ ਮੈਨੂੰ, ਆਪਣੇ ਆਪ, ਪੋਥੀ ਦੇ ਸਿਰਹਾਣੇ ਪਹੁੰਚਾਉਂਦੇ ਰਹੇ ਹਨ। ਇਸ ਦਾ ਇਕ ਕਾਰਨ ਤਾਂ ਇਹ ਸੀ ਕਿ ਜਿਨ੍ਹਾਂ ਲੋਕਾਂ ਨੂੰ ਮੇਰੇ ਝੱਲ ਦਾ ਪਤਾ ਲਗਦਾ ਗਿਆ, ਉਹ ਮੈਨੂੰ ਪੋਥੀਆਂ ਦੀ ਸੂਹ ਦੇਣ ਲਗ ਪਏ ਤੇ ਦੂਜਾ ਕਾਰਨ ਇਹ ਸੀ ਕਿ ਮੈਂ ਜਾਣ ਗਿਆ ਸਾਂ ਕਿ ਜੇ ਪਿੰਡ ਵਿਚ ਕਿਸੇ ਸੰਪ੍ਰਦਾਇ ਦਾ ਡੇਰਾ ਹੋਵੇ ਤਾਂ ਪਹਿਲਾਂ ਉਸ ਵਿਚ ਜਾਣਾ ਹੈ। ਉਦਾਸੀ ਹੋਣ ਜਾਂ ਨਿਰਮਲੇ, ਬੈਰਾਗੀ ਹੋਣ ਜਾਂ ਨਾਥ-ਪੰਥੀ, ਕਬੀਰ ਪੰਥੀ ਹੋਣ ਜਾਂ ਦਾਦੂ ਪੰਥੀ ਤੇ ਸੇਵਾ ਪੰਥੀ ਹੋਣ ਜਾਂ ਦੀਵਾਨੇ, ਪੋਥੀਆਂ ਦੇ ਸਭ ਸ਼ੌਕੀਨ ਰਹੇ ਹਨ। ਮੈਂ ਪਿੰਡ ਵਿਚ ਵੜਨ ਤੋਂ ਪਹਿਲਾਂ ਹੀ ਪਤਾ ਕਰ ਲੈਂਦਾ ਹਾਂ ਕਿ ਏਥੇ ਕੋਈ ਪੁਰਾਣਾ ਡੇਰਾ ਜਾਂ ਧਰਮਸਾਲ ਹੈ ਕਿ ਨਹੀਂ; ਇਤਿਹਾਸਿਕ ਅਹਿਮੀਅਤ ਵਾਲੇ ਘਰਾਣੇ ਕਿਹੜੇ ਕਿਹੜੇ ਹਨ? ਕੋਈ ਪੁਰਾਣਾ ਅਕਾਲੀ, ਕੋਈ ਨਿਹੰਗ, ਕੋਈ ਨਾਮਧਾਰੀ, ਕੋਈ ਜੱਥੇਦਾਰ, ਕੋਈ ਕਵੀਸ਼ਰ, ਕੋਈ ਗੰਧੀ, ਕੋਈ ਬੇਦੀ, ਕੋਈ ਸੋਢੀ...। ਦੁਆਬੇ ਵਿਚ ਤੇ ਮਾਲਵੇ ਵਿਚ ਬੌਣੇ ਤੇ ਚਮਾਰ ਘਰਾਣਿਆਂ ਕੋਲੋਂ ਕਾਫ਼ੀ ਖਰੜੇ ਮਿਲੇ। ਹੌਲੀ ਹੌਲੀ ਮੈਨੂੰ ਸਪਸ਼ਟ ਹੁੰਦਾ ਗਿਆ ਕਿ ਖਰੜੇ ਭਾਲਣ ਦਾ ਕੰਮ ਕਾਫ਼ੀ ਚਪਲ ਵਿਸ਼ੇਸ਼ੱਗਤਾ ਮੰਗਦਾ ਹੈ। ਮਸਲਨ, ਇਸ ਨਿੱਕੇ ਜਿਹੇ ਵੇਰਵੇ ਦੀ ਹੀ ਬੜੇ ਚਿਰ ਪਿੱਛੋਂ ਸਮਝ ਆਈ ਕਿ ਕਿਸੇ ਘਰ ਵਿਚ ਜਾ ਕੇ ਖਰੜਿਆਂ ਬਾਰੇ ਪੁੱਛਣਾ ਕਿਵੇਂ ਹੈ। ਜੇ ਪੁੱਛਦਾ, "ਕੋਈ ਖਰੜਾ ਹੈ?" ਤਾਂ ਜਵਾਬ ਮਿਲਦਾ, "ਜੀ ਨਹੀਂ।"

"ਕੋਈ ਹੱਥ-ਲਿਖਤ ਹੈ?"

ਘੜਿਆ-ਘੜਾਇਆ ਜਵਾਬ ਮਿਲਦਾ, "ਜੀ ਨਹੀਂ।"

"ਕੋਈ ਹੱਥ ਦੀ ਲਿਖੀ ਪੋਥੀ ਹੈ?"

"ਜੀ ਨਹੀਂ।"

ਇਹੋ ਜਿਹੀ ਹਰ ਪੁੱਛ ਦਾ ਜਵਾਬ ਸੀ, "ਨਹੀਂ।" ਪਰ ਜਦੋਂ ਤਜਰਬਾ ਹੋ ਗਿਆ ਤਾਂ ਮੈਂ ਪੁੱਛਦਾ, ਤੁਹਾਡੇ ਪਾਸ ਗੁਰੂ ਗ੍ਰੰਥ ਸਾਹਿਬ ਦੀ ਕੋਈ ਪੁਰਾਣੀ ਬੀੜ ਹੈ? ਕੋਈ ਹੱਥ ਦਾ ਲਿਖਿਆ ਗੁਟਕਾ ਹੈ। ਕੋਈ ਹੱਥ ਦੀ ਲਿਖੀ ਜਨਮਸਾਖੀ ਹੈ? ਕੋਈ ਗੀਤਾ, ਰਾਮਾਇਣ, ਮਹਾਭਾਰਤ ਜਾਂ ਹਨੂਮਾਨ ਨਾਟਕ ਹੈ? ਇਉਂ ਪੁੱਛਦਿਆਂ-ਪੁੱਛਦਿਆਂ ਹੌਲੀ ਹੌਲੀ ਪਹੁੰਚ ਜਾਣਾ ਪੁਰਾਣੀਆਂ ਸਨਦਾਂ ਜਾਂ ਬਜ਼ੁਰਗਾਂ ਦੀਆਂ ਚਿੱਠੀਆਂ ਤੇ ਵਹੀਆਂ, ਆਦਿ ਉੱਤੇ। ਇਸ ਜੁਗਤ ਨਾਲ ਉਨ੍ਹਾਂ ਘਰਾਂ ਵਿੱਚੋਂ ਵੀ ਬਹੁਤ ਚੀਜ਼ਾਂ ਲੱਭ ਗਈਆਂ, ਜਿਨ੍ਹਾਂ ਵਿੱਚੋਂ ਪਹਿਲਾਂ ਕਿਸੇ ਵੀ ਹੱਥ-ਲਿਖਤ ਦੀ ਹੋਂਦ ਬਾਰੇ ਸਾਫ਼ ਇਨਕਾਰ ਹੋ ਚੁੱਕਾ ਸੀ। ਇਹ ਇਨਕਾਰ, ਆਮ ਤੌਰ ਉੱਤੇ, ਕੁੱਝ ਲੁਕਾਉਣ ਦੀ ਖ਼ਾਤਰ ਨਹੀਂ ਸੀ ਕੀਤਾ ਜਾਂਦਾ, ਬਲਕਿ ਇਸ ਲਈ ਕਰ ਦਿੱਤਾ ਜਾਂਦਾ ਸੀ ਕਿ ਵਿਚਾਰੇ ਮਾਲਕਾਂ ਦੇ ਦਿਮਾਗ਼, ਇਕਦਮ, ਉਨ੍ਹਾਂ ਦੇ ਘਰ ਪਈ ਜਨਮ-ਸਾਖੀ ਜਾਂ ਗੀਤਾ ਨੂੰ, ਹੱਥ-ਲਿਖਤ ਜਾਂ ਖਰੜੇ ਦੇ ਸੰਕਲਪ ਨਾਲ ਜੋੜਨ ਤੋਂ ਅਸਮਰਥ ਰਹਿੰਦੇ ਸਨ।

ਜੇ ਖਰੜਿਆਂ ਦੀ ਭਾਲ ਦੇ ਕੰਮ ਲਈ ਵੀ ਅਨੁਭਵੀ ਵਿਸ਼ੇਸ਼ੱਗਤਾ ਦੀ ਲੋੜ ਹੈ ਤਾਂ ਪ੍ਰਾਪਤੀ ਤੋਂ ਬਾਅਦ ਦੇ ਸਾਰੇ ਅਮਲ ਵਿਚ ਕਿੰਨੀ ਵਿਸ਼ੇਸ਼ੱਗਤਾ ਦੀ ਲੋੜ ਹੈ, ਇਸ ਦਾ ਅਨੁਮਾਨ ਲਾਉਣਾ ਔਖਾ ਨਹੀਂ।

ਖਰੜੇ ਭਾਲਣ ਤੇ ਉਨ੍ਹਾਂ ਨੂੰ ਇਕ ਥਾਂ ਇਕੱਤਰ ਕਰਨ ਦਾ ਕੰਮ, ਜਿਸ ਤਰ੍ਹਾਂ ਨਾਗਰੀ ਪ੍ਰਚਾਰਿਣੀ ਸਭਾ ਨੇ ਕੀਤਾ ਸੀ ਜਾਂ ਗੁਜਰਾਤੀ, ਮਰਾਠੀ ਤੇ ਤਮਿਲ ਭਾਸ਼ਾਵਾਂ ਦੇ ਲੇਖਕਾਂ ਜਾਂ ਰਾਜਸਥਾਨ ਦੇ ਸਰਕਾਰੀ ਇਦਾਰਿਆਂ ਨੇ ਕੀਤਾ, ਉਸ ਨਮੂਨੇ ਉੱਤੇ ਬਾਕਾਇਦਾ ਕੰਮ ਪੰਜਾਬੀ ਵਿਚ ਨਹੀਂ ਹੋ ਸਕਿਆ। ਇਸੇ ਲਈ ਏਥੇ ਕਿਸੇ ਇਦਾਰੇ ਪਾਸ ਹਜ਼ਾਰਾਂ ਖਰੜੇ ਨਹੀਂ [illegible] ਗਰੀ ਪ੍ਰਚਾਰਿਣੀ ਸਭਾ ਨੇ ਕੁੱਝ ਕਰ[illegible]

WWW.SIKHBOOKCLUB.COM 

ਰੱਖੇ ਹੋਏ ਸਨ ਜੋ ਹਿੰਦੀ-ਭਾਸ਼ੀ ਇਲਾਕੇ ਦੇ ਡੇਰਿਆਂ ਤੇ ਘਰਾਂ ਵਿਚ ਜਾ ਜਾ ਕੇ ਖਰੜੇ ਇਕੱਤਰ ਕਰਦੇ ਸਨ। ਜੋ ਮਿਲ ਜਾਂਦੇ ਉਹ ਲੈ ਆਉਂਦੇ ਤੇ ਜੋ ਨਾ ਮਿਲਦੇ ਉਨ੍ਹਾਂ ਦੇ ਵੇਰਵੇ ਲਿਖ ਲਿਆਉਂਦੇ। ਕੁੱਝ ਵਿਦਵਾਨ ਦਫ਼ਤਰ ਵਿਚ ਇਨ੍ਹਾਂ ਖਰੜਿਆਂ ਬਾਰੇ ਪ੍ਰਾਪਤ ਰਪੋਟਾਂ ਤੋਂ ਪ੍ਰੈਸ-ਕਾਪੀਆਂ ਤਿਆਰ ਕਰਦੇ ਸਨ। ਇਹ ਸਾਲਾਨਾ ਰਪੋਟਾਂ ਅੱਜ ਵੀ ਖੋਜੀਆਂ ਦੀ ਰਾਹਨੁਮਾਈ ਕਰਦੀਆਂ ਹਨ। ਇਸ ਤਰ੍ਹਾਂ, ਭਾਲ ਦੇ ਨਾਲ, ਖਰੜਿਆਂ ਨੂੰ ਕਿਸੇ ਕੇਂਦਰ ਵਿਚ ਇਕੱਤਰ ਕਰ ਕੇ, ਤਰਤੀਬ ਸਿਰ ਟਿਕਾ ਕੇ, ਉਨ੍ਹਾਂ ਦੇ ਵੇਰਵਿਆਂ ਦੀਆਂ ਰਪੋਟਾਂ ਲੋੜਵੰਦ ਵਿਦਵਾਨਾਂ ਤਕ ਪਹੁੰਚਾਉਣਾ ਵੀ ਇਨ੍ਹਾਂ ਨੂੰ ਸੰਭਾਲਣ ਦਾ ਹੀ ਇਕ ਢੰਗ ਹੈ ਕਿਉਂਕਿ ਪਤਾ ਲੱਗਣ ਉੱਤੇ ਸ਼ੌਕੀਨ ਜਾਂ ਲੋੜਵੰਡ ਉਨ੍ਹਾਂ ਤਕ ਪਹੁੰਚਣ ਤੇ ਉਨ੍ਹਾਂ ਦੇ ਸੰਪਾਦਨ ਆਦਿ ਲਈ ਆਪੇ ਪ੍ਰਬੰਧ ਕਰਨ ਵਾਲੇ ਪਾਸੇ ਤਤਪਰ ਹੋ ਜਾਂਦੇ ਹਨ।

ਖਰੜਿਆਂ ਦੀ ਸੰਭਾਲ ਵਿਚ ਲਾਇਬ੍ਰੇਰੀ ਵਿਗਿਆਨ ਦਾ ਕਰੀਬ ਕਰੀਬ ਹਰ ਅਮਲ ਵਰਤੋਂ ਵਿਚ ਆਉਂਦਾ ਹੈ, ਜਿਵੇਂ ਉਨ੍ਹਾਂ ਨੂੰ ਕੀੜੇਮਾਰ ਮਸ਼ੀਨ ਵਿੱਚੋਂ ਲੰਘਾਉਣਾ, ਵਿਗਿਆਨਿਕ ਢੰਗ ਨਾਲ ਮੁਰੰਮਤ ਕਰਨੀ, ਲੈਮੀਨੇਸ਼ਨ ਦੀ ਪ੍ਰਕਿਰਿਆ ਰਾਹੀਂ ਪੱਤਰਿਆਂ ਨੂੰ ਕਿਰਮਾਂ ਤੋਂ ਸੁਰੱਖਿਅਤ ਕਰਨਾ, ਜਿਲਦਬੰਦੀ ਕਰਨੀ, ਵਿਸ਼ੇ ਅਨੁਸਾਰ ਨੰਬਰ ਲਾਉਣੇ, ਸ਼੍ਰੇਣੀ-ਵੰਡ ਕਰਨੀ, ਕਾਰਡ ਤਿਆਰ ਕਰਨੇ, ਆਦਿ। ਹੱਥ-ਲਿਖਤ ਨੂੰ ਇਸ ਅਮਲ ਵਿੱਚੋਂ ਲੰਘਾਉਣਾ ਉਸੇ ਤਰ੍ਹਾਂ ਹੈ ਜਿਵੇਂ ਲਾੜੀ ਨੂੰ ਵਿਆਹ ਤੋਂ ਪਹਿਲਾਂ 'ਬਿਊਟੀ ਪਾਰਲਰ' ਵਿੱਚੋਂ ਲੰਘਾਉਣਾ। ਇਸ ਅਮਲ ਉਪਰੰਤ ਕਿਰਮਾਂ ਦਾ ਖਾਧਾ, ਭੁਰ ਭੁਰ ਕਰਦਾ ਬਿਰਧ ਖਰੜਾ ਜਾਂ ਫਟਿਆ ਪੁਰਾਣਾ ਖੁੱਥੜ ਜਿਹਾ ਖਰੜਾ ਵੀ ਸਾਂਭਣਜੋਗ ਸੁਗਾਤ ਬਣ ਜਾਂਦਾ ਹੈ। ਜਦੋਂ ਸਜਾਉਣ-ਫਬਾਉਣ ਦਾ ਕੰਮ ਸਿਰੇ ਚੜ੍ਹ ਜਾਏ ਤਾਂ ਸੰਪਾਦਨ ਦੀ ਵਾਰੀ ਆਉਂਦੀ ਹੈ। ਇਹੀ ਕੰਮ ਹੈ, ਜਿਸ ਦੇ ਵੱਖ ਵੱਖ ਪੱਖਾਂ ਉੱਤੇ ਘੋਖ-ਪੜਤਾਲ ਤੇ ਵਿਚਾਰ-ਵਟਾਂਦਰੇ ਲਈ ਅੱਜ ਵਾਲਾ ਕਾਜ ਰਚਾਇਆ ਗਿਆ ਹੈ।

ਜੇ ਦੁਨੀਆ ਵਿਚ ਕਿਸੇ ਲਿਖਤ ਦਾ ਇੱਕੋ ਖਰੜਾ ਪ੍ਰਾਪਤ ਹੋਵੇ ਤਾਂ ਉਸ ਇਕੱਲੇ ਦਾ ਸੰਪਾਦਨ ਵੀ ਹੋ ਸਕਦਾ ਹੈ, ਪਰ ਜੇ ਉਸ ਦੀਆਂ ਵੱਧ ਕਾਪੀਆਂ ਮੌਜੂਦ ਹੋਣ, ਤੇ ਪਈਆਂ ਹੋਣ ਦੂਰ-ਦਰੇਡੇ ਤਾਂ ਉਨ੍ਹਾਂ ਤਕ ਰਸਾਈ ਹੋਣੀ ਜ਼ਰੂਰੀ ਹੈ ਤੇ ਜੇ ਫ਼ੋਟੋ-ਕਾਪੀਆਂ ਮਿਲ ਸਕਣ ਤਾਂ ਪਾਠ ਦੇ ਕਈ ਮਸਲੇ ਹੱਲ ਕਰਨੇ ਸੌਖੇ ਹੋ ਜਾਂਦੇ ਹਨ। ਪਰ ਜੇ ਨਕਲਾਂ ਨਾ ਮਿਲ ਸਕਦੀਆਂ ਹੋਣ ਤਾਂ ਅਸਲ ਤਕ ਆਪ ਪਹੁੰਚਣ ਤੋਂ ਛੁੱਟ ਹੋਰ ਕੋਈ ਚਾਰਾ ਨਹੀਂ। ਜਿਨ੍ਹਾਂ ਦਿਨਾਂ ਵਿਚ ਮੈਂ 'ਪਾਰਸ ਭਾਗ' ਉੱਤੇ ਕੰਮ ਕਰਨਾ ਸ਼ੁਰੂ ਕੀਤਾ ਸੀ, ਉਨ੍ਹਾਂ ਦਿਨਾਂ ਵਿਚ ਆਰਕਾਈਵਜ਼ ਵਿਭਾਗ ਵਿਚ ਮੇਰੇ ਨਾਲ ਦੀ ਕੁਰਸੀ ਉੱਤੇ ਇਕ ਗੋਰਾ ਆ ਕੇ ਬੈਠ ਜਾਂਦਾ ਤੇ ਸਾਰਾ ਦਿਨ 'ਸਿਆਸਤ ਨਾਮਾ' ਨਾਂ ਦੀ ਫ਼ਾਰਸੀ ਕਿਤਾਬ ਦਾ ਖਰੜਾ ਵਾਚਦਾ ਤੇ ਨੋਟ ਲੈਂਦਾ ਰਹਿੰਦਾ ਸੀ। ਇਕ ਦਿਨ ਗੱਲ-ਬਾਤ ਛਿੜੀ ਤਾਂ ਪਤਾ ਲੱਗਾ, ਸਿਆਸਤਨਾਮੇ ਦਾ ਸੰਪਾਦਨ ਕਰ ਰਿਹਾ ਹੈ। ਇੰਗਲੈਂਡ ਵਿਚ ਪਏ ਖਰੜੇ ਵੇਖ ਕੇ ਅਲ ਅਜ਼ਹਰ ਯੂਨੀਵਰਸਿਟੀ, ਕਾਹਿਰਾ (ਮਿਸਰ), ਤਿਹਰਾਨ (ਈਰਾਨ), ਲਾਹੌਰ (ਪਾਕਿਸਤਾਨ) ਤੋਂ ਹੋ ਕੇ ਕਪੂਰਥਲੇ ਪਹੁੰਚਿਆ ਸੀ, ਜਿੱਥੋਂ ਦੀ ਸਰਕਾਰੀ ਲਾਇਬ੍ਰੇਰੀ ਵਿਚ ਪਈ ਹੱਥ-ਲਿਖਤ ਦਾ ਪਤਾ ਮਿੱਤਰਾ ਸਾਹਿਬ ਦੀ ਤਿਆਰ ਕੀਤੀ ਪੁਸਤਕ-ਸੂਚੀ ਤੋਂ ਲੱਗਾ ਸੀ। ਕਪੂਰਥਲੇ ਤੋਂ ਪਤਾ ਲੱਗਾ ਕਿ ਪੈਪਸੂ ਬਣਨ ਉਪਰੰਤ ਖਰੜੇ ਪਟਿਆਲੇ ਜਾ ਚੁੱਕੇ ਹਨ। ਏਥੋਂ ਉਸ ਨੇ ਰਾਮਪੁਰ, ਅਲੀਗੜ੍ਹ ਤੇ ਖ਼ੁਦਾ ਬਖ਼ਸ਼ ਲਾਇਬ੍ਰੇਰੀ ਪਟਨਾ ਵਿੱਚ ਪਏ ਖਰੜੇ ਵੇਖਣ ਲਈ ਪਟਨੇ ਜਾਣਾ ਸੀ। ਉਸ ਦਾ ਖ਼ਰਚ ਉਸ ਦੀ ਯੂਨੀਵਰਸਿਟੀ [illegible] ਦੇ ਬਾਅਦ, ਸਿਆਣੇ ਨਿਗਰਾਨ [illegible]

WWW.SIKHBOOKCLUB.COM

ਅਗਵਾਈ ਵਿਚ, ਜੋ ਸੰਪਾਦਨ ਤਿਆਰ ਹੋਣਾ ਸੀ, ਉਸ ਦੀ ਟੱਕਰ ਦਾ ਸੰਪਾਦਨ 'ਜ਼ਿਆਸਤ ਨਾਮੇ' ਦਾ ਹੋਣਾ ਸੌਖੀ ਸੰਭਾਵਨਾ ਨਹੀਂ ਸੀ ਹੋ ਸਕਦੀ।

ਸੋ, ਸੰਪਾਦਕ ਦਾ ਪਹਿਲਾ ਕੰਮ ਹੋਣਾ ਚਾਹੀਦਾ ਹੈ, ਆਪਣੇ ਚੁਣੇ ਹੋਏ ਖਰੜੇ ਦੀਆਂ ਵੱਖ ਵੱਖ ਨਕਲਾਂ ਦੀ ਨਿਸ਼ਾਨਦਿਹੀ ਤੇ ਉਸ ਦੇ ਮਤਨ ਤਕ ਪਹੁੰਚ। ਸ. ਸ਼ਮਸ਼ੇਰ ਸਿੰਘ ਅਸ਼ੋਕ ਦਾ ਕੰਮ ਨਿਸ਼ਾਨਦਿਹੀ ਦੇ ਮਾਮਲੇ ਵਿਚ ਬੜੀ ਅੱਛੀ ਮੁੱਢਲੀ ਸਹਾਇਤਾ ਕਰ ਸਕਦਾ ਹੈ, ਪਰ ਜੇ ਪੰਜਾਬੀ ਜਾਂ ਕੋਈ ਹੋਰ ਯੂਨੀਵਰਸਿਟੀ ਅਸ਼ੋਕ ਜੀ ਦੇ ਕੰਮ ਨੂੰ ਨਵੇ-ਸਿਰਿਓਂ ਕਰਾਉਣ ਦਾ ਬੀੜਾ ਚੁੱਕ ਲਵੇ ਤਾਂ ਭੁੱਲਾਂ ਦੀ ਸੁਧਾਈ ਵੀ ਹੋ ਜਾਵੇਗੀ ਤੇ ਨਵੇਂ ਇੰਦਰਾਜ ਵੀ ਸ਼ਾਮਿਲ ਹੋ ਜਾਣਗੇ। ਅਸ਼ੋਕ ਜੀ ਦੀ ਵੇਰਵੇ ਦੇਣ ਦੀ ਵਿਧੀ ਵਿਚ ਜਿਨ੍ਹਾਂ ਸੁਧਾਰਾਂ ਦੀ ਲੋੜ ਹੈ, ਉਹ ਨਵੀਂ ਯੋਜਨਾ ਵਿਚ ਅਸਾਨੀ ਨਾਲ ਕੀਤੇ ਜਾ ਸਕਦੇ ਹਨ। ਇਸ ਤਰ੍ਹਾਂ ਦੀਆਂ ਸੂਚੀ-ਪੁਸਤਕਾਂ ਸੰਪਾਦਕਾਂ ਨੂੰ ਡੰਗੋਰੀਆਂ ਦਾ ਕੰਮ ਦੇਂਦੀਆਂ ਹਨ।

ਨਕਲਾਂ ਦੀ ਪ੍ਰਾਪਤੀ ਤੋਂ ਬਾਅਦ ਸ਼ੁਰੂ ਹੁੰਦਾ ਹੈ ਹੱਥ-ਲਿਖਤਾਂ ਦੇ ਮੁਕਾਬਲੇ ਦਾ ਕੰਮ। ਇਸ ਕੰਮ ਦਾ ਬੁਨਿਆਦੀ ਮਕਸਦ ਅਸਲ ਜਾਂ ਮੂਲ ਪਾਠ ਤਕ ਪਹੁੰਚਣਾ ਹੁੰਦਾ ਹੈ, ਨਾ ਕਿ ਪਾਠ ਦੇ ਜਾਂ ਅੱਖਰ-ਜੋੜਾਂ ਦੇ ਨਿੱਕੇ ਤੋਂ ਨਿੱਕੇ ਭੇਦਾਂ ਦੀਆਂ ਸੂਚੀਆਂ ਨਾਲ ਸਫ਼ੇ ਭਰਨੇ। ਜੇ ਮੂਲ ਲੇਖਕ ਦੇ ਆਪਣੇ ਹੱਥ ਦਾ ਲਿਖਿਆ ਤੇ ਸੋਧਿਆ ਹੋਇਆ ਅੰਤਿਮ ਖਰੜਾ ਮਿਲ ਜਾਵੇ, ਫੇਰ ਤਾਂ ਉਸ ਦੇ ਪਾਠ-ਭੇਦਾਂ ਉੱਤੇ ਵਕਤ ਜ਼ਾਇਆ ਕਰਨ ਦੀ ਕੋਈ ਲੋੜ ਨਹੀਂ ਹੁੰਦੀ ਪਰ ਜੇ ਮੂਲ ਲੇਖਕ ਦੇ ਹੱਥ ਦਾ ਖਰੜਾ ਮੌਜੂਦ ਨਾ ਹੋਵੇ ਤਾਂ ਉਸ ਦੇ ਉਤਾਰਿਆਂ ਦੀ ਕੀਮਤ ਵਧ ਜਾਂਦੀ ਹੈ। ਫੇਰ ਸੰਪਾਦਕ ਨੂੰ ਇਸ ਨਿਰਣੇ ਦੀ ਲੋੜ ਪੈਂਦੀ ਹੈ ਕਿ ਇਨ੍ਹਾਂ ਵਿੱਚੋਂ ਕਿਹੜਾ ਕਿਹੜਾ ਖਰੜਾ ਵਧੇਰੇ ਇਤਬਾਰੀ ਮੰਨਿਆ ਜਾਣਾ ਹੈ ਤਾਂ ਜੋ ਅਸਲ ਰਚਨਾ ਦੇ ਨੇੜੇ ਜਾਂ ਅਨੁਸਾਰੀ ਹੋਣ ਕਾਰਨ ਮੂਲ ਪਾਠ ਵਜੋਂ ਅਪਣਾਇਆ ਜਾ ਸਕੇ। ਜਿਨ੍ਹਾਂ ਪੁਰਾਣੇ ਲੇਖਕਾਂ, ਖ਼ਾਸ ਕਰਕੇ ਕਵੀਆਂ ਦੀਆਂ ਰਚਨਾਵਾਂ, ਲੋਕਾਂ ਵਿਚ ਬਹੁਤ ਪ੍ਰਚਲਿਤ ਹੋ ਗਈਆਂ ਹਨ, ਉਨ੍ਹਾਂ ਦੇ ਮੂਲ ਪਾਠ ਵਿਚ ਢੇਰ ਤਬਦੀਲੀਆਂ ਹੋਈਆਂ ਮਿਲਦੀਆਂ ਹਨ। ਇਹੀ ਨਹੀਂ, ਜਿਵੇਂ ਕਿ ਆਪ ਸਭ ਜਾਣਦੇ ਹੋ, ਇਨ੍ਹਾਂ ਦਾ ਨਾਂ ਵਰਤ ਕੇ, ਹੋਰ ਕਵੀ ਆਪਣੀਆਂ ਤੁਕਾਂ ਜਾਂ ਬੰਦਾਂ ਦੀ ਮਿਲਾਵਟ ਕਰਦੇ ਆਏ ਹਨ। ਇਹੋ ਜਿਹੇ ਮੌਕੇ ਉੱਤੇ ਸੰਪਾਦਕ ਦਾ ਔਖਾ ਕੰਮ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰਨ ਵਾਲਾ ਹੁੰਦਾ ਹੈ। ਇਹੋ ਜਿਹੇ ਮੌਕਿਆਂ ਉੱਤੇ ਹੀ ਸਮਝ ਆਉਂਦੀ ਹੈ ਕਿ ਖਰੜਿਆਂ ਦੀ ਸੰਭਾਲ ਕਿੰਨੀ ਜ਼ਰੂਰੀ ਹੈ ਕਿਉਂਕਿ ਮੂਲ ਲੇਖਕ ਦੇ ਅਸਲ ਪਾਠ ਤਕ ਅਪੜਾ ਦੇਣ ਵਾਲੀ ਕੋਈ ਪੌੜੀ ਈਜਾਦ ਨਹੀਂ ਹੋਈ ਸਿਵਾਏ ਬਾਅਦ ਦੇ ਉਤਾਰਿਆਂ ਦੇ। ਜਦ ਸੰਪਾਦਕ ਦੇ ਕੋਲ ਹੁੰਦੇ ਹੀ ਬਾਅਦ ਦੇ ਉਤਾਰੇ ਹਨ ਤਾਂ ਇਨ੍ਹਾਂ ਦੀ ਅੰਦਰੂਨੀ ਗਵਾਹੀ ਨਾਲ ਹੀ ਮੂਲ ਪਾਠ ਤਕ ਪਹੁੰਚਿਆ ਜਾ ਸਕਦਾ ਹੈ, ਹੋਰ ਕੋਈ ਸਾਧਨ ਉਸ ਦੇ ਪਾਸ ਨਹੀਂ ਹੁੰਦਾ।

ਜੇ ਇਹ ਸਮਝ ਆ ਜਾਵੇ ਕਿ ਉਤਾਰਿਆਂ ਵਿਚ ਤਬਦੀਲੀਆਂ ਹੁੰਦੀਆਂ ਕਿਉਂ ਹਨ ਤਾਂ ਸੰਪਾਦਕ ਦੀ, ਮੂਲ ਪਾਠ ਤਕ ਪਹੁੰਚਣ ਵਿਚ, ਬੜੀ ਸਹਾਇਤਾ ਹੋ ਸਕਦੀ ਹੈ। ਉਸ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਲਿਖਾਰੀ ਕਈ ਵਾਰੀ ਥੱਕ ਕੇ ਬੇਧਿਆਨ ਹੋ ਜਾਂਦਾ ਹੈ ਜਾਂ ਊਂਘ ਆ ਜਾਂਦੀ ਹੈ ਜਾਂ ਹਵਾ ਨਾਲ ਅਛੋਪਲੇ ਜਿਹੇ ਨਕਲ ਹੋ ਰਹੇ ਗ੍ਰੰਥ ਦਾ ਪੱਤਰਾ ਪਰਤਿਆ ਜਾਂਦਾ ਹੈ ਪਰ ਲਿਖਾਰੀ ਆਪਣੇ ਭਾਣੇ ਲਗਾਤਾਰ ਨਕਲ ਕਰੀ ਜਾ ਰਿਹਾ ਹੁੰਦਾ ਹੈ ਜਾਂ ਨਿਗਾਹ ਦੋ ਚਾਰ ਸਤਰਾਂ ਛੱਡ ਕੇ ਥੱਲੇ ਦੇ ਕਿਸੇ ਲਫ਼ਜ਼ ਤੋਂ ਅੱਗੇ ਤੁਰ ਪੈਂਦੀ ਹੈ ਜਾਂ ਮੂਲ ਨਾਲੋਂ ਉਸ [illegible] ਸੂਤ ਲਗਦੀ ਹੈ। ਇਹ ਸਾਰੇ [illegible]

WWW.SIKHBOOKCLUB.COM

ਤਬਦੀਲੀਆਂ ਦੇ ਜ਼ਿੰਮੇਵਾਰ ਬਣਦੇ ਹਨ। ਜੇ ਮੂਲ ਪਾਠ ਵਿਚ ਨੰਗੇਜ ਦੀ ਮਾਤਰਾ ਕੁੱਝ ਵੱਧ ਹੋਵੇ ਤੇ ਉਤਾਰਾ ਕਰਨ ਵਾਲਾ ਅਸ਼ਲੀਲ-ਵਿਰੋਧੀ ਢਾਣੀ ਨਾਲ ਸੰਬੰਧਿਤ ਹੈ ਤਾਂ ਕੋਈ ਵੱਡੀ ਗੱਲ ਨਹੀਂ ਉਸ ਨੇ ਨੰਗੇਜ ਵਾਲਾ ਭਾਗ ਉਤਾਰੇ ਵਿਚ ਛੱਡ ਦਿੱਤਾ ਹੋਵੇ। ਇਸੇ ਤਰ੍ਹਾਂ, ਜੇ ਕੋਈ ਭਾਵ ਉਸ ਦੇ ਆਪਣੇ ਧਾਰਮਿਕ ਵਿਸ਼ਵਾਸ ਨਾਲ ਮੇਲ ਨਹੀਂ ਖਾਂਦਾ ਤਾਂ ਵੀ ਉਸ ਦੀ ਰੁਚੀ ਛੱਡਣ ਜਾਂ ਬਦਲਣ ਵਾਲੇ ਪਾਸੇ ਉਲਰ ਸਕਦੀ ਹੈ। ਇਹ ਲੱਭਣਾ ਸੰਪਾਦਕ ਦਾ ਕੰਮ ਹੁੰਦਾ ਹੈ ਕਿ ਲਿਖਾਰੀ ਨੇ ਕੁੱਝ ਛੱਡਿਆ ਜਾਂ ਬਦਲਿਆ ਹੋਇਆ ਹੈ ਕਿ ਨਹੀਂ ਤੇ ਜੇ ਕੋਈ ਹਸਤਾਖੇਪ ਕੀਤਾ ਹੋਇਆ ਹੈ ਤਾਂ ਇਸ ਦਾ ਕੀ ਕਾਰਨ ਹੋ ਸਕਦਾ ਹੈ ਤੇ ਉਸ ਨੂੰ ਬਹਾਲ ਕਰਨਾ ਹੈ ਕਿ ਛੱਡਣਾ ਹੈ।

ਸੰਪਾਦਕ ਦੇ ਕੰਮ ਨੂੰ ਮੌਲਿਕ ਕੰਮ ਵਾਲਾ ਦਰਜਾ ਕਿਤੇ ਨਹੀਂ ਮਿਲਦਾ, ਪਰ ਇਹ ਦਰਜਾ ਮਿਲੇ ਭਾਵੇਂ ਨਾ ਮਿਲੇ, ਇਹ ਪੱਕੀ ਗੱਲ ਹੈ ਕਿ ਜੇ ਸੰਪਾਦਕ ਵਾਲਾ ਧਰਮ ਪੂਰੀ ਈਮਾਨਦਾਰੀ ਨਾਲ ਨਿਭਾਉਣਾ ਹੋਵੇ ਤਾਂ ਇਸ ਕੰਮ ਲਈ ਬੜੀ ਡੂੰਘੀ, ਬਹੁਪੱਖੀ ਤੇ ਵਿਸਤ੍ਰਿਤ ਵਿਦਵਤਾ ਦੀ ਲੋੜ ਹੁੰਦੀ ਹੈ ਤੇ ਉਹ ਚਾਹੇ ਤਾਂ ਕਿਸੇ ਵੀ ਮੌਲਿਕ ਰਚਿਆਰ ਦੀ ਭੁਲਾਈ ਜਾ ਚੁੱਕੀ ਰਚਨਾ ਨੂੰ ਮੁੜ ਸਾਹਮਣੇ ਲਿਆ ਕੇ ਰਚਿਆਰ ਨੂੰ ਸੁਰਜੀਤ ਕਰ ਸਕਦਾ ਹੈ। ਆਪਣੀ ਮਿਹਨਤ ਨਾਲ ਸੰਪਾਦਕ, ਸੰਪਾਦਿਤ ਪੋਥੀ ਦੀ ਭੂਮਿਕਾ ਵਿਚ ਰਚਿਆਰ ਬਾਰੇ ਹਰ ਸੰਭਵ ਸੋਮੇ ਤੋਂ ਇਕੱਤਰ ਕੀਤੀ ਸੂਚਨਾ ਦੇਂਦਾ ਹੈ, ਕਈ ਭੁਲੇਖੇ ਦੂਰ ਕਰਦਾ ਹੈ; ਰਚਨਾ ਦੀ ਵਿਧੀ ਤੇ ਵਿਉਂਤ ਬਾਰੇ ਚਾਨਣ ਪਾਉਂਦਾ ਹੈ; ਉਸ ਦੇ ਮੂਲ ਮਤਨ ਵਿਚ ਗੁੰਝਲਾਂ ਹੋਣ ਤਾਂ ਉਨ੍ਹਾਂ ਨੂੰ ਖੋਲ੍ਹਣ ਦਾ ਜਤਨ ਕਰਦਾ ਹੈ; ਜਿੱਥੇ ਵਿਆਖਿਆ ਦੀ ਲੋੜ ਹੋਵੇ, ਓਥੇ ਪਬ-ਟੂਕਾਂ ਵਿਚ ਜਾਂ ਭੂਮਿਕਾ ਵਿਚ ਵਿਆਖਿਆ ਵੀ ਕਰ ਦੇਂਦਾ ਹੈ। ਕਾਫ਼ੀ ਪੁਰਾਣੇ ਗ੍ਰੰਥਾਂ ਵਿਚ ਔਖੇ ਸ਼ਬਦਾਂ ਦੇ ਅਰਥ ਦੇਣ ਦੀ ਲੋੜ ਪੈਂਦੀ ਹੈ। ਸਾਡੇ ਵਾਲੇ ਪੰਜਾਬ ਵਿਚ ਫ਼ਾਰਸੀ-ਅਰਬੀ ਸ਼ਬਦਾਂ ਦੇ ਤੇ ਪੱਛਮੀ ਪੰਜਾਬ ਵਿਚ ਸੰਸਕ੍ਰਿਤ ਮੂਲ ਦੇ ਸ਼ਬਦਾਂ ਦੇ ਕੋਸ਼ੀ ਅਰਥ ਦੇਣੇ ਜ਼ਰੂਰੀ ਸਮਝਣੇ ਚਾਹੀਦੇ ਹਨ। ਜਿਨ੍ਹਾਂ ਸੰਪਾਦਕਾਂ ਨੇ, ਅਰਬੀ-ਫ਼ਾਰਸੀ ਦੇ ਮੁੱਢਲੇ ਗਿਆਨ ਤੋਂ ਬਿਨਾਂ, ਪੈਸੇ ਦੇ ਲਾਲਚ ਵਿਚ, ਹਾਸ਼ਮ, ਇਮਾਮ ਬਖ਼ਸ਼, ਕਾਦਰਯਾਰ ਤੇ ਫ਼ਜ਼ਲ ਸ਼ਾਹ ਵਰਗੇ ਕਵੀਆਂ ਦਿਆਂ ਕਿੱਸਿਆਂ ਦਾ ਸੰਪਾਦਨ ਕੀਤਾ ਹੈ, ਉਨ੍ਹਾਂ ਨੇ ਬੇਅੰਤ ਹਨੇਰਾ ਢੋਇਆ ਹੈ ਤੇ ਵਿਦਿਆਰਥੀ ਵਰਗ ਨਾਲ ਢੇਰ ਜ਼ੁਲਮ ਕਮਾਇਆ ਹੈ। ਨਾਂ ਲੈਣ ਦੀ ਲੋੜ ਨਹੀਂ ਪਰ ਇਸ ਮਾਮਲੇ ਵਿਚ ਭਾਸ਼ਾ ਵਿਭਾਗ ਤੇ ਯੂਨੀਵਰਸਿਟੀਆਂ ਓਨੀਆਂ ਹੀ ਦੋਸ਼ੀ ਹਨ, ਜਿੰਨੇ ਪ੍ਰਾਈਵੇਟ ਪ੍ਰਕਾਸ਼ਕ। ਵਾਹਿਗੁਰੂ ਇਨ੍ਹਾਂ ਨੂੰ ਸੁਮੱਤ ਬਖ਼ਸ਼ੇ!

ਕੁੱਝ ਸੰਪਾਦਨ, ਆਧੁਨਿਕ ਸਾਹਿੱਤ ਵਿੱਚੋਂ ਚੋਣਵੇਂ ਨਮੂਨਿਆਂ ਦੇ, ਵਿਦਿਆਰਥੀਆਂ ਲਈ ਤਿਆਰ ਕੀਤੇ ਜਾਂਦੇ ਹਨ; ਕੁੱਝ ਇਸੇ ਵੰਨਗੀ ਦੇ ਸੰਪਾਦਨ ਪੁਰਾਤਨ ਸਾਹਿੱਤ ਦੇ ਹੁੰਦੇ ਹਨ। ਕਿਸੇ ਇਕ ਲੇਖਕ ਦੀ ਚੋਣਵੀਂ ਰਚਨਾ ਜਾਂ ਕਿਸੇ ਇਕ ਪੂਰੀ ਰਚਨਾ ਦਾ ਸੰਪਾਦਨ ਵੀ ਕੀਤਾ ਜਾਂਦਾ ਹੈ ਤੇ ਕਈ ਵਾਰੀ ਕਿਸੇ ਲੇਖਕ ਦੀ ਸਾਰੀ ਰਚਨਾ ਦਾ ਵੀ। ਕਿਸੇ ਲੇਖਕ ਦੀ ਕਿਸੇ ਇਕ ਰਚਨਾ ਦਾ ਆਲੋਚਨਾਤਮਕ ਅਧਿਐਨ ਤੇ ਸੰਪਾਦਨ ਵੀ ਆਮ ਹੈ। ਇਹ ਸਾਰੀਆਂ ਵੰਨਗੀਆਂ ਉਹੋ ਜਿਹੇ ਸੰਪਾਦਨਾਂ ਦੀਆਂ ਹਨ ਜੋ, ਆਮ ਤੌਰ ਉੱਤੇ, ਪਾਠ-ਪੁਸਤਕਾਂ ਦਾ ਕੰਮ ਦੇਂਦੀਆਂ ਹਨ। ਇਨ੍ਹਾਂ ਵਿੱਚੋਂ ਔਖਾ ਕੰਮ ਉਜੇਹੇ ਰਚਨਾਕਾਰਾਂ ਦੇ ਸੰਪਾਦਨ ਦਾ ਹੁੰਦਾ ਹੈ, ਜਿਨ੍ਹਾਂ ਦੀ ਰਚਨਾ, ਜਿਵੇਂ ਕਿ ਪਹਿਲਾਂ ਕਿਹਾ ਜਾ ਚੁੱਕਾ ਹੈ, ਲੋਕਾਂ ਨੂੰ ਬਹੁਤ ਚੰਗੀ ਲਗਦੀ ਹੈ। ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ ਤੇ ਵਾਰਿਸ ਸ਼ਾਹ ਵਰਗੇ ਕਵੀ ਇਸ ਸ਼੍ਰੇਣੀ ਵਿਚ ਆਉਂਦੇ ਹਨ। [illegible] ਰਨ ਦਾ ਹੁੰਦਾ ਹੈ। ਇਹ ਨਿਰਧਾ[illegible]

WWW.SIKHBOOKCLUB.COM 

ਸੌਖਾ ਹੋ ਜਾਂਦਾ ਹੈ ਜੇ ਖਰੜੇ ਮਿਲ ਜਾਣ, ਪਰ ਹੋਰ ਕਵੀਆਂ ਵੱਲੋਂ ਆਪ ਰਚ ਕੇ ਵਧਾਈਆਂ ਪੰਕਤੀਆਂ ਵਾਲੇ ਅਤੇ ਬੇਧਿਆਨੀ ਨਾਲ ਲਿਖੇ ਹੋਏ ਖਰੜੇ ਹੀ ਪ੍ਰਾਪਤ ਹੋਣ ਤਾਂ ਸੰਪਾਦਕ ਦਾ ਕੰਮ ਬਹੁਤ ਔਖਾ ਹੋ ਜਾਂਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜਾਂ ਦਸਮ ਗ੍ਰੰਥ ਦੇ ਖਰੜਿਆਂ ਨੂੰ ਮੇਲਣ-ਵਿਰੋਲਣ ਦਾ ਕੰਮ, ਜਿਵੇਂ ਕਿ ਸੁਰਗਵਾਸੀ ਵਿਦਵਾਨਾਂ ਭਾਈ ਗੁਰਮੁਖ ਸਿੰਘ, ਸ. ਜੀ.ਬੀ. ਸਿੰਘ, ਗਿਆਨੀ ਭਾਗ ਸਿੰਘ ਤੇ ਡਾ. ਪਿਆਰ ਸਿੰਘ, ਆਦਿ ਨਾਲ ਹੋਏ ਦੁਰਵਿਹਾਰ ਤੋਂ ਸਪਸ਼ਟ ਹੈ, ਕਾਫ਼ੀ ਜੋਖੋਂ ਵਾਲਾ ਹੈ। ਇਸ ਦਾ ਵੱਡਾ ਕਾਰਨ ਤਾਂ ਸ਼ਾਇਦ ਦੂਸ਼ਣ ਲਾਉਣ ਵਾਲਿਆਂ ਦਾ ਪਾਠ-ਮੇਲ ਦੀ ਵਿਧੀ ਨਾਲ ਮੂਲ ਪਾਠ ਤਕ ਅਪੜਨ ਦੀ ਸਾਰੀ ਪ੍ਰਕਿਰਿਆ ਨਾਲ ਜਾਣਕਾਰੀ ਦਾ ਅਭਾਵ ਹੋਵੇ, ਪਰ ਧਾਰਮਿਕ ਮਨੌਤਾਂ, ਵਿਸ਼ਵਾਸਾਂ ਤੇ ਅਕੀਦਿਆਂ ਨੂੰ ਠੇਸ ਲੱਗਣ ਦੇ ਸਹੀ ਜਾਂ ਗ਼ਲਤ ਪ੍ਰਭਾਵ ਹੇਠ ਪੈਦਾ ਹੋਈ ਜਾਂ ਪੈਦਾ ਕੀਤੀ ਜਾਣ ਵਾਲੀ ਭੜਕਾਹਟ ਦੀ ਸੰਭਾਵਨਾ ਨੂੰ ਵੀ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਫੇਰ ਵੀ, ਬਾਵਜੂਦ ਇਸ ਖ਼ਤਰੇ ਦੇ ਪ੍ਰੋਫ਼ੈਸਰ ਗੁਰਮੁਖ ਸਿੰਘ ਦੇ ਪਿੱਛੋਂ ਸ. ਜੀ.ਬੀ. ਸਿੰਘ ਹੁਰੀਂ ਆ ਗਏ ਤੇ ਉਨ੍ਹਾਂ ਦੇ ਪਿੱਛੋਂ ਗਿਆਨੀ ਭਾਗ ਸਿੰਘ ਜੀ ਪੈਦਾ ਹੋ ਗਏ ਤੇ ਗਿਆਨੀ ਜੀ ਦੇ ਬਾਅਦ ਡਾ. ਪਿਆਰ ਸਿੰਘ ਤੇ ਡਾ. ਪਿਸ਼ੌਰਾ ਸਿੰਘ ਜੀ ਪ੍ਰਗਟ ਹੋ ਪਏ। ਮੈਨੂੰ ਲਗਦਾ ਹੈ ਕਿ ਇਸ ਸ਼੍ਰੇਣੀ ਦੇ ਸੰਪਾਦਨ ਵਿਚ ਖ਼ਤਰਿਆਂ ਦੇ ਬਾਵਜੂਦ, ਅਸਲੀਅਤ ਦੀ ਤਲਾਸ਼ ਵਿਚ ਨਿਕਲੇ ਜਿਗਿਆਸੂਆਂ ਦੀ ਨਸਲ ਦਾ ਬੀ ਨਾਸ ਕਰਨਾ ਸੰਭਵ ਨਹੀਂ ਹੈ।

SIKHBOOKCLUB.COM

# ਰਾਜੀਵ-ਲੌਂਗੋਵਾਲ ਸਮਝੌਤੇ ਵਿਚ ਪੰਜਾਬੀ*

ਜਾਣਕਾਰ ਸੂਤਰਾਂ ਅਨੁਸਾਰ ਸ਼ਿਰੋਮਣੀ ਅਕਾਲੀ ਦਲ ਦੇ ਉਸ ਵੇਲੇ ਦੇ ਪ੍ਰਧਾਨ, ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਦੇ ਕੇਂਦਰੀ ਸਰਕਾਰ ਵੱਲ ਭੇਜੇ ਜਿਸ ਮੰਗ-ਪੱਤਰ ਦੇ ਆਧਾਰ ਉੱਤੇ ਸਰਕਾਰ ਤੇ ਅਕਾਲੀਆਂ ਦੀ ਆਪਸੀ ਸਿਆਸੀ ਗੱਲ-ਬਾਤ ਦਾ ਸਿਲਸਿਲਾ ਸ਼ੁਰੂ ਹੋਇਆ, ਉਸ ਵਿਚ ਇਕ ਮੰਗ ਪੰਜਾਬ ਦੇ ਗਵਾਂਢੀ ਰਾਜਾਂ ਵਿਚ ਪੰਜਾਬੀ ਭਾਸ਼ਾ ਨੂੰ ਦੂਜੀ ਭਾਸ਼ਾ ਦਾ ਦਰਜਾ ਦਿਵਾਉਣ ਬਾਰੇ ਸੀ। ਇਹ ਮੰਗ, ਗਵਾਂਢੀ ਰਾਜਾਂ ਵੱਲੋਂ ਆਪਣੇ ਪੰਜਾਬੀ-ਭਾਸ਼ੀ ਸ਼ਹਿਰੀਆਂ ਨਾਲ ਕੀਤੇ ਜਾ ਰਹੇ ਮਤਰੇਏ ਸਲੂਕ ਦੀ ਉਪਜ ਸੀ। ਕੇਂਦਰੀ ਨੇਤਾਵਾਂ ਨੇ ਸੰਬੰਧਿਤ ਰਾਜਾਂ ਦੇ ਭਾਸ਼ਾਈ ਵਿਤਕਰੇ ਦੀ ਤਾਂ ਨਿੰਦਿਆ ਕੀਤੀ, ਪਰ ਇਨ੍ਹਾਂ ਦੀ ਸਿੱਖਿਆ-ਨੀਤੀ ਵਿਚ ਸਿੱਧੇ ਦਖ਼ਲ ਨਾਲ ਕੋਈ ਤਬਦੀਲੀ ਕਰਾ ਸਕਣ ਬਾਰੇ ਆਪਣੀ ਵਿਧਾਨਕ ਮਜਬੂਰੀ ਜ਼ਾਹਰ ਕੀਤੀ। ਇਸ ਉੱਤੇ ਵਿਚੋਲਿਆਂ ਨੇ ਸੁਝਾਉ ਦਿੱਤਾ ਕਿ ਪੰਜਾਬ ਦੇ ਗਵਾਂਢੀ ਰਾਜਾਂ ਦੇ ਪੰਜਾਬੀ-ਭਾਸ਼ੀ ਵਸਨੀਕਾਂ ਨਾਲ ਹੋ ਰਿਹਾ ਭਾਸ਼ਾਈ ਵਿਤਕਰਾ ਦੂਰ ਕਰਨ ਤੇ ਪੰਜਾਬੀ ਦੇ ਹਰ ਪੱਖੀ ਵਿਕਾਸ ਲਈ ਕੇਂਦਰੀ ਸਰਕਾਰ, 'ਉਰਦੂ ਵਿਕਾਸ ਬੋਰਡ' ਦੇ ਨਮੂਨੇ ਉੱਤੇ 'ਪੰਜਾਬੀ ਵਿਕਾਸ ਬੋਰਡ' ਸਥਾਪਿਤ ਕਰ ਦੇਵੇ। ਕੇਂਦਰੀ ਨੇਤਾਵਾਂ ਨੇ ਇਹ ਸੁਝਾਉ ਝੱਟ ਪਰਵਾਨ ਕਰ ਲਿਆ ਤੇ ਭਰੋਸਾ ਦਿੱਤਾ ਕਿ ਇਸ ਤਰ੍ਹਾਂ ਦਾ ਬੋਰਡ ਥਾਪਣ ਦੇ ਰਾਹ ਵਿਚ ਕੋਈ ਰੁਕਾਵਟ ਖੜੀ ਨਹੀਂ ਹੋਣ ਲੱਗੀ। ਇਸ ਉੱਤੇ ਦੋਹਾਂ ਧਿਰਾਂ ਨੇ ਆਸ ਪ੍ਰਗਟ ਕੀਤੀ ਕਿ ਪ੍ਰਸਤਾਵਿਤ ਬੋਰਡ ਪੰਜਾਬ ਦੇ ਗਵਾਂਢੀ ਰਾਜਾਂ ਦੀ ਪੰਜਾਬੀ-ਭਾਸ਼ੀ ਜਨਤਾ ਦੀਆਂ ਭਾਸ਼ਾਈ ਲੋੜਾਂ ਪੂਰੀਆਂ ਕਰਨ ਦੀ ਕੋਈ ਵਿਆਪਕ ਯੋਜਨਾ ਤਿਆਰ ਕਰੇਗਾ ਤੇ ਪੰਜਾਬੀ ਭਾਸ਼ਾ, ਸਾਹਿੱਤ ਤੇ ਸਭਿਆਚਾਰ ਦੇ ਵਾਧੇ ਲਈ ਪ੍ਰਭਾਵਸ਼ਾਲੀ ਕਦਮ ਪੁੱਟੇਗਾ।

ਰਾਜੀਵ-ਲੌਂਗੋਵਾਲ ਸਮਝੌਤੇ ਲਈ ਹੋਈ ਗੱਲ-ਬਾਤ ਦਾ ਇਹ ਅੰਦਰਲਾ ਬਿਉਰਾ ਸਾਨੂੰ ਸਿੱਧਾ ਉਨ੍ਹਾਂ ਸੂਤਰਾਂ ਤੋਂ ਪ੍ਰਾਪਤ ਹੋਇਆ ਹੈ, ਜੋ ਇਸ ਗੱਲ-ਬਾਤ ਵਿਚ ਆਪ ਸ਼ਰੀਕ ਸਨ। ਇਹ ਵੱਖਰੀ ਗੱਲ ਹੈ ਕਿ ਸਮਝੌਤੇ ਦੀ ਰਸਮੀ ਲਿਖਤ ਵਿਚ ਪੰਜਾਬੀ ਲਈ ਕਿਸੇ ਵਿਕਾਸ-ਬੋਰਡ ਦੇ ਥਾਪੇ ਜਾਣ ਦਾ ਜ਼ਿਕਰ ਮੌਜੂਦ ਨਹੀਂ ਹੈ। ਸਮਝੌਤੇ ਦੀ ਯਾਰ੍ਹਵੀਂ ਮੱਦ ਦੇ ਅੰਗਰੇਜ਼ੀ ਸ਼ਬਦ ਇਹ ਹਨ:

> "11.1 The Central Government may take some steps for the promotion of the Punjabi language."

ਤੇ ਪੰਜਾਬ ਸਰਕਾਰ ਵੱਲੋਂ ਇਸ ਦਾ ਜਿਹੜਾ ਪੰਜਾਬੀ-ਰੂਪ ਛਾਪ ਕੇ ਜਨਤਾ ਵਿਚ ਵੰਡਿਆ ਗਿਆ; ਉਸ ਦੇ ਸ਼ਬਦ ਹਨ:

---

* ਕੌਮੀ ਵੰਗਾਰ (ਦਿੱਲੀ) ਵਿਚ 14 ਅਕਤੂਬਰ, 1986 ਨੂੰ ਛਪਿਆ।

WWW.SIKHBOOKCLUB.COM

## "(11) ਪੰਜਾਬੀ ਭਾਸ਼ਾ ਦਾ ਵਿਕਾਸ

11.1 ਭਾਰਤ ਸਰਕਾਰ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਕੁੱਝ ਕਦਮ ਚੁੱਕਣ ਬਾਰੇ ਵਿਚਾਰ ਕਰੇਗੀ।"

ਸਮਝੌਤੇ ਦੇ ਪ੍ਰਸੰਗ ਵਿਚ ਰੱਖ ਕੇ ਪੜ੍ਹੀਏ ਤਾਂ ਇਨ੍ਹਾਂ ਸ਼ਬਦਾਂ ਦੇ ਇਹ ਅਰਥ ਤਾਂ ਨਿਕਲ ਸਕਦੇ ਹਨ ਕਿ ਕੇਂਦਰੀ ਸਰਕਾਰ ਜੋ ਕੁੱਝ ਹੋਰ ਭਾਰਤੀ ਭਾਸ਼ਾਵਾਂ ਲਈ ਅੱਗੇ ਹੀ ਕਰ ਰਹੀ ਹੈ, ਪੰਜਾਬੀ ਦੇ ਵਿਕਾਸ ਲਈ ਸਮਝੌਤੇ ਵਾਲੀ ਮਿਤੀ (24-7-1985) ਤੋਂ ਬਾਅਦ, ਉਸ ਤੋਂ ਕੁੱਝ ਵੱਖਰੇ ਤੇ ਵਾਧੂ ਕਦਮ ਵੀ ਪੁੱਟੇਗੀ (ਤੇ ਇਨ੍ਹਾਂ ਵਿਚ 'ਪੰਜਾਬੀ ਵਿਕਾਸ ਬੋਰਡ' ਦੀ ਕਾਇਮੀ ਵਾਲਾ ਕਦਮ ਵੀ ਹੋ ਸਕਦਾ ਹੈ), ਪਰ ਇਸ ਦੇ ਅਰਥ ਕਿਸੇ ਸੂਰਤ ਵਿਚ ਇਹ ਨਹੀਂ ਨਿਕਲ ਸਕਦੇ ਕਿ ਕੇਂਦਰੀ ਸਰਕਾਰ ਵੱਲੋਂ ਨਿਰੋਲ ਪੰਜਾਬੀ ਭਾਸ਼ਾ ਦੇ ਵਾਧੇ ਜਾਂ ਵਿਕਾਸ ਲਈ ਕਿਸੇ ਤਰ੍ਹਾਂ ਦਾ ਉਚੇਚ ਨਹੀਂ ਕੀਤਾ ਜਾਵੇਗਾ। 23-7-1986 ਵਾਲੇ ਦਿਨ ਇਸ ਸਮਝੌਤੇ ਦਾ ਇਕ ਵਰ੍ਹਾ ਪੂਰਾ ਹੋਇਆ ਸੀ। ਇਸ ਵਰ੍ਹੇ ਵਿਚ ਸਮਝੌਤੇ ਦੀ ਯਾਰ੍ਹਵੀਂ ਮਦ ਦੀ ਪੈਰਵੀ ਵਿਚ ਜੋ ਕੁੱਝ ਕੇਂਦਰ ਸਰਕਾਰ ਨੇ ਕੀਤਾ ਹੈ, ਉਸ ਤੋਂ ਪ੍ਰਤੀਤ ਹੁੰਦਾ ਹੈ ਕਿ ਸਮਝੌਤੇ ਦੀ ਇਸ ਮੱਦ ਦੇ ਮੂਲ ਸ਼ਬਦਾਂ ਦੇ ਅਰਥ ਜੋ ਮਰਜ਼ੀ ਪਏ ਨਿਕਲਣ, ਸਰਕਾਰ ਇਸ ਵਿੱਚੋਂ ਕਿਸੇ ਉਚੇਚ ਵਾਲੇ ਅਰਥ ਪੜ੍ਹਨ ਲਈ ਤਿਆਰ ਨਹੀਂ ਹੈ। ਪਿਛਲੇ ਕੁੱਝ ਚਿਰ ਤੋਂ ਪੰਜਾਬ ਤੇ ਪੰਜਾਬੀ ਦੇ ਸ਼ੁੱਭ-ਇੱਛਕਾਂ ਦਿਆਂ ਮਨਾਂ ਵਿਚ ਦੁਖਦਾਇਕ ਇਹਸਾਸ ਜੜ੍ਹ ਫੜਨ ਲਗ ਪਿਆ ਹੈ ਕਿ ਜੋ ਹਸ਼ਰ ਰਾਜੀਵ-ਲੌਂਗੋਵਾਲ ਸਮਝੌਤੇ ਦੀਆਂ ਸਿਆਸੀ ਮੱਦਾਂ ਦਾ ਹੋਇਆ ਹੈ, ਉਹੀ ਇਸ ਗ਼ੈਰ-ਸਿਆਸੀ ਮਦ ਦਾ ਵੀ ਹੋਣਾ ਹੈ। ਜਿਨ੍ਹਾਂ ਲੋਕਾਂ ਦੀ ਸਿਆਸੀ ਦੂਰ-ਅੰਦੇਸ਼ੀ ਦੀ ਚਰਚਾ ਸਿਆਣਿਆਂ ਵਿਚ ਆਮ ਚੱਲਦੀ ਹੈ, ਉਹ ਕਹਿੰਦੇ ਸੁਣੇ ਗਏ ਹਨ ਕਿ ਸਮਝੌਤੇ ਦੇ ਸੰਬੰਧ ਵਿਚ ਹੀ ਨਹੀਂ, ਪੰਜਾਬ ਦੇ ਸਮੁੱਚੇ ਸੰਬੰਧ ਵਿਚ, ਕੇਂਦਰ ਦੀ ਹਰ ਚਾਲ ਤੇ ਹਰ ਖੜੋਤ ਦੇ ਪਿੱਛੇ, ਇਕ ਦੂਰ ਦੀ ਮਾਰ ਕਰਨ ਵਾਲੀ, ਸੋਚੀ-ਸਮਝੀ ਨੀਤੀ ਕੰਮ ਕਰਦੀ ਹੈ। ਪਰ ਇਹ ਕਿਹੋ ਜਿਹਾ ਨਿਰਦਈ ਸਬਬ ਹੈ ਕਿ ਜਦੋਂ ਵੀ ਇਸ ਨੀਤੀ ਦਾ ਕੋਈ ਨਤੀਜਾ ਸਾਹਮਣੇ ਆਉਂਦਾ ਹੈ ਓਦੋਂ ਹੀ ਇਉਂ ਲਗਣ ਲਗ ਪੈਂਦਾ ਹੈ ਕਿ, ਅਸਲ ਵਿਚ, ਨੀਤੀ ਨਹੀਂ, ਕੁਨੀਤੀ, ਬਲਕਿ ਬਦਨੀਅਤੀ ਕਾਰਜਸ਼ੀਲ ਰਹੀ ਹੈ। ਜ਼ਿੰਮੇਵਾਰ ਕੇਂਦਰੀ ਆਗੂ ਪਾਰਲੀਮੈਂਟ ਦੇ ਅੰਦਰ ਤੇ ਬਾਹਰ, ਵਾਰ ਵਾਰ, ਤੇ ਪਾਣੀ ਪੀ ਪੀ ਕੇ ਕਸਮਾਂ ਖਾਂਦੇ ਆਏ ਹਨ ਕਿ ਰਾਜੀਵ-ਲੌਂਗੋਵਾਲ ਸਮਝੌਤੇ ਦੀ ਹਰ ਮਦ ਦੇ ਮੂਲ ਮੁੱਦੇ ਉੱਤੇ ਪੂਰੀ ਈਮਾਨਦਾਰੀ ਨਾਲ ਤੇ ਸੱਚੇ ਦਿਲੋਂ ਅਮਲ ਹੋਵੇਗਾ (The agreement will be complied with in letter and spirit)। ਸਮਝੌਤੇ ਬਾਰੇ ਉਨ੍ਹਾਂ ਦੇ ਹੁਣ ਤਕ ਦੇ ਹਰ ਕਥਨ ਤੇ ਅਮਲ ਤੋਂ ਭਾਰਤੀ ਸੁਹਜ-ਸ਼ਾਸਤਰ ਦੇ ਉਸ ਅਧਿਆਇ ਦੀ ਯਾਦ ਤਾਜ਼ਾ ਹੁੰਦੀ ਹੈ, ਜਿਸ ਵਿਚ ਸਪਸ਼ਟ ਅਰਥਾਂ ਵਾਲੇ ਸ਼ਬਦਾਂ ਦੇ ਹੋਰ ਦੇ ਹੋਰ ਜਾਂ ਗੁੱਝੇ ਅਰਥ ਕੱਢਣ ਦੀ ਅਲੰਕਾਰਕ ਜੁਗਤ ਦਾ ਵੇਰਵਾ ਦਿੱਤਾ ਹੁੰਦਾ ਹੈ। ਪ੍ਰਤੀਤ ਹੁੰਦਾ ਹੈ ਭਾਰਤ ਦੀ ਕੇਂਦਰੀ ਸਰਕਾਰ ਦੇ ਸਰਬਰਾਹਾਂ ਨੇ ਗੂਢੋਕਤੀ ਵਾਲੇ ਅਧਿਆਇ ਦਾ ਡੂੰਘਾ ਅਧਿਐਨ ਹੀ ਨਹੀਂ ਕੀਤਾ, ਸਿਆਸਤ ਵਿਚ ਕੰਮ ਆਉਣ ਵਾਲਾ ਉਸ ਦਾ ਇਕ ਵੱਖਰਾ ਰੂਪ ਵੀ ਵਿਗਸਿਤ ਕਰ ਲਿਆ ਹੈ। ਇਹ ਜੁਗਤ ਹੁਣ ਕੋਮਲ ਸ਼ਬਦਾਰਥੀ ਕਲੋਲ ਨਾ ਰਹਿ ਕੇ ਕੂਟ ਰਾਜਨੀਤੀ ਵਿਚ ਮੁਕਾਬਲੇ ਦੀ ਧਿਰ ਨੂੰ ਪਛਾੜਨ ਵਾਲੀ ਇਕ ਬੀਭਤਸ ਮਸ਼ੀਨ ਬਣ ਚੁੱਕੀ ਹੈ। ਇਸ ਜੁਗਤ ਅਨੁਸਾਰ 'ਹਾਂ' ਦੇ ਅਰਥ ਹਮੇਸ਼ਾ ਸ਼ਬਦ-ਕੋਸ਼ਾਂ ਵਾਲੇ ਹੀ ਕੀਤੇ ਜਾਂਦੇ ਹਨ, ਪਰ ਅਮਲ ਵੇਲੇ ਇਸ ਦੇ ਅਰਥ 'ਨਾਂਹ' ਵਾਲੇ ਹੋ ਜਾਂਦੇ ਹਨ। ਮਿਸਾਲ ਵਜੋਂ,

WWW.SIKHBOOKCLUB.COM 

ਅਖ਼ਬਾਰਾਂ ਅਨੁਸਾਰ, 22 ਜੁਲਾਈ 1986 ਨੂੰ ਭਾਰਤ ਦੇ ਗ੍ਰਿਹ ਮੰਤਰੀ ਨੇ, ਰਾਜ ਸਭਾ ਵਿਚ, ਰਾਜੀਵ-ਲੌਂਗੋਵਾਲ ਸਮਝੌਤੇ ਉੱਤੇ ਬੋਲਦਿਆਂ ਦਾਅਵਾ ਕੀਤਾ ਕਿ ਇਸ ਦੀਆਂ "ਸੱਤ ਧਾਰਾਵਾਂ ਉੱਤੇ ਜੋ ਵੀ ਅਮਲ ਹੋਣਾ ਸੀ, ਉਹ ਪੂਰਾ ਕੀਤਾ ਜਾ ਚੁੱਕਾ ਹੈ...(Seven items have already been implemented) ਤੇ ਬਾਕੀ ਦੀਆਂ ਚਾਰ ਮੱਦਾਂ ਨੂੰ ਸਿਰੇ ਚਾੜ੍ਹਨ ਲਈ ਕਾਰਜ ਆਰੰਭ ਹੋ ਚੁੱਕਾ ਹੈ।" ਗ੍ਰਿਹ ਮੰਤਰੀ ਦੇ ਇਸ ਦਾਅਵੇ ਬਾਰੇ ਚੰਡੀਗੜ੍ਹ ਦਾ ਅੰਗਰੇਜ਼ੀ ਅਖ਼ਬਾਰ ਟ੍ਰਿਬਿਊਨ ਆਪਣੇ 24 ਜੁਲਾਈ, 1986 ਦੇ ਮੁਖ ਸੰਪਾਦਕੀ ਵਿਚ ਲਿਖਦਾ ਹੈ, "ਜੇ ਇਕ ਵਰ੍ਹਾ ਪੁਰਾਣੇ ਪੰਜਾਬ ਸਮਝੌਤੇ ਉੱਤੇ ਹੋਏ ਅਮਲ ਦਾ ਮੱਦਵਾਰ ਮੁਲੰਕਣ ਕੀਤਾ ਜਾਵੇ ਤਾਂ ਨਿਰਾਸ ਹੋਣਾ ਪੈਂਦਾ ਹੈ...ਇਸ ਦਾ ਕਾਰਨ ਸਪਸ਼ਟ ਹੈ ਕਿ ਸਮਝੌਤੇ ਦੇ ਸਾਰੇ ਦੇ ਸਾਰੇ ਮਨੋਰਥ ਅਜੇ ਪੂਰੇ ਹੋਣ ਵਾਲੇ ਪਏ ਹਨ। ਲਗਦਾ ਹੈ, ਸ੍ਰੀ ਬੂਟਾ ਸਿੰਘ ਦੇ ਗਿਆਨ ਅਨੁਸਾਰ 'ਅਮਲ ਦੇ ਪੂਰੇ ਹੋ ਜਾਣ ਦਾ ਸੰਬੰਧ ਅਮਲਾਂ ਦੇ ਆਰੰਭ ਹੋ ਜਾਣ' ਨਾਲ ਹੈ, ਨਾ ਕਿ ਉਸ ਦੇ 'ਸਿਰੇ ਚੜ੍ਹ ਜਾਣ' ਨਾਲ।" (ਪੰਜਾਬੀ ਅਨੁਵਾਦ : ਲੇਖਕ ਵੱਲੋਂ)।

ਆਪਣੇ ਰਾਜ ਸਭਾ ਵਾਲੇ ਭਾਸ਼ਣ ਵਿਚ, ਸ਼ਬਦਾਂ ਤੇ ਅਰਥਾਂ ਦੇ ਪ੍ਰਤਿਕੂਲ ਸੰਬੰਧਾਂ ਵਾਲੀ ਵਿਸ਼ੇਸ਼ ਬੋਲੀ ਵਿਚ, ਸਮਝੌਤੇ ਦੀ ਯਾਰ੍ਹਵੀਂ ਮੱਦ ਦਾ ਜ਼ਿਕਰ ਗ੍ਰਿਹ ਮੰਤਰੀ ਜੀ ਨੇ ਇਸ ਤਰ੍ਹਾਂ ਕੀਤਾ ਹੈ :

> "...promotion of Punjabi language for which a plan of action had been chalked out by the Minister of Human Resource Development..."

ਸੋ ਕੇਂਦਰੀ ਸਰਕਾਰ ਅਨੁਸਾਰ, ਪੰਜਾਬੀ ਦੇ ਵਾਧੇ ਲਈ ਜਿੰਨੇ ਕੁ ਕਦਮ ਉਸ ਵੱਲੋਂ ਪੁੱਟੇ ਜਾਣੇ ਸਨ, ਉਹ ਪੁੱਟੇ ਜਾ ਚੁੱਕੇ ਹਨ, ਕਿਉਂਕਿ ਸਰਕਾਰ ਦੇ ਇਕ ਭਾਗ ਦੀਆਂ ਫ਼ਾਈਲਾਂ ਵਿਚ, ਹੋਣ ਵਾਲੇ ਕਾਰਜ ਦੀ ਰੂਪ-ਰੇਖਾ ਤਿਆਰ ਹੋ ਚੁੱਕੀ ਹੈ। ਇਸ ਰੂਪ-ਰੇਖਾ ਦੀ ਘੁੰਡ-ਚੁਕਾਈ ਤਾਂ ਪਤਾ ਨਹੀਂ ਕਦੋਂ ਹੋਵੇਗੀ ਤੇ ਹੋਵੇਗੀ ਵੀ ਕਿ ਨਹੀਂ, ਪਰ ਪਾਰਲੀਮੈਂਟ ਦੀ ਇਸ ਤੋਂ ਪਿਛਲੀ ਬੈਠਕ ਵਿਚ, ਰੂਪ-ਰੇਖਾ ਤਿਆਰ ਕਰਨ ਵਾਲੇ ਇਸੇ ਮਹਿਕਮੇ ਦੇ ਵਜ਼ੀਰ ਸਾਹਿਬ ਨੇ ਸਮਝੌਤੇ ਦੀ ਯਾਰ੍ਹਵੀਂ ਮੱਦ ਦੀ ਪੂਰਤੀ ਬਾਰੇ ਕੇਂਦਰੀ ਸਰਕਾਰ ਵੱਲੋਂ ਕੀਤੀ ਗਈ ਕਾਰਵਾਈ ਦਾ ਵੇਰਵਾ ਦੇਂਦਿਆਂ ਜੋ ਅੰਕੜੇ ਪੇਸ਼ ਕੀਤੇ ਸਨ, ਉਨ੍ਹਾਂ ਤੋਂ ਤਾਂ ਇਹੀ ਪ੍ਰਤੀਤ ਹੁੰਦਾ ਹੈ ਕਿ ਕੇਂਦਰ, ਪੰਜਾਬ ਸਮਝੌਤੇ ਦੇ ਨਿਪਟਾਰੇ ਲਈ ਅਜੇ ਨਿਰੀ ਲਿਫ਼ਾਫ਼ੇਬਾਜ਼ੀ ਤੋਂ ਕੰਮ ਲੈ ਰਿਹਾ ਹੈ। ਆਜ਼ਾਦੀ ਉਪਰੰਤ, ਸ਼ੁਰੂ ਤੋਂ ਲੈ ਕੇ ਹੁਣ ਤਕ, ਜਿਨ੍ਹਾਂ ਵਿਦਿਅਕ ਯੋਜਨਾਵਾਂ ਹੇਠ ਕੇਂਦਰੀ ਸਰਕਾਰ ਭਾਰਤ ਦੇ ਸਾਰੇ ਰਾਜਾਂ ਨੂੰ ਮਾਲੀ ਸਹਾਇਤਾ ਦੇਂਦੀ ਆਈ ਹੈ, ਉਨ੍ਹਾਂ ਵਿੱਚੋਂ ਪੰਜਾਬ ਦੇ ਹਿੱਸੇ ਆਈਆਂ ਸਾਰੀਆਂ ਰਕਮਾਂ ਜੋੜ ਕੇ, ਪੰਜਾਬ ਸਮਝੌਤੇ ਦੀ ਯਾਰ੍ਹਵੀਂ ਮੱਦ ਦੀ ਪੂਰਤੀ ਵਾਸਤੇ ਖ਼ਰਚੀਆਂ ਦੱਸੀਆਂ ਗਈਆਂ ਹਨ, ਹਾਲਾਂਕਿ ਇਹ ਰਕਮਾਂ ਸਮਝੌਤੇ ਤੋਂ ਬਹੁਤ ਪਹਿਲਾਂ ਦੇ ਸਮੇਂ ਨਾਲ ਸੰਬੰਧਿਤ ਸਨ ਤੇ ਸ਼ਾਇਦ ਉਸ ਤੋਂ ਪਹਿਲਾਂ ਹੀ ਖ਼ਰਚੀਆਂ-ਖਾਧੀਆਂ ਵੀ ਜਾ ਚੁੱਕੀਆਂ ਹੋਣਗੀਆਂ। ਜੇ ਤਾਂ ਮੇਰੇ ਮਿਹਰਬਾਨ ਮਿੱਤਰ ਸਰਦਾਰ ਬੂਟਾ ਸਿੰਘ ਪੰਜਾਬੀ ਦੇ ਵਾਧੇ ਲਈ ਇਸੇ ਵਿਭਾਗ ਦੀਆਂ ਫ਼ਾਈਲਾਂ ਵਿਚ ਕਿਸੇ ਯੋਜਨਾ ਦੇ ਉਲੀਕੇ ਜਾਣ ਦੀ ਖ਼ੁਸ਼ਖ਼ਬਰੀ ਉੱਤੇ ਵਿਸ਼ਵਾਸ ਕਰ ਕੇ ਸਮਝੌਤੇ ਦੀ ਯਾਰ੍ਹਵੀਂ ਮੱਦ ਨੂੰ ਸਿਰੇ ਚੜ੍ਹ ਗਿਆ ਸਮਝਦੇ ਹਨ, ਤਦ ਤਾਂ ਪੱਕੀ ਗੱਲ ਹੈ ਕਿ ਸ਼ਬਦਾਂ ਤੇ ਅਰਥਾਂ ਦੇ ਨਵੇਂ ਸੰਬੰਧਾਂ ਦੀ ਜਿਹੜੀ ਚਰਚਾ ਮੈਂ ਪਹਿਲਾਂ ਛੇੜ ਆਇਆ ਹਾਂ ਤੇ ਜਿਸ ਵੱਲ ਟ੍ਰਿਬਿਊਨ ਦਾ ਸੰਪਾਦਕ [illegible] ਉਸੇ ਦੀ ਹੀ ਪ੍ਰੋੜ੍ਹਤਾ ਹੋ ਰਹੀ ਹੈ, [illegible]

WWW.SIKHBOOKCLUB.COM

ਲਿਫ਼ਾਫ਼ੇਬਾਜ਼ੀ ਤੋਂ ਇਲਾਵਾ, ਸੱਚੀ-ਮੁੱਚੀ ਕਿਸੇ ਵਿਕਾਸ-ਯੋਜਨਾ ਦੀ ਰੂਪ-ਰੇਖਾ ਉੱਤੇ ਸਿੱਖਿਆ ਜਾਂ ਕਲਚਰ ਵਿਭਾਗ ਦੀ ਕਿਸੇ ਨੁੱਕਰ ਵਿਚ ਸਿਰ-ਖਪਾਈ ਹੋ ਰਹੀ ਹੈ ਤਾਂ ਮੈਂ ਕੇਵਲ ਦੋ ਸੁਝਾਉ ਕੇਂਦਰ ਦੀ ਸੇਵਾ ਵਿਚ ਪੇਸ਼ ਕਰਨੇ ਚਾਹੁੰਦਾ ਹਾਂ, ਕਿਉਂਕਿ ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁੱਝ ਨਹੀਂ ਵਿਗੜਿਆ :

(ੳ) ਪੰਜਾਬ ਦੀ ਰਾਜਧਾਨੀ ਵਿਚ ਇਕ ਕੇਂਦਰੀ ਪੰਜਾਬੀ ਵਿਕਾਸ ਬੋਰਡ ਕਾਇਮ ਕੀਤਾ ਜਾਵੇ ਜੋ ਭਾਰਤ ਦੇ ਵੱਖ ਵੱਖ ਰਾਜਾਂ ਵਿਚ ਵੱਸੀ ਹੋਈ ਪੰਜਾਬੀ-ਬੋਲਦੀ ਵੱਸੋਂ ਦੀਆਂ ਭਾਸ਼ਾ ਤੇ ਸਭਿਆਚਾਰ ਦੀਆਂ ਲੋੜਾਂ ਪੂਰੀਆਂ ਕਰਨ ਦਾ ਬਹੁਦਿਸ਼ਾਈ ਪ੍ਰਬੰਧ ਕਰੇ, ਪੰਜਾਬੀ ਸਾਹਿੱਤ ਤੇ ਪੰਜਾਬ ਦੀਆਂ ਵੱਖ ਵੱਖ ਕੋਮਲ ਕਲਾਵਾਂ ਦੀਆਂ ਪ੍ਰਦਰਸ਼ਨੀਆਂ ਲਾਵੇ, ਨਾਟਕ ਖੇਡੇ-ਖਿਡਾਵੇ ਤੇ ਕਵੀ-ਦਰਬਾਰਾਂ, ਕਹਾਣੀ-ਦਰਬਾਰਾਂ, ਸੈਮੀਨਾਰਾਂ ਤੇ ਵਰਕਸ਼ਾਪਾਂ, ਆਦਿ ਦਾ ਬਾਕਾਇਦਾ ਪ੍ਰਬੰਧ ਕਰੇ, ਗ਼ੈਰ ਪੰਜਾਬੀਆਂ ਨੂੰ ਪੰਜਾਬੀ ਪੜ੍ਹਨ ਲਈ ਵਜ਼ੀਫ਼ਿਆਂ ਨਾਲ ਪ੍ਰੇਰੇ, ਪੰਜਾਬ ਦੇ ਪਿੰਡਾਂ ਵਿਚ ਤੇ ਪੰਜਾਬ ਤੋਂ ਬਾਹਰ ਪੰਜਾਬੀ ਦੀਆਂ ਲਾਇਬ੍ਰੇਰੀਆਂ ਸਥਾਪਿਤ ਕਰੇ ਤੇ ਇਨ੍ਹਾਂ ਲਈ ਪੰਜਾਬੀ ਕਿਤਾਬਾਂ ਦੀਆਂ ਪੰਜ ਪੰਜ ਸੌ ਕਾਪੀਆਂ ਖ਼ਰੀਦੇ। ਹੋਰ ਰਾਜਾਂ ਦੇ ਭਾਰਤੀਆਂ ਨਾਲ ਪੰਜਾਬੀਆਂ ਦਾ ਸੰਪਰਕ ਸੌਖਾ ਬਣਾਉਣ ਤੇ ਹੋਰ ਰਾਜਾਂ ਦੇ ਲੇਖਕਾਂ ਵੱਲੋਂ ਪੰਜਾਬੀ ਲੋਕਾਂ ਨੂੰ ਸਮਝਣ ਦੇ ਜਤਨ ਵਿਚ ਸਹਾਈ ਹੋਣ ਲਈ ਵੱਡੀਆਂ ਭਾਰਤੀ ਭਾਸ਼ਾਵਾਂ ਦੇ ਸ਼ਬਦ-ਕੋਸ਼ ਤੇ ਗੱਲ-ਬਾਤ ਸਿਖਾਉਣ ਵਾਲੇ ਸਾਹਿੱਤ ਨੂੰ ਪੰਜਾਬੀ ਵਿਚ ਤੇ, ਇਸੇ ਤਰ੍ਹਾਂ, ਪੰਜਾਬੀ ਵਾਲੇ ਕੋਸ਼ਾਂ ਨੂੰ ਹੋਰ ਭਾਰਤੀ ਭਾਸ਼ਾਵਾਂ ਵਿਚ ਤਿਆਰ ਕਰਵਾਏ; ਭਾਰਤ ਦੇ ਵੱਖ ਵੱਖ ਰਾਜਾਂ ਦੀਆਂ ਰਾਜਧਾਨੀਆਂ ਵਿਚ ਪੰਜਾਬੀ ਤੇ ਗ਼ੈਰ ਪੰਜਾਬੀ ਵੱਸੋਂ ਦੀ ਵਰਤੋਂ ਲਈ ਪੰਜਾਬੀ ਭਵਨ ਉਸਾਰੇ, ਜਿੱਥੇ ਪੰਜਾਬੀ ਜੀਵਨ ਦੇ ਵੱਖ ਵੱਖ ਪੱਖ ਦਰਸਾਉਣ ਵਾਲੀਆਂ ਪੱਕੀਆਂ ਨੁਮਾਇਸ਼ਾਂ ਲਾਈਆਂ ਜਾਣ, ਪੰਜਾਬੀ ਫ਼ਿਲਮਾਂ ਵਿਖਾਈਆਂ ਜਾਣ, ਸਾਂਝੇ ਪੰਜਾਬੀ ਦਿਨ-ਦਿਹਾੜ ਮਨਾਏ ਜਾਣ, ਪ੍ਰਸਿੱਧ ਪੰਜਾਬੀ ਲੇਖਕਾਂ ਨਾਲ ਸਥਾਨਕ ਲੇਖਕਾਂ ਦੀਆਂ ਬੈਠਕਾਂ ਕਰਵਾਈਆਂ ਜਾਣ, ਨਵੇਂ ਆਏ ਪੰਜਾਬੀਆਂ ਦੇ ਆਰਜ਼ੀ ਟਿਕਾਣੇ ਦਾ ਪ੍ਰਬੰਧ ਹੋਵੇ ਤੇ ਪੰਜਾਬ ਵਿਚ ਸੈਲ-ਸਪਾਟੇ ਦੇ ਇੱਛਕਾਂ ਨੂੰ ਹਰ ਤਰ੍ਹਾਂ ਦੀ ਸੂਚਨਾ ਮੁਹੱਈਆ ਕੀਤੀ ਜਾਵੇ। ਇਹ ਬੋਰਡ ਪ੍ਰਸਿੱਧ ਪੰਜਾਬੀ ਵਿਅਕਤੀਆਂ, ਪੰਜਾਬੀ ਗਲਪ-ਸਾਹਿੱਤ ਦੇ ਪਾਤਰਾਂ, ਕਵਿਤਾਵਾਂ, ਲੋਕ-ਗੀਤਾਂ ਜਾਂ ਲੋਕ-ਕਥਾਵਾਂ ਉੱਤੇ ਆਧਾਰਿਤ ਫ਼ਿਲਮਾਂ ਤਿਆਰ ਕਰੇ-ਕਰਾਵੇ। ਪੰਜਾਬੀ ਲੇਖਕਾਂ ਦੀਆਂ ਭਾਰਤ ਦੇ ਹੋਰ ਲੇਖਕਾਂ ਨਾਲ ਮਿਲਣੀਆਂ ਦਾ ਪ੍ਰਬੰਧ ਕਰੇ ਤੇ ਭਾਰਤੀ ਲੇਖਕਾਂ ਦੀਆਂ ਪੰਜਾਬ-ਫੇਰੀਆਂ ਦੀਆਂ ਯੋਜਨਾਵਾਂ ਤਿਆਰ ਕਰੇ। ਗੱਲ ਕੀ, ਇਹ ਬੋਰਡ ਪੰਜਾਬ ਤੇ ਪੰਜਾਬੀ ਦਾ ਦਰਵਾਜ਼ਾ ਹੋਰ ਰਾਜਾਂ ਲਈ ਖੋਲ੍ਹਣ ਦਾ ਜਤਨ ਕਰੇਗਾ ਤੇ ਹੋਰ ਰਾਜਾਂ ਦੇ ਲੋਕਾਂ ਤੇ ਉਨ੍ਹਾਂ ਦੀਆਂ ਭਾਸ਼ਾਵਾਂ ਦੇ ਬੰਦ ਦਰਵਾਜ਼ੇ ਪੰਜਾਬੀਆਂ ਲਈ ਖੁਲ੍ਹਵਾਉਣ ਦਾ ਉੱਦਮ ਕਰੇਗਾ ਅਤੇ ਨਾਲ ਹੀ, ਪੰਜਾਬ ਤੇ ਪੰਜਾਬੀ ਲਈ ਕੰਮ ਕਰ ਰਹੀਆਂ ਸਰਕਾਰੀ ਤੇ ਗ਼ੈਰ ਸਰਕਾਰੀ ਸੰਸਥਾਵਾਂ ਪਾਸੋਂ ਆਪਣੀਆਂ ਸਾਰੀਆਂ ਸਰਗਰਮੀਆਂ ਵਿਚ ਸਹਿਯੋਗ ਦੀ ਆਸ ਰੱਖੇਗਾ—ਵਿਸ਼ੇਸ਼ ਕਰਕੇ ਗ਼ੈਰ ਸਰਕਾਰੀ ਸੰਸਥਾਵਾਂ ਨੂੰ ਮਾਲੀ ਸਹਾਇਤਾ ਤੇ ਹਲਾਸ਼ੇਰੀ ਦੇਵੇਗਾ।

ਇਸ ਬੋਰਡ ਦਾ ਕੰਮ ਤੋਰਨ ਲਈ ਸ਼ੁਰੂ ਵਿਚ ਇਕ ਕਰੋੜ ਰੁਪੈ ਸਾਲਾਨਾ ਦਾ ਬਜਟ ਕਾਫ਼ੀ ਹੋਣਾ ਚਾਹੀਦਾ ਹੈ।

WWW.SIKHBOOKCLUB.COM 

(ਅ) ਮੇਰੇ ਦੂਜੇ ਸੁਝਾਅ ਦਾ ਸੰਬੰਧ ਪੰਜਾਬੀ ਪੁਸਤਕ-ਪ੍ਰਕਾਸ਼ਨ ਦੇ ਕੰਮ ਨੂੰ ਰਵਾਂ ਕਰਨ ਨਾਲ ਹੈ। ਪੰਜਾਬੀ ਦਾ ਇਕ ਬਹੁਤ ਵੱਡਾ ਤੇ ਗੰਭੀਰ ਸੰਕਟ ਵੱਡੇ ਪ੍ਰਕਾਸ਼ਨ-ਧੰਦੇ ਦੀ ਅਣਹੋਂਦ ਹੈ। ਇਸ ਵੇਲੇ ਪੁਸਤਕ ਦੀ ਲਿਖਾਈ ਤੋਂ ਲੈ ਕੇ ਉਸ ਦੀ ਛਪਾਈ, ਵਿਕਰੀ ਤੇ ਰਾਇਲਟੀ ਦੀ ਅਦਾਇਗੀ ਤਕ ਦਾ ਬਹੁਤ ਸਾਰਾ ਕੰਮ ਉੱਨੀਵੀਂ ਸਦੀ ਦੇ ਯੂਰਪ ਦੇ ਪਹਿਲੇ ਅੱਧ ਵਾਲੀ ਪੱਧਰ ਉੱਤੇ ਚੱਲਦਾ ਹੈ ਤੇ ਹੋਰ ਕਾਰਨਾਂ ਤੋਂ ਛੁੱਟ ਇਸ ਦਾ ਇਕ ਵੱਡਾ ਕਾਰਨ ਇਹ ਹੈ ਕਿ ਪੰਜਾਬੀ ਵਿਚ ਇਸ ਧੰਦੇ ਵੱਲ ਵੱਡੇ ਸਰਮਾਏ ਨੇ ਕਦੀ ਮੂੰਹ ਨਹੀਂ ਕੀਤਾ। ਪੁਸਤਕਾਂ ਪੜ੍ਹਨ ਦੇ ਇੱਛਕ ਬਥੇਰੇ ਨੇ, ਪਰ ਇਨ੍ਹਾਂ ਇੱਛਕਾਂ ਦੇ ਹੱਥਾਂ ਵਿਚ ਪੁਸਤਕ ਪਹੁੰਚਾਉਣ ਵਾਲੇ ਨਿਕਾਸ-ਕੇਂਦਰਾਂ ਦੀ ਅਣਹੋਂਦ ਹੈ, ਜਿਸ ਕਰਕੇ ਪਾਠਕ ਤੇ ਪੁਸਤਕ ਦਾ ਮੇਲ ਨਹੀਂ ਹੁੰਦਾ। ਇਸੇ ਲਈ ਕਿਤਾਬਾਂ ਘੱਟ ਵਿਕਦੀਆਂ ਨੇ; ਇਸੇ ਲਈ ਕਿਤਾਬਾਂ ਘੱਟ ਛਪਦੀਆਂ ਨੇ; ਇਸੇ ਲਈ ਪ੍ਰਕਾਸ਼ਕ ਨੂੰ ਕਿਤਾਬਾਂ ਦਾ ਮੁੱਲ ਬਹੁਤ ਰੱਖਣਾ ਪੈਂਦਾ ਹੈ; ਇਸੇ ਲਈ ਪਾਠਕਾਂ ਤੇ ਗਾਹਕਾਂ ਦੀ ਗਿਣਤੀ ਘੱਟ ਹੁੰਦੀ ਹੈ—ਇਹ ਹੈ ਚੱਕਰ-ਵਿਊਹ ਜਿਸ ਨੂੰ ਪੰਜਾਬੀ ਦੇ ਹਿਤੈਸ਼ੀ ਅਜੇ ਤਕ ਤੋੜ ਨਹੀਂ ਸਕੇ। ਲੋੜ ਇਸ ਗੱਲ ਦੀ ਹੈ ਕਿ ਕੇਂਦਰੀ ਸਰਕਾਰ, ਪੰਜਾਬ ਸਰਕਾਰ ਰਾਹੀਂ, ਸਾਹਿੱਤ-ਸਭਾਵਾਂ, ਪ੍ਰਕਾਸ਼ਨ-ਸੰਸਥਾਵਾਂ ਤੇ ਵਿਅਕਤੀਗਤ ਲੇਖਕਾਂ ਦੇ ਪੁਸਤਕ-ਪ੍ਰਦਰਸ਼ਨ ਦੇ ਕਾਰਜ-ਕ੍ਰਮ ਸਿਰੇ ਚਾੜ੍ਹਨ ਲਈ ਖੁੱਲ੍ਹੀ ਮਾਲੀ ਸਹਾਇਤਾ ਦੇਵੇ ਤੇ ਅਤੀ ਸੌਖੀਆਂ ਸ਼ਰਤਾਂ ਉੱਤੇ ਕਰਜ਼ਿਆਂ ਦਾ ਪ੍ਰਬੰਧ ਕਰੇ ਤੇ ਇਸੇ ਤਰ੍ਹਾਂ ਪੁਸਤਕਾਂ ਦੇ ਨਿਕਾਸ ਦਾ ਪ੍ਰਬੰਧ ਕਰਨ ਵਾਲੀਆਂ ਸੰਸਥਾਵਾਂ ਤੇ ਵਿਅਕਤੀਗਤ ਵੇਚਕਾਂ ਦੇ ਉਤਸਾਹ ਲਈ ਮਾਇਕ ਸਹਾਇਤਾ ਦਾ ਪ੍ਰੋਗਰਾਮ ਬਣਾਵੇ। ਇਸ ਕਾਰਜ ਲਈ ਅਗਲੇ ਦਸਾਂ ਸਾਲਾਂ ਦਿਆਂ ਬਜਟਾਂ ਵਿਚ ਪੰਜਾਹ-ਪੰਜਾਹ ਕਰੋੜ ਰੁਪੈ ਸਾਲਾਨਾ ਰਾਖਵੇਂ ਰੱਖੇ ਜਾਣ। ਇਸ ਨਾਲ ਅਗਲੇ ਦਹਾਕੇ ਵਿਚ ਪੰਜਾਬੀ ਪ੍ਰਕਾਸ਼ਨ ਦਾ ਕੰਮ ਆਪਣੇ ਪੈਰਾਂ ਉੱਤੇ ਖੜੇ ਹੋਣ ਜੋਗਾ ਹੋ ਜਾਵੇਗਾ। ਵੰਨ-ਸੁਵੰਨੇ ਵਿਸ਼ਿਆਂ ਉੱਤੇ ਕਿਤਾਬਾਂ ਛਪਣਗੀਆਂ; ਆਧੁਨਿਕ ਪ੍ਰਚਾਰ-ਸਾਧਨਾਂ ਉੱਤੇ ਖ਼ਰਚ ਕਰ ਸਕਣ ਦੀ ਸਮਰੱਥਾ ਹੋਣ ਦੇ ਕਾਰਨ, ਛਪੀਆਂ ਪੁਸਤਕਾਂ ਦੀ ਸੂਚਨਾ ਦਾ ਪ੍ਰਸਾਰ ਵੱਡੀ ਪੱਧਰ ਉੱਤੇ ਹੋ ਸਕੇਗਾ; ਜਿਸ ਕਰਕੇ ਵਿਕਰੀ-ਕੇਂਦਰਾਂ ਵਿਚ ਵਾਧਾ ਹੋ ਜਾਵੇਗਾ; ਜਿੱਥੋਂ ਕਿਤਾਬਾਂ ਦਾ ਨਿਕਾਸ ਵੱਧ ਹੋਵੇਗਾ, ਜਿਸ ਕਰਕੇ ਕਿਤਾਬਾਂ ਵੱਧ ਛਪਣਗੀਆਂ; ਜਿਸ ਕਰਕੇ ਕਿਤਾਬਾਂ ਸਸਤੀਆਂ ਹੋਣਗੀਆਂ; ਜਿਸ ਕਰਕੇ ਪਾਠਕਾਂ ਤੇ ਗਾਹਕਾਂ ਦੀ ਗਿਣਤੀ ਵਧੇਗੀ ਤੇ ਇਸ ਤਰ੍ਹਾਂ ਪੰਜਾਬੀ ਪ੍ਰਕਾਸ਼ਨ ਨੂੰ ਆਪਣੀ ਸੰਘੀ ਦੁਆਲੇ ਗਲ-ਘੋਟੂ ਵਲਾਵੇਂ ਤੋਂ ਮੁਕਤੀ ਮਿਲ ਜਾਵੇਗੀ।

ਰਾਜੀਵ-ਲੌਂਗੋਵਾਲ ਸਮਝੌਤੇ ਦੇ ਅਧੀਨ ਜਿਹੜੀਆਂ ਦੋ ਮੰਗਾਂ ਉੱਤੇ ਪੇਸ਼ ਕੀਤੀਆਂ ਗਈਆਂ ਹਨ ਉਨ੍ਹਾਂ ਦਾ ਲਾਭ ਕੇਵਲ ਪੰਜਾਬ ਨੂੰ ਹੀ ਨਹੀਂ, ਸਮੁੱਚੇ ਦੇਸ ਨੂੰ ਹੋਵੇਗਾ। ਕੇਂਦਰੀ ਪੰਜਾਬੀ ਵਿਕਾਸ ਬੋਰਡ ਦਾ ਜੋ ਕਾਰਜ-ਖੇਤਰ ਮੈਂ ਉਲੀਕ ਆਇਆ ਹਾਂ, ਉਸ ਨਾਲ ਪੰਜਾਬ ਦੀ ਭਾਸ਼ਾ ਤੋਂ ਛੁੱਟ ਇਸ ਦੇ ਸਭਿਆਚਾਰਕ ਵਿਰਸੇ ਦੀ ਜਾਣ-ਪਛਾਣ ਬਾਕੀ ਭਾਰਤੀ ਭਾਸ਼ਾ-ਸਮੂਹਾਂ ਨਾਲ ਹੋਵੇਗੀ ਤੇ ਹੋਰ ਭਾਸ਼ਾ-ਸਮੂਹਾਂ ਦੀ ਪੰਜਾਬੀ-ਭਾਸ਼ੀ ਸਮੂਹ ਨਾਲ ਤੇ ਇਸ ਤਰ੍ਹਾਂ ਇਹ ਕਾਰਜ ਇਕ ਰਾਜ ਦੇ ਦੂਜੇ ਰਾਜਾਂ ਬਾਰੇ ਅਗਿਆਨ ਨੂੰ ਹਟਾਉਣ ਵਾਲਾ, ਇਕ ਦੂਜੇ ਲਈ ਹਮਦਰਦੀ, ਸਹਿਨਸ਼ੀਲਤਾ ਤੇ ਪ੍ਰਸੰਸਾ ਉਪਜਾਉਣ ਵਾਲਾ ਤੇ ਰਾਸ਼ਟਰੀ ਇਕਮੁੱਠਤਾ ਵਿਚ ਸਹਾਈ ਹੋਣ ਵਾਲਾ ਹੋਣ ਦੇ ਕਾਰਨ ਸਾਰੇ ਰਾਸ਼ਟਰ ਲਈ ਅਹਿਮ ਤੇ ਰਾਹ-ਦਸੇਰਾ ਸਾਬਤ ਹੋਵੇਗਾ।

WWW.SIKHBOOKCLUB.COM 

ਸਾਬਤ ਹੋਵੇਗਾ, ਇਸ ਬਾਰੇ ਕੋਈ ਸੰਦੇਹ ਨਹੀਂ ਹੋਣਾ ਚਾਹੀਦਾ।

ਪੁਸਤਕ-ਪ੍ਰਸਾਰ ਦਾ ਪ੍ਰੋਗਰਾਮ ਪੰਜਾਬ ਨੂੰ ਸਭਿਆਚਾਰਕ ਜਾਗ੍ਰਿਤੀ, ਬਲਕਿ ਸਭਿਆਚਾਰਕ ਇਨਕਲਾਬ ਦੇ ਰਾਹ ਉੱਤੇ ਲਿਆ ਖੜਾ ਕਰੇਗਾ; ਇਸ ਨਾਲ ਵਹਿਮਾਂ-ਭਰਮਾਂ, ਭੁਲੇਖਿਆਂ ਤੇ ਅਣਵਿਗਿਆਨਿਕ ਵਰਤਾਰਿਆਂ ਨੂੰ ਭਾਜੜ ਪਵੇਗੀ ਤੇ ਉਹ ਸਾਰੇ ਵਾਦ ਆਪਣੇ ਆਪ ਸੌਂ ਜਾਣਗੇ, ਜਿਨ੍ਹਾਂ ਦੀ ਬੁਨਿਆਦ ਅਗਿਆਨ, ਨਫ਼ਰਤ, ਬਦਲੇ ਜਾਂ ਹਿੰਸਾ ਦੀ ਭਾਵਨਾ ਉੱਤੇ ਟਿਕੀ ਹੋਈ ਹੈ।

ਇਹ ਕਾਰਨ ਹਨ ਜਿਨ੍ਹਾਂ ਕਰਕੇ ਮੈਂ ਭਾਰਤ ਦੇ ਉੱਚ ਗੱਦੀ-ਨਸ਼ੀਨਾਂ ਨੂੰ ਬੜੀ ਨਿਮਰਤਾ ਨਾਲ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਦੂਰ-ਅੰਦੇਸ਼ ਬਣਨ ਵਿਚ ਤੁਹਾਡਾ ਕੋਈ ਨੁਕਸਾਨ ਨਹੀਂ ਹੋਵੇਗਾ ਤੇ ਨਾ ਆਪਣੇ ਬਚਨ ਪਾਲਣ ਵਿਚ ਹੀ ਤੁਹਾਡੀ ਕਿਸੇ ਤਰ੍ਹਾਂ ਦੀ ਨਮੋਸ਼ੀ ਹੋਵੇਗੀ। ਸੋ ਸਮੁੱਚੇ ਭਾਰਤ ਦੇ ਹਿੱਤ ਨੂੰ ਮੁੱਖ ਰੱਖ ਕੇ ਰਾਜੀਵ-ਲੌਂਗੋਵਾਲ ਸਮਝੌਤੇ ਦੀ ਪੰਜਾਬੀ-ਹਿਤੈਸ਼ੀ ਮਦ ਦੀ ਪੂਰਤੀ ਲਈ ਕਦਮ ਛੇਤੀ ਚੁੱਕੇ ਜਾਣ। ਦੇਸ ਦੇ ਮਾਲਕੋ! ਚਾਹੋ ਤਾਂ ਉਪਰੋਕਤ ਸੁਝਾਵਾਂ ਵਿਚ ਸੁਧਾਈ ਕਰ ਲਵੋ, ਵਾਧਾ ਕਰ ਲਵੋ, ਬਦਲ ਲਵੋ, ਪਰ ਆਪਣੀ ਨਵੀਂ ਤਰ੍ਹਾਂ ਦੀ ਗੁਫੋਕਤੀ ਦੀ ਹੋਰ ਵਰਤੋਂ ਤੋਂ ਸਮਝੌਤੇ ਦੀ ਘੱਟੋ-ਘੱਟ ਪੰਜਾਬੀ ਭਾਸ਼ਾ ਨਾਲ ਸੰਬੰਧ ਰੱਖਣ ਵਾਲੀ ਮੱਦ ਨੂੰ ਬਖ਼ਸ਼ੀ ਰੱਖੋ।

SIKHBOOKCLUB.COM

# ਪੰਜਾਬ ਕੀ ਚਾਹੁੰਦੈ ?*

ਪੂਨਮ ਤੇ ਰਤੀ ਕੰਤ ਜੀ, ਤੁਹਾਡੀ ਚਿੱਠੀ ਲਈ ਸ਼ੁਕਰਗੁਜ਼ਾਰ ਹਾਂ।

ਤੁਸੀਂ ਪੁੱਛਦੇ ਓ, "ਪੰਜਾਬ ਕੀ ਚਾਹੁੰਦੈ ?"

ਮੇਰਾ ਜਵਾਬ ਸਿੱਧਾ ਹੈ, ਪੰਜਾਬ ਉਹੋ ਕੁਝ ਚਾਹੁੰਦੈ, ਜੋ ਸਾਡੇ ਦੇਸ ਦੇ ਹੋਰ ਰਾਜ ਚਾਹੁੰਦੇ ਨੇ।

ਤੁਸੀਂ ਪੁੱਛੋਗੇ, "ਦੱਸੋ, ਇਸ ਦੇਸ ਦੇ ਹੋਰ ਰਾਜ ਕੀ ਚਾਹੁੰਦੇ ਨੇ ?"

ਮੈਂ ਕਹਾਂਗਾ, "ਉਹੀ, ਜੋ ਦੁਨੀਆ ਦੇ ਹਰ ਦੇਸ ਦਾ ਹਰ ਰਾਜ, ਹਰ ਪ੍ਰਾਂਤ, ਚਾਹੁੰਦੈ।"

ਤੁਸੀਂ ਫੇਰ ਪੁੱਛੋਗੇ; "ਚੱਲੋ ਮੰਨ ਲਈ ਤੁਹਾਡੀ ਗੱਲ, ਪਰ ਸਾਨੂੰ ਤਾਂ ਖੋਲ੍ਹ ਕੇ ਦੱਸੋ ਕਿ ਹਰ ਦੇਸ ਦਾ ਹਰ ਪ੍ਰਾਂਤ ਚਾਹੁੰਦਾ ਕੀ ਏ ?"

ਮੇਰਾ ਜਵਾਬ ਹੋਵੇਗਾ, "ਬੁਨਿਆਦੀ ਤੌਰ ਉੱਤੇ ਦੁਨੀਆ ਭਰ ਦੇ ਲੋਕ ਬਿਲਕੁਲ ਉਹੋ ਕੁੱਝ ਚਾਹੁੰਦੇ ਨੇ ਜੋ ਮੈਂ ਆਪਣੇ ਘਰ ਬੈਠਾ ਆਪਣੇ ਲਈ ਚਾਹੁੰਦਾ ਹਾਂ। ਮਸਲਨ, ਮੈਂ ਚਾਹੁੰਦਾ ਹਾਂ ਕਿ ਜਿੱਥੇ ਮੈਂ ਰਹਿਨਾਂ, ਓਥੇ ਅਮਨ-ਚੈਨ ਹੋਵੇ; ਮੇਰੀ ਜਾਨ, ਮੇਰੇ ਪਰਿਵਾਰ, ਮੇਰੇ ਮਾਲ ਨੂੰ ਖ਼ਤਰਾ ਨਾ ਹੋਵੇ। ਮੈਂ ਨਿਤ ਨਿਰਭੈ ਹੋ ਕੇ ਨਿੱਸਲ ਸੌਂ ਸਕਾਂ। ਜੇ ਮੇਰੀ ਜਾਨ ਤੇ ਮਾਲ ਨੂੰ ਖ਼ਤਰਾ ਬਣਿਆ ਰਹੇ, ਗੁੰਡਿਆਂ ਵੱਲੋਂ ਹੋਵੇ ਭਾਵੇਂ ਸਾਧਾਂ ਵੱਲੋਂ, ਆਪਣਿਆਂ ਵੱਲੋਂ ਹੋਵੇ ਭਾਵੇਂ ਪਰਾਇਆਂ ਵੱਲੋਂ, ਮੇਰੇ ਲਈ ਤਾਂ ਉਹ ਇਕੋ ਜਿਹਾ ਖ਼ਤਰਾ ਹੀ ਹੋਵੇਗਾ। ਪਰ ਜੇ 'ਅਨਹੋਣੀ' ਵਾਪਰਨ ਲੱਗ ਜਾਏ, (ਜੋ ਬਦਕਿਸਮਤੀ ਨਾਲ, ਸਾਰੀ ਤੀਜੀ ਦੁਨੀਆ ਦੀ 'ਹੋਣੀ' ਬਣੀ ਦਿੱਸਦੀ ਹੈ), ਅਰਥਾਤ ਇਹੋ ਜਿਹੇ ਖ਼ਤਰਿਆਂ ਤੋਂ ਸਮਾਜ ਨੂੰ ਬਚਾਉਣ ਲਈ ਰੱਖੇ ਹੋਏ ਸਰਕਾਰੀ ਦਲ ਆਪ ਹੀ ਲੋਕਾਂ ਦੀ ਜਾਨ ਤੇ ਮਾਲ ਲਈ ਖ਼ਤਰਾ ਬਣਨ ਲਗ ਪੈਣ ਤਾਂ ਇਸ ਤੋਂ ਉਪਜਿਆ ਵਿਆਪਕ ਹਿਟਲਰਸ਼ਾਹੀ ਆਤੰਕ ਘੋਰ ਬਦਅਮਨੀ ਨੂੰ ਜਨਮ ਦੇਂਦਾ ਹੈ। ਇਸ ਦਾ ਇਕ ਵੱਡਾ ਨੁਕਸਾਨ ਇਹ ਹੁੰਦਾ ਹੈ ਕਿ ਹਕੂਮਤ ਵਿਚ ਵਿਸ਼ਵਾਸ ਉੱਡਣਾ ਸ਼ੁਰੂ ਹੋ ਜਾਂਦਾ ਹੈ। ਅਖ਼ਬਾਰਾਂ ਉੱਤੇ ਇਤਬਾਰ ਕਰੀਏ ਤਾਂ ਪੰਜਾਬ ਵਿਚ 'ਅਨਹੋਣੀ' ਵਾਪਰ ਰਹੀ ਹੈ। ਜਿਸ ਮਾਹੌਲ ਵਿਚ ਧੀਆਂ-ਭੈਣਾਂ ਦੀ ਪੱਤ ਨੂੰ ਜਰਵਾਣਿਆਂ ਪਾਸੋਂ ਵੀ ਖ਼ਤਰਾ ਹੋਵੇ ਤੇ ਜਰਵਾਣਿਆਂ ਦੇ ਦਮਨ ਲਈ ਰੱਖੇ ਸੁਰੱਖਿਆ-ਦਲਾਂ ਵੱਲੋਂ ਵੀ, ਉਸ ਵਿਚ ਕਿਸ ਦੇ ਰੌਂਗਟੇ ਖੜੇ ਨਹੀਂ ਹੋਣਗੇ ? ਜ਼ਨਾਕਾਰ ਤਾਂ ਜ਼ਨਾਕਾਰ ਹੀ ਰਹਿੰਦਾ ਹੈ, ਭਾਵੇਂ ਉਸ ਨੇ ਨੀਲਾ ਬਾਣਾ ਪਹਿਨਿਆ ਹੋਵੇ ਭਾਵੇਂ ਪੀਲਾ, ਭਗਵਾਂ ਹੋਵੇ ਜਾਂ ਸਾਵਾ ਜਾਂ ਖ਼ਾਕੀ। ਜ਼ਨਾਕਾਰ ਦੇ ਅਖੌਤੀ ਜਾਂ ਦਿੱਸਦੇ ਧਰਮ, ਪੇਸ਼ੇ, ਜ਼ਾਤ, ਸੂਬੇ, ਦੇਸ, ਨਸਲ ਜਾਂ ਉਸ ਦੀ ਸਰਕਾਰੀ ਵਰਦੀ ਕਰਕੇ ਕੋਈ ਹੋਸ਼ਮੰਦ ਬੰਦਾ ਉਸ ਨਾਲ ਹਮਦਰਦੀ, ਲਿਹਾਜ਼ ਜਾਂ ਖਿਮਾ ਬਾਰੇ ਨਹੀਂ ਸੋਚੇਗਾ,

* ਪ੍ਰੀਤਲੜੀ (ਲੁਧਿਆਣਾ) ਵਿਚ, ਮਈ, 1994 ਨੂੰ ਛਪਿਆ।

WWW.SIKHBOOKCLUB.COM

ਉਲਟਾ ਵਰਦੀ ਵਾਲੇ ਨੂੰ ਤਾਂ ਸਗੋਂ ਛੇਤੀ ਤੋਂ ਛੇਤੀ ਸੂਲੀ ਉੱਤੇ ਟੰਗਿਆ ਵੇਖ ਕੇ ਖ਼ੁਸ਼ ਹੋਵੇਗਾ।

ਮੈਂ ਚਾਹੁੰਦਾ ਹਾਂ ਕਿ ਮੇਰਾ ਟੱਬਰ-ਟੀਰ ਉਨ੍ਹਾਂ ਪਾਗਲ ਕੁੱਤਿਆਂ ਦੀ ਮਾਰ ਤੋਂ ਬਚਿਆ ਰਹੇ, ਜਿਨ੍ਹਾਂ ਨੂੰ ਹਰ ਪਰਾਈ ਧੀ-ਭੈਣ ਤੇ ਹਰ ਲਵਾ ਮੁੰਡਾ ਉਨ੍ਹਾਂ ਦੀ ਕਾਮ-ਪੂਰਤੀ ਲਈ ਪੈਦਾ ਹੋਇਆ ਜਾਪਦਾ ਹੈ। ਮੈਨੂੰ ਯਕੀਨ ਹੈ ਕਿ ਜੋ ਮੈਂ ਆਪਣੇ ਲਈ ਤੇ ਆਪਣੇ ਘਰਦਿਆਂ ਲਈ ਚਾਹੁੰਦਾ ਹਾਂ, ਉਹੀ ਸਾਰਾ ਪੰਜਾਬ ਵੀ ਚਾਹੁੰਦਾ ਹੈ।

ਅੱਜ ਤੋਂ ਕੁੱਝ ਚਿਰ ਪਹਿਲਾਂ ਅਖ਼ਬਾਰਾਂ ਦੇ ਪਹਿਲੇ ਸਫ਼ੇ ਅੱਤਵਾਦੀਆਂ ਦਾ ਸ਼ਿਕਾਰ ਬਣੇ ਮਾਸੂਮਾਂ ਦੀਆਂ ਸੂਚੀਆਂ ਨਾਲ ਭਰੇ ਹੁੰਦੇ ਸਨ; ਅੱਜ 'ਮੁਕਾਬਲਿਆਂ' ਵਿਚ ਸੁਰੱਖਿਆ ਦਲਾਂ ਤੇ ਪੁਲਸ ਦੀਆਂ ਗੋਲੀਆਂ ਦੇ ਸ਼ਿਕਾਰ ਬਣੇ ਲੋਕਾਂ ਦੀਆਂ ਸੂਚੀਆਂ ਨਾਲ ਸਫ਼ੇ ਕਾਲੇ ਕੀਤੇ ਮਿਲਦੇ ਹਨ। ਹੱਤਿਆਵਾਂ ਦੀਆਂ ਇਨ੍ਹਾਂ ਖ਼ਬਰਾਂ ਨੇ, ਪੰਜਾਬ ਦੀ ਜ਼ਮੀਰ ਨੂੰ ਪੱਥਰ ਬਣਾ ਦਿੱਤਾ ਲਗਦਾ ਹੈ। ਹੁਣ ਸਮਾਂ ਆ ਗਿਆ ਹੈ ਕਿ ਅਸੀਂ ਨਰ-ਹੱਤਿਆ ਉੱਤੇ ਫ਼ਖ਼ਰ ਕਰਨ ਦੀ ਥਾਂ, ਅਫ਼ਸੋਸ ਤੇ ਸ਼ਰਮ ਕਰਨ ਦਾ ਵੱਲ ਸਿੱਖਣਾ ਸ਼ੁਰੂ ਕਰੀਏ। "ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ" ਵਰਗੇ ਮੰਤਰਾਂ ਦੇ ਫ਼ਖ਼ਰੀਆ ਜਾਪ ਦੀ ਥਾਂ, ਅਮਨ, ਰਹਿਮ, ਸਹਿਵਾਸ, ਹਮਦਰਦੀ, ਸਦਭਾਵਨਾ, ਦੋਸਤੀ, ਸਹਿਜ, ਨਰਮੀ, ਕੋਮਲਤਾ, ਸੁਹਜ ਤੇ ਸਾਹਿੱਤ ਦੇ ਰੂਹ-ਗਰਮਾਊ ਖੇਤਰਾਂ ਦੀ ਯਾਤਰਾ ਉੱਤੇ ਨਿਕਲੀਏ ਤਾਂ ਜੋ ਆਪਣੇ ਨਿਜੀ ਵਾਧੇ ਤੇ ਸਾਰੇ ਪੰਜਾਬ ਦੇ ਵਿਕਾਸ ਦੀ ਪੂਣੀ ਕੱਤੀ ਜਾਣੀ ਸ਼ੁਰੂ ਹੋਵੇ।

ਗੁਰੂ ਨਾਨਕ ਦੇਵ ਨੇ ਕਿੰਨੇ ਸੰਵੇਦਨਸ਼ੀਲ ਹੋ ਕੇ ਤਾੜਨਾ ਕੀਤੀ ਸੀ ਕਿ ਜਿਨ੍ਹਾਂ ਲੋਕਾਂ ਦੀ 'ਰਸ' ਨਾਲੋਂ 'ਕਸ' ਨੂੰ ਨਿਖੇੜਨ ਦੀ ਸੋਝੀ ਖੁੰਡੀ ਹੋ ਜਾਂਦੀ ਹੈ ਉਹ 'ਅਸਲ ਖਰ' (ਸੱਚੀ ਮੁੱਚੀ ਦੇ ਖੋਤੇ) ਹੁੰਦੇ ਹਨ। ਹੁਣ ਪੰਜਾਬ ਦੀ ਰੂਹ ਸਾਰੇ 'ਕਸੈਲੇ' ਨੂੰ ਮਗਰੋਂ ਲਾਹ ਕੇ 'ਰਸੀਲੇ' ਨੂੰ ਅਪਣਾਉਣ ਲਈ ਤਰਸ ਰਹੀ ਹੈ।

ਮੇਰੀ ਇਕ ਵੱਡੀ ਤਕਲੀਫ਼ ਇਹ ਹੈ ਕਿ ਮੈਂ ਜਿਸ ਕਿਸੇ ਸਰਕਾਰੀ ਦਫ਼ਤਰ ਵਿਚ ਚਲਾ ਜਾਵਾਂ, ਮੈਨੂੰ ਪਹਿਲਾਂ ਕਿਸੇ ਕਰਮਚਾਰੀ ਦੀ ਤਲੀ ਉੱਤੇ ਦੱਛਣਾ ਧਰਨੀ ਪੈਂਦੀ ਹੈ, ਫੇਰ ਕਿਤੇ ਜਾ ਕੇ ਅੰਦਰਲੇ ਅਧਿਕਾਰੀ ਪਾਸ ਜਾਣ ਦੀ ਆਗਿਆ ਮਿਲਦੀ ਹੈ। ਇਕ ਹੱਡ-ਵਰਤੀ ਸੁਣ ਲਓ : ਮੇਰੀ ਮਾਤਾ ਦੀ ਕੁੱਝ ਰਕਮ ਸਰਕਾਰੇ-ਦਰਬਾਰੇ ਅੜੀ ਹੋਈ ਸੀ। ਲਿਖਾ-ਪੜ੍ਹੀ ਕਰਦਿਆਂ ਅਨੇਕ ਸਾਲ ਬੀਤ ਗਏ, ਰਕਮ ਨਾ ਮਿਲੀ। ਅਖ਼ੀਰ ਉਹ ਚੱਲ ਵੱਸੇ। ਉਨ੍ਹਾਂ ਦੇ ਚਲਾਣੇ ਪਿੱਛੋਂ ਇਕ ਦਿਨ ਤਸੀਲ ਦਾ ਇਕ ਕਰਮਚਾਰੀ ਆ ਗਿਆ ਤੇ ਦੋ ਚਾਰ ਟਰਪੱਲੀਆਂ ਮਾਰ ਕੇ ਬੋਲਿਆ, "ਤੁਹਾਡੇ ਕੁੱਝ ਪੈਸੇ ਬੜੇ ਚਿਰ ਦੇ ਖ਼ਜ਼ਾਨੇ ਵਿਚ ਫਸੇ ਪਏ ਨੇ, ਤੁਸੀਂ ਲੈਣ ਕਿਉਂ ਨਹੀਂ ਆਉਂਦੇ ?" ਮੈਂ ਕਿਹਾ, "ਜਿਨ੍ਹਾਂ ਦੇ ਪੈਸੇ ਸਨ, ਉਹ ਲਿਖ ਲਿਖ ਕੇ ਥਕ ਗਏ, ਕਿਸੇ ਨੇ ਜਵਾਬ ਦੇਣ ਦੀ ਖੇਚਲ ਹੀ ਨਹੀਂ ਕੀਤੀ। ਉਨ੍ਹਾਂ ਨੂੰ ਕਿਵੇਂ ਪਤਾ ਲਗਦਾ ਕਿ ਪੈਸੇ ਲੈਣ ਕਦੋਂ ਤੇ ਕਿੱਥੇ ਜਾਣਾ ਹੈ ? ਹੁਣ ਤਾਂ ਉਹ ਰਹੇ ਹੀ ਨਹੀਂ, ਸੋ ਸਰਕਾਰ ਨੂੰ ਕੋਈ ਜਵਾਬ ਦੇਣ ਦੀ ਲੋੜ ਹੀ ਨਹੀਂ ਰਹੀ।"

ਉਹ ਬੋਲਿਆ, "ਉਹ ਪੈਸੇ ਤੁਹਾਨੂੰ ਮਿਲ ਸਕਦੇ ਨੇ; ਮੈਂ ਦਿਵਾ ਸਕਦਾਂ; ਪਰ ਅੱਧੀ ਰਕਮ ਤੁਹਾਨੂੰ ਪੇਸ਼ਗੀ ਦੇਣੀ ਪਵੇਗੀ।"

ਮੈਂ ਕਿਹਾ, "ਉਹ ਕਾਹਦੇ ਲਈ ?"

ਕਹਿਣ ਲੱਗਾ, "ਪੈਸੇ ਕਢਾਉਣ ਲਈ।"

ਮੈਂ ਕਿਹਾ, "ਪੈਸੇ ਤਾਂ ਸਰਕਾਰ ਦੇ ਹਨ ਨਹੀਂ, ਉਹ ਤਾਂ ਉਸ ਨੂੰ ਦੇਣੇ ਹੀ ਪੈਣੇ ਨੇ।"

[illegible]"

WWW.SIKHBOOKCLUB.COM 

ਉਹ ਤੀਜੇ, ਕਿ ਖ਼ਬਰੇ ਚੌਥੇ ਦਰਜੇ ਦਾ ਸਰਕਾਰੀ ਕਰਮਚਾਰੀ ਤਾਂ ਚਲਾ ਗਿਆ, ਪਰ ਮੈਂ ਦਰਜਨਾਂ ਚਿੱਠੀਆਂ ਪਾ ਚੁੱਕਾ ਹਾਂ, ਖ਼ਜ਼ਾਨਾ ਅਫ਼ਸਰ ਦੇ ਨਾਂ ਰਜਿਸਟਰਡ ਚਿੱਠੀਆਂ ਪਾ ਵੇਖੀਆਂ ਹਨ, ਆਪ ਮਿਲ ਕੇ ਵੀ ਬੇਨਤੀਆਂ ਕਰ ਬੈਠਾ ਹਾਂ, ਕਰਮਚਾਰੀ ਦੀ ਕਹਾਣੀ ਵੀ ਕਈਆਂ ਦੇ ਪਾਸ ਦੁਹਰਾਈ ਹੈ, ਪਰ ਰਕਮ ਨਹੀਂ ਨਿਕਲੀ। ਅਖ਼ੀਰ ਸਬਰ ਦਾ ਕੌੜਾ ਘੁੱਟ ਭਰ ਕੇ ਬੈਠ ਗਿਆ ਹਾਂ। ਵੱਢੀ ਦਾ ਰੋਗ ਪੰਜਾਬ ਦੀ ਨੌਕਰਸ਼ਾਹੀ ਦੇ ਲਹੂ ਦਾ ਕੈਂਸਰ ਬਣ ਚੁੱਕਾ ਹੈ। ਮੈਨੂੰ ਇਕ ਪੈਨਸ਼ਨਰ ਤੋਂ ਪਤਾ ਲੱਗਾ ਕਿ ਪੈਨਸ਼ਨ ਵੇਲੇ ਸਿਰ ਲੈਣ ਲਈ ਸਾਨੂੰ ਪੈਸੇ ਤਾਰਨੇ ਪੈਂਦੇ ਹਨ; ਮੈਡੀਕਲ ਬਿੱਲਾਂ ਦੀ ਅਦਾਇਗੀ ਕਰਾਉਣੀ ਹੋਵੇ ਤਾਂ ਕਟੌਤੀ ਕਰਵਾਓ, ਨਹੀਂ ਕਰਵਾਓਗੇ ਤਾਂ ਜਵਾਬ ਮਿਲੇਗਾ, ਬਿੱਲ ਪਾਸ ਨਹੀਂ ਹੋਇਆ ਜਾਂ ਇਤਰਾਜ਼ਾਂ ਸਮੇਤ ਬਿੱਲ ਦੋ ਮਹੀਨਿਆਂ ਪਿੱਛੋਂ ਮੁੜ ਆਵੇਗਾ—ਤਾਰੀਖ਼ ਨਹੀਂ ਪਾਈ, ਰਕਮ ਸ਼ਬਦਾਂ ਵਿਚ ਨਹੀਂ ਲਿਖੀ, ਡਾਕਟਰ ਦੀ ਪਰਚੀ ਤੇ ਬਿੱਲ ਦੀ ਤਾਰੀਖ਼ ਵਿਚ ਇਕ ਦਿਨ ਦਾ ਫ਼ਰਕ ਹੈ; ਇਹ ਦਵਾਈ ਸਰਕਾਰੀ ਤੌਰ ਉੱਤੇ ਪਰਵਾਨ ਸੂਚੀ ਵਿਚ ਨਹੀਂ ਹੈ, ਇਹ ਬਿੱਲ ਢੇਰ ਦੇਰ ਨਾਲ ਪੇਸ਼ ਹੋ ਰਿਹਾ ਹੈ, ਅੱਜ ਬਿੱਲ ਦੇ ਪੈਸੇ ਲੈਣ ਦਾ ਸਮਾਂ ਖ਼ਤਮ ਹੋ ਚੁੱਕਾ ਹੈ, ਖ਼ਜ਼ਾਨੇ ਵਿੱਚੋਂ ਪੈਸੇ ਨਹੀਂ ਮਿਲੇ, ਅਗਲੇ ਮਹੀਨੇ ਦੀ 10 ਤਰੀਖ਼ ਨੂੰ ਦੋ ਵਜੇ ਆਇਓ—ਜੇ ਮੁੱਠ ਗਰਮ ਕੀਤੀ ਹੋਵੇ ਤਾਂ ਅਧੂਰੇ ਬਿੱਲ ਦੀ ਵੀ ਪੂਰੀ ਅਦਾਇਗੀ ਹੋ ਜਾਂਦੀ ਹੈ। ਇਕ ਹੋਰ ਹੱਡ-ਬੀਤੀ ਸੁਣੋ :

ਇਕ ਦਿਨ ਦੋ ਸੱਜਨ ਘਰ ਆ ਵੜੇ। ਅਖੇ, ਅਸੀਂ ਬਿਜਲੀ ਦੇ ਦਫ਼ਤਰ ਤੋਂ ਆਏ ਹਾਂ। "ਸ਼ਨਾਖ਼ਤੀ ਕਾਰਡ ਹੈ ?" ਮੈਂ ਉਨ੍ਹਾਂ ਨੂੰ ਪੁੱਛਿਆ। "ਉਸ ਦੀ ਕੀ ਲੋੜ ਐ ? ਸਾਨੂੰ ਕੌਣ ਨਹੀਂ ਜਾਣਦਾ ? ਤੁਸੀਂ ਪਹਿਲੇ ਬੰਦੇ ਓ ਜਿਨ੍ਹਾਂ ਨੂੰ ਸਾਡੇ ਸ਼ਨਾਖ਼ਤੀ ਕਾਰਡਾਂ ਦੀ ਲੋੜ ਪੈ ਗਈ ਹੈ। ਤੁਹਾਡੀ ਸ਼ਿਕਾਇਤ ਹੈ ਸਾਡੇ ਕੋਲ ਕਿ ਤੁਸੀਂ ਬਿਜਲੀ ਦੀ ਚੋਰੀ ਕਰਦੇ ਓ।" ਚੋਰੀ ਦੇ ਅਲਜ਼ਾਮ ਨੇ ਮੈਨੂੰ ਅਵਾਕ ਕਰ ਦਿੱਤਾ। ਮੈਂ ਤੇ ਚੋਰੀ ? "ਮੀਟਰ ਕਿੱਥੇ ਐ ?" ਮੀਟਰ ਵੱਲ ਵੇਖ ਕੇ ਉਨ੍ਹਾਂ ਪੁੱਛਿਆ ਤੇ ਮੀਟਰ ਦੀ ਚੰਗੀ ਤਰ੍ਹਾਂ ਦੇਖ-ਭਾਲ ਕਰਨੀ ਸ਼ੁਰੂ ਕਰ ਦਿੱਤੀ। ਉਸ ਦੀ ਮੁਹਰ ਕਾਇਮ ਸੀ, ਤਾਰਾਂ ਜੁੜੀਆਂ ਹੋਈਆਂ ਸਨ, ਸਭ ਕੁੱਝ ਠੀਕ-ਠਾਕ ਨਿਕਲਿਆ। ਮੈਂ ਸਿਰ ਉੱਤੇ ਖੜਾ ਵੇਖ ਰਿਹਾ ਸਾਂ। ਉਨ੍ਹਾਂ ਵਿੱਚੋਂ ਇਕ ਬੋਲਿਆ, "ਇਸ ਮੁਹਰ ਨਾਲ ਛੇੜ-ਛਾੜ ਹੋਈ ਹੋਈ ਐ। ਸਾਨੂੰ ਇਸ ਦੀ ਸ਼ਿਕਾਇਤ ਕਰਨੀ ਪਵੇਗੀ।"

ਮੈਂ ਕਿਹਾ, "ਕਿਸ ਤਰ੍ਹਾਂ ਦੀ ਛੇੜ-ਛਾੜ ? ਮੁਹਰ ਤਾਂ ਬਿਲਕੁਲ ਸਾਬਤ ਹੈ।" ਉਹ ਗੁਸਤਾਖ਼ ਸੁਰ ਵਿਚ ਬੋਲਿਆ, "ਤੁਸੀਂ ਇਨਸਪੈਕਟਰ ਨਹੀਂ ਓ, ਵਰਨਾ ਤੁਹਾਨੂੰ ਆਪੇ ਪਤਾ ਲਗ ਜਾਂਦਾ ਕਿ ਮੀਟਰ ਦੀ ਦੁਰਵਰਤੋਂ ਹੋਈ ਹੋਈ ਐ। ਅਸੀਂ ਸਾਰੀ ਉਮਰ ਗਾਲ ਕੇ ਇਹ ਕੰਮ ਸਿੱਖਿਐ, ਤੁਸੀਂ ਕਿਵੇਂ ਕਹਿ ਸਕਦੇ ਓ ਕਿ ਇਹ ਮੁਹਰ ਠੀਕ ਐ ?"

ਮੈਂ ਕਿਹਾ, "ਹਾਲੇ ਮੇਰੀ ਨਿਗਾਹ ਕੰਮ ਕਰਦੀ ਹੈ।" ਬੋਲੇ, "ਇਹ ਗੱਲ ਦਫ਼ਤਰ ਵਿਚ ਜਾ ਕੇ ਦੱਸਣੀ।"

ਮੈਨੂੰ ਕੀ ਪਤਾ ਸੀ ਕਿ ਬਿਲਕੁਲ ਠੀਕ ਮੁਹਰ ਨੂੰ ਸਾਡੀਆਂ ਅੱਖਾਂ ਦੇ ਸਾਹਮਣੇ ਟੁੱਟੀ ਦੱਸਣ ਵਾਲੀ ਇਨਸਪੈਕਟਰਾਂ ਦੀ ਜੋੜੀ, ਅਸਲ ਵਿਚ, ਵੱਢੀ ਲੈਣ ਆਈ ਸੀ ? ਉਨ੍ਹਾਂ ਨੇ ਹੋਰ ਵੀ ਕਈ ਘਰਾਂ ਵਿਚ ਛਾਪਾ ਮਾਰਿਆ ਤੇ ਜਿਨ੍ਹਾਂ ਤੋਂ ਉਗਰਾਹੀ ਨਾ ਹੋਈ, ਉਨ੍ਹਾਂ ਦੇ ਮੀਟਰਾਂ ਦੀਆਂ ਸਾਬਤ ਮੁਹਰਾਂ ਟੁੱਟੀਆਂ ਹੋਈਆਂ ਬਣਾ ਦਿੱਤੀਆਂ ਗਈਆਂ। ਮੁਹਰ ਤੋੜਨ ਦਾ ਹਰਜਾਨਾ ਤੇ ਚੋਖੀ ਰਕਮ ਪਿਛਲੀ ਅਣਵਰਤੀ ਬਿਜਲੀ ਦੇ ਖ਼ਰਚੇ ਦੀ, ਅਗਲੇ ਬਿੱਲ ਵਿਚ ਦਰਜ ਹੋਈ ਮਿਲੀ। ਮੀਟਰ ਨੂੰ ਮੁਹਰ ਤਾਂ ਅੱਗੇ ਵਾਲੀ ਹੀ ਲੱਗੀ ਹੋਈ ਹੈ, ਪਰ ਮੇਰੀ ਸੁਣਵਾਈ ਕਿਸੇ ਅਫ਼ਸਰ ਨੇ ਨਹੀਂ ਕੀਤੀ। ਮੁਲਾਕਾਤਾਂ ਤੇ ਅਰਜ਼ੀਆਂ ਸਭ ਬੇਕਾਰ। ਜਿਹੜੇ

WWW.SIKHBOOKCLUB.COM 

ਮਾੜਾ-ਮੋਟਾ ਰਸੂਖ਼ ਸੀ, ਉਹ ਵੀ ਭੋਂ ਦੇ ਭਾ ਵਿਕ ਗਿਆ।

ਪਾਣੀ ਵਾਲੇ ਘਰੋ-ਘਰੀ ਹੋਕਾ ਦੇਂਦੇ ਫਿਰਦੇ ਹਨ—ਸਾਨੂੰ ਐਨੀ ਰਕਮ ਪਹਿਲਾਂ ਤਾਰ ਦਿਓ, ਤੁਹਾਡਾ ਪਾਣੀ ਦਾ ਬਿੱਲ ਕਿਸੇ ਹਾਲਤ ਵਿਚ ਐਨੇ ਤੋਂ ਨਹੀਂ ਵਧੇਗਾ।

ਡਾਕੀਏ ਨੂੰ ਹਰ ਹਿੰਦੂ, ਸਿੱਖ, ਮੁਸਲਮਾਨ ਤੇ ਈਸਾਈ ਤਿਉਹਾਰ ਉੱਤੇ ਘੱਟੋ-ਘੱਟ 20/- ਰੁਪੈ ਨਹੀਂ ਮਿਲਣਗੇ ਤਾਂ ਤੁਸੀਂ ਆਪਣੀ ਡਾਕ ਦੇ ਆਪ ਜ਼ਿੰਮੇਵਾਰ ਹੋਵੋਗੇ।

ਮਿਊਂਸਿਪਲ ਕਮੇਟੀ ਵੱਲੋਂ ਗਲੀ ਦੀ ਸਫ਼ਾਈ ਲਈ ਰੱਖੀ ਹੋਈ ਤਨਖ਼ਾਹਦਾਰ ਸੇਵਿਕਾ ਸਿਰਫ਼ ਮੇਰੇ ਘਰ ਦੇ ਸਾਹਮਣਿਓਂ ਬਿਨਾਂ ਝਾੜੂ ਫੇਰੇ ਲੰਘ ਜਾਂਦੀ ਹੈ ਕਿਉਂਕਿ ਮੈਂ, ਗਲੀ ਦੇ ਹੋਰ ਸਾਊਆਂ ਵਾਂਗ, ਉਸ ਵੱਲੋਂ ਆਪੇ ਨਿਸਚਿਤ ਕੀਤੇ ਬਾਨ੍ਹ ਦੇ ਪੈਸੇ ਹਰ ਮਹੀਨੇ ਨਹੀਂ ਤਾਰਦਾ।

ਕੋਈ ਮਹਿਕਮਾ ਨਹੀਂ, ਕੋਈ ਸਰਕਾਰੀ ਸੇਵਾ ਨਹੀਂ, ਜਿੱਥੇ ਪੈਸੇ ਦਿੱਤੇ ਬਿਨਾਂ ਕੰਮ ਨਿਕਲ ਸਕੇ। ਪੀ.ਡਬਲਿਊ.ਡੀ. ਹੈ ਕਿ ਇੰਡਸਟਰੀ ਵਿਭਾਗ, ਟ੍ਰਾਂਸਪੋਰਟ ਹੈ ਜਾਂ ਕੋਆਪ੍ਰੇਟਿਵ, ਹੈਲਥ ਹੈ ਕਿ ਇੱਰੀਗੇਸ਼ਨ-ਵਿਭਾਗ ਮੰਤਰੀ ਪਾਸ ਹੈ ਕਿ ਮੁਖ ਮੰਤਰੀ ਪਾਸ, ਹਰ ਇਕ ਦੀ ਇੱਕੋ ਕਹਾਣੀ। ਤੇ ਮੂੰਹ ਪਾੜ ਕੇ ਮੰਗਣ ਵਾਲੇ ਹਮੇਸ਼ਾ ਇਹੀ ਕਹਿੰਦੇ ਹਨ ਕਿ ਅਸੀਂ ਕੀ ਕਰੀਏ ? ਇਹ ਰਕਮ ਹੇਠੋਂ ਲੈ ਕੇ ਉੱਪਰ ਤਕ ਵੰਡੀ ਜਾਣੀ ਹੈ! ਜਿੰਨੇ ਵੱਡੇ ਠੇਕੇ, ਜਿੰਨੇ ਵੱਡੇ ਕੋਟੇ, ਜਿੰਨੀਆਂ ਵੱਡੀਆਂ ਨਿਯੁਕਤੀਆਂ ਤੇ ਵੱਡੀਆਂ ਖ਼ਰੀਦਾਰੀਆਂ, ਓਨੀਆਂ ਹੀ ਵੱਡੀਆਂ ਘਪਲਿਆਂ ਤੇ ਘੂਸਾਂ ਦੀਆਂ ਅਫ਼ਵਾਹਾਂ। ਅੱਗੇ ਐਜੂਕੇਸ਼ਨ ਦਾ ਮਹਿਕਮਾ, ਪਬਲਿਕ ਸਰਵਿਸ ਕਮਿਸ਼ਨ ਤੇ ਜੁਡਿਸ਼ਿਅਰੀ ਵਰਗੇ ਦੋ ਚਾਰ ਇਦਾਰੇ ਬਚੇ ਹੁੰਦੇ ਸਨ, ਹੁਣ ਇਸ ਹਮਾਮ ਵਿਚ ਸਾਰੇ ਹੀ ਨੰਗੇ ਦੱਸੇ ਜਾਂਦੇ ਹਨ।

SIKHBOOKCLUB.COM

ਜੁਡਿਸ਼ਿਅਰੀ ਦੀ ਗੱਲ ਚੱਲੀ ਹੈ ਤਾਂ ਮੇਰੀ ਬੇਟੀ ਨਾਲ ਵਾਪਰੀ ਇਕ ਗੱਲ ਸੁਣ ਲਓ : ਉਸ ਦਾ ਆਪਣੇ ਮਾਲਕ ਮਕਾਨ ਨਾਲ ਕਿਰਾਏ ਦਾ ਝਗੜਾ ਸੀ। ਸ਼ਰੀਫ਼ਾਂ ਦਾ ਮਹੱਲਾ, ਕਈ ਵਰ੍ਹੇ ਦੀ ਮਕਾਨ ਵਿਚ ਰਿਹਾਇਸ਼, ਮਾਲਕ ਮਕਾਨ ਅੱਛੀ ਖ਼ਾਸੀ ਸ਼ਰੀਫ਼ਾਨਾ ਪਦਵੀ ਉੱਤੇ ਸੁਸਜਿਤ, ਸ਼ਹਿਰ ਲੁਧਿਆਣਾ। ਇਕ ਦਿਨ ਜਦੋਂ ਲੜਕੀ ਡਿਊਟੀ ਉੱਤੇ ਆਪਣੇ ਕਾਲਜ ਵਿਚ ਗਈ ਹੋਈ ਸੀ, ਪਿੱਛੋਂ ਉਸ ਦਾ ਤਾਲਾ ਤੋੜ ਕੇ, ਅੰਦਰ ਪਿਆ ਸਾਰਾ ਸਮਾਨ ਨਾਲ ਲਿਆਂਦੇ ਪੰਦਰਾਂ ਵੀਹਾਂ ਚੋਬਰਾਂ ਪਾਸੋਂ ਬਾਹਰ ਖੜੀ ਕੀਤੀ ਟ੍ਰਾਲੀ ਵਿਚ ਸੁਟਵਾ ਕੇ, ਅੰਦਰ ਹੂੰਝਾ ਫਿਰਵਾ ਦਿੱਤਾ। ਅਲਮਾਰੀਆਂ, ਟੀ.ਵੀ., ਬਿਸਤਰੇ, ਪਰਦੇ, ਕਾਲੀਨ, ਸੋਫ਼ੇ, ਰਸੋਈ ਦਾ ਸਾਰਾ ਨਿੱਕ-ਸੁੱਕ—ਗੱਲ ਕੀ, ਇਉਂ ਸਫ਼ਾਈ ਕਰ ਦਿੱਤੀ, ਜਿਵੇਂ ਓਥੇ ਕੋਈ ਰਿਹਾ ਹੀ ਨਾ ਹੋਵੇ ਤੇ ਅੰਦਰ ਇਕ ਮੇਜ਼-ਕੁਰਸੀ ਰਖਵਾ ਕੇ ਉਸ ਉੱਤੇ ਆਪਣਾ ਇਕ ਰਿਸ਼ਤੇਦਾਰ ਡਟਾ ਦਿੱਤਾ। ਭਰੀ ਹੋਈ ਟ੍ਰਾਲੀ ਦੋ ਤਿੰਨ ਮੀਲ ਦੂਰ ਇਕ ਘਰ ਵਿਚ ਜਾ ਉਲਟਾਈ। ਜਦੋਂ ਕੁੜੀ ਘਰ ਆਈ ਤਾਂ ਅੰਦਰ ਬੈਠਾ ਬੰਦਾ ਪੁੱਛੇ, "ਤੁਸੀਂ ਕੌਣ ਹੋ ?" ਤੇ ਜਦੋਂ ਕੁੜੀ ਪੁੱਛੇ, "ਤੁਸੀਂ ਕੌਣ ਹੋ ?" ਤਾਂ ਉਹ ਕਹੇ, "ਅਸੀਂ ਕਿਰਾਏਦਾਰ ਹਾਂ, ਪਿਛਲੇ ਪੰਜਾਂ ਸਾਲਾਂ ਤੋਂ ਇਥੇ ਰਹਿੰਦੇ ਹਾਂ।" ਕੁੜੀ ਸਮਾਨ ਬਾਰੇ ਪੁੱਛੇ ਤਾਂ ਉਹ ਕਹੇ, "ਸਮਾਨ ਕਿਹੜਾ ? ਅਸੀਂ ਤਾਂ ਏਥੇ ਕਦੀ ਕਿਸੇ ਓਪਰੇ ਬੰਦੇ ਦਾ ਸਮਾਨ ਨਹੀਂ ਰੱਖਿਆ ?" ਪੁਲਸ ਵਿਚ ਰਪੋਟ ਦਰਜ ਕਰਾਈ ਗਈ, ਸਮਾਨ ਲੱਭਿਆ ਗਿਆ। ਟੁੱਟਾ-ਭੱਜਾ, ਅੱਧ-ਪਚੱਧ ਸਮਾਨ ਮੁੜ ਮਕਾਨ ਵਿਚ ਲਿਆਂਦਾ ਗਿਆ। ਮੁਕੱਦਮਾ ਚੱਲਿਆ। ਦਿਨ ਦੀਵੀਂ, ਸੈਂਕੜੇ ਅੱਖਾਂ ਦੇ ਸਾਹਮਣੇ ਇਹ ਵਾਕਿਆ ਹੋਇਆ, ਐਫ਼.ਆਈ.ਆਰ. ਦਰਜ ਹੋਈ। ਸਮਾਨ ਪੁਲਸ ਦੀ ਮਾਰਫ਼ਤ ਵਾਪਸ ਆਇਆ, ਪਰ ਜੱਜ ਸਾਹਿਬ ਨੇ ਫ਼ੈਸਲਾ ਦਿੱਤਾ ਕਿ ਸਾਰੇ ਦਾ ਸਾਰਾ ਮਾਮਲਾ ਮਨਘੜਤ ਹੈ। ਮਾਲਕ ਮਕਾਨ ਬੜਾ ਸ਼ਰੀਫ਼ ਆਦਮੀ ਹੈ। ਇਸ ਤਰ੍ਹਾਂ ਦਾ ਵਾਕਿਆ ਗਲਪ ਦੀ ਦੁਨੀਆ ਵਿਚ ਵਾਪਰ ਸਕਦੈ

WWW.SIKHBOOKCLUB.COM Page 248

ਹੈ, ਯਥਾਰਥ ਦੀ ਦੁਨੀਆ ਵਿਚ ਨਹੀਂ। ਕਹਾਣੀ ਘੜਨੀ ਹੀ ਸੀ ਤਾਂ ਅਜਿਹੀ ਘੜਦੇ, ਜਿਸ ਉੱਤੇ ਕਿਸੇ ਨੂੰ ਵਿਸ਼ਵਾਸ ਵੀ ਹੋ ਸਕਦਾ।

ਇਹ ਨਿਆਂ ਮਿਲਿਆ, ਉਸ ਕੁੜੀ ਨੂੰ, ਜਿਸ ਦਾ ਮੇਜਰ ਪਤੀ ਉਸ ਵੇਲੇ ਰਾਜਸਥਾਨ ਬਾਰਡਰ ਉੱਤੇ ਦੇਸ ਦੀ ਰੱਖਿਆ ਦੀ ਡਿਊਟੀ ਨਿਭਾ ਰਿਹਾ ਸੀ। ਮੇਜਰ ਸਾਹਿਬ ਆਏ ਤਾਂ ਉਨ੍ਹਾਂ ਦੀ ਪੜਤਾਲ ਨੇ ਲੱਭਿਆ ਕਿ ਨਿਆਂਕਾਰ ਅੰਗੂਰ ਦੀ ਬੇਟੀ ਦਾ ਆਸ਼ਿਕ ਸੀ ਤੇ ਕਿਸੇ ਦੇ ਹੱਥਾਂ ਵਿਚ ਚਾਂਦੀ ਦੀ ਜੁੱਤੀ ਵੇਖਦੇ ਸਾਰ, ਉਸ ਦੇ ਹੱਥਾਂ ਵਿਚ ਕਾਨੂੰਨ, ਮੋਮ ਦੀ ਵਸਤ ਬਣ ਜਾਇਆ ਕਰਦਾ ਸੀ।

ਮੈਂ ਨਹੀਂ ਚਾਹੁੰਦਾ ਕਿ ਸਰਕਾਰੀ ਅਸਾਮੀਆਂ ਦੀ ਅੰਦਰਖਾਤੇ ਨੀਲਾਮੀ ਹੋਵੇ ਤੇ ਨਿਆਂ ਸਿੱਕਿਆਂ ਨਾਲ ਤੋਲਿਆ ਜਾਏ। ਮੈਂ ਹੀ ਨਹੀਂ, ਸਾਰੇ ਜਗ ਦੇ ਬੰਦਿਆਂ ਦੀ ਇਹੋ ਮੰਗ ਹੈ। ਪੰਜਾਬ ਤਾਂ ਦਿਨੇ ਵੀ ਕੂਕਦਾ ਹੈ ਤੇ ਰਾਤ ਨੂੰ ਵੀ ਕਿ ਮੈਨੂੰ ਕੇਂਦਰੀ ਹਕੂਮਤਾਂ ਵੱਲੋਂ ਇਨਸਾਫ਼ ਨਹੀਂ ਮਿਲਦਾ, ਵਿਤਕਰਾ ਹੁੰਦਾ ਰਿਹਾ ਹੈ ਤੇ ਅੱਜ ਵੀ ਹੁੰਦਾ ਹੈ। ਇਹ ਵਿਤਕਰਾ ਕਈ ਤਰ੍ਹਾਂ ਦੀ ਵੱਢੀ ਲੈ ਕੇ ਵੀ ਕੀਤਾ ਜਾਂਦਾ ਰਿਹਾ ਹੈ—ਕਦੀ ਦੇਸ ਦੇ ਹਿਤ ਦੇ ਪਵਿੱਤਰ ਨਾਅਰੇ ਦੀ ਆੜ ਹੇਠ, ਕਦੀ ਸਾਰੇ ਰਾਜਾਂ ਨਾਲ ਸਮਾਨ ਵਰਤਾਰੇ ਦੇ ਬਹਾਨੇ, ਕਦੀ ਗਵਾਂਢੀਆਂ ਨਾਲ ਉਦਾਰਤਾ ਵਰਤਣ ਦੀ ਨਸੀਹਤ ਦੇ ਕੇ, ਕਦੀ ਤੋਤਿਆਂ ਵਾਂਗ ਰਟੇ-ਰਟਾਏ ਬੋਲ ਦੁਹਰਾਉਣ ਵਾਲੇ ਪੈਂਚਾਂ ਦੇ ਹੱਥ ਵੱਡੇ ਵੱਡੇ ਮਾਮਲੇ ਸੌਂਪ ਕੇ, ਕਦੀ ਸਿੱਧੇ-ਸਰਲ ਮਾਮਲਿਆਂ ਨੂੰ ਅਨਿਸਚਿਤ ਸਮੇਂ ਤਕ ਲਮਕਾਉਣ ਨਾਲ ਗੁੰਝਲਦਾਰ ਬਣਾ ਕੇ, ਕਦੀ ਝੂਠੇ ਵਾਇਦੇ ਕਰ ਕੇ ਜਾਂ ਲਾਰੇ-ਲੱਪੇ ਲਾ ਕੇ ਤੇ ਕਦੇ ਨੰਗੀ-ਚਿੱਟੀ ਧੌਂਸ ਨਾਲ ਫ਼ੈਸਲੇ ਠੋਸ ਕੇ, ਇਹ ਵਿਤਕਰਾ ਕੀਤਾ ਜਾਂਦਾ ਹੈ।

ਪੰਜਾਬ ਦੀ ਮੰਗ ਹੈ ਕਿ ਪੁਲਸ, ਨੌਕਰਸ਼ਾਹੀ, ਅਫ਼ਸਰ ਤੇ ਮੰਤਰੀ ਸਭ ਦੀਆਂ ਚਾਦਰਾਂ ਬੇਦਾਗ਼ ਹੋਣ, ਨਿਆਂ ਦੀ ਤਕੜੀ ਸਾਵਾਂ ਤੋਲੇ ਤੇ ਵਿਤਕਰੇ ਖ਼ਤਮ ਹੋਣ ਤਾਂ ਜੋ ਇਕ ਦੂਜੇ ਉੱਤੇ ਇਤਬਾਰ ਦਾ ਮਾਹੌਲ ਪੈਦਾ ਹੋਵੇ ਤੇ ਪੰਜਾਬ ਅੱਗੇ ਵਾਂਗ ਦਿਨ ਦੂਣੀ, ਰਾਤ ਚੌਗੁਣੀ ਤਰੱਕੀ ਵਾਲੇ ਰਾਹ ਉੱਤੇ ਤੁਰ ਪਵੇ।

ਮੇਰੀ ਇਕ ਹੋਰ ਇੱਛਾ ਵੀ ਹੈ ਤੇ ਮੈਨੂੰ ਲਗਦਾ ਹੈ ਕਿ ਇਹ ਵੀ ਅਨੇਕ ਲੋਕਾਂ ਨਾਲ ਸਾਂਝੀ ਹੋਵੇਗੀ।

ਜੀਉਣ ਦਾ ਢੰਗ ਮੇਰਾ ਆਪਣਾ ਹੈ। ਜਦੋਂ ਵੀ, ਵਾਂਢੇ ਜਾਣ ਕਰਕੇ, ਦੋ ਚਾਰ ਦਿਨਾਂ ਲਈ ਇਸ ਨੂੰ ਬਦਲਣਾ ਪੈ ਜਾਵੇ, ਮੈਂ ਔਖਾ ਹੋ ਜਾਂਦਾ ਹਾਂ। ਕੁੱਝ ਕੰਮ ਕਰਨੇ ਮੈਨੂੰ ਚੰਗੇ ਲਗਦੇ ਹਨ, ਕੁੱਝ ਨਹੀਂ ਲਗਦੇ। ਮੈਂ ਆਪਣੇ ਕੰਮ ਵਿਚ ਕਿਸੇ ਦਾ ਨਾਜਾਇਜ਼ ਦਖ਼ਲ ਪਸੰਦ ਨਹੀਂ ਕਰਦਾ। ਜੇ ਕੋਈ ਆਪਣੀ ਪਸੰਦ ਮੇਰੀ ਪਸੰਦ ਉੱਤੇ ਠੋਸਣਾ ਚਾਹੇ ਤਾਂ ਮੇਰੇ ਲਈ ਜੀਉਣਾ ਦੁੱਭਰ ਹੋ ਜਾਂਦਾ ਹੈ। ਮੈਂ ਆਜ਼ਾਦੀ ਦਾ ਇੱਛਕ ਹਾਂ।

ਸਾਡੇ ਦੇਸ ਦੇ ਵੱਖ ਵੱਖ ਰਾਜ ਵੀ, ਜੋ ਆਮ ਤੌਰ ਉੱਤੇ, ਅੱਡ ਅੱਡ ਭਾਸ਼ਾਈ ਕਲਚਰਾਂ ਨੂੰ ਮੁਖ ਰੱਖ ਕੇ ਬਣਾਏ ਗਏ ਸਨ, ਇਹੀ ਚਾਹੁੰਦੇ ਹਨ ਕਿ ਸਾਨੂੰ ਆਪਣੀ ਸਭਿਆਚਾਰਕ ਵਰਤ-ਵਿਹਾਰ ਤੇ ਰਹਿਤ-ਬਹਿਤ ਅਨੁਸਾਰ ਜੀਉਣ ਦੀ ਖੁੱਲ੍ਹ ਹੋਵੇ ਅਤੇ ਜਿਸ ਤਰ੍ਹਾਂ ਅਸੀਂ ਆਪਣੇ ਰਾਜ ਨੂੰ ਉਸਾਰਨਾ, ਵਿਗਸਾਉਣਾ ਚਾਹੀਏ, ਵਿਗਸਾ ਸਕੀਏ। ਪਰ ਅਮਲੀ ਤੌਰ ਉੱਤੇ, ਜਿਸ ਤਰ੍ਹਾਂ ਦਾ ਵਤੀਰਾ ਸਾਡੇ ਦੇਸ ਦੇ ਕੇਂਦਰ ਦਾ ਰਾਜਾਂ ਵੱਲ ਰਿਹਾ ਹੈ, ਉਸ ਨਾਲ ਬਹੁਤ ਸਾਰੇ ਰਾਜ ਦਿਲੋਂ ਨਾਖ਼ੁਸ਼ ਹਨ। ਪੰਜਾਬ ਵੀ ਦਿਲੋਂ ਨਾਖ਼ੁਸ਼ ਹੈ। ਉਹ ਹੁਣ ਨਾਲੋਂ ਵਧੇਰੇ ਖੁੱਲ੍ਹ ਮੰਗਦਾ ਹੈ ਤਾਂ ਜੋ ਉਸ ਨੂੰ, ਮਿਊਂਸਿਪਲ ਕਮੇਟੀਆਂ ਦੀ ਤਰ੍ਹਾਂ, ਹਰ ਫ਼ੈਸਲੇ ਲਈ ਉੱਪਰਲੀ [illegible] ਪਵੇ। ਜੇ ਕਪਾਹ ਪੈਦਾ ਕਰਨ ਵਾ

WWW.SIKHBOOKCLUB.COM

ਨੂੰ ਕੱਪੜੇ ਦੀਆਂ ਮਿੱਲਾਂ ਲਾਉਣ ਲਈ ਕੇਂਦਰ ਦੀ ਆਗਿਆ ਲੈਣੀ ਪਵੇ ਤਾਂ ਪੈਦਾ ਕਰਨ ਵਾਲੇ ਲੋਕਾਂ ਵਿਚ ਰੋਸ ਹੋਣਾ ਕੁਦਰਤੀ ਹੈ। ਜਿਸ ਮਹਾ ਦੇਸ ਵਿਚ ਅਸੀਂ ਰਹਿੰਦੇ ਹਾਂ, ਉਸ ਵਿਚ ਵੱਖ ਵੱਖ ਰਾਜਾਂ ਨੂੰ ਸ਼ੁੱਧ ਫ਼ੈਡਰਲ ਢਾਂਚੇ ਵਿਚ ਸੰਗਠਿਤ ਕਰਨ ਨਾਲ ਹੀ ਹਰ ਪਾਸੇ ਸੰਤੁਸ਼ਟੀ ਵਾਪਰ ਸਕਦੀ ਹੈ, ਵਰਨਾ ਕੇਂਦਰ-ਰਾਜ ਸੰਬੰਧਾਂ ਵਿਚ ਤਲਖ਼ੀ ਤੇ ਅਸੰਤੁਸ਼ਟਤਾ ਜਾਰੀ ਰਹਿਣ ਦਾ ਡਰ ਹੈ।

ਮੇਰੀ ਆਖ਼ਰੀ ਇੱਛਾ, ਦੁਰਭਾਗ-ਵੱਸ, ਥੋੜੇ ਪੰਜਾਬੀਆਂ ਦੀ ਇੱਛਾ ਹੋਵੇਗੀ, ਪਰ ਕਿਉਂਕਿ ਉਸ ਦੀ ਚੇਤਨਾ ਪੰਜਾਬ ਲਈ ਹਿਤਕਾਰੀ ਹੈ, ਇਸ ਲਈ ਪ੍ਰਗਟ ਕਰ ਦੇਣੀ ਉਚਿਤ ਸਮਝਦਾ ਹਾਂ। ਮੈਂ ਕੋਈ ਨਸ਼ਾ ਨਹੀਂ ਕਰਦਾ—ਮੈਨੂੰ ਅਜੇ ਤਕ ਇਸ ਦਾ ਕੋਈ ਨੁਕਸਾਨ ਨਹੀਂ ਉਠਾਉਣਾ ਪਿਆ। ਅੱਗੇ, ਪੰਜਾਬੀ ਲੋਕ, ਬਹੁਤ ਘੱਟ ਨਸ਼ੇ ਵਰਤਦੇ ਸਨ। ਕੁਲਵੰਤ ਸਿੰਘ ਵਿਰਕ ਅੰਕੜੇ ਦੇ ਦੇ ਕੇ ਦੱਸਦਾ ਹੁੰਦਾ ਸੀ ਕਿ ਸਾਡੇ ਲੋਕਾਂ ਵਿਚ ਸ਼ਰਾਬ ਦੀ ਵਰਤੋਂ ਬਹੁਤ ਘੱਟ ਮਾਤਰਾ ਵਿਚ ਤੇ ਉਹ ਵੀ ਥੋੜੇ ਲੋਕਾਂ ਵਿਚ ਹੁੰਦੀ ਸੀ। ਹੁੱਕਾ ਵਰਤਿਆ ਜਾਂਦਾ ਸੀ, ਪਰ ਅਲਪ ਗਿਣਤੀ ਵਿਚ। ਲੋਕ ਅਫ਼ੀਮ ਦੀ ਵਰਤੋਂ ਤੋਂ ਅੰਞਾਣ ਨਹੀਂ ਸਨ, ਪਰ ਸਾਰੇ ਪਿੰਡ ਵਿਚ ਇਕ ਦੋ ਅਮਲੀ ਹੀ ਹੁੰਦੇ ਸਨ ਤੇ ਉਨ੍ਹਾਂ ਦਾ ਸਭ ਨੂੰ ਪਤਾ ਹੁੰਦਾ ਸੀ। ਹੁਣ ਸ਼ਰਾਬ ਦੇ ਦਰਿਆ ਵਗਦੇ ਹਨ, ਤੀਵੀਆਂ ਵਿਚ ਵੀ ਸ਼ਰਾਬ ਤੇ ਸਿਗਰਟ ਪੀਣ ਨੂੰ ਫ਼ੈਸ਼ਨ ਦਾ ਹਿੱਸਾ ਸਮਝਿਆ ਜਾਣ ਲਗ ਪਿਆ ਹੈ। ਅਫ਼ਸੋਸ ਤਾਂ ਇਹ ਹੈ ਕਿ ਕਈ ਸਿੱਖ ਵੀ, ਜੋ ਤਮਾਕੂ ਦੀ ਕੈਂਸਰ-ਉਪਜਾਊ ਬਿੱਜ ਤੋਂ ਬਚੇ ਹੁੰਦੇ ਸਨ, ਹੁਣ ਇਸ ਰੋਗ ਤੋਂ ਅਣਬਿੱਜ ਨਹੀਂ ਕਹੇ ਜਾ ਸਕਦੇ। ਸਰਕਾਰ ਪੈਸੇ ਕਮਾਉਣ ਦੇ ਲਾਲਚ ਵਿਚ ਗਲੀ-ਗਲੀ ਠੇਕੇ ਖੋਲ੍ਹਦੀ ਫਿਰਦੀ ਹੈ। ਗਲੀ ਦੀ ਹਰ ਨੁੱਕਰ ਉੱਤੇ ਸਿਗਰਟ-ਬੀੜੀ ਦੀ ਵੱਡੀ ਦੁਕਾਨ ਨਹੀਂ ਤਾਂ ਖੋਖਾ ਜ਼ਰੂਰ ਮਿਲ ਜਾਂਦਾ ਹੈ। ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਵਡੇਰੇ ਤੇ ਖ਼ਤਰਨਾਕ ਨਸ਼ਿਆਂ ਦਾ ਸੇਵਨ ਆਮ ਹੋਣ ਲਗ ਪਿਆ ਹੈ। ਪੰਜਾਬੀਆਂ ਨੂੰ ਨਰੋਏ ਸਰੀਰ, ਇਨ੍ਹਾਂ ਦੇ ਵਡੇਰਿਆਂ ਵੱਲੋਂ ਵਿਰਸੇ ਵਿਚ ਮਿਲੇ ਤੇ ਇਨ੍ਹਾਂ ਦੀ ਕਿਰਪਾ ਸਦਕਾ ਹੀ ਇਹ ਕਰੜੀ ਮਿਹਨਤ ਦੇ ਜੋਗ ਬਣਦੇ ਰਹੇ, ਪਰ ਹੁਣ ਇਉਂ ਲੱਗਦਾ ਹੈ ਕਿ ਨਸ਼ਿਆਂ ਦੀ ਮਸਤਾਈ ਹੋਈ 20ਵੀਂ ਸਦੀ, ਆਪਣੀ ਮੌਤ ਤੋਂ ਪਹਿਲਾਂ-ਪਹਿਲਾਂ, ਪਿਛਲੀਆਂ ਸਦੀਆਂ ਦੀ ਦਾਤ ਦਾ ਭੋਗ ਪਾਉਣ ਲਈ ਤਿੱਖੀ ਤੁਰੀ ਹੋਈ ਹੈ। ਮੇਰਾ ਜੀ ਕਰਦਾ ਹੈ ਕਿ ਸਰਕਾਰ ਆਪਣੇ ਲੋਕਾਂ ਦੀ ਸਿਹਤ ਵੱਲ ਵਧੇਰੇ ਧਿਆਨ ਦੇਵੇ ਤੇ ਉਹ ਨੀਤੀ ਧਾਰਨ ਕਰੇ, ਜਿਸ ਨਾਲ ਪੰਜਾਬੀਆਂ ਦੇ ਮਾਨਸਿਕ ਖਿੰਡਾਉ ਤੇ ਸਰੀਰਿਕ ਨਿਘਾਰ ਵਿਚ ਵਾਧਾ ਕਰਨ ਵਾਲੇ ਨਸ਼ਿਆਂ ਦੀ ਵਰਤੋਂ ਵਿਚ ਠੱਲ੍ਹ ਪੈ ਜਾਵੇ। ਅੱਗੇ ਹੀ, ਪੰਜਾਬੀ ਦੀ ਥਾਂ ਅੰਗਰੇਜ਼ੀ ਜਾਂ ਹਿੰਦੀ ਮਾਧਿਅਮ, ਸਾਡੇ ਬੱਚਿਆਂ ਦੀਆਂ ਮਾਨਸਿਕ ਜੜ੍ਹਾਂ ਉੱਤੇ ਘਾਤਕ ਵਾਰ ਕਰ ਰਿਹਾ ਹੈ; ਮਨ-ਪਰਚਾਵੇ ਤੇ ਪ੍ਰਚਾਰ ਦੇ ਇਲੈਕਟ੍ਰੌਨਿਕ ਸਾਧਨ ਸਾਡੇ ਸਮਾਜ ਦੇ ਚੌਖਟੇ ਦੀਆਂ ਚੂਲਾਂ ਹਿਲਾ ਰਹੇ ਹਨ—ਕਾਰਨ ਕੁੱਝ ਵੀ ਹੋਣ, ਅਸੀਂ ਆਪਣੇ ਭੂਤਕਾਲ ਨਾਲ ਭਾਵੇਂ ਚੰਬੜੇ ਨਹੀਂ ਰਹਿਣਾ, ਪਰ ਉਸ ਵਿਚ ਜੋ ਕੁੱਝ ਲਾਹੇਵੰਦ ਸੀ, ਉਸ ਤੋਂ ਅਗਾਂਹ ਵੱਲ ਕਦਮ ਪੁੱਟਦਿਆਂ, ਵਿਰਸੇ ਤੋਂ ਪੂਰੀ ਤਰ੍ਹਾਂ ਵਿਰਵੇ ਹੋ ਜਾਣ ਵਿਚ ਮੈਨੂੰ ਕੋਈ ਬਹੁਤ ਸਿਆਣਪ ਨਹੀਂ ਲਗਦੀ।

ਪੂਨਮ ਜੀ ਤੇ ਰਤੀ ਕੰਤ ਜੀ, ਤੁਸੀਂ ਏਨਾ ਕੁੱਝ ਪੰਜਾਬ ਨੂੰ ਲੈ ਦਿਓ, ਬਾਕੀ ਦਾ ਉਹ ਆਪੇ ਲੈ ਲਵੇਗਾ।

# ਨਾਂ-ਸੂਚੀ

1. (i) ਇਸ ਨਾਂ-ਸੂਚੀ ਵਿਚ ਦਰਜ ਹਰ ਨਾਂ ਦਾ ਆਰੰਭ ਗੁਰਮੁਖੀ ਵਰਣਾਂ ਦੇ ਅੱਗੇ ਦਿੱਤੇ ਕ੍ਰਮ ਅਨੁਸਾਰ ਯੋਗ ਥਾਂ ਉੱਤੇ ਕੀਤਾ ਹੋਇਆ ਮਿਲੇਗਾ :
ੳ, ਅ, ੲ, ਸ, ਹ, ਕ, ਖ, ਗ, ਘ, ਚ, ਜ, ਝ, ਟ, ਡ, ਤ, ਥ, ਦ, ਨ, ਪ, ਫ, ਬ, ਭ, ਮ, ਯ, ਰ, ਲ, ਵ, ਸ਼, ਖ਼, ਗ਼, ਜ਼, ਫ਼;
   (ii) ਸੁਰ-ਸੂਚਕ ਲਗਾਂ ਅੱਗੇ ਦਿੱਤੀ ਤਰਤੀਬ ਵਿਚ ਵਰਤੀਆਂ ਗਈਆਂ ਹਨ :
ਆ, ਇ, ਈ, ਉ, ਊ, ਏ, ਐ, ਓ, ਔ;
   (iii) ਅਨੁਨਾਸਿਕਾਂ ਦੀ ਵਰਤੋਂ ਇਉਂ ਕੀਤੀ ਗਈ ਹੈ :
ਅੰ, ਆਂ, ਇੰ, ਈਂ, ਉਂ, ਊਂ, ਏਂ, ਐਂ, ਔਂ;
   (iv) ਸੰਜੁਗਤ ਅੱਖਰਾਂ ਦੀ ਵਾਰੀ ਅਨੁਨਾਸਿਕਾਂ ਦੇ ਅੰਤ ਵਿਚ ਆਉਂਦੀ ਹੈ।

SIKHBOOKCLUB.COM

2. ਸਫ਼ਾ-ਸੂਚਕ ਅੰਕਾਂ ਵਿੱਚੋਂ ਕਈਆਂ ਦੇ ਉੱਪਰ ਛੋਟੇ ਅੰਕ ਪਏ ਹੋਏ ਮਿਲਣਗੇ। ਇਹ ਦੱਸਦੇ ਹਨ ਕਿ ਉਸ ਸਫ਼ੇ ਉੱਤੇ ਸੰਬੰਧਿਤ ਨਾਂ ਕਿੰਨੀ ਵਾਰੀ ਆਇਆ ਹੈ, ਜਿਵੇਂ 'ਪੰਜਾਬੀ' ਦੇ ਅੱਗੇ $16^{2}$, $19^{2}$, $24^{2}$ ਆਦਿ ਅੰਕਾਂ ਦਾ ਮਤਲਬ ਇਹ ਹੈ ਕਿ 'ਪੰਜਾਬੀ' ਸ਼ਬਦ 16ਵੇਂ, 19ਵੇਂ ਤੇ 24ਵੇਂ ਸਫ਼ੇ ਉੱਤੇ ਦੋ-ਦੋ ਵਾਰੀ ਆਇਆ ਹੈ। ਇਸੇ ਤਰ੍ਹਾਂ 'ਭਾਰਤ' ਦੇ ਵੇਰਵੇ ਵਿਚ $123^{10}$ ਦਾ ਮਤਲਬ ਇਹ ਹੈ ਕਿ ਇਹ ਸ਼ਬਦ ਸਫ਼ਾ 123 ਉੱਤੇ 10 ਵਾਰੀ ਆਇਆ ਹੈ।

3. (i) ਕਈ ਅੰਕਾਂ ਦੇ ਅੱਗੇ 'ਫੁਨੋ' ਲਿਖਿਆ ਮਿਲੇਗਾ। 'ਫੁਨੋ', 'ਫੁਟ ਨੋਟ' ਦਾ ਸੰਖੇਪ ਹੈ। ਇਸ ਦਾ ਮਤਲਬ ਇਹ ਬਣੇਗਾ ਕਿ ਇਸ ਸਫ਼ੇ ਦਾ ਫੁਟ ਨੋਟ ਵੇਖਿਆ ਜਾਏ, ਜਿਵੇਂ 'ਆਲੋਚਨਾ' ਦੇ ਅੱਗੇ '63 ਫੁਨੋ' ਜਾਂ '139 ਫੁਨੋ' ਦਾ ਮਤਲਬ ਇਹ ਲਿਆ ਜਾਵੇਗਾ ਕਿ 'ਆਲੋਚਨਾ' ਲਈ 63 ਤੇ 139 ਸਫ਼ਿਆਂ ਦੇ ਫੁਟ ਨੋਟ ਵੇਖੇ ਜਾਣ।
   (ii) ਜੇ ਕਿਸੇ ਅੰਕ ਦੇ ਅੱਗੇ ਟੇਢੀ ਲੀਕ ਮਾਰ ਕੇ 'ਫੁਨੋ' ਲਿਖਿਆ ਮਿਲੇ ਤਾਂ ਇਸ ਤੋਂ ਇਹ ਮਤਲਬ ਲਿਆ ਜਾਣਾ ਹੈ ਕਿ ਇਹ ਐਂਟਰੀ ਸਫ਼ੇ ਦੇ ਉੱਤੇ ਵੀ ਮਿਲਦੀ ਹੈ ਤੇ ਫੁਟ ਨੋਟ ਵਿਚ ਵੀ, ਜਿਵੇਂ 'ਸਿੰਗਾਪੁਰ' ਦੇ ਅੱਗੇ ਇਕ ਐਂਟਰੀ '$48^{5}$/ਫੁਨੋ' ਮਿਲਦੀ ਹੈ। ਇਸ ਤੋਂ ਮੁਰਾਦ ਇਹ ਹੈ ਕਿ 'ਸਿੰਗਾਪੁਰ' ਸ਼ਬਦ 48ਵੇਂ ਸਫ਼ੇ ਉੱਤੇ ਪੰਜ ਵਾਰੀ ਆਇਆ ਹੈ ਤੇ ਇਨ੍ਹਾਂ ਤੋਂ ਛੁੱਟ ਫੁਟ ਨੋਟ ਵਿਚ ਵੀ ਮਿਲਦਾ ਹੈ।

4. ਜਿਨ੍ਹਾਂ ਨਾਵਾਂ ਦੇ ਨਾਲ ਗੋਤਾਂ, ਜ਼ਾਤਾਂ, ਪੇਸ਼ੇ, ਪਿੰਡ ਜਾਂ ਤਖ਼ੱਲੁਸ ਲਿਖੇ ਮਿਲਦੇ ਹਨ, ਉਨ੍ਹਾਂ ਦੀ ਗੋਤ, ਜ਼ਾਤ ਜਾਂ ਤਖ਼ੱਲੁਸ, ਆਦਿ ਪਹਿਲਾਂ ਲਿਖ ਕੇ, ਕੌਮੇ ਦੇ ਬਾਅਦ, ਨਾਂ ਲਿਖਿਆ ਗਿਆ ਹੈ, ਜਿਵੇਂ ਸਤਿਆਰਥੀ, ਦੇਵਿੰਦਰ; ਸਫ਼ੀਰ, ਪ੍ਰੀਤਮ ਸਿੰਘ; ਸੰਘੇੜਾ, ਬਲਬੀਰ; ਕਲਸੀ, ਸੁਰਜੀਤ।

ਉੱਤਰ-ਪ੍ਰਦੇਸ਼—51, 203.
ਉਮਰ ਖੱਯਾਮ—150.
ਉਰਦੂ-ਸਰਾਇਕੀ ਲੁਗਾਤਿ-ਦਿਲਸ਼ਾਦੀਅ (ਬਹਾਵਲਪੁਰ)—37 ਫੁਨੋ.
ਉਰਦੂ ਰਸਮੁਲਖ਼ਤ—35.
ਉੜੀਸਾ—51.
ਉਜ਼ਬੇਕ ਸਾਇੰਸ ਅਕੈਡਮੀ, ਤਾਸ਼ਕੰਦ—167.
ਉਜ਼ਬੇਕਿਸਤਾਨ—142 ਫੁਨੋ, 167[2].
ਊਧਮਪੁਰ—24[2].
ਊੜੀ—24.
ਅਹਿਮਦਾਬਾਦ—127.
ਅਕਦਸ ਪਬਲੀਕੇਸ਼ਨਜ਼, ਲਾਹੌਰ—36 ਫੁਨੋ.
ਅਕਬਰ—11.
ਅਕਬਰਾਬਾਦੀ, ਨਜ਼ੀਰ—61.
ਅਕਾਲੀ ਪਤ੍ਰਿਕਾ—160.
ਅਖਨੂਰ—24[2].
ਅਖ਼ਤਰ, ਅਖ਼ਤਰ ਹੁਸੈਨ (ਲਾਹੌਰ)—16, 28.
ਅਜਮੇਰ ਸਿੰਘ, ਡਾ.—225, 227.
ਅਜਾਇਬ ਕਮਲ (ਕੀਨੀਆ)—163.
ਅਜੀਤ (ਅਖ਼ਬਾਰ)—19, 56, 160.
ਅਜੀਤ ਕੌਰ—61.
ਅਟਕ—25.
ਅਟਾਰੀ, ਈਸ਼ਰ ਸਿੰਘ—105.
ਅਣਪਰਖੇ ਹੀਰੇ (ਕਿਤਾਬ)—143.
ਅਤਰ ਸਿੰਘ, ਡਾ.—93.
ਅੱਦਹਮਾਨ (ਅਬਦੁੱਰ-ਰਹਿਮਾਨ ਮੁਲਤਾਨੀ)—61, 200, 232.
ਅਪਭ੍ਰੰਸ਼—140.
ਅਬਦਾਲੀ, ਅਹਿਮਦ ਸ਼ਾਹ—34, 230.
ਅਬਦੁੱਸ-ਸਲਾਮ, ਡਾ.—58.
ਅਮਨ ਦੀ ਜਿੱਤ (ਪੈਂਫਲਿਟ)—108.
ਅਮਰਦਾਸ, ਗੁਰੂ—105.
ਅਮਰੀਕਾ, ਵੇਖੋ ਯੂ.ਐਸ.ਏ.
ਅਮੋਲ, ਐਸ.ਐਸ./ਅਮੋਲ, ਸਰਮੁਖ ਸਿੰਘ—58, 93.
ਅਰਜਨ ਦੇਵ, ਗੁਰੂ—78, 105.
ਅਰਥ ਸ਼ਾਸਤਰ (ਕੌਟਲਜ)—200.
ਅਰਬ—35, 36, 51, 59, 165.
ਅਰਜ਼ੀ ਸਾਹਿਬ—232.
ਅਲ ਅਜ਼ਹਰ ਯੂਨੀਵਰਸਿਟੀ, ਕਾਹਿਰਾ (ਮਿਸਰ)—236.
ਅਲਾਉੱਦੀਨ, ਡਾ. (ਵਾਈਸ ਚਾਂਸਲਰ, ਲਾਹੌਰ)—121[2].
ਅਲਾਹਾਬਾਦ—179.
ਅਲੀਗੜ੍ਹ—236.
ਅਵਤਾਰ ਜੰਡਿਆਲਵੀ—163.
ਅਸ਼ਕ, ਉਪੇਂਦਰ ਨਾਥ—61, 78, 146.
ਅਸ਼ਟਾਧਯਾਯੀ—60.
ਅਸ਼ੋਕ, ਸ਼ਮਸ਼ੇਰ ਸਿੰਘ—205, 231, 237[3].
ਅਖ਼ਤਰ ਹੁਸੈਨ, ਡਾ. (ਲਾਹੌਰ)—106.
ਅਫ਼ਰੀਕਾ—44, 142.
ਅਫ਼ਗਾਨਿਸਤਾਨ—142, 205.
ਆਤਮਜੀਤ ਸਿੰਘ, ਡਾ. (ਨਾਟਕਕਾਰ)—99.
ਆਤਮਜੀਤ ਸਿੰਘ, ਡਾ. (ਡਾਇਰੈਕਟਰ)—193.
ਆਨੰਦ, ਜਗਜੀਤ ਸਿੰਘ—105.
ਆਨੰਦਪੁਰ ਸਾਹਿਬ—120, 202, 230.
ਆਨੰਦ, ਮੁਲਖਰਾਜ—61, 146, 166.
ਆਰਸੀ (ਰਿਸਾਲਾ)—96.
ਆਰੀਆ ਸਮਾਜ (ਸਿਆਸਤ)—124, 166.
ਆਲਮੀ ਪੰਜਾਬੀ ਕਾਨਫ਼ਰੰਸ, ਲਾਹੌਰ (ਦੂਜੀ)—33, 34.
ਆਲੋਚਨਾ (ਲੁਧਿਆਣਾ)—63 ਫੁਨੋ, 139 ਫੁਨੋ, 158, 177 ਫੁਨੋ, 199 ਫੁਨੋ, 225, 226.
ਐਬਟਾਬਾਦ—25.
ਔਰੰਗਜ਼ੇਬ—61.
ਔਲਖ, ਅਜਮੇਰ ਸਿੰਘ—99.
ਅੰਗਦ ਦੇਵ, ਗੁਰੂ—105.
ਅੰਗਰੇਜ਼ੀ-ਪੰਜਾਬੀ ਕੋਸ਼—109.
ਅੰਤਰ ਰਾਸ਼ਟਰੀ ਵਿਰਸਾ ਕਾਨਫਰੰਸ (ਸਿੰਗਾਪੁਰ)—48 ਫੁਨੋ.
ਅੰਬਾਲਾ—23[2].
ਅੰਮ੍ਰਿਤਸਰ—25, 29, 33[2], 38, 54/ਫੁਨੋ, 58, 88, 94, 201[2], 202, 204, 226, 228.
ਅੰਮ੍ਰਿਤਾ ਪ੍ਰੀਤਮ—61, 110, 122, 198.
ਇੱਛਰਾਂ—42.
ਇਬਟਸਨ—51.
ਈਸਾ ਖ਼ੇਲ—25.

WWW.SIKHBOOKCLUB.COM 

ਈਰਾਨ—11, 27, 59, 139, 140, 142, 150, 205, 236.
ਈਸ਼ਵਰ ਚਿਤਰਕਾਰ—187.
ਏਸ਼ੀਆ—44.
ਇੰਗਲੈਂਡ, ਵੇਖੋ ਯੂ.ਕੇ.
ਇੰਦਿਰਾ, ਮਹਾਰਾਣੀ (ਗਾਂਧੀ)—204.
ਸੱਸੀ—42.
ਸਹਾ, ਮੇਘ ਨਾਥ, ਡਾ.—59.
ਸਹਿੰਸਰਾ, ਗੁਰਚਰਨ ਸਿੰਘ—93, 96.
ਸਕੂਲ ਔਫ ਓਰੀਐਂਟਲ ਐਂਡ ਐਫ਼ਰੀਕਨ ਸਟਡੀਜ਼, ਲੰਡਨ—154.
ਸੱਖਰ—25.
ਸਖੀ ਸਰਵਰ—42.
ਸੱਜਨ (ਅਖ਼ਬਾਰ, ਲਾਹੌਰ)—56, 106.
ਸਤਲੁਜ—26.
ਸਤਿਆਰਥੀ, ਦੇਵਿੰਦਰ—61, 145.
ਸਤੀ ਕੁਮਾਰ (ਸਵੀਡਨ)—163.
ਸਨਾਮ—215.
ਸਮਰਕੰਦ—167.
ਸਮਾਵਾ—$233^{3}$, $234^{2}$.
ਸਰਸਵਤੀ—$149^{2}$, 183.
ਸਰਹੰਦ—$208^{3}$, $215^{3}$.
ਸਰਕਾਰੀ ਕਾਲਜ, ਲੁਧਿਆਣਾ—130.
ਸਰਗੋਧਾ—36 ਫੁਨੋ.
ਸਰਬ-ਹਿੰਦ ਪੰਜਾਬੀ ਲੇਖਕ ਕਾਨਫਰੰਸ, ਦਿੱਲੀ (ਯਾਰ੍ਹਵੀਂ)—70 ਫੁਨੋ.
ਸਰਾਇਕੀ (ਸੂਬਾ)—37.
ਸਰਾਇਕੀ (ਭਾਸ਼ਾ)—$37^{2}$/ਫੁਨੋ.
ਸਰਾਇਕੀ ਲਾਇਬ੍ਰੇਰੀ, ਬਹਾਵਲਪੁਰ— 37 ਫੁਨੋ.
ਸਲਵਾਨ, ਰਾਜਾ—42.
ਸਵਰਨ ਚੰਦਨ, ਡਾ. ਸ੍ਰੀ—$161^{2}$, 163.
ਸਫ਼ੀਰ, ਪ੍ਰੀਤਮ ਸਿੰਘ—61.
ਸਾਹਿੱਤ ਅਕਾਡਮੀ, ਪੰਜਾਬ (ਚੰਡੀਗੜ੍ਹ)— 174.
ਸਾਈਦਾਸ (ਬੱਦੋ ਕੀ ਗੁਸਾਈਂ ਵਾਲੇ)—232.
ਸਾਹਨੀ, ਭੀਸ਼ਮ—61, 78.
ਸਾਹਿਬ ਸਿੰਘ, ਪ੍ਰੋ.—217.
ਸਾਕਾ ਨੀਲਾ ਤਾਰਾ—204, 231.
ਸਾਥੀ ਲੁਧਿਆਣਵੀ—163.
ਸਾਧੂ ਆਸ਼੍ਰਮ, ਹੁਸ਼ਿਆਰਪੁਰ—204.
ਸਾਬਿਰ, ਸੁਗੀਦ—107.
ਸਾਰਬੋਂ ਵਿਸ਼੍ਵ ਵਿਦਿਆਲਾ (ਫ਼ਰਾਂਸ)—145.
ਸਿਆਸਤ ਨਾਮਾ—$236^{3}$, 237.
ਸਿਆਲਕੋਟ—$24^{2}$, 199.
ਸਿੱਖ ਕੰਨਿਆ ਮਹਾਂ ਵਿਦਿਆਲਾ, ਫ਼ੀਰੋਜ਼ਪੁਰ—203, 204.
ਸਿੱਖ ਰੈਫ਼ਰੈਂਸ ਲਾਇਬ੍ਰੇਰੀ, ਅੰਮ੍ਰਿਤਸਰ—$204^{2}$, 231.
ਸਿੱਧੂ, ਪ੍ਰੀਤਮ—163.
ਸਿੱਖੀ—25.
ਸਿਰਸਾ—$22^{2}$.
ਸੀਤਲ, ਸੋਹਣ ਸਿੰਘ—198.
ਸੀਤਲ, ਧਨਵੰਤ ਸਿੰਘ—198.
ਸੀ.ਪੀ.ਐਨ. ਸਿੰਘ, ਸ੍ਰੀ—204.
ਸੁਖਜੀਤ (ਕੈਨੇਡਾ)—163.
ਸੁੱਚਾ ਸਿੰਘ (ਖੋਜੀ)—204.
ਸੁਰਿੰਦਰ ਕੌਰ—162.
ਸੁਲਤਾਨ ਬਾਹੂ—36.
ਸੂਬਾ ਸਰਹੱਦ—15, 17, $25^{2}$, 26, $27^{2}$, 33, 34, 38, 106.
ਸੂਬਾ ਸਰਹੰਦ—13.
ਸੂਬਾ ਸਿੰਘ—33.
ਸੇਖੋਂ, ਸੰਤ ਸਿੰਘ—11, 61, 93.
ਸੇਰੇਬ੍ਰਿਆਕੋਵ, ਈਗਰ ਦਮਿਤਰੀਏਵਿਚ, ਡਾ.—$37^{2}$.
ਸੇਵਾ ਪੰਥੀ—235.
ਸੋਹਣੀ (ਮਹੀਂਵਾਲ)—42.
ਸੋਢੀ, ਅਮਰੀਕ ਸਿੰਘ—209, $210^{2}$, $211^{2}$, $215^{2}$.
ਸੋਬਤੀ, ਕ੍ਰਿਸ਼ਨਾ—61, 78.
ਸੋਵੀਅਤ ਰੂਸ—168, 203.
ਸੌਦਾ (ਸ਼ਾਇਰ)—61.
ਸੰਕ੍ਰਿਤਜਾਯਨ, ਰਾਹੁਲ, ਸ੍ਰੀ—180.
ਸੰਗਤ (ਪਿੰਡ)—209.
ਸੰਗਤਪੁਰਾ—202, 207, $209^{3}$, 210, 215.
ਸੰਗਰਹੀਆ (ਰਾਜਸਥਾਨ)—204.
ਸੰਗਰੂਰ—180, 202, $204^{2}$, $219^{4}$, 220, 230.
ਸੰਗੀਤ-ਨਾਟਕ ਅਕਾਡਮੀ, ਪੰਜਾਬ (ਚੰਡੀਗੜ੍ਹ)—174.
ਸੰਘਿਤਾ (ਚਰਕ)—61.

WWW.SIKHBOOKCLUB.COM

ਸੰਘੇੜਾ, ਬਲਬੀਰ—163.
ਸੰਤੋਖ, ਸੰਤੋਖ ਸਿੰਘ—163.
ਸੰਤੋਖ ਸਿੰਘ, ਭਾਈ—61, 78, 140, 217.
ਸੰਦੇਸ਼ ਰਾਸਕ—200.
ਸੰਧੂ, ਬਲਬੀਰ ਸਿੰਘ—145 ਫੁਨੋ.
ਸਿੰਗਾਪੁਰ—46, 48[3]/ਫੁਨੋ, 49[3], 50, 53[2], 54, 60, 112, 142, 164, 165, 188[3].
ਸਿੰਘ ਸਭਾ (ਸਿਆਸਤ)—166.
ਸਿੰਧ—12[2], 13, 14, 15[2], 17, 25[2], 26, 27[2], 38, 55, 147, 168.
ਸਿੰਧ (ਦਰਿਆ)—27.
ਸਾਂਦਲ (ਬਾਰ)—199.
ਸਾਂਬਾ—24.
ਸੈਂਟਰਲ ਪਬਲਿਕ ਲਾਇਬ੍ਰੇਰੀ, ਪਟਿਆਲਾ—204, 226.
ਸ੍ਰੀ ਲੰਕਾ—124[2].
ਹਜ਼ਰੋ—25.
ਹਜ਼ਾਰਾ—26.
ਹਨੀਫ਼ ਰਾਮੇ—17.
ਹਨੂਮਾਨ ਨਾਟਕ—235.
ਹਮਦਰਦ, ਸਾਧੂ ਸਿੰਘ—93, 99.
ਹਰਕੀਰਤ ਸਿੰਘ, ਡਾ.—22, 23[3], 24 ਫੁਨੋ, 28.
ਹਰਦੁਆਰ—41.
ਹਰਨਾਮ, ਕਵੀ—185.
ਹਰਿਆਣਾ—19[2], 22, 23, 27, 33, 38, 55, 76, 107[3], 114 ਫੁਨੋ, 142, 146[4], 181[2].
ਹਰਿ ਜੀ—222.
ਹਰਿਭਜਨ ਸਿੰਘ, ਡਾ.—37, 61, 110.
ਹਰੀ ਜੀ—204.
ਹਵੇਲੀਆਂ—25.
ਹੜਪਾ—57, 173.
ਹਾਸ਼ਮ/ਹਾਸ਼ਮ ਸ਼ਾਹ—61, 78, 232, 238.
ਹਿਮਾਚਲ—19[2], 23[3], 27, 34, 38, 55, 64, 76, 114 ਫੁਨੋ, 146, 205.
ਹੀਰ—42, 53[2], 61, 110, 141[2].
ਹੀਰ ਦਮੋਦਰ—200.
ਹੀਰ ਵਾਰਿਸ ਸ਼ਾਹ—173.
ਹੀਰਾ ਨਗਰ—24.
ਹੁਸ਼ਿਆਰਪੁਰ—204.
ਹੋਤੀ—42.
ਹੋਤੀ, ਪ੍ਰੇਮ ਸਿੰਘ, ਬਾਬਾ—204.
ਹੈਦਰਾਬਾਦ—142.
ਹਿੰਦੁਸਤਾਨ—13, 18, 75, 139, 151, 155[2], 159, 161, 162, 163, 164.
ਕਸੂਰ—199.
ਕਹਿਲੂਰ—23.
ਕੱਛੀ—25.
ਕਠੂਆ—24[2].
ਕਨਖਲ—202.
ਕਨੇਡਾ/ਕੈਨੇਡਾ—46, 54, 60, 112, 134, 142, 157, 163, 164, 165, 171[3].
ਕਪੂਰਥਲਾ—236[2].
ਕਬੀਰ ਪੰਥੀ—235.
ਕਬੀਰ, ਭਗਤ—61, 142.
ਕਰਤਾਰਪੁਰ (ਸਿਆਲਕੋਟ)—231[2].
ਕਰਨਾਲ—22.
ਕਰਮ ਸਿੰਘ, ਸ. (ਹਿਸਟੋਰੀਅਨ)—204.
ਕਰੋਲ ਬਾਗ—54.
ਕਲਸੀ, ਸੁਰਜੀਤ—163.
ਕਲਕੱਤਾ—54.
ਕਸ਼ਮੀਰ—23[2], 27, 34, 38, 55, 114 ਫੁਨੋ, 147, 205.
ਕਾਸਿਮ, ਮੁਹੰਮਦ ਬਿਨ—27.
ਕਾਸਿਮੀ, ਅਹਿਮਦ ਨਦੀਮ—25/ਫੁਨੋ, 28.
ਕਾਹਲੋਂ, ਰੁਪਿੰਦਰ ਕੌਰ—28.
ਕਾਹਿਰਾ—236.
ਕਾਠੀਆਵਾੜ—61.
ਕਾਦਰਯਾਰ—238.
ਕਾਨਪੁਰ—54.
ਕਾਨ੍ਹ ਸਿੰਘ, ਭਾਈ—61, 204[2].
ਕਾਬਲ—199, 203.
ਕਾਲਕਾ—23.
ਕਾਲਾਕੋਟ—24.
ਕਾਲੀਦਾਸ—148.
ਕਾਲੀਧਾਰ—24.
ਕਾਸ਼ੀ—41, 154.
ਕਾਫ਼ੀ (ਰਾਗ)—144.
ਕ੍ਰਿਪਾ ਸਾਗਰ—61, 110, 122.

SIKHBOOKCLUB.COM

WWW.SIKHBOOKCLUB.COM Page 254

ਕਿੜਾਨਾ (ਬਾਰਾਂ)—199.
ਕੀਨੀਆ—159, 163, 165.
ਕੁਆਰਟਰਲੀ ਰੀਸਰਚ ਜਰਨਲ, ਯੂਨੀਵਰਸਿਟੀ ਆਫ਼ ਪੰਜਾਬ, ਲਾਹੌਰ—11 ਫੁਨੋ.
ਕੁਰਾਨ ਸ਼ਰੀਫ਼—232
ਕੇਸਰ ਸਿੰਘ (ਨਾਵਲਕਾਰ), ਕੈਨੇਡਾ—104, 163.
ਕੈਥਲ—22.
ਕੈਨੇਡਾ—10.
ਕੈਲੀਫ਼ੋਰਨੀਆ—50, 134.
ਕੋਸਾਂਬੀ, ਦਾਮੋਦਰ, ਡਾ.—180.
ਕੋਹਲੀ, ਸੁਰਿੰਦਰ ਸਿੰਘ—205.
ਕੋਹਲੂ—25.
ਕੋਠਾਰੀ, ਡਾ.—20.
ਕੌਟਲਜ—200.
ਕੌਮੀ ਵੰਗਾਰ (ਦਿੱਲੀ)—240 ਫੁਨੋ.
ਕੰਵਲ, ਗੁਰਦਿਆਲ ਸਿੰਘ—61, 93.
ਕੰਵਲ, ਬਲਬੀਰ ਸਿੰਘ—163.
ਕਾਂਗੜਾ—23, 37, 62, 64.
ਕੇਂਦਰੀ ਸਿੱਖਿਆ ਬੋਰਡ (ਦਿੱਲੀ)—72.
ਕੇਂਦਰੀ ਪੰਜਾਬੀ ਵਿਕਾਸ ਬੋਰਡ—243, 244.
ਕੇਂਦਰੀ ਲੇਖਕ ਸਭਾ/ਕੇਂਦਰੀ ਪੰਜਾਬੀ ਲੇਖਕ ਸਭਾ (ਰਜਿਸਟਰਡ)—$21^{2}$, 70/ਫੁਨੋ, 75, 78, 91, $93^{3}$/ਫੁਨੋ, 99, 103, 105, $106^{2}$/ਫੁਨੋ, $107^{3}$, 108, 112, 116, 117 ਫੁਨੋ, 133, 157, 174, 184, 227.
ਕੈਂਬਲਪੁਰ (ਜ਼ਿਲਾ)—187.
ਕ੍ਰਿਸ਼ਨ, ਸ੍ਰੀ—140, 143.
ਕ੍ਰਿਸ਼ਨ ਚੰਦਰ—61, 166.
ਕ੍ਰਿਸ਼ਨਾ ਕੁਮਾਰੀ, ਡਾ.—219.
ਖਮਾਇਚੀ (ਰਾਗ)—144.
ਖੀਉੜਾ—173.
ਖੰਨਾ (ਸ਼ਹਿਰ)—$215^{2}$, $216^{3}$, $218^{2}$.
ਗਗਨ ਪਾਕਿਸਤਾਨੀ—105.
ਗਲੀਸਨ, ਡਾ.—145.
ਗਾਰਗੀ, ਬਲਵੰਤ—61, 145, 198.
ਗਿੱਲ, ਹਰਜੀਤ ਸਿੰਘ, ਡਾ./ਡਾ. ਗਿੱਲ—145 ਫੁਨੋ.
ਗਿੱਲ, ਲਛਮਣ ਸਿੰਘ—19, 20, $82^{2}$, $83^{2}$, $84^{2}$, 85.
ਗੀਤਾ—$60^{2}$, $235^{2}$.
ਗੁਸਾਈਂ ਗੁਰਬਾਣੀ—232.
ਗੁੱਗਾ—42.
ਗੁਜਰਾਤ—24, 61, 123, 145, 203.
ਗੁਜਰਾਂਵਾਲਾ—29.
ਗੁਰਸਾਗਰ ਸਿੰਘ, ਸ. (ਸਿੰਘ ਬ੍ਰਦਰਜ਼)—28.
ਗੁਰਸੇਵਕ ਸਿੰਘ—207, $208^{3}$.
ਗੁਰਸ਼ਤੀਆਂ—25.
ਗੁਰਦਾਸ, ਭਾਈ—61, 75, 78, 105, 136.
ਗੁਰਦਾਸਪੁਰ—24, 201.
ਗੁਰਦਿਆਲ ਸਿੰਘ—198.
ਗੁਰਦਿੱਤ ਸਿੰਘ, ਗਿਆਨੀ—205, 222.
ਗੁਰਨਾਮ ਸਿੰਘ, ਸ. (ਮੁਖ ਮੰਤਰੀ)—84.
ਗੁਰਬਖ਼ਸ਼ ਸਿੰਘ (ਪ੍ਰੀਤ ਲੜੀ)—61, 100, 110, 198.
ਗੁਰਮੁਖ ਸਿੰਘ, ਭਾਈ—$239^{2}$.
ਗੁਰੂਸਰ—22.
ਗੁਰੂ ਗੋਬਿੰਦ ਸਿੰਘ ਫ਼ਾਊਂਡੇਸ਼ਨ (ਚੰਡੀਗੜ੍ਹ)—182.
ਗੁਰੂ ਗ੍ਰੰਥ ਸਾਹਿਬ, ਸ੍ਰੀ—$60^{2}$, 110, 174, 214, $216^{4}$, $217^{5}$, $218^{4}$, 219, 226, 228, $231^{2}$, 232, 235, 239.
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ—$58^{2}$, 78, 88, 89, $94^{3}$, 95, $97^{2}$, 174, 226.
ਗੁਰੂ ਨਾਨਕ ਫ਼ਾਊਂਡੇਸ਼ਨ (ਦਿੱਲੀ)—182.
ਗੁਰੂਮੇਲ (ਅਮਰੀਕਾ)—163.
ਗੋਇੰਦਵਾਲ—$105^{2}$.
ਗੋਪੀ ਚੰਦ, ਡਾ.—180.
ਗੋਬਿੰਦ ਸਿੰਘ, ਗੁਰੂ—78, 140, 182.
ਗੋਰਖ—42.
ਗੰਡਾ ਸਿੰਘ, ਡਾ.—204, 205, 206, 222, 230, 234.
ਗਾਂਧੀ, ਮਹਾਤਮਾ—20, 54, 115.
ਗ੍ਰੀਅਰਸਨ—64.
ਘਈ, ਜੰਗ ਬਹਾਦਰ ਸਿੰਘ—105.
ਘੱਗਰ—27.
ਘੁੰਮਣ, ਇਲਿਆਸ—18, $25^{2}$, 26, 28.
ਘੁੰਮਣ, ਕਪੂਰ ਸਿੰਘ—99.
ਚਜ ਅਕੈਡਮੀ, ਸਰਗੋਧਾ—36 ਫੁਨੋ.

WWW.SIKHBOOKCLUB.COM 

ਚਨਾਬ—ਵੇਖੋ ਝਨਾਂ.
ਚਨਿਓਟ—199.
ਚਰਕ—61.
ਚਾਤ੍ਰਿਕ, ਧਨੀ ਰਾਮ—61, 68, 100, 101, 102, 103, 110, 122.
ਚਾਵਲਾ, ਟੀ.ਡੀ.—105.
ਚੀਨ—142, 205.
ਚੈਟਰਜੀ, ਸੁਨੀਤੀ ਕੁਮਾਰ—180.
ਚੋਪੜਾ, ਵਿਜੈ, ਸ੍ਰੀ—105.
ਚੌਥੀ ਵਿਸ਼ਵ ਪੰਜਾਬੀ ਕਾਨਫਰੰਸ (ਨਵੀਂ ਦਿੱਲੀ)—29[2], 30[3], 31, 32[3], 34[4], 38, 39, 41, 44, 45, 46[2].
ਚੰਡੀ—183.
ਚੰਡੀਗੜ੍ਹ—21, 23[3], 37, 60, 70, 72[3], 77, 78, 83, 94, 97[2], 98, 108[2], 114 ਫੁਨੋ[2], 130 ਫੁਨੋ, 145 ਫੁਨੋ, 152, 154, 184 ਫੁਨੋ, 204, 207 ਫੁਨੋ, 219, 242.
ਚੰਦਨ ਸਿੰਘ, ਗੁੰਥੀ—219.
ਚੰਦੌੜ (ਨਗਰ)—143.
ਚੰਦ੍ਰ ਗੁਪਤ ਵਿਦਿਆਲੰਕਾਰ—78.
ਚੰਨ, ਤੇਰਾ ਸਿੰਘ—93.
ਚੰਬਾ—23.
ਜਹਾਂਗੀਰ—234.
ਜਗਦੀਸ਼ ਸਿੰਘ (ਸੰਪਾ., ਵਰਿਆਮ)—105.
ਜਗ-ਬਾਣੀ (ਅਖ਼ਬਾਰ)—160.
ਜੱਟ, ਹਰੀਆ/ਹਰੀ ਦਾਸ—203, 233.
ਜਨਾਲ (ਪਿੰਡ)—180.
ਜਮਾਅਤਿ-ਇਸਲਾਮੀ (ਪਾਕਿਸਤਾਨ)—53, 166.
ਜਰਮਨੀ—46, 157, 194.
ਜਲੰਧਰ—19, 54, 96[2], 103, 105[3], 106 ਫੁਨੋ, 170, 208, 210, 211, 215, 226.
ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਦਿੱਲੀ)—145 ਫੁਨੋ.
ਜਾਪਾਨ—14.
ਜਾਰਜੀਆ—168[11].
ਜਿਹਲਮ—24.
ਜਿਨ ਮਨੀ, ਸ੍ਰੀ—180.
ਜੀ.ਬੀ. ਸਿੰਘ—239[2].
ਜੁਆਲਾ ਸਿੰਘ, ਸੰਤ, ਪਟਿਆਲਾ—204.
ਜੈ ਸਿੰਘ (ਕਵੀ)—225.
ਜੈਕਸਨ, ਮਾਈਕਲ—45.
ਜੈਕਬ (ਜਰਮਨ ਲੇਖਕ)—196.
ਜੈਪਾਲ, ਰਾਜਾ—10.
ਜੋਸ਼, ਸੋਹਨ ਸਿੰਘ (ਕੀਨੀਆ)—163.
ਜੋਸ਼ੂਆ ਫ਼ਜ਼ਲ ਦੀਨ—122.
ਜੌਹਰ, ਹਰਨਾਮ ਦਾਸ—108.
ਜੰਗ, ਰੋਜ਼ਨਾਮਾ (ਲਾਹੌਰ)—25 ਫੁਨੋ.
ਜੰਗਲੀ (ਰਾਗ)—144.
ਜੰਮੂ—23[2], 24[4], 27, 34, 37, 38, 64, 114 ਫੁਨੋ, 205.
ਜਾਂਗਲੀ, ਸ਼ੇਰ ਜੰਗ—163.
ਜਿੰਦਾਂ, ਰਾਣੀ—226.
ਝਨਾਂ—24[2], 26, 104.
ਝੰਗ—58, 199.
ਝਿੰਝੋਟੀ (ਰਾਗ)—144.
ਟਿਵਾਣਾ, ਦਲੀਪ ਕੌਰ—61.
ਟੁਹਾਣਾ—22.
ਟੈਗੋਰ, ਡਾ.—121[2].
ਟੋਰੰਟੋ—171.
ਟ੍ਰਿਬਿਊਨ (ਅੰਗਰੇਜ਼ੀ)—242[2].
ਡੱਬਵਾਲੀ—22.
ਡਾਚੀ (ਕਿਤਾਬ)—146.
ਡੀ.ਏ.ਵੀ. ਕਾਲਜ, ਸ਼ੋਲਾਪੁਰ—49.
ਡੀ.ਪੀ.ਆਈ., ਪੰਜਾਬ—97, 152.
ਡੁੱਗਰ—24.
ਡੇਰ ਬੁਰਾਟੀ—26.
ਡੇਰਾ ਇਸਮਾਈਲ ਖ਼ਾਂ—26.
ਡੇਰਾ ਬਾਬਾ ਨਾਨਕ—201, 204[2], 230.
ਢਾਕਾ—142.
ਢੰਡ, ਰਘਬੀਰ—163.
ਢੰਡੋਲੀ ਖ਼ੁਰਦ—205.
ਤਾਮਿਲਨਾਡੂ—14, 123, 124, 168.
ਤਵਾਰੀਖ਼ (ਗਿਆਨੀ ਗਿਆਨ ਸਿੰਘ)—217.
ਤਖ਼ਤ ਸਿੰਘ, ਪ੍ਰਿੰਸੀਪਲ—99.
ਤਖ਼ਤ ਸਿੰਘ, ਭਾਈ—203.
ਤਾਲਿਬ, ਗੁਰਬਚਨ ਸਿੰਘ/ਤਾਲਿਬ ਸਾਹਿਬ—50[2].


SIKHBOOKCLUB.COM

WWW.SIKHBOOKCLUB.COM Page 256

ਤਾਸ਼ਕੰਦ—167[2].
ਤਿਹਰਾਨ—236.
ਤਿੱਬਤ—205.
ਤਿਵਾੜੀ, ਵਿਸ਼ਵਾਨਾਥ—23.
ਤੀਜੀ ਵਿਸ਼ਵ ਪੰਜਾਬੀ ਕਾਨਫ਼ਰੰਸ (ਬੈਂਕੌਕ, 1983)—157 ਫੁਨੋ.
ਤੇਗ ਬਹਾਦਰ, ਗੁਰੂ—78, 140, 218.
ਤੇਜਾ ਸਿੰਘ, ਪ੍ਰੋ.—38.
ਤੁਰਕਿਸਤਾਨ—203.
ਤੁਗ਼ਲਕ, ਗ਼ਿਆਸੁਦ-ਦੀਨ—11.
ਤੁਜ਼ਕ (ਬਾਬਰੀ)—229.
ਥਲ (ਪਾਕਿਸਤਾਨ)—199.
ਥਾਈਲੈਂਡ—46, 60, 112, 142, 157/ਫੁਨੋ, 159, 164, 165, 172.
ਦਸਮ ਗ੍ਰੰਥ—204, 230.
ਦਸਮੇਸ਼ ਅਕਾਡਮੀ, ਅਨੰਦਪੁਰ ਸਾਹਿਬ—120.
ਦ ਪੰਜਾਬ ਸਟੇਟ ਐਗਰੀਕਲਚਰਲ ਮਾਰਕਿਟਿੰਗ ਬੋਰਡ—88.
ਦ ਪੰਜਾਬ ਸਟੇਟ ਇੰਡਸਟਰੀਅਲ ਡੀਵੈਲਪਮੈਂਟ ਕਾਰਪੋਰੇਸ਼ਨ—88.
ਦ ਪੰਜਾਬ ਸਟੇਟ ਸੀਡਜ਼ ਕਾਰਪੋਰੇਸ਼ਨ—88.
ਦ ਪੰਜਾਬ ਡੇਅਰੀ ਡੀਵੈਲਪਮੈਂਟ ਕਾਰਪੋਰੇਸ਼ਨ—88.
ਦ ਪੰਜਾਬ ਪੋਲਟਰੀ ਡੀਵੈਲਪਮੈਂਟ ਕਾਰਪੋਰੇਸ਼ਨ—88.
ਦਮਦਮਾ ਸਾਹਿਬ—201.
ਦਮੋਦਰ—75, 100, 122.
ਦਯਾ ਰਾਮ/ਦਯਾ ਰਾਮ ਪੰਡਿਤ—61, 163, 144.
ਦਰਦ, ਹੀਰਾ ਸਿੰਘ, ਗਿਆਨੀ—93.
ਦਰਪਣ (ਪ੍ਰੋ. ਸਾਹਿਬ ਸਿੰਘ)—217.
ਦਰਬਾਰਾ ਸਿੰਘ, ਸ. (ਮੁਖ ਮੰਤਰੀ)—105.
ਦਰਵੇਸ਼, ਕਰਤਾਰ ਸਿੰਘ—219.
ਦਾਊਲ ਖ਼ੇਲ—25.
ਦਾਦੂਪੰਥੀ—235.
ਦਿਲ, ਬਲਬੀਰ ਸਿੰਘ ਕੰਵਲ—145.
ਦਿਲਸ਼ਾਦ ਕਲਾਂਚਵੀ—37 ਫੁਨੋ.
ਦਿੱਲੀ/ਨਵੀਂ ਦਿੱਲੀ—11, 19, 29/ਫੁਨੋ, 30, 31, 54[3], 58, 70/ਫੁਨੋ, 72, 76[2], 97, 107, 114 ਫੁਨੋ, 126, 140, 142, 144, 145/ਫੁਨੋ, 147[2], 155, 181[2], 205,
ਦਿੱਲੀ ਯੂਨੀਵਰਸਿਟੀ—37.
ਦਿੜਬਾ (ਕਸਬਾ)—219[4], 220, 221, 222.
ਦੀ ਸਰਾਇਕੀ ਲੈਂਗੁਏਜ਼ ਆਫ਼ ਸੈਂਟਰਲ ਪਾਕਿਸਤਾਨ: ਏ ਰੈਫਰੈਂਸ ਗਰਾਮਰ, ਲੰਡਨ—26 ਫੁਨੋ.
ਦੀਪਾਲਪੁਰ—199.
ਦੀਵਾਨਾ, ਮੋਹਨ ਸਿੰਘ, ਡਾ.—37[2].
ਦੇਸਾਈ (ਪ੍ਰਧਾਨ ਮੰਤਰੀ)—115.
ਦੁਆਬਾ—235.
ਦੁੱਗਲ, ਕਰਤਾਰ ਸਿੰਘ—61, 99, 198.
ਦੁੱਲਾ ਭੱਟੀ—44[2].
ਦੇਸ਼ ਭਗਤ ਮੈਮੋਰੀਅਲ ਹਾਲ/ਦੇਸ਼ ਭਗਤ ਯਾਦਗਾਰ (ਜਲੰਧਰ)—105, 106 ਫੁਨੋ.
ਦ੍ਵਿਵੇਦੀ, ਹਜ਼ਾਰੀ ਪ੍ਰਸਾਦ, ਡਾ.—154.
ਧੀਰ, ਸੰਤੋਖ ਸਿੰਘ—61.
ਧੰਨੀ ਪੋਠੋਹਾਰ—199.
ਨਸੀਰਾਬਾਦ—25.
ਨਹਿਰੂ, ਪੰਡਿਤ—178.
ਨਜਮ ਹੁਸੈਨ—18.
ਨਰਬਦਾ/ਨਰਮਦਾ ਨਦੀ—125[2], 143.
ਨਰਾਇਣਗੜ੍ਹ—23.
ਨਰਿੰਦਰਪਾਲ ਸਿੰਘ—61.
ਨਾਹੀਦ ਅਖ਼ਤਰ—162.
ਨਾਟਯ ਸ਼ਾਸਤ੍ਰ—200.
ਨਾਥ ਪੰਥੀ—235.
ਨਾਦਰ ਸ਼ਾਹ—230.
ਨਾਨਕ/ਨਾਨਕ ਦੇਵ ਜੀ, ਗੁਰੂ/ਗੁਰੂ ਨਾਨਕ—11, 58, 60, 61, 62, 68[2], 75, 94, 100[2], 101, 103, 122, 136, 141, 142, 148, 149, 150[7], 182, 218, 219, 229, 231[2], 232[4], 247.
ਨਾਨਕ ਸਿੰਘ—21, 61, 100, 110, 198.
ਨਾਰਨੌਲ—66.
ਨਾਲਾਗੜ੍ਹ—23.
ਨਿਤਾਨੰਦ, ਸੁਆਮੀ (ਨਾਰਨੌਲੀ)—143[3].
ਨਿਜ਼ਾਮਦੀਨ—234[2].
ਨੀਲਗਿਰੀ, ਤਰਸੇਮ—163.
ਨੀਲੀ (ਬਾਰ)—199.
ਨੂਰ ਜਹਾਂ—162.
[illegible], ਨਿਰੰਜਨ ਸਿੰਘ—163.

WWW.SIKHBOOKCLUB.COM

ਨੂਰੁੱਦ-ਦੀਨੌਫ਼—167.
ਨੇਕੀ, ਜਸਵੰਤ ਸਿੰਘ—61, 110.
ਨੌਸ਼ਹਿਰਾ—24.
ਪਹਾੜ ਗੰਜ—54.
ਪਹੇਵਾ—22[2].
ਪੱਛਮੀ ਪੰਜਾਬ—17, 39[3], 42, 54, 56[2], 57[2], 58, 64[2], 73, 106[3], 187, 199[5], 200[3], 231, 232, 238.
ਪਟਨਾ—206, 236[2].
ਪਟਿਆਲਾ—53, 54, 67[7], 88, 94, 95, 109, 131, 154, 184, 201[2], 202, 204, 205, 207, 209, 210, 211, 215[3], 216[2], 217[2], 220, 226[2], 217, 234, 236.
ਪਾਕ ਪੰਜਾਬੀ (ਮੁਸ਼ਤਾਕ ਬਾਸਿਤ ਦੀ ਕਿਤਾਬ)—35, 36 ਫੁਨੋ.
ਪਾਕਿਸਤਾਨ—13[5], 15[6], 16[3], 18[2], 19, 24[2], 25[3], 26[2], 33[4], 34, 35[2], 36[3], 37[2], 53, 54, 56[2], 57[2], 75, 103, 104, 120, 124[2], 147, 159, 160[2], 161[2], 163, 168[7], 169, 170, 200[8], 205, 236.
ਪਾਕਿਸਤਾਨੀ ਪੰਜਾਬ—12, 13, 14, 16[2], 21, 25[2], 35, 36[2], 58, 65, 105, 120, 147, 165, 172.
ਪਾਣਿਨੀ—61.
ਪਾਤੰਜਲਿ, ਰਿਸ਼ੀ—61.
ਪਾਰਸ ਭਾਗ—236.
ਪਿਆਰ ਸਿੰਘ, ਡਾ.—5, 239[2].
ਪਿਰਥੀ ਚੰਦ, ਬਾਬਾ—209, 215, 218.
ਪਿਸ਼ਾਵਰ—25.
ਪਿਸ਼ੌਰਾ ਸਿੰਘ, ਡਾ.—239.
ਪੁਆਰ, ਜੁਗਿੰਦਰ ਸਿੰਘ, ਡਾ.—95 ਫੁਨੋ.
ਪੁਣਛ—24[2].
ਪੁਰਾਤਨ ਜਨਮ ਸਾਖੀ—226.
ਪੁਰੂ, ਰਾਜਾ (ਪੋਰਸ)—42.
ਪੂਨਮ (ਸੰਪਾਦਕ)—246, 250.
ਪੂਰਨ (ਭਗਤ)—42.
ਪੂਰਨ ਸਿੰਘ, ਪ੍ਰੋ.—61, 68, 100, 102, 110, 122, 136.
ਪੂਰਬੀ ਅਫ਼ਰੀਕਾ—112.
ਪੈਰਿਸ—145.
ਪੋਠੀ—24.
ਪੰਚਤੰਤ੍ਰ—196.
ਪੰਜਾਬ/ਪੂਰਬੀ ਪੰਜਾਬ/ਭਾਰਤੀ ਪੰਜਾਬ—9[5], 10[5], 11[8], 12[8], 13[8], 14[5], 15[6], 16[11], 18[8], 19[10], 21[5], 22[10], 23[2], 25, 26[2], 27[2], 28[3], 29[5], 30, 31[2], 32, 33[11], 34[10], 35[4], 36[2], 37[3], 38[2], 39, 40, 42, 43, 44[2], 45, 46[3], 48[3], 49[4], 50[2], 51[6], 52[4], 53[2], 56[7], 57, 58[3], 60[4], 61[2], 62[2], 63[4], 64[3], 65[4], 66[3], 67[8], 68[3], 70[5], 71[6], 72[5], 73[3], 74[5], 75[3], 76[7], 77[5], 78[11], 79[3], 80[2], 81[4], 82[9], 83[9], 84[4], 85[5], 86[3]/ਫੁਨੋ[2], 87[4], 88[11], 89[6], 91[4], 92[4], 93[2]/ਫੁਨੋ, 94[7], 95[2], 96[4], 97, 98[4], 100[3], 101[6], 102[6], 103[3], 104[4], 105[3], 106[4], 107[5], 108[7], 109[6], 110[5], 111[4], 112, 113, 115[3], 116[3], 117[5], 118[9], 119[5], 120[6], 121[2], 122[6], 123[5], 124, 125, 126[7], 127[12], 128[3], 130[2], 132, 133[3], 134, 136, 137[3], 140[3], 142[2], 145, 146[2], 149[6], 150[3], 152[5], 154[10], 155[6], 156, 157[6], 158[3], 159, 160[3], 162, 164[3], 165[6], 166[3], 167[2], 168[6], 169[2], 170[2], 171, 172, 173[3], 174[9], 175[6], 176, 178, 179, 180[2], 181[4], 182[2], 183[2], 187[2], 188[4], 196, 199[7], 200[4], 201[2], 203[5], 205[5], 206, 226, 227, 230[3], 231, 232[2], 233[2], 238, 240[4], 241[2], 242[3], 243[8], 244[3], 245, 246[3], 247[5], 248, 250[4], 251[2].
ਪੰਜਾਬ ਓਫਿਸ਼ਿਅਲ ਲੈਂਗੁਏਜ ਐਕਟ (1967)—95.
ਪੰਜਾਬ ਆਰਕਾਈਵਜ਼/ਪੰਜਾਬ ਸਟੇਟ ਆਰਕਾਈਵਜ਼, ਪਟਿਆਲਾ—204[2]
ਪੰਜਾਬ ਆਰਟਸ ਕਾਊਂਸਿਲ (ਚੰਡੀਗੜ੍ਹ)—174.


WWW.SIKHBOOKCLUB.COM

ਪੰਜਾਬ ਸਕੂਲ ਐਜੂਕੇਸ਼ਨ ਬੋਰਡ/ਪੰਜਾਬ ਸਕੂਲ ਐਜੂਕੇਸ਼ਨ ਬੋਰਡ, ਮੁਹਾਲੀ–21, 60, 72, 88, 89[7], 188.

ਪੰਜਾਬ ਸਟੇਟ ਇਲੈਕਟ੍ਰਿਸਿਟੀ ਬੋਰਡ–88.

ਪੰਜਾਬ ਸਟੇਟ ਹੌਜਰੀ ਐਂਡ ਨਿਟਵੇਅਰ ਡੀਵੈਲਪਮੈਂਟ ਕਾਰਪੋਰੇਸ਼ਨ–88.

ਪੰਜਾਬ ਸਟੇਟ ਕੋਆਪਰੇਟਿਵ ਸਪਲਾਈ ਐਂਡ ਮਾਰਕਿਟਿੰਗ ਫ਼ੈਡਰੇਸ਼ਨ (ਮਾਰਕਫ਼ੈੱਡ)–88.

ਪੰਜਾਬ ਸਟੇਟ ਵੇਅਰ ਹਾਊਸਿੰਗ ਕਾਰਪੋਰੇਸ਼ਨ–88.

ਪੰਜਾਬ ਹਾਊਸਿੰਗ ਡੀਵੈਲਪਮੈਂਟ ਬੋਰਡ–88.

ਪੰਜਾਬ ਖੇਤੀ-ਬਾੜੀ ਯੂਨੀਵਰਸਿਟੀ, ਲੁਧਿਆਣਾ–88.

ਪੰਜਾਬ ਤੇ ਪੰਜਾਬੀ ਉੱਤੇ ਪਏ ਬਦੇਸ਼ੀ ਪ੍ਰਭਾਵ (ਕਿਤਾਬ)–54 ਫੁਨੋ.

ਪੰਜਾਬ ਪਬਲਿਕ ਸਰਵਿਸ ਕਮਿਸ਼ਨ/ਪਬਲਿਕ ਸਰਵਿਸ ਕਮਿਸ਼ਨ–86[3], 87ਫੁਨੋ[4], 92, 249.

ਪੰਜਾਬ ਪਬਲਿਕ ਲਾਇਬ੍ਰੇਰੀ, ਲਾਹੌਰ–203.

ਪੰਜਾਬ ਯੂਨੀਵਰਸਿਟੀ ਪਾਠ-ਪੁਸਤਕ ਬੋਰਡ/ਪੰਜਾਬ ਰਾਜ ਯੂਨੀਵਰਸਿਟੀ ਪਾਠ-ਪੁਸਤਕ ਬੋਰਡ–109[2], 130/ਫੁਨੋ, 138, 193/ਫੁਨੋ.

ਪੰਜਾਬ ਯੂਨੀਵਰਸਿਟੀ (ਚੰਡੀਗੜ੍ਹ)–37, 77, 78, 89[2], 94[2], 95, 97, 107, 145/ਫੁਨੋ, 182, 204, 208, 219.

ਪੰਜਾਬ ਯੂਨੀਵਰਸਿਟੀ, ਲਾਹੌਰ–36, 121, 203.

ਪੰਜਾਬ ਰਾਜ ਭਾਸ਼ਾ ਐਕਟ–71, 85[2], 88[2], 91[2], 108.

ਪੰਜਾਬ ਵਾਟਰ ਐਂਡ ਸੀਵਰੇਜ ਬੋਰਡ–88.

ਪੰਜਾਬੀ–9[4], 10, 12[2], 13, 14, 16[2], 17, 18, 19[3], 21, 22, 23, 24[2], 28, 32, 35, 36[2], 37, 38, 39[2], 41, 44[2], 45, 46[3], 110, 112, 149, 169, 173, 176.

ਪੰਜਾਬੀਅਤ–9[3], 19, 32, 39[4], 40[8], 41[4], 45, 46[3], 52, 57, 68[3], 74, 101, 102, 104, 110, 112, 119, 169, 176.

ਪੰਜਾਬੀ ਅਕਾਡਮੀ, ਦਿੱਲੀ–107.

ਪੰਜਾਬੀ ਅਦਬੀ ਬੋਰਡ, ਲਾਹੌਰ–38.

ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ–21, 82 ਫੁਨੋ, 116, 133, 155, 157, 158, 174, 182, 184, 204, 207/ਫੁਨੋ, 225, 226, 227.

ਪੰਜਾਬੀ ਦੀਆਂ ਹੱਦਾਂ (ਪੈਂਫਲਿਟ, ਅੰਮ੍ਰਿਤਸਰ)–23 ਫੁਨੋ.

ਪੰਜਾਬੀ ਪਰਵੇਸ਼ਕਾ–152.

ਪੰਜਾਬੀ ਪੁਸਤਕ ਕੋਸ਼–107.

ਪੰਜਾਬੀ ਬਾਲ-ਸਾਹਿੱਤ ਟ੍ਰਸਟ/ਬਾਲ-ਸਾਹਿੱਤ ਟ੍ਰਸਟ–193 ਫੁਨੋ, 194[2], 196, 198.

ਪੰਜਾਬੀ ਯੂਨੀਵਰਸਿਟੀ (ਪਟਿਆਲਾ)/ਪੰਜਾਬੀ ਵਿਸ਼ਵ ਵਿਦਿਆਲਾ–58, 78, 88, 89, 94[2], 95[2], 97[2], 108-109, 138, 154, 174, 182, 184, 204, 205, 225/ਫੁਨੋ, 227[3].

ਪੰਜਾਬੀ ਲੇਖਕ ਕੋਸ਼–107.

ਪਿੰਡੀ ਘੇਬ–187.

ਪ੍ਰਯਾਗ–41.

ਪ੍ਰੀਤ ਮਹਿੰਦਰ ਸਿੰਘ–82, 83.

ਪ੍ਰੀਤਮ ਸਿੰਘ, ਪ੍ਰੋ.–28, 54 ਫੁਨੋ, 207.

ਪ੍ਰੀਤਮ ਸਿੰਘ, ਭਾਪਾ–9, 96.

ਪ੍ਰੀਤ ਲੜੀ (ਪ੍ਰੀਤ ਨਗਰ)–246 ਫੁਨੋ.

ਪ੍ਰੇਮ ਪ੍ਰਕਾਸ਼ (ਲੇਖਕ)–61.

ਪੁੰਛ–42.

ਫਗਵਾੜਾ–105.

ਫਲੌਰੀ, ਸ਼ਰਧਾ ਰਾਮ–78.

ਬਸੋਹਲੀ–24.

ਬਹਾਵਦੀ (ਬਹਾਉਦ-ਦੀਨ-ਜ਼ਕਰੀਆ)–232[2].

ਬਹਾਵਲਪੁਰ–37 ਫੁਨੋ.

ਬਗ਼ਦਾਦ (ਇਰਾਕ)–27.

ਬਜਾਜ, ਪ੍ਰੇਮ ਸਿੰਘ–204.

ਬਠਿੰਡਾ–202[2], 203, 209.

ਬਨਾਰਸ–179.

ਬਨੂਆਣਾ, ਗੁਰਬਖ਼ਸ਼ ਸਿੰਘ–105.

ਬਰਤਾਨੀਆ–ਵੇਖੋ ਯੂ.ਕੇ.

ਬਰਮਾ–ਵੇਖੋ ਮੈਨਮਾਰ

ਬਲੋਚਿਸਤਾਨ–13, 14, 15, 17, 25, 38, 55, 168.

ਬਾਸਿਤ, ਮੁਸ਼ਤਾਕ/ਬਾਸਿਤ ਸਾਹਿਬ–35, 36[3]/ਫੁਨੋ, 38[2], 39, 40[4], 41[2].


WWW.SIKHBOOKCLUB.COM Page 259

ਬਾਹਰੀ, ਉੱਜਲ ਸਿੰਘ—23, 24 ਫੁਟਨੋ, 25, 28.
ਬਾਕੂ—142 ਫੁਨੋ.
ਬਾਜਵਾ, ਇਹਸਾਨ (ਗੱਖੜਵਾਲੀ, ਸਿਆਲਕੋਟ)—18, 28.
ਬਾਦਲ, ਪ੍ਰਕਾਸ਼ ਸਿੰਘ—84[3], 86.
ਬਾਬਰ—229[3], 230.
ਬਾਲਾਕੋਟ—25.
ਬਾਵਾ, ਪਰਮਜੀਤ ਸਿੰਘ—105.
ਬਿਆਸ—125.
ਬਿਹਾਰ—51, 203.
ਬਿੱਜੂਵਾਲੀ—22.
ਬਿਰਲਾ ਹਾਊਸ—54.
ਬਿਲਾਸਪੁਰ—23.
ਬੁੱਲ੍ਹੇ ਸ਼ਾਹ—36, 61, 68, 75, 100, 238.
ਬੁਖ਼ਾਰਾ (ਉਜ਼ਬੇਕਿਸਤਾਨ)/ਭੁਖਾਰਾ—142 ਫੁਨੋ, 167, 203[2].
ਬੂਟਾ ਸਿੰਘ, ਸ੍ਰੀ—242[2].
ਬੇਸਿਕ ਪੰਜਾਬੀ—58.
ਬੇਕਨ, ਫਰਾਂਸਿਸ—135[2], 139.
ਬੇਦੀ, ਰਾਜਿੰਦਰ ਸਿੰਘ—61, 166.
ਬੰਗਲਾ ਦੇਸ਼—124[2].
ਬੰਗਾਲ—12, 51, 56, 123, 124, 140, 168.
ਬੰਦਾ ਬਹਾਦਰ—233, 234[2].
ਬੰਬਈ—54, 127, 155.
ਬੈਂਕੌਕ—157 ਫੁਨੋ.
ਬ੍ਰਜ ਭੂਮੀ—140.
ਬ੍ਰਿਟਿਸ਼ ਕਾਊਂਸਿਲ—46, 156.
ਬ੍ਰਿੰਦਾਬਨ—140.
ਭੱਟੀ, ਅਬਦੁੱਰ-ਰਸ਼ੀਦ—17[2].
ਭੱਟੀ ਇਨਾਇਤ ਹੁਸੈਨ—17.
ਭਗਤ ਸਿੰਘ—42.
ਭਜਨ ਸਿੰਘ—60.
ਭਦੌੜ, ਅਤਰ ਸਿੰਘ—203.
ਭਰਤ—200.
ਭਾਈ ਵੀਰ ਸਿੰਘ ਸਦਨ—205.
ਭਾਖੜਾ ਡੈਮ—52[3].
ਭਾਗ ਸਿੰਘ, ਗਿਆਨੀ—239[3].
[illegible]
ਭਾਰਤ—11, 15, 16, 20, 26, 29[2], 33, 34, 38, 56, 57, 60, 63[3], 64[2], 69[2], 74, 77, 79[2], 80[3], 86, 87[2], 108[2], 111[2], 115, 121, 123[10], 124[8], 125[9], 126[2], 127[5], 128[3], 142, 149[3], 150, 151, 152, 153, 154, 157[2], 161, 162[2], 164, 167, 168[6], 169[2], 170, 177[2], 178, 179, 193, 196, 199[2], 241[2], 242[2], 243[3], 245[3].
ਭਾਰਤੀ ਸਾਹਿੱਤ ਅਕਾਡਮੀ, ਨਵੀਂ ਦਿੱਲੀ—226.
ਭਾਰਤੀ, ਨਵਤੇਜ—163.
ਭਾਸ਼ਾ ਵਿਗਿਆਨ ਤੇ ਪੰਜਾਬੀ ਭਾਸ਼ਾ—24 ਫੁਨੋ.
ਭਾਸ਼ਾ ਵਿਭਾਗ, ਪੰਜਾਬ, ਪਟਿਆਲਾ—64, 82[2], 83, 108, 202, 227.
ਭੂਨਾ—22.
ਭੂਪਿੰਦਰ ਪਬਲਿਕ ਲਾਇਬ੍ਰੇਰੀ, ਪਟਿਆਲਾ—204.
ਭੇਰਾ—199.
ਭੈਰਵੀ (ਰਾਗ)—144.
ਭੋਗਲ, ਪਿਆਰਾ ਸਿੰਘ—105.
ਭੋਲਾ ਨਾਥ, ਕਰਨਲ—136.
ਭਿੰਬਰ—24.
ਮਸਊਦ ਖੱਦਰਪੋਸ਼—17.
ਮਸਤਾਨਾ, ਆਸਾ ਸਿੰਘ—162.
ਮਹਾਭਾਰਤ—235.
ਮਹਾਭਾਸ਼ਜ—61.
ਮਹਾਰਾਸ਼ਟ੍ਰ—49, 123, 124.
ਮਹਾਰਾਜ ਸਿੰਘ, ਭਾਈ—48, 49[2].
ਮਹਿਦੀ ਹਸਨ—162.
ਮਹਿਮੂਦ ਗ਼ਜ਼ਨਵੀ—34, 230.
ਮਹਿੰਦਰ ਕਾਲਜ, ਪਟਿਆਲਾ—207, 226.
ਮਹੀਂਵਾਲ—42, 104.
ਮੱਕਾ—41.
ਮਥਰਾ—140.
ਮਦਰਾਸ—54.
ਮਦਾਨ, ਇੰਦਰ ਨਾਥ—78.
ਮਦੀਨਾ—41.
ਮੱਧ ਏਸ਼ੀਆ—139, 199[2].

WWW.SIKHBOOKCLUB.COM

ਮੱਧ ਕਾਲ ਦੀ ਚੋਣਵੀਂ ਪੰਜਾਬੀ ਕਵਿਤਾ (ਕਿਤਾਬ)—37-38.
ਮਨਾਲੀ—66.
ਮਨੋਹਰ ਦਾਸ—218.
ਮਰੀ—25.
ਮਲਿਕ, ਸ਼ਾਹਬਾਜ਼/ਮਲਿਕ ਸਾਹਿਬ, ਡਾ.—18, 36[2], 38[2], 39, 40[4], 41[2].
ਮਲੇਸ਼ੀਆ—46, 60, 112, 142, 164, 165.
ਮਾਹਰ, ਮੋਹਨ ਸਿੰਘ/ਮੋਹਨ ਸਿੰਘ/ਮੋਹਨ ਸਿੰਘ, ਪ੍ਰੋ.—61, 93, 100, 110, 122.
ਮਾਝਾ—167.
ਮਾਨਸਹਿਰਾ—25.
ਮਾਲਵਾ—167, 235.
ਮਿਸਰ—236.
ਮਿਹਰਬਾਨ (ਬਾਬਾ)—218, 222.
ਮਿੱਤਰ ਰਾਸ਼ਾ—163.
ਮਿੱਤਰਾ ਸਾਹਿਬ (ਲੇਖਕ)—236.
ਮਿਰਜ਼ਾ/ਮਿਰਜ਼ਾ ਸਾਹਿਬਾਂ—42[2], 104, 110.
ਮੀਆਂਵਾਲੀ—25[2].
ਮੀਰਪੁਰ—24.
ਮੁਸਾਫ਼ਰ, ਗੁਰਮੁਖ ਸਿੰਘ—93.
ਮੁਸ਼ਤਾਕ, ਬਾਸਿਤ—18.
ਮੁਹਾਲੀ—72.
ਮੁਹੰਮਤ ਆਸਿਫ਼, ਪ੍ਰੋ.—18.
ਮੁਹੰਮਦ ਇਕਬਾਲ, ਸਰ, ਡਾ.—61, 136, 140, 166.
ਮੁਹੰਮਦ, ਤੁਫ਼ੈਲ, ਮੀਆਂ—53[2].
ਮੁਹੰਮਦ ਬਖ਼ਸ਼—61.
ਮੁਹੰਮਦ ਬਿਨ ਕਾਸਿਮ (712 ਈ:)—57.
ਮੁਹੰਮਦ ਮੀਆਂ—36.
ਮੁਜ਼ੱਫ਼ਰਾਬਾਦ—24.
ਮੁੱਢਲੀ ਲਫ਼ਜ਼ਾਲੀ (ਕਿਤਾਬ)—58.
ਮੁਨੀਰ ਨਿਆਜ਼ੀ—61.
ਮੁਲਤਾਨ—37, 199.
ਮੁਲਤਾਨੀ ਸਰਾਂ (ਬੁਖਾਰਾ)—142 ਫੁਨੋ.
ਮੂਸਾਖੇਲ—25.
ਮੂਰਤਾਂ—9[2].
ਮੇਲਾ, ਕੁੰਭ ਦਾ—41.
ਮੈਨਮਾਰ—124[2].
ਮੋਇਓ-ਜੋ-ਦੜੋ—57.
ਮੋਹਨ ਰਾਕੇਸ਼—78.
ਮੌਜੋ (ਅਖ਼ਬਾਰ)—149.
ਮੰਟੋ, ਸਆਦਤ ਹਸਨ—61, 166.
ਮੂੰਹ ਆਈ ਗੱਲ (ਕਿਤਾਬ)—36.
ਯਸ਼ਪਾਲ—61, 78, 166.
ਯੂ.ਐਸ.ਐਸ.ਆਰ—168.
ਯੂ.ਐੱਸ.ਏ.—44, 45, 46, 54, 60, 112, 134, 142, 145[2], 157, 163, 164, 165, 234.
ਯੂ.ਕੇ.—14, 46, 54, 60, 112, 134, 142, 157, 160, 161, 163, 164, 165, 171[2], 172[2], 236.
ਯੂ.ਜੀ.ਸੀ—181[2], 205.
ਯੂਜੀਂ-ਦ-ਜ਼ਿਲਹ, ਡਾ.—131[2], 132.
ਯੂਨਾਨ—27.
ਯੂਨੀਅਨ ਪਬਲਿਕ ਸਰਵਿਸ ਕਮਿਸ਼ਨ—86, 87 ਫੁਨੋ.
ਯੂਨੈਸਕੋ—172.
ਯੂ.ਪੀ.—49, 238.
ਯੂਰਪ—150, 153, 185, 244.
ਰਸਾਲੂ—42.
ਰਸੂਲਪੁਰ—226.
ਰਘਬੀਰ ਸਿੰਘ—105.
ਰਣਜੀਤ ਸਿੰਘ, ਮਹਾਰਾਜਾ—12[3], 34[2], 56, 185, 196.
ਰਤੀ ਕੰਤ—246, 250.
ਰਵਿਦਾਸ, ਭਗਤ—94.
ਰਵੀ ਸਾਹਿੱਤ ਪ੍ਰਕਾਸ਼ਨ (ਅੰਮ੍ਰਿਤਸਰ)—54 ਫੁਨੋ.
ਰਵੀ, ਰਵਿੰਦਰ (ਡਾ.)—163.
ਰਾਹੀ, ਜਸਵੰਤ ਸਿੰਘ—201.
ਰਾਜਸਥਾਨ—26, 38, 50, 51, 52[4], 55, 125, 203, 204, 233, 235, 250.
ਰਾਜਦੇਵ ਸਿੰਘ—215, 216.
ਰਾਜਪੁਰਾ—33.
ਰਾਜੀਵ-ਲੌਂਗੋਵਾਲ ਸਮਝੌਤਾ—76, 77[2], 240, 241[2], 242, 244, 245.
ਰਾਜੌਰੀ—24.
ਰਾਮਦਾਸ, ਗੁਰੂ—105.
ਰਾਮ ਨਗਰ—24.

WWW.SIKHBOOKCLUB.COM

ਰਾਮਪੁਰ—232, 236.
ਰਾਮਪੁਰੀ, ਗੁਰਚਰਨ—163.
ਰਾਮਾਇਣ—235.
ਰਾਮੂਵਾਲੀਆ, ਇਕਬਾਲ—163.
ਰਾਵਲਪਿੰਡੀ—29.
ਰਾਵੀ (ਨਦੀ)—24, 42, 125, 199, 201.
ਰਾੜੇਵਾਲਾ, ਗਿਆਨ ਸਿੰਘ—215², 216, 218.
ਰਿਆਸੀ—24.
ਰਿਗ ਵੇਦ—57, 60².
ਰੁਕਨਦੀਨ—232.
ਰੂਸ—142, 150, 152, 153.
ਰੂਨਾ ਲੈਲਾ—162.
ਰੁਪਿੰਦਰ ਕੌਰ, ਡਾ.—5.
ਰੇਸ਼ਮਾਂ—162.
ਰੋਡੇ, ਅਜਮੇਰ—163.
ਰੋੜਾ-ਜਲਾਲੀ—42.
ਰੋਪੜ—202.
ਰੋਮਾਨੀਆ—155³.
ਰੋਜ਼, ਐਚ.ਏ.—51.
ਰੰਧਾਵਾ, ਮਹਿੰਦਰ ਸਿੰਘ/ਰੰਧਾਵਾ ਸਾਹਿਬ—93, 207², 223³.
ਰਾਂਝਾ—42, 61, 104, 161².
ਲਹਿਰਾਂ (ਲਾਹੌਰ ਦਾ ਰਿਸਾਲਾ)—16, 25 ਫੁਨੋ, 106.
ਲਖਨਊ—49.
ਲਲਿਤ ਕਲਾ ਅਕਾਡਮੀ, ਪੰਜਾਬ (ਚੰਡੀਗੜ੍ਹ)—174.
ਲਾਹੌਰ—10, 19², 25, 29, 33⁵, 36/ਫੁਨੋ, 38, 56, 58, 121, 154, 170, 199, 203², 226, 236.
ਲਾਲ ਸਿੰਘ, ਗਿਆਨੀ—86.
ਲਾਲ ਸਿੰਘ ਗੁਜਰਾਂਵਾਲੀਏ—198.
ਲਾੜਕਾਣਾ—25.
ਲੁਧਿਆਣਾ—63 ਫੁਨੋ, 82 ਫੁਨੋ, 88, 106, 130, 133, 139 ਫੁਨੋ, 158, 177 ਫੁਨੋ, 172, 199 ਫੁਨੋ, 201, 204, 207 ਫੁਨੋ, 226, 227, 249.
ਲੂਣਾਂ—42.
[illegible]
ਲੋਹਗੜ੍ਹ—22.
ਲੋਪੋਂ—201.
ਲੰਡਨ—27, 145, 154², 161.
ਲਾਂਬਾ, ਗੋਬਿੰਦ ਸਿੰਘ—205.
ਲੈਂਗੂਏਜ਼ ਆਫ਼ ਚੰਡੀਗੜ੍ਹ—23.
ਲੌਂਗੋਵਾਲ, ਹਰਚੰਦ ਸਿੰਘ, ਸੰਤ—76, 77², 240², 241², 242, 244, 245.
ਵਾਘਾ—10, 25, 33, 35², 57.
ਵਾਰ, ਮਲਾਰ ਰਾਗ ਦੀ—61.
ਵਾਰਿਸ ਸ਼ਾਹ—36, 53, 61, 68, 75, 100, 101, 103, 122, 136, 148, 150, 238.
ਵਿਕਟੋਰੀਆ, ਮਹਾਰਾਣੀ—234.
ਵਿਦਿਆਰਥੀ, ਦੇਵਿੰਦਰ ਸਿੰਘ—145.
ਵਿਰਕ, ਕੁਲਵੰਤ ਸਿੰਘ—61, 93, 250.
ਵਿਲਹੈਲਮ (ਜਰਮਨ ਲੇਖਕ)—196.
ਵੀਰ ਸਿੰਘ, ਭਾਈ—61, 94, 198, 204².
ਵਿਸ਼ਵ ਕਾਨਫ਼ਰੰਸ/ਵਿਸਵ ਪੰਜਾਬੀ ਕਾਨਫ਼ਰੰਸ—ਵੇਖੋ ਚੌਥੀ ਵਿਸ਼ਵ ਪੰਜਾਬੀ ਕਾਨਫ਼ਰੰਸ (ਨਵੀਂ ਦਿੱਲੀ)
ਸ਼ਹੀਦ, ਚਰਨ ਸਿੰਘ—149.
ਸ਼ਬਦ, ਅੱਠਵੀਂ ਪਾਤਸ਼ਾਹੀ ਦੇ—215.
ਸ਼ਬਦ, ਸੱਤਵੀਂ ਪਾਤਸ਼ਾਹੀ ਦੇ—215.
ਸ਼ਬਦ, ਛੇਵੀਂ ਪਾਤਸ਼ਾਹੀ ਦੇ—215.
ਸ਼ਬਦ ਜੋੜ ਕੋਸ਼—107.
ਸ਼ਮਸ਼ੇਰ ਸਿੰਘ (ਨਿਹੰਗ), ਗੁੜੇ ਵਾਲੇ—204.
ਸ਼ਰਮਾ, ਸਿਰੀ ਰਾਮ—49.
ਸ਼ਰਮਾ, ਵਿਸ਼ਨੂ—196.
ਸ਼ਰਫ਼, ਸ਼ਾਹ—232.
ਸ਼ਾਅ, ਜਾਰਜ ਬਰਨਾਰਡ—149.
ਸ਼ਾਹ ਹੁਸੈਨ—75, 100, 122, 238.
ਸ਼ਾਹ ਜਹਾਨ—234.
ਸ਼ਾਹਬਾਦ ਮਾਰਕੰਡਾ—22.
ਸ਼ਾਹ ਮੁਹੰਮਦ—61, 75, 122.
ਸ਼ਾਨ, ਹਰਨਾਮ ਸਿੰਘ—145, 205.
ਸ਼ਿਮਲਾ—23.
ਸ਼ਿਵ ਕੁਮਾਰ—61, 100, 110.
ਸ਼ਿਵ ਚਰਨ ਸਿੰਘ—163.
ਸ਼ੇਕਸਪੀਅਰ—69², 148.
[illegible]ਕਲ, ਸੀ.—26/ਫੁਨੋ, 28, 154.


WWW.SIKHBOOKCLUB.COM Page 262

SIKHBOOKCLUB.COM

ISBN 81-7205-200-6

ਪੰਜਾਬ ਦੀ
ਜ਼ਬਾਨ ਤੇ ਸੰਸਕ੍ਰਿਤੀ ਦੀ
ਤਰੱਕੀ ਵਿੱਚ ਰੁਕਾਵਟਾਂ
ਕਿਉਂ ?
ਇਹ ਤਰੱਕੀ ਕਿਵੇਂ ਹੋਵੇ ?
ਪੰਜਾਬੀ ਦੇ ਹਿਤੈਸ਼ੀ ਕੀ ਕਰਨ ?
ਇਹ ਸਭ ਕੁਝ ਪੇਸ਼ ਹੈ
ਇਕ ਪੰਜਾਬ ਦਰਦੀ ਦੀ
ਸਮਰੱਥਾਵਾਨ ਕਲਮ ਤੋਂ